# A CRITICAL STUDY OF
# MŪL MANTRA

('ਮੂਲ ਮੰਤਰ' ਦਾ ਆਲੋਚਨਾਤਮਕ ਅਧਿਅਨ)

THESIS SUBMITTED TO
PANJAB UNIVERSITY CHANDIGARH
FOR THE DEGREE OF DOCTOR OF PHILOSOPHY
FACULTY OF LANGUAGES
1979

SUPERVISED BY
DR. S.S. KOHLI
PROFESSOR & HEAD
Deptt. of Panjabi
P. U. Chandigarh.

SUBMITTED BY
JAGJIT SINGH SALOOJA
M.A. (Panjabi & Philosophy)
Govt. College for Men, Chandigarh.

## ਸੰਕੇਤ - ਸੂਚੀ

| | | |
|---|---|---|
| ਆਦਿ ਗ੍ਰੰਥ | = | ਸ੍ਰੀ ਗੁਰੂ ਗ੍ਰੰਥ ਸਾਹਿਬ |
| ( ) | = | ਬ੍ਰੈਕਟ ਵਿਚ ਦਿਤੇ ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਦਸਦੇ ਹਨ। ਇਸ ਤੋਂ ਪਹਿਲਾਂ ਮਹਲਾ ਦਾ ਸੰਕੇਤ ਹੈ ਜਿਵੇਂ : |
| ਕਾ. 4 (1310) | = | ਕਾਨੜਾ ਮਹਲਾ 4, ਆਦਿ ਗ੍ਰੰਥ ਪੰਨਾ 1310 |
| ਭੈ. 5 (1137) | = | ਭੈਰਉ ਮਹਲਾ 5, ਆਦਿ ਗ੍ਰੰਥ, ਪੰਨਾ 1137 |
| ਗੂ. 3 (514) | = | ਗੂਜਰੀ ਮਹਲਾ 3, ________ |
| ਬਿ. 1 (838) | = | ਬਿਲਾਵਲ ਮਹਲਾ 1, ________, 838 ਇਤਿਆਦਿ |
| ਸੰਥਯਾ | = | ਭਾਈ ਵੀਰ ਸਿੰਘ ਰਚਿਤ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ। |
| ਆਪਟੇ ਕੋਸ਼ | = | ਵਮਨ ਸ਼ਿਵਰਾਮ ਆਪਟੇ ਰਚਿਤ ਸੰਸਕ੍ਰਿਤ ਇੰਗਲਿਸ਼-ਡਿਕਸ਼ਨਰੀ। |
| ਕਵੀਰਾਜ ਕੋਸ਼ | = | ਪੰਡਿਤ ਗੋਪੀ ਨਾਥ ਕਵੀਰਾਜ ਰਚਿਤ, ਦੀ ਪ੍ਰੈਕਟੀਕਲ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ। |
| ਕੌਸਤੁਭ | = | ਚਤੁਰਵੇਦੀ ਦਵਾਰਕਾ ਪ੍ਰਸਾਦ ਸ਼ਰਮਾ ਰਚਿਤ ਸੰਸਕ੍ਰਿਤ ਸ਼ਬਦਾਰਥ ਕੌਸਤੁਭ। |
| ਮੋਨੀਅਰ ਕੋਸ਼ | = | ਮੋਨੀ ਰ ਵਿਲੀਅਮ ਰਚਿਤ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ। |
| ਮਹਾਨ ਕੋਸ਼ | = | ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗੁਰਸ਼ਬਦ ਰਤਨਾਕਾਰ ਮਹਾਨ ਕੋਸ਼। |
| ਮੈ. ਉ. | = | ਮੈਤ੍ਰੇਯ ਉਪਨਿਸ਼ਦ |
| ਬ੍ਰਿ. ਉ. | = | ਬ੍ਰਿਹਦਾਰਣਯਕ ਉਪਨਿਸ਼ਦ |
| ਏ. ਰ. ਏ. | = | E.R.E. = Encyclopedia of Religion and Ethics., by James Hastings |

## ਮੈਂ ਮੂਰਖ ਕਹਿਣੁ ਨ ਜਾਈ

ਆਭਾਰ: ਗੁਰਮਤਿ ਸੰਬੰਧੀ ਕੁਝ ਕਹਿ ਸਕਣਾ ਕੇਵਲ ਗੁਰੂ ਦੀ ਕਿਰਪਾ ਰਾਹੀਂ ਹੀ ਸੰਭਵ ਹੈ। ਗੁਰਬਾਣੀ ਨਾਲ ਮੇਰਾ ਪਹਿਲਾ ਪਿਆਰ ਮੇਰੇ ਸਤਿਕਾਰ ਯੋਗ (ਸੁਰਗਵਾਸੀ) ਪਿਤਾ ਸ. ਲਖਮੀਰ ਸਿੰਘ ਦੀ ਦੇਣ ਹੈ ਜਿਹੜੇ ਹਰ ਸਮੇਂ ਗੁਰਬਾਣੀ ਦੇ ਪਠਨ-ਪਾਠਨ ਵਿਚ ਮਹਿਵ ਰਹਿੰਦੇ ਸੀ। 1955-57 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਸੁਚੱਜੇ ਅਧਿਆਪਕਾਂ ਡਾ: ਦੀਵਾਨ ਸਿੰਘ ਅਤੇ ਡਾ: ਤਾਰਨ ਸਿੰਘ ਨੇ ਮੇਰੇ ਇਸ ਉਤਸ਼ਾਹ ਅਤੇ ਲਗਨ ਨੂੰ ਬਣਾਈ ਰਖਣ ਵਿਚ ਬਹੁਤ ਸਹਾਇਤਾ ਕੀਤੀ। 1960 ਵਿਚ ਡਾ. ਮੋਹਣ ਸਿੰਘ ਦੀਵਾਨਾ ਨੇ ਮੇਰੀ ਇਸ ਰੁੱਚੀ ਨੂੰ ਮੁੱਖ ਰਖਕੇ "ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਸਮਕਾਲੀ ਭਗਤਾਂ ਦੀ ਬਾਣੀ ਵਿਚ ਨਾਮ-ਸੰਕਲਪ" ਵਿਸ਼ੇ ਉੱਤੇ ਖੋਜ-ਪ੍ਰਬੰਧ ਲਿਖਣ ਦੀ ਪ੍ਰੇਰਨਾ ਦਿਤੀ। ਭਾਵੇਂ ਇਹ ਕਾਰਜ ਸਿਰੇ ਨਾ ਚੜ੍ਹ ਸਕਿਆ ਪਰ ਇਸ ਸਿਲਸਲੇ ਵਿਚ ਕਈ ਵਿਦਵਾਨਾ ਨੂੰ ਮਿਲਣ ਅਤੇ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਪਰਾਪਤ ਹੋਇਆ ਜਿਨ੍ਹਾਂ ਵਿਚੋਂ ਸੁਰਗਵਾਸੀ ਡਾ.ਸ਼ੇਰ ਸਿੰਘ, ਸੁਰਗਵਾਸੀ ਡਾ.ਬਲਬੀਰ ਸਿੰਘ(ਦੇਹਰਾਦੂਨ), ਡਾ.ਤ੍ਰਿਲੋਚਨ ਸਿੰਘ ਅਤੇ ਡਾ.ਤਾਰਨ ਸਿੰਘ ਦਾ, ਸਮੇਂ ਸਮੇਂ ਮਿਲੀ ਅਗਵਾਈ ਲਈ, ਵਿਸ਼ੇਸ਼ ਧੰਨਵਾਦੀ ਹਾਂ। ਪਹਿਲੀ ਅਤੇ ਹੁਣ ਦੀ ਸਾਰੀ ਮਿਹਨਤ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ, ਇਸ ਖੋਜ-ਪ੍ਰਬੰਧ ਦੇ ਸੁਹਿਰਦ ਨਿਗਰਾਨ ਡਾ.ਸੁਰਿੰਦਰ ਸਿੰਘ ਕੋਹਲੀ ਦੇ ਸਿਰ ਹੈ, ਜਿਨ੍ਹਾਂ ਦੀ ਹਮਦਰਦੀ, ਪਿਆਰ ਅਤੇ ਅਗਵਾਈ ਸਦਕਾ ਇਹ ਕਾਰਜ ਪੂਰਾ ਹੋਇਆ ਹੈ। ਉਨ੍ਹਾਂ ਨੇ ਇਸ ਖੋਜ-ਪ੍ਰਬੰਧ ਦਾ ਇਕ ਇਕ ਸ਼ਬਦ ਪੜ੍ਹਿਆ ਅਤੇ ਸੋਧਿਆ ਹੈ ਅਤੇ ਕਈ ਨਿਰਣਿਆਂ ਵਿਚ ਮਹਤਵੱ ਪੂਰਣ ਸੋਧ ਦਿਤੀ ਹੈ। ਮੈਂ ਉਨ੍ਹਾਂ ਪ੍ਰਤੀ ਹਾਰਦਿਕ ਸਤਿਕਾਰ ਅਤੇ ਆਭਾਰ ਪ੍ਰਗੱਟ ਕਰਦਾ ਹਾਂ। ਮੈਂ ਉਨ੍ਹਾਂ ਵਿਦਵਾਨਾਂ ਦਾ ਵੀ ਰਿਣੀ ਹਾਂ ਜਿਨ੍ਹਾਂ ਦੀਆਂ ਲਿਖਤਾਂ ਨੂੰ ਖੰਡਨ ਜਾਂ ਮੰਡਨ ਲਈ ਇਸ ਖੋਜ-ਪ੍ਰਬੰਧ ਵਿਚ ਵਰਤਿਆ ਗਿਆ ਹੈ। ਸੰਗੀਆਂ ਸਾਥੀਆਂ ਤੋਂ ਪ੍ਰਾਪਤ ਹੋਏ ਸਹਿਯੋਗ ਲਈ ਵੀ ਰਿਣੀ ਹਾਂ।

24-1-79

ਜਗਜੀਤ ਸਿੰਘ ਸਲੂਜਾ

# <u>ਵਿਸ਼ਾ-ਸੂਚੀ</u>


| | | ਪੰਨਾ |
|---|---|---|
| ਭੂਮਿਕਾ | ਵਿਸ਼ੇ ਦੀ ਚੋਣ – ਸੀਮਾ– ਵਿਸ਼ਿਸ਼ਤਾ–ਪਰਾਪਤ ਸਾਹਿਤ ਦਾ ਸਰਵੇਖਣ -ਯੋਜਨਾ | 1-15. |
| ਅਧਿਆਇ ਪਹਿਲਾ: | ਮੰਤਰ ਪਰੰਪਰਾ ਅਤੇ ਮੂਲ-ਮੰਤਰ -'ਮੰਤਰ' ਦੇ ਕੋਸ਼ ਅਰਥ ਅਤੇ ਪਰਯੋਗ ਸੰਸਾਰ ਧਰਮਾਂ ਵਿਚ ਮੰਤਰ–ਹਿੰਦੂ ਮੰਤਰ-ਵਿਧਾਨ -ਗੁਰਮਤਿ ਵਿਚਾਰਧਾਰਾ | 16-52. |
| ਦੂਜਾ: | <u>'ੴ'</u>—'੧' ਦਾ ਉਚਾਰਣ, ਅੰਕ ਵਿਸ਼ਿਸ਼ਤਾ ਅਤੇ ਅਰਥ – ਓਅੰਕਾਰ - ਉਚਾਰਣ, ਅਤੇ ਕੋਸ਼-ਅਰਥ – ਹਿੰਦੂ ਗ੍ਰੰਥਾਂ ਵਿਚ ਓਮ ਦੀ ਵਿਸ਼ਿਸ਼ਤਾ, ਅਰਥ ਅਤੇ ਪਰਯੋਗ-ਗੁਰਮਤਿ ਵਿਚ ਓਅੰਕਾਰ ਅਤੇ 'ੴ' -ਵਿਸ਼ਿਸ਼ਤਾ ਅਤੇ ਵਿਲੱਖਣਤਾ । | 53-88. |
| ਤੀਜਾ: | <u>ਸਤਿਨਾਮ</u> - ਸਤਿ: ਸ਼ਬਦ ਵਿਉਤਪਤੀ ਅਤੇ ਕੋਸ਼-ਅਰਥ– ਪੱਛਮੀ ਅਤੇ ਭਾਰਤੀ ਵਿਚਾਰਧਾਰਾ – ਗੁਰਮਤਿ ਵਿਚਾਰਧਾਰਾ: ਸਤਿ ਅਤੇ ਨਾਮ ਸਤਿ ਅਤੇ ਕਾਲ- ਅੰਤਿਮ ਸਤਿ – ਸੰਸਾਰ ਅਤੇ ਜੀਵ ਦੀ ਸਤਯਤਾ – ਨਾਮ: ਅਰਥ ਅਤੇ ਪਰਯੋਗ – ਸਤਿ, ਸਚ, ਨਾਮ, ਨਿਰੰਕਾਰ ਅਤੇ ਸ਼ਬਦ ਅਭੇਦਤਾ – ਪਰਾਪੂਰਬਲਾ ਨਾਮ–ਜ਼ਾਤੀ ਤੇ ਸਫ਼ਾਤੀ ਨਾਮ— ਵਾਹਿਗੁਰੂ ਸ਼ਬਦ —ਅਸਿਖ ਨਾਵ-ਨਾਮ-ਮਾਰਗ | 89-117. |
| ਚੋਥਾ: | <u>ਕਰਤਾ-ਪੁਰਖੁ:</u> ਆਦਿ -ਕਥਨ -ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਬ੍ਰਹਿਮੰਡ ਉਤਪਤੀ ਅਤੇ ਰਚਨਾ ਸਿਧਾਂਤ– ਗੁਰਮਤਿ ਵਿਚਾਰਧਾਰਾ-ਵਿਸ਼ਿਸ਼ਤਾ ਅਤੇ ਵਿਲੱਖਣਤਾ । | 118-145. |
| ਪੰਜਵਾਂ: | <u>ਨਿਰਭਉ ਨਿਰਵੈਰ:</u> ਅਰਥ -'ਭਉ' ਦਾ ਮਨੋਵਿਗਿਆਨਕ ਵਿਸ਼ਲੇਸ਼ਣ -ਪ੍ਰਭਾਵ ਅਤੇ ਸਰੋਤ -ਗੁਰਮਤਿ ਵਿਚਾਰਧਾਰਾ -ਅਮਲੀ ਪੱਖ । | 146-167. |
| ਛੇਵਾਂ; | <u>ਅਕਾਲਮੂਰਤਿ:</u> ਆਦਿ ਕਥਨ- ਕੋਸ਼-ਅਰਥ- ਸੰਸਾਰ ਧਰਮਾਂ ਵਿਚ ਇਸ਼ਟ ਦਾ ਮੂਰਤੀਕਰਣ -ਹਿੰਦੂ ਮੂਰਤੀ-ਪੂਜਾ ਵਿਧਾਨ -ਗੁਰਮਤਿ ਦਾ ਅਕਾਲ ਮੂਰਤਿ ਸੰਕਲਪ – ਕਾਲ ਸੰਕਲਪ: ਪੱਛਮੀ ਵਿਚਾਰਧਾਰਾ -ਭਾਰਤੀ ਵਿਚਾਰਧਾਰਾ -ਗੁਰਮਤਿ ਵਿਚਾਰ ਧਾਰਾ—ਵਿਸ਼ਿਸ਼ਤਾ ਅਤੇ ਵਿਲੱਖਣਤਾ। | 168-196. |
| ਸਤਵਾਂ: | <u>ਅਜੂਨੀ ਸੈਭੰ:</u> ਆਦਿ ਕਥਨ- ਕੋਸ਼-ਅਰਥ- ਅਵਤਾਰ ਸਿਧਾਂਤ— /ਵਿਸ਼ਵ ਧਰਮਾਂ ਵਿਚ ਹਿੰਦੂ ਅਵਤਾਰ ਵਾਦ ਗੁਰਮਤਿ-ਵਿਚਾਰਧਾਰਾ – ਵਿਸ਼ਿਸ਼ਤਾ ਅਤੇ ਵਿਲੱਖਣਤਾ | 197-222. |

| | | |
|---|---|---|
| ਅਠਵਾਂ: | <u>ਗੁਰਪ੍ਰਸਾਦਿ</u>: ਆਦਿ ਕਥਨ- ਸ਼ਬਦ ਵਿਉਤਪਤੀ ਅਤੇ ਕੋਸ਼ ਅਰਥ- ਗੁਰੂ ਅਤੇ ਨਦਰ ਦਾ ਈਸਾਈ, ਇਸਲਾਮ ਅਤੇ ਹਿੰਦੂ ਵਿਚਾਰਧਾਰਾ ਵਿਚ ਸੰਕਲਪ ਗੁਰਮਤਿ ਵਿਚਾਰਧਾਰਾ—ਵਿਸ਼ੇਸ਼ਤਾ ਅਤੇ ਵਿਲੱਖਣਤਾ। | 223-247. |
| ਨੌਵਾਂ: | ਮੂਲ ਮੰਤਰ ਦਾ ਅਮਲੀ ਅਤੇ ਸਮਾਜਕ ਪੱਖ — ਸਿੱਖ ਧਰਮ, ਦਰਸ਼ਨ, ਨੈਤਕਤਾ ਆਚਾਰ, ਅਤੇ ਵਿਹਾਰ ਉਤੇ ਪ੍ਰਭਾਵ। | 248-265. |
| ਸਾਰੰਸ਼: | | 266-269. |
| | ਪੁਸਤਕ -ਸੂਚੀ | 270–280 |

## ਭੂਮਿਕਾ

1\. ਆਦਿ ਗ੍ਰੰਥ(ਸ੍ਰੀ ਗੁਰੂ ਗ੍ਰੰਥ ਸਾਹਿਬ) ਸੰਸਾਰ ਦੇ ਪ੍ਰਮੁੱਖ ਧਰਮ ਗ੍ਰੰਥ-ਵੇਦ, ਗੀਤਾ, ਅਵੇਸਥਾ, ਇੰਜੀਲ ਅਤੇ ਕੁਰਾਨ ਵਾਂਗ ਅਤਿ ਪਵਿੱਤਰ ਗ੍ਰੰਥ ਹੈ ਪਰ ਇਸ ਵਰਗੀ ਪਰਮਾਣੀਕਤਾ ਕਿਸੇ ਵੀ ਹੋਰ ਧਰਮ-ਗ੍ਰੰਥ ਨੂੰ ਪ੍ਰਾਪਤ ਨਹੀਂ। "ਸੰਸਾਰ ਦੇ ਮਹਾਨ ਧਰਮ ਸੰਚਾਲਕਾਂ ਵਿਚੋਂ ਕਿਸੇ ਨੇ ਵੀ ਆਪਣੀ ਸਿਖਿਆ ਦੀ ਇਕ ਸਤਰ ਵੀ ਆਪ ਨਹੀਂ ਲਿਖੀ, ਅਸੀਂ ਉਨ੍ਹਾਂ ਦੇ ਸੰਦੇਸ਼ਾਂ ਬਾਰੇ ਦੂਜਿਆਂ ਦੀਆਂ ਲਿਖਤਾਂ ਜਾਂ ਪਰੰਪਰਾ ਤੋਂ ਹੀ ਜਾਣਕਾਰੀ ਪ੍ਰਾਪਤ ਕਰਦੇ ਹਾਂ। ਅਸੀਂ ਸੁਕਰਾਤ ਦੀ ਸਿਖਿਆ ਪਲੈਟੋ ਰਾਹੀਂ ਪੜ੍ਹਦੇ ਹਾਂ। ਕਨਫਿਊਸ਼ਸ ਅਤੇ ਬੁੱਧ ਦੀ ਕੋਈ ਆਪਣੀ ਲਿਖਤ ਨਹੀਂ। ਕੁਰਾਨ ਦੀਆਂ ਆਇਤਾਂ ਦਾ ਸੰਕਲਨ ਮੁਹੰਮਦ ਸਾਹਿਬ ਤੋਂ ਬਹੁਤ ਸਮਾਂ ਬਾਹਦ ਹੋਇਆ।[1] ਇੰਜੀਲ ਦੇ ਕਈ ਲੇਖਕਾਂ ਵਿਚੋਂ ਢੇਰ ਸਮਾਂ ਪਿਛੋਂ ਚਾਰ ਨੂੰ ਪਰਮਾਣੀਕ ਮੰਨ ਲਿਆ ਗਿਆ। ਇਹ ਮਾਣ ਅਤੇ ਵਿਲੱਖਣਤਾ ਸਿਖ ਧਰਮ ਨੂੰ ਪ੍ਰਾਪਤ ਹੈ ਕਿ ਸਿਖ ਗੁਰੂਆਂ ਨੇ ਆਪਣੀ ਬਾਣੀ ਨੂੰ ਆਪ ਲਿਖਿਆ ਅਤੇ ਪੰਜਵੇਂ ਗੁਰੂ ਨੇ 1604 ਈ. ਵਿਚ ਇਸ ਦਾ ਸੰਕਲਨ ਕਰਕੇ ਸਦੀਵ ਕਾਲ ਲਈ ਇਸਨੂੰ ਪਰਮਾਣੀਕਤਾ ਪ੍ਰਦਾਨ ਕਰ ਦਿਤੀ। ਇਸ ਦੀ ਵਿਲਖਣਤਾ ਇਸ ਕਰਕੇ ਵੀ ਹੈ ਕਿ ਸੰਸਾਰ ਦੀਆਂ ਸਾਰੀਆਂ ਧਾਰਮਿਕ ਪੁਸਤਕਾਂ ਵਿਚੋਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ 'ਗੁਰਿਆਈ' ਪ੍ਰਾਪਤ ਹੈ। "ਮੁਸਲਮਾਨਾ ਦਾ ਜੋ ਸਤਿਕਾਰ ਕੁਰਾਨ ਲਈ ਹੈ, ਈਸਾਈਆ ਦਾ ਇੰਜੀਲ ਲਈ ਅਤੇ ਯਹੂਦੀਆਂ ਦਾ ਤੌਰਾਹ ਲਈ, ਉਸ ਤੋਂ ਕਿਤੇ ਵੱਧ ਅਤੇ ਵਿਸ਼ੇਸ਼ ਮਾਣ ਅਤੇ ਸਤਿਕਾਰ ਸਿਖ ਜਗਤ ਵਲੋਂ ਆਦਿ ਗ੍ਰੰਥ ਨੂੰ ਪ੍ਰਾਪਤ ਹੈ।"[2] ਆਦਿ ਗ੍ਰੰਥ ਦੀ ਵਿਸ਼ੇਸ਼ ਮਹਾਨਤਾ ਇਸ ਵਿਚ ਅੰਕਿਤ ਮਹਾਨ ਵਿਚਾਰਾਂ ਕਰਕੇ ਹੈ। ਇਸ ਵਿਚਲੀ ਬਾਣੀ ਸਾਧਾਰਨ ਕਾਵਿ ਨਹੀਂ, 'ਬ੍ਰਹਮ-ਬੀਚਾਰ'[3] ਹੈ। ਇਸ ਦੀ ਸਿਖਿਆ ਸੰਸਾਰ ਦੀ ਸਮੁੱਚੀ ਮਨੁੱਖਤਾ ਲਈ ਹੈ। ਇਸ ਦੇ ਸੰਦੇਸ਼ ਅਤੇ ਪ੍ਰੇਰਨਾ ਤੋਂ ਇਕ ਬਲਵਾਨ ਸਿਖ ਕੌਮ ਨੇ ਜਨਮ ਲਿਆ। "ਭਵਿਖ ਵਿਚ ਹੋਣ ਵਾਲੇ

---

1. M.Macauliffe, The Sikh Religion, A symposium, Calcutta: Susil Gupta (India) Pvt. Ltd.,1958, p.3

2. Arnold Toynbee, Foreword: Selection from The Sacred Writings of the Sikhs, London: George Allen and Unwin Ltd., 1960, p.9.

3. ਜਨ ਨਾਨਕ ਬੋਲੈ ਬ੍ਰਹਮ ਬੀਚਾਰੁ। ਆਸਾ (370)

ਧਰਮਾਂ ਦੇ ਪਰਸਪਰ ਸੰਬਾਦਾਂ ਵਿਚ ਸਿਖ ਧਰਮ ਅਤੇ ਆਦਿ ਗ੍ਰੰਥ ਪਾਸ ਸੰਸਾਰ ਨੂੰ ਦੇਣ ਲਈ ਬੜੀ ਮਹੱਤਵਪੂਰਣ ਅਤੇ ਵਿਸ਼ੇਸ਼ ਵਿਚਾਰਧਾਰਾ ਹੈ।"[4] ਇਸ ਵਿਚਾਰਧਾਰਾ ਦਾ ਮੂਲ-ਆਧਾਰ ਆਦਿ ਗ੍ਰੰਥ ਦੀ ਪ੍ਰਥੱਮ ਰਚਨਾ ਹੈ ਜਿਸ ਦੇ ਸ਼ਬਦ ਹਨ:

> ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ
> ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ
> ਗੁਰਪ੍ਰਸਾਦਿ

ਇਸ ਰਚਨਾ ਨੂੰ ਸਿਖ ਜਗਤ ਵਿਚ ਮੂਲ ਮੰਤਰ ਨਾਮ ਨਾਲ ਜਾਣਿਆ ਜਾਂਦਾ ਹੈ। ਆਦਿ ਗ੍ਰੰਥ ਦੀ ਸਾਰੀ ਵਿਚਾਰਧਾਰਾ ਅਤੇ ਸਮੁੱਚਾ ਸਿਖ ਜੀਵਨ ਇਸ ਰਚਨਾ ਦੇ ਆਧਾਰ ਤੇ ਵਿਕਾਸਸ਼ੀਲ ਹੁੰਦਾ ਹੈ। ਗੁਰੂ ਅਰਜਨ ਦੇਵ ਦਾ ਪਰਮਾਤਮਾ ਦੀ ਪ੍ਰਕ੍ਰਿਤੀ ਦੇ ਇਸ ਵਰਣਨ ਨੂੰ ਆਦਿ ਗ੍ਰੰਥ ਦੇ ਅਰੰਭ ਵਿਚ ਥਾਂ ਦੇਣਾ ਬਹੁਤ ਉਚਿਤ ਸੀ।[5] ਗੁਰੂ ਨਾਨਕ ਦੇਵ ਦੀ ਇਸ ਮਹਾਨ ਰਚੱਨਾ ਦੇ 14 ਸ਼ਬਦਾਂ ਦਾ ਦਾਰਸ਼ਨਿਕ, ਅਧਿਆਤਮਕ ਅਤੇ ਨੈਤਿਕ ਪੱਖਾਂ ਤੋਂ ਆਲੋਚਨਾਤਮਕ ਅਧਿਅਨ ਹੀ ਇਸ ਖੋਜ-ਪ੍ਰਬੰਧ ਦਾ ਵਿਸ਼ਾ ਹੈ।

2. ਖੋਜ-ਪ੍ਰਬੰਧ ਲਈ ਇਸ ਵਿਸ਼ੇ ਦੀ ਚੋਣ ਦੇ ਦੋ ਮੂਲ ਕਾਰਨ ਹਨ: (1) ਆਦਿ ਗ੍ਰੰਥ, ਸਮੁੱਚੀ ਸਿਖ ਵਿਚਾਰਧਾਰਾ ਅਤੇ ਸਿਖੀ ਜੀਵਨ ਵਿਚ ਮੂਲ-ਮੰਤਰ ਦੀ ਅਤਿਅੰਤ ਵਿਸ਼ੇਸ਼ਤਾ ਅਤੇ (2) ਇਸ ਵਿਸ਼ੇਸ਼ਤਾ ਅਤੇ ਮਹਾਨਤਾ ਦੇ ਬਾਵਜੂਦ ਸਿਖ ਸਾਹਿਤ ਵਿਚ ਇਸ ਦੇ ਭਰਪੂਰ ਸੁਤੰਤਰ ਅਤੇ ਆਲੋਚਨਾਤਮਕ ਅਧਿਅਨ ਦੀ ਘਾਟ। ਇਨ੍ਹਾਂ ਦੋਹਾਂ ਤੱਥਾਂ ਦੀ ਥੋੜੇ ਵਿਸਥਾਰ ਵਿਚ ਵਿਚਾਰ ਕਰ ਲੈਣੀ ਜ਼ਰੂਰੀ ਹੈ।

2.1.1. ਮੂਲ ਮੰਤਰ ਦੀ ਵਿਸ਼ੇਸ਼ਤਾ: ਸਾਰੇ ਟੀਕਾਕਾਰਾਂ ਅਤੇ ਗੁਰਮਤਿ ਸੰਬੰਧੀ ਲਿਖਣ ਵਾਲੇ ਵਿਦਵਾਨਾਂ ਨੇ ਇਸ ਤੱਥ ਨੂੰ ਮੰਨਿਆ ਹੈ ਕਿ ਗੁਰੂ ਨਾਨਕ ਦੇਵ ਦੀ ਇਹ ਸੰਖੇਪ ਰਚੱਨਾ ਸਮੁੱਚੇ ਗੁਰੂ ਗ੍ਰੰਥ ਸਾਹਿਬ ਅਤੇ ਸਿਖ ਦਰਸ਼ਨ ਦਾ ਸਾਰ ਹੈ।[6] ਇਸ ਵਿਚ ਅੰਤਿਮ ਸੱਚ ਦੀ ਪ੍ਰਕ੍ਰਿਤੀ

---

4. A. Toynbee, Op. Cit., p.11.

5. W.H.Mcleod, Guru Nanak and the Sikh Religion, Oxford: Clarendon Press, 1968, p.148.

6. Bhai Jodh Singh, Some studies in Sikhism, Ludhiana: Lahore Book Shop, 1953, p.10 ; For details see Dr. Taran Singh, The Influence of Moolmantre on Gurbani (art.) GND University, Amritsar, 1973.

ਨੂੰ ਸੰਕੁਚਿਤ ਰੂਪ ਵਿਚ ਦਸਿਆ ਗਿਆ ਹੈ।[7] ਮੂਲ-ਮੰਤਰ ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਦਾ ਪੂਰਨ ਸਰੂਪ ਦਿੰਦਾ ਹੈ ਅਤੇ ਇਸ ਤਰ੍ਹਾਂ ਸਿਖ ਧਰਮ ਦੇ ਸਾਰੇ ਪੱਖਾਂ ਦੀ ਵੀ ਪੂਰੀ ਵਿਆਖਿਆ ਕਰ ਦਿੰਦਾ ਹੈ।[8] ਮੂਲ-ਮੰਤਰ ਵਿਚ ਵਿਅਕਤ ਬ੍ਰਹਮ-ਸੰਕਲਪ ਨੂੰ ਹੀ ਸਮੁੱਚੀ ਬਾਣੀ ਵਿਚ ਅਨੇਕ ਪੱਖਾਂ ਤੋਂ ਵਿਚਾਰਿਆ ਗਿਆ ਹੈ। ਇਸ ਵਿਚਲੇ ਸਾਰੇ ਪਦ ਬਾਰ ਬਾਰ ਗੁਰਬਾਣੀ ਵਿਚ ਵਰਤੇ ਗਏ ਹਨ ਜਿਸ ਦੇ ਅਨੇਕਾਂ ਪਰਮਾਣ ਇਸ ਖੋਜ-ਪ੍ਰਬੰਧ ਦੇ ਵੱਖ ਵੱਖ ਕਾਂਡਾਂ ਵਿਚ ਪ੍ਰਾਪਤ ਹਨ। ਸਾਧੂ ਸਦਾ ਨੰਦ ਨੇ ਇਕ ਪਰੰਪਰਾਈ ਸਾਖੀ ਰਾਹੀਂ '੧ੴ ਸਤਿਗੁਰ ਪ੍ਰਸਾਦਿ' ਨੂੰ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਸਾਰ ਸਿਧ ਕੀਤਾ ਹੈ। ਸਾਖੀ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਇਕ ਵਾਰੀ 'ਰਕਾਬ ਵਿਚ ਪੈਰ ਧਰਨ' ਦੇ ਸਮੇਂ ਵਿਚ ਸੰਪੂਰਣ ਗਰੰਥ ਸਾਹਿਬ ਦਾ ਪਾਠ ਸੁਣਨ ਦੀ ਇਛਿਆ ਪ੍ਰਗੱਟ ਕੀਤੀ। 'ਏਕ ਸਿਖ ਜੋ ਤਿਨ ਕੇ ਰਿਦੇ ਕਾ ਭੇਦੀ...ਕਿਹਾ', "ਏਕੋ ਔਂਕਾਰ ਸਤਿਗੁਰ ਪ੍ਰਸਾਦਿ"।....ਤਬ ਗੁਰੂ ਜੀ ਕਿਹਾ, "ਗਿਰੰਥ ਸਾਹਿਬ ਏਤਾ ਹੀ ਮਾਤ੍ਰ ਹੈ। ਆਗੇ ਇਸ ਕਾ ਪਰਮਾਰਥ ਹੈ। ਅਰਥ ਯਹ ਕਿ ਟੀਕਾ ਹੈ।"[9]

2.1.2. ਆਦਿ ਗ੍ਰੰਥ ਦੇ 1430 ਪੰਨਿਆਂ ਵਿਚ ਕੋਈ ਵੀ ਰਚਨਾ ਇਕ ਤੋਂ ਵੱਧ ਵਾਰੀ ਨਹੀਂ ਲਿਖੀ ਗਈ, ਸਵਾਏ ਦੋ ਤਿੰਨ ਸ਼ਬਦ ਸ਼ਲੋਕਾਂ ਦੇ ਜੋ ਦੋ ਜਾਂ ਤਿੰਨ ਵਾਰੀ ਵੀ ਆਏ ਹਨ,[10] ਪਰ ਇਸ ਰਚਨਾ ਨੂੰ ਇਹ ਵਿਸ਼ੇਸ਼ਤਾ ਅਤੇ ਮਾਣ ਪ੍ਰਾਪਤ ਹੈ ਕਿ ਇਸ ਦਾ ਪਾਠ ਪੂਰਨ ਜਾਂ ਸੰਖੇਪ ਰੂਪ ਵਿਚ 568 ਵਾਰੀ ਆਦਿ ਗ੍ਰੰਥ ਵਿਚ ਦਰਜ ਹੈ ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

---

7. Dr.S.S.Kohli, Philosophy of Guru Nanak, Chandigarh : P.U. Publication Bureau, 1969, p.27.

8. ਡਾ.ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਅੰਮ੍ਰਿਤਸਰ: ਕਸਤੂਰੀ ਲਾਲ ਐਂਡ ਸਨਜ਼, 1963, ਪੰਨਾ 99.

9. ਵਿਗਿਆਨ ਅਰਕ(1832), ਹਵਾਲਾ ਡਾ.ਬਲਬੀਰ ਸਿੰਘ, 'ਨਿਰੁਕਤ', ਪੰਜਾਬੀ ਯੂ.ਪਟਿਆਲਾ, 1975, ਪੰਨਾ 4.

10. ਜਿਵੇਂ ਜਪੁਜੀ ਦੀ 27ਵੀਂ ਪਉੜੀ 'ਸੋਦਰੁ ਕੇਹਾ ਸੋ ਘਰ ਕੇਹਾ' ਆਦਿ ਗ੍ਰੰਥ ਪੰਨਾ 6, ਪੰਨਾ 8 ਅਤੇ ਪੰਨਾ 342 ਮਾਮੂਲੀ ਅੰਤਰ ਨਾਲ ਤਿੰਨ ਥਾਵਾਂ ਤੇ ਪ੍ਰਾਪਤ ਹੈ।

1. ਮੂਲ ਮੰਤਰ ਦਾ ਪਹਿਲਾ ਪੂਰਨ ਸਰੂਪ-ੴ ਤੋਂ ਗੁਰਪ੍ਰਸਾਦਿ = 33 ਵਾਰੀ[11]
2. ਦੂਜਾ ਸਰੂਪ-ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ = 9 ਵਾਰੀ[12]
3. ਤੀਜਾ ਸਰੂਪ-ੴ ਸਤਿਨਾਮੁ ਗੁਰਪ੍ਰਸਾਦਿ = 1 ਵਾਰੀ(ਪੰਨਾ544)
4. ਚੌਥਾ ਸਰੂਪ-ੴ ਸਤਿ ਗੁਰਪ੍ਰਸਾਦਿ =524 ਵਾਰੀ
5. ਪੰਜਵਾ ਸਰੂਪ- ੴ = ਇਕ ਵਾਰੀ, ਪੰਨਾ 1353

ਗੁਰੂ ਗ੍ਰੰਥ ਸਾਹਿਬ ਵਿਚਲੀ ਹਰ ਨਵੀਂ ਬਾਣੀ ਅਤੇ ਰਾਗ ਦਾ ਅਰੰਭ ਮੂਲ-ਮੰਤਰ ਦੇ ਪੂਰੇ ਜਾਂ ਸੰਖੇਪ ਰੂਪ ਨਾਲ ਹੁੰਦਾ ਹੈ।

2.1.3. ਇਹ ਰਚਨਾ ਕਿਸੇ ਵੀ ਬਾਣੀ ਦਾ ਅੰਗ ਨਹੀਂ ਪਰ ਹਰੇਕ ਬਾਣੀ ਦਾ ਸਿਰਮੌਰ ਹੈ। ਜਪੁਜੀ ਆਦਿ ਗ੍ਰੰਥ ਦੀ ਮੂਲ ਬਾਣੀ ਮੰਨੀ ਜਾਂਦੀ ਹੈ। ਨਿਤਨੇਮ ਦੀ ਬਾਣੀ ਹੋਣ ਕਾਰਣ ਲਖਾਂ ਲੋਕ ਪਰਭਾਤ ਵੇਲੇ ਇਸ ਬਾਣੀ ਦਾ ਨਿਤਨੇਮ ਕਰਦੇ ਹਨ। ਇਸ ਬਾਣੀ ਦੇ ਟੀਕੇ ਸਾਰੀਆਂ ਬਾਣੀਆਂ ਨਾਲੋਂ ਵੱਧ ਹੋਏ ਹਨ ਪਰ ਜਪੁਜੀ ਦੇ ਹਰੇਕ ਪਾਠ ਅਤੇ ਹਰੇਕ ਟੀਕੇ ਸਮੇਂ ਮੂਲ-ਮੰਤਰ ਦਾ ਪਾਠ ਅਤੇ ਵਿਆਖਿਆ ਆਵਸ਼ਕ ਸਮਝੀ ਜਾਂਦੀ ਹੈ। ਇਸ ਮਹਾਨਤਾ ਕਾਰਨ ਹੀ ਮੂਲ-ਮੰਤਰ ਸਿਖ ਜੀਵਨ ਦਾ ਅਨਿਖੜਵਾਂ ਅੰਗ ਬਣ ਗਿਆ ਹੈ। ਸਿਖੀ ਦਾ ਮਾਰਗ ਨਾਮ ਦਾ ਮਾਰਗ ਹੈ, ਗੁਰਮੱਤ ਰਹੱਸਵਾਦ ਨਾਮ ਦਾ ਰਹੱਸਵਾਦ ਹੈ ਅਤੇ ਇਸ ਦੀ ਪ੍ਰਾਪਤੀ ਦਾ ਮਾਧਿਅਮ 'ਗੁਰਪ੍ਰਸਾਦਿ' ਹੈ।[13] ਸਿਖ ਦਰਸ਼ਨ ਦੀ ਇਹ ਮੂਲ ਵਿਚਾਰਧਾਰਾ ਮੂਲ-ਮੰਤਰ ਦੇ ਸੰਕਲਪ ਸਤਿ ਨਾਮੁ ਅਤੇ ਗੁਰਪ੍ਰਸਾਦਿ ਤੋਂ ਹੀ ਵਿਕਾਸਸ਼ੀਲ ਹੋਈ ਹੈ। ਸਿਖ ਨੈਤਿਕਤਾ ਦੇ ਮੂਲ ਆਧਾਰ 'ਨਿਰਭਉ', ਨਿਰਵੈਰ ਮੂਲ-ਮੰਤਰ ਵਿਚ ਹੀ ਪ੍ਰਾਪਤ ਹਨ। ਇਸ ਤਰ੍ਹਾਂ ਇਹ ਰਚਨਾ ਦਾਰਸ਼ਨਿਕ, ਧਾਰਮਿਕ ਅਤੇ ਨੈਤਿਕ ਹਰ ਪੱਖ ਤੋਂ ਮਹਾਨ ਹੈ।

---

11. ਆਦਿ ਗ੍ਰੰਥ ਪੰਨਾ 1,94,151,347,462,475,489,527,537,557, 595,660,711,721,728,795,859,876,975,984,989, 1125,1168,1197,1254,1294,1319,1327,1352,1353, 1353(ਦੋ ਵਾਰੀ),1385 ਅਤੇ 1410.
12. ਬਾਣੀ ਬਿਓਰਾ, ਦਲੀਪ ਸਿੰਘ ਦੀਪ(ਜਪੁਜੀ,ਇਕ ਤੁਲਨਾਤਮਕ ਅਧਿਅਨ,ਪੰਨਾ V ) ਅਤੇ ਪ੍ਰਿ.ਹਰਭਜਨ ਸਿੰਘ(ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ,1976,ਪੰਨਾ੧) ਨੇ ਇਸ ਦਾ ਪ੍ਰਯੋਗ ਅਠ ਵਾਰੀ ਹੋਇਆ ਲਿਖਿਆ ਹੈ ਜੋ ਠੀਕ ਨਹੀਂ ਵੇਖੋ ਆਦਿ ਗ੍ਰੰਥ ਪੰਨਾ: 137,220,235,242,243,323,340,345,855.
13. Dr. Diwan Singh, Mysticism of Guru Nanak (Ph.D. Thesis), Chandigarh: P.U. Library, 1973, pp. 228-29.

2.2. ਭਾਵੇਂ ਹਰੇਕ ਟੀਕਾਕਾਰ ਅਤੇ ਗੁਰਮਤ ਸੰਬੰਧੀ ਲਿਖਣ ਵਾਲੇ ਵਿਦਵਾਨ ਨੇ ਮੂਲ ਮੰਤਰ ਦੀ ਵਿਸ਼ੇਸ਼ਤਾ ਅਤੇ ਮਹਾਨਤਾ ਸਵੀਕਾਰ ਕੀਤੀ ਹੈ ਪਰ ਇਸ ਸੰਖੇਪ ਰਚਨਾ ਦੇ ਚੋਦਾਂ ਪਦਾਂ ਦਾ ਸੁਤੰਤਰ ਰੂਪ ਵਿਚ ਆਲੋਚਨਾਤਮਕ ਅਧਿਅਨ ਹਾਲੀ ਤਕ ਨਹੀਂ ਹੋਇਆ, ਨਾਂ ਹੀ ਕਿਸੇ ਵਿਦਵਾਨ ਨੇ ਇਸ ਰਚਨਾ ਨੂੰ ਆਧਾਰ ਮੰਨ ਕੇ ਗੁਰਮਤਿ ਦਰਸ਼ਨ ਦੀ ਵਿਆਖਿਆ ਕੀਤੀ ਹੈ। ਗੁਰਮੱਤ ਸੰਬੰਧੀ ਲਿਖਣ ਵਾਲੇ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਵਿਚ ਮੂਲ-ਮੰਤਰ ਵਿਚਲੇ ਸ਼ਬਦਾਂ ਦਾ ਥਾਂ ਪਰ ਥਾਂ ਪ੍ਰਯੋਗ ਤਾਂ ਕੀਤਾ ਹੈ ਪਰ ਸਮੁੱਚੀ ਰਚਨਾ ਨੂੰ ਆਪਣੇ ਅਧਿਅਨ ਦਾ ਵਿਸ਼ਾ ਨਹੀਂ ਬਣਾਇਆ। ਭਾਵੇਂ ਮੂਲ-ਮੰਤਰ ਦੀ ਪਹਿਲੀ ਵਿਆਖਿਆ ਗੁਰਬਾਣੀ ਅਤੇ ਭਾਈ ਗੁਰਦਾਸ ਦੀ ਰਚਨਾ ਵਿਚ ਪ੍ਰਾਪਤ ਹੈ ਪਰ ਇਹ ਰਚਨਾ ਕਾਵਿ ਵਿਚ ਅਤੇ ਥਾਂ ਪਰ ਥਾਂ ਬਿਖਰੀ ਹੋਣ ਕਾਰਨ ਇਕ ਵਖਰੇ ਉਦੱਮ ਦੀ ਮੰਗ ਕਰਦੀ ਹੈ। ਗੁਰਮਤਿ ਸਾਹਿਤ ਵਿਚ ਮੂਲ-ਮੰਤਰ ਦੀ ਜੋ ਵਿਆਖਿਆ ਕਿਸੇ ਵੀ ਰੂਪ ਵਿਚ ਪ੍ਰਾਪਤ ਹੈ, ਉਸ ਦਾ ਵਰਗੀਕਰਣ ਨਿਮਨ ਚਾਰ ਰੂਪਾਂ ਵਿਚ ਹੋ ਸਕਦਾ ਹੈ:

2.2.1. ਜਪੁਜੀ ਦੇ ਟੀਕੇ: ਮੂਲ-ਮੰਤਰ ਦੀ ਵਿਆਖਿਆ ਜਪੁਜੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਟੀਕਿਆਂ ਦਾ ਭਾਗ ਹੈ। ਡਾਕਟਰ ਰਤੱਨ ਸਿੰਘ ਜੱਗੀ ਨੇ 'ਗੁਰਬਾਣੀ ਟੀਕੇ: ਅਨੰਦ ਘਨ' (ਭਾਸ਼ਾ ਵਿਭਾਗ, ਪਟਿਆਲਾ, 1970) ਅਤੇ ਡਾਕਟਰ ਜੋਗਿੰਦਰ ਸਿੰਘ, 'ਜਪੁਜੀ ਦੇ ਪੰਜਾਬੀ ਵਿਚ ਰਚੇ ਟੀਕਿਆਂ ਦਾ ਆਲੋਚਨਾਤਮਕ ਅਧਿਅਨ' (ਥੋਜ-ਪ੍ਰਬੰਧ, 1974) ਵਿਚ 100 ਤੋਂ ਵੱਧ ਟੀਕਿਆਂ ਦਾ ਜ਼ਿਕਰ ਕੀਤਾ ਹੈ ਅਤੇ ਇਸ ਦੀ ਪਰਣਾਲੀ-ਵੰਡ ਵੀ ਕੀਤੀ ਹੈ। ਕੁਝ ਟੀਕੇ ਜਨਮ ਸਾਖੀਆਂ ਵਿਚ ਵੀ ਪ੍ਰਾਪਤ ਹਨ। ਜਨਮ-ਸਾਖੀਆਂ ਵਿਚ ਪ੍ਰਾਪਤ ਮੂਲ-ਮੰਤਰ ਦੇ ਪ੍ਰਸੰਗਾਂ ਨੂੰ ਅਸੀਂ ਪਹਿਲੇ ਅਧਿਆਇ ਵਿਚ ਵਿਚਾਰਿਆ ਹੈ। ਸਾਖੀਕਾਰਾਂ ਨੇ ਮੂਲ-ਮੰਤਰ ਦੀ ਮਹਾਨਤਾ ਤਾਂ ਦਸੀ ਹੈ ਪਰ ਵਿਆਖਿਆ ਨਹੀਂ ਕੀਤੀ।

ਜਪੁਜੀ ਅਤੇ ਹੋਰ ਮੁੱਖ ਬਾਣੀਆਂ ਦੀ ਟੀਕਾ ਕਾਰੀ ਗੁਰੂ ਕਾਲ ਤੋਂ ਹੀ ਸ਼ੁਰੂ ਹੋ ਗਈ ਸੀ। ਡਾਕਟਰ ਤਾਰਨ ਸਿੰਘ ਨੇ ਬਾਣੀ ਦੀ ਟੀਕਾਕਾਰੀ ਨੂੰ ਅੱਠ ਪਰਣਾਲੀਆਂ —ਸਹਜ ਪਰਣਾਲੀ, ਭਾਈ ਪਰਣਾਲੀ, ਪਰਮਾਰਥ ਪਰਣਾਲੀ, ਉਦਾਸੀ ਪਰਣਾਲੀ, ਨਿਰਮਲਾ ਪਰਣਾਲੀ, ਗਿਆਨੀ ਪਰਣਾਲੀ, ਸਿੰਘ ਸਭਾ ਜਾਂ ਅਧੁਨਿਕ ਟੀਕਾਰੀ ਅਤੇ ਫੁੱਟਕਲ ਟੀਕਾਕਾਰੀ— ਵਿਚ ਵੰਡ

ਕੇ ਹਰੇਕ ਟੀਕਾਕਾਰੀ ਦੀ ਮੁੱਖ ਬਿਰਤੀ ਵੀ ਉਜਾਗਰ ਕੀਤੀ ਹੈ। ਸਹਜ ਪਰਣਾਲੀ ਵਿਚ ਕੇਵਲ ਗੁਰੂਆਂ ਦੀ ਬਾਣੀ ਸ਼ਾਮਲ ਹੈ ਜਿਸ ਵਿਚ ਗੁਰੂ ਸਾਹਿਬਾਨ ਆਪਣੀ ਹੀ ਬਾਣੀ ਵਿਚ ਦਿਤੇ ਵਿਚਾਰਾਂ ਦੀ ਆਪਣੀ ਰਚਨਾ ਵਿਚ ਹੋਰ ਥਾਂਈ ਵਿਆਖਿਆ ਕਰਦੇ ਹਨ। ਇਹ ਟੀਕਾ-ਪਧਤੀ ਸਰਬਸ੍ਰੇਸ਼ਟ, ਸਰਵੋਤਮ, ਪੂਰਨ ਅਧਿਕਾਰ ਸੰਪੰਨ ਪਰਮਾਣ ਪਧਤੀ ਹੈ ਜਿਸ ਨੂੰ ਇਸ ਖੋਜ-ਪ੍ਰਬੰਧ ਵਿਚ ਆਧਾਰ-ਸ਼ਿਲਾ ਮੰਨ ਕੇ ਮੂਲ-ਮੰਤਰ ਵਿਚ ਵਿਅਕਤ ਵਿਚਾਰਾਂ ਦੀ ਵਿਆਖਿਆ ਕੀਤੀ ਗਈ ਹੈ। ਸੈਖਿਕ ਟੀਕਾਕਾਰੀ ਵਿਚ ਉਹ ਭਗਤ, ਸਾਧੂ, ਜਿਗਿਆਸੂ, ਅਤੇ ਸੂਏਂ,ਮੰਜੀਆਂ ਤੇ ਮਸਨਦਾ ਦੇ ਅਧਿਕਾਰੀ ਜੀਉੜੇ ਹਨ ਜੋ ਗੁਰਮਤਿ ਦੇ ਸਿਧਾਂਤਾ ਦੀ ਮੌਖਿਕ ਵਿਆਖਿਆ ਕਰਦੇ ਆਏ ਹਨ। ਭਾਈ ਪਰਣਾਲੀ ਵਿਚ ਭਾਈ ਗੁਰਦਾਸ (1551-1639) ਭਾਈ ਨੰਦ ਲਾਲ (1633-1705) ਅਤੇ ਭਾਈ ਮਨੀ ਸਿੰਘ(ਸ਼ਹਾਦਤ 1737) ਪ੍ਰਸਿੱਧ ਵਿਆਖਿਆਕਾਰ ਹੋਏ ਹਨ। ਪਰਮਾਰਥ ਪਰਣਾਲੀ ਵਿਚ ਵਧੇਰੇ ਕਰਕੇ ਸਾਖੀਕਾਰ ਮਿਹਰਬਾਨ ਮਨੋਹਰ ਦਾਸ (1581-1640) ਅਤੇ ਉਨ੍ਹਾਂ ਦੇ ਪੁੱਤਰ ਹਰਿਜੀ ਅਤੇ ਚਤੁਰਭੁਜ ਵਿਸ਼ੇਸ਼ ਹਨ ਜਿਨ੍ਹਾਂ ਨੇ ਗੁਰੂ ਜੀਵਨ ਤੋਂ ਬਿਨਾਂ ਆਪਣੀਆਂ ਰਚਨਾਵਾਂ ਪੋਥੀ ਸਚ ਖੰਡ, ਪੋਥੀ ਹਰਿਜੀ, ਅਤੇ ਪੋਥੀ ਚਤੁਰਭੁਜ ਵਿਚ ਪੂਰੀ ਬਾਣੀ ਦਾ ਟੀਕਾ ਕੀਤਾ ਹੈ। ਇਨ੍ਹਾਂ ਨੇ ਗੁਰਬਾਣੀ ਦਾ ਵਧੇਰੇ ਕਰਕੇ ਸਰਲ, ਸਪਸ਼ਟ, ਸਿਧਾ ਸਾਦਾ ਅਤੇ ਸੰਖੇਪ ਅਰਥ ਹੀ ਦਿਤਾ ਹੈ, ਵਧੇਰੇ ਵਿਆਖਿਆ, ਡੂੰਘੀ ਚਰਚਾ ਜਾਂ ਸਿਧਾਂਤਾਂ ਦੀ ਤੁਲਨਾ ਨਹੀਂ ਕੀਤੀ। ਉਦਾਸੀ ਪਰਣਾਲੀ ਦਾ ਮੋਢੀ ਬਾਬਾ ਸਿਰੀ ਚੰਦ ਸੀ ਪਰ ਸਾਧੂ ਆਨੰਦ ਘਨ ਪਹਿਲਾਂ ਉਦਾਸੀ ਟੀਕਾਕਾਰ ਹੋਇਆ ਹੈ ਜਿਸ ਨੇ ਜਪੁਜੀ, ਆਰਤੀ,ਓਅੰਕਾਰ, ਸਿਧ ਗੋਸ਼ਟ ਅਤੇ ਆਸਾ ਦੀ ਵਾਰ ਦੇ ਟੀਕੇ ਸੰਨ 1825 ਈ. ਵਿਚ ਸਮਾਪਤ ਕੀਤੇ। ਇਨ੍ਹਾਂ ਦੀ ਵਿਆਖਿਆ ਵਿਚ ਪੁਰਾਣਾਂ, ਉਪਨਿਸ਼ਦਾਂ, ਗੀਤਾ ਅਤੇ ਹਿੰਦੂ ਕਥਾਵਾਂ ਦੇ ਪਰਮਾਣ ਆਮ ਹਨ ਅਤੇ ਵੇਦਾਂਤਿਕ ਰੰਗ ਪ੍ਰਧਾਨ ਹੈ। ਇਹ ਵਿਆਖਿਆ ਗੁਰਬਾਣੀ ਅਨੁਕੂਲ ਨਹੀਂ। ਨਿਰਮਲਾ ਪਰਣਾਲੀ ਨੇ ਗੁਰਬਾਣੀ ਦੇ ਮੂਲ ਸਿਧਾਂਤਾਂ ਬ੍ਰਹਮ ਈਸ਼ਵਰ, ਜੀਵ, ਜਗਤ, ਰਚਨਾ ਮਾਇਆ ਸਭ ਦਾ ਵੇਦਾਂਤੀਕਰਣ ਕੀਤਾ ਹੈ। ਇਨ੍ਹਾਂ ਸੰਸਕ੍ਰਿਤ ਵਿਦਵਾਨਾਂ ਨੇ ਇਕ ਇਕ ਸ਼ਬਦ ਦੀ ਅੱਖਰ ਵੰਡ ਕਰ ਕੇ ਕਈ ਕਈ ਅਰਥ ਅਤੇ ਅਰਥਾਂ ਦੇ ਅਨਰੱਥ ਵੀ ਕੀਤੇ ਹਨ ਜਿਨ੍ਹਾਂ ਦੇ ਹਵਾਲੇ ਇਸ ਖੋਜ-ਪ੍ਰਬੰਧ ਦੇ ਦੂਜੇ ਤੀਜੇ ਅਤੇ ਚੌਥੇ ਅਧਿਆਇ ਵਿਚ ਦਿਤੇ ਗਏ ਹਨ। ਸਾਧੂ ਅਨੰਦ ਘਨ ਦਾ

---

14. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ, ਨਾਨਕ ਪ੍ਰਕਾਸ਼ ਪਤ੍ਰਿਕਾ, ਉਕਤ, ਪੰਨਾ 48.

ਗਰਬ ਤੋੜਨ ਲਈ ਭਾਈ ਸੰਤੋਖ ਸਿੰਘ (1787-1843) ਨੇ "ਗਰਬ-ਗੰਜਨੀ ਨਾਮੇ ਗ੍ਰੰਥ" 1910 ਈ. ਵਿਚ ਲਿਖਿਆ। ਪੰਡਿਤ ਤਾਰਾ ਸਿੰਘ ਨਰੋਤਮ (ਗੁਰਭਾਵ ਦੀਪਕਾ ਜਪੁ ਟੀਕਾ 1881 ਬਿ.) , ਨਿਰਮਲ ਸੰਤ ਦੇਵਾ ਸਿੰਘ(ਸੁਗਮ ਜਪ ਪ੍ਰਦੀਪ-1902) ਪੰਡਿਤ ਗੁਲਾਬ ਸਿੰਘ (ਸ੍ਰੀ ਜਪੁ ਪ੍ਰਕਾਸ਼-1916) ਅਤੇ ਸਾਧੂ ਗੁਰਦਿਤ ਸਿੰਘ ਦੇ ਜਪੁਜੀ ਦੇ ਟੀਕੇ ਇਸ ਪਰਣਾਲੀ ਦੀਆਂ ਵਿਸ਼ੇਸ਼ ਕ੍ਰਿਤੀਆਂ ਹਨ। ਗਿਆਨੀ ਪਰਣਾਲੀ ਦਾ ਮੁੱਢ ਵੀ ਭਾਈ ਮਨੀ ਸਿੰਘ(ਸ਼ਹਾਦਤ 1737) ਤੋਂ ਮੰਨਿਆ ਜਾਂਦਾ ਹੈ। ਇਸ ਪਰਣਾਲੀ ਵਿਚ ਵਿਸ਼ੇਸ਼ ਦੇਣ ਗਿਆਨੀ ਬਦਨ ਸਿੰਘ ਸੇਖਵਾਂ (ਟੀਕਾ ਫਰੀਦਕੋਟ-ਬਿ.1940); ਗੁਰਮੁਖ ਸਿੰਘ(ਗੁਰੂ ਨਾਨਕਸਿਧਾਂਤ ਦੀਪਕਾ-1953 ਬਿ.) ਸੰਤ ਅਮੀਰ ਸਿੰਘ(1890-1954) ਬਾਬਾ ਮੰਗਲ ਸਿੰਘ(ਜਪੁਜੀ ਸਾਹਿਬ ਇਕਾਖਰੀ ਨਾਨਕਸ਼ਾਹੀ 437), ਗਿਆਨੀ ਬਿਸ਼ਨ ਸਿੰਘ ਲਖੂਵਾਲ (ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ,1939) ਅਤੇ ਪੰਡਿਤ ਨਰੈਣ ਸਿੰਘ (ਟੀਕਾ ਗੁਰੂ ਗ੍ਰੰਥ ਸਾਹਿਬ) ਦੀ ਹੈ। ਇਸ ਤੋਂ ਬਿਨਾਂ ਭਾਈ ਬਖਸ਼ੀਸ਼ ਸਿੰਘ, ਭਾਈ ਸੰਤ ਰਾਮ, ਸੰਤ ਗੁਲਾਬ ਸਿੰਘ, ਅਕਾਲੀ ਨਿਹਾਲ ਸਿੰਘ ਸੂਰੀ, ਸੰਤ ਉਤਮ ਸਿੰਘ ਗਯਾਨੀ, ਨੇ ਵੀ ਜਪੁਜੀ ਦੇ ਟੀਕੇ ਕੀਤੇ ਹਨ। ਭਾਵੇਂ ਇਨ੍ਹਾਂ ਟੀਕਿਆਂ ਵਿਚ ਵੇਦਾਂਤਿਕ ਉਲਾਰ ਘਟ ਹੈ ਤਾਂ ਵੀ ਇਹ ਵਿਆਖਿਆ ਵੇਦਾਂਤਿਕ ਅਸੱਰ ਤੋਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋ ਸਕੀ। ਡਾਕਟਰ ਤਾਰਨ ਸਿੰਘ ਨੇ ਆਧੁਨਿਕ ਟੀਕਾਕਾਰਾਂ ਪ੍ਰੋਫੈਸਰ ਸਾਹਿਬ ਸਿੰਘ, ਭਾਈ ਵੀਰ ਸਿੰਘ, ਪ੍ਰਿੰਸੀਪਲ ਤੇ ਜਾ ਸਿੰਘ ਗਿਆਨੀ ਸ਼ੇਰ ਸਿੰਘ ਅਤੇ ਡਾ.ਬਲਬੀਰ ਸਿੰਘ ਨੂੰ ਇਸੇ ਪਰਣਾਲੀ ਵਿਚ ਸ਼ਾਮਲ ਕੀਤਾ ਹੈ ਪਰ ਕਿਉਂਕਿ ਇਨ੍ਹਾਂ ਵਿਦਵਾਨਾਂ ਦੀ ਗੁਰਬਾਣੀ ਵਿਆਖਿਆ ਪਹਿਲੀ ਵਾਰੀ ਵੇਦਾਂਤਿਕ ਅਸੱਰ ਤੋਂ ਮੁਕਤ ਹੋਕੇ ਸੁਤੰਤਰ ਰੂਪ ਵਿਚ ਗੁਰਮਤਿ ਪੱਖ ਉਜਾਗਰ ਕਰਦੀ ਹੈ, ਇਸ ਲਈ ਇਨ੍ਹਾਂ ਨੂੰ ਆਧੁਨਿਕ ਪਰਣਾਲੀ ਵਿਚ ਵਿਚਾਰਨਾ ਹੀ ਉਚਿੱਤ ਹੈ। ਇਹੋ ਵਿਦਵਾਨ ਸਿੰਘ ਸਭਾ ਪ੍ਰਣਾਲੀ ਦੇ ਵੀ ਮੋਢੀ ਲਿਖਾਰੀ ਹਨ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਇਨ੍ਹਾਂ ਸਾਰੀਆਂ ਪਰਣਾਲੀਆਂ ਨੂੰ ਸਿਧਾਂਤਿਕ ਆਧਾਰ ਤੇ ਦੋ ਵਰਗਾਂ ਵਿਚ ਵੰਡਿਆ ਹੈ-(ੳ) ਸਨਾਤਨੀ ਵਿਆਖਿਆਕਾਰ ਜਿਨ੍ਹਾਂ ਉਤੇ ਵੇਦਾਂਤਿਕ ਰੰਗ ਪ੍ਰਧਾਨ ਹੈ, ਅਤੇ ਜਿਨ੍ਹਾਂ ਨੇ ਸ਼ਬਦਾਂ ਦੀ ਅਖਰ-ਵੰਡ ਕਰਕੇ ਕਈ ਕਈ ਅਰਥ ਕੀਤੇ ਹਨ। (ਅ) ਆਧੁਨਿਕ ਵਿਆਖਿਆਕਾਰ ਜੋ ਵੇਦਾਂਤਕ ਰੰਗ ਤੋਂ ਮੁਕਤ ਹੋਕੇ ਵਿਆਕਰਣ ਅਤੇ ਗੁਰਬਾਣੀ ਦੇ ਪਰਮਾਣਾ ਨੂੰ ਆਧਾਰ ਮੰਨ ਕੇ ਸੁਤੰਤਰ ਵਿਆਖਿਆ ਪੇਸ਼ ਕਰਦੇ ਹਨ। ਦੂਜੇ ਅਧਿਆਇ ਵਿਚ ਇਸ ਵਰਗੀਕਰਣ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ। ਆਧੁਨਿਕ ਟੀਕਾਕਾਰੀ ਵਿਚ ਉਪਰੋਕਤ ਕਥੱਤ ਵਿਦਵਾਨਾਂ ਦੇ ਟੀਕਿਆਂ ਤੋਂ ਛੁੱਟ ਸੋਢੀ ਹਜ਼ਾਰਾ ਸਿੰਘ(ਜਪੁ ਬੀਚਾਰ,1935) ਪ੍ਰੋ.ਗੰਗਾ ਸਿੰਘ

(ਵਿਆਖਿਆ ਸ੍ਰੀ ਜਪੁਜੀ ਸਾਹਿਬ, 1934), ਕਰਤਾਰ ਸਿੰਘ ਦਾਖਾ(ਸ੍ਰੀ ਜਪੁ-ਨੀਸਾਣ,1951), ਸ.ਮਹਿਤਾਬ ਸਿੰਘ ਅਤੇ ਡਾ.ਸੁਰਿੰਦਰ ਸਿੰਘ ਕੋਹਲੀ(ਸਿਖੀ ਸਿਖਿਆ) ਡਾ.ਮੋਹਣ ਸਿੰਘ ਦੀਵਾਨਾ (ਪੰਜਾਬੀ ਭਾਖਾ ਵਿਗਿਆਨ, 1952), ਜਸਟਿਸ ਤੇਜਾ ਸਿੰਘ(ਜਪੁ ਵਿਆਖਿਆ,1955), ਡਾ.ਸ਼ੇਰ ਸਿੰਘ(ਜਪੁਜੀ ਦਰਸ਼ਨ 1969), ਡਾ.ਤਾਰਨ ਸਿੰਘ ਜਪ-ਦਰਸ਼ਨ ਦੀਦਾਰ-1969) ਆਦਿ ਵਿਸ਼ੇਸ਼ ਕਿਰਤਾਂ ਹਨ। ਕੁਝ ਅਨੁਵਾਦ ਅੰਗਰੇਜ਼ੀ ਵਿਚ ਵੀ ਹੋਏ ਹਨ ਜਿਨ੍ਹਾਂ ਵਿਚੋਂ ਡਾਕਟਰ ਟਰੰਪ (1877) ਮੈਕਾਲਫ(1909) ਭਾਈ ਜੋਧ ਸਿੰਘ, ਮਨਮੋਹਨ ਸਿੰਘ ਐਡਵੋਕੇਟ, ਪ੍ਰਿੰ:ਤੇਜਾ ਸਿੰਘ, ਡਾ.ਗੋਪਾਲ ਸਿੰਘ,(1961) ਰਾਜਾ ਸਰ ਦਲਜੀਤ ਸਿੰਘ, ਡਾ.ਤਰਲੋਚਨ ਸਿੰਘ, ਸੋਹਣ ਸਿੰਘ ਅਤੇ ਗੁਰਬਚਨ ਸਿੰਘ ਤਾਲਬ ਦੇ ਅਨੁਵਾਦਾਂ ਨਾਲ ਗੁਰਮਤਿ ਅਧਿਅਨ ਦਾ ਸੰਚਾਰ-ਘੇਰਾ ਵਧਿਆ ਹੈ। ਅਸੀਂ ਇਨ੍ਹਾਂ ਦਾ ਹਵਾਲਾ ਥਾਂ ਪਰ ਥਾਂ ਦਿਤਾ ਹੈ। ਕੁਝ ਟੀਕੇ ਹਿੰਦੀ ਅਤੇ ਉਰਦੂ ਅਤੇ ਸੰਸਕ੍ਰਿਤ ਵਿਚ ਵੀ ਲਿਖੇ ਗਏ ਹਨ। ਉਰਦੂ ਵਿਚ ਖਵਾਜਾ ਦਿਲ ਮੁਹੰਮਦ ਅਤੇ ਸੰਸਕ੍ਰਿਤ ਵਿਚ ਭਾਈ ਨਿਹਾਲ ਸਿੰਘ ਅਤੇ ਸਵਾਮੀ ਹਰੀ ਪ੍ਰਸ਼ਾਦ ਵੈਦਿਕ ਮੁਨੀ(ਜਪੁ ਸੰਹਿਤਾ, 1963) ਦੀਆਂ ਕਿਰਤਾਂ ਵਿਸ਼ੇਸ਼ ਹਨ। ਪਰ ਇਨ੍ਹਾਂ ਸਾਰੀਆਂ ਕਿਰਤਾਂ ਵਿਚ ਜਪੁਜੀ ਅਤੇ ਹੋਰ ਬਾਣੀਆਂ ਦੀ ਵਿਆਖਿਆ ਹੀ ਪ੍ਰਧਾਨ ਵਿਸ਼ਾ ਰਿਹਾ ਹੈ, ਮੂਲ-ਮੰਤਰ ਦੇ ਸ਼ਬਦਾਂ ਦੀ ਪੂਰਨ, ਸੁਤੰਤਰ ਅਤੇ ਸਵਿਸਥਾਰ ਵਿਆਖਿਆ ਕਿਸੇ ਟੀਕੇ ਜਾਂ ਅਨੁਵਾਦ ਵਿਚ ਨਹੀਂ ਹੋਈ। ਇਹ ਸੰਭਵ ਵੀ ਨਹੀਂ ਸੀ ਕਿਉਂਕਿ ਟੀਕਾਕਾਰ ਜਾਂ ਅਨੁਵਾਦਿਕ ਦਾ ਧਿਆਨ ਮੂਲ ਬਾਣੀ ਵਲ ਕੇਂਦਰਿਤ ਹੁੰਦਾ ਹੈ। ਇਨ੍ਹਾਂ ਵਿਚੋਂ ਕੇਵਲ ਭਾਈ ਵੀਰ ਸਿੰਘ ਦੀ ਰਚਨਾ "ਮੂਲ ਮੰਤਰ ਅਤੇ ਪੰਜ ਪਉੜੀਆਂ ਸ੍ਰੀ ਜਪੁਜੀ ਸਾਹਿਬ ਦੀਆਂ" (ਅੰਮ੍ਰਿਤਸਰ-1949) ਵਿਚ ਮੂਲ-ਮੰਤਰ ਦੀ ਸ਼ਾਬਦਿਕ ਵਿਆਖਿਆ ਚੰਗੀ ਪੱਧਰ ਤੇ ਹੋਈ ਹੈ ਪਰ ਤੁਲਨਾਤਮਕ ਅਧਿਅਨ ਇਸ ਵਿਚ ਵੀ ਨਹੀਂ ਹੋ ਸਕਿਆ।

2.2.2. ਮੂਲ-ਮੰਤਰ ਦੇ ਪਦਾਂ ਦੀ ਵਿਆਖਿਆ ਕੁਝ ਕੋਸ਼ਾਂ ਰਾਹੀਂ ਵੀ ਹੋਈ ਹੈ ਜਿਨ੍ਹਾਂ ਵਿਚੋਂ ਪੰਡਿਤ ਤਾਰਾ ਸਿੰਘ ਨਰੋਤਮ ਦਾ ਗੁਰੂ ਗ੍ਰੰਥ ਕੋਸ਼ ਅਥਵਾ ਗੁਰੂ ਗਰਾਰਥ ਕੋਸ਼(1895), ਬਿਸ਼ਨ ਸਿੰਘ ਉਦਾਸੀ ਦਾ 'ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ'(1898ਈ.), ਗਿਆਨੀ ਹਜ਼ਾਰਾ ਸਿੰਘ ਰਚਿਤ 'ਸ੍ਰੀ ਗੁਰੂ ਗ੍ਰੰਥ ਕੋਸ਼'(1927) ਭਾਈ ਕਾਨ੍ਹ ਸਿੰਘ ਨਾਭਾ ਦੇ ਕੋਸ਼—ਗੁਰਮਤ ਸੁਧਾਕਰ(1922) ਗੁਰਮਤ ਪ੍ਰਭਾਕਰ(1922) ਅਤੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼(1930) ਅਤੇ ਗਿਆਨੀ ਲਾਲ ਸਿੰਘ ਸੰਗਰੂਰ ਦਾ ਗੁਰਮਤਿ ਮਾਰਤੰਡ ਅਰਥਾਤ ਗੁਰਮਤਿ ਨਿਰਣਯ ਭੰਡਾਰ(1949) ਵਿਸ਼ੇਸ਼ ਵਰਣਨਯੋਗ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਤ 'ਗੁਰੂ ਗ੍ਰੰਥ ਵਿਚਾਰ ਕੋਸ਼' (1969) ਵਿਚ ਵੱਖ ਵੱਖ ਵਿਸ਼ਿਆਂ ਉਤੇ ਪਰਮਾਣ ਇਕੱਤਰ ਕੀਤੇ ਗਏ ਹਨ, ਸਿਧਾਂਤਾਂ ਉਤੇ

ਵਿਚਾਰ ਨਹੀਂ ਕੀਤੀ ਗਈ। ਇਨ੍ਹਾਂ ਵਿਚੋਂ 'ਮਹਾਨ ਕੋਸ਼' ਦੇ ਕਰਤਾ ਨੇ ਅਰੱਥਾਂ ਦੇ ਨਾਲ ਨਾਲ ਟਿਪਣੀਆਂ ਵੀ ਦਿਤੀਆਂ ਹਨ ਜੋ ਚੰਗਾ ਉਦਮ ਹੈ।

2.2.3. ਫ਼ਰੀਦਕੋਟੀ ਟੀਕਾ: ਪੰਡਤ ਚੰਦਾ ਸਿੰਘ ਰਚਿਤ ਪ੍ਰਯਾਏ ਸ੍ਰੀ ਗੁਰੂ ਗ੍ਰੰਥ ਸਾਹਿਬ (1888) ਸੋਢੀ ਤੇਜਾ ਸਿੰਘ ਦੇ ਪ੍ਰਯਾਏ(1932); ਸ਼ਬਦਾਰਥ ਗੁਰੂ ਗ੍ਰੰਥ ਸਾਹਿਬ(1944)- ਜਿਸ ਦੇ ਮੁੱਖ ਸੰਪਾਦਕ ਪ੍ਰਿੰਸੀਪਲ ਤੇਜਾ ਸਿੰਘ ਸਨ- ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਡਾਕਟਰ ਬਲਬੀਰ ਸਿੰਘ ਦੀ ਕ੍ਰਿਤ 'ਗੁਰੂ ਗ੍ਰੰਥ ਨਿਰੁਕਤ'(1975) ਵਿਚ ਗੁਰਬਾਣੀ ਦੇ ਸੰਕੇਤਾਂ ਅਤੇ ਸ਼ਬਦਾਂ ਦੀ ਵਿਉਤਪਤੀ ਅਤੇ ਅਰੱਥ ਪ੍ਰਾਪਤ ਹਨ।

2.2.4. ਸਿਖ ਧਰਮ, ਗੁਰਮਤ, ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਪੁਸਤਕਾਂ ਵਿਚ ਵੀ ਮੂਲ-ਮੰਤਰ ਦੇ ਸ਼ਬਦਾਂ ਦਾ ਥਾਂ ਪਰ ਥਾਂ ਪ੍ਰਯੋਗ ਹੋਇਆ ਹੈ ਅਤੇ ਇਸ ਦੀ ਯਥਾ ਯੁਕਤ ਵਿਆਖਿਆ ਵੀ ਕੀਤੀ ਗਈ ਹੈ। ਮੈਕਾਲਿਫ ਦੀ ਪੁਸਤੱਕ ਸਿਖ ਰਿਲਿਜਨ(1909) ਵਿਚ ਸਿਖ ਗੁਰੂਆਂ ਦੇ ਜੀਵਨ ਤੋਂ ਬਿਨਾਂ ਗੁਰਮਤਿ ਦੇ ਮੂਲ-ਸਿਧਾਂਤਾਂ ਦੀ ਵਿਆਖਿਆ ਅਤੇ ਬਾਣੀਆਂ ਦੇ ਅਨੁਵਾਦ ਵੀ ਸ਼ਾਮਲ ਹਨ। ਸ. ਖਜ਼ਾਨ ਸਿੰਘ ਨੇ 'History & Philosophy of Sikh Religion' (1914) ਵਿਚ ਸਿਖ ਦਰਸ਼ਨ ਦੇ ਕੁੱਝ ਪੱਖ ਲਏ ਹਨ। ਭਾਈ ਜੋਧ ਸਿੰਘ ਦੀ ਰਚਨਾ 'ਗੁਰਮਤ ਨਿਰਣਯ' (1932) ਵਿਚ ਪਹਿਲੀ ਵਾਰੀ ਗੁਰਬਾਣੀ ਦੇ ਪਰਮਾਣਾਂ ਨੂੰ ਵਖ ਵਖ ਵਿਸ਼ਿਆਂ ਵਿਚ ਵੰਡ ਕੇ ਗੁਰਮਤਿ ਵਿਚਾਰਧਾਰਾ ਸਪਸ਼ਟ ਕੀਤੀ ਗਈ ਹੈ ਪਰ ਮੂਲ-ਮੰਤਰ ਦੀ ਵਿਆਖਿਆ ਇਸ ਵਿਚ ਵੀ ਨਹੀਂ ਹੋ ਸਕੀ। ਡਾ.ਸ਼ੇਰ ਸਿੰਘ ਦੇ ਸ਼ੋਧ-ਪ੍ਰਬੰਧ Philosophy of Sikhism (1944) (ਜਿਸ ਦਾ ਪੰਜਾਬੀ ਰੂਪ ਗੁਰਮਤਿ ਦਰਸ਼ਨ 1951 ਵਿਚ ਛਪਿਆ) ਵਿਚ ਗੁਰਮਤਿ ਦੇ ਮੂਲ ਸੰਕਲਪਾਂ ਦਾ ਤੁਲਨਾਤਮਕ ਅਧਿਅਨ ਕੀਤਾ ਗਿਆ ਹੈ। ਇਹ ਆਪਣੇ ਸਮੇਂ ਦੀ ਅਦੁੱਤੀ ਰਚਨਾ ਮੰਨੀ ਗਈ ਹੈ ਪਰ ਇਸ ਵਿਚ ਵੀ ਮੂਲ-ਮੰਤਰ ਦੀ ਵਿਆਖਿਆ ਨਹੀਂ ਹੋ ਸਕੀ। ਡਾ.ਜਯਰਾਮ ਮਿਸ਼ਰ ਦਾ 'ਸ੍ਰੀ ਗੁਰੂ ਗ੍ਰੰਥ ਦਰਸ਼ਨ' (1960) ਵੀ ਹਿੰਦੀ ਵਿਚ ਕੀਤਾ ਇਕ ਚੰਗਾ ਉਪਰਾਲਾ ਹੈ। ਡਾ.ਸੁਰਿੰਦਰ ਸਿੰਘ ਕੋਹਲੀ ਦੀ ਰਚਨਾ 'A critical study of Adi Granth (1961) ਨਾਲ ਆਦਿ ਗ੍ਰੰਥ ਦੀ ਬਾਣੀ ਦਾ ਪਹਿਲੀ ਵਾਰੀ ਸਰਬ-ਪੱਖੀ ਆਲੋਚਨਾਤਮਕ ਅਧਿਐਨ ਹੋਇਆ ਹੈ। ਉਪਰੰਤ ਉਨ੍ਹਾਂ ਦੀਆਂ ਕ੍ਰਿਤੀਆਂ Outlines of Sikh Thought(1966); Philosophy of Guru Nanak(1969) ਅਤੇ Sikh Ethics(1975) ਨੇ ਗੁਰਮੱਤ ਦੇ ਕਈ ਨਵੇਂ ਪੱਖ ਉਜਾਗਰ ਕੀਤੇ ਹਨ। ਡਾਕਟਰ ਤਾਰਨ ਸਿੰਘ ਦੀ ਰਚਨਾ "ਗੁਰੂ ਨਾਨਕ:ਚਿੰਤਨ ਤੇ ਕਲਾ" (1963) ਵਿਚ ਗੁਰੂ ਜੀ ਦੇ

ਮੂਲ ਵਿਚਾਰਾਂ ਦਾ ਚੰਗਾ ਸਪਸ਼ਟੀਕਰਣ ਹੋਇਆ ਹੈ। ਉਪਰੰਤ ਉਨ੍ਹਾਂ ਦੀਆਂ ਪੁਸਤਕਾਂ ਨਾਨਕ: ਦਰਬਾਰ ਅਤੇ ਜਪ: ਦਰਸ਼ਨ ਦੀਦਾਰ(1969) ਵਿਚ ਵੀ ਗੁਰਬਾਣੀ ਦੇ ਕਈ ਪੱਖ ਉਜਾਗਰ ਹੋਏ ਹਨ ਪਰ ਮੂਲ-ਮੰਤਰ ਦੀ ਭਰਪੂਰ ਵਿਆਖਿਆ ਕਿਸੇ ਰਚਨਾ ਦਾ ਵਿਸ਼ਾ ਨਹੀਂ ਬਣ ਸਕੀ। ਡਾ.ਮਕਲੋਡ ਦੀ ਪੁਸਤੱਕ Guru Nanak and Sikh Religion (1968) ਵਿਚ ਗੁਰਮਤ ਸਿਧਾਂਤਾਂ ਨੂੰ ਬੜੇ ਮੁਲਵਾਨ ਢੰਗ ਨਾਲ ਨਜਿਠਿਆ ਗਿਆ ਹੈ ਜਿਸ ਦਾ ਹਵਾਲਾ ਅਸੀਂ ਥਾਂ ਪਰ ਥਾਂ ਦਿਤਾ ਹੈ। ਡਾ.ਰਤਨ ਸਿੰਘ ਜੱਗੀ ਦੀ ਕ੍ਰਿਤ 'ਗੁਰੂ ਨਾਨਕ ਦੀ ਵਿਚਾਰਧਾਰਾ' (1969) ਵਿਚ ਵੀ ਗੁਰਮਤ ਦੇ ਕਈ ਸਿਧਾਂਤ ਵਿਚਾਰੇ ਗਏ ਹਨ ਪਰ ਮੂਲ-ਮੰਤਰ ਦੀ ਵਿਆਖਿਆ ਨੂੰ ਇਨ੍ਹਾਂ ਪੁਸਤਕਾਂ ਵਿਚ ਵੀ ਯੋਗ ਥਾਂ ਪ੍ਰਾਪਤ ਨਹੀਂ। ਅੰਗ੍ਰੇਜ਼ੀ ਵਿਚ ਲਿਖੀਆਂ ਕੁਝ ਹੋਰ ਵਿਸ਼ੇਸ਼ ਪੁਸਤਕਾਂ ਇਹ ਹਨ: Guru Nanak and Origins of Sikh Faith by Harbans Singh (1969); Guru Nanak and The Logos of Divine Manifestation by Sharad Chandra Verma (1969); Guru Nanak, His Personality and Vision by G.S.Talib (1969); Sikhism published by P.u. Patiala (1969), The Religion of the Sikhs by Dr. Gopal Singh (1971); Ethics of the Sikhs by Dr. Avtar Singh (1970).

ਇਨ੍ਹਾਂ ਪੁਸਤੱਕਾਂ ਵਿਚ ਮੂਲ-ਮੰਤਰ ਦੇ ਕੁਝ ਸ਼ਬਦਾਂ ਨੂੰ ਲੋੜ ਅਨੁਸਾਰ ਵਰਤਿਆ ਗਿਆ ਹੈ ਪਰ ਉਨ੍ਹਾਂ ਨੂੰ ਗੁਰਮਤਿ ਸਿਧਾਂਤਾਂ ਦਾ ਮੂਲ ਆਧਾਰ ਮੰਨਕੇ ਵਿਚਾਰਾਂ ਦੀ ਉਸਾਰੀ ਨਹੀਂ ਕੀਤੀ ਗਈ। ਡਾ.ਅਵਤਾਰ ਸਿੰਘ ਨੇ ਨਿਰਭਉ ਨਿਰਵੈਰ ਦੀ ਵਿਆਖਿਆ ਕੇਵਲ ਇਕ ਇਕ ਪਹਿਰੇ ਵਿਚ ਕੀਤੀ ਹੈ। ਕਰਤਾਪੁਰਖ ਨੂੰ ਗੈਰਵੈਦਿਕ ਅਤੇ ਸਾਂਖ-ਵਾਦੀ 'ਪੁਰਸ਼' ਨਾਲੋਂ ਨਿਖੇੜ ਕੇ ਗੁਰਮਤਿ ਵਿਚਾਰਧਾਰਾ ਨੂੰ ਸਪਸ਼ਟ ਨਹੀਂ ਕੀਤਾ ਗਿਆ। ਫਿਰ ਵੀ ਇਹ ਉਦੱਮ ਬੜੇ ਸ਼ਲਾਘਾ ਯੋਗ ਹਨ। ਡਾ.ਪ੍ਰੇਮ ਪ੍ਰਕਾਸ਼ ਸਿੰਘ ਦੇ ਖੋਜ-ਪ੍ਰਬੰਧ "ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣ ਕਾਵਿ-ਧਾਰਾ ਦਾ ਆਲੋਚਨਾਤਮਕ ਅਧਿਐਨ"(1971), ਜਿਸਨੂੰ ਭਾਸ਼ਾ ਵਿਭਾਗ ਨੇ ਗੁਰੂ ਨਾਨਕ ਅਤੇ ਨਿਰਗੁਣ ਧਾਰਾ (1973) ਨਾਂ ਹੇਠ ਛਾਪਿਆ ਹੈ, ਵਿਚ ਗੁਰੂ ਨਾਨਕ ਦੇ ਬ੍ਰਹਮ ਸੰਕਲਪ ਨੂੰ ਭਾਰਤੀ ਨਿਰਗੁਣ ਸਰਗੁਣ ਧਾਰਾਵਾਂ ਦੇ ਪ੍ਰਸੰਗ ਵਿਚ ਚੰਗੀ ਤਰ੍ਹਾਂ ਵਿਚਾਰਿਆ ਗਿਆ ਹੈ। ਡਾ.ਦੀਵਾਨ ਸਿੰਘ ਨੇ ਆਪਣੇ ਖੋਜ-ਪ੍ਰਬੰਧ 'Mysticism of Guru Nanak'(1973) ਵਿਚ ਗੁਰਮਤਿ ਵਿਚ ਪ੍ਰਾਪਤ ਨਾਮ-ਰਹੱਸ ਨੂੰ ਚੰਗੀ ਤਰ੍ਹਾਂ ਨਿਰੂਪਨ ਕੀਤਾ ਹੈ। ਕੁਝ ਵਿਸ਼ੇਸ਼

ਉਪਰਾਲੇ ਪੰਜਾਬ ਦੀਆਂ ਯੂਨੀਵਰਸਟੀਆਂ ਵਲੋਂ ਵੀ ਹੋਏ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ 'ਮੂਲ-ਮੰਤਰ' ਉਤੇ ਮਾਰਚ,1973 ਵਿਚ ਹੋਇਆ ਸੈਮੀਨਾਰ ਸ਼ਲਾਘਾਯੋਗ ਉਦੱਮ ਸੀ। ਇਸ ਵਿਚ ਲੇਖਕਾਂ ਨੇ ਹਰੇਕ ਸਮਾਸ ਉਤੇ ਵੱਖ ਵੱਖ ਪਰਚਾ ਪੜ੍ਹਿਆ। ਇਨ੍ਹਾਂ ਪਰਚਿਆਂ ਵਿਚ ਵਿਸ਼ੇਸ਼ ਸ਼ਬਦਾਂ ਦੀ ਮ[illegible]ਾਨਤਾ ਹੀ ਪ੍ਰਗਟ ਹੋਈ ਹੈ, ਵਿਸ਼ੇਸ਼ ਸ਼ਬਦ ਨੂੰ ਆਧਾਰ ਮੰਨ ਕੇ ਸਮੁੱਚੀ ਗੁਰਮਤਿ ਵਿਚਾਰਧਾਰਾ ਨੂੰ ਵਿਕਸਤ ਨਹੀਂ ਕੀਤਾ ਗਿਆ। 'ਕਾਲ' 'ਅਕਾਲ' 'ਮੂਰਤਿ' ਅਤੇ 'ਸੈਭੰ' ਵਰਗੇ ਮਹਾਨ ਸੰਕਲਪ ਸਪਸ਼ਟ ਨਹੀਂ ਹੋ ਸਕੇ। ਗੁਰੂ ਨਾਨਕ ਦੇਵ ਦੀ ਪੰਜਵੀ ਸ਼ਤਾਬਦੀ ਦੇ ਉਪਲਕਸ਼ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਅੰਤਰ-ਰਾਸ਼ਟਰੀ ਸੈਮੀਨਾਰ ਕੀਤਾ ਗਿਆ ਸੀ ਜਿਸ ਦੇ ਕਾਫੀ ਲੇਖ Perspectives on Guru Nanak (1975) ਨਾ ਹੇਠ ਪੁਸਤੱਕ ਰੂਪ ਵਿਚ ਛੱਪੇ ਹਨ। ਇਨ੍ਹਾਂ ਲੇਖਾਂ ਵਿਚ ਵੀ ਮੂਲ-ਮੰਤਰ ਨਹੀਂ ਵਿਚਾਰਿਆ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਪ੍ਰਕਾਸ਼ਤ ਗੁਰੂ ਨਾਨਕ, ਜੀਵਨ ਦਰਸ਼ਨ ਅਤੇ ਕਾਵਿ-[illegible]ਲਾ(ਸੰਪਾਦਕ ਡਾ.ਸ.ਸ.ਕੋਹਲੀ,1969) ਵਿਚ ਗੁਰੂ ਨਾਨਕ ਦੇਵ ਦੀਆਂ ਮੁੱਖ ਬਾਣੀਆਂ ਦਾ ਅਧਿਅਨ ਪ੍ਰਾਪਤ ਹੈ ਪਰ ਉਨ੍ਹਾਂ ਦੀ ਮੂਲ-ਰਚਨਾ ਮੂਲ-ਮੰਤਰ ਨੂੰ ਇਸ ਵਿਚ ਵੀ ਯੋਗ ਸਥਾਨ ਨਹੀਂ ਮਿਲ ਸਕਿਆ। ਜਪੁਜੀ ਉਪੱਰ ਦੋ ਖੋਜ ਪ੍ਰਬੰਧ ਵੀ ਲਿਖੇ ਗਏ ਹਨ। ਡਾ.ਦਲੀਪ ਸਿੰਘ 'ਦੀਪ' ਦਾ 'ਜਪੁਜੀ: ਇਕ ਤੁਲਨਾਤਮਕ ਅਧਿਐਨ' (ਖੋਜ-ਪ੍ਰਬੰਧ-1969), ਭਾਸ਼ਾ ਵਿਭਾਗ ਵਲੋਂ 1972 ਵਿਚ ਪ੍ਰਕਾਸ਼ਿਤ ਹੋਇਆ। ਡਾ.ਜੋਗਿੰਦਰ ਸਿੰਘ ਦੇ ਖੋਜ-ਪ੍ਰਬੰਧ ਦਾ ਜ਼ਿਕਰ ਅਸੀਂ ਕਰ ਆਏ ਹਾਂ। ਖੋਜ ਦਾ [illegible] ਮੂਲ-ਵਿਸ਼ਾ ਜਪੁਜੀ ਹੋਣ ਕਾਰਨ, ਦੋਹਾਂ ਵਿਦਵਾਨਾਂ ਨੇ ਮੂਲ-ਮੰਤਰ ਦੇ ਕੇਵਲ ਸ਼ਾਬਦਿਕ ਅਰੱਥ ਹੀ ਦਿੱਤੇ ਹਨ। ਭਗਤ ਸਿੰਘ ਹੀਰਾ ਦੀ ਪੁਸਤੱਕ 'ੴ ਦਰਸ਼ਨ' (1977) ਵਿਚ ਮੂਲ-ਮੰਤਰ ਦੀ ਪਦ ਵਿਆਖਿਆ ਚੰਗੀ ਹੋਈ ਹੈ ਪਰ ਅਲੋਚਨਾਤਮਕ ਅਧਿਅਨ ਨਹੀਂ ਹੋ ਸਕਿਆ।

3.1. ਗੁਰਮਤਿ ਵਿਚਾਰਧਾਰਾ ਨੂੰ ਸਪਸ਼ਟ ਕਰਨ ਲਈ ਹੋਏ ਉਪਰੋਕਤ ਸਾਰੇ ਯਤਨ ਅਤੀ ਸ਼ਲਾਘਾ ਯੋਗ ਹਨ ਪਰ ਇਨ੍ਹਾਂ ਸਾਰੀਆਂ ਕ੍ਰਿਤੀਆਂ ਵਿਚੋਂ ਕਿਸੇ ਵਿਚ ਵੀ ਮੂਲ-ਮੰਤਰ ਦੀ ਸੁਤੰਤਰ ਸਰਬ-ਪੱਖੀ ਅਤੇ ਭਰਪੂਰ ਆਲੋਚਨਾਤਮਕ ਵਿਆਖਿਆ ਨਹੀਂ ਹੋਈ। ਇਸ ਘਾਟ ਨੂੰ ਮਹਿਸੂਸ ਕਰਦਿਆਂ ਇਹ ਖੋਜ-ਪ੍ਰਬੰਧ ਪ੍ਰਸੱਤੁਤ ਕੀਤਾ ਜਾ ਰਿਹਾ ਹੈ। ਇਸ ਵਿਆਖਿਆ ਵਿਚ ਪੂਰਨਤਾ ਦਾ ਦਾਹਵਾ ਕਦਾਚਿਤ ਨਹੀਂ ਕੀਤਾ ਜਾ ਸਕਦਾ। ਇਸ ਵਿਚ ਮੂਲ-ਮੰਤਰ ਦੇ ਸਮਾਸਾਂ ਨੂੰ ਸਮੁੱਚੀ ਗੁਰਮਤਿ ਵਿਚਾਰਧਾਰਾ ਦਾ ਆਧਾਰ ਮੰਨ ਕੇ ਕੁਝ ਨਵੇਂ ਤੱਥ ਲਭਣ ਦਾ ਨਿਮਾਣਾ ਜੇਹਾ ਯਤਨ

ਕੀਤਾ ਗਿਆ ਹੈ। ਇਨ੍ਹਾਂ ਦਾਰਸ਼ਨਿਕ ਸੰਕੇਤਾਂ ਨੂੰ ਭਾਰਤੀ ਅਤੇ ਪਛਮੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਵਿਚਾਰ ਕੇ ਗੁਰਮਤਿ ਦੇ ਦ੍ਰਿਸ਼ਟੀਕੋਣ ਦੀ ਵਿਲੱਖਣਤਾ ਦਰਸਾਈ ਗਈ ਹੈ। ਹਰ ਤੱਥ ਨੂੰ ਪਰਮਾਣਾਂ ਅਤੇ ਦਲੀਲਾਂ ਨਾਲ ਸਿਧ ਕੀਤਾ ਗਿਆ ਹੈ। ਕੁਝ ਅਣਛੋਹੇ ਵਿਸ਼ਿਆਂ ਨੂੰ ਪਹਿਲੀ ਵਾਰੀ ਛੋਹਿਆ ਗਿਆ ਹੈ। ਸ਼ਬਦਾਂ ਅਤੇ ਸਮਾਸਾਂ ਦੀ ਸੰਗਿਠਤਾ ਅਤੇ ਆਪਸੀ ਸੰਬੰਧ ਪ੍ਰਗੱਟ ਕੀਤੇ ਗਏ ਹਨ। ਮੈਕਲੋਡ ਨੇ ਠੀਕ ਹੀ ਕਿਹਾ ਹੈ ਕਿ "ਮੂਲ-ਮੰਤਰ ਦੀ ਵਿਆਖਿਆ ਗੁਰੂ ਨਾਨਕ ਦੇਵ ਦੇ ਵਿਚਾਰਾਂ ਦੇ ਸਮੁੱਚੇ ਖੇਤਰ ਦੀ ਰੌਸ਼ਨੀ ਵਿਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਉਨ੍ਹਾਂ ਦੇ ਸਾਰੇ ਹੀ ਸ਼ਬਦਾਂ ਅਤੇ ਸ਼ਲੋਕਾਂ ਵਿਚਲੇ ਵਿਚਾਰਾਂ ਦਾ ਪ੍ਰਗਟਾਵਾ ਹੈ ਜੋ ਹਰ ਸ਼ਬਦ ਨੂੰ ਵਿਸ਼ੇਸ਼ ਅਰਥ ਅਤੇ ਸਾਰ ਪ੍ਰਦਾਨ ਕਰਦਾ ਹੈ। ਮੂਲ ਮੰਤਰ ਆਰੰਭਕ ਪਥ ਅਤੇ ਅੰਤਮ ਸਾਰੰਸ਼ ਨੂੰ ਚੰਗੀ ਤਰ੍ਹਾਂ ਨਿਭਾ ਸਕਦਾ ਹੈ, ਪਰ ਦੋਹਾਂ ਵਿਚਕਾਰ ਬਹੁਤ ਕੁਝ ਕਹਿਣ ਵਾਲਾ ਰਹਿ ਜਾਂਦਾ ਹੈ" [15] ਜਿਸ ਨੂੰ ਕਹਿਣ ਦਾ ਯਤਨ ਇਸ ਖੋਜ-ਪ੍ਰਬੰਧ ਵਿਚ ਕੀਤਾ ਗਿਆ ਹੈ।

3.2. ਅਸੀਂ ਆਦਿ ਗ੍ਰੰਥ ਵਿਚ ਪਰਾਪਤ ਮੂਲ-ਮੰਤਰ ਦੇ ਸਰੂਪ ਨੂੰ ਹੀ ਪਰਮਾਣੀਕ ਮੰਨ ਕੇ ਅਧਿਅਨ ਕੀਤਾ ਹੈ। ਪੁਰਾਤਨ ਪੋਥੀਆਂ ਵਿਚ ਪਰਾਪਤ ਮੂਲ-ਮੰਤਰ ਦੇ ਪਾਠਾਂ ਵਿਚ ਲਗਾਂ ਮਾਤਰਾਂ ਦਾ ਕੁਝ ਅੰਤਰ ਹੈ ਜਿਸ ਬਾਰੇ ਗਿਆਨੀ ਗਿਆਨ ਸਿੰਘ (ਤਵਾਰੀਖ ਗੁਰੂ ਖਾਲਸਾ) ਪ੍ਰਿੰਸੀਪਲ ਤੇਜਾ ਸਿੰਘ (ਟੀਕਾ ਜਪੁਜੀ) ਸੋਢੀ ਹਜ਼ਾਰਾ ਸਿੰਘ(ਜਪੁ ਬੀਚਾਰ), ਪ੍ਰਿੰਸੀਪਲ ਜੋਧ ਸਿੰਘ (ਆਦਿ ਬੀੜ ਬਾਰੇ) ਅਤੇ ਡਾ.ਰਤਨ ਸਿੰਘ ਜੱਗੀ(ਗੁਰੂ ਨਾਨਕ ਦੀ ਵੀਚਾਰਧਾਰਾ) ਨੇ ਬਾਬਾ ਮੋਹਣ ਜੀ ਦੀਆਂ ਗੋਇੰਦਵਾਲ ਵਾਲੀਆਂ ਪੋਥੀਆਂ ਅਤੇ 'ਕਰਤਾਰਪੁਰੀ ਬੀੜ' ਵਿਚੋਂ ਪਰਮਾਣ ਦੇਕੇ ਪਾਠਾਂ ਵਿਚ ਮਿਲਦੇ ਅੰਤਰਾਂ ਬਾਰੇ ਚਰਚਾ ਕੀਤੀ ਹੈ ਅਤੇ ਆਦਿ ਗ੍ਰੰਥ ਵਿਚ ਹੁਣ ਵਾਲੇ ਪ੍ਰਾਪਤ ਸਰੂਪ ਨੂੰ ਹੀ ਪਰਮਾਣੀਕ ਮੰਨਿਆ ਹੈ।

3.3. ਮੂਲ-ਮੰਤਰ ਦੇ ਕੁਲ ਚੌਦਾਂ ਪਦ ਹਨ। ਡਾ.ਤਾਰਨ ਸਿੰਘ(ਗੁਰੂ ਨਾਨਕ-ਜੀਵਨ, ਯੁਗ ਅਤੇ ਉਪਦੇਸ਼) ਅਤੇ ਕਈ ਹੋਰ ਵਿਦਵਾਨਾਂ ਨੇ ਇਨ੍ਹਾਂ ਨੂੰ ਸਤ ਸਮਾਸਾਂ ਵਿਚ ਵੰਡ ਕੇ ਵਿਆਖਿਆ ਕੀਤੀ ਹੈ। ਡਾ.ਸ਼ੇਰ ਸਿੰਘ, ਡਾ.ਰਤਨ ਸਿੰਘ ਜੱਗੀ ਅਤੇ ਡਾ.ਵਜ਼ੀਰ ਸਿੰਘ ਨੇ ਚੌਦਾਂ ਸ਼ਬਦਾਂ ਨੂੰ

---

15. ਮੈਕਲੋਡ, ਗੁਰੂ ਨਾਨਕ ਦੇ ਉਦੇਸ਼, ਅੰਮ੍ਰਿਤਸਰ: ਗੁਰੂ ਨਾਨਕ ਯੂਨੀਵਰਸਿਟੀ, 1974, ਪੰਨਾ 26.

ਸੁਤੰਤਰ ਰੂਪ ਵਿਚ ਵੱਖ ਵੱਖ ਮੰਨਿਆ ਹੈ। ਕਰਤਾਰ ਸਿੰਘ ਦਾਖਾ ਨੇ ਇਸ ਨੂੰ 12 ਪਦਾਂ ਵਿਚ ਵੰਡਿਆ ਹੈ। ਜਿਵੇਂ ਅਸੀਂ ਚਰਚਾ ਕਰਾਂਗੇ, ਇਸ ਵੰਡ ਬਾਰੇ ਕੋਈ ਸੰਕੀਰਣ ਖਿਆਲ ਨਹੀਂ ਅਪਣਾਇਆ ਜਾ ਸਕਦਾ। ਇਹ ਸਾਰੇ ਪਦ ਆਪਣੇ ਆਪ ਵਿਚ ਸੁਤੰਤਰ ਅਤੇ ਸੰਪੂਰਨ ਵੀ ਹਨ ਅਤੇ ਇਕ ਦੂਜੇ ਦੇ ਪੂਰਕ ਵੀ। ਗੁਰਬਾਣੀ ਵਿਚ ਇਨ੍ਹਾਂ ਦੀ ਵਰਤੋਂ ਸੁਤੰਤਰ ਰੂਪ ਵਿਚ ਵੀ ਕੀਤੀ ਗਈ ਹੈ ਅਤੇ ਸਮਾਸ ਰੂਪ ਵਿਚ ਵੀ। ਇਕ ਜਾਂ ਏਕ ਅਤੇ ਓਅੰਕਾਰ ਸੁਤੰਤਰ ਰੂਪ ਵਿਚ ਵਰਤੇ ਗਏ ਹਨ ਅਤੇ ਪੂਰਨ ਸਮਾਸ '੧ਓ' ਨੂੰ ਏਕੰਕਾਰ ਰੂਪ ਵਿਚ ਵੀ ਵਰਤਿਆ ਗਿਆ ਹੈ। 'ਸਤਿ' ਅਤੇ 'ਨਾਮ' ਦਾ ਪ੍ਰਯੋਗ ਅਲੱਗ ਅਲੱਗ ਵੀ ਹੋਇਆ ਹੈ ਅਤੇ 'ਸਤਿ ਨਾਮ' ਇਕਠਾ ਹੀ ਵਰਤਿਆ ਗਿਆ ਹੈ। ਪਰ ਵਿਆਕਰਣਕ ਪੱਖ ਅਤੇ ਭਾਵਾਂ ਦੀ ਇਕਾਗਰਤਾ ਨੂੰ ਮੁੱਖ ਰਖਦਿਆਂ ਇਨ੍ਹਾਂ ਦਾ ਪ੍ਰਯੋਗ ਸਮਾਸ ਰੂਪ ਵਿਚ ਹੀ ਉਚਿਤ ਜਾਪਦਾ ਹੈ ਅਤੇ ਅਸੀਂ ਇਸ ਅਧਿਐਨ ਵਿਚ ਇਸ ਦੇ ਸਤ ਸਮਾਸ ਮੰਨ ਕੇ ਹੀ ਚਰਚਾ ਕੀਤੀ ਹੈ।

3.4. ਮੂਲ-ਮੰਤਰ ਬਾਰੇ ਇਕ ਮਹਤੱਵ ਪੂਰਣ ਵਿਚਾਰ-ਯੋਗ ਮਸਲਾ ਇਹ ਹੈ ਕਿ ਇਸ ਰਚਨਾ ਨੂੰ ਕਿਨ੍ਹਾਂ ਭਾਵਾਂ ਵਿਚ ਮੂਲ-ਮੰਤਰ ਕਿਹਾ ਗਿਆ ਹੈ। ਭਾਰਤੀ ਮੰਤਰ-ਵਿਧਾਨ ਦੇ ਪ੍ਰਸੰਗ ਵਿਚ ਇਸ ਨੂੰ 'ਮੰਤਰ' ਸਮਝਣਾ ਭਾਰੀ ਭੁਲ ਹੈ। ਪਹਿਲੇ ਅਧਿਆਏ ਵਿਚ ਅਸੀਂ ਭਰਪੂਰ ਚਰਚਾ ਕਰਕੇ ਇਹ ਸਿਧ ਕੀਤਾ ਕਿ ਗੁਰਮਤਿ ਵਿਧਾਨ ਵਿਚ ਬੀਜ ਮੰਤਰ ਗੁਰ ਮੰਤਰ, ਮੂਲ-ਮੰਤਰ ਸ਼ਬਦਾਂ ਦਾ ਪ੍ਰਯੋਗ ਬਿਲਕੁਲ ਵਖਰੇ ਅਰਥਾਂ ਵਿਚ ਹੈ। ਗੁਰਮਤ ਮੰਤਰ-ਮਾਰਗ ਨਹੀਂ, ਨਾਮ-ਮਾਰਗ ਹੈ।

3.5. ਮੂਲ-ਮੰਤਰ ਵਿਚ ਵਰਤੇ ਸ਼ਬਦਾਂ ਦਾ ਕਿਸੇ ਨ ਕਿਸੇ ਰੂਪ ਵਿਚ ਭਾਰਤੀ ਸੰਸਕ੍ਰਿਤ ਗ੍ਰੰਥਾਂ ਵਿਚ ਮਿਲ ਜਾਣਾ ਅਚੰਭੇ ਵਾਲੀ ਗਲ ਨਹੀਂ। "ਗੁਰੂ ਨਾਨਕ ਦੇਵ ਨੇ ਜਾਂ ਤਾਂ ਪੁਰਾਤਨ ਭਾਰਤੀ ਦਾਰਸ਼ਨਿਕ ਸ਼ਬਦਾਵਲੀ ਨੂੰ ਵਰਤਿਆ ਹੈ ਅਤੇ ਉਸਨੂੰ ਨਵੇਂ ਅਰਥ ਪਰਦਾਨ ਕੀਤੇ ਹਨ ਜਾਂ ਸੰਸਕ੍ਰਿਤ ਤੋਂ ਬਾਹਰੇ ਗੈਰ-ਭਾਰਤੀ ਸ਼ਬਦਾਂ ਦਾ ਵਿਸ਼ੇਸ਼ ਦਾਰਸ਼ਨਿਕ ਸਤਰ ਤੇ ਪ੍ਰਯੋਗ ਕੀਤਾ ਹੈ।"[16] ਮੂਲ-ਮੰਤਰ ਵਿਚਲੇ ਸ਼ਬਦ ਵਿਸ਼ੇਸ਼ ਕਰਕੇ ਹਜ਼ਾਰਾਂ ਸਾਲਾਂ ਦੀ ਭਾਰਤੀ ਧਾਰਮਿਕ ਪਰੰਪਰਾ ਨਾਲ ਜੁੜੇ ਹੋਏ ਹਨ ਪਰ ਏਥੇ ਇਨ੍ਹਾਂ ਦਾ ਪ੍ਰਯੋਗ ਨਵੇਂ ਰੂਪਾਂ, ਨਰੋਏ ਅਰਥਾਂ ਅਤੇ

16. Kapur Singh, Guru Nanak's Concept of Nature, Perspectives on Guru Nanak(ed.) Patiala: Panjabi University, 1975, p.43.

ਨਵੇਕਲੀ ਤਰਤੀਬ ਵਿਚ ਹੋਇਆ ਹੈ। ਇਹ ਦੋਧਾਰਾ ਕਰਮ ਸੀ, ਜਿਸ ਵਿਚ ਬਹੁਤ ਕੁਝ ਵਿਸਫੋਟ ਹੋਇਆ ਅਤੇ ਇਹ ਸ਼ਬਦ ਨਵੇਂ ਅਰਥਾਂ ਵਿਚ ਮੌਲਿਕ ਵਿਚਾਰਧਾਰਾ ਲੈਕੇ ਰੂਪਮਾਨ ਹੋਏ ਹਨ। ਮੌਲਿਕਤਾ ਨਵੇਂ ਸ਼ਬਦਾਂ ਦੇ ਪ੍ਰਯੋਗ ਵਿਚ ਨਹੀਂ, ਨਵੀਨਤਾ ਪਰਚਲਤ ਵਿਸ਼ਵਾਸਾਂ ਨੂੰ ਮੁੱਖ ਜਾਂ ਗੌਣ ਪਦਵੀ ਦੇ ਕੇ ਵਿਚਾਰਾਂ ਨੂੰ ਅੱਗੇ ਤੋਰਨ ਵਿਚ ਹੈ। ਜਿਵੇਂ ਅਸੀਂ ਦੂਜੇ ਕਾਂਡ ਵਿਚ ਸਵਿਸਥਾਰ ਚਰਚਾ ਕੀਤੀ ਹੈ, ਓਮ ਪੁਰਾਤਨ ਭਾਰਤੀ ਦਰਸ਼ਨ ਦਾ ਰਹੱਸਵਾਦੀ ਸੰਕੇਤ ਕਈ ਦਵੈਤਾਂ ਅਤੇ ਤਰੈਕਿਆਂ ਦਾ ਪ੍ਰਤੀਕ ਬਣ ਚੁੱਕਾ ਸੀ। ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵਿਚ 'ਓਮ' 'ੴ' ਦਾ ਨਵਾਂ ਰੂਪ ਧਾਰਨ ਕਰਦਾ ਹੈ ਅਤੇ ਇਸਦੇ ਭਾਵਾਂ ਵਿਚ ਅਖੰਡਤਾ ਅਤੇ ਏਕਤਾ ਰੂਪਮਾਨ ਹੁੰਦੀ ਹੈ। ਪੁਰਾਤਨ ਟੀਕਾਕਾਰ ਇਸ ਵਿਸ਼ੇਸ਼ਤਾ ਨੂੰ ਨਹੀਂ ਦੇਖ ਸਕੇ। 'ਸਤਿ' ਨਾ ਕੇਵਲ ਪਰਮ-ਸਤਿ ਦੀ ਵਾਸਤਵਿਕਤਾ ਪ੍ਰਗੱਟ ਕਰਦਾ ਹੈ ਸਗੋਂ ਵੇਦਾਂਤਿਕ ਵਿਚਾਰਧਾਰਾ ਨੂੰ ਰੱਦ ਕਰਕੇ ਸੰਸਾਰ ਨੂੰ ਸਾਰਥਕਤਾ ਪਰਦਾਨ ਕਰਦਾ ਹੈ। 'ਨਾਮ' ਦਾ ਸੰਕਲਪ ਭਗਤੀ-ਕਾਲ ਦੇ ਅਵਤਾਰਵਾਦੀ ਵੈਸ਼ਨਵ ਧਰਮ ਨਾਲੋਂ ਵਿਲੱਖਣ ਰੂਪ ਵਿਚ ਪ੍ਰਗੱਟ ਹੁੰਦਾ ਹੈ। ਇਨ੍ਹਾਂ ਦੀ ਤੀਜੇ ਕਾਂਡ ਵਿਚ ਭਰਪੂਰ ਚਰਚਾ ਕੀਤੀ ਗਈ ਹੈ। ਚੋਥੇ ਅਧਿਆਇ ਵਿਚ 'ਕਰਤਾ ਪੁਰਖ' ਸੰਸਾਰ ਧਰਮਾਂ ਦੇ ਬ੍ਰਹਮ-ਰਚਨਾ ਸਿਧਾਂਤਾਂ ਤੋਂ ਵਿਲੱਖਣ ਰੂਪ ਵਿਚ ਪ੍ਰਗੱਟ ਹੁੰਦਾ ਹੈ ਜੋ ਸੰਸਾਰ ਨੂੰ ਵਿਕਾਸ਼ਾਤਮਕ( evolutionary ਅਤੇ ਵਿਨਾਸਾਤਮਕ (devolutionary ) ਅਮਲਾਂ ਵਿਚ ਚਲਾਇਮਾਨ ਰਖਕੇ ਉਦਕਰਖਣ ਅਤੇ ਆਕਰਖਣ ਸ਼ਕਤੀਆਂ ਰਾਹੀਂ ਹਰ ਵਕਤ ਉਤਪਤ ਪਰਲੈ ਦੇ ਸਦੀਵੀ ਅਮਲ ਨੂੰ ਜਾਰੀ ਰਖਦਾ ਹੈ। ਗੁਰਮਤ ਦਾ 'ਪੁਰਸ਼' ਵੈਦਿਕ ਕਾਲ ਅਤੇ ਸਾਂਖ ਦੇ 'ਪੁਰਸ਼' ਤੋਂ ਬਿਲਕੁਲ ਵਖਰੇ ਭਾਵ ' ਵਿਚ ਰੂਪਮਾਨ ਹੋਇਆ ਹੈ। ਟੀਕਿਆਂ ਵਿਚ 'ਨਿਰਭਉ ਨਿਰਵੈਰ' ਦੀ ਵਿਆਖਿਆ ਨੂੰ ਡਰ-ਰਹਿਤ ਅਤੇ ਵੈਰ-ਰਹਿਤ ਤਕ ਹੀ ਸੀਮਿਤ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਨੂੰ ਪਰਮਾਤਮਾ ਦੇ ਗੁਣ ਦਸਣ ਦਾ ਜ਼ਰੂਰ ਹੀ ਕੋਈ ਵਿਸ਼ੇਸ਼ ਮੰਤਵ ਹੋਵੇਗਾ। ਪੰਜਵੇਂ ਕਾਂਡ ਵਿਚ ਅਸੀਂ ਇਨ੍ਹਾਂ ਨੈਤਿਕ ਗੁਣਾਂ ਨੂੰ ਮਨੋਵਗਿਆਨਕ, ਸਮਾਜਕ , ਧਾਰਮਿਕ ਅਤੇ ਰਾਜਸੀ ਖੇਤਰਾਂ ਦੇ ਪ੍ਰਸੰਗ ਵਿਚ ਸਵਿਸਥਾਰ ਵਿਚਾਰਿਆ ਹੈ। ਛੇਵੇਂ ਅਧਿਆਇ ਵਿਚ 'ਕਾਲ ਦੇ ਗੁਰਮਤਿ ਸੰਕਲਪ ਨੂੰ ਪਹਿਲੀ ਵਾਰੀ ਸਪਸ਼ਟ ਕੀਤਾ ਗਿਆ ਹੈ। ਪਰਮਾਤਮਾ ਦੀ ਮੂਰਤੀਮਾਨਤਾ ਨੂੰ ਵੀ ਵਿਸ਼ਾਲ ਸਤਰ ਤੇ ਵਿਚਾਰਿਆ ਗਿਆ ਹੈ। ਸਤਵੇਂ ਅਧਿਆਇ ਵਿਚ ਅਜੂਨੀ ਸੈਭੰ ਨੂੰ ਭਾਰਤੀ ਅਵਤਾਰ ਸਿਧਾਂਤ ਦੇ ਪ੍ਰਕਰਣ ਵਿਚ ਰਖਕੇ ਗੁਰੂ ਨਾਨਕ ਦੇਵ ਦੇ ਬ੍ਰਹਮ ਸੰਕਲਪ ਦੀ ਵਿਲੱਖਣਤਾ ਪ੍ਰਗੱਟ ਕੀਤੀ ਗਈ ਹੈ। ਅਠਵੇਂ ਅਧਿਆਇ ਵਿਚ ਗੁਰੂ, ਗੁਰਸ਼ਬਦ ਅਤੇ ਕਰਮ ਅਤੇ 'ਪ੍ਰਸਾਦਿ' ਦਾ ਸੰਕਲਪ ਸਪਸ਼ਟ ਕੀਤਾ ਗਿਆ ਹੈ। ਨੌਵੇਂ ਅਧਿਆਇ ਵਿਚ ਮੂਲ-ਮੰਤਰ ਦਾ ਸਮੁੱਚੀ ਸਿਖ-ਵਿਚਾਰਧਾਰਾ ਅਤੇ ਜੀਵਨ ਉਤੇ ਪਏ

ਪ੍ਰਭਾਵ ਨੂੰ ਉਜਾਗਰ ਕਰਕੇ ਇਹ ਸਿਧ ਕੀਤਾ ਹੈ ਕਿ ਮੂਲ-ਮੰਤਰ ਦੀ ਵਿਚਾਰਧਾਰਾ ਸਿਖ ਜੀਵਨ ਦੇ ਹਰੇਕ ਪੱਖ ਅਤੇ ਹਰੇਕ ਕਰਮ ਉਤੇ ਛਾਈ ਹੋਈ ਹੈ। ਇਸ ਤੋਂ ਬਿਨਾ ਇਸ ਖੋਜ-ਪ੍ਰਬੰਧ ਵਿਚ ਮੂਲ-ਮੰਤਰ ਦੇ ਹਰੇਕ ਪਦ ਦੀ ਸ਼ਬਦ ਵਿਉਤਪਤੀ, ਕੋਸ਼-ਅਰੱਥ, ਵਿਦਵਾਨਾਂ ਵਲੋਂ ਹੁਣ ਤਕ ਪ੍ਰਾਪਤ ਇਸ ਵਿਚਾਰਧਾਰਾ ਨੂੰ ਪੂਰਬੀ ਅਤੇ ਪਛਮੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ ਅਤੇ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਪ੍ਰਗੱਟ ਕੀਤੀ ਗਈ ਹੈ ਜੋ ਆਪਣੀ ਕਿਸਮ ਦਾ ਪਹਿਲਾ ਉਦੱਮ ਹੈ। ਇਸ ਤੱਥ ਨੂੰ ਵੀ ਸਪਸ਼ਟ ਅਤੇ ਸਿਧ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਨਾ ਤਾਂ ਇਸਲਾਮੀ-ਧਾਰਾ ਦੇ ਅਸਰ ਹੇਠ ਉਤਪੰਨ ਹੋਈ ਹੈ, ਜਿਵੇਂ ਕਿ ਤਾਰਾਚੰਦ ਦਾ ਖਿਆਲ ਹੈ,[17] ਅਤੇ ਨਾਹੀ ਇਹ 'ਹਿੰਦੂ ਧਰਮ ਅਤੇ ਇਸਲਾਮ ਦਾ ਮਿਲ-ਗੋਭਾ ਹੈ', ਜਿਵੇਂ ਕਿ ਕਾਰਪੈਂਟਰ ਕਹਿੰਦਾ ਹੈ;[18] ਗੁਰੂ ਨਾਨਕ ਦੇਵ ਦਾ ਬ੍ਰਹਮ-ਸੰਕਲਪ ਉਨ੍ਹਾਂ ਨੂੰ ਨਿੱਜੀ-ਅਨੁਭਵ ਤੋਂ ਪ੍ਰਾਪਤ ਹੋਇਆ ਜਿਵੇਂ ਕਿ ਉਨ੍ਹਾਂ ਨੇ ਥਾਂ ਪਰ ਥਾਂ ਇਸ ਨੂੰ ਖਸਮ ਕੀ ਬਾਣੀ' 'ਹੁਕਮਾਉ' ਅਤੇ 'ਧੁਰ ਕੀ ਬਾਣੀ' ਕਿਹਾ ਹੈ। ਗੁਰੂ ਨਾਨਕ ਦੇਵ ਨੇ ਹਿੰਦੂ ਵੇਦਾਂ ਅਤੇ ਮੁਸਲਮਾਨੀ ਕਤੇਬਾਂ ਨੂੰ ਬ੍ਰਹਮ-ਗਿਆਨ ਦਾ ਸਰੋਤ ਨਹੀਂ ਮੰਨਿਆ: ਵੇਦ ਕਤੇਬੀ ਭੇਦੁ ਨ ਜਾਤਾ। (ਮਾਰੂ ੧.1021) ਇਸ ਲਈ ਆਪਣੀ ਵਿਚਾਰਧਾਰਾ ਦੀ ਉਸਾਰੀ ਲਈ 'ਗੁਰੂ ਨਾਨਕ ਦੇਵ ਦਾ ਕਿਸੇ ਗੁਰੂ ਜਾਂ ਗ੍ਰੰਥ ਤੋਂ ਸਿਖਿਆ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"[19] ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਨੇ ਕੁਝ ਸ਼ਬਦ ਅਤੇ ਵਾਕੰਸ਼ ਉਨ੍ਹਾਂ ਲੋਕਾਂ ਦੇ ਵਰਤੇ ਹੋਣ, ਜਿਨ੍ਹਾਂ ਨੂੰ ਉਹ ਸੰਬੋਧਨ ਕਰ ਰਹੇ ਸੀ, ਪਰ ਜੋ ਸੰਦੇਸ਼ ਉਨ੍ਹਾਂ ਨੇ ਸੰਸਾਰ ਨੂੰ ਦਿਤਾ, ਉਹ ਉਨ੍ਹਾਂ ਨੂੰ ਕੁਦੱਰਤ ਨਾਲ ਅਡੋਲ-ਸਾਂਝ ਅਤੇ ਆਪਣੀ-ਆਤਮਾ ਅਤੇ 'ਕਰਤਾਰ' ਨਾਲ ਨਿਰੰਤਰ ਏਕਤਾ ਤੋਂ ਪ੍ਰਾਪਤ ਹੋਇਆ।"[20] ਇਕ ਹੋਰ ਵਿਸ਼ੇਸ਼ ਅਤੇ ਧਿਆਨਯੋਗ ਗਲ ਇਹ ਹੈ ਕਿ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦਾ ਠੀਕ ਮੁਲਾਂਕਣ ਤਾਂ ਹੀ ਹੋ ਸਕਦਾ ਹੈ ਜੇ ਇਹ ਮੂਲ-ਤੱਥ ਗ੍ਰਹਿਣ ਕਰ ਲਿਆ ਜਾਵੇ ਕਿ ਗੁਰੂ ਨਾਨਕ ਦੇਵ ਇਕ ਸਿਧਾਂਤਕਾਰ ਨਹੀਂ, ਸਗੋਂ ਇਕ ਮਹਾਨ ਰਹੱਸਵਾਦੀ ਸੰਤ ਸਨ, ਜਿਨ੍ਹਾਂ ਨੇ, ਜਿਵੇਂ ਕਿ ਉਨ੍ਹਾਂ ਦੀ ਬਾਣੀ ਤੋਂ ਸਪਸ਼ਟ ਹੈ, ਸਾਰਾ ਉਤਸ਼ਾਹ ਅਤੇ ਆਤਮਿਕ-ਦ੍ਰਿਸ਼ਟੀ ਪਰਮ-ਸਚ ਦੇ ਮਿਲਾਪ ਤੋਂ ਪ੍ਰਾਪਤ ਕੀਤੀ। ਇਹੋ ਤੱਥ ਇਸ ਖੋਜ-ਪ੍ਰਬੰਧ ਵਿਚ ਵਿਸ਼ੇਸ਼ ਤੌਰ ਤੇ ਸਾਹਮਣੇ ਆਏ ਹਨ। ਇਸ ਵਿਚਲੀਆਂ ਭੁਲਾਂ ਅਤੇ ਉਕਾਈਆਂ ਮੇਰੀ ਅਲਪਗ ਬੁੱਧੀ ਕਾਰਨ ਹਨ ਅਤੇ ਗੁਣ 'ਗੁਰਪ੍ਰਸਾਦਿ' ਸਦਕਾ।

17. Tara Chand, Influence of Islam on Indian Culture, Allahabad, 1936, pp. 169 and 176.
18. Carpenter, J.E., Theism in Medieval India London, 1921, p. 489.
19. A.C. Banerjee, Guru Nanak and His Times, Patiala, Panjabi University, 1971, p. 199.
20. Duncan Greenless, The Gospel of Guru Granth Sahib, Adyar, Madras; 1952, p. CLXXIV.

# ਅਧਿਆਇ ਪਹਿਲਾ

## 'ਮੰਤਰ'–ਪਰੰਪਰਾ ਅਤੇ 'ਮੂਲ-ਮੰਤਰ'

1.0 ਆਦਿ ਕੱਥਨ: ਸਿਖ ਪਰੰਪਰਾ ਨੇ ਇਸ ਰਚਨਾ ਨੂੰ 'ਮੂਲ-ਮੰਤਰ' ਕਿਹਾ ਹੈ ਅਤੇ ਇਹੋ ਇਸ ਦਾ ਪਰਵਾਨਿਤ ਨਾਮ ਹੈ। 'ਮੰਤਰ' ਸ਼ਬਦ ਦਾ ਪ੍ਰਯੋਗ ਕਈ ਮਸਲੇ ਪੈਦਾ ਕਰਦਾ ਹੈ। ਇਸ ਸ਼ਬਦ ਦੇ ਪ੍ਰਯੋਗ ਦਾ ਵੀ ਕੋਈ ਕਾਰਨ ਹੋਵੇਗਾ। ਕੋਈ ਵੀ ਲੇਖਕ ਆਪਣੀ ਸਾਂਸਕ੍ਰਿਤਕ ਪਿਠਭੂਮੀ ਤੋਂ ਮੁਕਤ ਨਹੀਂ ਹੁੰਦਾ ਅਤੇ ਨਾ ਹੀ ਹਜ਼ਾਰਾਂ ਸਾਲਾਂ ਤੋਂ ਬਣੀ ਲੋਕ ਮਨੋਬਿਰਤੀ ਨੂੰ ਬਿਲਕੁਲ ਓਪਰੇ ਜਾਂ ਨਵੇਂ ਸੰਕੇਤਾਂ ਰਾਹੀਂ ਬਦਲਿਆ ਜਾ ਸਕਦਾ ਹੈ। ਭਾਰਤ ਵਿਚ 'ਮੰਤਰ ਵਿਧਾਨ' ਹਿੰਦੂ ਜੀਵਨ ਦਾ ਅਨਿਖੜਵਾਂ ਅੰਗ ਰਿਹਾ ਹੈ। ਹਿੰਦੂ ਧਰਮ ਦੀਆਂ ਸਾਰੀਆਂ ਰਸਮਾਂ ਰੀਤਾਂ ਮੰਤਰਾਂ ਨਾਲ ਸੰਬੰਧਿਤ ਹਨ। ਮੰਤਰਾਂ ਦਾ ਪ੍ਰਯੋਗ ਭਾਰਤ ਤਕ ਹੀ ਸੀਮਤ ਨਹੀਂ, ਸਗੋਂ ਸਾਰੇ ਸੰਸਾਰ ਦੇ ਬਹੁਤ ਲੋਕਾਂ ਨੇ ਪਰਾਸਰੀਰਕ ਸ਼ਕਤੀਆਂ ਨਾਲ ਸੰਬੰਧ ਕਾਇਮ ਕਰਨ ਲਈ ਮੰਤਰ ਭਾਵਨਾ ਵਾਲੇ ਜੰਤਰ ਤੰਤਰ ਅਤੇ ਤਵੀਜ਼ ਘੜੇ ਜੋ ਲੋਕ-ਵਿਸ਼ਵਾਸ਼ ਦਾ ਕੇਂਦਰ ਬਣੇ ਰਹੇ। ਇਸ ਪੱਖ ਤੋਂ ਸੰਸਾਰ ਦੀਆਂ ਮੁੱਖ ਧਾਰਾਵਾਂ ਦੇ ਸਮੁੱਚੇ ਸਰਵੇਖਣ ਤੋਂ ਹੀ 'ਮੰਤਰ' ਸ਼ਬਦ ਅਤੇ 'ਮੂਲ-ਮੰਤਰ' ਦਾ ਸਹੀ ਨਕਸ਼ ਵੇਖਿਆ ਜਾ ਸਕਦਾ ਹੈ। ਇਸ ਲਈ 'ਮੂਲ-ਮੰਤਰ' ਦੇ ਨਾਮ ਕਰਣ ਅਤੇ ਉਦੇਸ਼ ਨੂੰ ਵਿਚਾਰਨ ਤੋਂ ਪਹਿਲਾਂ 'ਮੰਤਰ' ਸ਼ਬਦ ਦੇ ਅਰਥ, ਵਿਉਂਪਤੀ ਅਤੇ ਪ੍ਰਯੋਗ ਨੂੰ ਵੇਖ ਲੈਣਾ ਉਚਿਤ ਹੋਵੇਗਾ। ਫਿਰ ਇਹ ਵੇਖਣਾ ਜ਼ਰੂਰੀ ਹੈ ਕਿ ਭਾਰਤ ਅਤੇ ਭਾਰਤ ਤੋਂ ਬਾਹਰਲੇ ਧਰਮਾਂ ਵਿਚ 'ਮੰਤਰ' ਜਾਂ ਮੰਤਰ ਵਰਗੇ ਵਿਸ਼ਵਾਸ਼ ਕਿਦਾਂ ਦੇ ਹਨ। ਉਪਰੰਤ 'ਗੁਰਮਤਿ' ਵਿਚ 'ਮੰਤਰ' ਅਤੇ 'ਮੂਲ-ਮੰਤਰ' ਦਾ ਸੰਕਲਪ ਵਿਚਾਰਿਆ ਜਾਵੇਗਾ।

### 1.1 'ਮੰਤਰ' ਸ਼ਬਦ ਦੀ ਵਿਉਂਤਪਤੀ, ਕੋਸ਼-ਅਰਥ ਅਤੇ ਪ੍ਰਯੋਗ:

ਸਰ ਮੋਨੀਅਰ ਵਿਲੀਅਮ ਅਨੁਸਾਰ ਰਿਗਵੇਦ, ਅਥਰਵਣ ਵੇਦ ਅਤੇ ਤੈਤ੍ਰੀਯ ਸੰਹਿਤਾ ਵਿਚ ਮੰਤਰ ਸ਼ਬਦ 'ਵਿਚਾਰ-ਯੰਤਰ', 'ਪਵਿਤਰ-ਵਾਕ', 'ਪਰਾਰਥਨਾ' ਅਤੇ 'ਉਸੱਤਤੀ ਦੇ

ਗੀਤਾਂ' ਲਈ ਵਰਤਿਆ ਗਿਆ ਹੈ। ਇਸ ਲਈ ਵੇਦਾਂ ਦੇ 'ਗੀਤ', 'ਹੋਮਯਗ' ਅਤੇ 'ਬਲੀ' ਦੇ ਸੂਤਰਾਂ ਨੂੰ 'ਮੰਤਰ' ਕਿਹਾ ਜਾਂਦਾ ਹੈ। ਮੋਨੀਅਰ ਅਨੁਸਾਰ 'ਮੰਤਰ' ਸ਼ਬਦ ਦੇ ਹੋਰ ਅਰਥ ਇਹ ਹੋ ਸਕਦੇ ਹਨ: ਸੰਮਤੀ, ਸਲਾਹ, ਸੰਕਲਪ, ਮਸ਼ਵਰਾ, ਉਪਦੇਸ਼, ਨਸੀਹਤ, ਵਿਉਂਤ, ਤਜਵੀਜ਼, ਯੋਜਨਾ, ਵਿਧੀ, ਉਪਾਉ, ਮਰਮ, ਭੇਦ, ਰਹੱਸ।[1] ਦੇਵਤਿਆਂ ਨੂੰ ਸੰਬੋਧਿਤ ਸੂਤਰ ਵੀ ਮੰਤਰ ਕਹਿਲਾਉਂਦੇ ਹਨ ਜਿਵੇਂ, 'ਓਮ ਸ਼ਿਵਾਏ ਨਮਹ'। ਇਸ ਤੋਂ ਬਿਨਾਂ ਵੇਦਾਂ ਦੀਆਂ ਰਹੱਸਮਈ ਪੰਗਤੀਆਂ, ਜਾਦੂ ਸੂਤਰਾਂ, ਤਵੀਤ, ਟੂਣੇ ਅਤੇ ਜੰਤਰਾਂ ਲਈ ਵਰਤੇ ਗੁਰਾਂ ਨੂੰ ਵੀ ਮੰਤਰ ਕਿਹਾ ਜਾਂਦਾ ਹੈ। ਵਿਸ਼ੇਸ਼ ਕਰਕੇ ਸਾਕਤ ਮਤੀਏ ਪਰਾਸਰੀਰਕ ਸ਼ਕਤੀਆਂ ਲਈ ਮੰਤਰਾਂ ਨੂੰ ਜਾਦੂ ਟੂਣਿਆਂ ਵਜੋਂ ਵਰਤਦੇ ਹਨ।[2] ਆਰਥਰ ਐਵਲੋਨ 'ਮੰਤਰਾ' ਨੂੰ ਇਕ ਨਿਰਪੱਖ ਸ਼ਕਤੀ ਕਹਿੰਦਾ ਹੈ ਜਿਹੜੀ ਨਾਦ ਜਾਂ ਆਵਾਜ਼ ਰਾਹੀਂ ਰੂਪਮਾਨ ਹੁੰਦੀ ਹੈ।[3] ਉਸ ਅਨੁਸਾਰ ਮੰਤਰ ਸ਼ਬਦ 'ਮਨ' ਅਤੇ 'ਤ੍ਰਾ' ਦੇ ਜੋੜ ਤੋਂ ਬਣਿਆ ਹੈ। ਸ਼ਾਸਤਰਾਂ ਅਨੁਸਾਰ 'ਮੰਤਰ ਉਹ ਹੈ, ਜਿਸ ਦੇ 'ਮਨਨ' ਨਾਲ ਇਹ ਵਿਸ਼ੇਸ਼ ਅਤੇ ਸਤਿ-ਗਿਆਨ ਪ੍ਰਾਪਤ ਹੁੰਦਾ ਹੈ ਕਿ ਬ੍ਰਹਮ ਅਤੇ ਬ੍ਰਹਿਮੰਡ ਵੱਖ ਵੱਖ ਨਹੀਂ ਹਨ। ਮੰਤਰ ਦਾ 'ਮਨ' 'ਮਨਨ' ਤੋਂ ਹੈ ਜਿਹੜਾ 'ਤ੍ਰਾ' ਵਲ ਲਿਜਾਂਦਾ ਹੈ ਜਾਂ ਸੰਸਾਰ ਬੰਧਨਾ ਤੋਂ ਮੁਕਤ ਕਰਦਾ ਹੈ (ਤ੍ਰ ਜਾਂ ਤ੍ਰਾ 'ਤ੍ਰਾਣ' ਤੋਂ ਹੈ) ਅਤੇ ਧਰਮ, ਅਰਥ, ਕਾਮ ਨੂੰ ਆਮੰਤ੍ਰਣ ਕਰਦਾ ਹੈ ਅਤੇ ਮੋਕਸ਼ ਪੈਦਾ ਕਰਦਾ ਹੈ।[4] ਐਡਵਰਡ ਬੈਲਫੋਰ ਇਨ੍ਹਾਂ ਭਾਵਾਂ ਦੀ ਪੁਸ਼ਟੀ ਕਰਦਿਆਂ ਕਹਿੰਦਾ ਹੈ ਕਿ ਮੰਤਰ ਦੇ ਅਰਥ ਹਨ, 'ਸਲਾਹ ਦੇਣੀ'।[5] ਸ਼ਾਇਦ ਇਸੇ ਲਈ ਸਲਾਹ ਦੇਣ ਵਾਲੇ ਨੂੰ 'ਮੰਤਰੀ' ਕਿਹਾ ਜਾਂਦਾ ਹੈ। ਜਾਫਰੀ ਪਰਿੰਦਰ ਨੇ ਵੀ ਮੰਤਰ ਅਤੇ ਮਨ ਵਿਚ ਸੰਬੰਧ ਦਸਦਿਆਂ ਇਸ ਨੂੰ 'ਵਿਚਾਰ ਦਾ ਯੰਤਰ' ਕਿਹਾ ਹੈ।[6]

1. A Sanskrit English Dictionary, Oxford, 1956, p. 786.
2. Monier William, Religious Thought and Life in India, New Delhi Orient Book Reprint Corporation, 1974, p.61. For details read pp.197-202.
3. Shakta and Shakti, Madras: Ganesh & Co., 1951, p.494.
4. Arthur Avalon, Principles of Tantaras, Madras: Ganesh & Co., 1914 pp.494-95.
5. Edward Balfour, Cyclopedia of India, (ed.), Madras: Scottish and Foster, 1871, Vol III, p.850.
6. A dictionary of Non-Christian Religions, London: Cox and Wayman Ltd; 1971, p.176.

ਜਰਮਨੀ ਦੇ ਵਿਦਵਾਨ ਐਲੇਨ ਡੇਨੀਲੋ ਨੇ ਮੰਤਰ ਨੂੰ ਵਿਚਾਰ-ਰੂਪ(Thought forms) ਕਿਹਾ ਅਤੇ ਇਸ ਨੂੰ ਰਹੱਸਵਾਦੀ ਅਰਥ ਦਿੰਦਿਆਂ ਦਸਿਆ ਕਿ ਮੰਤਰ ਵਸਤੂਆਂ ਦੇ ਸੂਖਮ ਰੂਪ ਜਾਂ ਸੂਖਮ ਮੂਰਤਾਂ ਹਨ ਜੋ ਸਦੀਵ ਅਤੇ ਅਬਿਨਾਸ਼ੀ ਹੁੰਦੀਆਂ ਹਨ ਅਤੇ ਉਨ੍ਹਾਂ ਤੋਂ ਭੌਤਿਕ ਸਰੂਪ ਕਦੇ ਵੀ ਸਿਰਜੇ ਜਾ ਸਕਦੇ ਹਨ।[7]

ਅਰਨੈਸਟ ਵੁੱਡ ਅਨੁਸਾਰ ਮੰਤਰ ਦੇ ਸ਼ਬਦਾਂ, ਆਵਾਜ਼ਾਂ ਅਤੇ ਨਾਦ ਦੀ ਸ਼ਕਤੀ ਦਾ ਮਨ, ਸਰੀਰ ਅਤੇ ਵਸਤੂਆਂ ਉਤੇ ਭਰਵਾਂ ਅਸਰ ਹੁੰਦਾ ਹੈ। ਮੰਤਰ ਵਿਸ਼ੇਸ਼ੱਗ (ਮੰਤਰਕਾਰ) ਸ਼ਕਤੀ ਦੇ ਸ਼ਬਦਾਂ ਅਤੇ ਵਾਕਾਂ ਦੇ ਪ੍ਰਯੋਗ ਰਾਹੀਂ ਸ਼ਕਤੀ-ਭਰਪੂਰ ਮੰਤਰਾਂ ਦੀ ਘਾੜਤ ਕਰਦਾ ਹੈ।[8] ਬਰੈਂਡਨ[9] ਨੇ ਮੰਤਰ ਨੂੰ ਕੇਵਲ ਵੈਦਿਕ ਪ੍ਰਾਰਥਨਾਵਾਂ ਨਾਲ ਜੋੜਿਆ ਹੈ। ਬੈਂਜਮਨ-ਵਾਕਰ[10] ਨੇ ਮੰਤਰ ਦਾ ਮੂਲ ਫਾਰਸੀ ਦਸਿਆ ਹੈ ਪਰ ਹਵਾਲਾ ਨਹੀਂ ਦਿਤਾ।

1.2 ਸੰਸਕ੍ਰਿਤ ਕੋਸ਼ਕਾਰ ਆਪਟੇ[11] ਅਤੇ ਸ਼ਰਮਾ ਅਤੇ ਹਿੰਦੀ ਕੋਸ਼ਕਾਰ ਸ਼ਾਮਸੁੰਦਰ ਦਾਸ[13] ਅਤੇ ਰਾਮਚੰਦਰ ਵਰਮਾਂ[14] ਅਨੁਸਾਰ ਮੰਤਰ ਦੇ ਨਿਮਨ ਅਰਥ ਹੋ ਸਕਦੇ ਹਨ:

1. ਵੈਦਿਕ ਗੀਤ ਕਾਵਿ ਜਾਂ ਇਸ਼ਟ ਨੂੰ ਸੰਬੋਧਿਤ ਪਵਿਤਰ ਪਰਾਰਥਨਾ ਜਿਵੇਂ ਰਿਚ(ਉੱਚੀ ਆਵਾਜ਼ ਵਾਲੇ), ਯਜੁਸ(ਧੀਮੀ) ਅਤੇ ਸਾਮਨ(ਪਦਰੂਪ ਵਿਚ ਗਾਏ ਜਾਣ ਵਾਲੇ ਮੰਤਰ)
2. ਵੇਦਾਂ ਦਾ ਮੰਤਰ ਭਾਗ ਜਿਸ ਵਿਚ ਸੰਹਿਤਾ ਸ਼ਾਮਲ ਹਨ ਪਰ 'ਬ੍ਰਾਹਮਣ' ਭਾਗ ਸ਼ਾਮਲ ਨਹੀਂ।
3. ਜਾਦੂ, ਮੰਤਰ, ਟੂਣਾ, ਇੰਦਰਜਾਲ, ਯੰਤਰ ।
4. ਕਿਸੇ ਦੇਵੀ ਦੇਵਤਾ ਦੀ ਉਸਤਤੀ, ਪ੍ਰਾਰਥਨਾ ਜਿਵੇਂ ਓਂ ਨਮ :ਸ਼ਿਵਾਯ ।

---

7. Alain Dawielom, Hindu Polytheism, London: Routledge and Kegan Paul, 1964, p.334.
8. Earnest Wood, Yoga Dictionary, New York: Philosophical Library, 1956, p.93.
9. S.G.F. Brandon, A dictionary of Comparative Religion, London: Weidenfeld and Nicholson, 1970, p.425.
10. Benjamin Walkar, Hindu World, London: George Allen and Unwin Ltd., 1968, Vol.II, p.25.
11. V.S.Apte, Sanskrit English Dictionary, Poona: Parsad Prakashan 1959, p.424.
12. ਚਤੁਰਵੇਦੀ ਦਵਾਰਕਾ ਪ੍ਰਸਾਦ ਸ਼ਰਮਾ, ਸੰਸਕ੍ਰਿਤ ਸ਼ਬਦਾਰਥ ਕੌਸਤੁਭ(ਤੀਜਾ ਸੰਸਕਰਣ), ਇਲਾਹਾਬਾਦ: 1967, ਪੰਨਾ642.
13. ਹਿੰਦੀ ਸ਼ਬਦ ਸਾਗਰ , ਮੂਲ ਸੰਪਾਦਕ, ਸ਼ਾਮਸੁੰਦਰ ਦਾਸ, ਵਾਰਾਣਸੀ; 1970, ਪੰਨਾ 3780.
14. ਮਾਨਕ ਹਿੰਦੀ ਕੋਸ਼, ਹਿੰਦੀ ਸਾਹਿਤ ਸੰਮੇਲਨ, ਪ੍ਰਯਾਗ, 1965, ਚੌਥਾ ਖੰਡ, ਪੰਨਾ257.

5. ਸਲਾਹ, ਮਸ਼ਵਰਾ, ਗਲਬਾਤ, ਤਜਵੀਜ਼, ਮਤਾ, ਰਾਇ।
6. ਗੁਪਤ ਸਲਾਹ ਜਾਂ ਮਸ਼ਵਰਾ।
7. ਕਾਰਜ ਸਿਧੀ ਦਾ ਗੁਰ, ਢੰਗ ਜਾਂ ਨੀਤੀ।

1.3. ਭਾਈ ਕਾਨ੍ਹ ਸਿੰਘ ਨਾਭਾ[15] ਅਨੁਸਾਰ ਮੰਤਰ ਮੰਤ੍ਰਜ਼ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਇਹ ਅਰਥ ਹੋ ਸਕਦੇ ਹਨ: ਧਾਤੂ ਰੂਪ ਵਿਚ ਇਸ ਦੇ ਅਰਥ ਹਨ, ਗੁਪਤਬਾਤ ਕਰਨਾ, ਆਦਰ ਕਰਨਾ, ਬੁਲਾਉਣਾ(ਸੱਦਣਾ), ਵਿਚਾਰ ਕਰਨਾ; ਸੰਗਯਾ ਰੂਪ ਵਿਚ ਸਲਾਹ, ਮਸ਼ਵਰਾ; ਵੇਦ ਦੇ ਪਦ ਅਤੇ ਮੂਲ ਪਾਠ ; ਗੁਰਉਪਦੇਸ਼; ਜੋ ਮਨਨ ਕਰੀਏ ਅਤੇ ਤੰਤ੍ਰ ਸ਼ਾਸਤ੍ਰ ਅਨੁਸਾਰ ਕਿਸੇ ਦੇਵਤਾ ਨੂੰ ਰਿਝਾਉਣ ਅਥਵਾ ਕਾਰਯਸਿਧੀ ਲਈ ਜਪਣਯੋਗ ਸ਼ਬਦ । ਬਿਸ਼ਨ ਸਿੰਘ ਪੁਰੀ[16] ਅਨੁਸਾਰ ਮੰਤਰ ਤੋਂ ਭਾਵ ਹੈ – 'ਜਾਦੂ ਦਾ ਬਚਨ ', ਪਵਿਤਰ ਬਾਣੀ', 'ਸਲਾਹ', ਅਤੇ'ਵੇਦ-ਵਾਕ '।

ਗਿਆਨੀ ਹਜ਼ਾਰਾ ਸਿੰਘ[17] ਅਨੁਸਾਰ ਮੰਤਰ ਸੰਸਕ੍ਰਿਤ ਪਦ 'ਮਨਤ੍ਰ' ਦਾ ਰੂਪਾਂਤਰ ਹੈ। ਵੇਦਾਂ ਵਿਚ ਪ੍ਰਾਰਥਨਾ , ਬਲੀ, ਅਤੇ ਉਸਤੱਤੀ ਦੇ ਗੀਤਾਂ ਨੂੰ ਮੰਤਰ ਕਿਹਾ ਹੈ। ਇਸ ਤੋਂ ਬਿਨਾਂ ਮੰਤਰ ਦੇ ਭਾਵ ਹਨ: ਤੰਤ੍ਰ ਵਿਦਿਆ ਵਿਚ ਕੋਈ ਟਪਾ, ਤੁਕ, ਜਿਸ ਦਾ ਜਪ ਕੀਤਿਆਂ ਵਾਂਛਤ ਸਿਧੀ ਪ੍ਰਾਪਤ ਹੋਵੇ; ਵਸੀਕਰਣ, ਦੁਖ ਨਵਿਰਤੀ, ਦੁਖ ਦੇਣ ਲਈ ਕੋਈ ਪਾਠ; ਵਿਸ ਝਾੜਨ ਲਈ ਬੀ ਮੰਤ੍ਰ ਪੜ੍ਹਦੇ ਹਨ; ਕਿਸੇ ਦੇਵਤਾ ਨਮਿਤ ਲਈ ਜਾਣ ਵਾਲੀ ਤੁਕ; ਭਗਤੀ ਮਾਰਗ ਅਤੇ ਗੁਰਮਤ ਵਿਚ '<u>ਅਕਾਲਪੁਰਖ ਦਾ ਨਾਮ</u>' ਯਾ '<u>ਕੋਈ ਪਾਠ</u>' ਯਾ <u>ਗੁਰਬਾਣੀ</u>' । ਗੁਰਮਤਿ ਮਾਰਤੰਡ[18] ਅਨੁਸਾਰ 'ਮੰਤਰ' ਦਾ ਭਾਵ ਉਪਦੇਸ਼ ਅਤੇ ਮੂਲ-ਮੰਤਰ ਦਾ ਭਾਵ 'ਮੁਢਲਾ ਉਪਦੇਸ਼', 'ਅਸਲ ਸਿਧਾਂਤ,' ਯਾ 'ਆਰੰਭਕ ਉਪਦੇਸ਼,' ' ਮੰਤ੍ਰਾਂ ਦਾ ਮੰਤ੍ਰ' (ਹਰੀ ਨਾਮ ਮੰਤ੍ਰ) ਹੈ।

---

15. ਗੁਰਸ਼ਬਦ ਰਤਨਾਕਰ ਮਹਾਨਕੋਸ਼ , ਪਟਿਆਲਾ, ਭਾਸ਼ਾ ਵਿਭਾਗ, 1974, ਪੰਨਾ750.
16. ਪੰਜਾਬੀ ਸ਼ਬਦ ਭੰਡਾਰ, ਮੁਫੀਦ ਆਮ ਪ੍ਰੈਸ ਲਾਹੌਰ, 1922, ਪੰਨਾ 112.
17. ਸ੍ਰੀ ਗੁਰੂ ਗ੍ਰੰਥ ਕੋਸ਼, ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ, 1927, ਪੰਨਾ 1021.
18. ਗੁਰਮਤਿ ਮਾਰਤੰਡ, ਗਿਆਨੀ ਲਾਲ ਸਿੰਘ, ਸੰਗਰੂਰ, 1949, ਦੂਜੀ ਛਾਪ, ਪੰਨਾ 1.

1.4. ਉਪਰੋਕਤ ਵਿਚਾਰ ਤੋਂ ਮੰਤਰ ਦੇ ਅਰਥਾਂ ਅਤੇ ਪ੍ਰਯੋਗ ਸੰਬੰਧੀ ਅਸੀਂ ਇਸ ਨਿਰਣੇ ਤੇ ਪੁੱਜਦੇ ਹਾਂ ਕਿ :-

1. ਮਨ ਦੀ ਕਿਸੇ ਵਿਚਾਰ-ਲਹਿਰ, ਸੰਕਲਪ, ਅਨੁਭਵ ਨੂੰ ਵਿਸ਼ੇਸ਼ ਨਾਦ, ਸਵੱਰ, ਸ਼ਬਦ ਵਾਕ ਜਾਂ ਕਾਵਿ ਪੰਗਤੀ ਰਾਹੀਂ ਰੂਪਮਾਨ ਕਰਨਾ 'ਮੰਤਰ' ਹੈ।
2. ਮੰਤਰ ਦਾ ਮੰਤਰ-ਰਚੇਤਾ (ਮਾਂਤਰੀ) ਨਾਲ ਅਤੇ ਮੰਤਰ-ਇਸ਼ਟ ਨਾਲ ਅਨਿਖੜਵਾਂ ਸੰਬੰਧ ਹੁੰਦਾ ਹੈ ਕਿਉਂਕਿ ਇਸ ਦੀ ਕਿਰਤ ਕਿਸੇ ਦੈਵੀ ਪਰਾਭੌਤਿਕ ਅਮਲ ਰਾਹੀਂ ਹੁੰਦੀ ਹੈ।
3. ਇਸ ਦੇ ਵਿਧੀ-ਬਧ ਉਚਾਰਨ ਨਾਲ ਸ਼ਬਦ-ਸ਼ਕਤੀ, ਨਾਦ-ਸ਼ਕਤੀ ਅਤੇ ਵਿਚਾਰ-ਸ਼ਕਤੀ ਜਾਂ ਕੋਈ ਹੋਰ ਮਾਨਸਿਕ, ਭੌਤਿਕ ਜਾਂ ਪਰਾਭੌਤਿਕ ਸ਼ਕਤੀ ਗਤੀਸ਼ੀਲ ਹੁੰਦੀ ਹੈ ਅਤੇ ਇਸ ਤੋਂ ਚੰਗੇ ਜਾਂ ਬੁਰੇ ਦੋਹਾਂ ਤਰ੍ਹਾਂ ਦੇ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ।
4. ਮੰਤਰ ਦਾ ਆਦਿ ਸੰਕਲਪ ਰਹੱਸਵਾਦੀ, ਅਧਿਆਤਮਕ ਅਤੇ ਧਾਰਮਿਕ ਸੀ। 'ਸ਼ਕਤੀ' ਨਾਲ ਸੰਬੰਧਿਤ ਹੋਣ ਕਾਰਨ ਇਸ ਦਾ ਪ੍ਰਯੋਗ ਜਾਦੂ, ਟੂਣਿਆਂ, ਜੰਤਰਾਂ, ਤਵੀਤਾਂ ਝਾੜ ਫੂਕ ਇਤਿਆਦਿ ਲਈ ਹੋਣ ਲਗ ਪਿਆ।
ਵਰਤਮਾਨ ਯੁਗ ਵਿਚ ਮੰਤਰ ਤੋਂ ਭਾਵ ਬਹੁਤ ਕਰਕੇ ਜਾਦੂ-ਸ਼ਕਤੀ ਹੀ ਲਿਆ ਜਾਂਦਾ ਹੈ।
5. ਗੁਰਮਤਿ ਵਿਧਾਨ ਵਿਚ ਦੁਨਿਆਵੀ ਮੰਤਰਾਂ ਜੰਤਰਾਂ, ਜਾਦੂ, ਟੂਣਿਆਂ, ਦੀ ਥਾਂ 'ਅਕਾਲ ਪੁਰਖ ਦਾ ਨਾਮ' ਅਤੇ 'ਗੁਰ ਉਪਦੇਸ਼' ਹੀ 'ਮੰਤਰ' ਹੈ।[19]

2.1. <u>ਮੰਤਰ ਦਾ ਪ੍ਰਯੋਗ</u>

ਮਨੁੱਖ ਦੀ ਮੂਲ-ਪਰਵਿਰਤੀ ਸਾਰੇ ਸੰਸਾਰ ਵਿਚ ਇਕੋ ਹੈ। ਮਨੁੱਖ ਭਾਵੇਂ ਸੰਸਾਰ ਦੇ ਭਿੰਨ ਭਿੰਨ ਫਿਰਕਿਆਂ, ਕਬੀਲਿਆਂ ਸਭਿਆਤਾਵਾਂ ਅਤੇ ਧਰਮਾਂ ਵਿਚ ਵੰਡਿਆ ਗਿਆ ਪਰ ਦੈਵੀ ਸ਼ਕਤੀਆਂ ਅਤੇ ਪਰਾਭੌਤਿਕ ਹੋਂਦਾਂ ਵਿਚ ਵਿਸ਼ਵਾਸ਼ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਰਿਹਾ ਹੈ। ਮੰਤਰ-ਜਾਦੂ , ਟੂਣੇ, ਜੰਤਰ ਅਤੇ ਤਾਵੀਜ਼ਾਂ ਦਾ ਪ੍ਰਯੋਗ ਸੰਸਾਰ ਦੇ ਸਾਰੇ ਮੁੱਖ

---

19. ਵੇਖੋ ਟੂਕ, 15-18 .

ਧਰਮਾਂ ਵਿਚ ਘੱਟ ਵੱਧ ਮਾਤਰਾ ਵਿਚ ਵੇਖਿਆ ਜਾ ਸਕਦਾ ਹੈ। ਵਿਸ਼ੇਸ਼ ਕਰਕੇ 'ਮੰਤਰ' ਦਾ ਧਰਮ ਨਾਲ ਸਿੱਧਾ ਸੰਬੰਧ ਰਿਹਾ ਹੈ। 'ਮੰਤਰ' ਦੇ ਪਾਠ ਅਤੇ ਜਾਪ ਰਾਹੀਂ ਪਰਾਭੌਤਿਕ ਸ਼ਕਤੀਆਂ ਤੋਂ ਬਲ ਲੈ ਕੇ ਚੰਗੇ ਅਤੇ ਮਾੜੇ ਨਤੀਜੇ ਪੈਦਾ ਕੀਤੇ ਜਾਂਦੇ ਹਨ। ਗੈਰਟ ਅਨੁਸਾਰ ਮੰਤਰਾਂ ਦਾ ਪ੍ਰਯੋਗ ਸਹਾਇਤਾ, ਸੁਰੱਖਿਆ, ਸੰਪਤੀ, ਸੰਤਾਨ, ਲਾਭ ਹਾਨੀ, ਵੈਰ, ਵਿਰੋਧ, ਪਿਆਰ, ਨਫਰਤ ਆਦਿ ਭਾਵਨਾਵਾਂ ਉਜਾਗਰ ਕਰਨ ਲਈ ਅਤੇ ਬੀਮਾਰੀਆਂ, ਦੁਖਾਂ ਕਲੇਸ਼ਾਂ, ਦੁਸ਼ਮਨਾਂ ਅਤੇ ਮੌਤ ਤੋਂ ਬਚਣ ਲਈ ਕੀਤਾ ਜਾਂਦਾ ਹੈ।[20]

ਬਾਰਬਰਾ ਫਰਾਇਰ ਦਾ ਵਿਚਾਰ ਹੈ ਕਿ ਮੰਤਰਾਂ ਜਾਦੂ ਟੂਣਿਆਂ ਅਤੇ ਤਾਵੀਜ਼ਾਂ ਦਾ ਰਿਵਾਜ ਵਧੇਰੇ ਕਰਕੇ ਅਸਭਿਅ, ਅਨਪੜ੍ਹ ਗੰਵਾਰ ਅਤੇ ਅਵਿਕਸਤ ਲੋਕਾਂ ਵਿਚ ਵਧੇਰੇ ਹੁੰਦਾ ਹੈ।[21] ਪਰ ਹਰਬਰਟ ਵੀਨਸਟਾਕ ਅਨੁਸਾਰ ਇਹ ਭਾਵਨਾ ਆਧੁਨਿਕ ਵਿਗਿਆਨਕ ਸਮਾਜਾਂ ਵਿਚੋਂ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਈ ਜਿਵੇਂ ਪੱਛਮ ਵਿਚ ਹਾਲੀ ਵੀ ਯੂਰਪੀ-ਅਮਰੀਕੀ ਸਭਿਆਤਾਵਾਂ ਦੀਆਂ ਅਨੇਕ ਰਸਮਾਂ ਤੋਂ ਜ਼ਾਹਿਰ ਹੈ।[22] ਇਹ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਜਿਵੇਂ ਜਿਵੇਂ ਵਿਦਿਆ ਅਤੇ ਗਿਆਨ ਦਾ ਪਰਸਾਰ ਵੱਧ ਰਿਹਾ ਹੈ, ਤਿਵੇਂ ਤਿਵੇਂ ਵਹਿਮਾਂ, ਜਾਦੂ, ਮੰਤਰਾਂ ਵਿਚ ਵਿਸ਼ਵਾਸ਼ ਖਤਮ ਹੋ ਰਿਹਾ ਹੈ ਕਿਉਂਕਿ ਮਨੁੱਖੀ ਪ੍ਰਗਤੀ ਦਾ ਪੈਂਡਾ ਸਿੱਧੀ ਲੀਕ ਨਿਆਈਂ ਨਹੀਂ। ਇਸ ਵਿਚ ਕਈ ਤਰ੍ਹਾਂ ਦੇ ਉਤਰਾ ਚੜ੍ਹਾ ਆਉਂਦੇ ਰਹਿੰਦੇ ਹਨ। ਵਿਦਿਆ ਅਤੇ ਵਿਗਿਆਨ ਦੇ ਖੇਤਰ ਵਿਚ ਟੀਸੀਆਂ ਛੂਹਣ ਵਾਲਾ ਪੱਛਮ ਹਾਲੀ ਵੀ ਸਫੇਦ ਅਤੇ ਕਾਲੇ ਜਾਦੂ ਦੇ ਮੰਤਰਾਂ ਰਾਹੀਂ ਚੰਗੇ ਅਤੇ ਬੁਰੇ ਨਤੀਜਿਆਂ ਦੀ ਭਾਲ ਕਰਦਾ ਹੈ।

2.2. 'ਮੰਤਰ' ਦੀ ਭਾਵਨਾ ਨਾਲ ਮਿਲਦਾ ਜੁਲਦਾ ਮਲੇਨੇਸ਼ੀਅਨ ਸ਼ਬਦ 'ਮਨਾ' ਪਰਾਭੌਤਿਕ ਸ਼ਕਤੀ, ਚੰਗੀ ਕਿਸਮਤ ਅਤੇ ਜਾਦੂ-ਸ਼ਕਤੀਆਂ ਦਾ ਧਾਰਨੀ ਮੰਨਿਆਂ ਜਾਂਦਾ ਹੈ।[23]

---

20. John Garrett ,A Classical Dictionary of India,Delhi:Orient Publishers,1871,pp.379-80.

21. Barbara Friere,art."Charms and Amulets", Encyclopedia of Religion and Ethics,Ed.,James Hastings ,New York:1971,VolIII p.393(Here in after cited as ERE)

22. Encyclopedia Americana,New York,Americana Corporation, 1829,XVIII,p.119.

23. Double Day, Pictorial Library of Growth of Ideas, Knowledge Thought ,Imagination ,New York:Double Day and Col.,Inc.,1966, p.337.

ਅਤੀ ਪੁਰਾਤਨ ਧਰਮਾਂ ਵਿਚ ਸਾਰੀ ਪ੍ਰਕ੍ਰਿਤੀ ਅਤੇ ਮਨੁੱਖਾਂ ਅਤੇ ਪਸ਼ੂਆਂ ਵਿਚ ਇਕ ਰੌਬੀ ਸ਼ਕਤੀ ਮੰਨੀ ਜਾਂਦੀ ਸੀ ਜਿਹੜੀ ਕਿਸੇ ਵਿਸ਼ੇਸ਼ ਅਮਲ ਰਾਹੀਂ ਕਿਰਿਆਸ਼ੀਲ ਹੋ ਸਕਦੀ ਸੀ। ਇਸ ਤੋਂ ਚੰਗੇ ਅਤੇ ਮਾੜੇ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਸਨ ਅਤੇ 'ਭੈੜੀਆਂ ਸ਼ਕਤੀਆਂ ਤੋਂ ਬਚਿਆ ਵੀ ਜਾ ਸਕਦਾ ਸੀ।[24] ਕਾਰਡਿੰਗਟਨ ਅਨੁਸਾਰ 'ਮਨਾ' ਦੀ ਸ਼ਕਤੀ ਦਾ ਪਰਵੇਸ਼ ਹਰੇਕ ਵਸਤੂ ਵਿਚ ਹੋ ਸਕਦਾ ਹੈ ਪਰ 'ਰੂਹਾਂ' ਵਿਚ 'ਮਨਾ' ਦੀ ਸ਼ਕਤੀ ਵਿਸ਼ੇਸ਼ ਰੂਪ ਵਿਚ ਹੁੰਦੀ ਹੈ। ਕੁਝ ਅਸਭਿਅ ਫ਼ਿਰਕਿਆਂ ਵਿਚ ਹਾਲੀ ਵੀ ਵੱਧ ਤੋਂ ਵੱਧ 'ਮਨਾ' ਸ਼ਕਤੀ ਇੱਕਠੀ ਕਰਨਾ ਜੀਵਨ ਦਾ ਮੁੱਖ ਲਕਸ਼ ਸਮਝਿਆ ਜਾਂਦਾ ਹੈ। ਮੰਤਰ-ਸ਼ਕਤੀ ਅਤੇ 'ਮਨਾ' ਸ਼ਕਤੀ ਦੇ ਲੱਛਣਾਂ ਵਿਚ ਕਾਫ਼ੀ ਸਾਂਝ ਹੈ।

19ਵੀਂ ਸਦੀ ਦੇ ਚਿੰਤਕਾਂ ਟਾਇਲਰ, ਮੈਕਲੈਨਨ, ਸਪੈਂਸਰ, ਅਤੇ ਲੈਂਗ ਆਦਿ ਨੇ ਜਾਦੂ ਅਤੇ ਮੰਤਰਾਂ ਨੂੰ ਧਰਮ ਨਾਲ ਜੋੜ ਕੇ ਵਿਚਾਰਨ ਦਾ ਗੰਭੀਰ ਯਤਨ ਕੀਤਾ ਹੈ। ਉਨ੍ਹਾਂ ਦੀਆਂ ਕਿਰਤਾਂ ਇਸ ਗਲ ਨੂੰ ਸਾਬਤ ਕਰਨ ਦੇ ਯਤਨ ਹਨ ਕਿ ਕਿਵੇਂ ਪੁਰਾਤਨ ਮਨੁੱਖ ਗਲਤ ਸੋਚਣੀ ਅਤੇ ਸੀਮਤ ਦ੍ਰਿਸ਼ਟੀ ਕਾਰਨ ਵਹਿਮਾਂ ਦਾ ਸ਼ਿਕਾਰ ਸੀ।

3.0. <u>ਸੰਸਾਰ ਦੇ ਵੱਖ ਵੱਖ ਧਰਮਾਂ ਵਿਚ ਮੰਤਰ:</u> ਸੰਸਾਰ ਦੇ ਧਰਮਾਂ, ਸਮਾਜਾਂ ਅਤੇ ਸਭਿਆਤਾਵਾਂ ਵਿਚ 'ਮੰਤਰ' ਜਾਂ ਮੰਤਰ ਵਰਗੀਆਂ ਭਾਵਨਾਵਾਂ ਦੀ ਪਰਵਿਰਤੀ ਦਾ ਸਰਵੇਖਣ ਬੜਾ ਰੋਚਕ ਅਤੇ ਲਾਭਦਾਇਕ ਹੋਵੇਗਾ।

3.1. <u>ਪਾਰਸੀ ਧਰਮ:</u> ਪਾਰਸੀ ਗ੍ਰੰਥ ਅਵੇਸਥਾ ਅਤੇ ਵੇਦਾਂ ਦੇ ਮੰਤਰਾਂ ਵਿਚ ਕਾਫ਼ੀ ਗਲਾਂ ਦੀ ਸਮਾਨਤਾ ਹੈ। ਦੋਹਾਂ ਵਿਚ ਦੇਵ-ਪੂਜਾ, ਕਰਮ-ਕਾਂਡ ਅਤੇ ਉਨ੍ਹਾਂ ਨਾਲ ਸੰਬੰਧਿਤ ਰੀਤਾਂ ਰਸਮਾਂ ਦੇ ਮੰਤਰ ਹਨ। 'ਬਹੁਤ ਸਾਰੇ ਦੇਵਤਿਆਂ ਦੇ ਨਾਂ ਇਕੋ ਜਿਹੇ ਹਨ ਜਿਵੇਂ ਵੈਦਿਕ 'ਸੋਮ' ਪਾਰਸੀ ਅਵੇਸਥਾ ਵਿਚ 'ਹਓਮ'; ਵੈਦਿਕ 'ਮਿੱਤ੍ਰ' ਅਵੇਸਥਾ ਵਿਚ 'ਮਿੱਥ੍ਰ'; ਵੈਦਿਕ 'ਯਮ' ਅਵੇਸਥਾ ਵਿਚ 'ਯਿਮਾ'; ਵੈਦਿਕ 'ਯਗ' ਅਵੇਸਥਾ ਵਿਚ 'ਯਸਨ'; ਵੈਦਿਕ 'ਹੋਤਰ' ਅਵੇਸਥਾ ਵਿਚ 'ਜਾਓਤਰ'। ਇਹ ਸਮਾਨਤਾ ਕੇਵਲ ਦੇਵਤਾਵਾਂ, ਪ੍ਰੋਹਤਾਂ ਅਤੇ ਕਰਮਾਂ ਦੇ ਨਾਵਾਂ ਤਕ ਹੀ ਸੀਮਤ ਨਹੀਂ ਸਗੋਂ ਕੁਝ ਅਵੇਸਥਾ ਗਾਥਾਵਾਂ ਵੀ ਵੈਦਿਕ ਮੰਤਰਾਂ ਦੇ ਸਮਾਨ ਹਨ।[26]

---

24. Double Day, Pictorial Library of Growth of Ideas, Knowledge, Thought, Imagination, New York, p.20.

25. Cordington, The Melanesians (1891), p.118 cited by, ERE p.394.

26. L.C. Casartelli, ERE III, pp.448.

ਪਾਰਸੀਆਂ ਦਾ ਵਿਚਾਰ ਹੈ ਕਿ ਸਾਰਾ ਸੰਸਾਰ ਭੈੜੀਆਂ ਰੂਹਾਂ ਨਾਲ ਭਰਿਆ ਹੋਇਆ ਹੈ ਅਤੇ ਉਨ੍ਹਾਂ ਦੇ ਮੰਦੇ ਅਸਰਾਂ ਬੀਮਾਰੀਆਂ ਅਤੇ ਹੋਰ ਸਰੀਰਕ ਦੁਖਾਂ ਦੀ ਨਵਿਰਤੀ ਲਈ ਮੰਤਰ ਪੜ੍ਹੇ ਜਾਂਦੇ ਹਨ ਜਿਨ੍ਹਾਂ ਨੂੰ 'ਮੰਥਰ' ਅਤੇ ਮੰਤਰਾਂ ਰਾਹੀਂ ਕੀਤੇ ਜਾਂਦੇ ਜਾਦੂ ਨੂੰ 'ਨੀਰੰਗ' ਕਿਹਾ ਜਾਂਦਾ ਹੈ। ਪਾਰਸੀਆਂ ਪਾਸ ਅਜੇਹੇ 'ਮੰਥਰਾਂ' ਦੀ ਗਿਣਤੀ ਬਹੁਤ ਹੈ।[27]

3.2. **ਯਹੂਦੀ- ਧਰਮ:**

ਦੂਜੇ ਸਾਮੀ ਵੰਸਾਂ ਦੀ ਤਰ੍ਹਾਂ ਯਹੂਦੀ ਵੀ ਪਹਿਲਾਂ ਪਹਿਲ ਪਰਾ-ਸਰੀਰਕ ਸ਼ਕਤੀਆਂ ਦੀ ਪੂਜਾ ਕਰਿਆ ਕਰਦੇ ਸਨ ਜੋ ਆਦਿ ਦੇ ਆਰੀਆਂ ਨਾਲ ਮਿਲਦੀ ਜੁਲਦੀ ਸੀ। ਇਨ੍ਹਾਂ ਪਰਾ-ਸਰੀਰਕ ਅਤੇ ਪਰਾ-ਮਨੁੱਖੀ ਪਰਕਿਰਤਕ ਸ਼ਕਤੀਆਂ ਉਤੇ ਨਿਯੰਤਰਣ ਹਾਸਲ ਕਰਨ ਅਤੇ ਉਨ੍ਹਾਂ ਦੇ ਮਾਰੂ ਅਸਰਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਮੰਤਰ ਘੜੇ ਗਏ। ਇਹ 'ਮੰਤਰ' ਕਿਸੇ ਸ਼ਕਤੀ-ਸ਼ਾਲੀ ਦੇਵਤਾ ਦਾ ਨਾਂ ਵੀ ਹੋ ਸਕਦਾ ਸੀ ਕਿਉਂਕਿ ਯਹੂਦੀ ਵਿਸ਼ਵਾਸ਼ ਅਨੁਸਾਰ 'ਦੇਵਤਿਆਂ ਅਤੇ ਉਨ੍ਹਾਂ ਦੇ ਨਾਵਾਂ ਵਿਚ ਬੇਅੰਤ ਸ਼ਕਤੀ ਹੁੰਦੀ ਹੈ।'[28] ਭਾਰਤੀ 'ਇਕਾਖਸ਼ਰ ਖੋਜ ਮੰਤਰ' ਨਾਲ ਇਸ ਦੀ ਸਮਾਨਤਾ ਵੇਖੀ ਜਾ ਸਕਦੀ ਹੈ।

ਪੁਰਾਤਨ ਇੰਜੀਲ ਵਿਚ ਕਿਸੇ ਵੀ ਜਾਦੂ, ਮੰਤਰ , ਟੂਣੇ, ਤਾਵੀਜ਼ ਦਾ ਜ਼ਿਕਰ ਨਹੀਂ ਮਿਲਦਾ। ਕਿਸੇ ਹਦ ਤਕ ਸਾਰੇ ਜਾਦੂ ਮੰਤਰਾਂ ਦਾ ਮੂਲ ਵਿਚਾਰ ਰੱਬ ਦੀ ਏਕਤਾ ਤੋਂ ਮੁਨਕਰ ਹੋਣਾ ਅਤੇ ਉਸ ਨੂੰ ਰੱਦ ਕਰਨਾ ਹੈ। ਪਰ ਸਮੇਂ ਦੇ ਬੀਤਣ ਨਾਲ ਆਦਿ ਵਾਸੀਆਂ ਦੇ ਅਤੇ ਫੇਰ ਬੇਬੀਲੋਨੀਆ ਅਤੇ ਮਿਸਰ ਦੇ ਪੁਰਾਣੇ ਦੇਵਤੇ ਇਜ਼ਰਾਈਲੀਆਂ ਲਈ ਰੂਹਾਂ ਅਤੇ ਦੈਂਤਾਂ ਦਾ ਰੂਪ ਧਾਰਨ ਕਰ ਗਏ ਅਤੇ ਬਹੁਤ ਸਾਰੇ ਜਾਦੂ, ਮੰਤਰ ਅਤੇ ਵਹਿਮ ਜੋ ਯਹੂਦੀਆਂ ਲਈ ਸਖਤ ਮਨ੍ਹਾਂ ਸਨ, ਮੁੜ ਪ੍ਰਚਲਤ ਹੋ ਗਏ। ਸਾਰਾ ਯਹੂਦੀ ਜਾਦੂ ਸਾਹਿਤ ਇਸ ਵਿਚਾਰ ਤੇ ਆਧਾਰਿਤ ਹੈ ਕਿ ਕਿਸੇ ਦੇਵਤਾ ਦਾ ਤੱਤ ਉਸਦਾ ਨਾਂ ਹੁੰਦਾ ਹੈ। ਦੇਵਤਾ ਦੇ ਨਾਂ ਦੀ ਜਾਣਕਾਰੀ ਨਾਲ ਦੇਵਤਾ, ਨਾਮ ਜਾਣਨ ਵਾਲੇ ਦੇ ਅਧੀਨ ਹੋ ਜਾਂਦਾ ਹੈ। ਯਹੂਦੀਆਂ ਵਿਚ ਨਾਵਾਂ ਦੇ ਉਚਾਰਣ ਨਾਲ ਮਰ ਚੁਕੀਆਂ ਰੂਹਾਂ ਨੂੰ ਬੁਲਾਣ ਅਤੇ ਭੈੜੀਆਂ ਰੂਹਾਂ ਨੂੰ ਕਢਣ ਦਾ ਹਵਾਲਾ ਨਵੇਂ ਟੈਸਟਾਮੈਂਟ ਵਿਚ ਮੌਜੂਦ ਹੈ।[29]

---

27. L.C. Casartelli, ERE II., p.449.
28. L.Deubner, art. "Charms and Amulets (Greek), ERE, III, p.435.
29. Ibid., pp.452-454.

### 3.3. ਈਸਾਈ ਧਰਮ :

ਭਰਮਾਂ, ਵਹਿਮਾਂ ਅਤੇ ਜਾਦੂਆਂ ਦੇ ਗ੍ਰਸੇ ਸੰਸਾਰ ਵਿਚ ਈਸਾਈਆਂ ਨੇ ਰੂਹ ਦੇ ਧਰਮ ਨਾਲ ਪ੍ਰਵੇਸ਼ ਕੀਤਾ। ਸੇਂਟਪਾਲ ਦੇ ਪਰਚਾਰ ਨਾਲ ਹਜ਼ਾਰਾਂ ਰੁਪਿਆਂ ਦੇ ਮੁੱਲ ਦੀਆਂ ਜਾਦੂ ਮੰਤਰਾਂ ਦੀਆਂ ਪੁਸਤਕਾਂ ਸਾੜ ਦਿਤੀਆਂ ਗਈਆਂ[30] ਅਤੇ ਲੋਕਾਂ ਨੇ ਜਾਦੂ ਮੰਤਰਾਂ ਤੋਂ ਤੋਬਾ ਕੀਤੀ ਪਰ ਫਿਰ ਵੀ ਸਮੇਂ ਦੇ ਬੀਤਣ ਨਾਲ ਜਾਦੂ ਮੰਤਰਾਂ ਵਿਚ ਵਿਸ਼ਵਾਸ਼, ਨਵੇਂ ਰੂਪਾਂ ਵਿਚ ਮੁੜ ਜੀਵਤ ਹੋਇਆ ਜੋ ਹੁਣ ਤਕ ਈਸਾਈਅਤ ਵਿਚ ਦੁੱਖਾਂ, ਕਲੇਸ਼ਾਂ ਅਤੇ ਬੀਮਾਰੀਆਂ ਦੀ ਨਵਿਰਤੀ ਲਈ ਵਰਤਿਆ ਜਾਂਦਾ ਹੈ। ਈਸਾਈ ਧਰਮ-ਸੁਧਾਰ ਅੰਦੋਲਨ(**Reformation** ) ਨੇ ਜੀਵਤ-ਸ਼ਬਦ-ਸ਼ਕਤੀ ਨੂੰ ਆਧਾਰ ਮੰਨ ਕੇ ਲੋਕਾਂ ਦੇ ਦਿਲਾਂ ਵਿਚੋਂ ਵਹਿਮ ਕਢਣੇ ਚਾਹੇ ਸੀ ਪਰ ਲੂਥਰ ਨੂੰ ਆਪ ਸ਼ੈਤਾਨ ਦੀ ਸ਼ਕਤੀ ਵਿਚ ਵਿਸ਼ਵਾਸ਼ ਸੀ। ਪ੍ਰਚੱਲਤ ਜਾਦੂ-ਮੰਤਰਾਂ ਵਿਚੋਂ ਵਿਸ਼ੇਸ਼ ਮਹੱਤਤਾ ਵਾਲੇ ਉਹ 'ਜਾਦੂ-ਸ਼ਬਦ' ਅਤੇ 'ਵਾਕ-ਮੰਤਰ' ਹਨ ਜਿਹੜੇ ਬੋਲੇ ਜਾਂਦੇ ਹਨ, ਲਿਖੇ ਜਾਂਦੇ ਹਨ ਅਤੇ ਉੱਕਰੇ ਜਾਂਦੇ ਹਨ। ਈਸਾਈਆਂ ਦੀ ਪ੍ਰਮੁੱਖ ਧਾਰਾ ਈਸਾ ਦੇ ਨਾਂ ਵਿਚ ਅਸਾਧਾਰਣ ਸ਼ਕਤੀ ਮੰਨਦੀ ਹੈ ਜਿਹੜੀ ਦੁਖਾਂ ਦੇ ਹਟਾਉਣ ਲਈ ਅਤੇ ਸਰਾਪ ਦੇਣ ਲਈ ਵਰਤੀ ਜਾਂਦੀ ਹੈ। ਜਰਮਨ ਦੇ ਮਹਾਨ ਰਹੱਸਵਾਦੀ ਸੰਤ ਸੂਸੋ ਨੇ ਈਸਾ ਦਾ ਨਾਂ ਆਪਣੀ ਛਾਤੀ ਤੇ ਉਕਰਵਾ ਲਿਆ ਸੀ।

ਬਾਈਬਲ ਦੇ ਆਧਾਰ ਤੇ ਅਨੇਕਾਂ ਸ਼ਕਤੀ-ਸ਼ਾਲੀ ਮੰਤਰ ਘੜ ਲਏ ਗਏ ਜਿਹੜੇ ਦੁਖਾਂ ਕਲੇਸ਼ਾਂ ਅਤੇ ਬੀਮਾਰੀਆਂ ਨੂੰ ਦੂਰ ਕਰਨ ਸਮੇਂ ਕਈ ਢੰਗਾਂ ਨਾਲ ਪੜ੍ਹੇ ਜਾਂਦੇ ਹਨ। ਤਿਨੇਕੇ ਦੇ ਮੰਤਰਾਂ ਵਿਚੋਂ ਇਕ ਮੰਤਰ ਇਸ ਪ੍ਰਕਾਰ ਹੈ:

ਰੱਬ ਮੇਰੀ ਆਸ਼ਾ ਹੈ।
ਈਸਾ ਮੇਰੀ ਓਟ ਹੈ।
ਪਵਿੱਤਰ -ਰੂਹ ਮੇਰਾ ਰਾਖਾ ਹੈ।[31]

ਬਾਈਬਲ ਦੀ ਸਭ ਤੋਂ ਸ਼ਕਤੀ-ਸ਼ਾਲੀ ਰਚਨਾ ਪ੍ਰਭੂ-ਪ੍ਰਾਰਥਨਾ ਹੈ ਜਿਸ ਨੂੰ ਹਿੰਦੂ 'ਗਾਇਤਰੀ', ਮੁਸਲਮਾਨੀ 'ਕਲਮਾ' ਅਤੇ ਸਿਖ 'ਮੂਲ-ਮੰਤਰ' ਵਾਂਗ ਪਵਿਤਰ ਮੰਨਿਆ ਜਾਂਦਾ ਹੈ। ਇਸ ਦਾ ਮੂਲ ਪ੍ਰਯੋਗ ਅਧਿਆਤਮਕ ਹੈ। ਪ੍ਰਾਰਥਨਾ ਦੇ ਸ਼ਬਦ ਇਹ ਹਨ:

---

30. A.E.Von.Dobschutz,Charms and Amulets(Christians) ,ERE,Vol.III p.414.

31. Ibid. p.424.

ਹੇ ਸਾਡੇ ਪਿਤਾ, ਜਿਹੜਾ ਸੁਰਗ ਵਿਚ ਹੈ,
ਤੇਰਾ ਨਾਮ ਪਾਕ ਮੰਨਿਆ ਜਾਵੇ।
ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ
ਹੁੰਦੀ ਹੈ, ਜ਼ਮੀਨ ਉਤੇ ਵੀ ਹੋਵੇ।
ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦੇਹ।
ਅਤੇ ਸਾਡੇ ਕਰਜ਼ ਸਾਨੂੰ, ਮਾਫ਼ ਕਰ ।
ਜਿਵੇਂ ਅਸਾਂ ਵੀ ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ।
ਅਤੇ ਸਾਨੂੰ ਪਰਤਾਵੇ ਵਿਚ ਨਾ ਲਿਆ,
ਸਗੋਂ ਬੁਰਿਆਈਆਂ ਤੋਂ ਬਚਾ।[32]

3.4. ਐਬੇਸੀਨੀਆ ਵਿਚ ਹੋਰ ਜਾਦੂ ਮੰਤਰਾਂ ਤੋਂ ਭਿੰਨ ਈਸਾਈ ਤਿਨੇਕੇ ਪਿਤਾ, ਪੁੱਤਰ ਅਤੇ ਪਵਿੱਤਰ-ਰੂਹ ਨੂੰ ਵੀ ਮੰਤਰ ਰੂਪ ਵਿਚ ਵਰਤਿਆ ਜਾਂਦਾ ਹੈ ਅਤੇ ਇਸ ਦਾ ਧਰਮ ਗ੍ਰੰਥਾਂ ਵਿਚ ਹਰ ਨਵੇਂ ਅਧਿਆਇ ਦੀ ਆਰੰਭਤਾ ਵਜੋਂ ਪ੍ਰਯੋਗ ਕੀਤਾ ਜਾਂਦਾ ਹੈ।[33] ਭਾਰਤੀ ਮੰਤਰ ਵਿਧਾਨ ਵਾਂਗ 'ਮੰਤਰਾਂ' ਦਾ ਆਧਾਰ 'ਸ਼ਬਦ' ਦੀ ਸ਼ਕਤੀ ਹੈ ਅਤੇ ਦੀਖਿਅਤ ਮਨੁੱਖ ਤੋਂ ਭਿੰਨ ਮੰਤਰ ਅਰਥ-ਹੀਣ ਅਤੇ ਸ਼ਕਤੀ-ਹੀਣ ਸਮਝੇ ਜਾਂਦੇ ਹਨ।

3.5. ਉਤਰੀ ਅਮਰੀਕਾ ਨਿਵਾਸੀ ਐਸਕੀਮੋ ਲੋਕਾਂ ਵਿਚ ਜਾਦੂ , ਟੂਣਿਆਂ ਅਤੇ ਮੰਤਰਾਂ ਦਾ ਕਾਫ਼ੀ ਰਿਵਾਜ ਹੈ। ਪੂਰਬੀ ਅਮਰੀਕਨ ਆਦਿ ਵਾਸੀ ( ਜਿਨ੍ਹਾਂ ਨੂੰ ਹਿੰਦੁਸਤਾਨੀ ਕਿਹਾ ਜਾਂਦਾ ਹੈ) ਅਸਾਧਾਰਣ ਵਸਤੂਆਂ ਅਤੇ ਲਿਖਤਾਂ ਵਿਚ 'ਮਨੀਟੋ(Manitou ) ਨਾਂ ਦੀ ਅਸਾਧਾਰਣ ਸ਼ਕਤੀ ਮੰਨਦੇ ਹਨ। 'ਮਨੀਟੋ' ਜਾਂ 'ਮਨਾ' ਦੇ ਰਹੱਸਵਾਦੀ ਅਨੁਭਵ ਸਮੇਂ 'ਅਲਹਾਮ' ਹੁੰਦਾ ਹੈ ਅਤੇ ਪਰਾਸਰੀਰਕ ਸ਼ਕਤੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ।[34]

3.6. ਅਸੀਰੀਆ ਅਤੇ ਬੇਬੀਲੋਨੀਆਂ ਵਿਚ ਬਹੁਤ ਸਾਰੀਆਂ ਬੀਮਾਰੀਆਂ ਅਤੇ ਦੁਖ ਭੈੜੀਆਂ ਰੂਹਾਂ ਅਤੇ ਦੇਵਤਿਆਂ ਦੇ ਗੁਸੇ ਜਾਂ ਵੈਰ ਕਾਰਨ ਮੰਨੀਆਂ ਜਾਂਦੀਆਂ ਸੀ ਜਿਨ੍ਹਾਂ ਤੋਂ ਬਚਣ ਲਈ ਉੱਥੋਂ ਦੀਆਂ ਪ੍ਰਸਿੱਧ ਲਿਖਤਾਂ ਮਾਕਲੂ ਦੀਆਂ ਅੱਠ ਤਖ਼ਤੀਆਂ ਉਤੇ ਅਨੇਕਾਂ ਮੰਤਰ ਲਿਖੇ ਹੋਏ ਹਨ ਜਿਨ੍ਹਾਂ ਦਾ

---

32. Bible 6.9-20,
33. W.H. Worrell, ERE III, p.400.
34. R.H. Lowie, ERE,III,pp.401-3.

ਮੰਤਵ ਜਾਦੂ ਅਸਰਾਂ ਤੋਂ ਬਚਣ ਲਈ ਦੇਵਤਿਆਂ ਪਾਸ ਤਰਲਾ, ਪਤਨੀ ਵਿਰੁੱਧ ਪਤੀ ਨੂੰ ਬੰਨ੍ਹਣਾ ਅਤੇ ਬੰਨ੍ਹੇ ਹੋਏ ਨੂੰ ਸੁਤੰਤਰ ਕਰਨਾ ਇਤਿ ਆਦਿ ਭੌਤਿਕ ਮਸਲੇ ਹਨ।[35]

3.7. ਕੈਲਟਿਕ ਜਾਂ ਦਾਰੂਦ ਯੋਰਪ, ਆਇਰਲੈਂਡ, ਜਰਮਨੀ ਅਤੇ ਬਰਤਾਨੀਆਂ ਦੀ ਪਾਦਰੀ ਸ਼੍ਰੇਣੀ ਹੈ ਜਿਹੜੀ ਮੰਤਰਾਂ ਦੀ ਸ਼ਬਦ-ਸ਼ਕਤੀ ਰਾਹੀਂ ਬੀਮਾਰੀਆਂ ਹਟਾਉਣ ਲਈ ਬਹੁਤ ਪ੍ਰਸਿੱਧ ਹਨ। ਇਨ੍ਹਾਂ ਮੰਤਰਾਂ ਵਿਚ ਈਸਾਈ ਤ੍ਰਿਨੈਕੇ, ਕੁਆਰੀ ਮਾਂ ਅਤੇ ਸੰਤਾਂ ਦੇ ਨਾਂ ਸ਼ਾਮਲ ਹਨ। ਹਰ ਫੌਜੀ ਮੁਹਿੰਮ ਸਮੇਂ ਰਖਿਆ ਲਈ, 'ਦਾਰੂਦਾਂ' ਤੋਂ ਮੰਤਰ ਪੜ੍ਹਾਏ ਜਾਂਦੇ ਹਨ।[36]

3.8. <u>ਇਸਲਾਮ:</u>

ਇਸਲਾਮ ਦੇ ਸੰਚਾਲਕ ਮੁਹੰਮਦ ਸਾਹਿਬ ਨੇ ਬਹੁਦੇਵ ਵਾਦ ਅਤੇ ਬੁੱਤ-ਪਰਸੱਤੀ ਖਤਮ ਕਰਕੇ ਇਕ ਅਲਾਹ ਦੀ ਇਬਾਦਤ ਦਾ ਸੁਨੇਹਾ ਦਿਤਾ। ਕੁਰਾਨ(7.179) ਅਨੁਸਾਰ 'ਰੱਬ' ਦੇ ਨਾਂ ਸਭ ਤੋਂ ਉਤਮ ਹਨ, ਉਨ੍ਹਾਂ ਨਾਵਾਂ ਨਾਲ ਖੁਦਾ ਨੂੰ ਯਾਦ ਕਰੋ ਅਤੇ ਜਿਹੜੇ ਇਨ੍ਹਾਂ ਨਾਵਾਂ ਨੂੰ ਖਰਾਬ ਕਰਨ ਉਨ੍ਹਾਂ ਦਾ ਸਾਥ ਤਿਆਗ ਦਿਉ। ਅਜੇਹੇ 99 ਨਾਂ ਹਨ ਜਿਨ੍ਹਾਂ ਨੂੰ ਮੁਸਲਮਾਨ ਫਕੀਰ ਮਾਲਾ ਤੇ ਜਪਦੇ ਹਨ ਪਰ ਇਨ੍ਹਾਂ ਨਾਵਾਂ ਦਾ ਦੁਰ-ਉਪਯੋਗ ਤਾਵੀਜ਼ਾਂ ਰੱਖਾਂ, ਰੀਵਾਂ ਆਦਿ ਵਿਚ ਵੀ ਕੀਤਾ ਜਾਂਦਾ ਹੈ। ਮੁਸਲਮਾਨੀ ਗਾਥਾਵਾਂ ਵਿਚ ਜਾਦੂ ਮੰਤਰ ਦਾ ਸੰਬੰਧ ਬਾਬਾ ਆਦਮ, ਉਸ ਦੀ ਧੀ ਅਨਾਕ ਅਤੇ 'ਹਵਾ' ਨਾਲ ਜੋੜਿਆ ਜਾਂਦਾ ਹੈ ਅਤੇ ਭੈੜੀਆਂ ਰੂਹਾਂ ਭੂਤਾਂ, ਪ੍ਰੇਤਾਂ ਨੂੰ ਕਾਬੂ ਕਰਨ ਲਈ ਜਾਦੂ-ਮੰਤਰ ਵਾਂਗ '<u>ਤਲਿਸਮੇ</u>' ਤਿਆਰ ਕੀਤੇ ਜਾਂਦੇ ਹਨ ਜਿਨ੍ਹਾਂ ਵਿਚ ਆਮ ਤੌਰ ਤੇ ਇਨ੍ਹਾਂ ਚਾਰ ਫਰਿਸ਼ਤਿਆਂ ਦੇ ਨਾਮ ਹੁੰਦੇ ਹਨ: ਜਬਰੀਲ, ਮਾਂਈਕਲ, ਅਜ਼ਰਾਈਲ, ਇਸਰਾਫੀਲ।[37]

ਭਾਵੇਂ ਕੁਰਾਨ ਦੀਆਂ ਆਇਤਾਂ ਨੂੰ ਜਾਦੂ ਮੰਤਰ ਲਈ ਵਰਤਣਾ ਅਸਲੀ ਮੁਸਲਮਾਨੀ ਰਵਾਇਤ ਅਨਕੂਲ ਨਹੀਂ ਤਾਂ ਵੀ ਮੁਸਲਮਾਨ ਕੁਰਾਨ ਦੀਆਂ ਆਇਤਾਂ ਨੂੰ ਤਲਿਸਮਿਆਂ ਅਤੇ ਜਾਦੂ-ਟੂਣਿਆਂ ਲਈ ਵਰਤਦੇ ਹਨ। ਬਹੁਤ ਸਾਰੀਆਂ ਅਜੇਹੀਆਂ ਪੁਸਤਕਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਇਹ ਦਸਿਆ ਗਿਆ ਹੈ ਕਿ ਕਿਹੜੀ ਕਿਹੜੀ ਬੀਮਾਰੀ ਜਾਂ ਦੁਖ ਲਈ ਕਿਹੜਾ ਸੂਰਾ ਜਾਂ ਕਲਮਾ (ਮੰਤਰ ਧਾਰਾ ਵਾਂਗ) ਪੜ੍ਹਨਾ ਹੈ।[38]

---

35. R.C. Thompson ,Ibid., pp.409-11.
36. I.A. Macculloch,ERE,III,pp.412-413.
37. C.D. Vaux,ERE.,III,pp.441-457.
38. Ibid.,p.460.

ਪਵਿੱਤਰ ਕਲਮਿਆਂ ਵਿਚੋਂ ਇਕ ਕਲਮਾਂ 'ਲਾ ਇਲਾਹ-ਇਲ-ਇਲਾਹ' ਹੈ ਅਰਥਾਤ 'ਅਲਾਹ ਤੋਂ ਬਿਨਾਂ ਹੋਰ ਕੋਈ ਖ਼ੁਦਾ ਨਹੀਂ। ਅਲਾਹ ਮੁਸਲਮਾਨਾਂ ਲਈ ਇਕੋ ਇਕ ਖ਼ੁਦਾ ਸੀ ਅਤੇ ਹੈ।[39] ਸੂਰਾ(47.29) ਵਿਚ ਏਨਾ ਕਲਮਾਂ ਹੀ ਹੈ ਪਰ ਸੂਰਾ(48.29) ਵਿਚ ਮੁਹੰਮਦ ਰਸੂਲ ਇਲਾਹ' ਕਹਿ ਕੇ ਮੁਹੰਮਦ ਸਾਹਿਬ ਨੂੰ ਪੈਗੰਬਰ ਮੰਨਿਆ ਗਿਆ ਹੈ। ਸੂਫ਼ੀ ਫ਼ਕੀਰ ਇਸ ਦਾ ਜਾਪ ਕਰਦੇ ਹਨ। ਇਹ ਕਲਮਾਂ ਯਹੂਦੀ ਧਰਮ ਦੇ 'ਸ਼ੇਮਾ' ਨਾਲ ਮਿਲਦਾ ਜੁਲਦਾ ਹੈ ਜਿਥੇ ਇਹ ਕਿਹਾ ਗਿਆ ਹੈ ,"ਐ ਅਜ਼ਰਾਈਲ, ਸੁਣੋ, ਜੇਹੋਵਾਹ ਸਾਡਾ ਅੇਲੋਹੀਮ ਕੇਵਲ ਇਕ ਜੇਹੋਵਾਹ ਹੈ। 'ਯਹੂਦੀ ਇਸ ਨੂੰ ਸਵੇਰੇ ਸ਼ਾਮ ਪਰਾਰਥਨਾ ਸਮੇਂ ਪੜ੍ਹਦੇ ਹਨ। ਮੁਸਲਮਾਨ ਇਸ ਕਲਮੇ ਦਾ ਪਾਠ ਅਤੇ ਜਾਪ ਮੰਤਰ ਵਾਂਗ ਕਰਦੇ ਹਨ।[40]

ਅਲਫ਼ਾਤਿਹਾ ਦੀ ਦੂਜੀ ਪੰਗਤੀ'ਬਿਸਮਿਲਾ-ਅਰ-ਰਹਿਮਾਨ-ਅਰ-ਰਹੀਮ' (ਰੱਬ ਦੇ ਨਾਂ ਤੇ ਜਿਹੜਾ ਕਿਰਪਾਲੂ ਅਤੇ ਦਿਆਲੂ ਹੈ) ਨੂੰ ਰੋਟੀ ਖਾਣ ਸਮੇਂ, ਨਵੇਂ ਕਪੜੇ ਪਹਿਨਣ ਸਮੇਂ ਅਤੇ ਪੁਸਤਕਾਂ ਦੇ ਆਰੰਭ ਸਮੇਂ ਵਰਤਿਆ ਜਾਂਦਾ ਹੈ। ਇਹ ਕੁਰਾਨ ਦੇ ਹਰੇਕ ਸੂਰੇ ਉਤੇ ਲਿਖਿਆ ਹੁੰਦਾ ਹੈ, ਸਵਾਏ ਨੌਵੇਂ ਸੂਰੇ ਦੇ।[41] ਇਸਲਾਮ ਦਾ ਸਭ ਤੋਂ ਮਹੱਤਵਪੂਰਣ ਅਤੇ ਪਵਿੱਤਰ ਕਲਮਾ'ਅਲਫ਼ਾਤਿਹਾ' ਹੈ ਜਿਸ ਨੂੰ ਪਵਿੱਤਰ ਕੁਰਾਨ ਦਾ ਆਦਿ (ਫ਼ਾਤਿਹਤੁਲ ਕਿਤਾਬ) , ਪ੍ਰਸੰਸਾ ਦਾ ਕਲਾਮ(ਸੂਰਤੁਲ ਹਮਦ), ਕੁਰਾਨ ਦਾ ਤਤਸਾਰ(ਉਮਲ-ਕੁਰਾਨ), ਸੰਪੂਰਨ(ਅਲ ਕਾਫ਼ੀਆ), ਖਜ਼ਾਨਾ(ਅਲਕਨਜ਼) ਆਦਿ ਕਈ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ।[42] ਇਸ ਦੇ ਸ਼ਬਦ ਇਹ ਹਨ:

ਅਲਹਮਦ-ਓ-ਲ-ਇਲਾਹ, ਰਬੁਲ-ਆਲਮੀਨ;
ਅਰ ਰਹਿਮਾਨ-ਇਰ-ਰਹੀਮ ;
ਮਾਲਿਕ- ਏ-ਯੋਮ-ਇਦ-ਦੀਨ;
ਇਯਾਕ ਨਾਬੂਦੂ-ਵ-ਇਯਾਕ ਨਸਤਾਈਨ;
ਇਦਿਨਾ'ਸ-ਸੀਰਾਤ-ਅਲ-ਮੁਸਤਕੀਮ ;
ਸੀਰਾਤ ਅਲਜ਼ੀਨਾ ਅਨਾਮਤਾ ਅਲਿਹਿਮ;
ਗ਼ੈਰਿਲ ਮਗ਼ਜ਼ੂਬੀ ਅਲਹਿਹਿਮ ਵੱਲਾਜ਼ੂਆਲੀਨ।

---

39. Ency. of Islam,Ed.,M.Th.Houtsma,A.J. Wensinck, London,LuZac and Co.,1913,p.302.
40. Dictionary of Islam,Thomas Patrick Hughes, New Delhi :Orient Books Reprint Corporation,1977,p.261.
41. Ibid. ,p.43.
42. Ashfaque Hussain,The spirit of Islam,New Delhi: Asia Publishing House,1958,p.13.

ਅਰਥਾਤ:

ਸਾਰੀ ਪ੍ਰਸੰਸਾ ਅਲਾਹ ਵਾਸਤੇ ਹੈ, ਜੋ ਸਾਰੇ ਸੰਸਾਰਾਂ ਦਾ ਰੱਬ ਹੈ;
ਅਤਿਅੰਤ ਦਿਆਵਾਨ ਅਤੇ ਕ੍ਰਿਪਾਲੂ ਹੈ;
ਉਸ ਦਿਨ ਦਾ ਮਾਲਕ ਹੈ ਜਿਸ ਦਿਨ ਅਮਲਾਂ ਦਾ ਬਦਲਾ ਦਿਤਾ ਜਾਵੇਗਾ;
ਹੇ ਅੱਲਾ, ਅਸੀਂ ਤੇਰੀ ਹੀ ਇਬਾਦਤ ਕਰਦੇ ਹਾਂ ਅਤੇ ਤੈਥੋਂ ਸਹਾਇਤਾ ਮੰਗਦੇ ਹਾਂ;
ਸਾਨੂੰ ਸਿਧੇ ਤੇ ਸਰਲ ਰਾਹ ਪਾ;
ਉਨ੍ਹਾਂ ਲੋਕਾਂ ਦਾ ਰਸਤਾ ਦਸ ਜਿਨ੍ਹਾਂ ਤੇ ਤੂੰ ਕਿਰਪਾ ਕੀਤੀ ;
ਨਾ ਕਿ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਤੇ ਤੇਰੀ ਕਰੋਪੀ ਹੋਈ ਅਤੇ ਜਿਹੜੇ ਭਟਕ ਗਏ।

ਇਹ ਕਲਮਾ ਰੋਮਨ ਕੈਥਲਿਕ ਪੇਸਟਰ ਨਾਸਟਰ ਨਾਲ ਮਿਲਦਾ ਜੁਲਦਾ ਹੈ। ਇਸ ਨੂੰ ਬੀਮਾਰੀ ਦੂਰ ਕਰਨ ਲਈ, ਵਿਛੜੀਆਂ ਰੂਹਾਂ ਦੇ ਮਿਲਾਪ ਲਈ ਅਤੇ ਰੋਜ਼ ਦੀ ਨਿਮਾਜ਼ ਲਈ ਵਰਤਿਆ ਜਾਂਦਾ ਹੈ।[43]

ਸਿਖ 'ਮੂਲ ਮੰਤਰ' ਦੀ ਤਰ੍ਹਾਂ ਇਸੇ 'ਸੂਰੇ' ਨੂੰ ਕੁਰਾਨ ਦਾ ਸੰਖੇਪ ਅਤੇ ਸਾਰ ਕਿਹਾ ਜਾਂਦਾ ਹੈ। 'ਮੂਲ-ਮੰਤਰ' ਦੇ ਵੀ 'ਸੱਤ' ਸਮਾਸ ਹਨ, ਅਤੇ 'ਅਲਫਾਤਿਹਾ' ਦੀਆਂ ਸਤ ਪੰਕਤੀਆਂ ਹਨ। ਦੋਵੇਂ ਰੱਬ ਦੀ ਸਿਫ਼ਤ ਨਾਲ ਸ਼ੁਰੂ ਹੁੰਦੇ ਹਨ ਅਤੇ ਦੋਹਾਂ ਵਿਚ ਰੱਬ ਨੂੰ ਕਿਰਪਾਲੂ ਅਤੇ ਸਹਾਇਕ ਮੰਨਿਆ ਗਿਆ ਹੈ।

3.9 ਬੁਧ ਧਰਮ ਵਿਚ ਮੰਤਰ ਧਾਰਾ:

ਜਾਪਾਨੀ ਬੋਧੀਆਂ ਦਾ ਕੋਈ ਵੀ ਅਜੇਹਾ ਘਰ ਨਹੀਂ ਹੁੰਦਾ ਜਿਸਦੇ ਬਾਹਰ ਮੰਤਰ ਜਾਂ ਮੰਤਰ ਨਾ ਉਕਰਿਆ ਹੋਵੇ।[44] ਜਾਪਾਨੀ ਮੰਦਰਾਂ ਦੇ ਬਾਹਰ ਛਪੇ ਛਪਾਏ ਮੰਤਰ-ਪੱਤਰ ਵਿਕਦੇ ਹਨ ਜਿਨ੍ਹਾਂ ਉਪਰ ਮੰਤਰ-ਮੋਹਰ ਲਗੀ ਹੁੰਦੀ ਹੈ: ਰੱਖਿਆ ਲਈ,' ' ਚੋਰਾਂ ਤੋਂ ਬਚਾਓ ਲਈ,' ' ਸੌਖੇ ਪ੍ਰਸੂਤ ਲਈ' ਇਤਿਆਦਿ। ਕਈ ਮੰਤਰਾਂ ਲਈ ਉਦੇਸ਼ ਹੈ ਕਿ ਇਹ ਲਫਾਫੇ ਵਿਚ ਬੰਦ ਹੀ ਰਹਿਣੇ ਚਾਹੀਦੇ ਹਨ। ਉਨ੍ਹਾਂ ਨੂੰ ਬਾਹਰ ਕਢ ਕੇ ਪੜ੍ਹਨ ਦੀ ਆਗਿਆ ਨਹੀਂ

43. Dictionary of Islam, op.cit., p.125.
44. Barbara Freire Marreco, ERE., III, p.397.

ਹੁੰਦੀ[45] 'ਮੰਤਰ ਯਾਨ' ਬੋਧੀਆਂ ਦੀ ਮਹਾਯਾਨੀ ਪਰਣਾਲੀ ਹੈ ਜਿਸ ਵਿਚ ਮੰਤਰ ਫਾਰਮੂਲਿਆਂ ਨੂੰ 'ਧਾਰਣੀ' ਜਾਂ ਵਿਦਿਆ ਧਰ ਪੰਠਕ ਕਹਿੰਦੇ ਹਨ। ਪਾਲੀ ਗ੍ਰੰਥਾਂ ਵਿਚ ਡਰ, ਬੀਮਾਰੀ, ਸਪਾਂ, ਭੂਤਾਂ ਆਦਿ ਤੋਂ ਬਚਣ ਲਈ ਅਤੇ ਚੰਗੀਆਂ ਵਸਤੂਆਂ ਦੀ ਪਰਾਪਤੀ ਲਈ ਮੰਤਰ ਮੌਜੂਦ ਹਨ।

3.10 ਬੋਧੀਆਂ ਦੀ ਧਾਰਾ ਲਾਮਾਵਾਦ ਵਿਚ ਮੰਤਰਾਂ ਦਾ ਪ੍ਰਯੋਗ ਵਿਸ਼ੇਸ਼ ਅਤੇ ਵਧੇਰੇ ਹੈ। ਉਤਰੀ ਬੋਧੀ ਦੇਸ਼ਾਂ ਵਿਚ ਹਰੇਕ ਆਦਮੀ ਔਰਤ ਅਤੇ ਬੱਚਾ ਹਮੇਸ਼ਾ ਆਪਣੀ ਗਰਦਨ ਜਾਂ ਛਾਤੀ ਜਾਂ ਡੌਲੇ ਨਾਲ ਤਾਵੀਜ਼ ਜਾਂ ਲਿਖਤੀ ਮੰਤਰ ਬੰਨ੍ਹ ਕੇ ਰਖਦਾ ਹੈ। ਸੁਰੱਖਿਆ ਹਿਤ ਕਾਗਜ਼ਾਂ ਉਤੇ ਲਿਖੇ ਮੰਤਰਾਂ ਨੂੰ ਦੀਵਾਰਾਂ ਅਤੇ ਦਰਵਾਜ਼ਿਆਂ ਉਤੇ ਥਪ ਦਿਤਾ ਜਾਂਦਾ ਹੈ।[46] ਤਿਬਤ ਅਤੇ ਲਾਹੁਲ ਵਿਚ ਵਾਢੀ ਸਮੇਂ ਬੋਧੀ ਮਹਾਨ ਕੋਸ਼ਾਂ ਦੀਆਂ 108 ਜਿਲਦਾਂ ਖੇਤਾਂ ਵਿਚ ਲੈ ਜਾਂਦੇ ਹਨ ਤਾਕਿ ਭੈੜੀਆਂ ਰੂਹਾਂ ਨੂੰ ਭਜਾਇਆ ਜਾ ਸਕੇ।

ਮਹਾਂਯਾਨ ਦਾ ਪਵਿੱਤਰ ਗ੍ਰੰਥ 'ਕਾਹ-ਗਯੂਰ' ਜਾਦੂ ਮੰਤਰਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਮੰਤਰਾਂ ਦਾ ਪਰਯੋਗ ਜਾਂ ਤਾਂ ਸਵੈ-ਪੂਰੰਨਤਾ ਅਤੇ ਧਨ ਪ੍ਰਾਪਤੀ ਲਈ ਹੁੰਦਾ ਹੈ ਜਾਂ ਦੁਖਾਂ, ਬੀਮਾਰੀਆਂ, ਲੁਟੇਰਿਆਂ, ਅੱਗ ਪਾਣੀ, ਜ਼ਹਿਰ, ਹਥਿਆਰਾ, ਭੂਚਾਲਾਂ, ਦੈਂਤਾਂ ਅਤੇ ਭੈੜੀਆਂ ਰੂਹਾਂ ਤੋਂ ਸੁਰੱਖਿਆ ਹੁੰਦਾ ਹੈ।

ਉਤਰ ਬੋਧੀਆਂ ਵਿਚ ਮਣੀ-ਮੰਤਰ ਨਿਹਾਇਤ ਲਾਭਦਾਇਕ, ਅਸਰ ਭਰਪੂਰ ਅਤੇ ਸਰਵੋਤਮ ਮੰਨਿਆ ਜਾਂਦਾ ਹੈ ਜਿਸਦੇ ਪਦ ਹਨ:

"ਓਮ ਮਣੀ ਪਦਮੇ ਹੁੰ "[47]

ਇਸ ਦਾ ਪਹਿਲਾ ਸ਼ਬਦ 'ਓਮ' ਉਪਨਿਸ਼ਦਾਂ ਦਾ ਬੀਜ-ਮੰਤਰ ਹੈ ਪਰ ਲਾਮਾ ਅਨਾਗਰੀਕਾ ਗੋਵਿੰਦਾ ਦਾ ਖਿਆਲ ਹੈ ਕਿ ਬੋਧੀ ਪੰਧ ਉਥੋਂ ਸ਼ੁਰੂ ਹੁੰਦਾ ਹੈ ਜਿਥੇ ਉਪਨਿਸ਼ਦਾਂ ਦਾ ਸਮਾਪਤ ਹੁੰਦਾ ਹੈ। ਉਸ ਅਨੁਸਾਰ ਬੋਧੀਆਂ ਵਿਚ 'ਓਮ' ਦੀ ਅਹਿਮੀਅਤ ਅਤੇ ਸਥਾਨ ਉਸੇ ਤਰ੍ਹਾਂ ਵੱਖਰਾ ਹੈ ਜਿਵੇਂ ਬੋਧੀਨਿਰਵਾਣ[48] ਦਾ। ਪੂਰੇ ਮੰਤਰ ਦਾ ਭਾਵ ਹੈ;

ਪਦਮ (ਦੇ ਫੁੱਲ) ਵਿਚਲੀ ਮਣੀ, ਓਮ,
ਨੂੰ ਨਮਸਕਾਰ, ਆਮੀਨ ।'

---

45. W.L.Hildburg,ERE.,III,p.449.

46. J.H. Bateson, art,Charms and Amulets(Budhist),ERE III,P.412.

47. Monier William,Budhism,London:Murray,1889,p.373.

48. Foundations of Tibetan Mysticism,London:Rider,1959,pp.46-47.

ਤਿਬਤੀਆਂ ਦੇ ਸੱਜੇ ਹੱਥਾਂ ਵਿਚ ਘੁੰਮਦੇ ਧਰਮ-ਚਕਰਾਂ ਨੂੰ ਤਿਬਤੀ 'ਮਣੀ' ਕਹਿੰਦੇ ਹਨ ਜਿਸ ਵਿਚ ਇਹ ਮੰਤਰ ਹਜ਼ਾਰਾਂ ਵਾਰੀ ਲਿਖਿਆ ਹੁੰਦਾ ਹੈ। ਤਿਬਤ ਵਿਚ ਮੰਤਰਾਂ ਨਾਲ ਭਰਪੂਰ ਵੱਡੇ ਵੱਡੇ ਸਲੰਡਰ, ਪਥਰਾਂ ਦੇ ਮੀਨਾਰ ਅਤੇ ਸਿਲਾਂ ਆਮ ਵੇਖੀਆਂ ਜਾ ਸਕਦੀਆਂ ਹਨ। ਐਮ.ਹਕ ਨੇ ਚੀਨ ਦੀ ਯਾਤਰਾ ਸਮੇਂ ਤਿਬਤੀ ਮਣੀਆਂ ਦਾ ਭਰਪੂਰ ਵਰਣਨ ਕੀਤਾ ਹੈ।[49]

ਵਾਡੇਲ ਅਨੁਸਾਰ ਬਹੁਤ ਸਾਰੇ ਤਿਬਤੀ ਮੰਤਰ ਭਾਰਤੀ ਹਿੰਦੂ ਅਤੇ ਬੋਧੀ ਮਤ ਤੋਂ ਲਏ ਗਏ ਹਨ ਅਤੇ ਕੁਝ ਮੰਤਰ ਉਨ੍ਹਾਂ ਵੈਦਿਕ ਮੰਤਰਾਂ ਨਾਲ ਮਿਲਦੇ ਹਨ ਜਿਨ੍ਹਾਂ ਦਾ ਮੰਤਵ ਕੁਦਰਤੀ ਸ਼ਕਤੀਆਂ ਨੂੰ ਸਹਿਯੋਗੀ ਬਣਾਉਣਾ ਹੈ।[50] ਕੁਝ ਤਿਬਤੀ ਮੰਤਰ ਯੋਗ ਅਤੇ ਤੰਤਰ ਦੇ ਮਹਾਯਾਨੀ ਬੋਧੀ ਗ੍ਰੰਥਾਂ ਦੇ ਮੰਤਰ ਹਨ ਜਿਹੜੇ ਟੁੱਟੀ ਫੁੱਟੀ ਸੰਸਕ੍ਰਿਤ ਵਿਚ ਉਲਟਾਏ ਗਏ ਹਨ ਅਤੇ ਜਿਨ੍ਹਾਂ ਦੇ ਅਰਥਾਂ ਦਾ ਪਤਾ ਨਹੀਂ ਚਲਦਾ।[51] ਬੋਧੀ ਵਿਚਾਰਧਾਰਾ ਅਨੁਸਾਰ ਕੁਝ ਅਰਥ-ਹੀਣ ਮੰਤਰਾਂ ਉਤੇ ਧਿਆਨ ਜੋੜਨ ਨਾਲ ਸੰਸਾਰ ਦੀ ਅਰਥਹੀਣਤਾ ਦਾ ਅਨੁਭਵ ਹੋ ਜਾਂਦਾ ਹੈ।[52] ਬੋਧੀ ਮੰਤਰ-ਧਾਰਾ ਦਾ 'ਮਣੀ-ਮੰਤਰ' ਰਹੱਸਵਾਦੀ ਪਰਾਪਤੀਆਂ ਦੇ ਆਸ਼ੇ ਤੋਂ ਉਤਰ ਕੇ ਭੌਤਿਕ ਜਾਦੂ ਸ਼ਕਤੀਆਂ ਦੀ ਪਰਾਪਤੀ ਤਕ ਸੀਮਤ ਹੋ ਗਿਆ। "ਬੋਧੀਆਂ ਦੇ ਬਹੁਤ ਸਾਰੇ ਤਾਂਤਰਿਕ ਰਿਵਾਜ ਰਿਗਵੇਦ ਅਤੇ ਅਥਰਵੇਦ ਵਿਚ ਪ੍ਰਾਪਤ ਮੰਤਰ-ਸ਼ਕਤੀਆਂ ਉੱਤੇ ਆਧਾਰਤ ਹਨ।[53]

## 4.1 ਹਿੰਦੂ ਧਰਮ:

ਭਾਰਤ ਵਿਚ ਮੰਤਰਾਂ ਦੀ ਪਰੰਪਰਾ ਵੈਦਿਕ ਰਚਨਾਵਾਂ ਨਾਲ ਸ਼ੁਰੂ ਹੋਈ। ਭਾਵੇਂ ਬਾਅਦ ਵਿਚ ਮੰਤਰ ਸ਼ਬਦ ਦਾ ਅਰਥ, ਭਾਵ, ਪ੍ਰਯੋਗ ਅਤੇ ਮੰਤਵ ਤਬਦੀਲ ਹੁੰਦਾ ਗਿਆ। ਰਿਗਵੇਦ ਵਿਚ 'ਮੰਤਰ' ਸ਼ਬਦ ਦਾ ਪ੍ਰਯੋਗ 'ਪਵਿਤਰ ਬਾਣੀ' 'ਪ੍ਰਾਰਥਨਾ' ਉਸਤਤੀ ਦੇ ਗੀਤਾਂ ਯੋਜਨਾ ਅਤੇ ਯਗਵਾਕਾਂ ਲਈ ਕੀਤਾ ਗਿਆ ਹੈ।[54] ਰਿਗਵੇਦ ਦੀਆਂ ਰਚਨਾਵਾਂ ਦੀ ਬਣਤਰ ਅਤੇ ਭਾਵਨਾ ਜਾਦੂ-ਮੰਤਰਾਂ ਨਾਲੋਂ ਬਿਲਕੁਲ ਵੱਖਰੀ ਹੈ। ਏਥੇ ਮੰਤਰ ਦਾ ਭਾਵ ਕੇਵਲ ਉਸਤਤੀ ਜਾਂ ਪ੍ਰਾਰਥਨਾ ਦਾ ਗੀਤ ਹੈ।[55] ਮੰਤਰ ਦੇ ਇਸ ਭਾਵ ਵਿਚ ਪ੍ਰਾਰਥਨਾ ਦੇ ਗੀਤ ਭਾਰਤ ਅਤੇ ਭਾਰਤ ਤੋਂ ਬਾਹਰ ਦੀਆਂ

---

49. For details see:Hue,Abbe,Gobet, Joseph; Travels in Tartary, Thibet and China,London:Routledge,1928.
50. L.A. Waddell,Budhism of Tibet, Cambridge:Haffer ,p.404.
51. L.A. Waddell,Charms and Amulets,Tibetan,(art.) ERE,III,p.467.
52. Hindu World,p.25.
53. The Cultural Heritage of India, Calcutta:Ramakrishna Mission, 1956,Vol,III,p.260.
54. ਡਾ: ਕ੍ਰਿਸ਼ਨ ਲਾਲ, ਗ੍ਰਹਿ ਮੰਤ੍ਰ ਔਰ ਉਨ ਕਾ ਵਿਨਿਯੋਗ,ਦਿਲੀ; ਨੈਸ਼ਨਲ ਪਬਲਿਸ਼ਿੰਗ ਹਾਊਸ,1970 ਪੰਨਾ17.
55. Monier William,Sanskrit-English Dictionary,p.786.

ਸਾਰੀਆਂ ਸਭਿਆਤਾਵਾਂ ਵਿਚ ਪ੍ਰਾਪਤ ਹਨ।[56] ਰਿਗਵੇਦ ਦੇ ਮੰਤਰ, ਛੰਦਾਂ-ਬੰਦੀ ਵਿਚ ਕੁਦਰਤੀ ਸ਼ਕਤੀਆਂ ਦੀ ਦੈਵੀ ਉਪਮਾ ਦੀਆਂ ਕਾਵਿ-ਪੰਗਤੀਆਂ ਜਾਂ ਗੀਤ ਹਨ ਜਿਨ੍ਹਾਂ ਨੂੰ ਰਿਚਾਵਾਂ ਦਾ ਸੰਹਿਤਾ ਭਾਗ ਕਿਹਾ ਜਾਂਦਾ ਹੈ। ਦੂਜਾ ਬ੍ਰਾਹਮਣ ਭਾਗ ਹੈ ਜਿਸ ਵਿਚ ਕਰਮ ਕਾਂਡ ਅਤੇ ਧਰਮ ਸੰਸਕਾਰ, ਰੀਤਾਂ ਰਸਮਾਂ ਅਤੇ ਵਿਧੀ ਪੂਜਾ ਹੈ। ਤੀਜਾ ਆਰਣਯਕ ਜਾਂ ਉਪਨਿਸ਼ਦਾਂ ਹਨ ਜਿਨ੍ਹਾਂ ਵਿਚ ਦਾਰਸ਼ਨਿਕ ਵਿਚਾਰ ਹਨ। ਸੰਹਿਤਾ ਭਾਗ ਜਿਸ ਵਿਚ 1017 ਮੰਤਰ ਹਨ, ਸਭ ਤੋਂ ਵੱਧ ਮਹੱਤਵਪੂਰਣ ਹੈ।[57]

ਸ਼ੁਰੂ ਸ਼ੁਰੂ ਵਿਚ ਆਤਮਕ ਸੋਝੀ ਜਾਂ ਅਧਿਆਤਮਕ ਰਹੱਸ ਦੀ ਪ੍ਰਾਪਤੀ ਲਈ ਇਨ੍ਹਾਂ ਮੰਤਰਾਂ ਦਾ ਜਾਪ, ਪਾਠ, ਵਿਚਾਰ ਅਤੇ ਧਿਆਨ ਕੀਤਾ ਜਾਂਦਾ ਸੀ ਕਿਉਂਕਿ ਰਿਗਵੇਦ ਦੀ ਅੰਦਰਲੀ ਗਵਾਹੀ ਅਨੁਸਾਰ ਵੀ ਇਹ ਮੰਤਰ ਸਾਧਾਰਣ ਕਾਵਿ-ਪੰਗਤੀਆਂ ਨਹੀਂ, ਨਾ ਹੀ ਮਨ ਅਤੇ ਬੁੱਧੀ ਦੀਆਂ ਕਿਰਤਾਂ ਹਨ, ਸਗੋਂ ਤਿਆਗ, ਤਪਸਿਆ ਅਤੇ 'ਸਤਿ' ਦੇ ਧਾਰਨੀ ਵੈਦਕ-ਰਿਸ਼ੀਆਂ ਦੇ ਸੱਚੇ ਸੰਕਲਪ ਹਨ।[58] ਇਹ ਮੰਤਰ ਪਰਮ-ਤੱਤ ਦੇ ਪ੍ਰਤੱਖ ਦਰਸ਼ਨਾਂ ਦੀਆਂ ਕਾਵਿ-ਮੂਰਤਾਂ ਹਨ। ਵੇਦਾਂ ਵਿਚ ਆਵੇਸ਼ ਵਿਚ ਪ੍ਰਾਪਤ ਹੋਏ ਇਨ੍ਹਾਂ ਮੰਤਰਾਂ ਦੇ ਸਰੋਤ ਨੂੰ ਅੰਤਾਹ ਸਾਮੁਦਰ ਅਤੇ 'ਪਰਮ ਵਿਓਮ' ਕਿਹਾ ਗਿਆ ਹੈ।[59]

4.2 ਸਮੇਂ ਦੇ ਬੀਤਣ ਨਾਲ ਇਨ੍ਹਾਂ ਰਿਚਾਵਾਂ ਜਾਂ ਮੰਤਰਾਂ ਦੇ ਅਸਲੀ ਅਰਥ ਅਤੇ ਮਨੋਰਥ ਖ਼ਤਮ ਹੁੰਦੇ ਗਏ ਅਤੇ ਇਨ੍ਹਾਂ ਨੂੰ ਨਿਰੋਲ ਭੌਤਿਕ ਪ੍ਰਾਪਤੀਆਂ ਲਈ ਜਾਦੂ, ਟੂਣੇ, ਅਤੇ ਮੰਤਰ ਜੰਤਰ ਨਾਲ ਜੋੜ ਦਿਤਾ ਗਿਆ। ਭਾਵਾਂ ਅਤੇ ਅਰਥਾਂ ਦੀ ਥਾਂ ਮੰਤਰ ਦੇ ਕਰਮ-ਕਾਂਡ ਆਵਾਜ਼ ਉਚਾਰਣ, ਵਿਧੀ ਆਸਣ ਨੇ ਲੈ ਲਈ।[60] ਮੰਤਰਾਂ ਦਾ ਉਚਾਰਣ ਵੀ ਉਚਕੁਲ ਦੇ ਬ੍ਰਾਹਮਣਾਂ ਤਕ ਸੀਮਤ ਕਰ ਦਿਤਾ ਗਿਆ। 'ਪਰਮਾਤਮਾ' ਤੋਂ ਪ੍ਰਾਪਤ ਹੋਏ ਇਨ੍ਹਾਂ ਵੇਦਾਂ ਮੰਤਰਾਂ ਦਾ ਇਕ ਸ਼ਬਦ ਵੀ ਨੀਵੀਂ ਕੁਲ ਲਈ ਸੁਣਨਾ, ਮਹਾਂ-ਅਪਰਾਧ ਸਮਝਿਆ ਜਾਂਦਾ ਸੀ।

ਅਥਰਵ ਵੇਦ ਦੇ ਸਮੇਂ ਤਕ ਮੰਤਰ ਦਾ ਲਕਸ਼ ਕੇਵਲ ਜਾਦੂ ਟੂਣਿਆਂ ਅਤੇ ਦੁਖਾਂ ਬੀਮਾਰੀਆਂ ਦੀ ਨਵਿਰਤੀ ਤਕ ਸੀਮਤ ਹੋ ਗਿਆ। ਅਥਰਵਨ ਜਾਦੂਗਰ ਪ੍ਰੋਹਤਾਂ ਦੀ ਜਮਾਤ ਸੀ। ਇਨ੍ਹਾਂ ਦਾ ਮੁੱਖ ਕੰਮ ਜੜੀਆਂ ਬੂਟੀਆਂ ਦੇ ਪ੍ਰਯੋਗ ਅਤੇ ਮੰਤਰ-ਪਾਠ ਰਾਹੀਂ ਦੁਖਾਂ ਕਲੇਸ਼ਾਂ ਦੀ ਨਵਿਰਤੀ ਸੀ।[61]

---

56. ERE., III,p.393.
57. W.J.Wilkins,Hindu Mythology:Vedic and Puranic, Delhi:Rupa and Co., 1973,p. 5.
58. Rigved,10.67
59. Rigveda,1.37.4;3.18.3.
60. Hindu World,op.cit.,p.25.
61. Brandon, SGF,A Dictionary of Comparative Religion London: Weidenfield and Nicolson,1970, Introduction,p.iii.

ਮੈਕਸਮੂਲਰ ਦੀ ਤਿਆਰ ਕੀਤੀ ਅਥਰਵੇਦ ਦੀ ਵਿਸ਼ਿ-ਸੂਚੀ ਤੋਂ ਪ੍ਰਤੱਖ ਹੈ ਕਿ ਇਨ੍ਹਾਂ ਮੰਤਰਾਂ ਦਾ ਨਕਸ਼ ਦੁਨਿਆਵੀ ਲਾਭਾਂ ਦੀ ਪ੍ਰਾਪਤੀ, ਵੈਰੀਆਂ ਦੀ ਤਬਾਹੀ ਅਤੇ ਦੁਖਾਂ ਬੀਮਾਰੀਆਂ ਤੋਂ ਛੁਟਕਾਰਾ ਹੈ। ਕੁਝ ਉਦੇਸ਼ ਇਸ ਪ੍ਰਕਾਰ ਹਨ: ਰੋਗਾਂ ਅਤੇ ਦੈਂਤਾਂ ਤੇ ਹਾਵੀ ਹੋਣ ਦੇ ਮੰਤਰ ; ਤਕਮਾਨ ਤਾਪ, ਪੀਲੀਆ ਅਤੇ ਹੋਰ ਬੀਮਾਰੀਆਂ, ਖਾਂਸੀ, ਕਬਜ਼, ਅੰਦਰੂਨੀ ਪੀੜ, ਅਧਰੰਗ, ਜਮਾਂਦਰੂ ਰੋਗ, ਟੁੱਟੀ ਹੱਡੀ ਅਤੇ ਜ਼ਖ਼ਮ ਠੀਕ ਕਰਨ ਦੇ ਮੰਤਰ; ਲੰਮੇਰੇ ਜੀਵਨ, ਪੂਰਨ ਅਰੋਗਤਾ, ਚੰਗੀ ਸਿਹਤ ਬਾਰੇ ਮੰਤਰ; ਇਸਤ੍ਰੀਆਂ ਬਾਰੇ ਜਿਵੇਂ ਪਤੀ, ਪਤਨੀ ਅਤੇ ਪੁੱਤਰ ਪ੍ਰਾਪਤੀ ਦੇ ਮੰਤਰ; ਇਸਤ੍ਰੀ ਨੂੰ ਬਾਂਝ ਕਰਨ, ਸੌਖੇ ਪ੍ਰਸੂਤ ਅਤੇ ਸੰਕਟ ਵਿਰੁੱਧ ਮੰਤਰ; ਰਾਜਸੱਤਾ ਲਈ, ਸਭਾ ਵਿਚ ਪ੍ਰਭਾਵਸ਼ਾਲੀ ਹੋਣ ਲਈ ਅਤੇ ਦੁਸ਼ਮਣੀ ਦੂਰ ਕਰਨ ਦੇ ਮੰਤਰ; ਘਰ ਖੇਤ, ਡੰਗਰ, ਵਿਓਪਾਰ, ਜੂਏ ਅਤੇ ਹੋਰ ਮਾਮਲਿਆਂ ਵਿਚ ਪ੍ਰਫੁਲੱਤਾ ਲਈ ਮੰਤਰ ਹਨ।[62] ਅਥਰਵਵੇਦ ਰਿਗਵੇਦ ਦੀਆਂ ਆਤਮਕ ਸਿਖਰਾਂ ਭੁਲ ਕੇ ਜਾਦੂ ਟੂਣਿਆਂ ਦਾ ਕੂੰਬ ਬਣ ਗਿਆ। ਨਤੀਜੇ ਵਜੋਂ ਭਾਰਤੀ ਧਰਮਾਂ ਅਤੇ ਫਿਰਕਿਆਂ ਵਿਚ ਆਪੋ ਆਪਣੇ ਮੰਤਰ-ਵਿਧਾਨ ਦਾ ਵਿਕਾਸ ਹੋਣ ਲਗਾ। ਵੈਦਿਕ, ਜੈਨੀ ਬੋਧੀ ਸਾਹਿਤ ਵਿਚ ਮੰਤਰ-ਵਿਧਾਨ ਉਤੇ ਕਿੰਨੀਆਂ ਹੀ ਪੁਸਤਕਾਂ ਲਿਖੀਆਂ ਗਈਆਂ ਹਨ। "ਮੰਤਰ-ਵਿਸ਼ਵਾਸ਼ੀਆਂ ਦੇ ਤਿੰਨ ਮਾਰਗ ਪ੍ਰਸਿੱਧ ਹਨ — ਦਕਸ਼ਣ ਮਾਰਗ( ਸਾਤਵਿਕ), ਵਾਮ ਮਾਰਗ(ਤਾਮਸੀ) ਅਤੇ ਮਿਸ਼ਰ ਮਾਰਗ( ਦੋਵੇਂ ਅੰਸ਼ ਮਿਸ਼ਰਤ ਹਨ)। ਮੱਧ ਕਾਲੀਨ ਸਮੇਂ ਵਿਚ ਇਹ ਮਾਰਗ ਨਵੀਆਂ ਧਾਰਾਵਾਂ-ਵੈਸ਼ਨਵ, ਸ਼ਿਵ ਅਤੇ ਸਾਕਤ ਮਤ ਹੇਠ ਜਾਣੇ ਜਾਣ ਲਗ ਪਏ।[63]

4.3 ਵੈਸ਼ਨਵ ਮਤ ਵਿਚ ਦੇਵਤਾ -ਮੰਤਰ ਦੀ ਵਿਸ਼ੇਸ਼ ਮਹੱਤਾ ਹੈ। ਕਿਸੇ ਦੇਵਤਾ ਇਸ਼ਟ ਜਾਂ ਅਵਤਾਰ, ਜਿਵੇਂ ਰਾਮ ਅਤੇ ਕ੍ਰਿਸ਼ਨ ਦੇ ਨਾਵਾਂ ਦਾ ਨਾਮ-ਸੰਕੀਰਤਨ ਬੜੀ ਹਰਮਨ ਪਿਆਰੀ ਪ੍ਰਥਾ ਬਣ ਗਈ। ਵੈਸ਼ਨਵ ਧਰਮ ਦਾ ਬਾਰਾਂ ਅਖਰਾਂ (ਦਵਾਦਸਾਨਸ਼ਰਾ) ਮੰਤਰ ਇਸ ਪ੍ਰਕਾਰ ਹੈ :

" ਓਮ ਨਮੋ ਭਗਵਤੇ ਵਾਸੂ ਦੇਵਾਯ "

ਵੈਸ਼ਨਵਾਂ ਦੇ ਰਾਮਾਨੁਜ ਮੱਤ ਜਾਂ ਸ੍ਰੀ ਸੰਪਰਦਾਇ ਦਾ ਮੁੱਖ ਮੰਤਰ ਇਹ ਹੈ;

" ਓਮ, ਰਾਮਾਯ ਨਮਹ ।"[64]

---

62. The Sacred Books of the East, F. Max Muller(ed.) ,Vol.42.,Hy of Atharva Veda, Delhi:Moti Lal Banarsi Dass, 1964.pp.18-229.
63. Krishan Lal,The Concept of 'Mantra' and MoolMantra'(art.) G.N.D.University,1973,p.2.
64. Hindu World,Vol.II, p.27.

4.4 ਸਮੁੱਚੀ ਹਿੰਦੂ ਪਰੰਪਰਾ ਵਿਚ ਬੀਜ-ਮੰਤਰਾਂ ਵਿਚੋਂ 'ਓਮ' ਅਤੇ ਵੇਦ ਮੰਤਰਾਂ ਵਿਚੋਂ 'ਗਾਇਤਰੀ ਮੰਤਰ' ਨੂੰ ਸਰਵੋਤਮ ਮੰਨਿਆ ਜਾਂਦਾ ਹੈ। ਇਹ ਰਿਗਵੇਦ ਦੀ ਸਭ ਤੋਂ ਪਵਿੱਤਰ ਪੰਗਤੀ ਹੈ।[65] ਬਰੈਂਡਨ[66] ਅਨੁਸਾਰ ਗਾਇਤਰੀ ਬ੍ਰਾਹਮਣਧਾਰਾ ਦਾ ਮੁੱਖ ਮੰਤਰ ਹੈ ਜਿਸ ਵਿਚ ਸੂਰਜ ਸੰਬੰਧੀ ਉਸਤਤੀ ਮਈ ਪ੍ਰਾਰਥਨਾ ਕੀਤੀ ਗਈ ਹੈ। ਇਸਦੇ ਮੂਲ ਸ਼ਬਦ ਇਹ ਹਨ:

"ਓਮ! ਭੂਰ ਭੂਵਾਹ ਸਵਾਹ ਤਾਤ ਸਵਿਤੁਰ ਵਰੈਣਯਮ,<br>
ਭਾਰਗੋ ਦੇਵਸਯ ਧੀਮਾਹੀ ਧੀਯੋ ਯੋਨਾਹ ਪ੍ਰਚੋਦਯਾਤ

ਅਰਥਾਤ:

"ਓਮ! ਹਵਾ ਧਰਤੀ, ਆਕਾਸ਼!<br>
ਆਉ ਸੂਰਜ ਦੇ ਪਰਮ ਪ੍ਰਕਾਸ਼ ਉਤੇ ਧਿਆਨ ਜੋੜੀਏ!<br>
ਉਹ ਸਾਡੇ ਮਨਾਂ ਨੂੰ ਰੋਸ਼ਨ ਕਰੇ।"

ਛੰਦੋਗ ਉਪਨਿਸ਼ਦ ਵਿਚ ਕੀਤੀ ਵਿਆਖਿਆ ਅਨੁਸਾਰ ਗਾਇਤਰੀ ਵਿਚ ਆਤਮ-ਪ੍ਰਕਾਸ਼ ਦੀ ਯਾਚਨਾ ਹੈ। ਆਰਥਰ ਐਵਲੋਨ ਅਨੁਸਾਰ ਗਾਇਤਰੀ ਵੇਦਾਂ ਦਾ ਤੱਤ ਹੈ ਅਤੇ ਜਿਹੜਾ ਬ੍ਰਾਹਮਣ ਗਾਇਤਰੀ ਤੋਂ ਅਵੇਸਲਾ ਹੁੰਦਾ ਹੈ, ਉਹ ਨੀਵਾਂ ਚੰਡਾਲ ਹੈ, ਉਹ ਯਵਨ ਦੀ ਕੁੱਖ ਤੋਂ ਹੈ, ਉਸ ਪਾਪੀ ਤੋਂ ਪਾਣੀ ਪੀਣ ਨਾਲੋਂ ਯਵਨ ਤੋਂ ਭੋਜਨ ਖਾ ਲੈਣਾ ਚੰਗਾ ਹੈ।[67]

4.5. ਸੰਸਾਰ ਦੇ ਵੱਖ ਵੱਖ ਧਰਮਾਂ ਦੀ ਸਥਿਤੀ ਦੇ ਅਧਿਐਨ ਤੋਂ ਇਕ ਗਲ ਸਪਸ਼ਟ ਹੈ ਕਿ ਹੋਰਨਾਂ ਧਰਮਾਂ ਵਿਚ ਮੰਤਰ ਦਾ ਸੰਕਲਪ ਠੀਕ ਉਸ ਤਰ੍ਹਾਂ ਵਿਕਸਤ ਨਹੀਂ ਹੋਇਆ ਜਿਸ ਤਰ੍ਹਾਂ ਹਿੰਦੂ ਧਰਮ ਵਿਚ ਹੈ। ਹਿੰਦੂ ਧਰਮ ਦੇ ਆਲੇ ਦੁਆਲੇ ਅਤੇ ਵਾਤਾਵਰਣ ਵਿਚ ਪਨਪੀ ਸਿਖ ਵਿਚਾਰਧਾਰਾ ਵਿਚ ਮੰਤਰ ਦੇ ਸੰਕਲਪ ਨੂੰ ਵਾਚਣ ਲਈ ਸਾਡਾ ਮੁੱਖ ਸੰਦਰਭ ਖੇਤਰ ਹਿੰਦੂ ਦਰਸ਼ਨ ਦੇ ਵੱਖ ਵੱਖ ਰੂਖਾਂ ਹੀ ਹੋ ਸਕਦੇ ਹਨ। ਇਨ੍ਹਾਂ ਦੇ ਆਧਾਰ ਤੇ ਸਮੁੱਚੀ ਮੰਤਰ-ਪਰਣਾਲੀ ਵਿਚ ਮੰਤਰਾਂ ਦੀ ਵੰਡ, ਨਾਮ ਇਸ਼ਟ, ਦੇਵਤੇ, ਗੁਰਦੀਖਿਆ, ਫੱਲ, ਉਚਾਰਣ ਵਿਧੀ, ਮਾਲਾ, ਆਸਣ ਅਤੇ ਅਸਥਾਨਾਂ ਦਾ ਸੰਖੇਪ ਵਰਣਨ ਕੁਥਾਂ ਨਹੀਂ ਹੋਵੇਗਾ।

5.1. <u>ਮੰਤਰ ਵੰਡ:</u>

ਮੰਤਰ ਵੰਡ ਉਚਾਰਣ, ਸ਼ਬਦਾਂ ਜਾਂ ਅੱਖਰਾਂ ਦੀ ਗਿਣਤੀ, ਲੱਛਣ ਜਾਂ ਪ੍ਰਭਾਵ ਅਤੇ ਲਿੰਗ ਅਨੁਸਾਰ ਕੀਤੀ ਜਾਂਦੀ ਹੈ। ਬੈਂਜਮਨ ਵਾਕਰ ਨੇ ਉਚਾਰਣ ਦੇ ਆਧਾਰ ਤੇ ਮੰਤਰਾਂ ਨੂੰ 'ਕੰਠਕ ਮੰਤਰ'

---

65. RigVeda, 3.16.10.
66. Op.cit., p.425.
67. Principles of Tantras, op.cit., pp.173-174.

ਅਤੇ 'ਅਜਪਾ ਮੰਤਰ' ਦੋ ਸ਼੍ਰੇਣੀਆਂ ਵਿਚ ਵੰਡਿਆ ਹੈ। 'ਕੰਠਕ' ਦੀਆਂ ਅਗੋਂ ਚਾਰ ਸ਼੍ਰੇਣੀਆਂ ਹਨ 'ਵਾਚਿਕ, ਭਰਮਰ, ਗਿਆਤਿਕ ਅਤੇ 'ਮਾਨਸ' ਮੰਤਰ। ਅੱਖਰਾਂ ਦੀ ਗਿਣਤੀ ਅਨੁਸਾਰ ਪੰਚਾਕਸ਼ਰਾ ਦਸ਼ਾਕਸ਼ਰਾ, ਇਕਾਕਸ਼ਰਾ, ਦਵਾਦਸ਼ਾਕਸ਼ਰਾ ਆਦਿ ਮੰਤਰ ਹੋ ਸਕਦੇ ਹਨ।[68] ਪ੍ਰਭਾਵ ਅਨੁਸਾਰ ਬੈਨਫੋਰ ਮੰਤਰਾਂ ਨੂੰ ਛੇ ਸ਼੍ਰੇਣੀਆਂ ਵਿਚ ਵੰਡਦਾ ਹੈ —ਮਾਰਣ, ਮੋਹਨ, ਸਤੰਭਨ, ਅਕਰਸ਼ਣ, ਵਸੀਕਰਣ ਅਤੇ ਉਚਾਟਨ। ਲਿੰਗ ਵੰਡ ਵਿਚ ਪੁਲਿੰਗ ਇਸਤ੍ਰੀ ਲਿੰਗ ਅਤੇ ਅਲਿੰਗ ਮੰਤਰ ਵੀ ਹੋ ਸਕਦੇ ਹਨ।[69] ਇਸ ਵੰਡ ਵਿਚ ਬੀਜ ਮੰਤਰ ਸਭ ਤੋਂ ਉਤਮ, ਮੂਲ ਅਤੇ ਅਧਿਕ ਸ਼ਕਤੀਸ਼ਾਲੀ ਅਤੇ ਰਹੱਸਵਾਦੀ ਮੰਤਰ ਮੰਨਿਆ ਜਾਂਦਾ ਹੈ।[70] ਇਹ ਇਕੋ ਮਾਤਰਾ ਦਾ ਬੀਜ ਰੂਪ ਹੁੰਦਾ ਹੈ ਅਤੇ ਇਸ ਦਾ ਅੰਤ ਅਨੁਸਵਰ ਵਿਚ ਹੁੰਦਾ ਹੈ। ਬੀਜ-ਮੰਤਰ ਵਿਚ ਸਾਰੀ ਸੰਪਰਦਾਇਕ ਵਿਚਾਰਧਾਰਾ ਸਮਾਈ ਹੁੰਦੀ ਹੈ। 8000 ਸ਼ਲੋਕਾਂ ਦਾ ਸਾਰ ਇਕ ਬੀਜ-ਮੰਤਰ ਵਿਚ ਸਮਾ ਸਕਦਾ ਹੈ।[71] ਮੈ -ਉ. ਅਨੁਸਾਰ' ਓਮ' ਬੀਜ ਮੰਤਰ ਦੇ ਉਚਾਰਨ ਨਾਲ ਸਾਰੇ ਦੇਵਾਂ ਦੀ ਉਪਾਸ਼ਨਾ ਹੋ ਜਾਂਦੀ ਹੈ।[72]

5.2 <u>ਮੰਤਰ ਗੁਰਦੀਖਿਆ</u> ਬਿਨਾਂ ਮੰਤਰ-ਗਿਆਨ ਅਤੇ ਮੰਤਰ-ਵਿਧੀ ਅਸੰਭਵ ਹੁੰਦੀ ਹੈ ਕਿਉਂਕਿ ਮੰਤਰ-ਗੁਰੂ ਨੂੰ ਹੀ ਸੰਪਰਦਾਇਕ ਮਾਰਗ, ਤੱਤਵ ਅਤੇ ਮੰਤਰ-ਰਹੱਸ ਦਾ ਪੂਰਾ ਗਿਆਨ, ਭੇਦ ਅਤੇ ਅਨੁਭਵ ਹੁੰਦਾ ਹੈ ਜੋ ਉਸ ਨੇ ਆਦਿ ਗੁਰੂ ਤੋਂ ਪੀੜ੍ਹੀ ਦਰ ਪੀੜ੍ਹੀ ਪਰਾਪਤ ਕੀਤਾ ਹੁੰਦਾ ਹੈ।

5.3 <u>ਮੰਤਰਾਂ ਦੇ ਫਲ</u> ਕਈ ਹੋ ਸਕਦੇ ਹਨ ਜਿਵੇਂ ਆਤਮ-ਬੋਧ, ਦੇਵਤਿਆਂ ਅਤੇ ਕੁਦਰਤੀ ਸ਼ਕਤੀਆਂ ਦੀ ਸਰਾਹਨਾਤੋਂ ਸਹਾਇਤਾ ਆਦਿ। ਕੌਵਚ, ਅਸਤਰ ਅਤੇ ਵਿਯੁਤ ਮੰਤਰ, ਤਬਾਹੀ ਬਰਬਾਦੀ ਤੋਂ ਸੁਰੱਖਿਆ, ਵੈਰੀਆਂ ਦੀ ਤਬਾਹੀ ਇਤਿਆਦਿ ਲਈ ਵਰਤੇ ਜਾਂਦੇ ਹਨ।[73] ਮੰਤਰ ਉਚਾਰਣ ਵਿਧੀ ਉਤੇ ਵਿਸ਼ੇਸ਼ ਬਲ ਦਿਤਾ ਜਾਂਦਾ ਹੈ। ਕਿਉਂਕਿ ਮੰਤਰਾਂ ਦਾ ਅਸ਼ੁੱਧ, ਅਯੋਗ ਸਮੇਂ ਅਤੇ ਅਨ-ਅਧਿਕਾਰੀ ਦਾ ਉਚਾਰਣ ਚੰਗੇ ਦੀ ਥਾਂ ਪ੍ਰਤਿਕ੍ਰਿਆਤਮਕ ਨਤੀਜੇ ਪੈਦਾ ਕਰ ਸਕਦਾ ਹੈ।

5.4 <u>ਮੰਤਰ ਜਾਪ ਲਈ ਮਾਲਾ</u> ਦੀ ਸਹਾਇਤਾ ਵੀ ਲਈ ਜਾਂਦੀ ਹੈ। ਸ਼ੈਵ ਰੁਦਰਾਕਸ਼ ਦੀ ਮਾਲਾ, ਵੈਸ਼ਣਵ ਤੁਲਸੀ ਦੇ ਮਣਕਿਆਂ ਦੀ ਮਾਲਾ, ਅਤੇ ਤਾਂਤਰਿਕ ਸਫਟਿਕ, ਹੀਰੇ, ਮੋਤੀ ਪੱਥਰ ਅਤੇ ਮਣੀਆਂ ਦੀ ਮਾਲਾ ਵਧੇਰੇ ਚੰਗੀ ਅਤੇ ਗੁਣਕਾਰੀ ਸਮਝਦੇ ਹਨ।

---

68. Hindu World,II p.26.
69. Cyclopedia of India, op.cit.,p.854.
70. Monier William Sanskrit-English Dictionary, p.732.
71. Hindu World,II,p.103.
72. Mait,up.6.5.
73. Hindu World, II,(25).

5.5 ਮੰਤਰ ਉਚਾਰਣ ਲਈ ਵਿਸ਼ੇਸ਼ ਆਸਣਾਂ ਵਿਚੋਂ ਕਰਮਵਾਰ ਚੰਗੇ ਅਤੇ ਘਟ ਚੰਗੇ ਆਸਣ ਇਹ ਹਨ — ਕਾਲੇ ਹਿਰਣ ਜਾਂ ਸ਼ੇਰ ਦੀ ਖਲ, ਕੰਬਲ, ਪੱਤਿਆਂ ਦੀ ਚਿਟਾਈ, ਪੱਥਰ ਜਾਂ ਲਕੜ, ਕਪੜਾ, ਨੰਗੀ ਧਰਤੀ ਅਤੇ ਘਾਹ ਦਾ ਆਸਣ।

5.6 ਮੰਤਰ ਉਚਾਰਣ ਅਸਥਾਨ ਮੰਤਰ -ਸਿਧੀ ਲਈ ਵਿਸ਼ੇਸ਼ ਵਿਸ਼ੇਸ਼ਤਾ ਰਖਦਾ ਹੈ। ਵੈਦਿਕ, ਪੌਰਾਣਿਕ, ਵੈਸ਼ਣਵ ਅਤੇ ਸਾਤਵਿਕ ਮੰਤਰਾਂ ਦੀ ਸਿਧੀ ਤੀਰਥ ਅਸਥਾਨ, ਦਰਿਆ-ਕੰਢਾ, ਸ਼ਾਂਤ-ਸਮੁੰਦਰ ਜਾਂ ਇਕਾਂਤ ਜਗ੍ਹਾ ਤੇ ਹੋ ਸਕਦੀ ਹੈ। ਤਾਂਤਰਿਕ ਮੰਤਰਾਂ ਦੀ ਸਿਧੀ ਦੇ ਚਾਰ ਅਸਥਾਨ ਹਨ—ਸ਼ਮਸ਼ਾਨ-ਘਾਟ, ਸ਼ਵਪੀਠਕ( ਮਿਰਤਕ ਸਰੀਰ) ,ਆਰਣਯ ਪੀਠਕ (ਜੰਗਲ ਵਿਚ) ਅਤੇ ਸ਼ਯਾਮਪੀਠਕ (ਇਸਤ੍ਰੀ)।

6. ਅਸੀਂ ਪਹਿਲਾਂ ਵਿਚਾਰ ਕਰ ਆਏ ਹਾਂ ਕਿ ਭਾਰਤੀ ਮੰਤਰ ਪਰੰਪਰਾ ਰਿਗਵੇਦ ਦੇ ਮਹਾਨ ਰਹੱਸਵਾਦੀ ਮਰਮ ਨੂੰ ਭੁਲ ਕੇ ਅਥਰਵਣ ਕਾਲ ਵਿਚ ਹੀ ਭੌਤਿਕ ਮੰਤਰ-ਜਾਲ ਵਿਚ ਵਿਲੀਨ ਹੋ ਚੁਕੀ ਸੀ। ਉਪਨਿਸ਼ਦਾਂ ਦਾ ਉਤਮ ਅਧਿਆਤਮਕ ਦਰਸ਼ਨ ਵੀ ਇਸ ਨੀਵੀਂ ਲੋਕ-ਰੁੱਚੀ ਨੂੰ ਬਦਲ ਨਾ ਸਕਿਆ ਅਤੇ ਨਤੀਜੇ ਵਜੋਂ ਮੰਤਰ-ਵਿਧਾਨ ਭਾਰਤੀ ਜੀਵਨ ਦਾ ਅਨਿਖੜਵਾਂ ਅੰਗ ਬਣ ਗਿਆ। ਇਸ ਨੀਵੀਂ ਲੋਕ-ਰੁੱਚੀ ਦਾ ਕਬੀਰ ਦੇ ਪ੍ਰਸੰਗ ਵਿਚ ਦਿਤਾ ਇਕ ਉਲੇਖ ਹਜ਼ਾਰੀ ਪ੍ਰਸਾਦ ਦਿਵੇਦੀ ਦੇ ਆਪਣੇ ਹੀ ਸ਼ਬਦਾਂ ਵਿਚ ਦੇ ਕੇ ਇਹ ਪ੍ਰਸੰਗ ਸਮਾਪਤ ਕੀਤਾ ਜਾਂਦਾ ਹੈ: "ਜਿਸ (ਕਬੀਰ) ਧਰਮਵੀਰ ਨੇ ਪੀਰ ਪੈਗੰਬਰ ਔਲੀਆ ਆਦਿ ਕੇ ਭਜਨ-ਪੂਜਨ ਕਾ ਨਿਸ਼ੇਧ ਕੀਆ ਥਾ, ਉਸ ਕੀ ਪੂਜਾ ਚਲ ਪੜੀ; ਇਸ ਸੇ ਬੜ ਕਰ ਆਸ਼ਚਰਯ ਕਿਆ ਹੋ ਸਕਦਾ ਹੈ? "ਕਬੀਰ ਉਪਾਸਨਾ ਪਧਤਿ" ਮੇਂ ਸੋਨੇ ਕਾ, ਧੋਨੇ ਕਾ, ਦਾਤੁਨ ਕਰਨੇ ਕਾ, ਜਲ ਮੇਂ ਪੈਠਨੇ ਕਾ, ਸਨਾਨ ਕਰਨੇ ਕਾ, ਤਰਪਣ ਕਰਨੇ ਕਾ, ਚਰਣਾਂ-ਮ੍ਰਿਤ ਲੇਨੇ ਔਰ ਦੇਨੇ ਕਾ, ਜਲ ਪੀਨੇ ਕਾ, ਘਰ ਬੁਹਾਰਨੇ ਕਾ, ਚੂਲਹੇ ਮੇਂ ਆਗ ਡਾਲਨੇ ਕਾ, ਪਰਸਨੇ ਕਾ, ਸੀਂਚਾਨੇ ਕਾ ਤਥਾ ਅਨਯ ਅਨੇਕ ਛੋਟੇ ਮੋਟੇ ਕਰਮੋਂ ਕਾ 'ਮੰਤਰ' ਦੀਆ ਗਿਆ ਹੈ। ਟੋਪੀ ਲਗਾਨੇ ਕਾ, ਦੀਪਕ ਬਾਰਨੇ ਕਾ, ਆਸਨ ਲਗਾਨੇ ਕਾ, ਕਮਰ ਕਸਨੇ ਕਾ, ਰਸਤਾ ਚਲਨੇ ਕਾ ਸੁਮਿਰਨ ਦੀਆ ਗਿਆ ਹੈ। ਯੇਹ ਮੰਤਰ ਬੀਜਕ ਆਦਿ ਗ੍ਰੰਥੋਂ ਕੀ ਵਾਣੀਓਂ ਸੇ ਲੀਏ ਗਏ ਹੈਂ। ਆਵਸ਼ਕਤਾ ਅਨੁਸਾਰ ਉਨ ਮੇਂ ਥੋੜ੍ਹਾ ਬਹੁਤ ਘਟਾ ਬੜਾ ਲੇਨੇ ਮੇਂ ਵਿਸ਼ੇਸ਼ ਸੰਕੋਚ ਨਹੀਂ ਕੀਆ ਗਿਆ। ਵਾਣੀਆ ਭੀ ਜ਼ਰੂਰਤ ਪੜਨੇ ਪਰ ਬਨਾ ਲੀ ਗਈ ਹੈਂ।"[74]

---

74. ਹਜ਼ਾਰੀ ਪ੍ਰਸਾਦ ਦਿਵੇਦੀ, ਅਸ਼ੋਕ ਕੇ ਫੂਲ, ਸਤ ਸਾਹਿਤ ਪ੍ਰਕਾਸ਼ਨ, ਨਵੀਂ ਦਿੱਲੀ, 1955, ਪੰਨਾ 29.

7.0 <u>ਸਿੱਖ ਧਰਮ ਵਿਚ ਮੰਤਰ</u>:

ਭਾਰਤੀ 'ਮੰਤਰ' ਰਹੱਸਵਾਦੀ ਧਾਰਾ ਤੋਂ ਸ਼ੁਰੂ ਹੋ ਕੇ ਜਿਸ ਅਧੋਗਤੀ ਵਿਚ ਪੁੱਜਿਆ, ਉਸਦਾ ਵਰਣਨ ਅਸੀਂ ਹੁਣੇ ਕੀਤਾ ਹੈ। ਗੁਰੂ ਨਾਨਕ ਦੇਵ ਦੇ ਸਮੇਂ ਮੰਤਰ ਸਿਰਫ਼ ਰਸਮੀ ਕੰਮਾਂ ਲਈ ਰਹਿ ਗਏ ਸੀ, ਦਿਲ ਅਤੇ ਦਿਮਾਗ਼ ਦਾ ਇਨ੍ਹਾਂ ਨਾਲ ਕੋਈ ਤੁਅੱਲਕ ਨਹੀਂ ਸੀ। ਜਿਵੇਂ ਸੰਸਾਰ ਦੇ ਇਤਿਹਾਸ ਵਿਚ ਆਮ ਤੌਰ ਤੇ ਹੁੰਦਾ ਹੈ, ਇਕ ਵੱਡਾ ਧਰਮ(ਹਿੰਦੂ ਧਰਮ) ਅਧਿਕ ਤੋਂ ਅਧਿਕ ਕਰਮਕਾਂਡੀ ਤੇ ਵਿਖਾਵੇ ਭਰਪੂਰ ਹੋ ਗਿਆ ਸੀ। ਲੋਕ ਸ਼ੁੱਧ ਭੋਜਨ ਖਾਣ ਦੀ ਥਾਂ 'ਛਕ' ਖਾ ਕੇ ਭੁਖ ਵਰਚਾ ਰਹੇ ਸੀ।[75]

7.1. <u>ਭਾਈ ਗੁਰਦਾਸ</u>: ਗੁਰਬਾਣੀ ਦੇ ਪਹਿਲੇ ਪਰਮਾਣੀਕ ਵਿਆਖਿਆਕਾਰ ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਭਾਰਤੀ ਧਰਮ ਪਰੰਪਰਾ ਦੀ ਅਧੋਗਤੀ, ਵੇਦਾਂ, ਸ਼ਾਸਤਰਾਂ ਵਿਚਲੇ ਵਾਦ ਵਿਵਾਦ, ਪਾਖੰਡ, ਤੰਤਰ, ਮੰਤਰ, ਰਸੈਣਾ ਅਤੇ ਜਾਦੂ-ਸ਼ਕਤੀਆਂ ਦਾ ਭਰਪੂਰ ਖੰਡਨ ਕੀਤਾ ਹੈ।[76] ਭਾਈ ਸਾਹਿਬ ਅਨੁਸਾਰ ਅਚਲ-ਵਟਾਲੇ ਵਿਚ ਸਿੱਧਾਂ ਨਾਲ ਹੋਈ ਚਰਚਾ ਸਮੇਂ ਵੀ ਜੋਗੀਆਂ ਨੇ ਗੁਰੂ ਜੀ ਨੂੰ ਪਛਾੜਨ ਲਈ ਕਈ ਮੰਤਰਾਂ ਮੰਤਰਾਂ, ਰਿਧੀਆਂ ਸਿਧੀਆਂ ਅਤੇ ਔਖਧੀਆ ਰਾਹੀਂ ਰੂਪ ਵਟਾ ਕੇ ਕੌਤਕ ਦੱਸੇ।[77] ਪਰ ਗੁਰੂ ਜੀ ਨੇ ਤੰਤ੍ਰ ਮੰਤ੍ਰ ਨੂੰ ਪਾਖੰਡ, ਫੋਕਟ ਕਰਮ ਅਤੇ ਕ੍ਰੋਧ, ਕਲੇਸ਼, ਭਰਮਾਂ ਅਤੇ ਵਾਦਵਿਵਾਦ ਦੀ ਜੜ੍ਹ ਦਸ ਕੇ ਖੰਡਨ ਕੀਤਾ।[78]

ਭਾਈ ਗੁਰਦਾਸ ਅਨੁਸਾਰ ਜੋਗੀਆਂ ਦੀਆਂ ਰਿਧੀਆਂ ਸਿਧੀਆਂ ਦੇ ਪਾਖੰਡ, ਤੰਤਰ, ਤਵੀਤ, ਜੰਤਰ ਅਤੇ ਮਦਾਰੀਆਂ ਦੇ ਤਮਾਸ਼ੇ, ਬੀਰਾਂ ਦੀ ਆਰਾਧਣਾ ਅਤੇ ਜੋਗਣੀਆਂ ਦੇ ਵਸੀਕਰਣ; ਮੜ੍ਹੀ ਮਸਾਣਾਂ ਦੀ ਪੂਜਾ; ਪੂਰਕ, ਕੁੰਭਕ, ਰੇਚਕ( ਸਵਾਸ ਚਾੜ੍ਹਨਾ, ਰੋਕਣਾ ਅਤੇ ਉਤਾਰਨਾ); ਨਿਉਲੀ ਕਰਮ(ਨਾਤੀ, ਧੋਤੀ); ਚੌਰਾਸੀ ਆਸਣ; ਹਠ ਨਿਗ੍ਰਹਿ(ਇੰਦਰੀਆਂ ਦਾ ਰੋਕਣਾ); ਠਾਕਰਾਂ ਦੀ ਪੂਜਾ ਅਤੇ ਵਰਤ; ਵਰ, ਸਰਾਪ ਆਦਿ ਉਸ ਸਮੇਂ ਦੇ ਧਰਮ ਦੇ ਮੁੱਖ ਲੱਛਣ ਸਮਝੇ

---

75. Annie Besant, The Religious Problem in India, Delhi: Agam Prakashan , 1976, p.5.

76. ਬ੍ਰਾਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ ....1.19.

77. ਸਿਧਿ ਬੋਲਨਿ ਸਭ ਅਵਖਧੀਆਂ ਤੰਤ੍ਰ ਮੰਤ੍ਰ ਕੀ ਧੁਨੀ ਚੜ੍ਹਾਈ 41.1

78. ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧ ਬਹੁ ਵਾਦਿ ਵਧਾਵੈ
ਫੋਕਟਿ ਧਰਮੀ ਭਰਮ ਭੁਲਾਵੈ 1.18.

ਜਾਂਦੇ ਸੀ। ਗੁਰੂ ਨਾਨਕ ਦੇਵ ਨੇ ਇਸ ਸਾਰੇ ਕੂੜ ਦੇ ਕਰਮ ਕਾਂਡੀ ਪਸਾਰੇ ਦੀ ਥਾਂ "ਸਾਧ ਸੰਗਤਿ ਗੁਰਸ਼ਬਦ" ਦਾ ਰਾਹ ਦਸਿਆ;[79] ਫੋਕਟ ਮੰਤਰ ਜਾਲ ਵਿਚੋਂ ਕਢ ਕੇ ਸੱਚੇ ਨਾਮ ਦੇ ਮੰਤਰ ਨਾਲ ਜੋੜਿਆ।[80] ਭਾਈ ਸਾਹਿਬ ਅਨੁਸਾਰ ਸਚਾ ਨਾਮ ਹੀ ਗੁਰੂ ਦਾ ਮੰਤਰ ਹੈ;[81] ਪੂਰਨ ਪਰਮਾਤਮਾ ਦੇ ਪੂਰਨ ਨਾਮ ਦਾ ਮੰਤਰ ਵੀ ਪੂਰਾ ਹੈ;[82] ਇਹ 'ਨਾਮ' ਹੀ ਗੁਰੂ ਜੀ ਨੂੰ ਸਚ-ਖੰਡ ਤੋਂ ਪ੍ਰਾਪਤ ਹੋਇਆ ਸੀ;[83] ਇਸ 'ਨਾਮ' ਦਾ ਪ੍ਰਤੱਖ ਸਰੂਪ ਸਤਿਗੁਰ ਦਾ ਸ਼ਬਦ ਹੈ;[84] ਸਤਿਗੁਰੂ ਦੇ ਬਚਨ ਅਰਥਾਤ ਗੁਰਬਾਣੀ ਹੀ 'ਮੂਲ' ਮੰਤਰ ਅਰਥਾਤ ਮੁਢਲਾ ਉਪਦੇਸ਼ ਹੈ:

ਮੰਤ੍ਰ ਮੂਲ, ਗੁਰੂ ਵਾਕ ਹੈ ਸੱਚ ਸਬਦ ਸਤਿਗੁਰੂ ਸੁਣਾਏ ।।22. 40।।

ਇਸੇ ਉਲੇਖ ਅਤੇ ਭਾਵਨਾ ਵਿਚ ਸਮੁੱਚੀ ਬਾਣੀ ਗੁਰੂ ਦਾ ਉਪਦੇਸ਼ ਹੋਣ ਨਾਤੇ 'ਗੁਰ-ਮੰਤਰ' ਹੈ ਅਤੇ ੧ਓ ਗੁਰਪ੍ਰਸਾਦਿ ' ਮੂਲ-ਬਾਣੀ, ਮੂਲ-ਉਪਦੇਸ਼ ਹੋਣ ਨਾਤੇ "ਮੂਲ-ਮੰਤਰ" ਹੈ। ਇਨ੍ਹਾਂ ਨਵੇਂ ਅਰਥਾਂ ਵਿਚ ਹੀ ਇਸ ਨੂੰ ਭਾਈ ਗੁਰਦਾਸ ਨੇ "ਮੂਲ-ਮੰਤਰ" ਕਿਹਾ ਹੈ:

ਸਤਿਨਾਮ ਕਰਤਾਪੁਰਖੁ
ਮੂਲਮੰਤ੍ਰ ਸਿਮਰਣ ਪਰਵਾਣੇ (6.19)

ਇਹ 'ਮੰਤਰ' ਭਾਰਤੀ ਮੰਤਰ ਵਿਧਾਨ ਨਾਲੋਂ ਬਿਲਕੁਲ ਵਖਰੀ ਚੀਜ਼ ਹੈ ਕਿਉਂਕਿ ਆਮ ਮੰਤਰਾਂ ਤੋਂ ਉਲਟ ਗੁਰਬਾਣੀ - ਮੰਤਰ ਪੜ੍ਹਨ, ਸੁਣਨ ਅਤੇ ਵਿਚਾਰਨ ਦਾ ਵਿਸ਼ਾ ਹੈ:

ਗੁਰਮੁਖ ਜਨਮ ਸਕਾਰਥਾ ਗੁਰਬਾਣੀ 'ਪੜ੍ਹ', ਸਮਝ, ਸੁਣੇਹੀ।'(3.1)

### 7.2. ਗੁਰੂ ਗੋਬਿੰਦ ਸਿੰਘ:

ਭਾਈ ਗੁਰਦਾਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੀ 'ਦਸਮ ਗ੍ਰੰਥ' ਰਚਨਾ ਹੈ ਜਿਸ ਵਿਚ ਹਰੇਕ ਤਰ੍ਹਾਂ ਦੇ ਜੰਤਰਾਂ ਮੰਤਰਾਂ ਦਾ ਖੰਡਨ ਕੀਤਾ ਹੈ:

ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ
ਬਚੇਗਾ ਨ ਕੋਈ ਕਰੇ ਕਾਲ ਚੋਟੰ ।।

---

79. ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।...5.7
80. ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ 1.1
81. ਸਚਹੁ ਓਰੈ ਸਭ ਕਿਹੁ ਸਚ ਨਾਉ ਗੁਰਮੰਤ ਦਿੜਾਇਆ 1.7
82. ਪੂਰੇ ਪੂਰਾ ਸਾਧ ਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ 1.6
83. ਬਾਬਾ ਪੈਧਾ ਸਚ-ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ 24.2
84. ਚਰਨ ਗਹੇ ਗੁਰਦੇਵ ਦੇ ਸਤਿ ਸੁਬਦ ਦੇ ਮੁਕਤ ਕਰਾਇਆ 1.1

7.3 ਸਾਖੀ ਪਰੰਪਰਾ: ਉਪਰੰਤ ਸਾਖੀ ਪਰੰਪਰਾ ਹੈ ਜਿਸ ਵਿਚ ਗੁਰੂ ਦੇ ਉਪਦੇਸ਼ਾਂ ਨੂੰ ਸਾਖੀ ਪਰਮਾਣਾਂ ਰਾਹੀਂ ਦਰਸਾਇਆ ਗਿਆ ਹੈ। ਇਨ੍ਹਾਂ ਦੀ ਪਰਮਾਣੀਕਤਾ ਮੈਕਲੋਡ ਅਤੇ ਹੋਰ ਆਲੋਚਕਾਂ ਨੇ ਨਹੀਂ ਮੰਨੀ ਹੈ ਪਰ ਅਸੀਂ ਕੇਵਲ 'ਮੂਲ ਮੰਤਰ' ਸੰਬੰਧੀ ਆਏ ਪ੍ਰਸੰਗਾਂ ਨੂੰ ਹੀ ਵੇਖਣਾ ਹੈ।

ਪੁਰਾਤਨ ਜਨਮ ਸਾਖੀ ਵਿਚ 'ਮੂਲ-ਮੰਤਰ' ਨਾਂ ਦਾ ਪ੍ਰਯੋਗ ਨਹੀਂ ਹੈ ਅਤੇ ਇਸ ਰਚਨਾ ਨੂੰ ਸ਼ਲੋਕ ਕਿਹਾ ਹੈ। "ਤਬ ਸਿਘਲਾਦੀਪ ਕੀ ਸੁਰਤਿ ਹੋਈ — ਤਬ ਗੁਰੂ ਬੋਲਿਆ, ਆਖਿਓਸੁ ਜੋ ਇਹ ਸ਼ਲੋਕ ਪੜ੍ਹਦੇ ਆਵਹੁ :੧ੴ — ਗੁਰਪ੍ਰਸਾਦਿ"[85]

ਮਿਹਰਬਾਨ ਵਾਲੀ ਜਨਮਸਾਖੀ ਵਿਚ ਵੀ "ਮੂਲ-ਮੰਤਰ" ਦੀ ਰਚਨਾ ਦਾ ਕੋਈ ਵਖਰਾ ਪ੍ਰਸੰਗ ਨਹੀਂ ਮਿਲਦਾ। ਕੇਵਲ ਜਪੁਜੀ ਦੇ ਸੰਪਾਦਨ ਦੀ ਸਾਖੀ ਹੈ ਅਤੇ ਆਦਿ ਸਲੋਕ ਵਿਚ ਹੀ "ਮੂਲ-ਮੰਤਰ" ਦੇ ਪਦ ਵੀ ਸ਼ਾਮਲ ਹਨ।[86]

ਭਾਈ ਮਨੀ ਸਿੰਘ ਕ੍ਰਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ 'ਵੇਈਂ ਨਦੀ ਪ੍ਰਵੇਸ਼' ਵਾਲੀ ਸਾਖੀ ਵਿਚ ਗੁਰੂ ਨਾਨਕ ਦੇਵ ਨੂੰ ਨਿਰੰਕਾਰ ਨਾਲ ਮੁਲਾਕਾਤ ਸਮੇਂ 'ਸੋਦਰ' ਦੀ ਬਾਣੀ ਪ੍ਰਾਪਤ ਹੋਈ। 'ਮੂਲ-ਮੰਤਰ' ਦਾ ਕੋਈ ਹਵਾਲਾ ਪ੍ਰਾਪਤ ਨਹੀਂ ਹੁੰਦਾ।

ਡਾ: ਮੋਹਨ ਸਿੰਘ ਦੀਵਾਨਾ ਨੇ 1701 ਈ: ਦੀ ਇਕ ਹਥਲਿਖਤ ਪੋਥੀ ਦਾ ਹਵਾਲਾ ਦਿਤਾ ਹੈ ਜੋ ਤ੍ਰਿਭੁਨਾਥ ਨੇ ਲਿਖੀ ਸੀ। ਇਸ ਵਿਚ 'ਮੂਲ-ਮੰਤਰ' ਅਤੇ ਮੁਢਲੇ ਸ਼ਲੋਕ ਨੂੰ ਲੇਖਕ 'ਬੀਜ-ਮੰਤਰ' ਅਤੇ 'ਜਪੁ ਦਾ ਸ਼ਲੋਕ ਕਹਿੰਦਾ ਹੈ ਅਤੇ ਸਮੁੱਚੀ 'ਜਪੁਜੀ' ਨੂੰ ਅਜੇਹਾ 'ਮੰਤਰ' ਜੋ ਸੰਸਾਰ-ਮੁੱਖੀ ਨਹੀਂ, ਕਰਤਾਰ-ਮੁਖੀ ਹੈ ਅਤੇ ਮੁਕਤੀ ਦਾਤਾ। ਸਾਖੀਕਾਰ ਅਨੁਸਾਰ ਮਹਾਂਦੇਵ ਦੇ ਦੁਨਿਆਵੀ ਮੰਤਰ ਪਰਮਾਤਮਾ ਤੋਂ ਤੋੜਦੇ ਹਨ ਅਤੇ ਗੁਰੂ ਨਾਨਕ ਦੇਵ ਦਾ ਨਾਮ-ਮੰਤਰ ਸਿਫ਼ਤੀ ਦਾ ਮੰਤਰ ਹੈ ਜੋ ਪਰਮਾਤਮਾ ਨਾਲ ਜੋੜਦਾ ਹੈ। ਸਾਖੀਕਾਰ ਦੇ ਆਪਣੇ ਸ਼ਬਦਾਂ ਵਿਚ ,"ਮੰਤ੍ਰ ਏਹਾ ਦ੍ਰਿੜਾਈਐ ਜਿ ਪਰਮੇਸ਼ੁਰ ਕੀ ਸਿਫਤ ਕਰਨਿ ਮੁਕਤਿ ਹੋਵਨਿ। ਪੁਰਖਾ ਜਿਉ ਸੰਸਾਰ ਵਿਚ ਮਹਾਦੇਵ ਨੂੰ ਆਗਿਆ ਹੋਈ ਹੈ ਜਿ ਏਹੇ ਮੰਤ੍ਰ ਜੰਤ੍ਰ ਕਰਿ ਜਿ ਸੰਸਾਰ ਸੈਥੀ ਭੁਲਿ ਜਾਇ ।— ਅਸਾਨੋ ਹੁਕਮੁ ਪਰਮੇਸਰੁ ਦਾ ਹੈ ਸੰਸਾਰ ਮੁਕਤਿ ਲੈ ਜਾਣੇ ਦਾ।—...ਮੰਤ੍ਰ ਭੀ ਤਦਿ ਚਲਦੇ ਫੁਰਦੇ ਹੈਨ ਜਦਿ ਮੰਤ੍ਰ ਦੀ ਜੁਗਤ ਕਮਾਈ ਦੀ ਹੈ। ਪੁਰਖਾ, ਏਸ ਜਪ ਦੇ ਮੰਤ੍ਰ ਦੀ ਬਿਧਿ ਏਹੁ ਹੈ, ਇਸ ਦਾ ਅਰਥ ਸਮਝ ਸਕੇ। ਜਪ ਪੜੇਗਾ ਅਤੇ ਏਸ ਦੀ ਕਰਤੂਤਿ ਕਮਾਵੇਗਾ, ਸੋ ਮੇਰਾ ਸਰੂਪ ਹੋਵੇਗਾ।"[87]

7.4. ਪਰੰਪਰਾਈ ਵਿਦਵਾਨ: ਸਾਖੀ ਪਰੰਪਰਾ ਉਪਰੰਤ ਸਿਖ ਸਿਧਾਂਤਾਂ ਦੀ ਵਿਆਖਿਆ ਨਿਰਮਲੇ

---

85. ਪੁਰਾਤਨ ਜਨਮਸਾਖੀ, ਅੰਮ੍ਰਿਤਸਰ: 1952, ਸਾਖੀ 47, ਪੰਨਾ 86.
86. ਜਨਮ ਸਾਖੀ, ਪਰੰਪਰਾ, ਸੰਪਾਦਿਕ ਡਾ: ਕਿਰਪਾਲ ਸਿੰਘ, ਪਟਿਆਲਾ: ਪੰਜਾਬੀ ਯੂਨੀਵਰਸਿਟੀ 1969ਪੰਨਾ 184-85.
87. ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਅੰਮ੍ਰਿਤਸਰ: 1952, ਭਾਗ ਦੂਜਾ ਪੰਨੇ 16, 19-20.

ਅਤੇ ਉਦਾਸ ਸੰਤਾਂ ਸਾਧੂਆਂ ਅਤੇ ਗਿਆਨੀਆਂ ਨੇ ਕੀਤੀ ਜਿਨ੍ਹਾਂ ਨੇ ਵੇਦਾਂਤੀ ਪ੍ਰਭਾਵ ਅਧੀਨ ਪਰੰਪਰਾਈ ਮਨੌਤਾਂ ਨੂੰ ਗੁਰਬਾਣੀ ਅਤੇ ਸਿਖ ਸਿਧਾਂਤਾਂ ਵਿਚੋਂ ਲਭਣ ਦੀ ਕੋਸ਼ਿਸ਼ ਕੀਤੀ ਹੈ। ਪੰਡਿਤ ਗੁਰਮੁਖ ਸਿੰਘ ਅਨੁਸਾਰ "ਬਿਸ਼ਨੂੰ ਭਗਵਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਕੋ ਇਸ ਮੂਲਮੰਤ੍ਰ ਮਾਲਾ ਕਾ ਉਪਦੇਸ਼ ਦੀਆ।"[88] ਮਹੰਤ ਸਾਧੂ ਸਿੰਘ ਅਨੁਸਾਰ ਸ੍ਰੀ ਨਿਰੰਕਾਰ ਜੀ ਨੇ ਬਹੁਤ ਪ੍ਰਸੰਨ ਹੋਕਰ ਸਤਿਨਾਮ ਸੰਯੁਕਤ ਮੰਤ੍ਰ ਸ੍ਰਵਣ ਕਰਵਾਇਆ। ਸੋ ਮੰਤ੍ਰ ਯਹ ਹੈ।।ੴ ....... ਗੁਰਪ੍ਰਸਾਦਿ।" ਸ੍ਰੀ ਨਾਨਕ ਦੇਵ ਨੂੰ ਆਦੇਸ਼ ਹੋਇਆ, "ਤੁਸੀਂ ਆਪ ਤੇ ਇਸ ਮੰਤ੍ਰ ਕੋ ਜਪਹੁ ਅਰ ਜਗਤ ਜੀਵਨ ਕੋ ਇਸੀ ਮੰਤ੍ਰ ਕਾ ਜਾਪ ਜਪਾਵਹੁ।"[89]

ਨਿਰਮਲ ਸੰਤ ਦੇਵਾ ਸਿੰਘ ਅਨੁਸਾਰ ਇਸ ਬਾਣੀ ਦਾ ਨਾਮ "ਜਪ ਮੰਤਰ" ਜਾਂ "ਗੁਰੂ ਗਾਯਤ੍ਰੀ" ਹੈ ਜੋ ਵਸਤੂ ਨਿਰਦੇਸ਼ ਮੰਗਲ ਹੈ। ਗੁਰੂ ਜੀ ਨੇ ਨਦੀ ਪਰਵੇਸ਼ ਸਮੇਂ 'ਸਚਖੰਡ ਮੇ ਪ੍ਰਾਪਤ ਹੋ ਕਰ ਪਰਬ੍ਰਹਮ ਸੇ ਜਪ ਮੰਤਰ ਕਾ ਉਪਦੇਸ਼ ਲੀਆ ਥਾ —....ਗੁਰੂ ਮਤ ਮੇ ਇਸ ਜਪੁ ਮੰਤ੍ਰ ਕਾ ਨਾਮ ਗੁਰੂ ਗਾਯਤ੍ਰੀ ਹੈ।[90]

ਮੂਲ ਮੰਤ੍ਰ ਦੇ ਉਚਾਰਨ ਸੰਬੰਧੀ ਨਿਰਮਲਿਆਂ ਵਿਚ ਜੋ ਸਾਖੀ ਪ੍ਰਚੱਲਤ ਹੋਈ, ਉਸ ਨੂੰ ਸੰਤ ਗੁਲਾਬ ਸਿੰਘ ਨੇ ਵੀ ਉਥਾਨਕਾ ਵਿਚ ਲਿਖਿਆ ਹੈ। "ਏਕ ਸਮੇਂ ਏਕ ਬੈਰਾਗੀ ਸਾਧੂਆਂ ਕੀ ਮੰਡਲੀ ਡੇਹਰਾ ਕਰਤਾਰ ਪੁਰ ਮੇਂ ਆਈ—.... ਉਨ੍ਹਾਂ ਦੇ ਮਹੰਤ ਨੇ ਪੁਛਿਆ ਕਿ ਤੁਮਾਰਾ ਮਾਲਾ ਜਪ ਮੰਤ੍ਰ ਕਿਆ ਹੈ ਔਰ ਮੂਲ ਮੰਤ੍ਰ ਕਿਆ ਹੈ?-..... ਗੁਰੂ ਨਾਨਕ ਦੇਵ ਨੇ ਬਚਨ ਕੀਤਾ—... ੴ ਸੇ ਜਪ ਤਕ ਜਪਜੀ ਕਾ ਮਾਲਾ ਮੰਤ੍ਰ ਹੈ।[91] ਉਤਮ ਸਿੰਘ ਗਿਆਨੀ ਨੇ ਵੀ ਇਸ ਵਾਰਤਾ ਦਾ ਜ਼ਿਕਰ ਕੀਤਾ ਹੈ। ਉਸ ਅਨੁਸਾਰ ਗੁਰੂ ਨਾਨਕ ਦੇਵ ਜੰਤਰ ਮੰਤਰਾਂ ਦੇ ਵਿਰੋਧੀ ਸਨ ਅਤੇ 'ੴ' ਦੇ ਉਪਾਸ਼ਕ ਸਨ। "ਗੁਰੂ ਜੀ ਨੇ ਕਹਿਆ ਕਿ ਕਿਸੀ ਮੰਤ੍ਰ ਤੰਤ੍ਰ ਜੰਤ੍ਰ ਨਾਟਕ ਚੇਟਕ ਸਿਧੀ ਕੋ ਹਮ ਨਹੀਂ ਜਾਨਤੇ।[92]

ਭਾਈ ਸੰਤੋਖ ਸਿੰਘ "ਮੂਲ-ਮੰਤ੍ਰ" ਦੀ ਪ੍ਰਾਪਤੀ ਪਾਰਬ੍ਰਹਮ ਤੋਂ ਮੰਨਦੇ ਕਹਿੰਦੇ ਹਨ:

ਪਾਰਬ੍ਰਹਮ ਬਿਗਸੇ ਸੁਨਤ, ਮੰਤ੍ਰ ਦੀਨੋ'ਗੁਰ' ਹੋਇ ।।
ਸ੍ਰੀ ਨਾਨਕ ਧਾਰਨ ਕਰਯੋ, ਬਰਨ ਸੁਨਾਵੋ ਸੋਇ।।

---

88. ਗਰੰਥ ਸ੍ਰੀ ਗੁਰੂ ਨਾਨਕ ਸਿਧਾਂਤ ਦੀਪਕਾ, ਮਿਲਸਖਾਂ ਜ਼ਿਲਾ ਮੁਲਤਾਨ, 1886, ਪੰਨਾ 2.
89. ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ, ਸ੍ਰੀ ਅਕਾਲ ਪ੍ਰੈਸ, ਲਾਹੌਰ , ਸੰਮਤ 1898ਈ. ਪੰਨਾ 5 ਤੋਂ 8.
90. ਨਿਰਮਲ ਸੰਤ ਦੇਵਾ ਸਿੰਘ, ਸੁਗਮ ਜਪੁ ਪ੍ਰਦੀਪ, ਅੰਮ੍ਰਿਤਸਰ:ਵਜ਼ੀਰ ਹਿੰਦ ਪ੍ਰੈਸ, 1902, ਪੰਨਾ 7-8.
91. ਸੰਤ ਗੁਲਾਬ ਸਿੰਘ, ਜਪੁ ਪ੍ਰਕਾਸ਼, ਅੰਮ੍ਰਿਤਸਰ:ਗੁਰਮਤ ਪ੍ਰੈਸ, 1916, ਪੰਨਾ 9.
92. ਵੰਡੇਰਾ ਜਪੁ ਬਾਲ ਬੋਧਨੀ ਸਟੀਕ, ਅੰਮ੍ਰਿਤਸਰ, ਮਹੰਤ ਗੁਰੂ ਕੋਠਾ, ਵਜ਼ੀਰਾਬਾਦ, ਪੰਨਾ 6.

ਅਥ ਮੰਤ੍ਰ —੧ਓ —...ਗੁਰਪ੍ਰਸਾਦਿ।[93]

ਪ੍ਰਤੱਖ ਹੈ ਕਿ ਭਾਈ ਸੰਤੋਖ ਸਿੰਘ ਦੇ ਸਮੇਂ ਤਕ "ਮੂਲ-ਮੰਤਰ" ਨਾਮ ਦੀ ਪਰੰਪਰਾ ਵਿਕਸਤ ਹੋ ਚੁਕੀ ਸੀ ਅਤੇ ਇਹ ਵੀ ਵਿਸ਼ਵਾਸ਼ ਬਣ ਚੁੱਕਾ ਸੀ ਕਿ ਇਹ 'ਮੰਤਰ' ਗੁਰੂ ਜੀ ਨੂੰ ਪਾਰਬ੍ਰਹਮ ਤੋਂ ਪ੍ਰਾਪਤ ਹੋਇਆ ਸੀ।

7.5. <u>ਆਧੁਨਿਕ ਵਿਦਵਾਨ:</u> ਆਧੁਨਿਕ ਵਿਦਵਾਨਾਂ ਨੇ 'ਮੂਲ-ਮੰਤਰ' ਨਾਮ ਉਤੇ ਵਿਸ਼ੇਸ਼ ਵਿਚਾਰ ਨਹੀਂ ਕੀਤੀ, ਨਾ ਹੀ ਕਿਸੇ ਵਿਦਵਾਨ ਨੇ 'ਮੂਲ-ਮੰਤਰ' ਦੀ ਭਾਰਤੀ ਮੰਤਰ-ਪਰਣਾਲੀ ਦੇ ਪ੍ਰਸੰਗ ਵਿਚ ਵਿਆਖਿਆ ਕੀਤੀ ਹੈ। ਪਰ ਕੁਝ ਵਿਦਵਾਨਾਂ ਨੇ ਭਾਰਤੀ ਮੰਤਰ-ਵਿਧਾਨ ਦੇ ਪ੍ਰਚਲਤ ਮੰਤਰ-ਰੂਪਾਂ - ਬੀਜ-ਮੰਤਰ, ਗੁਰਮੰਤਰ, ਮਹਾਂ-ਮੰਤਰ ਅਤੇ ਮੂਲ-ਮੰਤਰ ਦੇ ਅਨੁਰੂਪਾਂ ਨੂੰ ਸਿਖ ਸਿਧਾਂਤਾਂ ਵਿਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਕੁਝ ਵਿਦਵਾਨਾਂ ਨੇ ਇਸ ਮਹਾਨ ਰਚਨਾ ਨੂੰ ਮੰਤਰ ਪ੍ਰਣਾਲੀ ਨਾਲੋਂ ਬਿਲਕੁਲ ਵਖਰਾ ਮਹਿਸੂਸ ਕਰਦਿਆਂ ਇਸ ਨੂੰ 'ਮੂਲ-ਮੰਤਰ' ਕਹਿਣ ਤੋਂ ਵੀ ਸੰਕੋਚ ਕੀਤਾ ਹੈ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦਾ 'ਮੰਗਲਾਚਰਣ' ਕਹਿਣਾ ਹੀ ਉਚਿਤ ਸਮਝਿਆ ਹੈ।

ਗੁਰਮਤਿ ਸੰਬੰਧੀ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਨੇ ਪਰੰਪਰਾ ਵਿਚ ਮਿਲੇ ਨਾਮ 'ਮੂਲ-ਮੰਤਰ' ਦਾ ਬਿਨਾਂ ਕਿਸੇ ਕਿੰਤੂ ਤੋਂ ਪ੍ਰਯੋਗ ਕੀਤਾ ਹੈ। ਅਸਲ ਵਿਚ ਉਨ੍ਹਾਂ ਦੀ ਲਿਖਤ ਦਾ ਮੁੱਖ ਵਿਸ਼ਾ 'ਮੂਲ-ਮੰਤਰ' ਨਹੀਂ, ਕੋਈ ਹੋਰ ਬਾਣੀ ਜਾਂ ਸਿਧਾਂਤ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ[94] ਲਿਖਦੇ ਹਨ, 'ਸਿਖ ਮਤ ਅਨੁਸਾਰ ੧ਓ ਤੋਂ ਗੁਰ ਪ੍ਰਸਾਦਿ (ਤਕ) ਬਾਣੀ ਮੂਲ-ਮੰਤ੍ਰ ਹੈ।' ਭਾਈ ਜੋਧ ਸਿੰਘ[95] ਪ੍ਰਿੰਸੀਪਲ ਤੇਜਾ ਸਿੰਘ[96], ਪ੍ਰੋ: ਸਾਹਿਬ ਸਿੰਘ,[97] ਡਾ: ਸੁਰਿੰਦਰ ਸਿੰਘ ਕੋਹਲੀ,[98] ਡਾ: ਤਾਰਨ ਸਿੰਘ,[99], ਡਾ: ਰਤਨ ਸਿੰਘ ਜੱਗੀ,[100] ਅਤੇ ਹੋਰ ਬਹੁਤ ਸਾਰੇ ਸਿਖ ਵਿਦਵਾਨਾਂ ਨੇ ਬਿਨਾਂ ਕਿਸੇ ਵਾਦ-ਵਿਵਾਦ ਦੇ ਇਸ ਨੂੰ 'ਮੂਲ-ਮੰਤਰ' ਕਿਹਾ ਹੈ। ਕੁਝ ਗੈਰ ਸਿੱਖ ਵਿਦਵਾਨਾਂ ਨੇ ਵੀ 'ਮੂਲ-ਮੰਤਰ' ਸ਼ਬਦ ਨੂੰ ਬਿਨਾਂ ਕਿੰਤੂ ਦੇ ਵਰਤਿਆ ਹੈ। ਡੰਕਨ ਗਰੀਨਲੀਜ਼ ਅਨੁਸਾਰ ਸਿੱਖ ਮਰਿਆਦਾ ਵਿਚ ਮੂਲ

---

93. ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ, ਪੂਰਬਾਰਧ, ਅਧਿ. 29, ਪੰਨਾ 93.
94. ਮਹਾਨ ਕੋਸ਼, ਪੰਨਾ 742.
95. ਜਪੁਜੀ ਸਟੀਕ, ਨਵੀਂ ਦਿੱਲੀ, 1950, ਪੰਨਾ 2.
96. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਲਾਹੌਰ: ਸ਼ਬਦਾਰਥ ਗੁਰਬਾਣੀ ਟ੍ਰਸਟ, 1945, ਪੰਨਾ 1.
97. ਸਟੀਕ ਜਪੁਜੀ ਸਾਹਿਬ, ਲਾਹੌਰ, 1937, ਪੰਨਾ 8.
98. ਸਿਖੀ ਸਿਖਿਆ, ਨਵੀ ਦਿੱਲੀ; ਸਿੱਖ ਪਬਲਿਸ਼ਿੰਗ ਹਾਊਸ, ਪੰਨਾ 3.
99. ਜਪੁ: ਦਰਸ਼ਨ ਦੀਦਾਰ, ਅੰਮ੍ਰਿਤਸਰ: ਫਕੀਰ ਸਿੰਘ ਐਂਡ ਸੰਨਜ਼, 1969.
100. ਗੁਰਬਾਣੀ ਟੀਕੇ: ਅਨੰਦਘਨ, ਪਟਿਆਲਾ, 1970, ਪੰਨਾ 26.

ਮੰਤਰ ਦਾ ਉਹੀ ਅਸਥਾਨ ਹੈ ਜੋ ਪਾਰਸੀਆਂ ਵਿਚ ਅਹੁਨਵਰੀਯਾ, ਈਸਾਈਆਂ ਵਿਚ ਪੇਸਟਰਨਾਸਟਰ, ਮੁਸਲਮਾਨਾਂ ਵਿਚ ਫਾਤਿਹਾ ਅਤੇ ਹਿੰਦੂਆਂ ਵਿਚ ਗਾਇਤਰੀ ਦਾ ਹੈ।[101]

ਡਾ: ਮੈਕਲੋਡ[102] ਅਨੁਸਾਰ ਗੁਰੂ ਅਰਜਨ ਦੇਵ ਨੇ ਆਦਿ ਬੀੜ ਦੇ ਅਰੰਭ ਵਿਚ ਪਰਮਾਤਮਾਂ ਦਾ ਸਰੂਪ ਨਿਸਚਿਤ ਕਰਨ ਵਾਲੀ ਬਾਣੀ ਨੂੰ ਰਖਿਆ ਅਤੇ ਇਸ ਨੂੰ ਮੂਲ-ਮੰਤਰ ਮੂਲ ਪ੍ਰਤੀਤੀ ਵਾਲਾ ਕਥਨ ਕਿਹਾ। ਮੈਕਲੋਡ ਅਨੁਸਾਰ ਇਸ ਮੰਗਲਾਚਰਣ ਦੇ ਸੰਖੇਪ ਰੂਪ ਨੂੰ 'ਮੂਲਮੰਤਰ' ਨਾਮ ਭਾ: ਗੁਰਦਾਸ ਨੇ ਦਿਤਾ ਹੈ। ਗੁਰੂ ਨਾਨਕ ਨੇ ਆਪ 'ਹਰੀਨਾਮ', 'ਪਰਮਾਤਮਾ ਦੇ ਨਾਮ' ਨੂੰ ਹੀ 'ਮੂਲ-ਮੰਤਰ' ਕਿਹਾ ਹੈ। ਪਰ ਦੋਹਾਂ ਪ੍ਰਯੋਗਾਂ ਵਿਚ ਵਿਰੋਧ ਨਹੀਂ।[103] ਸੰਤ ਵਿਨੋਬਾ ਭਾਵੇ ਅਨੁਸਾਰ ਜਿਵੇਂ ਮੁਸਲਮਾਨਾਂ ਵਿਚ ਹਰ ਕਾਰਜ, 'ਆਰੰਭ ਅਲਾਹ ਦੇ ਨਾਉਂ ਤੋਂ ਜੋ ਰਹਿਮਾਨ ਅਤੇ ਰਹੀਮ ਹੈ' ਆਖ ਕੇ ਕੀਤਾ ਜਾਂਦਾ ਹੈ ਤਿਵੇਂ ਏਥੇ ਹਰ ਕੰਮ 'ਮੂਲ-ਮੰਤਰ' ਦੇ ਉਚਾਰਣ ਨਾਲ ਹੁੰਦਾ ਹੈ।[104]

7.6 ਹੁਣ ਅਸੀਂ ਸੰਖੇਪ ਵਿਚ ਉਨ੍ਹਾਂ ਵਿਦਵਾਨਾਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਨੇ ਭਾਵੇਂ ਹਿੰਦੂ ਮੰਤਰ ਵਿਧਾਨ ਨੂੰ ਗੁਰਮਤਿ ਉਤੇ ਲਾਗੂ ਤਾਂ ਨਹੀਂ ਕੀਤਾ ਪਰ ਉਸ ਦੇ ਸਮਾਨ ਰੂਪ-'ਮੰਤਰ' 'ਬੀਜ-ਮੰਤਰ', ਮਹਾਂ-ਮੰਤਰ', 'ਗੁਰ-ਮੰਤਰ', ''ਮੂਲ-ਮੰਤਰ' ਗੁਰਮਤਿ ਵਿਚੋਂ ਨਿਸਚਿਤ ਕੀਤੇ ਹਨ।

ਭਾਈ ਵੀਰ ਸਿੰਘ ਅਨੁਸਾਰ ੧ਓ ਤੋਂ ਗੁਰਪ੍ਰਸਾਦਿ —...ਨੂੰ ਗੁਰਮਤਿ ਵਿਚ 'ਮੂਲਮੰਤ੍ਰ' ਕਹੀਦਾ ਹੈ। '੧ਓ' ਬੀਜ ਮੰਤ੍ਰ ਹੈ ਅਤੇ ੧ਓ 'ਸਮੇਤ 'ਗੁਰਪ੍ਰਸਾਦਿ ਤਕ 'ਮੂਲਮੰਤ੍ਰ' ਕਹੀਦਾ ਹੈ - - - ਇਹ ਮੰਗਲ ਰੂਪ ਬੀ ਹੈ। ਇਸ ਨੂੰ ਮੰਗਲਾਚਰਣ ਦੀ ਥਾਂ ਲਿਖਦੇ ਹਨ।[105]

ਪਰ ਭਾਈ ਸਾਹਿਬ ਚੇਤਨ ਲਿਖਾਰੀ ਹੋਣ ਕਾਰਨ ਇਹ ਭੀ ਜਾਣਦੇ ਹਨ ਕਿ ਇਨ੍ਹਾਂ ਸ਼ਬਦਾਂ ਦੇ ਪ੍ਰਯੋਗ ਤੋਂ ਪਾਠਕ ਦੇ ਮਨ ਵਿਚ ਕਈ ਭੁਲੇਖੇ ਪੈ ਸਕਦੇ ਹਨ ਤੇ ਉਹ ਮੰਤ੍ਰ, ਬੀਜ ਮੰਤਰ ਅਤੇ ਮੂਲ-ਮੰਤਰ ਨੂੰ ਪਰੰਪਰਾਈ ਮੰਤ੍ਰ-ਵਿਧਾਨ ਨਾਲ ਜੋੜ ਕੇ ਇਸ ਦਾ ਭੌਤਿਕ ਪ੍ਰਯੋਗ ਕਰ ਸਕਦਾ

---

101. ਗਾਸਪਲ ਔਫ ਗੁਰੂ ਗ੍ਰੰਥ ਸਾਹਿਬ, ਮਦਰਾਸ: ਥੀਓਸਾਫੀਕਲ ਪਬਲਿਸ਼ਿੰਗ ਹਾਉਸ, 1968, ਪੰਨਾ 8

102. ਗੁਰੂ ਨਾਨਕ ਐਂਡ ਦੀ ਸਿਖ ਰਿਲਿਜਨ, ਆਕਸਫੋਰਡ: 1968, ਪੰਨਾ 148.

103. -ਉਕਤ - ਪੰਨਾ 163.

104. ਕੋਮੈਂਟਰੀ ਆਨ ਜਪੁਜੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1973, ਪੰਨਾ 34.

105. ਭਾਈ ਵੀਰ ਸਿੰਘ, ਮੂਲਮੰਤ੍ਰ ਅਤੇ ਪੰਜ ਪਉੜੀਆਂ ਸ੍ਰੀ ਜਪੁਜੀ ਸਾਹਿਬ ਦੀਆਂ, ਅੰਮ੍ਰਿਤਸਰ: ਖਾਲਸਾ ਟ੍ਰੈਕਟ ਸੋਸਾਇਟੀ, 1949, ਪੰਨਾ 6 ਅਤੇ 67.

ਹੈ। ਕਿਸੇ ਹੋਰ ਥਾਂ ਇਸਦਾ ਸਪਸ਼ਟੀਕਰਣ ਦਿੰਦਿਆਂ ਭਾਈ ਸਾਹਿਬ ਲਿਖਦੇ ਹਨ, "ਗੁਰਮਤਿ ਵਿਚ ਸਿਵਾ ਅਕਾਲਪੁਰਖ ਦੇ ਹੋਰ ਦੀ ਪੂਜਾ ਵਿਧਾਨ ਨਹੀਂ। ਇਸ ਕਰਕੇ ਮੰਤ੍ਰ ਦਾ ਵਿਧਾਨ ਜਿਥੇ ਆਵੇ, ਇਸਦੇ ਅਰਥਾਂ ਵਿਚ ਦੇਵਤਾ ਸਿਧੀ ਪ੍ਰਯੋਜਨ ਨਹੀਂ ਹੁੰਦੀ ਪਰ ਅਕਾਲਪੁਰਖ ਦੀ ਪ੍ਰਾਪਤੀ ਜਾਂ ਪਰਮੇਸਰ ਦੀ ਉਸਤਤੀ, ਮਹਿਮਾ ਜਾਂ ਅਰਦਾਸ ਬੇਨਤੀ ਦੀ ਭਾਵਨਾ ਵਾਲਾ ਹੁੰਦਾ ਹੈ।[106]

ਡਾਕਟਰ ਮੋਹਣ ਸਿੰਘ ਨੇ ਇਸ ਰਚਨਾ ਨੂੰ 'ਮੂਲਮੰਤ੍ਰ', 'ਬੀਜ ਮੰਤ੍ਰ'[107] 'ਮੰਗਲਾ ਚਰਣ'[108] ਅਤੇ 'ਸ੍ਲੋਕ'[109] ਚਾਰ ਨਾਂ ਦਿਤੇ ਹਨ ਅਤੇ ਇਨ੍ਹਾਂ ਸ਼ਬਦਾਂ ਦੀਆਂ ਮੂਲ ਪਰਵਿਰਤੀਆਂ ਦੇ ਅੰਤਰ ਵਲ ਕੋਈ ਧਿਆਨ ਨਹੀਂ ਦਿਤਾ।

ਪੰਡਿਤ ਕਰਤਾਰ ਸਿੰਘ ਦਾਖਾ ਅਨੁਸਾਰ "ਮੰਗਲ" ਹੋਣ ਤੋਂ ਬਿਨਾਂ ਏਸ ਬਾਣੀ ਦਵਾਰਾ ਸਮਗ੍ਰ ਗੁਰਬਾਣੀ ਦਾ ਮੂਲ ਭੀ ਹੈ, ਅਤੇ 'ਗੁਰਮੰਤ੍ਰ' ਇਸ ਵਿਚ ਗੁਪਤ ਹੈ –.... ਬੀਜ ਮੰਤ੍ਰ ਰੂਪ ਗੁਰਮੰਤ੍ਰ ਅਤੇ 'ਮਹਾਂ ਮੰਤਰ' ਰੂਪ ਗੁਰਬਾਣੀ ਦੋਹਾਂ ਨੂੰ 'ਮੂਲ-ਮੰਤ੍ਰ' ਜ਼ਾਹਿਰ ਕਰਦਾ ਹੈ।[110]

ਡਾ: ਸ਼ੇਰ ਸਿੰਘ ਨੇ ਵੀ ਇਨ੍ਹਾਂ ਪਦਾਂ ਦਾ ਪ੍ਰਯੋਗ ਅਵਿਵੇਕੀ ਢੰਗ ਨਾਲ ਕੀਤਾ ਹੈ। ਉਹ ਲਿਖਦੇ ਹਨ, "ਗੁਰਮਤ ਵਿਚ ਗੁਰਮੰਤ੍ਰ ਉਕਤ ਮੂਲਮੰਤਰ ਹੀ ਹੈ ....ਕਈ ਵਾਰ ਗੁਰਮੰਤਰ ਨੂੰ ਬੀਜ ਮੰਤਰ ਭੀ ਆਖਿਆ ਜਾਂਦਾ ਹੈ....ਮੂਲਮੰਤਰ ਦਾ ਨਾਂਉ ਹੀ ਬੀਜ ਮੰਤਰ ਹੈ ....ਕਈ ਵਾਰ ੧ਓ ' ਨੂੰ ਬੀਜ। ਇਹ ਮੂਲ ਮੰਤਰ ਗੁਰਬਾਣੀ ਵਿਚ 'ਮੰਗਲਾਚਰਣ ਦੇ ਤੌਰ ਤੇ ਵਰਤਿਆ ਗਿਆ ਹੈ। ਇਹ ਵਸਤੂ ਨਿਰਦੇਸ਼ ਮੰਗਲਾਚਰਣ ਹੈ।[111]

ਪ੍ਰੋ: ਧਰਮਾਨੰਤ ਸਿੰਘ ਦੀ 'ਨਵੀਂ ਖੋਜ' ਅਨੁਸਾਰ ਇਹ 'ਮਹਾਂ ਮੰਤ੍ਰ' ਹੈ ਅਤੇ "ਜਪੁ" ਇਸ ਦਾ ਸਿਰਲੇਖ ਹੈ। "੧ਓ" ਤੋਂ ਗੁਰਪ੍ਰਸਾਦਿ ਤਕ ਜੋ ਮੂਲ ਮੰਤ੍ਰ ਦਿਤਾ ਹੋਇਆ ਹੈ, 'ਜਪੁ' ਸ਼ਬਦ ਉਸਦੇ ਸਿਮ੍ਰਣ ਦਾ ਬੋਧਕ ਹੈ, ਯਾਨੇ ਕਿ ਪਾਠਕ ਪ੍ਰਤਿ ਹੁਕਮ ਹੈ ਕਿ ਇਸ "ਮਹਾਂਮੰਤ੍ਰ" ਦਾ ਅਖੰਡ 'ਜਪੁ' ਯਾਨੇ ਸਿਮ੍ਰਨ ਕਰ।'[112]

---

106. ਰਾਣਾ ਸੂਰਤ ਸਿੰਘ, ਅੰਮ੍ਰਿਤਸਰ, ਪੰਨਾ 237(ਫੁੱਟ ਨੋਟ)
107. ਉਕਤ, ਪੰਜਾਬੀ ਭਾਖਾ ਵਿਗਿਆਨ, ਭਾਗ ਪਹਿਲਾ, ਪੰਨਾ 21.
108. ਉਕਤ, ਭਾਗ ਦੂਜਾ ਪੰਨਾ 7.
109. ਉਕਤ, ਪੰਨਾ 8.
110. ਸ੍ਰੀ ਜਪੁ ਨੀਸਾਣ, ਲੁਧਿਆਣਾ: 1951, ਪੰਨਾ6.
111. ਜਪੁਜੀ ਦਰਸ਼ਨ, ਲੁਧਿਆਣਾ: ਲਾਹੌਰ ਬੁਕ ਸ਼ਾਪ , 1969, ਪੰਨਾ 64.
112. ਜਪੁ-ਪਰਮਾਰਥ, ਅੰਮ੍ਰਿਤਸਰ, 1974, ਪੰਨਾ 6.

ਹੈ।[55] ਤਾਰਾ-ਸਾਰ ਉਪਨਿਸ਼ਦ(2.1) ਅਨੁਸਾਰ ਇਸ ਇਕ ਅੱਖਰੇ ਓਮ ਮੰਤਰ ਵਿਚ ਅਠ ਸੂਖਮ ਨਾਦ ਤੱਤ ਹਨ। ਇਸ ਦੇ ਅੱਠ ਲੱਛਣ ਹਨ— ਅਕਾਰ, ਉਕਾਰ, ਮਕਾਰ, ਬਿੰਦੂ, ਨਾਦ, ਸਮਾਂ(ਕਾਲ), ਕਾਲ-ਧਵਨੀ, ਅਤੇ ਕਾਲ-ਰਹਿਤ ਧਵਨੀ ।[56] ਪਰ ਇਨ੍ਹਾਂ ਸਾਰੀਆਂ ਵੰਡਾਂ ਵਿਚੋਂ ਪ੍ਰਮੁੱਖ ਤਿੰਨ-ਮਾਤ੍ਰਿਕ ਵੰਡ ਹੈ। ਉਪਨਿਸ਼ਦਾਂ, ਕੋਸ਼ਾਂ ਅਤੇ ਗ੍ਰੰਥਾਂ ਵਿਚ ਓਮ ਦੀ ਅਜੇਹੀ ਮਾਤ੍ਰਿਕ ਵੰਡ ਦੇ ਕਈ ਪ੍ਰਕਰਣ ਮਿਲਦੇ ਹਨ। ਜਿਨ੍ਹਾਂ ਤਨੇਕਿਆਂ ਨਾਲ ਓਮ ਦੇ ਤਿੰਨ ਸਵਰਾਂ, 'ਅ', 'ਉ,' 'ਮ' ਨੂੰ ਜੋੜਿਆ ਗਿਆ ਹੈ, ਉਸਦਾ ਸਰਵੇਖਣ ਕਰਕੇ ਅਸੀਂ '26' ਅਜੇਹੇ 'ਤਿਨੇਕੇ' ਪ੍ਰਾਪਤ ਕੀਤੇ ਹਨ ਜਿਨ੍ਹਾਂ ਦਾ ਅਤੀ ਸੰਖੇਪ ਵਿਵਰਣ ਅੱਗੇ ਦਿਤਾ ਜਾਂਦਾ ਹੈ:-

1. ਤਿੰਨ ਮਾਤ੍ਰਾਵਾਂ ਅ, ਉ, ਮ ਕਰਮ ਵਾਰ ਤਿੰਨ ਪਧਤੀਆਂ ਵੈਸ਼ੁਵਾਨਰ, ਤੇਜਸ ਅਤੇ ਪ੍ਰਾਗਯਾ ਜਾਂ
   ਵਿਸ਼ਵ, ਚਾਨਣ ਅਤੇ ਪ੍ਰਾਣ ਜਾਂ
   ਜੀਵ, ਆਤਮਾ ਅਤੇ ਬ੍ਰਹਮ ਨੂੰ ਦਰਸਾਉਂਦੀਆਂ ਹਨ।[57]
2. ਤਿੰਨ ਮਾਤ੍ਰਾਵਾਂ ਤਿੰਨ ਅਵਸਥਾਵਾਂ, ਜਾਗ੍ਰਿਤ , ਸੁਪਨ, ਸਖੋਪਤਿ ਦੀਆਂ ਸੰਕੇਤਕ ਹਨ।[58]
3. ਤਿੰਨ ਮਾਤ੍ਰਾਵਾਂ ਸਥੂਲ, ਸੂਖਮ ਅਤੇ ਕਾਰਣ ਨਾਲ ਸੰਬੰਧਿਤ ਹਨ।[59]
4. ਤਿੰਨ ਮਾਤ੍ਰਾਵਾਂ ਤਿੰਨ ਵੇਦਾਂ, ਰਿਗ, ਯਜੁਰ, ਸਿਆਮ ਦੀਆਂ ਸੂਚਕ ਹਨ।[60]
5. ਤਿੰਨ ਮਾਤ੍ਰਾਵਾਂ ਤਿੰਨ ਦੇਵਤਿਆਂ, ਬ੍ਰਹਮਾ, ਵਿਸ਼ਨੂੰ, ਸ਼ਿਵ ਦੀਆਂ ਲਖਾਇਕ ਹਨ।
6. ਤਿੰਨ ਗਿਆਨ ਭੇਦ ਛੰਦ ਗਿਆਨ, ਵਸਤੂ ਗਿਆਨ, ਸਾਮਨ ਗਿਆਨ;
7. ਪਰਮਾਤਮਾ ਦੇ ਤਿੰਨ ਰੂਪ—ਵਿਰਾਟ, ਹਿਰਣ ਗਰਭ, ਈਸ਼ਵਰ;
   ਤਿੰਨ ਪੁਰਸ਼ – ਕਸ਼ੁਰ ਪੁਰਸ਼, ਅਕਸਰ-ਪੁਰਸ਼; ਅਵਯਯ ਪੁਰਸ਼;
9. ਤਿੰਨ ਬ੍ਰਹਿਮੰਡ—ਬ੍ਰਹਿਮੰਡ ਸਰੀਰ, ਬ੍ਰਹਿਮੰਡ ਬੁੱਧੀ, ਬ੍ਰਹਿਮੰਡ ਚੇਤਨਾ;
10. ਤਿੰਨ ਦੇਵ—ਵਾਸੁਦੇਵ, ਆਦਿਤਯ ਦੇਵ ਅਤੇ ਰੁਦਰਦੇਵ ।

---

55. Hindu Polytheism, op.cit., p.340.
56. Ibid, p.341, Fordetails, see; Swami Omanand, PatanjaliYoga, Pradeep, Gorakhpur; Gita Press, pp.222-230.
57. ਮਾਂਡੂਕ(8-12); ਛੰਦੋਗਯ 5.18.2; ਆਪਟੇ ਕੋਸ਼(506); ਤਾਰਾ ਸਾਰਉ:(2.1) ; ਪਾਤੰਜਲੀ ਯੋਗ ਪ੍ਰਦੀਪ, ਸਵਾਮੀ ਰਾਮ ਤੀਰਥ, ਹਰਟ ਔਫ਼ ਰਾਮਾ, ਲਖਨਊ, 1973, ਪੰਨਾ(129-30)
58. ਕਵੀ ਰਾਜ ਕੋਸ਼(248); ਆਪਟੇ, ਉਕਤ; ਤਾਰਾਸਾਰ ਉਪਨਿਸ਼ਦ, ਉਹੀ; ਕਰਪਾਤਰੀ ਸਵਾਮੀ, ਹਿੰਦੂ ਪੋਲੀਥੀਇਜ਼ਮ (338);
59. ਪਾਤੰਜਲੀ ਯੋਗਪ੍ਰਦੀਪ, (225), ਕਵੀਰਾਜ ਕੋਸ਼(248); ਵਾਸੁਦੇਵ ਅਗਰਵਾਲ, ਕਲਿਆਣ ਕਲਪਤਰੂ, ਸ਼ਿਵ ਅੰਕ, ਗੀਤਾ ਪ੍ਰੈਸ, ਗੋਰਖਪੁਰ, 1937, ਪੰਨਾ 492(ਅੱਗੋਂ ਲਈ 'ਕਲਿਆਣ); ਤਾਰਾਸਾਰਉ.2.1.
60. ਮੋਨੀਅਰ(235); ਡਸੰਨ(19); ਤਾਰਾ-ਸਾਰਉ; ਕਲਿਆਣ; ਨਰ-ਸਿੰਹ ਉਤਰ ਤਾਪਿਨੀਉਪਨਿਸ਼ਦ 3.1-5; ਸ਼.ਬ੍ਰਾਹਮਣ 5.32; ਗੋਪੱਥ ਬ੍ਰਾਹੱਮਣ ਹਵਾਲਾ ਐ.ਰ.ਐ., ਜਿਲਦ 9(492);
(ER E)

11. ਤਿੰਨ ਗੁਣ - ਰਜੋ, ਸਤੋ, ਤਮੋ;
12. ਤਿੰਨ ਵਿਸ਼ੁਣ - ਅਗਨੀ, ਆਦਿਤਯ ਅਤੇ ਵਾਯੂ ਅਰਥਾਤ ਅੱਗ, ਸੂਰਜ, ਹਵਾ;
13. ਤਿੰਨ ਮੀਟਰ, ਗਾਇਤ੍ਰੀ 24 ਸ਼ਬਦਾਂਗ, ਤ੍ਰਿਸ਼ਟੁਭ(44 ਸ਼ਬਦਾਂਗ), ਅਤੇ ਜਗਤਿ (48 ਸ਼ਬਦਾਂਗ); (14) ਤਿੰਨ ਦੇਵੀਆਂ - ਅੰਬਾ, ਅੰਬਿਕਾ, ਅੰਬਾਲਿਕਾ;
15. ਤਿੰਨ ਸ਼ਕਤੀਆਂ - ਕ੍ਰਿਆ(ਕਰਮ) ਸ਼ਕਤੀ, ਗਿਆਨ(ਵਿਚਾਰ) ਸ਼ਕਤੀ ਅਤੇ ਇੱਛਾ (ਚੇਤਨਾ) ਸ਼ਕਤੀ;
16. ਤਿੰਨ ਅਗਨੀਆਂ - ਗ੍ਰਿਹਪਤ(ਗ੍ਰਿਹਸਤੀ ਘਰ ਦੀ) ਅਗਨੀ, ਦਕਸ਼ਿਣ(ਪਿਤਰਾਂ ਨਮਿਤ) ਅਗਨੀ ਅਤੇ ਆਹਵਾਨ (ਪ੍ਰਾਰਥਨਾ) ਅਗਨੀ;
17. ਤਿੰਨ ਪ੍ਰੋਹਤ ਕ੍ਰਿਆਵਾਂ, -ਹੋਤਰ (ਭੇਟਾ ਕਰਨ ਵਾਲਾ), ਅਧਵਰਯੂ(ਰੀਤੀ ਕਰਮ ਕਰਨ ਵਾਲਾ) ਅਤੇ ਉਦਗਾਤ੍ਰ(ਗਾਇਣ ਕਰਨ ਵਾਲਾ);
18. ਤਿੰਨ ਗੀਤੀ ਵਾਕ - ਭੂਰ(ਧਰਤੀ), ਸਵਰ(ਆਕਾਸ਼), ਭੁਵਸ,(ਪ੍ਰਕਾਸ਼);
19) ਤਿੰਨ ਮੰਡਲ - ਭੂ, ਆਕਾਸ਼ ਅਤੇ ਵਿਚਾਰਰਕਲਾ ਮੰਡਲ; ਜਾਂ ਤਿੰਨ ਸੰਸਾਰ—ਲੌਕਿਕ, ਪਰਲੌਕਿਕ, ਸਵਰਗੀ;
20. ਤਿੰਨ ਵਸਤੂਏ - ਘੀ, ਬਾਲਣ, ਭੇਟ-ਕ੍ਰਿਆ;
21. ਤਿੰਨ ਮੌਸਮ - ਬਹਾਰ, ਗਰਮੀ, ਸਰਦੀ;
22. ਤਿੰਨ ਸਮੇਂ - ਸਵੇਰ, ਦੁਪਹਿਰ, ਸ਼ਾਮ;
23. ਤਿੰਨ ਕਾਲ ਉੱਤਰ 24 ਸਾਲ, 44 ਸਾਲ, 48 ਸਾਲ;
24. ਤਿੰਨ ਬੋਲੀ ਅਭਿਵਿਅੰਜਨ - ਵਾਕ(ਆਵਾਜ਼), ਮਨਸ(ਮਨ) ਅਤੇ ਪ੍ਰਾਣ(ਸਵਾਸ);
25. ਤਿੰਨ ਰੰਗ - ਲਾਲ, ਚਿੱਟਾ, ਕਾਲਾ;
26. ਤਿੰਨ ਜਾਪ - 'ਅ' ਮਾਤਰਾ ਓਮ ਦਾ ਬਾਣੀ ਨਾਲ ਜਾਪ ਕਰਨਾ ਹੈ, 'ਉ' ਮਾਤਰਾ 'ਓਮ' ਦਾ ਮਾਨਸਿਕ ਜਾਪ ਹੈ ਅਤੇ 'ਮ' ਓਮ ਦਾ ਧਿਆਨ ਹੈ।*

4.3 <u>'ਓਮ' ਦੀ ਮਹੱਤਤਾ:</u> ਭਾਰਤੀ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ 'ਓਮ' ਦੀ ਵਿਸ਼ੇਸ਼ ਮਹੱਤਤਾ ਦਰਸਾਈ ਗਈ ਹੈ। ਪਾਣਿਨੀ (8.2.87) ਅਨੁਸਾਰ ਹਰੇਕ ਮੰਤਰ ਪੜ੍ਹਨ ਤੋਂ ਪਹਿਲਾਂ ਪਵਿੱਤਰ ਸ਼ਬਦ

---

* ਅੰਕ 5 ਤੋਂ 26 ਤਕ ਦੇ ਹਵਾਲੇ ਉਪਰ ਦਿੱਤੇ 57-60 ਟੂਕਾਂ ਦੇ ਹਵਾਲੇ ਹੀ ਹਨ।

ਓਮ ਦਾ ਉਚਾਰਨ ਜ਼ਰੂਰੀ ਹੈ। 'ਚੰਗੀ ਸ਼ੁਰੂਆਤ ਅਤੇ ਸ਼ੁਭ ਮਹੂਰਤ ਵਜੋਂ ਸਾਰੇ ਹਿੰਦੂ ਕਾਰਜਾਂ , ਵੇਦ ਪਾਠਾਂ ਅਤੇ ਪਰਾਰਥਨਾਵਾਂ ਦਾ ਆਰੰਭ 'ਓਮ' ਦੇ ਉਚਾਰਣ ਨਾਲ ਕੀਤਾ ਜਾਂਦਾ ਹੈ। ਹਿੰਦੀ ਵਿਸ਼ਵ ਕੋਸ਼ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿਚ ਸਰਵ ਪ੍ਰਥਮ 'ਓਂਕਾਰ' ਰੂਪ 'ਪ੍ਰਣਵ' ਦਾ ਹੀ ਸਫੁਰਣ ਹੁੰਦਾ ਹੈ।[61] ਓਮ ਮੰਤਰ ਨਾਲ ਬ੍ਰਾਹਮਣ ਲੋਕ ਯੱਗ ਦੀ ਨੁਕਸਾਂ ਨੂੰ ਦੂਰ ਕਰਦੇ ਸੀ ਅਤੇ 'ਓਮ' ਦਾ ਹਜ਼ਾਰ ਵਾਰੀ ਜਾਪ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਸਕਦਾ ਹੈ।[62] ਓਮ ਮੰਤਰ ਨੂੰ 'ਤਾਰਾ' ਜਾਂ 'ਤਾਰਣੀ' ਵੀ ਕਹਿੰਦੇ ਹਨ ਜੋ ਦੂਜੇ ਕੰਢੇ ਲਿਜਾ ਸਕਦਾ ਹੈ। ਤੰਤਰ-ਸਾਰ ਅਨੁਸਾਰ 'ਓਮ' ਦਾ ਉਚਾਰਣ ਦਿਨ ਵਿਚ ਤਿੰਨ ਲਖ ਵਾਰੀ ਕਰਨ ਨਾਲ ਆਤਮ-ਸਿਧੀ, ਬੰਧਨਾ ਤੋਂ ਮੁਕਤੀ ਅਤੇ ਪਰਮ-ਸਤਿ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਅਨੁਸਾਰ ਮੂਲ ਸ਼ਬਦਾਂਗ 'ਓਮ' ਤੋਂ ਸਾਰੀਆਂ ਮੁਢਲੀਆਂ ਆਵਾਜ਼ਾਂ ਅਤੇ ਬੀਜ-ਮੰਤਰ ਨਿਕਲਦੇ ਹਨ ਜਿਹੜੇ ਸੰਸਾਰ ਪ੍ਰਕਾਸ਼ਮਾਨਤਾਂ ਦਾ ਮੂਲ ਤੱਥ ਹਨ, ਸਾਰੀਆਂ ਬੋਲੀਆਂ ਦੀਆਂ ਕੁੰਜੀਆਂ ਹਨ, ਸ਼ਕਤੀ-ਸ਼ਾਲੀ ਨਾਦ-ਤੱਥ ਹਨ ਜਿਨ੍ਹਾਂ ਵਿਚੋਂ ਮੰਤਰ-ਸ਼ਕਤੀ ਦਾ ਨਿਕਾਸ ਹੁੰਦਾ ਹੈ।[63]

4.4. <u>'ਓਮ' ਦਾ ਹਿੰਦੂ ਗ੍ਰੰਥਾਂ ਵਿਚ ਪ੍ਰਯੋਗ:</u> 'ਓਮ' ਦਾ ਪ੍ਰਯੋਗ ਰਿਗਵੇਦ[64] ਤੋਂ ਸ਼ੁਰੂ ਹੁੰਦਾ ਹੈ ਜਿਥੇ ਇਸ ਨੂੰ ਰਖਿਅਕ, ਮਿੱਤਰ, ਸਹਾਇਕ ਅਤੇ ਮਿਹਰਬਾਨ ਕਿਹਾ ਗਿਆ ਹੈ। ਯਜੁਰ ਵੇਦ[65] ਅਨੁਸਾਰ 'ਓਮ' ਸਰਵੋਤਮ ਹੈ, ਆਕਾਸ਼ ਨਿਆਈ ਅਸੀਮ ਹੈ ਅਤੇ ਇਸਦੇ ਸਿਮਰਣ ਦੀ ਪ੍ਰੇਰਨਾ ਕੀਤੀ ਹੈ। ਤੈਤਿਰੀਯ ਸੰਹਿਤਾ(ਭਾਗ 3,2.9.6); ਵਾਜਸਨੇਯੀ ਸੰਹਿਤਾ (9.25); ਅਤੇ ਮੈਤਰਾਣੀਯ ਸੰਹਿਤਾ (4.1.2) ਵਿਚ 'ਓਮ' ਨੂੰ 'ਪ੍ਰਣਵ' ਰੂਪ ਬਿਆਨ ਕੀਤਾ ਗਿਆ ਹੈ। ਸਤਪੱਥ( 1.4.1.30; 10.6.1.4; 11.6.3.4) ਅਤੇ ਐਤ੍ਰੇਯ (7.18; 5.32) ਬ੍ਰਾਹਮਣਾ ਵਿਚ 'ਓਮ' ਨੂੰ ਹਾਂ-ਵਾਚੀ ਰਸਮੀ ਹੁੰਗਾਰਿਆਂ ਲਈ ਵਰਤਿਆ ਗਿਆ ਹੈ ਅਤੇ ਇਸ ਨੂੰ ਤਿੰਨ ਮਾਤ੍ਰਾਵਾਂ ਵਿਚ ਵੰਡ ਕੇ ਤਿੰਨ ਵੇਦਾਂ, ਤਿੰਨ ਦੇਵਤਿਆਂ ਅਤੇ ਤਿੰਨ ਮੰਡਲਾਂ ਆਦਿ ਨਾਲ ਸੰਬੰਧਿਤ ਕੀਤਾ ਗਿਆ ਹੈ।

---

61. ਪੰਡਿਤ ਗੋਪੀ ਨਾਥ ਕਵੀ ਰਾਜ, ਉਕਤ, ਪੰਨਾ 248.

62. A.B.Keith, ERE, IV, p.490.

63 Hindu Polytheism, p. 339.

64. ਰਿਗਵੇਦ, 1.3.7; 7.69.4; 10.50.5;

65. ਯਜੁਰ ਵੇਦ 11.51; 40.17.

ਉਪਨਿਸ਼ਦਾਂ ਵਿਚ 'ਓਮ' ਨੂੰ ਰਹੱਸਮਈ ਰੂਪ ਵਿਚ ਧਾਰਮਿਕ ਸਾਧਨਾ ਦਾ ਮਾਧਿਅਮ ਅਤੇ ਦੈਵੀ-ਸ਼ਕਤੀ ਸੰਪਨ ਗੰਭੀਰ-ਚਿੰਤਨ-ਯੋਗ-ਸ਼ਬਦ ਮੰਨਿਆ ਗਿਆ ਹੈ ਅਤੇ ਇਸ ਦੀਆਂ ਮਾਤ੍ਰਾਵਾਂ (ਅ, ਉ, ਮ) ਤੋਂ ਆਤਮ-ਸਿਧੀ ਦੇ ਕਈ ਉਲੇਖ ਪ੍ਰਾਪਤ ਹੁੰਦੇ ਹਨ।[66] ਤੈਤ੍ਰਿਯ ਉਪਨਿਸ਼ਦ(1.8) ਅਨੁਸਾਰ ਓਮ ਬ੍ਰਹਮ ਅਤੇ ਦੈਵੀ ਸ਼ਕਤੀ ਦਾ ਚਿੰਨ੍ਹ ਹੈ ਅਤੇ ਕਰਮ-ਕਾਂਡ ਦੇ ਹਰੇਕ ਭਾਗ ਵਿਚ ਇਸ ਦੀ ਵਰਤੋਂ ਹੋਤਰ, ਸਾਮਨ(ਗਾਇਕ) ਅਧਵ੍ਰਯੂ ਅਤੇ ਬ੍ਰਾਹਮਣ ਕਰਦਾ ਦਸਿਆ ਹੈ। ਕਠਉ(2.15) ਅਨੁਸਾਰ ਸੰਪੂਰਣ ਵੇਦਾਂ, ਸਾਰੇ ਤਪਾਂ ਅਤੇ ਬ੍ਰਹਮਚਰੀਆ ਦੇ ਧਰਮ ਦੀ ਪਾਲਨਾ 'ਓਮ' ਪਦ ਰਾਹੀਂ ਸੰਪੂਰਨ ਹੁੰਦੀ ਹੈ। ਕਠ( 2.17) ਅਨੁਸਾਰ ਆਤਮ- ਸਾਖਿਆਤ ਦਾ ਸ਼੍ਰੋਮਣੀ ਅਤੇ ਸਰਵੋਤਮ ਸਹਾਰਾ 'ਓਮ' ਹੈ। ਕਠ(2.16) ਅਤੇ ਮਾਂਡੂਕ(1.1) ਅਨੁਸਾਰ 'ਓਮ' ਅੱਖਰ ਸ਼ਬਦ-ਬ੍ਰਹਮ ਹੈ। ਸਾਰਾ ਬ੍ਰਹਿਮੰਡ ਇਸ 'ਓਮ' ਅੱਖਰ ਦਾ ਹੀ ਪ੍ਰਕਾਸ਼ਮਾਨ ਸਰੂਪ ਹੈ। ਸਾਰਾ ਕੁਝ, ਹੋਂਦ-ਅਣਹੋਂਦ, ਕਾਲ, ਸਰਬ-ਕਾਲ, ਅਕਾਲ ਓਮ ਹੀ ਹੈ। ਛੰਦੋਗਯ(1. 1) ਅਨੁਸਾਰ ਸਾਰੇ ਜੀਵਾਂ ਦਾ ਸਾਰ ਧਰਤੀ ਹੈ; ਧਰਤੀ ਦਾ ਸਾਰ ਪਾਣੀ ਹੈ; ਪਾਣੀ ਦਾ ਸਾਰ ਬਨਸਪਤੀ ਹੈ; ਬਨਸਪਤੀ ਦਾ ਸਾਰ ਮਨੁੱਖ ਹੈ; ਮਨੁੱਖ ਦਾ ਸਾਰ ਉਸ ਦੀ ਭਾਸ਼ਾ ਹੈ; ਭਾਸ਼ਾ ਦਾ ਸਾਰ ਰਿਗਵੇਦ ਹੈ; ਰਿਗ ਦਾ ਸਾਰ ਸਾਮ ਵੇਦ ਅਤੇ ਸਾਮ ਵੇਦ ਦਾ ਸਾਰ ਉਦਗੀਥ ਅਰਥਾਤ 'ਓਮ' ਹੈ, ਜੋ ਸਾਰੇ ਸਾਰਾਂ ਤੋਂ ਉੱਤਮ ਹੈ।

ਮਾਂਡੂਕ(2.2.4) ਅਨੁਸਾਰ 'ਓਮ' ਇਕ ਕਮਾਨ ਹੈ ਜਿਸ ਵਿਚੋਂ ਆਤਮਾ ਦਾ ਤੀਰ ਨਿਕਲ ਕੇ ਬ੍ਰਹਮ ਨਿਸ਼ਾਨੇ ਵਿਚ ਜਾ ਸਮਾਉਂਦਾ ਹੈ। ਪ੍ਰਸ਼ਨ ਉਪਨਿਸ਼ਦ(5.5) ਵਿਚ ਓਮ ਦੀ ਤਿੰਨ ਮਾਤ੍ਰਾਵਾਂ ਦਾ ਸੰਬੰਧ ਤਿੰਨ ਲੋਕਾਂ —ਮਨੁੱਖ ਲੋਕ, ਪਿਤਰ-ਲੋਕ ਅਤੇ ਦੇਵ-ਲੋਕ ਨਾਲ ਜੋੜਿਆ ਗਿਆ ਹੈ। 'ਓਮ' ਦੀ ਰਹੱਸਵਾਦੀ ਵਿਆਖਿਆ ਵਿਚ 'ਓਮ' ਧਿਆਨ ਦੀ ਸਰਵੋਤਮ ਪੌੜੀ ਨਹੀਂ, ਇਹ ਇਕ ਰੱਥ ਹੈ,ਜਿਸ ਨੂੰ ਮਨਜ਼ਿਲ ਦੇ ਨੇੜੇ ਪੁੱਜ ਕੇ ਤਿਆਗ ਦਿਤਾ ਜਾਂਦਾ ਹੈ।

ਉਪਨਿਸ਼ਦ ਕਾਲ ਵਿਚ 'ਓਮ' ਦੀ ਅਧਿਆਤਮਕ ਅਤੇ ਰਹੱਸਮਈ ਵਿਆਖਿਆ ਦੇ ਨਾਲ ਨਾਲ ਇਸ ਦੀ ਕਰਮ-ਕਾਂਡੀ ਅਤੇ ਰਸਮੀ ਵਰਤੋਂ ਦੇ ਉਲੇਖ ਮਿਲਦੇ ਹਨ। ਇਕ ਬੰਨੇ ਇਸ ਨੂੰ ਸੁਚ ਅਤੇ ਪਵਿਤਰਤਾ ਦੀਆਂ ਰਸਮਾਂ ਨਾਲ ਜੋੜਿਆ ਗਿਆ ਦੂਜੇ ਬੰਨੇ ਜਾਦੂ ਟੂਣਿਆਂ ਵਿਚ 'ਓਮ' ਦੀ ਵਰਤੋਂ ਕੀਤੀ ਜਾਣ ਲਗ ਪਈ। ਕੌਸ਼ਿਕ ਸੂਤਰ, ਜੋ ਭਾਰਤੀ ਜਾਦੂ ਮੰਤਰਾਂ ਦਾ ਸੋਮਾ ਹੈ, ਪਵਿੱਤਰ ਜਾਦੂ

---

66. ਮੋਨੀਅਰ ਕੋਸ਼(235) ; ਆਪਟੇ ਕੋਸ਼(506); ਭਸਨ ਕੋਸ਼(19)

ਵਿਵਰਜਤ ਸੀ।[71] ਨੀਵੀਆਂ ਜਾਤੀਆਂ ਲਈ 'ਓਮ'(ओम् ) ਦੀ ਥਾਂ ਔਮ( औम् ) ਨਿਸਚਿਤ ਕੀਤਾ ਗਿਆ।[72] ਇਸ ਦੀ ਪ੍ਰੋੜ੍ਹਤਾ ਕਰਦੇ ਆਧੁਨਿਕ ਧਾਰਮਿਕ ਵਿਦਵਾਨ ਅਨੰਤ ਸ੍ਰੀ ਵਿਭੂਸ਼ਿਤ ਜਗਤਗੁਰੂ ਸ੍ਰੀ ਸ਼ੰਕਰਾਚਾਰੀਆ ਲਿਖਦੇ ਹਨ," ਅਜ ਦਾ ਵਾਤਾਵਰਣ ਬਹੁਤ ਵਿਪਰੀਤ ਹੈ—... ਇਸਤ੍ਰੀਆਂ ਪ੍ਰਣਵ ਦਾ ਜਾਪ ਕਰਦੀਆਂ ਹਨ—.... ਇਹ ਸਭ ਪਤਨ ਦਾ ਕਾਰਨ ਹੈ। ਜੋ ਇਸਤ੍ਰੀਆਂ ਪ੍ਰਣਵ ਉਪਾਸਨਾ ਤਥਾ ਸ਼ਾਲਗ੍ਰਾਮ ਆਦਿ ਦੀ ਉਪਾਸਨਾ ਵਿਚ ਲਗ ਜਾਂਦੀਆਂ ਹਨ, ਉਹ ਸਾਰੇ ਸ਼ਾਸਤਰਾਂ ਵਿਰੁਧ ਆਚਰਨ ਕਰਦੀਆਂ ਹਨ ਜਿਸ ਦਾ ਪਰਿਣਾਮ ਕਦੀ ਕਦੀ ਸਰਬ-ਨਾਸ਼ ਤਕ ਹੋ ਜਾਂਦਾ ਹੈ।[73]

5.1 <u>ਗੁਰਮਤਿ ਸਾਹਿਤ ਵਿਚ 'ਓਅੰਕਾਰ'</u>:

ਗੁਰਮਤਿ ਵਿਚ 'ਓਅੰਕਾਰ' ਪਦ ਦੀ ਵਿਆਖਿਆ ਬਹੁਤ ਪੁਰਾਤਨ ਸਮੇਂ ਤੋਂ ਹੋ ਰਹੀ ਹੈ। ਇਹ ਵਿਆਖਿਆ ਬਹੁਤ ਭਰਪੂਰ ਵੀ ਹੈ ਅਤੇ ਬਹੁ-ਰੰਗੀ ਵੀ। ਅਨੇਕ ਵਿਦਵਾਨ ਟੀਕਾਕਾਰਾਂ ਅਤੇ ਅਨੁਭਵੀਆਂ ਨੇ ਆਪੋ ਆਪਣੀ ਰੁਚੀ, ਗਿਆਨ ਅਤੇ ਪ੍ਰਾਪਤੀ ਅਨੁਸਾਰ ਭਿੰਨ ਭਿੰਨ ਵਿਆਖਿਆਵਾਂ ਪੇਸ਼ ਕੀਤੀਆਂ ਹਨ। ਆਧੁਨਿਕ ਵਿਦਵਾਨਾਂ ਨੇ ਇਨ੍ਹਾਂ ਪੁਰਾਣੇ ਮਤਾਂ ਦਾ ਵਰਗੀਕਰਣ ਨਿਰਮਲਾ, ਉਦਾਸੀ, ਗਿਆਨੀ, ਸੇਵਾ ਪੰਥੀ, ਸਿੱਖ ਮਿਸ਼ਨਰੀ ਅਤੇ ਆਧੁਨਿਕ ਪਰਣਾਲੀ ਵਿਚ ਕੀਤਾ ਹੈ ਜੋ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਕਾਫ਼ੀ ਸਹਾਇਕ ਸਿੱਧ ਹੁੰਦਾ ਹੈ ਪਰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਬਹੁਤ ਸਾਰੀਆਂ ਸਮੱਸਿਆਵਾਂ ਖੜੀਆਂ ਕਰਦਾ ਹੈ। ਹਰ ਧਾਰਾ ਦਾ ਕੋਈ ਵੱਖਰਾ ਨਿਸਚਿਤ ਸਰੂਪ ਨਹੀਂ ਹੁੰਦਾ, ਕਈ ਗਲਾਂ ਸਾਂਝੀਆਂ ਵੀ ਹੁੰਦੀਆਂ ਹਨ। ਸੰਪਰਦਾਇਕ ਦ੍ਰਿਸ਼ਟੀ ਤੋਂ ਕਿਸੇ ਵਿਆਖਿਆਕਾਰ ਨੂੰ ਨਿਰਮਲਾ, ਉਦਾਸੀ, ਸੇਵਾ ਪੰਥੀ, ਆਦਿ ਸੰਪਰਦਾ ਨਾਲ ਜੋੜ ਸਕਦੇ ਹਾਂ, ਪਰੰਤੂ ਵਿਚਾਰ ਅਤੇ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਚਕਾਰ ਨਿਸਚਿਤ ਰੇਖਾਵਾਂ ਕਾਇਮ ਕਰ ਸਕਣਾ ਲਗਭਗ ਅਸੰਭਵ ਹੈ। ਉਦਾਹਰਣ ਵਜੋਂ ਤੁਲਨਾਤਮਕ ਪ੍ਰਾਪਤ ਪੱਤਰਕਾਂ ਵਿਚ ਕੀਤੇ ਗਏ ਅਜਿਹੇ ਵਰਗੀਕਰਣ ਵਿਚ ਕਈ ਵਿਦਵਾਨਾਂ ਨੂੰ ਇਕੋ ਸਮੇਂ ਗਿਆਨੀ, ਸਿੱਖ ਸਭਾ ਅਤੇ ਆਧੁਨਿਕ ਪਰਣਾਲੀਆਂ ਵਿਚ ਸ਼ਾਮਲ ਕੀਤਾ ਗਿਆ ਹੈ।

---

71. ਸੇਨੀਅਰ ਰੇਨੂ, (235), ਤਸਨ ਰੇਨੂ(16);
72. ਆਪਟੇ ਰੇਨੂ(512); ਸੇਨੀਅਰ ਰੇਨੂ(239);
ਸੰਸਕ੍ਰਿਤ ਸ਼ਬਦਾਰਥ ਕੌਸਤੁਭ(282) ਅਨੁਸਾਰ ਸ਼ੂਦਰਾਂ ਦੇ ਉਚਾਰਣ ਦੇ ਲਈ ਪ੍ਰਣਵ ਦਾ ਰੂਪ ਵਿਸ਼ੇਸ਼ 'ਔਮ' ਹੈ ਕਿਉਂਕਿ ਸ਼ੂਦ੍ਰ ਦੇ ਲਈ 'ਓਮ' ਦਾ ਉਚਾਰਣ ਵਰਜਿਤ ਹੈ।
73. ਕਲਿਆਣ, ਭਗਵਤ ਨਾਮ ਮਹਿਮਾ ਔਰ ਪ੍ਰਾਰਥਨਾ ਅੰਕ, ਗੋਰਖਪੁਰ, 1968, ਪੰਨਾ 36-37.

ਇਸ ਮੁਸ਼ਕਲ ਨੂੰ ਮੁੱਖ ਰਖਦਿਆਂ 'ਓਅੰਕਾਰ' ਦੀ ਵਿਆਖਿਆ ਨੂੰ ਕਲਾਸਕੀ ਅਤੇ ਆਧੁਨਿਕ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਸਨਾਤਨੀ ਅਤੇ ਆਧੁਨਿਕ ਪਰਣਾਲੀਆਂ ਦੀ ਵੰਡ ਦਾ ਸੰਬੰਧ ਸਮੇਂ ਨਾਲ ਨਹੀਂ, ਸਗੋਂ ਵਿਆਖਿਆਕਾਰ ਦੀ ਬਿਰਤੀ ਅਤੇ ਵਿਧੀ ਨਾਲ ਹੈ। ਅਜੋਕੇ ਯੁਗ ਵਿਚ 'ਓਅੰਕਾਰ' ਦੀ ਮਾਤ੍ਰਿਕ ਵੰਡ ਦੇ ਆਧਾਰ ਤੇ ਵਿਆਖਿਆ ਕਰਨ ਵਾਲੇ ਗਿਆਨੀ ਅਮੀਰ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਆਦਿ ਨੂੰ ਕਲਾਸਕੀ ਜਾਂ ਸਨਾਤਨੀ ਕਹਾਂਗੇ ਪਰ ਸੋਲਵੀਂ ਸਦੀ ਦੇ ਭਾਈ ਗੁਰਦਾਸ ਨੂੰ ਆਧੁਨਿਕ ਕਹਾਂਗੇ ਕਿਉਂਕਿ ਉਨ੍ਹਾਂ ਦੀ ਬਿਰਤੀ ਅਤੇ ਵਿਧੀ ਆਧੁਨਿਕ ਹੈ।

ਕਲਾਸਕੀ ਦ੍ਰਿਸ਼ਟੀ ਨਾਲ ਵਿਆਖਿਆ ਕਰਨ ਵਾਲੇ ਵਿਦਵਾਨਾਂ ਦੀ ਪਰੰਪਰਾ ਭਾਈ ਮਨੀ ਸਿੰਘ ਅਤੇ ਨਿਰਮਲੇ ਸੰਤਾਂ ਤੋਂ ਸ਼ੁਰੂ ਹੋ ਕੇ ਨਿਰੰਤਰ ਚਲੀ ਆਉਂਦੀ ਹੈ। ਇਸ ਉੱਤੇ ਵੇਦਾਂਤ ਦਾ ਅਸਰ ਪ੍ਰਤੱਖ ਹੈ ਜਿਸ ਅਧੀਨ 'ਸ਼ਬਦ' ਦੀ ਪ੍ਰਾਸੰਗਿਕ ਅਤੇ ਸਮੁੱਚੀ ਵਿਆਖਿਆ ਦੀ ਬਜਾਏ ਇਸ ਦੀ ਅੱਖਰਾਂ ਮਾਤ੍ਰਾਵਾਂ ਅਤੇ ਧੁਨੀਆਂ ਅਨੁਸਾਰ ਵਿਆਖਿਆ ਕੀਤੀ ਜਾਂਦੀ ਹੈ ਅਤੇ ਇਸ ਦੇ ਕਈ ਪੂਰਵ-ਕਲਪਿਤ ਅਰਥ ਜੁਟਾਏ ਜਾਂਦੇ ਹਨ ਜੋ ਕਈ ਵਾਰ ਬਿਲਕੁਲ ਕਾਲਪਨਿਕ ਅਤੇ ਓਪਰੇ ਅਤੇ ਅਸੰਗਤ ਹੁੰਦੇ ਹਨ। ਉਪਰ ਕਥਿਤ ਪਰੰਪਰਾਵਾਂ ਦੇ ਦਸ ਪ੍ਰਮੁੱਖ ਵਿਦਵਾਨਾਂ ਨੂੰ ਪ੍ਰਤੀਨਿਧ ਮੰਨ ਕੇ 'ਓਅੰਕਾਰ' ਦੀ ਸਨਾਤਨੀ ਵਿਆਖਿਆ ਦਾ ਰੂਪ ਉਜਾਗਰ ਕੀਤਾ ਜਾਂਦਾ ਹੈ।

5.2 <u>'ਓਅੰਕਾਰ' ਦੀ ਕਲਾਸਕੀ ਵਿਆਖਿਆ:</u>

(ੳ) ਭਾਈ ਮਨੀ ਸਿੰਘ 'ਗਿਆਨ ਰਤਨਾਵਲੀ' ਵਿਚ ਵੇਦਾਂਤਿਕ ਪ੍ਰਭਾਵ ਅਧੀਨ 'ਓਅੰਕਾਰ' ਦੀ ਵਿਆਖਿਆ ਕਰਦੇ ਲਿਖਦੇ ਹਨ, "ਓਅੰ ਆਪ ਦੀ ਧੁਨੀ ਕੀਤੀ ਤਾਂ ਅਰਧ ਚੰਦ੍ਰਕਾ ਮਾਇਆ ਹੋਈ ਤਾਂ ਮਾਇਆ ਤੋਂ ਤਿੰਨ ਦੇਵਤੇ ਹੋਏ। 'ਊੜੇ' ਵਿਚ ਬ੍ਰਹਮਾ ਹੋਇਆ। ਆਇੜੇ ਵਿਚੋਂ ਬਿਸ਼ਨੂੰ ਹੋਇਆ। ਮਮੇ ਵਿਚੋਂ ਮਹਾਂਦੇਉ ਹੋਇਆ।" ਐਥੇ ਇਨ੍ਹਾਂ ਦੇਵਤਿਆਂ ਦੇ ਵਿਕਾਰਾਂ ਦੀ ਵਿਆਖਿਆ ਹੈ। 'ਓਅੰਕਾਰ' ਦੀ ਅਖੰਡਤਾ ਦਾ ਕੋਈ ਉਲੇਖ ਨਹੀਂ।

(ਅ) ਪੰਡਿਤ ਤਾਰਾ ਸਿੰਘ ਨਰੋਤਮ(ਗੁਰਮਤ ਨਿਰਣਯ ਸਾਗਰ, ਊਰਮੀ 28) ਅਨੁਸਾਰ 'ਓਅੰਕਾਰ' ਤਾਂ 'ਓਮ' ਦਾ ਹੀ ਰੂਪ ਹੈ ਅਤੇ ਇਸ ਦੇ ਆਦਿ ਵਿਚ 'ਏਕਾ ਅੰਕ' ਇਸ ਲਈ ਲਾਇਆ ਹੈ ਕਿ ਇਸ ਨੂੰ ਨੀਵੀਆਂ ਜਾਤੀਆਂ ਅਤੇ ਇਸਤ੍ਰੀਆਂ ਵੀ ਪੜ੍ਹਣੇ ਨਾਲ ਜਪ ਸਕਣ। ਉਹ ਲਿਖਦੇ ਹਨ, "ਬੇਦ ਮੇਂ ਲਿਖਿਆ ਹੈ ਸਭ ਵਰਣੋਂ ਕੀ ਇਸਤ੍ਰੀਆਂ ਅਰ ਸੂਦ੍ਰ ਵੇਦ ਨ ਪੜ੍ਹੇ ਔਰ ਓਅੰ ਸ਼ਬਦ ਸਰਬ ਬੇਦ ਕਾ ਸਾਰ ਹੈ। ਗੁਰੂ ਜੀ ਵੇਦ ਮਰਯਾਦਾ ਕੇ ਸਥਾਪਕ ਹੈਂ—.... ਪਰਦੇ ਸੇ ਉਚਾਰਨ ਕਰਨਾ ਉਲਟੇ ਉਚਾਰਨ ਵਤ ਦੋਖ ਜਨਮ ਨਹੀਂ ਜੈਸੇ ਬਾਲਮੀਕ ਕੋ ਰਿਖੀਓਂ ਨੇ ਵੇਦ ਮੰਤ੍ਰ ਰਾਮ ਕਾ ਉਲਟ ਮਰਾ ਮਰਾ ਉਚਾਰਨ ਕੀਆ।"

(ਝ) ਗਿਆਨੀ ਬਦਨ ਸਿੰਘ (ਟੀਕਾ ਫਰੀਦਕੋਟ) 'ਓਅੰਕਾਰ' ਵਿਚਲੇ 'ਓਮ' ਦੀਆਂ ਤਿੰਨ ਮਾਤਰਾਂ, ਅਕਾਰ, ਉਕਾਰ, ਮਕਾਰ ਨੂੰ ਅਨੇਕ ਪਰੰਪਰਾਈ ਤਰੀਕਿਆਂ ਨਾਲ ਜੋੜਦੇ ਲਿਖਦੇ ਹਨ, "ਓ ਸਮੁਦਾਇ ਕੇ ਇਹ ਤੀਨ ਅਵੇਵ ਹੈਂ। ਅਕਾਰ ਮਾਤ੍ਰਾ ਕਾ ਅਰਥ ਵਿਰਾਟ ਈਸ਼ੁਰ ਔਰ ਵਿਸ਼ਵ ਜੀਵ ਹੈ। ਸਥੂਲ ਸਰੀਰ ਔਰ ਜਾਗ੍ਰਿਤ ਅਵੱਸਥਾ। —...ਦੂਜੀ ਮਾਤ੍ਰਾ ਉਕਾਰੁ —ਹਿਰਨ ਗਰਭ ਈਸ਼ੁਰ ਤੈਜਸ, ਸੂਖਮ ਸਰੀਰ, ਸਵਪਨ ਅਵੱਸਥਾ; ਤੀਸਰੀ—ਮਾਯਾ ਪ੍ਰਤਿ ਈਸ਼ੁਰ, ਪ੍ਰਾਗਯ ਜੀਵ, ਕਾਰਣ ਸਰੀਰ, ਸੁਖਪਤੀ ਅਵਸਥਾ—...." ਗਿਆਨੀ ਜੀ ਅਨੁਸਾਰ ਵੈਦਿਕ 'ਓਮ' ਨੂੰ '੧ਓ' ਰੂਪ ਵਿਚ ਬਦਲਣ ਦਾ ਕਾਰਨ ਵੀ ਪਰੰਪਰਾਈ 'ਓਹਲਾ' ਜਾਂ 'ਪੜਦਾ' ਹੈ। ਜਿਸ ਦਾ ਜ਼ਿਕਰ ਤਾਰਾ ਸਿੰਘ ਨਰੋਤਮ ਨੇ ਕੀਤਾ ਹੈ।[74]

(ਸ) ਬਾਬਾ ਮੰਗਲ ਸਿੰਘ[75] ਅਨੁਸਾਰ "ਵੋਹੀ ਏਕੜਾ(੧) ਸੁਧ ਸਰੂਪ ਮਾਇਆ ਸਬਲ ਹੋ ਕਰ ਓਅੰਕਾਰ ਰੂਪ ਹੋ ਗਿਆ ਜਿਸ ਮੈ ਸਤਤਾ ਅਤੇ ਅਸਤਤਾ ਮਿਲ ਗਈ ਹੈ।" ਬਾਬਾ ਜੀ ਨੇ ਓਅੰਕਾਰ ਦੀਆਂ ਸਾਰੇ ਤਿੰਨ ਮਾਤ੍ਰਾਵਾਂ ਦੀ ਭਰਪੂਰ ਵਿਆਖਿਆ ਕੀਤੀ ਹੈ। ਅੰਕ '੧' ਦੇ 47 ਰੂਪਾਂ ਅਤੇ 97 ਨਾਵਾਂ ਦਾ ਵੀ ਵੇਰਵਾ ਦਿਤਾ ਹੈ। ਨਿਰਣਾ ਬੜਾ ਮਹੱਤਵਪੂਰਣ ਦਿਤਾ ਹੈ," ਵੋਹ ਏਕੜਾ ਓਅੰਕਾਰ ਮੇਂ ਵਿਆਪਕ ਹੈ। ਉਸ ਏਕੜੇ ਸੁਧ ਕੋ ਜਾਨ। ਬਾਕੀ ਉਤਪਤੀ ਵਾਲੇ ਕੋ ਨਾ ਮੈਨ।"

(ਹ) ਸੰਤ ਗੁਲਾਬ ਸਿੰਘ[76] ਓਅੰ ਦੀ ਵਿਆਖਿਆ ਵਿਚ ਲਿਖਦੇ ਹਨ: ਅਕਾਰ, ਉਕਾਰ, ਮਕਾਰ ਪੁਨ, ਅਰਧ ਬਿੰਦ ਪਹਿਚਾਨ, ਚਾਰੋਂ ਕੇ ਸਮਦਾਇਕੇ, ਓਅੰਕਾਰ ਪਹਿਚਾਨ। ਤਿੰਨ ਮਾਤ੍ਰਾਵਾਂ ਅਤੇ ਅਰਧ ਚੰਦ੍ਰ ਦੀ ਪਰੰਪਰਾਈ ਵਿਆਖਿਆ ਅਤੇ "੧ਓ" ਦਾ 'ਪੜਦੇ' ਜਾਂ 'ਓਹਲੇ' ਵਿਚ ਜਾਪ" ਸੰਤ ਜੀ ਦੀ 'ਓਅੰਕਾਰ' ਵਿਆਖਿਆ ਦੇ ਮੁੱਖ ਲੱਛਣ ਹਨ।

(ਕ) ਨਿਰਮਲ ਸੰਤ ਦੇਵਾ ਸਿੰਘ[77] ਅਨੁਸਾਰ ਓਂਕਾਰ" ਅਵ ਧਾਤੂ ਸੇ ਬਨਾਵੇ ਹੈਂ, ਅਵ ਕਾ ਅਰਥ ਰਖਯਾ ਹੈ—ਅ, ਉ, ਮ ਕੋ ਤੀਨ ਅਖਰੋਂ ਕੇ ਮੇਲਨੇ ਬਨਾਵੇ ਹੈਂ—.... ਵਹੀ ਅਪਨੀ ਮਾਯਾ ਸ਼ਕਤੀ

---

74. " ਵੇਦ ਮੈ ਤੀਨ ਵਰਣੋਂ ਕੇ ਪਰਖੋਂ ਬਿਨਾ ਨਿਖਲ ਵਰਣੋਂ ਕੀ ਇਸਤ੍ਰੀਆਂ ਅਰ ਪੁਰਖੋਂ ਕੋ ਓ ਕੇ ਮੁਖ ਸੇ ਉਚਾਰਨ ਕੀ ਆਗਯਾ ਨਹੀਂ ਥਾ ਤੇ ਸਾਂਝਾ ਉਪਦੇਸ਼ ਭੀ ਕਰਨਾ ਔਰ ਪੂਰਬ ਵੇਦ ਮੈ ਕਹੀ ਹੁਈ ਆਪਨੀ ਆਗਯਾ ਭੀ ਸਹੀ ਰਖਨੀ। ਇਹ ਵਿਚਾਰ ਕੇ ਪ੍ਰਮੇਸਵਰ ਨੇ 'ਓ' ਕੇ ਆਦਿ ਮੈ ਪੜਦਾ ਰਖ ਦੀਆ ਹੈ ਜੋ ਪੜਦੇ ਸੇ ਸਭੀ ਬੋਲੈਂ, ਪੜਦੇ ਸੇ ਬੋਲਣੇ ਮੈ ਦੋਸ਼ ਨਹੀਂ।
ਟੀਕਾ ਫਰੀਦਕੋਟ, ਪੰਨਾ 2-3.
75. ਜਪੁਜੀ ਸਾਹਿਬ ਇਕਾਖਰੀ ਸੰਪ੍ਰਦਾਇਕ ਸਟੀਕ, ਅੰਮ੍ਰਿਤਸਰ, ਨਾਨਕਸ਼ਾਹੀ, 437, ਪੰਨਾ 12, 15, 16.
76. ਜਪੁ ਪ੍ਰਕਾਸ਼, ਉਕਤ, ਪੰਨਾ 11-12.
77. ਸੁਗਮ ਜਪੁ ਪ੍ਰਦੀਪ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਸੰਮਤ 1959, ਪੰਨਾ 5.

ਸਾਥ ਮਿਲ ਕਰ ਅਕਾਰ ਉਕਾਰ ਮਕਾਰ ਤੀਨ ਰੂਪ ਹੂਆ।"

(ਖ) ਭਾਈ ਸੰਤੋਖ ਸਿੰਘ[78] ਕਰਤਾ ਸੂਰਜ ਗ੍ਰੰਥ ਨੇ ਓਅੰ ਦੀ ਤ੍ਰੈ-ਮਾਤ੍ਰਿਕ ਵਿਆਖਿਆ ਨੂੰ ਓਅੰਕਾਰ ਦੇ ਨੌ ਰੂਪਾਂ ਅਤੇ 63 ਭੇਦਾਂ ਵਿਚ ਵਿਅਕਤ ਕੀਤਾ ਹੈ। "ਪ੍ਰਥਮ ਸਿਧਾਂਤ ਹਿਰੰਨ ਗ੍ਰਭ ਕਾ ਬ੍ਰਹਮ ਜੀ ਕਾ ਕਹਯਾ ਹੋਆ। ਓਅੰਕਾਰ ਕੇ ਨਵ ਰੂਪ ਹੈਂ, ਤ੍ਰਿਮਾਤ੍ਰਾ ਰੂਪ, ਤ੍ਰਿ ਬ੍ਰਹਮ ਰੂਪ, ਤ੍ਰਿ ਅਖਰ ਰੂਪ। ਦੂਜਾ ਸਿਧਾਂਤ ਪਾਤੰਜਲੀ -ਕਪਲ ਮੁਨੀਕਾਂ ਤ੍ਰਿ ਗਯਾਨ ਰੂਪ, ਤ੍ਰਿਗੁਨ ਰੂਪ, ਤ੍ਰਿ ਕਾਰਨ ਰੂਪ। ਇਸ ਤਰ੍ਹਾਂ ਬਿਆਸ, ਬਹਮਨਿਸਟੇ, ਸ਼ਿਵ, ਬੈਸਨੋ ਸਭ ਦੇ ਤਿਨੋ-ਕੇ ਦਸ ਕੇ ਲਿਖਿਆ ਹੈ," "63 ਰੂਪ ਓਅੰਕਾਰ ਸਗੁਨ ਸਥੂਲ ਕੇ ਹੋਤ ਹੈ, 64ਵਾਂ ਰੂਪ ਸੂਖਮ ਨਿਰਗੁਨ ਬਿਹਕਲਹ ਹੈ।' ਭਾਈ ਸਾਹਿਬ ਨੇ ਓਅੰਕਾਰ ਦੇ ਦਸ ਨਾਮ ਦਸੇ ਹਨ—ਓਅੰਕਾਰ, ਪ੍ਰਨਵ, ਸਰਬ ਬਯਾਪੀ, ਅਨੰਤਤਾ, ਰਸੁ, ਕਲ, ਵੇਦਮੂਤ, ਹੰਸ, ਤੁਰੀਆ, ਬ੍ਰਹਮ।" ਨਿਰਣੇ ਵਜੋਂ ਭਾਈ ਸਾਹਿਬ ਅਨੁਸਾਰ," ਓਅੰਕਾਰ ਪਾਰਬ੍ਰਹਮ ਰੂਪ ਹੈ, ਅਮਾਤ੍ਰ ਭੀ ਹੈ, ਅਨੰਤ ਮਾਤ੍ਰਾ ਰੂਪ ਭੀ ਹੈ।"

(ਗ) ਆਧੁਨਿਕ ਕਾਲ ਵਿਚ ਵੀ 'ਓਅੰਕਾਰ' ਦੀ ਸਨਾਤਨੀ ਮਾਤ੍ਰਿਕ ਵੰਡ ਅਨੁਸਾਰ ਵਿਆਖਿਆ ਦੇ ਪਰਮਾਣ ਮਿਲ ਜਾਂਦੇ ਹਨ। ਸੋਢੀ ਤੇਜਾ ਸਿੰਘ ਅਨੁਸਾਰ" ਏਕਾ ਵੇਦ ਦਾ ਅੰਗ ਹੈ—.... ਓਅੰਕਾਰ 'ਓ ਅ ਮ' ਇਕ ਰਸ ਸ਼ੁੱਧ ਬ੍ਰਹਮ ਹੀ ਮਾਇਆ ਸਬਲ ਹੋਕਰ ਸੰਸਾਰ ਵਿਸਥਾਰ ਵਾਸਤੇ ਓਅੰਕਾਰ ਹੋਇਆ।"[79] ਓਅੰਕਾਰ ਦੀ ਤ੍ਰੈ-ਮਾਤ੍ਰਿਕ ਵਿਆਖਿਆ ਵੀ ਕੀਤੀ ਗਈ ਹੈ। ਸੰਤ ਅਮੀਰ ਸਿੰਘ , ਸੰਤ ਕਿਰਪਾਲ ਸਿੰਘ ਨੇ ਵਧੇਰੇ ਵਿਆਖਿਆ ਸੰਤ ਗੁਲਾਬ ਸਿੰਘ ਦੇ ਟੀਕੇ ਤੋਂ ਲਈ ਹੈ। ਓਅੰਕਾਰ ਦੀ ਵਿਆਖਿਆ ਨਿਰੋਲ ਵੇਦਾਂਤੀ ਅਤੇ ਸਨਾਤਨੀ ਹੈ।[80] ਗਿਆਨੀ ਹਰਬੰਸ ਸਿੰਘ ਨੇ ਓਂਕਾਰ ਦੀਆਂ ਤਿੰਨ ਮਾਤਰਾਂ ਅਤੇ ਚੋਥੇ ਅਰਧ ਬਿੰਦ (ਕਾਰ) ਦਾ ਭਾਵ ਚਿਤਰ ਵੀ ਬਣਾਇਆ ਹੈ।[81]

ਉਪਰੋਕਤ ਕਥਿਤ ਸਨਾਤਨੀ ਵਿਆਖਿਆ ਦੀ ਬਿਰਤੀ ਵੇਦਾਂਤਿਕ ਵਿਆਖਿਆ ਦਾ ਗੁਰਮਤਿ ਉਤੇ ਆਰੋਪਣ ਕਰਨਾ ਹੈ। ਮਾਤ੍ਰਿਕ ਵੰਡ ਦੀ ਪੂਰ-ਵਰਤੀ ਧਾਰਨਾ ਤੋਂ ਬਹੁਤੇ ਟੀਕਾਕਾਰ ਮੁਕਤ ਨਹੀਂ ਹੋ ਸਕੇ। ਜਿਵੇਂ ਅਸੀਂ'੧' ਦੇ ਪ੍ਰਸੰਗ ਵਿਚ ਵਿਚਾਰ ਕੀਤੀ ਹੈ, ਗੁਰੂ ਨਾਨਕ ਨੇ 'ਓਮ' ਨਾਲ ਸੰਬੰਧਿਤ ਹੋ ਚੁਕੇ ਤਨੋਕਿਆਂ ਨੂੰ ਖਤਮ ਕਰਨ ਲਈ ਅਤੇ ਬ੍ਰਹਮ ਦੀ ਅਖੰਡਤਾ ਦਰਸਾਣ ਲਈ ਅੰਕ'੧'

78. ਗਰਬ ਗੰਜਨੀ ਨਾਮੇ ਗ੍ਰੰਥ ਅਰਥਾਤ ਜਪ ਸਾਹਿਬ ਜੀ ਦਾ ਟੀਕਾ, ਸ੍ਰੀ ਅੰਮ੍ਰਿਤਸਰ, 1852, ਪੰਨਾ 9, 10, 11.

79. ਕਥਾ ਸਾਗਰ ਅਰਥਾਤ ਸ੍ਰੀ ਜਪੁਜੀ ਸਟੀਕ, ਅੰਮ੍ਰਿਤਸਰ, 1952, ਪੰਨਾ 8.

80. ਸ੍ਰੀ ਜਪੁਜੀ ਸਾਹਿਬ ਸਟੀਕ, ਡੇਰਾ ਮਹੰਤ ਉੱਤਮ ਸਿੰਘ, ਸ੍ਰੀ ਅੰਮ੍ਰਿਤਸਰ, (?), ਪੰਨਾ69-70.

81. ਜਪੁ ਨਿਰਣਯ, ਚੰਡੀਗੜ੍ਹ, 1963, ਪੰਨਾ32.

ਧਿਆਨ ਵਿਚ ਨਹੀਂ ਲਿਆ ਸਕੇ ਅਤੇ

ਦਾ ਪ੍ਰਯੋਗ ਕੀਤਾ, ਜਿਸ ਨੂੰ ਸਨਾਤਨੀ ਵਿਆਖਿਆਕਾਰ ਇਸ ਪਰੰਪਰਾਈ ਵਿਚਾਰ ਤੋਂ ਵੀ ਮੁਕਤ ਨਾ ਹੋ ਸਕੇ ਕਿ ਓਮ ਦਾ ਉਚਾਰਣ ਕੇਵਲ ਉਚੀਆਂ ਜਾਤਾਂ ਲਈ ਰਾਖਵਾਂ ਹੈ ਅਤੇ ਸ਼ੂਦਰ ਅਤੇ ਇਸਤ੍ਰੀਆਂ ਇਸ ਦਾ ਉਚਾਰਨ ਨਹੀਂ ਕਰ ਸਕਦੀਆਂ। ਇਸ ਪੂਰਬ ਧਾਰਨਾ ਕਾਰਨ ਹੀ ਉਹ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਨੇ 'ਓਮ' ਨੂੰ 'ੴ' ਦਾ ਰੂਪ ਦੇ ਕੇ ਪੜਦੇ ਦਾ ਕੰਮ ਲਿਆ ਤਾਂ ਕਿ ਸਾਰੀਆਂ ਜਾਤੀਆਂ ਸਣੇ ਇਸਤ੍ਰੀਆਂ ਦੇ ਸੁਣ ਅਤੇ ਬੋਲ ਸਕਣ। ਆਧੁਨਿਕ ਵਿਦਵਾਨ ਵਧੇਰੇ ਕਰਕੇ ਇਸ ਬਿਰਤੀ ਤੋਂ ਮੁਕਤ ਹਨ। ਭਾਈ ਕਾਨ੍ਹ ਸਿੰਘ ਅਨੁਸਾਰ" ਗੁਰੂ ਸਾਹਿਬ ਨੇ ਓਅੰ ਨੂੰ ਕੋਈ ਪੜਦਾ ਨਹੀਂ ਕੀਤਾ, ਪਰ ਪੜਦਾ ਦੇਣ ਦਾ ਨਿਸਚਾ ਰਖਣ ਵਾਲੇ ਪੰਡਤਾਂ ਦੀ ਅਕਲ ਤੇ ਪੜਦਾ ਪੈਣ ਵਿਚ ਕੋਈ ਸੰਸਾ ਨਹੀਂ"[82] ਉਹ ਅੰਕ '੧' ਦੀ ਵਰਤੋਂ ਦਾ ਕਾਰਨ ਸਪਸ਼ਟ ਕਰਦੇ ਲਿਖਦੇ ਹਨ, "ਓਅੰਕਾਰ ਦੇ ਆਦਿ ਵਿਚ ਗੁਰੂ ਜੀ ਨੇ ਇਕ ਅੰਕ ਇਸ ਵਾਸਤੇ ਲਾਇਆ ਹੈ ਕਿ ਵਾਹਿਗੁਰੂ ਇਕ ਹੈ, ਅਦਵੈਤ ਹੈ ਅਤੇ ਉਸਦੀ ਅ, ਉ, ਮ ਅਥਵਾ ਬ੍ਰਹਮਾ, ਵਿਸ਼ਨੂ, ਸ਼ਿਵ ਆਦਿਕ ਭੇਦ ਕਲਪ ਕੇ ਉਪਾਸ਼ਨਾ ਕਰਨੀ ਭੁਲ ਹੈ।" ਭਾਈ ਸਾਹਿਬ 'ਓਅੰਕਾਰ' ਨੂੰ ਖੰਡ ਖੰਡ ਕਰਨ ਦੀ ਬਿਰਤੀ ਦਾ ਖੰਡਨ ਕਰਦੇ ਲਿਖਦੇ ਹਨ, "ਸੰਸਕ੍ਰਿਤ ਦੇ ਵਿਦਵਾਨਾਂ ਨੇ ਓ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾ, ਵਿਸ਼ਨੂ ਸ਼ਿਵ ਮੰਨ ਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ ਪਰ ਗੁਰਮਤ ਵਿਚ ਓਅੰ ਦੇ ਮੁੱਢ ਏਕਾ ਅੰਕ ਲਿਖ ਕੇ ਸਿਧ ਕੀਤਾ ਹੈ ਕਿ ਕਰਤਾਰ ਇੱਕ ਹੈ।"[83] ਇਸ ਤੋਂ ਪਹਿਲਾਂ ਸ਼ਿਵ ਦਿਆਲ ਸਿੰਘ ਉਰਫ ਪੰਨਾ ਲਾਲ ਨੇ ਜਪੁਜੀ ਦੇ ਟੀਕੇ ਵਿਚ ਅਜੇਹੇ ਭਾਵ ਪ੍ਰਗਟ ਕਰਦਿਆਂ ਲਿਖਿਆ, "ਓ(ਓਅੰਕਾਰ) ਸ਼ਬਦ ਏਕ ਹੈ, ਇਸ ਦੇ ਟੁਕੜੇ ਨਹੀਂ ਹੋ ਸਕਦੇ।"[84] ਉਪਰੰਤ ਬਹੁਤ ਸਾਰੇ ਲੇਖਕਾਂ[85] ਨੇ ਮਾਤ੍ਰਿਕ-ਵੰਡ ਦੀ ਪਰੰਪਰਾਈ ਪਰਪਾਟੀ ਨੂੰ ਗੁਰਮਤਿ ਪ੍ਰਤੀਕੂਲ ਦਸਕੇ 'ਓਅੰਕਾਰ' ਦੀ ਏਕਤਾ' ਤੇ ਬਲ ਦਿਤਾ ਹੈ।

### 5.3. ਓਅੰਕਾਰ ਦੀ ਆਧੁਨਿਕ ਵਿਆਖਿਆ:

ਆਧੁਨਿਕ ਬਿਰਤੀ ਪਰੰਪਰਾਈ ਵੇਦਾਂਤਿਕ ਪੂਰਬ-ਸੰਕਲਪਾਂ ਅਤੇ ਵਿਧੀਆਂ ਤੋਂ ਕਾਫ਼ੀ ਹਦ ਤਕ ਮੁਕਤ ਹੈ। ਆਧੁਨਿਕ ਵਿਦਵਾਨਾਂ ਨੇ ਸਨਾਤਨੀ ਵਿਦਵਾਨਾਂ ਵਾਲੀ ਮਾਤ੍ਰਿਕ ਵਿਆਖਿਆ ਨਹੀਂ ਅਪਣਾਈ।

---

82. ਗੁਰਮਤ ਪ੍ਰਭਾਕਰ, (113);
83. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 21.
84. ਜਪੁਜੀ ਸਾਹਿਬ ਸਟੀਕ, ਅੰਮ੍ਰਿਤਸਰ ਭਾਈ ਚਤਰ ਸਿੰਘ, ਜੀਵਨ ਸਿੰਘ, ਪੰਨਾ 4.
85. ਗਿਆਨੀ ਲਾਲ ਸਿੰਘ, ਗੁਰਮਤ ਮਾਰਤੰਡ, 596; ਗਿਆਨੀ ਸ਼ੇਰ ਸਿੰਘ, ਖ਼ਾਲਸਾ ਨਿਤਨੇਮ ਸਟੀਕ, ਅੰਮ੍ਰਿਤਸਰ, 1946, ਪੰਨਾ 26, 31; ਡਾ: ਰਤਨ ਸਿੰਘ ਜੱਗੀ, ਗੁਰਬਾਣੀ ਟੀਕੇ, ਆਨੰਦਘਨ, ਪੰਨਾ 277; ਗੁਰਬਚਨ ਸਿੰਘ ਤਾਲਿਬ, ਸਿਖ ਫਲਸਫੇ ਦੀ ਰੂਪ ਰੇਖਾ, ਉਕਤ, ਪੰਨਾ 207 ਅਤੇ ਜਪੁਜੀ, ਉਕਤ, ਪੰਨਾ 75.

ਨਾਂ ਹੀ '੧' ਦਾ ਪ੍ਰਯੋਗ 'ਓਹਲੇ' ਜਾਂ 'ਪੜਦੇ' ਲਈ ਦਸਿਆ ਹੈ। ਇਸ ਵਿਆਖਿਆ ਵਿਚ ਸ਼ਬਦ ਨੂੰ ਇਕ ਇਕਾਈ ਮੰਨ ਕੇ ਇਸ ਦੀ ਪ੍ਰਸੰਗਿਕ ਵਿਆਖਿਆ ਕੀਤੀ ਗਈ ਹੈ ਅਤੇ ਲੋੜ ਅਨੁਸਾਰ ਇਸ ਦੇ ਵਿਆਕਰਣਕ ਅਤੇ ਧਾਤੂ-ਗਤ ਅਰਥ ਅਤੇ ਅਰਥ-ਪਸਾਰ ਦ੍ਰਿਸ਼ਟੀਗੋਚਰ ਕੀਤੇ ਹਨ।

ਕੁਝ ਵਿਦਵਾਨਾਂ ਨੇ ਪੱਛਮੀ ਖੋਜ-ਵਿਧੀ ਨੂੰ ਮੁੱਖ ਰਖਦੇ ਹੋਏ ਆਪਣੇ ਵਿਚਾਰਾਂ ਦੇ ਸਪਸ਼ਟੀਕਰਣ ਲਈ ਦੂਜੇ ਧਰਮਾਂ ਅਤੇ ਦਰਸ਼ਨਾਂ ਵਿਚ ਪ੍ਰਾਪਤ ਸੰਕਲਪਾਂ ਦਾ ਵੀ ਤੁਲਨਾਤਮਕ ਮੁਲਾਂਕਣ ਕੀਤਾ ਹੈ। ਪਰ ਇਸ ਨਾਲ ਕੁਝ ਨਵੀਆਂ ਸਮਸਿਆਵਾਂ ਵੀ ਸਾਹਮਣੇ ਆਈਆਂ ਹਨ। ਜਦੋਂ ਭਾਰਤੀ ਦਰਸ਼ਨ ਵਿਚ ਉਪਲਬਧ ਇਕ ਜਾਂ ਦੂਜੇ ਸੰਕਲਪ ਨੂੰ ਗੁਰਮਤਿ ਉਤੇ ਫਿਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਕੁਝ ਨਵੀਆਂ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਹਨ ਅਤੇ ਗੁਰਮਤਿ ਦੀ ਮੌਲਿਕ ਵਿਚਾਰਧਾਰਾ ਨਿਖਰ ਕੇ ਸਾਹਮਣੇ ਨਹੀਂ ਆਉਂਦੀ। ਭਾਰਤੀ ਦਰਸ਼ਨਾਂ ਵਿਚ ਬ੍ਰਹਮ ਨਿਰਗੁਣ ਅਦਵੈਤ ਵੀ ਹੈ, ਸਰਗੁਣ ਸਰਬ-ਵਿਆਪਕ ਵੀ ਅਤੇ ਨਿਰਗੁਣ-ਸਰਗੁਣ ਦੀ ਸਮੁੱਚਤਾ ਵੀ। ਆਧੁਨਿਕ ਵਿਦਵਾਨਾਂ ਨੇ 'ਓਅੰਕਾਰ' ਅਤੇ ਇਕਓਅੰਕਾਰ' ਸੰਬੰਧੀ ਇਕ ਜਾਂ ਦੂਜਾ ਸੰਕਲਪ ਚੁਣਿਆ ਹੈ।

ਸਿਖ ਵਿਦਵਾਨਾਂ ਵਲੋਂ 'ਓਅੰਕਾਰ' ਦੇ ਨਿਮਨ ਅਰਥ ਕੀਤੇ ਗਏ ਹਨ:

(ੳ) ਓਅੰਕਾਰ= ਨਿਰਗੁਣ ਬ੍ਰਹਮ "ਓਅੰਕਾਰ '੧ਓ' 'ਏਕੰਕਾਰ' ਅਤੇ 'ਓਮ' ਵਿਚ ਕੋਈ ਅੰਤਰ ਨਹੀਂ —ਓਅੰਕਾਰ ਹੀ ਬ੍ਰਹਮ ਹੈ —...ਬ੍ਰਹਮ ਨਿਰਗੁਣ ਹੈ;"[86] "ਓਅੰਕਾਰ ਬ੍ਰਹਮ ਦਾ ਵਾਚਕ ਹੈ;[87] "ਓਅੰਕਾਰ ਜਾਂ 'ਪ੍ਰਣਵ' ਸ਼ਬਦ-ਬ੍ਰਹਮ ਦਾ ਪ੍ਰਤੀਕ ਹੈ;[88] "ਓਅੰਕਾਰ ਅਕਾਲ-ਪੁਰਖ ਦੇ ਨਿਰਾਕਾਰ ਗੁਣ ਦਾ ਸੂਚਕ ਸ਼ਬਦ ਹੈ;[89] ਇਤਿਆਦਿ।[90]

(ਅ) ਓਅੰਕਾਰ= ਸਰਗੁਣ ਬ੍ਰਹਮ; ਅਰਥਾਤ ਈਸ਼ਵਰ;[91] ਸ੍ਰਿਸ਼ਟੀ ਦੇ ਘੱਟ ਘੱਟ ਵਿਚ ਵਿਆਪਕ ਪਰਮਾਤਮਾ;[92]

---

86. ਗੁਰਬਚਨ ਸਿੰਘ ਤਾਲਿਬ, ਸਿਖ ਫਲਸਫੇ ਦੀ ਰੂਪਰੇਖਾ, ਸੰਪਾਦਕ ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975, ਪੰਨਾ 206, 207.
87. ਡਾ: ਰਤਨ ਸਿੰਘ ਜੱਗੀ, ਗੁਰਬਾਣੀ ਟੀਕੇ, ਅਨੰਦਘਨ, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ28.
88. ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਭਾਸ਼ਾ ਵਿਭਾਗ, ਪੰਜਾਬ, 1973 ਪੰਨਾ28.
89. ਗੁਰਦੇਵ ਸਿੰਘ, ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 1971, ਪੰਨਾ1.
90. ਬਾਬੂ ਰਾਮ ਜੋਸ਼ੀ, ਸੰਤ ਕਾਵਿ ਮੇਂ ਪਰੋਕਸ਼ਸਤਾ ਕਾ ਸਵਰੂਪ, ਕੈਲਾਸ਼ ਪੁਸਤਕ ਸਦਨ, ਗਵਾਲੀਅਰ, 1968, 246; ਭਗਤ ਸਿੰਘ ਹੀਰਾ, ੴ ਦਰਸ਼ਨ, (44); ਕ੍ਰਿਸ਼ਨ ਲਾਲ, ਆਲੋਚਨਾ, 1970, (9); ਸੋਢੀ ਤੇਜਾ ਸਿੰਘ, ਕਥਾ ਸਾਗਰ(20); ਇਤਿਆਦਿ।
91. ਤੇਜਾ ਸਿੰਘ ਸ਼ਬਦਾਰਥ(1); ਤਾਰਨ ਸਿੰਘ, ਜਪ:ਦਰਸ਼ਨ ਦੀਦਾਰ(21) ਡਾ: ਸ.ਸ. ਕੋਹਲੀ ਉਕਤ, (20);
92. ਡਾ: ਤ੍ਰਿਲੋਚਨ ਸਿੰਘ, ਸਿਖਇਜ਼ਮ, ਪੰਜਾਬੀ ਯੂ: ਪਟਿਆਲਾ, 1969; ਪੰਨਾ53.

(ਅ-2) ਰਖਿਅਕ: ਓਂਕਾਰ ਅਵ ਧਾਤੂ ਤੋਂ ਹੈ ਜਿਸ ਦਾ ਭਾਵ ਹੈ ਰਖਿਆ ਕਰਨਾ, ਬਚਾਉਣਾ, ਫੈਲਣਾ ਆਦਿ; ਸਭ ਦੀ ਰਖਿਆ ਕਰਨ ਵਾਲੇ ਕਰਤਾਰ ਦਾ ਬੋਧਕ;[93]

(ਅ-3) ਕਰਤਾਰ;[94] ਸਮਸਤ ਸ੍ਰਿਸ਼ਟੀ ਅਤੇ ਬ੍ਰਹਮਾ ਆਦਿ ਸਮੂਹ ਦੇਵਤਿਆਂ ਦਾ ਰਚਨਹਾਰ;[95] ਅਤੇ ਸਾਰੀ ਰਚਨਾ ਦਾ ਆਧਾਰ;[96] ਜਿਸ ਵਿਚ ਪਰਮ-ਸਤਾ ਦੀਆਂ ਸਮਸਤ ਸ਼ਕਤੀਆਂ ਦਾ ਆਰੋਪਣ ਹੈ;[97] ਅਤੇ ਜੋ ਸ੍ਰਿਸ਼ਟੀ ਰਚਨਾ ਦੇ ਅਮਲ ਦਾ ਪ੍ਰਤੀਕ ਹੈ,[98]

(ਅ-4) ਕੁਦਰਤ: ਡਾ: ਮੋਹਣ ਸਿੰਘ ਅਨੁਸਾਰ 'ਓਮ' ਸ਼ਬਦ ਵਿਚ ਓ (ਉਰਧਵਮ= ਉਪਰ) ਉਸ ਦਾ ਸੰਬੋਧਕ ਹੈ ਜੋ ਸਭ ਕੁਝ ਹੈ। ਆਧੁਨਿਕ ਵਰਤੋਂ ਵਿਚ ਜੋ ਸਭ ਕੁਝ ਹੈ, ਨੂੰ ਕੁਦਰਤ ਕਹਿੰਦੇ ਹਨ;[99]

(ੲ) ਓਅੰਕਾਰ ਨਿਰਗੁਣ -ਸਰਗੁਣ ਦੋਵੇਂ ਹੈ। ਅਗਮ ਅਗੋਚਰ, ਘਟ ਘਟ ਦਾ ਵਾਸੀ ਤੇ ਸਾਰੀ ਰਚਨਾ ਦਾ ਮੁਢ ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ ਕਰਤਾ, ਸ੍ਰਿਸ਼ਟੀ ਨੂੰ ਉਪਾਵਣਹਾਰ ਅਕਾਲਪੁਰਖ ਦਾ ਲਖਾਇਕ ;[100] ਹਸਤੀ ਅਤੇ ਹੋਂਦ;[101] ਓਅੰਕਾਰ ਸ਼ਬਦ-ਸਰੂਪ ਨਿਰਾਕਾਰ ਤੇ ਸਰਬ-ਵਿਆਪੀ ਅਕਾਲਪੁਰਖ ਹੈ;[102]

---

93. ਮਹਾਨ ਕੋਸ਼ (21); ਭਾਈ ਜੋਧ ਸਿੰਘ, ਜਪੁਜੀ ਸਟੀਕ(2); ਡਾ: ਸ.ਸ. ਕੋਹਲੀ, ਉਹੀ, (21); ਗਿਆਨੀ ਬਦਨ ਸਿੰਘ, ਗਿਆਨੀ ਲਾਲ ਸਿੰਘ, ਗਿਆਨੀ ਸ਼ੇਰ ਸਿੰਘ (ਉਕਤ ਹਵਾਲੇ)।

94. ਡਾ: ਬਲਬੀਰ ਸਿੰਘ, ਨਿਰੁਕਤ, ਪਰਚੀ 804-806, ਪੰਨਾ 156.

95. ਭਾਈ ਵੀਰ ਸਿੰਘ, ਸੰਥਯਾ, (5);

96. ਡਾ: ਤਰਲੋਚਨ ਸਿੰਘ, ਉਕਤ,

97. ਰਤਨ ਸਿੰਘ ਜੱਗੀ, (ਉਹੀ)

98. ਸਰਦੂਲ ਸਿੰਘ ਕਵੀਸ਼ਰ, ਸਿਖ ਧਰਮ ਦਰਸ਼ਨ, ਪੰਜਾਬੀ ਯੂ: ਪਟਿਆਲਾ, 1969(59);

99. 'Mulmantra'(Art.) "Journal of Sikh Studies, Amritsar, Guru Nanak Dev University, Aug, 1974, p.9.

100. ਭਾਈ ਵੀਰ ਸਿੰਘ, ਸੰਥਯਾ, 9, ਪੰਨਾ 5.

101. ਡਾ: ਤਰਲੋਚਨ ਸਿੰਘ, ਉਕਤ;

102. ਪੰਜਾਬੀ ਸਾਹਿਤ ਕੋਸ਼(ਉਕਤ);

(ਸ) ਓਅੰਕਾਰ =ਧੁਨੀ, ਆਵਾਜ਼, ਅੱਖਰ, ਸ਼ਬਦ; ਓਅੰਕਾਰ ਸ਼ਬਦ ਦਾ ਅਰਥ ਹੈ—
ਓਅੰ ਧੁਨਿ(ਓਅੰ ਦਾ ਉਚਾਰਣ);[103] 'ਓਮ' ਦੀ ਪਵਿਤ੍ਰ ਧੁਨੀ;[104] ਅਕਾਲਪੁਰਖ ਦੀ ਸੱਤਤਾ
ਅਥਵਾ ਹੋਂਦ ਦੀ ਜਣਾਇਕ ਆਵਾਜ਼;[105] 'ਓ-ਅੰਕਾਰ' ਅੱਖਰ ਰੂਪ 'ਓ' ਹੈ,[106]
ਸਵਰਾਂ ਵਿਚੋਂ ਸ਼੍ਰੋਮਣੀ ਸਵਰ ਹੈ;[107] ਓਅੰਕਾਰ ਸਥੂਲ ਰੂਪ ਵਿਚ ਆਵਾਜ਼ ਹੈ, ਸੂਖਮ
ਰੂਪ ਵਿਚ ਸ਼ਕਤੀ ਅਤੇ ਹੋਰ ਸੂਖਮ ਰੂਪ ਵਿਚ ਫੁਰਨਾ।[108]

'ਓਅੰਕਾਰ ਦੇ ਇਨ੍ਹਾਂ ਅਰਥਾਂ ਵਿਚ ਵਿਭਿੰਨਤਾ ਜਾਪਦੀ ਹੈ ਪਰ ਇਕ ਮੂਲਿਕ ਸਾਂਝ ਵੀ ਹੈ। ਓਅੰਕਾਰ ਦੇ ਜਿਸ ਮੂਲ ਲਕਸ਼ ਦਾ ਲਗਪਗ ਹਰੇਕ ਵਿਦਵਾਨ ਨੇ ਜ਼ਿਕਰ ਕੀਤਾ ਹੈ, ਉਹ ਹੈ <u>'ਓਅੰਕਾਰ' ਦਾ ਰਚਨਾਤਮਕ ਪੱਖ।</u> ਓਅੰਕਾਰ ਦੇ ਵਿਵੇਚਨ ਵਿਚ ਗੁਰੂ ਨਾਨਕ ਦੇਵ ਦਾ ਬ੍ਰਹਮ ਸੰਬੰਧੀ ਇਹ ਮੂਲ ਸੰਕਲਪ ਦ੍ਰਿਸ਼ਟੀਗੋਚਰ ਰਖਣਾ ਆਵਸ਼ਕ ਹੈ ਕਿ ਇਕੋ ਬ੍ਰਹਮ(੧ਓ ) ਨਿਰਗੁਣ ਅਤੇ ਸਰਗੁਣ ਹੈ। ਜਿਨ੍ਹਾਂ ਵਿਦਵਾਨਾਂ ਨੇ 'ਓਅੰਕਾਰ' ਨੂੰ ਕੇਵਲ ਨਿਰਗੁਣ ਜਾਂ ਕੇਵਲ ਸਰਗੁਣ ਤਕ ਸੀਮਤ ਕਰਨ ਦਾ ਯਤਨ ਕੀਤਾ ਹੈ, ਉਨ੍ਹਾਂ ਨਾਲ ਸੰਮਤੀ ਪ੍ਰਗਟ ਕਰ ਸਕਣਾ ਕਠਨ ਹੈ। ਨਿਰਸੰਦੇਹ ਓਅੰਕਾਰ' ਪਦ ਰਚਨਹਾਰ ਦੀ ਰਚਨਾਤਮਕ ਸ਼ਕਤੀ ਦਾ ਹੀ ਲਖਾਇਕ ਹੈ ਪਰੰਤੂ ਇਹ ਸ਼ਕਤੀ ਅਨੇਕ-ਭਾਂਤੀ ਅਤੇ ਅਨੇਕ-ਗੁਣੀ ਰਚਨਾ ਦੀ ਰਚੇਤਾ ਹੋਣ ਦੇ ਬਾਵਜੂਦ ਕਿਸੇ ਗੁਣਵਿਸ਼ੇਸ਼ ਤਕ ਸੀਮਤ ਨਹੀਂ ਹੈ। 'ਓਅੰਕਾਰ' ਗੁਰੂ ਨਾਨਕ ਦੇਵ ਦਾ ਰਹੱਸ-ਵਾਦੀ ਅਧਿਆਤਮਿਕ ਅਨੁਭਵ ਹੈ ਜਿਸ ਵਿਚ 'ਤਰਕ' ਅਤੇ ਦਰਸ਼ਨ ਦੇ ਤਲ ਦੇ ਸਾਰੇ ਵਿਰੋਧਾਭਾਸ ਮਿਟ ਜਾਂਦੇ ਹਨ। ਜਿਵੇਂ ਅਸੀਂ ਅੱਗੇ ਚਲ ਕੇ ਵਿਚਾਰਾਂਗੇ, ਨਿਰਗੁਣ ਅਤੇ ਸਰਗੁਣ, ਇਕੋ ਬ੍ਰਹਮ ਦੇ ਦੋ ਪੱਖ ਹਨ। 'ਓਅੰਕਾਰ 'ਰਚਨਾ -ਕਾਲ ਨਾਲ ਸੰਬੰਧਿਤ ਹੈ, ਅਤੇ ਸੰਬੰਧਿਤ ਹੁੰਦਾ ਹੋਇਆ ਵੀ ਨਿਰਾਕਾਰ ਬ੍ਰਹਮ ਹੈ।

## 5.4. <u>ਭਾਈ ਗੁਰਦਾਸ ਦੀ ਰਚਨਾ ਵਿਚ 'ਓਅੰਕਾਰ:</u>

ਭਾਈ ਗੁਰਦਾਸ ਦੀ ਰਚਨਾ ਵਿਚ 'ਓਅੰਕਾਰ' ਦੀ ਵਰਤੋਂ ਵਿਸ਼ੇਸ਼ ਤੌਰ ਤੇ ਪਰਮਾਤਮਾ ਦੇ ਕਰਤਾਰੀ ਲਕਸ਼ ਨੂੰ ਉਜਾਗਰ ਕਰਦੀ ਹੈ। ਨਿਰਗੁਣ ਨਿਰੰਕਾਰ ਦੀ ਸਫੁਰ ਅਵੱਸਥਾ 'ਏਕੰਕਾਰੀ ਅਵਸਥਾ' ਹੈ। ਏਕੰਕਾਰ ਦਾ 'ਫੁਰਨਾ' ਕਿਸੇ ਅਸੀਮੀ 'ਧੁਨਿ' ਜਾਂ 'ਸ਼ਬਦ' ਰਾਹੀਂ ਸਾਕਾਰ ਹੁੰਦਾ ਹੈ।

---

103. ਮਹਾਨ ਕੋਸ਼, ਪੰਨਾ 21.
104. ਡਾ: ਬਲਬੀਰ ਸਿੰਘ, ਉਕਤ;
105. ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ, 76;
106. G.S.Talib, Guru Nanak: His personality and vision, Delhi: Gurdas Kapur and Sons, 1969, p.115.
(ii ) ਸਿਖ ਫਲਸਫੇ ਦੀ ਰੂਪ-ਰੇਖਾ, ਉਕਤ, ਪੰਨਾ 207,
107. ਭਾਈ ਵੀਰ ਸਿੰਘ, ਉਕਤ;
108. ਰਾਮ ਸਿੰਘ, ਸਿਖ ਫਲਸਫੇ ਦੀ ਰੂਪ -ਰੇਖਾ, ਉਕਤ, ਪੰਨਾ66-67.

ਇਸ 'ਰਚਨਾਤਮਕ ਸ਼ਕਤੀ', 'ਧੁਨਿ' ਜਾਂ 'ਸ਼ਬਦ' ਨੂੰ 'ਓਅੰਕਾਰ' ਕਿਹਾ ਗਿਆ ਹੈ ਜਿਸ ਤੋਂ ਸਾਰੀ ਨਾਮ-ਰੂਪੀ ਰਚਨਾ ਹੋਂਦ ਵਿਚ ਆਉਂਦੀ ਹੈ: ਨਿਰੰਕਾਰ ਆਕਾਰੁ ਹੋਇ ਏਕੰਕਾਰ ਅਪਾਰ ਸਦਾਯਾ

ਏਕੰਕਾਰਹੁ ਸਬਦ ਧੁਨਿ, ਓਅੰਕਾਰ ਅਕਾਰ ਬਣਾਯਾ(26.2)

ਭਾਈ ਸਾਹਿਬ ਅਨੁਸਾਰ ਇਹ 'ਓਅੰਕਾਰ ਸ਼ਬਦ, ਧੁਨ, ਹੀ ਨਿਰਾਕਾਰ ਦਾ (ਆਕਾਰ-ਰਹਿਤ) ਆਕਾਰ ਹੈ,[109] ਜਿਸ ਨੂੰ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਸ਼ਬਦ-ਬ੍ਰਹਮ ਕਿਹਾ ਗਿਆ ਹੈ, ਜਿਸ ਨੂੰ ਗੁਰਬਾਣੀ 'ਨਾਮਸਿਧਾਂਤ' ਰਾਹੀਂ ਰੂਪਮਾਨ ਕਰਦੀ ਹੈ। ਇਸ 'ਓਅੰਕਾਰ' ਰੂਪੀ ਕਰਤਾਰੀ ਸ਼ਕਤੀ ਤੋਂ ਸਾਰੇ ਪਉਣ, ਪਾਣੀ, ਅਗਨੀ ਆਦਿ ਦਾ ਪਾਸਾਰਾ ਹੋਇਆ। ਭਾਈ ਸਾਹਿਬ ਅਨੁਸਾਰ ਸਾਰੇ ਆਕਾਰ ਓਅੰਕਾਰ ਦੀਆਂ ਕਿਰਤਾਂ ਹਨ।[110] ਏਥੇ '<u>ਕਰਤਾ</u>' ਅਤੇ '<u>ਕਿਰਤ</u>' ਦਾ ਸੰਬੰਧ ਵਿਸ਼ੇਸ਼ ਕਰਕੇ ਨੋਟ ਕਰਨ ਵਾਲਾ ਹੈ, ਜੋ ਸਾਡੀ ਅਗਲੀ ਵਿਚਾਰਧਾਰਾ ਦਾ ਆਧਾਰ ਬਣੇਗਾ। ਭਾਈ ਸਾਹਿਬ ਅਨੁਸਾਰ ਇਕ 'ਕਵਾਉ' ਜਾਂ 'ਹੁਕਮਿ' ਨਾਲ ਸਾਰੇ ਆਕਾਰ, ਧਰਤੀ, ਆਕਾਸ਼ ਅਤੇ ਕ੍ਰੋੜਾਂ ਸ਼ਕਲਾਂ ਰੂਪ ਧਾਰਨ ਕਰ ਗਈਆਂ ਪਰ ਇਸ ਅਨੇਕ ਭਾਂਤੀ ਰਚਨਾ ਨਾਲ ਪਾਰਬ੍ਰਹਮ ਪੂਰਨ ਬ੍ਰਹਮ ਹੀ ਰਹਿੰਦਾ ਹੈ, ਘਟਦਾ ਵਧਦਾ ਨਹੀਂ। ਉਸਦਾ ਨਿਰਗੁਣ ਤੋਂ ਸਰਗੁਣਤਾ ਵਿਚ ਰੂਪ ਪਰਵਰਤਨ ਨਹੀਂ ਹੁੰਦਾ, ਉਹ ਅਗਮ, ਅਗੋਚਰ, ਅਲਖ ਅਤੇ ਅਪਾਰ ਹੀ ਰਹਿੰਦਾ ਹੈ।[111] ਓਅੰਕਾਰ ਨਿਰੰਕਾਰ ਦਾ ਰਚਨਾਤਮਕ 'ਕਵਾਉ'[112] ਹੈ, ਜਾਂ 'ਸ਼ਬਦ-ਧੁਨਿ'[113]; 'ਹੁਕਮ' ਹੈ, 'ਰੱਬੀ ਫੁਰਨਾ' ਹੈ ਜਾਂ 'ਨਾਮ'; ਹਰ ਹਾਲਤ ਇਹ ਨਿਰੰਕਾਰ ਦੇ ਕਰਤਾਰੀ ਰੂਪ ਏਕੰਕਾਰ ਦੀ ਰਚਨਾਤਮਕ ਸ਼ਕਤੀ ਦਾ ਪ੍ਰਤੀਕ ਹੈ ਜਿਸ ਰਾਹੀਂ ਸਾਰਾ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਜਗਤ ਹੋਂਦ ਵਿਚ ਆਉਂਦਾ ਹੈ।[114]

ਭਾਈ ਗੁਰਦਾਸ ਦੀ ਰਚਨਾ ਵਿਚ ਨਾ 'ਓਅੰਕਾਰ' ਦੀ ਮਾਤ੍ਰਿਕ ਵੰਡ ਹੈ, ਨਾ '੧ਓ' 'ਓਮ' ਦਾ 'ਓਹਲਾ' ਜਾਂ 'ਪੜਦਾ' ਹੈ, ਨਾ ਓਅੰਕਾਰ ਨਿਰੋਲ ਨਿਰਗੁਣ ਹੈ, ਨਾ ਨਿਰੋਲ ਸਰਗੁਣ ; ਇਹ ਨਿਰਗੁਣ ਨਿਰੰਕਾਰ ਦੀ ਰਚਨਾਤਮਕ ਸ਼ਬਦ-ਧੁਨਿ ਹੈ ਜਿਸ ਤੋਂ ਸਾਰੀ ਰਚਨਾ ਵਿਦਮਾਨ ਹੈ।

6.1. <u>ਗੁਰਬਾਣੀ ਵਿਚ 'ਓਅੰਕਾਰ'</u>:

ਭਾਈ ਗੁਰਦਾਸ ਦੀ ਰਚਨਾ ਦਾ ਵਿਸ਼ਾ 'ਗੁਰਬਾਣੀ' ਅਤੇ 'ਗੁਰਮਤਿ ਸਿਧਾਂਤ' ਦੀ ਵਿਆਖਿਆ ਹੈ। ਇਸ ਲਈ ਗੁਰਬਾਣੀ ਦੇ 'ਓਅੰਕਾਰ' ਸੰਕਲਪ ਅਤੇ ਭਾਈ ਗੁਰਦਾਸ ਦੇ 'ਓਅੰਕਾਰ'

---

109. ਓਅੰਕਾਰ ਆਕਾਰ ਸੁ ਤਿਸੈ, 40.5.
110. ਓਅੰਕਾਰ ਆਕਰੁ ਕਰਿ, ਪਉਣੁ ਪਾਣੀ ਬੈਸੰਤਰੁ ਧਾਰੇ 11.4.
111. ਇਕ ਕਵਾਉ ਪਸਾਉ ਕਰਿ ਓਅੰਕਾਰਿ ਅੰਕਾਰੁ ਪਸਾਰਾ ।—....
ਪਾਰ ਬ੍ਰਹਮ ਪੂਰਨ ਬ੍ਰਹਮ ਅਗਮ ਅਗੋਚਰ ਅਲਖ ਅਪਾਰਾ।4.6.
112. ਓਅੰਕਾਰ ਅਕਾਰੁ ਕਰਿ ਇਕ ਕਵਾਉ ਪਸਾਉ ਕਰਾਇਆ।39.2.
113. ਏਕੰਕਾਰਹੁ ਸ਼ਬਦ ਧੁਨਿ ਓਅੰਕਾਰ ਆਕਾਰੁ ਬਣਾਇਆ।।26.2.
114. ਓਅੰਕਾਰ ਅਕਾਰ ਕਰ ਥਿਤ ਨ ਵਾਰ ਨ ਮਾਹ ਜਣਾਯਾ।।ਨਿਰੰਕਾਰ ਆਕਾਰ ਵਿਣ ਏਕੰਕਾਰ ਨ ਅਲਖ ਲਖਾਯਾ।।18.7.

ਸੰਕਲਪ ਵਿਚ ਅਨੁਕੂਲਤਾ ਹੈ। ਗੁਰੂ ਨਾਨਕ ਦੇਵ ਦੇ ਰਹੱਸਵਾਦੀ ਬ੍ਰਹਮ-ਸੰਕਲਪ ਵਿਚ ਬ੍ਰਹਮ ਇਕ ਹੈ, ਅਖੰਡ ਹੈ। ਨਿਰਗੁਣ ਬ੍ਰਹਮ ਹੀ ਸਫੁਰ ਹੋ ਕੇ, 'ਕਰਤਾਪੁਰਖ' ਦਾ ਰੂਪ ਧਾਰਨ ਕਰਦਾ ਹੈ। ਇਹ ਰੂਪ-ਧਾਰਨਾ ਰੂਪ-ਪਰਿਵਰਤਨ ਨਹੀਂ, ਸਗੋਂ ਆਪਣੀ ਕਰਤਾਰੀ ਸ਼ਕਤੀ 'ਓਅੰਕਾਰ' ਨੂੰ ਭਾਂਤ ਭਾਂਤ ਦੀ ਬ੍ਰਹਿਮੰਡ ਰਚਨਾ ਲਈ ਕ੍ਰਿਆਸ਼ੀਲ ਕਰਨਾ ਹੈ। ਨਿਰਗੁਣ ਨਿਰਾਕਾਰ ਦਾ ਸਰਗੁਣ ਸਾਕਾਰ ਵਿਚ ਰੂਪ- ਪਰੀਵਰਤਨ ਵੇਦਾਂਤਿਕ ਸੰਕਲਪ ਹੈ। ਗੁਰਮਤਿ ਦਾ ਕਰਤਾਰੀ ਸੰਕਲਪ ਇਸ ਨਾਲੋਂ ਮੂਲਿਕ ਤੌਰ ਤੇ ਅੱਡਰਾ ਹੈ। ਜਿਵੇਂ ਅਸੀਂ ਭਾਈ ਗੁਰਦਾਸ ਦੀ ਰਚਨਾ ਵਿਚ ਅਨੁਭਵ ਕੀਤਾ ਹੈ, ਗੁਰਬਾਣੀ ਵਿਚ ਵੀ 'ਓਅੰਕਾਰ' ਦੇ ਪ੍ਰਸੰਗ ਵਿਚ ਵਿਸ਼ੇਸ਼ ਤੌਰ ਤੇ ਵੇਖਣ ਵਾਲੀ ਗਲ ਇਹ ਹੈ ਕਿ 'ਓਅੰਕਾਰ' ਨੂੰ 'ਰਚਨਹਾਰੀ', 'ਕਰਤਾਰੀ' ਜਾਂ 'ਸਿਰਜਨਾਤਮਕ ਪ੍ਰਭੂ-ਸੱਤਾ' ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ, ਨਾ ਕਿ ਨਿਰਗੁਣ ਬ੍ਰਹਮ ਦੇ ਪਲਟਵੇਂ ਸਰਗੁਣ ਸਰੂਪ ਵਿਚ । ਉਪਨਿਸ਼ਦਾਂ ਵਿਚ ਓਮ ਨੂੰ ਅਵ ਧਾਤੂ ਤੋਂ ਮੰਨ ਕੇ ਇਸ ਦੇ 'ਰਖਿਅਕ' ਭਾਵ ਉਤੇ ਬਲ ਹੈ, ਗੁਰਮਤਿ ਵਿਚ ਇਸ ਦਾ ਮੂਲ ਭਾਵ 'ਕਰਤਾਰੀ ਸ਼ਕਤੀ' ਹੈ।

6.2 ਗੁਰਮਤਿ ਵਿਚ 'ਓਅੰਕਾਰ' ਨੂੰ ਇਕ 'ਧੁਨਿ' ਵੀ ਕਿਹਾ ਹੈ ਜੋ ਅਖੰਡ ਨਾਦ ਵਿਚ ਲਗਾਤਾਰ ਜਾਰੀ ਹੈ।[115] 'ਓਅੰਕਾਰ' ਦੀ ਇਸ ਅਖੰਡ ਅਤੇ ਇਕ-ਰਸ ਧੁਨੀ ਤੋਂ ਪਰਮਾਤਮਾ ਦੀ ਏਕਤਾ ਦਾ ਰਾਗ ਅਲਾਪ ਹੋ ਰਿਹਾ ਹੈ।[116] 'ਓਅੰਕਾਰ' ਰੂਪੀ ਇਹ ਧੁਨੀ ਬ੍ਰਹਮ ਦੀ ਸਿਰਜਨਾਤਮਕ ਸ਼ਕਤੀ ਹੈ, ਜਿਸ ਤੋਂ ਸਾਰੀ ਰਚਨਾ ਸਮੇਤ '<u>ਕਾਲ</u>' ਦੇ ਹੋਂਦ ਵਿਚ ਆਉਂਦੀ ਹੈ:

ਓਅੰਕਾਰਿ ਉਤਪਾਤੀ, ਕੀਆ ਦਿਨਸੁ ਸਭ ਰਾਤੀ (1003)

ਏਥੇ ਸ਼ਬਦ ਉਤਪਾਤੀ (ਉਤਪਤੀ ਕੀਤੀ), ਕਰਣੈਹਾਰ(ਓਅੰਕਾਰ) <u>ਦਿਨ ਸੁ ਰਾਤ</u> (ਕਾਲ) <u>ਵਿਸ਼ੇਸ਼ ਧਿਆਨ ਦੇ ਸੰਕੇਤ ਹਨ।</u> ਗੁਰਮਤਿ ਅਨੁਸਾਰ ਨਿਰਗੁਣ ਨਿਰੰਕਾਰ ਦੀ ਓਅੰਕਾਰ ਰੂਪੀ ਕਰਤਾਰੀ ਸ਼ਕਤੀ ਰਾਹੀਂ ਸਰਗੁਣਵਾਦੀ ਦ੍ਰਿਸ਼ਟਮਾਨ ਰੰਗਾਂ ਰੂਪਾਂ ਦੀ ਅਨੇਕ-ਭਾਂਤੀ ਰਚਨਾ ਤ੍ਰੈ-ਗੁਣਾਂ(ਰਜੋ, ਸਤੋ,ਤਮੋ) ਵਿਚ ਵਿਸਥਾਰ ਰਖਦੀ ਹੋਈ ਵੀ ਓਅੰਕਾਰ ਦੀ ਏਕਤਾ ਵਿਚ ਬਝੀ ਹੋਈ ਹੈ,[117] ਕਿਉਂਕਿ ਓਅੰਕਾਰ ਰਚਨਾ ਤੋਂ ਵੱਖ ਨਹੀਂ, ਓਅੰਕਾਰ 'ਕਰਣੈਹਾਰ' ਹੈ, ਰਚਨਾ ਦਾ ਆਧਾਰ ਹੈ, ਅਤੇ ਰਚਨਾ ਅਤੇ ਕੁਦਰਤ ਵਿਚ ਸਮਾ ਰਿਹਾ ਹੈ; ਓਅੰਕਾਰ ਇਕੋ ਹੈ;[118] ਇਕੋ ਬ੍ਰਹਮ ਦੀ ਇਕੋ ਰਚਨਾਤਮਕ-ਸ਼ਕਤੀ ਹੈ।

---

115. ਡਾ: ਬਲਬੀਰ ਸਿੰਘ, ਨਿਰੁਕਤ, ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975,ਭਾਗ ੧, ਪੰਨਾ158.
116. ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗ ਅਲਾਪੈ। ਰਾਮ 5(885)
117. ਓਅੰਕਾਰ ਗੁਰਮੁਖ ਕੀਓ ਆਕਾਰਾ। ਏਕਹਿ ਸੂਤ ਪਰੋਵਨਹਾਰਾ।।
ਭਿੰਨ ਭਿੰਨ ਤ੍ਰੈ ਗੁਣ ਵਿਸਥਾਰੰ। ਨਿਰਗੁਣ ਤੇ ਸਰਗੁਨ ਦ੍ਰਿਸਟਾਰੰ।।
ਗਉੜੀ 5(250)
118. ਓਅੰਕਾਰਿ ਏਕੋ ਰਵਿ ਰਹਿਆ, ਸਭ ਏਕਸ ਮਾਹਿ ਸਮਾਵੈਗੋ।। ਕਾਨੜਾ 4(1310)

ਕੋਈ ਹੋਰ ਤਾਕਤ ਨਹੀਂ ਜੋ ਰਚਨਾ ਕਰਦੀ ਹੋਵੇ ਜਾਂ ਰਚਨਾ ਕਰਨ ਵਿਚ ਸਹਾਇਕ ਹੋਵੇ। ਓਅੰਕਾਰ ਇਕੋ ਹੈ, ਦਵੈਤ ਨਹੀਂ (ਬ੍ਰਹਮ ਉਤੇ ਮਾਇਆ ਦਾ ਅਧਿਆਸ ਨਹੀਂ) ਤਿੰਨ ਨਹੀਂ(ਓਅੰਕਾਰ ਅ,ਉ, ਮ ਵਿਚ ਵੰਡੀਜ ਕੇ ਬ੍ਰਹਮਾ ,ਵਿਸ਼ਨੂੰ, ਸ਼ਿਵ ਨਹੀਂ ਬਣਦਾ) ਸਗੋਂ ਇਕੋ ਓਅੰਕਾਰ ਹੀ ਰਚਨਾ ਕਰਦਾ ਹੈ, ਸੰਭਾਲ ਵੀ ਕਰਦਾ ਹੈ, ਅਤੇ ਉਸ ਦਾ ਸੰਘਾਰ ਵੀ।'[119] ਹਿੰਦੂ ਤ੍ਰਿਮੂਰਤੀ ਵਿਚ ਜਿਸ 'ਬ੍ਰਹਮਾ' ਨੂੰ ਸਿਰਜਣਹਾਰ ਮੰਨਿਆ ਜਾਂਦ ਹੈ, ਗੁਰਮਤਿ ਵਿਚ ਉਹ 'ਓਅੰਕਾਰ' ਦੀਆਂ ਅਨੇਕਾਂ ਕਿਰਤਾਂ ਵਿਚੋਂ ਇਕ ਕਿਰਤ ਹੈ। ਓਅੰਕਾਰ 'ਕਾਲ' ਦਾ ਕਰਤਾ ਵੀ ਹੈ ਅਤੇ 'ਜੁਗਾਂ' ਦਾ ਨਿਰਮਾਤਾ ਵੀ। 'ਓਅੰਕਾਰ' ਦੇ ਧਿਆਨ ਤੋਂ ਹੀ ਗਿਆਨ ਧਿਆਨ ਵਿਚ ਵਾਧਾ ਹੋਇਆ। ਸੰਖੇਪ ਵਿਚ ਓਅੰਕਾਰ ਹੀ ਸਾਰੀ ਰਚਨਾ ਦਾ ਤੱਤ ਅਤੇ ਸਾਰ ਹੈ।[120]

ਗੁਰਮਤਿ ਅਨੁਸਾਰ 'ਓਅੰਕਾਰ' ਨੂੰ ਬ੍ਰਹਮ ਉਤੇ ਮਾਇਆ ਦਾ ਅਧਿਆਸ ਕਹਿਣਾ ਵੀ ਉਚਿਤ ਨਹੀਂ, ਜਿਵੇਂ ਕਿ ਸਨਾਤਨੀ ਵਿਆਖਿਆਕਾਰਾਂ ਨੇ ਵੇਦਾਂਤਿਕ ਬੋਲੀ ਵਿਚ ਕਿਹਾ ਹੈ, ਅਤੇ ਕੁਝ ਆਧੁਨਿਕ ਲੇਖਕਾਂ[121] ਨੇ ਉਸ ਦੀ ਪ੍ਰੋੜ੍ਹਤਾ ਕੀਤੀ ਹੈ। ਗੁਰਮਤਿ ਵਿਚ 'ਮਾਇਆ' 'ਕਾਲ, 'ਪ੍ਰਕ੍ਰਿਤੀ' ਕੋਈ ਅਣਦੀ ਸ਼ਕਤੀ ਨਹੀਂ, ਸਭ ਓਅੰਕਾਰ ਦੀਆਂ ਕਿਰਤਾਂ ਹਨ ਅਤੇ 'ਓਅੰਕਾਰ' ਏਕੰਕਾਰ ਸਰਬ-ਸਮਰਥ ਰਚਨਾਤਮਕ -ਸਰੂਪ ਹੈ। ਰਚਨਾ ਪਰਿਵਰਤਨ ਸ਼ੀਲ ਹੈ ਪਰ 'ਓਅੰਕਾਰ' ਰਚਨਹਾਰ ਪਰਿਵਰਤਨ ਰਹਿਤ ਹੈ। 'ਓਅੰਕਾਰ' ਦਾ ਨਿਰਗੁਣ ਨਿਰੰਕਾਰੀ ਏਕੰਕਾਰ ਸਰੂਪ ਸਦੀਵ ਅਬਦਲ ਅਤੇ ਅਬਿਨਾਸ਼ੀ ਹੈ।[122] ਨਾ ਕੇਵਲ ਤ੍ਰੈਕਾਲਾਂ ਵਿਚ 'ਸਾਚਾ ਨਿਰੰਕਾਰ ਨਿਜ ਥਾਇ' ਹੁੰਦਾ ਹੈ ਸਗੋਂ ਕਾਲ ਸਿਰਜਨਾ ਤੋਂ ਪਹਿਲਾਂ (ਆਦਿ ਸਚੁ), ਕਾਲ-ਸਿਰਜਨਾ ਸਮੇਂ (ਜੁਗਾਦਿ ਸਚੁ), ਕਾਲ ਦੇ ਦੌਰਾਨ (ਹੈ ਭੀ ਸਚੁ) ਅਤੇ ਕਾਲ-ਸਮਾਪਤੀ ਉਪਰੰਤ,(ਨਾਨਕ ਹੋਸੀ ਭੀ ਸਚੁ) ਨਿਰਗੁਣ ਨਿਰੰਕਾਰ ਨਿਜ ਸਰੂਪ ਵਿਚ ਹੀ ਰਹਿੰਦਾ ਹੈ। ਗੁਰਮਤਿ ਵਿਚ ਨਿਰਗੁਣ ਅਤੇ ਸਰਗੁਣ ਦੋ ਨਹੀਂ, ਇਕੋ ਸਰੂਪ ਹੈ। "ਇਹ ਨਹੀਂ ਕਿ 'ਨਿਰਗੁਣ' ਹਟੇ ਤੇ ਤਦ ਹੀ 'ਸਰਗੁਣ' ਹੋਂਦ ਵਿਚ ਆ ਸਕਦਾ ਹੈ। ਨਿਰਗੁਣ ਤੇ ਨਿਰਾਕਾਰ ਰੂਪ ਹਟ ਨਹੀਂ ਸਕਦਾ। ਸਰਗੁਣ ਸਰੂਪ ਨਹੀਂ ਸੀ ਪਰ ਨਿਰਗੁਣ ਤੇ ਨਿਰੰਕਾਰੀ ਹੈ ਸੀ।"

---

119. ਡਾ: ਸ.ਸ. ਕੋਹਲੀ, ਉਕਤ ,ਪੰਨਾ 19.

120. ਓਅੰਕਾਰਿ ਬ੍ਰਹਮਾ ਉਤਪਤਿ, ਓਅੰਕਾਰੁ ਕੀਆ ਜਿਨਿ ਚਿਤਿ।।—...
ਓਨਮ ਅਖਰ ਸੁਣਹੁ ਬੀਚਾਰੁ,ਓਨਮ ਅਖਰੁ ਤ੍ਰਿਭਵਣ ਸਾਰੁ।।ਰਾਮ ੧ (929-30)

121. ਗੁਰਬਚਨ ਸਿੰਘ ਤਾਲਿਬ, ਜਪੁ, ਉਕਤ, ਪੰਨਾ 80.

122. ਓਅੰ ਸਾਧ ਸਤਿਗੁਰ ਨਮਸਕਾਰੰ, ਆਦਿ ਮਧਿ ਅੰਤਿ ਨਿਰੰਕਾਰੰ। ਗਉੜੀ 5(250)

ਸਰਗੁਣਤਾ ਨਿਰਗੁਣਤਾ ਵਿਚ ਸਦਾ ਵਿਦਮਾਨ ਰਹਿੰਦੀ ਹੈ। ਰਚਨਾ ਦੀ ਸਾਰੀ ਸੰਭਾਵਨਾ ਕਰਤਾਰੀ-ਸ਼ਕਤੀ ਓਅੰਕਾਰ ਵਿਚ ਸੂਖਮ ਨਿਰਾਕਾਰ ਅਤੇ ਅਪ੍ਰਗਟ ਰੂਪ ਵਿਚ ਸਮਾਈ ਹੋਈ ਹੈ। ਜਦੋਂ ਉਸ ਦਾ 'ਹੁਕਮਿ' ਹੁੰਦਾ ਹੈ ਓਅੰਕਾਰ ਵਿਚ ਵਿਦਮਾਨ ਸ਼ਕਤੀ ਰਚਨਾ ਰਾਹੀਂ ਰੂਪਮਾਨ ਹੋ ਜਾਂਦੀ ਹੈ।

ਜਾ ਤਿਸ ਭਾਣਾ ਤਾ ਜਗਤੁ ਉਪਾਇਆ। ਮਾਰੂ ੧ (1036)

ਇਸ ਪੰਗਤੀ ਵਿਚ ਵੀ ਜਗਤ ਪੈਦਾ ਕੀਤਾ(ਉਪਾਇਆ ਸ਼ਬਦ) ਵਿਸ਼ੇਸ਼ ਕਰਕੇ ਸਾਡਾ ਧਿਆਨ ਮੰਗਦਾ ਹੈ।

'ਓਅੰਕਾਰ' ਰਾਹੀਂ ਕੀਤੀ ਗਈ ਰਚਨਾ ਨੂੰ ਗੁਰੂ ਨਾਨਕ ਦੇਵ ਨੇ 'ਏਕੋ ਕਵਾਉ'[123] ਨਾਲ ਵੀ ਤੁਲਨਾ ਦਿਤੀ ਹੈ। ਗੁਰੂ ਅਰਜਨ ਦੇਵ ਨੇ ਵੀ ਸਾਖ ਭਰੀ, 'ਏਕ ਕਵਾਵੈ ਤੇ ਸਭ ਹੋਆ' (ਮਾਰੂ 5,1003 ਗੁਰਬਾਣੀ ਵਿਚ 'ਸ਼ਬਦ' ਤੋਂ ਉ ਤਪਤੀ,ਸਮਾਪਤੀ ਅਤੇ ਮੁੜ ਉਤਪਤੀ ਦੇ ਪਰਮਾਣ ਵੀ ਪਰਾਪਤ ਹਨ;[124] ਸ਼ਬਦ ਨੂੰ 'ਧੁਨਿ' ਵੀ ਕਿਹਾ ਹੈ[125] ਅਤੇ ਨਾਮ ਵੀ। ਨਾਮ ਹੁਕਮਿ ਕਵਾਉ, ਸ਼ਬਦ ਅਤੇ ਧੁਨਿ ਓਅੰਕਾਰ ਦੀ ਰਚਨਾਤਮਕ ਸ਼ਕਤੀ ਦੇ ਹੀ ਪ੍ਰਤੀਕ ਹਨ। ਦਸਮ ਗ੍ਰੰਥ ਦੀ ਰਚਨਾ ਵਿਚ ਅਨੇਕਾਂ ਅਜੇਹੇ ਪਰਮਾਣ ਹਨ ਜਿਨ੍ਹਾਂ ਵਿਚ ਓਅੰਕਾਰ ਨੂੰ ਮੂਲ ਧੁਨਿ ਕਿਹਾ ਹੈ ਜੋ ਸਾਰੇ ਬ੍ਰਹਿਮੰਡ ਵਿਚ ਇਕ-ਰਸ ਵਿਆਪਕ ਹੈ,[126] ਗੁਰੂ ਗੋਬਿੰਦ ਸਿੰਘ ਅਨੁਸਾਰ ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ;[127] ਓਅੰਕਾਰ ਸਭ ਦਾ ਆਦਿ ਹੈ ਜਿਸ ਦਾ ਕਥਨ ਅਤੇ ਸਰੂਪ ਅਨਾਦੀ ਹੈ।[128]

7. '੧ਓ' ਪੱਦ ਦੇ ਵਿਦਵਾਨਾਂ ਵਲੋਂ ਨਿਮਨ ਅਰਥ ਪ੍ਰਾਪਤ ਹੁੰਦੇ ਹਨ:

(ੳ) ੧ਓ = ਪਰਮ ਹਸਤੀ ਪਰਮਾਤਮਾ ਇਕ ਹੈ।

ਪੁਰਾਤਨ[129] ਅਤੇ ਆਧੁਨਿਕ[130] ਲੇਖਕਾਂ ਵਿਚੋਂ ਬਹੁਤ ਸਾਰੇ ਵਿਦਵਾਨਾਂ ਨੇ '੧ਓ' ਦੇ ਅਰਥਾਂ ਵਿਚ ਪਰਮਾਤਮਾ ਦੀ 'ਏਕਤਾ' ਉਤੇ ਬਲ ਦਿੱਤਾ ਹੈ ਅਤੇ ਇਸ ਦੇ ਅਰਥ ਕੀਤੇ ਹਨ – 'ਕੇਵਲ ਇਕ ਬ੍ਰਹਮ;'[131] 'ਵਾਹਿਗੁਰੂ ਇਕ ਹੈ ਅਤੇ ਅਦਿਵਤਿਯ ਹੈ;'[132] 'ਇਕ ਬ੍ਰਹਮ-ਸੱਤਾ;'[133]

---

123. ਕੀਤਾ ਪਸਾਉ,ਏਕੋ ਕਵਾਉ, ਤਿਸ ਤੇ ਹੋਏ ਲਖ ਦਰੀਆਉ।। ਜਪੁਜੀ।।ਪਉੜੀ 16
124. ਉਤਪਤ ਪਰਲੋ ਸ਼ਬਦੇ ਹੋਵੈ, ਸ਼ਬਦੇ ਹੀ ਫਿਰ ਓਪਤ ਹੋਵੈ।। ਮ 3 (117) ਹੋਰ ਵੇਖੋ ਪੰਨਾ 1033
125. ਜੇਤਾ ਸਬਦੁ ਸੁਰਤਿ ਧੁਨਿ ਤੇਤੀ।। ਆਸਾ੧
126. ਪ੍ਰਿਥਮੇ ਓਅੰਕਾਰ ਤਿਨ ਕਹਾ, ਸੋ ਧੁਨਿ ਪੂਰ ਜਗਤ ਮੋ ਰਹਾ।। ਬਚਿਤ੍ਰ ਨਾਟਕ ਦਸਮ ਗ੍ਰੰਥ
127. ਪ੍ਰਿਥਮ ਕਾਲ ਜਬ ਕੀਆ ਪਸਾਰਾ, ਓਅੰਕਾਰ ਤੇ ਸ੍ਰਿਸ਼ਟ ਉਪਾਰਾ।। ਬਚਿੱਤ੍ਰ ਨਾਟਕ ।।
128. ਓਅੰਕਾਰ ਆਦਿ ਕਥਨੀ ਅਨਾਦਿ।।ਓਅੰ ਆਦਿ ਰੂਪੇ।। ਅਨਾਦੀ ਸਰੂਪੇ।। ਜਾਪ ਸਾਹਿਬ ।।
129. ਗਿਆਨੀ ਬਿਸ਼ਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (2); ਪੰਡਿਤ ਨਰੈਣ ਸਿੰਘ, ਸ੍ਰੀ ਜਪੁਜੀ ਸਟੀਕ(3); ਗਿਆਨੀ ਸ਼ੇਰ ਸਿੰਘ ਖਾਲਸਾ ਨਿਤਨੇਮ ਸਟੀਕ(2) ਇਤਿਆਦਿ ਬਹੁਤ ਸਾਰੇ ਹੋਰ ਟੀਕਾਰ ਜਿਨ੍ਹਾਂ ਦਾ ਵੇਰਵਾ ਪਹਿਲਾਂ ਦਿਤਾ ਜਾ ਚੁਕਾ ਹੈ।
130. ਡਾ: ਸੁਰਿੰਦਰ ਸਿੰਘ ਕੋਹਲੀ ,ਸਿਖੀ ਸਿਖਿਆ, ਸਿਖ ਪਬਲਿਸ਼ਿੰਗ ਹਾਊਸ, ਦਿਲੀ(3),ਭਾਈ ਜੋਧ ਸਿੰਘ ਗੁਰਮਤ ਨਿਰਣਯ (1), ਡਾ: ਤਰਲੋਚਨ ਸਿੰਘ, ਸਿਖਿਜ਼ਮ(ਉਕਤ)ਪੰਨਾ(53); ਮਨਮੋਹਨ ਸਿੰਘ ਐਡਵੋਕੇਟ, ਸ੍ਰੀ ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਅਤੇ ਪੰਜਾਬੀ ਅਨੁਵਾਦ) ਪੰਨਾ(1)
131. ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ(76) 132. ਭਾਈ ਕਾਨ੍ਹ ਸਿੰਘ, ਗੁਰਮਤ ਪ੍ਰਭਾਕਰ (113); ਗੁਰਮਤ ਮਾਰਤੰਡ(98)
133. ਡਾ: ਪ੍ਰੇਮ ਪ੍ਰਕਾਸ਼ ਸਿੰਘ (ਉਕਤ ਹਵਾਲਾ)।

ਅਤੇ 'ਇਕ ਬ੍ਰਹਮ ਦਾ ਵਾਚਕ'[134] ਇਤਿਆਦਿ। ਥੋੜ੍ਹੇ ਅੰਤਰ ਨਾਲ ਕੁਝ ਹੋਰ ਪ੍ਰਾਪਤ ਅਰਥ ਇਹ ਹਨ: ਇਕ ਅਕਾਲਪੁਰਖ, ਜੋ ਇਕ-ਰਸ ਵਿਆਪਕ ਹੈ;[135] ਸਰਬ-ਰਖਿਅਕ ਪਰਮਾਤਮਾ[136] ਪਰਮ-ਤੱਤ ਜਿਸ ਦਾ ਵਾਚਕ ਓਮ ਹੈ, ਕੇਵਲ ਇਕ ਹੈ;[137] ਕੇਵਲ (ਕਾਰ) ਇਕ (੧) ਪਾਰਬ੍ਰਹਮ (ਓਅਮ )[138] ਤਿੰਨ ਸ਼ਕਤੀਆਂ, ਉਤਪਤੀ, ਪਾਲਣਾ ਅਤੇ ਸੰਘਾਰ ਦਾ ਮਾਲਕ ਇਕ ਪਰਮਾਤਮਾ;[139] ਪਰਮਾਤਮਾ ਤਿੰਨ ਰੂਪੀ ਨਹੀਂ ਇਕ ਹੈ;[140] ਇਕੋ ਹੀ ਕਰਤਾ, ਪਾਲਨਹਾਰ ਅਤੇ ਹਰਤਾ ਹੈ;[141] ਇਕ ਤੋਂ ਬਿਨਾਂ ਕੋਈ ਦੇਵੀ ਦੇਵਤੇ ਉਸ ਦੇ ਕੰਮਾਂ ਅਤੇ ਗੁਣਾਂ ਦੇ ਭਾਈਵਾਲ ਨਹੀਂ।[142]

(ਅ) ੧ਓ = ਨਿਰਗੁਣ ਪਰਮਾਤਮਾ: ਉਪਰੋਕਤ ਅਰਥਾਂ ਵਿਚ ਵੀ ਬ੍ਰਹਮ ਦੀ ਨਿਰਗੁਣਤਾ ਵਾਲਾ ਭਾਵ ਹੋ ਸਕਦਾ ਹੈ ਪਰ ਡਾਕਟਰ ਤਾਰਨ ਸਿੰਘ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ, ਕਿ (੧ਓ ) ਰਬ ਦੇ ਨਿਰਗੁਣ ਸਰੂਪ ਨੂੰ ਪ੍ਰਗਟ ਕਰਦਾ ਹੈ ਜਿਸ ਨੂੰ ਫਿਲਾਸਫੀ ਵਿਚ 'ਬ੍ਰਹਮ' ਕਹਿੰਦੇ ਹਨ।[143]

(ੲ) ੧ਓ = ਸਰਗੁਣ ਪਰਮਾਤਮਾ: 'ਰਾਮ ਨਾਮ ਜਪਿ ਏਕੰਕਾਰੁ' ਦੀ ਵਿਆਖਿਆ ਕਰਦਿਆਂ ਪ੍ਰਿੰਸੀਪਲ ਤੇਜਾ ਸਿੰਘ ਨੇ 'ਏਕੰਕਾਰ ' ਨੂੰ 'ਇਕ ਓਅੰਕਾਰ' ਦਾ ਰੂਪਾਂਤਰ ਦਸਦਿਆਂ ਇਸ ਦੇ ਅਰਥ 'ਇਕ ਸਰਗੁਣ ਰੂਪ ਵਾਹਿਗੁਰੂ' ਕੀਤੇ ਹਨ।[144]

---

134. ਬਾਬੂ ਰਾਮ ਜੋਸ਼ੀ, ਉਕਤ, 246 ।
135. ਪ੍ਰੋ: ਸਾਹਿਬ ਸਿੰਘ, ਜਪੁਜੀ ਸਟੀਕ, (41)
ਡਾ: ਕਾਲਾ ਸਿੰਘ ਬੇਦੀ, ਗੁਰੂ ਨਾਨਕ ਸ਼ਬਦ ਰਤਨਾਕਰ,(6); ਪ੍ਰੋ: ਕਰਤਾਰ ਸਿੰਘ ਜਪੁਜੀ ਸਟੀਕ(1) ਇਤਿਆਦਿ।
136. ਡਾ: ਸ.ਸ. ਕੋਹਲੀ, ਉਕਤ (21);
137. ਭਾਈ ਜੋਧ ਸਿੰਘ, ਗੁਰੂ ਨਾਨਕ ਵਾਣੀ, ਪੰਨਾ 17
xxx. ਸਵਾਮੀ ਰਜਨੀਸ਼, ਏਕਓਂਕਾਰ ਸਤਿਨਾਮ , ਪੰਨਾ 7.
138. ਡਾ: ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ 171.
139. ਡਾ: ਸ.ਸ. ਕੋਹਲੀ, ਉਕਤ, ਪੰਨਾ 20.
140. ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 70.
141. ਸਰਦੂਲ ਸਿੰਘ ਕਵੀਸ਼ਰ, ਸਿਖ ਧਰਮ ਦਰਸ਼ਨ , ਪੰਨਾ 59.
142. ਤੇਜਾ ਸਿੰਘ(ਚੀਫ ਜਸਟਿਸ) ਉਕਤ, ਪੰਨਾ 18.
143. ਡਾ: ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 29; ਗੁਰੂ ਨਾਨਕ ਬਾਣੀ ਪ੍ਰਕਾਸ਼, ਪੰਜਾਬੀ ਯੂ: ਪਟਿਆਲਾ, ਪੰਨਾ 1.
144. ਸ਼ਬਦਾਰਥ, ਪੰਨਾ 185.

(ਸ) ੴ = ਨਿਰਗੁਣ-ਸਰਗੁਣ ਪਰਮਾਤਮਾ: ਉਕਤ ਅੰਕ ਇਕ ਵਿਚ ਦਿਤੀ ਵਿਆਖਿਆ ਵਿਚ ਕਈ ਵਿਦਵਾਨਾਂ ਦਾ ਇਹੋ ਭਾਵ ਹੋ ਸਕਦਾ ਹੈ ਪਰ ਕੁਝ ਵਿਦਵਾਨਾਂ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ," ੴ ਸੂਖਮ ਅਰ ਸਥੂਲ ਰੂਪ ਵਾਹਿਗੁਰੂ ਹੈ;[145] ਸਰਬ ਸਮਰਥ ਨਿਰਗੁਣ ਅਤੇ ਸਰਬ ਅਮਰਥ ਸਰਗੁਣ ਨੂੰ 'ੴ' ਵਿਚ ਇਕ ਥਾਂ ਇਕਠਾ ਕੀਤਾ ਹੈ;[146] ਇਤਿਆਦਿ।[147]

(ਹ) ੴ = ਨਿਰਗੁਣ ਅਤੇ ਸਰਗੁਣ ਦੋਹਾਂ ਦੀ ਵਿਚ-ਵਿਚਾਲੀ ਅਵੱਸਥਾ: ਭਾਈ ਜੋਧ ਸਿੰਘ ਅਨੁਸਾਰ 'ੴ' ਉਸ ਹਾਲਤ ਦਾ ਦਸਣ ਵਾਲਾ ਹੈ ਜੋ ਅਕਥਨੀਯ ਨਿਰੰਕਾਰ ਅਵੱਸਥਾ ਤੋਂ ਉਰੇ ਕਰਤਾ ਹੋਣ ਤੋਂ ਪਹਿਲਾਂ ਦੀ ਹੈ।[148]

## 8.1 ੴ: ਵਿਚਾਰ

'ੴ' ਗੁਰੂ ਨਾਨਕ ਦੇਵ ਦਾ ਰਹੱਸਵਾਦੀ ਮੌਲਿਕ ਅਨੁਭਵ ਹੈ। ਇਹ 'ਓਮ' ਦੀ ਤਰਕਸ਼ੀਲਤਾ ਨਾਲ ਕੀਤੀ ਸੋਧ ਨਹੀਂ , ਸਗੋਂ ਆਤਮਿਕ ਅੰਤਰ ਦ੍ਰਿਸ਼ਟੀ ਤੋਂ ਪ੍ਰਾਪਤ ਹੋਇਆ ਰਹੱਸਵਾਦੀ ਬ੍ਰਹਮ-ਅਨੁਭਵ ਹੈ। 'ਰਹੱਸਵਾਦੀ ਅਨੁਭਵ ਦੀ ਕੋਈ ਪਰੰਪਰਾ ਨਹੀਂ ਹੁੰਦੀ, ਨਾ ਕੋਈ ਵਿਰਸਾ ਹੁੰਦਾ ਹੈ ਅਤੇ ਨਾ ਕੋਈ ਇਤਿਹਾਸਕ ਅਨੁਬੰਧ। ਇਹ ਸਦਾ ਨਵਾਂ, ਨਰੋਇਆ, ਅਤੇ ਨਵੇਕਲਾ ਹੁੰਦਾ ਹੈ।'[149] ਸਾਰੇ ਮਹਾਨ ਰਹੱਸਵਾਦੀਆਂ ਦੀ ਤਰ੍ਹਾਂ ਗੁਰੂ ਨਾਨਕ ਦੇਵ ਦਾ ਭਾਰਤੀ ਤਨ ਤੇ ਪ੍ਰਗਟ ਹੋਣਾ ਸਮੇਂ ਦੀਆਂ ਰੂੜ੍ਹੀਆਂ ਸ਼ਕਤੀਆਂ ਲਈ ਚਣੌਤੀ ਸੀ। ਗੁਰੂ ਜੀ ਨੇ ਪਰੰਪਰਾ ਵਿਰੋਧੀ ਗੱਲਾਂ ਕੀਤੀਆਂ ਅਤੇ ਪਰਮ-ਰਹੱਸਵਾਦੀ 'ਸੱਚ' ਨੂੰ ਮੁੜ ਸਾਕਾਰ ਕੀਤਾ। 'ਓਮ' ਦੇ ਨਾਲ ਏਕੇ ਦੀ ਅਣਹੋਂਦ ਨੇ ਧਰਮ ਅਤੇ ਦਰਸ਼ਨ ਦੇ ਖੇਤਰ ਵਿਚ ਪਰਮ-ਸਤ ਨੂੰ ਅਨਗਿਣਤ ਵੰਡਾਂ ਵਿਚ ਖੰਡ ਖੰਡ ਕਰ ਦਿਤਾ ਸੀ। 26 ਅਜੇਹੇ 'ਤਿਨੋਕਿਆਂ' ਦਾ ਬਿਓਰਾ ਅਸੀਂ 'ਓਮ' ਦੇ ਸੰਕਲਪ ਵਿਚ ਦੇ ਆਏ ਹਾਂ। ਕੇਵਲ ਵੇਦਾਂਤ ਵਿਚ ਹੀ ਸ਼ੰਕਰ ਦਾ ਅਦਵੈਤਵਾਦ, ਰਾਮਾਨੁਜ ਦਾ ਵਸ਼ਿਸ਼ਟ-ਅਦਵੈਤ-ਵਾਦ, ਨਿੰਬਾਰਕ ਦਾ ਦਵੈਤ-ਅਦਵੈਤਵਾਦ,

---

145. ਭਾਈ ਵੀਰ ਸਿੰਘ, ਸੰਥਯਾ, ਪੰਨਾ 104.
146. ਤੇਜਾ ਸਿੰਘ ਪ੍ਰਿੰਸੀਪਲ, ਜਪੁਜੀ, ਪੰਨਾ 3.
147. ਡਾ: ਤਰਲੋਚਨ ਸਿੰਘ, ਗੁਰੂ ਨਾਨਕ ਦਾ ਸਿਖ ਧਰਮ(20); ਡਾ: ਗੋਪਾਲ ਸਿੰਘ ਸ਼੍ਰੀ ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਅਨੁਵਾਦ) ਪੰਨਾ 25;
Duncan Greenless,The Gospel of Guru Granth Sahib,p.43.
ਗਿਆਨੀ ਲਾਲ ਸਿੰਘ, ਗੁਰਮਤ ਮਾਰਤੰਡ (596); ਇਤਿਆਦਿ।
148. ਭਾਈ ਜੋਧ ਸਿੰਘ, ਉਕਤ, ਪੰਨਾ 17.
149. Dr. Dewan Singh,Mysticism of Guru Nanak Ph.D. Thesis; P.U. Library,(T 181.4 D 515 M) Chandigarh,p.71.

ਮਾਧਵਚਾਰੀਆ ਦਾ ਦਵੈਤਵਾਦ ਅਤੇ ਵਲਭ ਦਾ ਸੁਧ-ਅਦਵੈਤਵਾਦ' ੴ(੧ੳ) ਦੀ ਅਣਹੋਂਦ ਦੇ ਸਿੱਟੇ ਹਨ। ਗੁਰੂ ਨਾਨਕ ਦੇਵ ਨੇ 'ੴ' ਸਰੂਪ ਰਾਹੀਂ 'ਬ੍ਰਹਮ ਦੇ ਵਿਰੋਧਾਤਮਕ-ਸੰਕਲਪਾਂ ਦੇ ਵਿਰਸੇ ਦਾ ਰੂਪ-ਪਰੀਵਰਤਨ ਕੀਤਾ,[150] ਆਪਣੇ ਅਨੁਭਵ, ਜੀਵਨ-ਤਜਰਬੇ, ਸਮਾਜਕ ਤੇ ਧਾਰਮਕ ਚੇਤਨਾ ਅਤੇ ਬੋਧਿਕ ਚਿੰਤਨ ਰਾਹੀਂ ਨਵੀਂ ਸੇਧ ਦਿਤੀ। ਇਸ ਵਿਚ ਨਵੀਨਤਾ ਅਤੇ ਮੌਲਿਕਤਾ ਵੀ ਹੈ ਅਤੇ ਪੁਰਾਤਨ ਵਿਰਸੇ ਨਾਲ ਸਾਂਝ ਵੀ।'[151] ਵਿਰਸੇ ਨਾਲ ਸਾਂਝ ਰਹੱਸਵਾਦੀ ਅਨੁਭਵਾਂ ਨੂੰ ਪ੍ਰਗਟ ਕਰਣ ਲਈ ਚੁਣੇ ਸੰਕੇਤਾਂ ਵਿਚ ਹੈ। ਇਨ੍ਹਾਂ ਸੰਕੇਤਾਂ ਦਾ ਰੂਪ ਪਰੀਵਰਤਨ ਹੋਇਆ, ਅਰਥ-ਭਾਵ ਬਦਲੇ, ਵਿਸ਼ਾਲਤਾ ਆਈ ਅਤੇ ਨਵੀਂ ਵਿਚਾਰਧਾਰਾ ਵਿਕਾਸ-ਸ਼ੀਲ ਹੋਈ।

'ੴ' ਪਰਮਾਤਮਾ ਦੀ ਸਰੂਰ ਅਵੱਸਥਾ ਦਾ ਪ੍ਰਤੀਕ ਹੈ। 'ਏਕੰਕਾਰ' ਵਿਚ ਰਚਨਾ ਦੀਆਂ ਸਾਰੀਆਂ ਸੰਭਾਵਨਾਵਾਂ ਓਅੰਕਾਰ ਰਾਹੀਂ ਵਿਦਮਾਨ ਹੁੰਦੀਆਂ ਹਨ। 'ੴ' ਵਿਚ ਨਿਰੰਕਾਰ ਦੀ ਅਫੁੱਰ ਸੁੰਨ-ਸਮਾਧੀ ਦੀ ਅਵੱਸਥਾ ਦਾ ਉਲੇਖ ਨਹੀਂ, ਜਦੋਂ ਰਚਨਾ ਦਾ 'ਫੁਰਨਾ' ਅਤੇ ਕਾਲ ਦੀ ਹੋਂਦ ਨਹੀਂ ਸੀ ਜੋ ਰਚਨਾ-ਰਹਿਤ ਅਤੇ ਕਾਲ-ਰਹਿਤ ਅਵੱਸਥਾ ਹੈ:

'ਤੁਧਹੁ ਆਪੇ ਆਪਿ ਨਿਰੰਕਾਰੁ ਹੈ ਨ ਉਪਤਿ ਹੋਈ,' ਗੂ.3(509)

ਇਸ ਸੁੰਨ-ਕਲਾ ਵਿਚ ਅਪਰੰਪਰ ਨਿਰਾਲਮ ਪਰਮ-ਸਤਾ ਹੀ ਵਿਦਮਾਨ ਸੀ।[152] ਇਸ ਨੂੰ 'ਧੁੰਧੂਕਾਰ' ਵੀ ਕਿਹਾ ਹੈ। ਮਨੁੱਖੀ ਬੋਲੀ ਵਿਚ ਪਤਾ ਨਹੀਂ ਕਿੰਨੇ ਯੁੱਗ (ਯੁਗ ਅਤੇ ਕਾਲ ਦੀ ਸਿਰਜਨਾ ਤਾਂ ਸੀ ਨਹੀਂ) ਇਸ ਤਰ੍ਹਾਂ ਬੀਤ ਗਏ,[153] ਇਹ ਧੁੰਧੂਕਾਰਾ ਕ੍ਰੋੜਾਂ ਅਤੇ ਅਰਬਾਂ ਸਾਲ(ਕਾਲ-ਵਾਚੀ ਸ਼ਬਦਾਵਲੀ ਵਿਚ) ਕਾਇਮ ਰਿਹਾ;[154] ਇਸ ਅਵਸਥਾ ਵਿਚ ਰਚਨਾ-ਕਾਲ ਦੇ ਚਿੰਨ੍ਹ ਨਹੀਂ ਹਨ — ਨਾ ਧਰਤੀ ਹੈ, ਨਾ ਆਕਾਸ਼; ਨਾ ਜਲ, ਨਾ ਥਲ, ਨਾ ਸੂਰਜ, ਨਾ ਚੰਦ, ਨਾ ਮਾਇਆ ਇਤਿਆਦਿ।[155] ਨਿਰੰਜਨ ਨਿਰੰਕਾਰ ਦੀ ਅਜੇਹੀ ਅਵੱਸਥਾ ਨੂੰ ਗੁਰਬਾਣੀ ਵਿਚ ਨਾਂਹ-ਵਾਚੀ ਸ਼ੈਲੀ ਰਾਹੀਂ ਅਲਖ, ਅਪਾਰ,

---

150. W.H.Mcleod, Guru Nanak and The Sikh Religion, Oxford (Clarendon Press), 1968, p.I

151. ਵਿਨੋਬਾ ਭਾਵੇ, ਜਪੁਜੀ ਪੰਜਾਬੀ ਯੂ: ਪਟਿਆਲਾ, ਪੰਨਾ 3.

152. ਸੁੰਨ ਕਲਾ ਅਪਰੰਪਰਿ ਧਾਰੀ, ਆਪ ਨਿਰਾਲਮੁ ਅਪਰ ਅਪਾਰੀ।।ਮਾਰੂ ੧ (1037)

153. ਕੇਤੜਿਆ ਜੁਗ ਧੁੰਧੂਕਾਰੈ। ਤਾੜੀ ਲਾਈ ਸਿਰਜਣਹਾਰੈ।।ਮਾਰੂ ੧(1023)

154. ਅਰਬਦ ਨਰਬਦ ਧੁੰਧੂਕਾਰਾ —...ਮਾਰੂ ੧(        )

155. ਜਲ ਥਲ ਧਰਣਿ ਗਗਨੁ ਤਹ ਨਾਹੀ —.....ਗੂ ਮ: ੧

ਅਗਮ, ਅਗੋਚਰ, ਅਜੋਨੀ, ਅਕਾਲ, ਕਹਿ ਕੇ ਬਿਆਨ ਕੀਤਾ ਹੈ ਪਰ 'ੴ' ਹਾਂ-ਵਾਚੀ ਸ਼ਬਦ ਹੈ। ਇਹ ਉਸ ਅਵੱਸਥਾ ਦਾ ਸੂਚਕ ਹੈ ਜਦੋਂ ਨਿਰੰਕਾਰ 'ਸੁੰਨ-ਸਮਾਧੀ' ਦੀ ਅਫੁਰ ਅਵੱਸਥਾ ਤੋਂ 'ਸਫੁਰ' ਹੋ ਕੇ ਆਪਣੀ ਕੁਦਰਤ ਦਾ ਪਸਾਰਾ ਕਰਕੇ ਆਪ ਉਸ ਵਿਚ ਆਸਣ ਲਾ ਲੈਂਦਾ ਹੈ।[156] ਡਾਕਟਰ ਸ਼ੇਰ ਸਿੰਘ ਦੇ ਸ਼ਬਦਾਂ ਵਿਚ ਜੇ ਪਹਿਲੀ ਸੁੰਨ-ਕਲਾ ਨੂੰ 0 ਸਿਫਰ ਕਹੀਏ ਤਾਂ ਸਫੁਰਤਾ ਵਾਲੀ ਹਾਲਤ '੧' ਹੈ ਜਿਸ ਨੂੰ ਭਾਈ ਗੁਰਦਾਸ ਨੇ 'ਏਕੰਕਾਰ' ਕਿਹਾ ਹੈ। ਏਕੰਕਾਰ ਤੋਂ ਉਸ ਦੇ 'ਹੁਕਮ' ਜਾਂ 'ਭਾਣੇ' ਅਨੁਸਾਰ ਸਾਰੀ ਰਚਨਾ ਹੋਈ। ਇਸ 'ਫੁਰਨੇ' 'ਭਾਣੇ' ਜਾਂ 'ਹੁਕਮ' ਦੀ ਨਿਰੰਤਰ ਕ੍ਰਿਆਸ਼ੀਲਤਾ ਨੂੰ 'ਓਅੰਕਾਰ' ਕਿਹਾ ਗਿਆ ਹੈ। ਇਸ ਤਰ੍ਹਾਂ 'ਓਅੰਕਾਰ' ਏਕੰਕਾਰ (ੴ)ਵਿਚ ਸਮਿਲਤ ਹੈ ਅਤੇ ਉਸਦੀ ਰਚਨਾਤਮਕ ਸ਼ਕਤੀ ਦਾ ਪ੍ਰਤੀਕ ਹੈ ਜੋ ਸਾਰੀ ਰਚਨਾ ਦਾ ਸੋਮਾ ਹੈ:

ਓਅੰਕਾਰਿ ਸਭ ਸ੍ਰਿਸਟਿ ਉਪਾਈ। ਮਾਰੂ 3(1061)

8.2 ਭਾਈ ਗੁਰਦਾਸ ਨੇ[157] ਆਪਣੀ ਬਾਣੀ ਵਿਚ ਬ੍ਰਹਮ ਦੇ ਤਿੰਨ ਪੱਖਾਂ ਦਾ ਜ਼ਿਕਰ ਕੀਤਾ ਹੈ:

1. ਨਿਰੰਕਾਰ: ਸ਼ੁਧ ਨਿਰਗੁਣ, ਪੂਰਬ-ਰਚਨਾ ਦਾ ਪਾਰਬ੍ਰਹਮ ਜੋ ਅਪਾਰ ਅਤੇ ਅਲਖ ਹੈ;
2. ਏਕੰਕਾਰ: ਜਦੋਂ ਨਿਰੰਕਾਰ ਆਪਣੇ ਆਪ ਦੀ ਏਕੰਕਾਰ ਰੂਪ ਵਿਚ ਸਾਜਨਾ ਕਰਦਾ ਹੈ, ਜਾਂ ਸਫੁਰ ਹੁੰਦਾ ਹੈ; ਅਤੇ
3. ਓਅੰਕਾਰ: ਜਦੋਂ ਏਕੰਕਾਰ ਦੀ ਓਅੰਕਾਰ ਧੁਨਿ ਰਾਹੀਂ ਸਾਰੇ ਆਕਾਰਾਂ ਦੀ ਸਿਰਜਨਾ ਹੁੰਦੀ ਹੈ:

ਨਿਰੰਕਾਰ ਅਕਾਰ ਹੋਇ, ਏਕੰਕਾਰ ਅਪਾਰ ਸਦਾਇਆ
ਏਕੰਕਾਰੋਂ ਸਬਦ ਧੁਨਿ, ਓਅੰਕਾਰ ਆਕਾਰ ਬਣਾਇਆ। ਵਾਰ 26.2.

8.3 ਭਾਈ ਵੀਰ ਸਿੰਘ[158] ਨੇ ਭਾਈ ਗੁਰਦਾਸ ਦੀ ਅਜੇਹੀ ਤਿੰਨ ਪੱਖੀ ਵਿਆਖਿਆ ਦਾ ਗੁਰੂ ਨਾਨਕ ਦੇਵ ਦੇ ਨਿਮਨ ਸ਼ਲੋਕ ਨਾਲ ਸੁਮੇਲ ਦਸਿਆ ਹੈ:

ਆਪੀਨੈ (ਨਿਰੰਕਾਰ)
ਆਪ ਸਾਜਿਓ (ਏਕੰਕਾਰ)
ਆਪੀਨੈ ਰਚਿਓ ਨਾਉ (ਓਅੰਕਾਰ)
ਦੁਯੀ ਕੁਦਰਤਿ ਸਾਜੀਐ (ਓਅੰਕਾਰ ਤੋਂ ਜਗਤ ਪਸਾਰਾ)
ਕਰਿ ਆਸਣ ਡਿਠੋ ਚਾਉ (ਓਅੰਕਾਰ ਦੀ ਵਿਦਮਾਨਤਾ)

---

156. ਵਾਰ ਆਸਾ ਮ.੧ ਪੰਨਾ 463.
157. ਨਿਰਾਧਾਰ ਨਿਰੰਕਾਰ ਨ ਅਲਖ ਲਖਾਇਆ।। ਹੋਆ ਏਕੰਕਾਰ ਆਪ ਉਪਾਇਆ।। ਓਅੰਕਾਰ ਅਕਾਰ ਚਲਤ ਰਚਾਇਆ 22.11 ; ਹੋਰ ਵੇਖੋ 29.19.
158. ਸੰਥਯਾ, ਪੰਨਾ 8.

8.4. ਸਾਡੀ ਆਪਣੀ ਸੋਖ ਲਈ ਅਜੇਹੀ ਵੰਡ ਠੀਕ ਹੈ ਪਰੰਤੂ ਗੁਰਬਾਣੀ ਅਨੁਸਾਰ ਇਹ ਤੱਥ ਬਹੁਤ ਸਪਸ਼ਟ ਹੈ ਕਿ ਇਕੋ ਪਰਮਹਸਤੀ ਨਿਰੰਕਾਰ, ਏਕੰਕਾਰ ਅਤੇ ਓਅੰਕਾਰ ਕਰਕੇ ਜਾਣੀ ਜਾਂਦੀ ਹੈ। ਜਦੋਂ ਓਅੰਕਾਰ ਰਾਹੀਂ ਰਚਨਾ ਦਾ ਜ਼ਿਕਰ ਹੁੰਦਾ ਹੈ ਤਾਂ ਇਹ ਏਕੰਕਾਰ ਦੀ ਰਚਨਾ ਹੈ, ਸਗੋਂ ਨਿਰੰਕਾਰ ਦੀ ਹੀ ਰਚਨਾ ਹੈ। ਨਿਰੰਕਾਰ ਨੂੰ ਜਾਂ ਏਕੰਕਾਰ ਨੂੰ ਨਿਰੋਲ ਨਿਰਗੁਣ, ਨਿਰਵਿਕਲਪ, ਸੁੰਧ ਸਮਾਧੀ ਨਹੀਂ ਕਹਿ ਸਕਦੇ, ਨਾਂ ਹੀ ਓਅੰਕਾਰ ਨੂੰ ਨਿਰੋਲ ਸਰਗੁਣ ਅਤੇ ਸਰਬ-ਵਿਆਪਕ। ਨਿਰੰਕਾਰ ਇਕ ਹੈ, ਹਰ ਹਾਲਤ ਵਿਚ, ਰਚਨਾ ਤੋਂ ਪਹਿਲਾਂ, ਨਿਰੰਕਾਰ ਰੂਪ ਵਿਚ, ਰਚਨਾ-ਕਾਲ ਨਾਲ ਸੰਬੰਧਿਤ ਏਕੰਕਾਰ ਰੂਪ ਵਿਚ ਅਤੇ ਓਅੰਕਾਰ ਰੂਪ ਵਿਚ ਅਤੇ ਰਚਨਾ ਸਮਾਪਤੀ ਤੇ ਵੀ ਉਹ ਇਕ ਹੀ ਰਹਿੰਦਾ ਹੈ ਜਿਵੇਂ ਨਿਮਨ ਪਰਮਾਣਾਂ ਵਿਚ ਸਪਸ਼ਟ ਹੈ:

1. <u>ਨਿਰੰਕਾਰ ਆਕਾਰ ਆਪ,</u> ਨਿਰਗੁਨ ਸਰਗੁਨ ਏਕ।।
   ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ।। ਗਉੜੀ 5(250)
2. ਤੂ ਏਕੰਕਾਰੁ ਨਿਰਾਲਮੁ ਰਾਜਾ —... ਮਾਰੂ ੧(1039)

'੧ਓ' ਸਰੂਪ ਵਿਚ 'ਨਿਰੰਕਾਰ, 'ਏਕੰਕਾਰ,' ਅਤੇ 'ਓਅੰਕਾਰ' ਤਿੰਨਾਂ ਦੀ ਇਕ-ਰੂਪਤਾ ਦਸਣ ਲਈ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਕਈ ਪ੍ਰਸੰਗਾਂ ਵਿਚ ਕੀਤਾ ਹੈ ਜਿਵੇਂ

(1) ਸਾਰੀ ਰਚਨਾ 'ਓਅੰਕਾਰ' ਤੋਂ ਹੋਈ : ਓਅੰਕਾਰਿ ਸਭ ਸ੍ਰਿਸਟਿ ਉਪਾਈ(ਮਾਰੂ 3, ਪੰਨਾ 1061)

(2) ਸਾਰੀ ਰਚਨਾ 'ਨਿਰੰਕਾਰ' ਤੋਂ ਹੋਈ: ਨਿਰੰਕਾਰ ਆਕਾਰੁ ਉਪਾਇਆ (ਮਾਰੂ 3 ਪੰਨਾ 1065)

(3) ਸਾਰੀ ਰਚਨਾ 'ਏਕੰਕਾਰ ' ਤੋ ਹੋਈ : ਏਕੰਕਾਰੁ ਏਕੁ ਪਾਸਾਰਾ (ਬਿ.5(821)
ਏਕੈ ਅਪਰ ਅਪਾਰਾ।।

ਦ੍ਰਿਸ਼ਟਮਾਨ ਕੇਵਲ 'ਓਅੰਕਾਰ' ਨਹੀਂ, 'ਏਕੰਕਾਰ' ਵੀ ਹੈ, ਨਿਰੰਕਾਰ ਵੀ:

ਦ੍ਰਿਸ਼ਟਿ ਆਵੈ ਸਭੁ ਏਕੰਕਾਰੁ —ਗਉੜੀ 5(198)

ਆਪ ਆਕਾਰੁ, ਆਪ ਨਿਰੰਕਾਰ —ਗੋਂਡ 5(863)

'ਏਕੰਕਾਰ' ਨਿਰਾ ਰਚਨਾ ਨਾਲ ਹੀ ਸੰਬੰਧਿਤ ਨਹੀਂ, ਏਕੰਕਾਰ ਨੂੰ 'ਸੁੰਨ-ਸਮਾਧਿ' ਸਥਿਤ ਵੀ ਦਸਿਆ ਹੈ: ਊਪਰ ਏਕੰਕਾਰੁ ਨਿਰਾਲਮ ਸੁੰਨ ਸਮਾਧਿ ਲਗਾਇਆ।।ਮਾਰੂ੧ (1039)

ਸ ਨਿਰੰਕਾਰ ਹੀ ਏਕੰਕਾਰ ਅਤੇ ਓਅੰਕਾਰ ਕਰਕੇ ਜਾਣਿਆ ਜਾਂਦਾ ਹੈ। ਸਗੋਂ 'ਨਿਰੰਕਾਰ' 'ਏਕੰਕਾਰ' ਹੈ ਅਤੇ 'ਓਅੰਕਾਰ' ਨਿਰੰਕਾਰ ਜਾਂ ਏਕੰਕਾਰ ਦੀ ਰਚਨਾਤਮਕ ਸ਼ੁਨੀ ਹੈ ਜੋ ਉਸ ਨਾਲੋਂ ਵੱਖਰੀ ਨਹੀਂ। ਨਿਰੰਕਾਰ ਏਕੰਕਾਰ ਵਿਚ ਪਰਵਰਤਨ-ਸ਼ੀਲ ਨਹੀਂ ਹੁੰਦਾ, ਨਿਰਾਕਾਰ ਤੋਂ ਬਦਲ ਕੇ ਸਾਕਾਰ ਨਹੀਂ ਹੋ ਜਾਂਦਾ, ਕੇਵਲ ਉਸ ਦੀ ਰਚਨਾ ਸਾਕਾਰ ਰੂਪ ਧਾਰਨ ਕਰਦੀ ਹੈ ਅਤੇ ਪਰੀਵਰਤਨ-ਸ਼ੀਲ ਹੁੰਦੀ ਰਹਿੰਦੀ ਹੈ। ਇਹ ਉਪਜਦੀ, ਵਿਕਾਸਸ਼ੀਲ ਹੁੰਦੀ ਅਤੇ ਬਿਨਸਦੀ ਹੈ ਪਰ ਰਚਨਾ ਵਿਚ ਵਿਦਮਾਨ ਓਅੰਕਾਰਅੰਤ (ਨਾਮ) ਸਦੀਵ ਸਤਿ ਰਹਿੰਦਾ ਹੈ, ਤ੍ਰੈ-ਕਾਲਾਂ ਵਿਚ ਵੀ ਅਤੇ ਤ੍ਰੈ-ਕਾਲ ਅਤੀਤਤਾ ਵਿਚ ਵੀ। ਤਿੰਨਾਂ ਕਾਲਾਂ ਵਿਚ ਬ੍ਰਹਮ-ਸਤਾ ਦੀ ਸਰਬ-ਵਿਆਪਕਤਾ ਕਾਰਨ ਉਸ ਨੂੰ ਸਰਗੁਣ ਬ੍ਰਹਮ ਕਿਹਾ ਜਾਂਦਾ ਹੈ। ਅਸਲ ਵਿਚ ਸਰਗੁਣ ਉਸ ਦੀ ਰਚਨਾ ਹੈ ਪਰ ਉਹ ਰਚਨਾ ਵਿਚ ਵਿਦਮਾਨ ਹੈ, ਸੰਬੰਧਿਤ ਹੈ, ਇਸ ਲਈ ਰਚਨਾ-ਕਾਲ ਵਿਚ ਨਿਰਗੁਣ ਨਿਰੰਕਾਰ 'ਏਕੰਕਾਰ' ਅਤੇ 'ਓਅੰਕਾਰ' ਕਰਕੇ ਜਾਣਿਆ ਜਾਂਦਾ ਹੈ। ਗੁਰਮਤਿ ਦੀ ਸਰਗੁਣਤਾ ਅਵਤਾਰ-ਵਾਦੀ, ਮੂਰਤੀ-ਵਾਦੀ ਸਰਗੁਣਤਾ ਤੋਂ ਬਿਲਕੁਲ ਭਿੰਨ ਹੈ। ਏਥੇ ਸਰਗੁਣਤਾ ਦਾ ਭਾਵ ਨਿਰੰਕਾਰ ਦੀ ਸਾਰੀ ਸ੍ਰਿਸ਼ਟੀ ਵਿਚ ਸਰਬ ਵਿਦਮਾਨਤਾ ਹੈ।

ਸੋ '੧ਓ' ਉਸ ਪਰਮ-ਹਸਤੀ ਦਾ ਚਿੰਨ੍ਹ ਹੈ ਜੋ ਨਿਰੰਕਾਰ ਵੀ ਹੈ ਏਕੰਕਾਰ ਵੀ, ਨਿਰਲੇਪ ਵੀ ਹੈ, ਵਿਆਪਕ ਵੀ; ਵਿਆਪਕ ਹੋਣ ਕਾਰਨ ਅਨੇਕ ਜਾਪਦਾ ਹੈ ਪਰ ਹੈ ਇਕੋ; ਉਹ ਨਿਰਗੁਣ ਵੀ ਹੈ ਕਿਉਂਕਿ ਉਸ ਦਾ ਰੂਪ ਪਰੀਵਰਤਨ ਨਹੀਂ ਹੁੰਦਾ; ਪਰ ਉਹ ਸਰਗੁਣ ਵੀ ਹੈ ਕਿਉਂਕਿ ਰਚਨਾ ਕਰਕੇ ਉਸ ਵਿਚ ਵਿਦਮਾਨ ਹੈ। ਜਿਹੜੀ ਪਰਮ-ਸਤਾ ਰਚਨਾ ਰੱਚ ਕੇ ਸਰਬ ਵਿਦਮਾਨ ਹੈ, ਉਹੀ '੧ਓ' ਹੈ। /ਸਤਿ ਸਰੂਪ ਦੀ ਪੂਰਨ ਏਕਤਾ ਦਰਸਾਉਣ ਲਈ ਅਤੇ ਉਨ੍ਹਾਂ ਸਾਰੀਆਂ ਸੰਭਾਵਨਾਵਾਂ ਨੂੰ ਖਤਮ ਕਰਨ ਲਈ ਜੋ ਇਕ ਅਸਲੀਅਤ ਨੂੰ ਅਨੇਕ ਦੇਵੀ ਦੇਵਤਿਆਂ ਅਤੇ ਸ਼ਕਤੀਆਂ ਵਿਚ ਵੰਡਣ ਦਾ ਸੁਭਾਵ ਰਖਦੀਆਂ ਹਨ, ਗੁਰੂ ਜੀ ਨੇ 'ਓਅੰਕਾਰ' ਤੋਂ ਪਹਿਲਾਂ '੧' ਲਾ ਦਿਤਾ।[159] 'ਇਕ' ਹਰ ਹਾਲਤ ਵਿਚ 'ਇਕ' ਹੀ ਰਹਿੰਦਾ ਹੈ। 'ਉਹ ਅਨੇਕਤਾ ਤੋਂ ਪਹਿਲਾਂ ਜੈਸਾ 'ਇਕ' ਸੀ, ਵੈਸਾ ਹੀ ਹੁਣ ਰੰਗ ਬਰੰਗੀ ਅਨੇਕਤਾ ਦੇ ਪਰਦੇ ਦੇ ਪਿਛੇ ਹੈ।[160] ਇਕ ਏਕੰਕਾਰ ਹੀ ਸਭ ਰੰਗਾਂ ਰੂਪਾਂ ਪਉਣ, ਪਾਣੀ, ਤਿੰਨਾਂ ਲੋਕਾਂ ਵਿਚ ਵਿਦਮਾਨ ਹੈ।[161] "੧ਓ' ਦੀ 'ਏਕਤਾ' ਦੋ ਪੱਖਾਂ ਤੋਂ ਹੈ: ਸਾਰੀ ਵੰਨ ਸੁਵੰਨੀ ਅਨੇਕ ਭਾਂਤੀ ਕੁਦਰਤ ਵਿਚ 'ਏਕਤਾ' ਹੈ। ਦੂਜਾ: ਪਰਮਾਤਮਾ ਇਕ ਹੈ ਅਤੇ ਕੇਵਲ ਹੈ। ਉਸ ਤੋਂ ਬਿਨਾਂ ਹੋਰ ਕੋਈ ਉਸ ਦੇ ਤੁਲ ਨਹੀਂ।

---

159. ਗੁਰਬਚਨ ਸਿੰਘ ਤਾਲਿਬ, ਉਕਤ, (115)

160. [illegible], ਜਪ ਸੰਹਿਤਾ, ਉਕਤ, ਪੰਨਾ 64.

161. ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ।—...ਰਾਮ ੧(930)

9. ਰੱਬੀ ਏਕਤਾ ਦੀ ਕੁਝ ਸਮਾਨਤਾ 'ਕੁਰਾਨ ' ਵਿਚ ਪ੍ਰਾਪਤ ਹੈ।
'ਕੁਰਾਨ' ਵਿਚ ਰੱਬੀ ਏਕਤਾ ਨੂੰ 'ਤੋਹੀਦ' ਕਹਿੰਦੇ ਹਨ। ਕੁਰਾਨ ਦੀ ਪੰਗਤੀ 'ਲਾ ਇਲਾਹ ਇਲ ਅਲਾਹ' ਦਾ ਭਾਵ ਹੈ 'ਅਲਾਹ ਤੋਂ ਬਿਨਾ ਹੋਰ ਕੋਈ ਦੇਵ ਨਹੀਂ।' ਕੁਰਾਨ ਵਿਚ ਅਲਾ ਦੀ ਏਕਤਾ ਦਾ ਭਾਵ ਹੈ ਕਿ ਉਹ ਸਖਸ਼ੀਅਤ (ਧਾਤ) ਕਰਕੇ, ਸਿਫਤਾਂ (ਸਫਾਤ) ਕਰਕੇ ਅਤੇ ਅਮਲਾਂ(ਅਫਾਲ) ਕਰਕੇ ਇਕ ਹੈ। ਸਖਸ਼ੀਅਤ ਦੀ ਏਕਤਾ ਦਾ ਇਹ ਵੀ ਭਾਵ ਹੈ ਕਿ ਅਲਾ ਵਿਚ ਨਾ ਤਾਂ ਅਨੇਕ ਦੇਵਤੇ ਹਨ ਨਾ ਹੀ ਅਨੇਕ ਸ਼ਖਸੀਅਤਾਂ।[162] ਤੋਹੀਦ ਤੋਂ ਉਲਟ 'ਸ਼ਰਕ' ਹੈ ਜੋ ਦੇਵਤਿਆਂ ਨੂੰ ਰੱਬ ਦਾ ਭਾਈਵਾਲ ਦਸਦਾ ਹੈ। ਕੁਰਾਨ(31.13) ਅਨੁਸਾਰ ਸ਼ਰਕ ਬਹੁਤ ਵੱਡਾ ਗੁਨਾਹ ਹੈ। ਕੁਰਾਨ(4.48) ਅਨੁਸਾਰ ਦੂਜੇ ਦੇਵਤਿਆਂ ਦਾ ਉਸ ਨਾਲ ਸੰਬੰਧ ਜੋੜਨ ਵਾਲਿਆਂ ਨੂੰ ਅੱਲਾ ਮਾਫ ਨਹੀਂ ਕਰਦਾ। ਕੁਰਾਨ(16.51) ਵਿਚ 'ਦਵੈ' ਅਤੇ ਤ੍ਰੈ' ਦੀ ਇਬਾਦਤ ਦਾ ਖੰਡਨ ਹੈ। ਕੁਰਾਨ (41.37) ਅਨੁਸਾਰ ਅੱਲਾ ਦੀ ਕੁਦਰਤ ਦੀਆਂ ਨਿਸ਼ਾਨੀਆਂ ਸੂਰਜ ਅਤੇ ਚੰਨ ਦੀ ਪੂਜਾ 'ਸ਼ਰਕ' ਹੈ ਜੋ ਇਕ ਰੱਬ ਦੀ ਏਕਤਾ ਨੂੰ ਭੰਗ ਕਰਦਾ ਹੈ। ਅਰਬ ਵਿਚ ਰੱਬੀ ਏਕਤਾ ਦਾ ਖਿਆਲ ਅਨੇਕ ਦੇਵਾਂ ਅਤੇ ਬੁੱਤਾਂ ਦੀ ਪੂਜਾ ਦੇ ਪਾਸ ਨੰਘ ਕੇ ਪ੍ਰਗਟ ਹੋਇਆ।

10.1 ਵੈਦਿਕ ਧਰਮ ਬਹੁਦੇਵ ਵਾਦ ਤੋਂ ਵਿਕਾਸ ਕਰਦਾ ਇਕ ਬ੍ਰਹਮਵਾਦ ਤਕ ਅਪੜਦਾ ਹੈ। ਵੈਦਿਕ ਰਿਸ਼ੀਆਂ ਨੇ ਕੁਦਰਤ ਦੀਆਂ ਸ਼ਕਤੀਆਂ ਅਗਨੀ, ਸੂਰਜ, ਪ੍ਰਿਥਵੀ, ਬਦਲ, ਮੀਂਹ, ਹਨੇਰੀ ਆਦਿ ਦਾ ਮਾਨਵੀਕਰਣ ਕਰਕੇ, ਇਨ੍ਹਾਂ ਨੂੰ ਦੇਵਤੇ ਸਮਝ ਕੇ ਪੂਜਿਆ।[163] ਬਹੁਦੇਵ ਵਾਦ (Polytheism ) ਤੋਂ ਇਕ-ਦੇਵਵਾਦ( Henotheism ) ਵਿਕਸਤ ਹੋਇਆ ਜਿਸ ਵਿਚ ਸਾਰੇ ਦੇਵਤਿਆਂ ਦਾ ਇਕ ਪਰਮ ਦੇਵ ਮੰਨ ਕੇ ਪੂਜਿਆ ਗਿਆ ਜੋ ਰੁੱਤਬਾ ਹਿਰਣ ਗਰਭ, ਪਰਜਾਪਤੀ ਅਤੇ ਵਿਸ਼ਵਕਰਮਾ ਨੂੰ ਵਾਰੀ ਵਾਰੀ ਪ੍ਰਾਪਤ ਹੋਇਆ।[164] ਰਿਗਵੇਦ (1.164.46) ਦੇ 'ਪੁਰਸ਼ ਸੂਕਤ' ਵਿਚ ਇਕ ਪਰਮ ਪੁਰਸ਼ ਦਾ ਖਿਆਲ ਵਿਕਸਤ ਹੋਇਆ ਜਿਸ ਵਿਚ ਨਿਰਗੁਣ ਅਤੇ ਸਰਗੁਣ ਦੋਵੇਂ ਸਮੋਏ ਗਏ ਹਨ।

---

162. Maulana Mohamad Ali, The Religion of Islam, New Delhi: S. Chand & Co., p.145.

163. ਰਿਗਵੇਦ, 1.36.4; 1.75.5; 1.94.16; 1.95.11.

164. Jadunath Sinha, History of Indian Philosophy, Calcutta, 1956, pp.420-22.

10.2 ਉਪਨਿਸ਼ਦਾਂ ਵਿਚ ਇਕ-ਬ੍ਰਹਮ ਅਤੇ ਇਕ-ਤੱਤ ਦਾ ਖਿਆਲ ਹੋਰ ਵਿਕਸਤ ਹੁੰਦਾ ਹੈ। ਬ੍ਰਿਹਦਾਰਣਕ ਉਪਨਿਸ਼ਦ(3.9) ਵਿਚ 3306 ਦੇਵਤਿਆਂ ਨੂੰ ਇਕ ਉਤੇ ਘਟਾਇਆ ਗਿਆ ਹੈ। ਅਨੇਕ ਦੇਵਤਿਆਂ ਨੂੰ ਇਕ ਪਰਮਾਤਮਾਂ ਦੇ ਕਈ ਪ੍ਰਗਟਾ ਜਾਂ ਰੂਪ ਕਹਿ ਕੇ ਇਕ ਰੱਬ ਦਾ ਵਿਸ਼ਵਾਸ ਵਿਕਸਤ ਹੁੰਦਾ ਹੈ। "ਇਸ ਖਿਆਲ ਨੂੰ ਹੋਰ ਅੱਗੇ ਲਿਜਾ ਕੇ ਇਹ ਸਿਧਾਂਤ ਦਿਤਾ ਗਿਆ ਕਿ ਅਨੇਕ ਮਨੁੱਖੀ ਮਨਾਂ ਦਾ ਵੀ ਏਕੀਕਰਣ ਕਰਕੇ ਇਸ ਨੂੰ ਪਰਮ-ਸਤਿ ਵਿਚ ਮਿਲਾ ਦਿਤਾ ਜਾਵੇ ਅਤੇ ਫਿਰ ਸੰਸਾਰ ਨੂੰ ਇਕ ਧੋਖਾ ਕਹਿ ਕੇ ਇਸ ਦੀ ਕੈਦ ਤੋਂ ਮੁਕਤ ਹੋ ਜਾਈਏ। ਇਹ ਖਿਆਲ ਸ਼ੰਕਰ ਦੇ ਅਦਵੈਤਵਾਦ ਦਾ ਆਧਾਰ ਬਣਿਆ।"[165]

10.3 ਉਪਨਿਸ਼ਦਾਂ ਅਤੇ ਬ੍ਰਹਮ-ਸੂਤਰ ਦੇ ਆਧਾਰ ਤੇ ਸ਼ੰਕਰ(788-820) ਦਾ ਅਦਵੈਤਵਾਦ ਉਸਰਿਆ ਜਿਸ ਅਨੁਸਾਰ ਜੀਵ ਆਤਮਾਂ ਆਦਿ ਤੋਂ ਬ੍ਰਹਮ ਨਾਲ ਇਕ ਸੀ, ਹੁਣ ਵੀ ਹੈ ਅਤੇ ਅੱਗੋਂ ਵੀ ਰਹੇਗੀ।[166] ਸ਼ੰਕਰ ਦੇ ਅਦਵੈਤਵਾਦ ਵਿਚ ਕੇਵਲ ਬ੍ਰਹਮ ਹੀ ਸਤ ਹੈ; ਸੰਸਾਰ ਜੋ ਸੱਤ ਭਾਸਦਾ ਹੈ ਇਸ ਦਾ ਕਾਰਨ ਮਾਇਆ ਹੈ ਜੋ ਅਨਾਦੀ ਹੈ। ਸ਼ੰਕਰ ਇਹ ਦਸਣ ਤੋਂ ਅਸਮਰਥ ਹੈ ਕਿ ਮਾਇਆ ਕੀ ਹੈ? ਉਹ ਇਸ ਨੂੰ ਅਨਿਰਵਚਨੀਯ ਕਹਿੰਦਾ ਹੈ, "ਮਾਇਆ ਨਾ ਸਤ ਹੈ, ਨਾ ਅਸਤ , ਨਾ ਸਤ ਅਸਤ ਹੈ"[167] ਸ਼ੰਕਰ ਅਨੁਸਾਰ ਨਿਰਗੁਣ ਬ੍ਰਹਮ ਸਤਿ ਚਿਤ ਅਨੰਦ ਹੈ, ਪਰ ਇਹ ਮਾਇਆ ਦੇ ਅਧਿਆਸ ਨਾਲ ਸਰਗੁਣ ਜਾਪਦਾ ਹੈ ਅਤੇ ਜਗਤ ਦੀ ਉਤਪਤੀ, ਸਥਿਤੀ ਅਤੇ ਨਾਸ਼ਤਾ ਦਾ ਕਾਰਨ ਦਿਸਦਾ ਹੈ।" ਇਸ ਸਾਪੇਖ ਪ੍ਰਤੱਖ ਦਿਸਦੇ ਜਗਤ ਦਾ ਕੋਈ ਅਸਤਿਤਵ ਨਹੀਂ। ਜੀਵ ਨੂੰ ਆਪਣੀ ਅਵਿਦਿਆ ਕਾਰਣ ਜਗਤ ਦਾ ਆਭਾਸ ਹੁੰਦਾ ਹੈ ਜਿਸ ਤਰ੍ਹਾਂ ਰਸੀ ਵਿਚ ਅਗਿਆਨਤਾ ਕਾਰਣ ਸੱਪ ਦਾ ਭੁਲੇਖਾ ਪੈਂਦਾ ਹੈ।[168] ਅਰਥਾਤ ਨਿਰਗੁਣ ਬ੍ਰਹਮ ਦਾ ਸਰਗੁਣ ਵਿਚ ਆਉਣਾ ਵੇਖਣਹਾਰੀ ਮਾਇਆ ਕਰਕੇ ਹੈ।

ਡਾ: ਰਾਧਾ ਕ੍ਰਿਸ਼ਨ ਅਨੁਸਾਰ ਦਰਸ਼ਨ ਦੀ ਜੜ੍ਹ ਮਨੁੱਖ ਦੀਆਂ ਸਚੀਆਂ ਲੋੜਾਂ ਵਿਚ ਹੈ। ਉਨ੍ਹਾਂ ਦਾਰਸ਼ਨਿਕਾਂ ਦੇ ਸਿਧਾਂਤ ਜਿਹੜੇ ਸਾਧਾਰਨ ਅਤੇ ਦੁਖੀ ਮਨੁੱਖਤਾ ਲਈ ਢਾਰਸ ਦਾ ਕੰਮ ਨਹੀਂ ਦਿੰਦੇ, ਉਹ ਕੇਵਲ ਬੋਧਕ ਵਾਦ-ਵਿਵਾਦ ਹੈ। ਸ਼ੰਕਰਾਚਾਰੀਆ ਦਾ ਨਿਰਾਕਾਰ ਅਦਵੈਤ-ਬ੍ਰਹਮ ਕਠੋਰ, ਨਿਰ-ਇੱਛਕ

---

165. Geoffrey Parrinder, The Nature of God, (art.) Perspectives on Guru Nanak, Panjabi University, Patiala, 1975, p.84.

166. Ernest Wood, Vedanta Dictionary, p.201.

167. ਭਾਈ ਜੋਧ ਸਿੰਘ,(ਗੁਰੂ ਨਾਨਕ ਦੇਵ ਅਤੇ ਵੇਦਾਂਤ); ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਸੰਪਾਦਕ ਡਾ: ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂ: ਚੰਡੀਗੜ੍ਹ, 1969, (79)

168. ਬਾਬੂ ਰਾਮ ਸੈਣੀ, ਉਕਤ, ਪੰਨਾ 105.

ਪ੍ਰਭਵ-ਹੀਨ, ਪ੍ਰੇਰਨਾਰਹਿਤ ਬ੍ਰਹਮ ਹੈ ਜਿਸ ਦੀ ਪੂਜਾ ਤੇ ਪਰਾਰਥਨਾ ਨਹੀਂ ਹੋਈ ਉਤਸ਼ਾਹ ਪੈਦਾ ਨਹੀਂ ਹੁੰਦਾ ........ਇਹ ਜਾਨ ਪ੍ਰਭ ਰਹਿਤ ਨਿਰਾਕਾਰ ਬ੍ਰਹਮ ਹੈ।[169]

ਵੇਦਾਂਤ ਦੇ 'ਅਹਮ ਬ੍ਰਹਮਅਸਮੀ' ਅਨੁਸਾਰ 'ਜੇ ਜੀਵ ਤੇ ਬ੍ਰਹਮ ਅਭੇਦ ਹਨ ਤਾਂ ਅਰਾਧਨਾ ਕਿਸ ਦੀ ਕੀਤੀ ਜਾਵੇ?' ਇਸ ਦੇ ਪ੍ਰਤੀਕਰਮ ਵਜੋਂ ਵੇਦਾਂਤ ਵਿਚ ਕਈ ਵਾਦ ਪੈਦਾ ਹੋ ਗਏ, ਜਿਵੇਂ ਰਾਮਾਨੁਜਾਚਾਰੀਆ ਦਾ ਵਿਸ਼ਿਸ਼ਟ ਅਦਵੈਤਵਾਦ, ਮਾਧਵਾਚਾਰੀਆ ਦਾ ਦਵੈਤ-ਸਿਧਾਂਤ ਅਤੇ ਨਿੰਬਾਰਕ ਦਾ ਭੇਦ-ਅਭੇਦਵਾਦ ਜਿਨ੍ਹਾਂ ਵਿਚ ਜੀਵ, ਜਗਤ ਅਤੇ ਬ੍ਰਹਮ ਦੇ ਸੰਬੰਧਾਂ ਨੂੰ ਨਵੇਂ ਸਿਰਿਉਂ ਵੇਖਿਆ ਗਿਆ ਹੈ। ਧਿਆਨ ਦੀ ਗਲ ਇਹ ਹੈ ਕਿ ਸਭ ਨੇ ਆਪਣੀ ਵਿਚਾਰਧਾਰਾ ਦਾ ਆਧਾਰ ਉਪਨਿਸ਼ਦ ਮੰਨੇ ਹਨ।

10.4. ਵੈਸ਼ਨਵ ਮਤ ਵਿਚ ਵੀ ਰੱਬ ਨਾਲੋਂ ਵਿਸ਼ਨੂੰ ਦੇ ਅਵਤਾਰਾਂ ਰਾਮ ਅਤੇ ਕ੍ਰਿਸ਼ਨ ਦੀ ਭਗਤੀ ਤੇ ਵਧੇਰੇ ਬਲ ਹੈ। 'ਰਾਮਾਨੁਜ ਮਾਧਵ, ਰਾਮਾਨੰਦ, ਕਬੀਰ, ਨਿੰਬਾਰਕ, ਵਲਭਾਚਾਰੀਆ, ਚੈਤੰਨਯ, ਨਾਮਦੇਵ ਰਵਿਦਾਸ ਅਤੇ ਤੁਕਾਰਾਮ ਨਰਸਿੰਘ ਸਭ ਵਿਸ਼ਨੂੰ ਦੇ ਕਿਸੇ ਨ ਕਿਸੇ ਅਵਤਾਰ ਵਿਚ ਵਿਸ਼ਵਾਸ ਰਖਦੇ ਸੀ ਅਤੇ ਮੰਨਦੇ ਹਨ ਕਿ ਮੁਕਤੀ ਕਿਸੇ ਨ ਕਿਸੇ ਅਵਤਾਰ ਦੀ ਆਰਾਧਨਾ ਅਤੇ ਕਿਰਪਾ ਰਾਹੀਂ ਹੀ ਹੋ ਸਕਦੀ ਹੈ।'[170]

11. ਗੁਰੂ ਨਾਨਕ ਦੇਵ ਨੇ ਅਜੇਹੇ ਵਾਤਾਵਰਣ ਵਿਚ '੧ਓ' ਦੇ ਰਹੱਸਵਾਦੀ ਸੰਕਲਪ ਰਾਹੀਂ ਦਵੈਤਵਾਦ ਵੇਦਾਂਤਿਕ ਅਦਵੈਤਵਾਦ, ਦੇਵਤਾਵਾਦ, ਅਵਤਾਰ ਵਾਦ ਅਤੇ ਅਨੇਕਾਂ ਹੋਰ ਵਾਦਾਂ ਨੂੰ 'ਇਕ ਪਰਮਾਤਮਾ' ਦਾ ਸੰਕਲਪ ਦਿਤਾ ਜੋ ਨਿਰਗੁਣ ਨਿਰੰਕਾਰ, ਅਲਖ, ਅਗਮ, ਅਗੋਚਰ ਵੀ ਹੈ ਪਰ ਨਾਲ ਹੀ ਆਪਣੀ 'ਕਿਰਤ' ਜੀਵ ਅਤੇ ਸ੍ਰਿਸ਼ਟੀ ਨਾਲ ਨਿਕਟਵਰਤੀ ਸੰਬੰਧ ਰਖਦਾ ਹੈ ਜਿਸ ਵਿਚ ਉਸ ਦੀ 'ਜੋਤਿ' ਪਰੀਪੂਰਨ ਹੈ।[171] '੧ਓ' ਵਿਚ 'ਬ੍ਰਹਮ' ਦੀ ਏਕਤਾ, ਸਿਰਜਣਾ, ਅਨੰਤਤਾ, ਅਨੇਕਤਾ, ਅਦਵੈਤਤਾ, ਅੰਤਰਯਾਮਤਾ, ਨਿਤਤਾ, ਸਰਬ-ਵਿਆਪਕਤਾ ਅਤੇ ਨਿਰਲੇਪਤਾ ਵਿਦਮਾਨ ਹੈ ਜਿਸ ਦਾ ਬਖਾਨ ਗੁਰਬਾਣੀ ਵਿਚ ਕੀਤਾ ਗਿਆ ਹੈ। ਇਹ ਏਕਤਾ ਵੇਦਾਂਤ ਦਾ 'ਪਰਾਣ-ਹੀਣ ਨਿਰਾਕਾਰ' ਇਕ ਤੱਤ ਨਹੀਂ ਸਗੋਂ ਹਾਂ-ਵਾਚੀ ਗੁਣਯੁਕਤ ਸਧੀਨ 'ਕਰਤਾ-ਪੁਰਖ' ਹੈ ਜਿਸ ਦੇ ਹੁਕਮ ਨਾਲ ਜੀਵ, ਜਗਤ ਦੀ ਰਚਨਾ ਹੁੰਦੀ ਹੈ। 'ਇਕ ਹੀ ਸਾਰੀ ਕੁਦਰਤ ਵਿਚ ਆਪਾ ਪ੍ਰਗਟਾ ਰਿਹਾ ਹੈ। ਅਨੇਕਤਾ ਜਦੋਂ ਰਚਿ

---

169. Radhakrishnan, Indian Philosophy, New York: Mac &Co., Eight Ed., 1958, Vol.II, p.659.

170. Gopal Singh, Sri Guru Granth Sahib (English Version), Introduction, p.(XXIV).

171. ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ —...
ਅਕੁਲ ਨਿਰੰਜਨ ਅਪਰ ਅਪੰਪਰ ਸਗਲੀ ਜੋਤਿ ਤੁਮਾਰੀ।। ਸੋਰਠ ੧(597)

ਨੂੰ ਤਿਆਗ ਦਿੰਦੀ ਹੈ ਤਾਂ ਪੂਰਨ ਏਕਤਾ ਨੂੰ ਹੀ ਪ੍ਰਗਟ ਕਰ ਰਹੀ ਹੁੰਦੀ ਹੈ।[172] ਭੇਦ-ਭਾਵ ਦੇ ਮੁੱਕ ਜਾਣ ਤੇ ਏਕਤਾ ਦੀ ਪਹਿਚਾਣ ਹੁੰਦੀ ਹੈ। ਅਨੰਤ, ਜਿਸ ਦੀ ਕੋਈ ਸੀਮਾ ਨਹੀਂ, ਏਕਤਾ ਦਾ ਪਰਵਾਹ ਦਿਸ ਆਉਂਦਾ ਹੈ।[173] ਵੇਦਾਂਤੀ ਤਰਕ ਰਾਹੀਂ ਸਰਬ-ਬ੍ਰਹਮ ਦਾ ਜ਼ਿਕਰ ਕਰਦੇ ਹਨ ਜੋ ਗੁਰੂ ਨਾਨਕ ਅਨੁਸਾਰ ਬ੍ਰਹਮ ਦੀ ਏਕਤਾ ਦੀ ਥਾਂ ਹਉਮੈ ਅਤੇ ਗਰਬ (ਅਹਮ ਬ੍ਰਹਮ ਅਸਮੀ) ਨੂੰ ਪੈਦਾ ਕਰਦਾ ਹੈ। (ਗੁਰੂ ਨਾਨਕ ਦੇਵ ਅਨੁਸਾਰ 'ਹੁਕਮਿ' ਦੀ ਪਛਾਣ ਤੋਂ ਪ੍ਰਭੂ ਦੀ ਨੇੜਤਾ, ਸਰਬ ਵਿਆਪਕਤਾ ਅਤੇ ਏਕਤਾ ਦਾ ਅੰਤਰ-ਅਨੁਭਵ ਹੁੰਦਾ ਹੈ:

ਏਕੋ ਏਕ ਕਹੈ ਸਭ ਕੋਈ ਹਉਮੈ ਗਰਬੁ ਵਿਆਪੈ।।
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ।।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ।।
ਏਕੰਕਾਰ ਅਵਰ ਨਹੀ ਦੂਜਾ, ਨਾਨਕ ਏਕ ਸਮਾਈ।। ਮ:੧. (930)

ਸਿਖ ਧਾਰਾ ਵਿਚ ਬ੍ਰਹਮ ਦੇ ਨਿਰਗੁਣ-ਸਰਗੁਣ ਦੋਹਾਂ ਪੱਖਾਂ ਨੂੰ (੧ਓ) ਇਕ ਇਕਾਈ ਵਿਚ ਪੇਸ਼ ਕੀਤਾ ਹੈ ਜਿਹੜਾ ਨਿਰਗੁਣ ਸਰਗੁਣ ਦੇ ਵਿਰੋਧਾਭਾਸ ਨੂੰ ਖਤਮ ਕਰਦਾ ਹੈ।[174] ਬ੍ਰਹਮ ਇਕ ਹੈ ਸਾਰੇ ਲੋਕ, ਪਰਲੋਕ, ਦੁਨੀਆਂ ਉਸ ਦੀ ਕਿਰਤ ਹੈ। ਉਹ ਆਪਣੀ ਮਰਜ਼ੀ ਨਾਲ ਇਕ ਤੋਂ ਅਨੇਕ ਹੁੰਦਾ ਹੋਇਆ ਵੀ 'ਅਕਾਲਪੁਰਖ' ਰੂਪ ਵਿਚ ਇਕ ਹੀ ਰਹਿੰਦਾ ਹੈ।[175] ਇਕ ਹੀ ਕਰਤਾ ਹੈ, ਸਰਬ-ਵਿਆਪੀ ਹੈ ਅਤੇ ਨਿਰੰਜਨ ਨਿਰਲੇਪ ਨਿਰੰਕਾਰ ਹੈ। ਮੂਲਿਕ ਏਕਤਾ ਹਰ ਹਾਲਤ ਵਿਚ ਇਕ ਹੈ:

ਅਸਤਿ ਏਕ ਦਿਗਰਿ ਕੁਈ
ਏਕ ਤੁਈ ਏਕ ਤੁਈ ।। ਮ.੧. (144)

-.-.-

---

172. Rabindra Nath Tagore, Creative Unity, New York: Mac & Co., p.8

173. ਸ਼੍ਰੀ ਰਜਨੀਸ਼, ਤੰਤਰ, ਰਜਨੀਸ਼ ਫਾਊਂਡੇਸ਼ਨ, ਪੂਨਾ, 1975, ਪੰਨਾ 43.

174. ਡਾ: ਦੀਵਾਨ ਸਿੰਘ, ਉਕਤ, ਪੰਨਾ (187)

175. S.S.Kohli (Dr.), Philosophy of Guru Nanak, P.U. Chandigarh, 1969, p.32.

## ਅਧਿਆਇ ਤੀਜਾ

### ਸਤਿ ਨਾਮ

1. ਆਦਿ ਕਥਨ: '੧' ਅਤੇ 'ਓਅੰਕਾਰ' ਵਾਂਗ 'ਸਤਿ' ਅਤੇ 'ਨਾਮ' ਦੋ ਸੁਤੰਤਰ ਪਦ ਹਨ। ਗੁਰਬਾਣੀ ਵਿਚ 'ਸਤਿਨਾਮ' ਰੂਪ ਵਿਚ ਇਨ੍ਹਾਂ ਸ਼ਬਦਾਂ ਦਾ ਇਕਠਾ ਪ੍ਰਯੋਗ ਮੂਲ-ਮੰਤਰ ਵਿਚ ਹੋਏ ਪ੍ਰਯੋਗ ਸਮੇਤ, ਕੁਲ 48 ਵਾਰੀ ਹੋਇਆ ਹੈ।[1] ਇਸ ਪ੍ਰਯੋਗ ਵਿਚ ਵੀ ਸ਼ਬਦ' ਸਤਿ' 'ਨਾਮ' ਦਾ ਵਿਸ਼ੇਸ਼ਣ ਨਹੀਂ ਅਤੇ ਨਾ ਹੀ ਪਦ 'ਸਤਿ' ਅਤੇ 'ਨਾਮ' ਮਿਲ ਕੇ ਇਕ ਸ਼ਬਦ" ਸਤਿਨਾਮ" ਦਾ ਰੂਪ ਧਾਰਨ ਕਰਦੇ ਹਨ। ਗੁਰਵਾਕ"ਸਤਿ ਨਾਮੁ ਤੇਰਾ ਪਰਾ ਪੂਰਬਲਾ"(ਮਾਰੂ 5) ਵਿਚ ਭਾਵ ਹੈ," ਹੇ, ਪਰਮੇਸ਼ੁਰ! ਤੇਰਾ ਜੋ ਨਾਮ 'ਸਤਿ' ਹੈ, ਉਹ ਸਭ ਤੋਂ ਸ੍ਰੇਸ਼ਟ ਤੇ ਮੁਹਰਲਾ ਹੈ।"[2] 'ਸਤਿ' ਅਤੇ ਨਾਮ' ਸ਼ਬਦਾਂ ਦਾ ਵੱਖ ਵੱਖ ਪ੍ਰਯੋਗ ਬਹੁਤ ਅਧਿਕ ਵਾਰੀ ਹੋਇਆ ਹੈ। ਜੇ 'ਸਤਿ' ਸ਼ਬਦ ਦੇ ਸਾਰੇ ਵਿਆਕਰਣਕ ਭੇਦਾਂ— ਸਤ, ਸਤੁ, ਸਚ, ਸਚੁ, ਸਚਿ, ਸਚਾ, ਆਦਿ ਨੂੰ ਧਿਆਨ ਵਿਚ ਰਖੀਏ ਤਾਂ ਇਸ ਸ਼ਬਦ ਦਾ ਪ੍ਰਯੋਗ 2000 ਤੋਂ ਵੀ ਵਧ ਵਾਰੀ ਹੋਇਆ ਹੈ।[3] ਇੰਜ ਹੀ 'ਨਾਮ' ਪਦ ਲਗਭਗ 6000 ਵਾਰੀ ਵਰਤਿਆ ਗਿਆ ਹੈ।[4] ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕੋਈ ਅਜੇਹਾ ਪੰਨਾ ਨਹੀਂ, ਸ਼ਾਇਦ ਕੋਈ ਅਜੇਹਾ 'ਸ਼ਬਦ' ਵੀ ਨਾ ਹੋਵੇ ਜਿਸ ਵਿਚ 'ਸੱਚ' , ਅਤੇ 'ਨਾਮ' ਦਾ ਵਿਸ਼ਾ ਨਾ ਹੋਵੇ। ਇਸ ਤਰ੍ਹਾਂ 'ਸਤਿ' ਅਤੇ 'ਨਾਮ' ਗੁਰਮਤਿ ਵਿਚਾਰਧਾਰਾ ਦੇ ਮੁਢਲੇ ਪ੍ਰਤੀਕ ਹਨ ਜਿਨ੍ਹਾਂ ਦੀ ਵੱਖ ਵੱਖ ਵਿਆਖਿਆ ਹੋਣੀ ਚਾਹੀਦੀ ਹੈ। ਇਨ੍ਹਾਂ ਦਾ ਪ੍ਰਯੋਗ ਇਕਠਾ ਵੀ ਹੋਇਆ ਹੈ। ਇਸ ਲਈ 'ਸਤਿ' ਅਤੇ

---

1. ਸ੍ਰੀ ਗੁਰੂ ਗ੍ਰੰਥ ਸ਼ਬਦ-ਅਨੁਕ੍ਰਮਣਿਕਾ, (ਸੰ) ਡਾ: ਗੁਰਚਰਨ ਸਿੰਘ, ਜਿਲਦ ੧, ਪੰਨਾ 268-269.
2. ਭਾਈ ਵੀਰ ਸਿੰਘ, ਸੰਥਯਾ, ੧, ਪੰਨਾ 13.
3. ਉਕਤ ਅਨੁਕ੍ਰਮਣਿਕਾ, ਪੰਨਾ 234-270.
4. ਡਾ: ਤਰਲੋਚਨ ਸਿੰਘ, ਸਿਖਿਜ਼ਮ, ਉਕਤ, ਪੰਨਾ 67.

'ਨਾਮ' ਦਾ ਅੰਤਰ-ਵਿਆਪੀ ਸੰਬੰਧ ਵੀ ਵੇਖਣਾ ਉਚਿੱਤ ਹੋਵੇਗਾ। ਅਗਲੇ ਪੰਨਿਆਂ ਤੇ ਸ਼ਬਦ 'ਸਤਿ' ਦੀ ਵਿਉਤਪਤੀ ਅਤੇ ਕੋਸ਼-ਅਰਥ ਵੇਖ ਕੇ ਇਸ ਸੰਕਲਪ ਨੂੰ ਪੱਛਮੀ ਅਤੇ ਭਾਰਤੀ ਪਰੰਪਰਾਵਾਂ ਵਿਚ ਵਿਚਾਰਿਆ ਗਿਆ ਹੈ। ਉਪਰੰਤ ਗੁਰਮਤਿ ਵਿਚ 'ਸਤਿ' ਸਿਧਾਂਤ ਦੀ ਚਰਚਾ ਕੀਤੀ ਗਈ ਹੈ ਜਿਸ ਵਿਚ ਸਤਿ, ਬ੍ਰਹਿਮੰਡ , ਅਤੇ ਜੀਵ ਦੇ ਸੰਬੰਧਾਂ ਨੂੰ ਉਜਾਗਰ ਕਰਕੇ 'ਸਤਿ' ਪ੍ਰਾਪਤੀ ਦਾ ਮਾਰਗ ਸਪਸ਼ਟ ਕੀਤਾ ਹੈ । ਇਸੇ ਤਰ੍ਹਾਂ ਹੀ ਨਾਮ ਦੀ ਵਿਉਤਪਤੀ ਅਤੇ ਕੋਸ਼ ਅਰਥ, ਗੁਰਮਤਿ ਵਿਚ ਨਾਮ ਸਿਧਾਂਤ, ਗੁਰਬਾਣੀ ਵਿਚ ਵਰਤੇ ਨਾਵਾਂ ਦਾ ਵਰਗੀਕਰਣ ਅਤੇ ਅੰਤ ਨਾਮਮਾਰਗ ਸਪਸ਼ਟ ਕਰਣ ਦਾ ਯਤਨ ਕੀਤਾ ਗਿਆ ਹੈ।

2. 'ਸਤਿ' ਵਿਉਤਪਤੀ ਅਤੇ ਕੋਸ਼ ਅਰਥ: ਸੰਸਕ੍ਰਿਤ ਦੇ ਸ਼ਬਦ' ਸਤਯ' ਨੂੰ ਪੰਜਾਬੀ ਵਿਚ 'ਸਤਿ' ਅਤੇ 'ਸੱਚ' ਰੂਪਾਂ ਵਿਚ ਲਿਖਿਆ ਜਾਂਦਾ ਹੈ। ਸੰਸਕ੍ਰਿਤ ਦਾ 'ਯ' ਪ੍ਰਾਕ੍ਰਿਤ, ਅਪ੍ਰਭ੍ਰੰਸ਼ ਅਤੇ ਪੰਜਾਬੀ ਵਿਚ ਸਿਹਾਰੀ ਬਣ ਜਾਂਦਾ ਹੈ।[5] ਇਸ ਤਰ੍ਹਾਂ ਸੰਸਕ੍ਰਿਤ ਦੇ 'ਸਤਯ' ਦਾ ਪੰਜਾਬੀ ਰੂਪ 'ਸਤਿ' ਹੈ। ਕੋਸ਼ਾਂ ਅਨੁਸਾਰ ਇਸ ਦਾ ਧਾਤੂ 'ਅਸ' ਹੈ ਜਿਸ ਦਾ ਅਰਥ ਹੈ 'ਹੋਣਾ,', 'ਹੋਂਦ,' 'ਹਾਜ਼ਰ,' ਹੈ'।[6] 'ਅਸ' ਤੋਂ 'ਸਤਯ' ਅਤੇ 'ਸਤਯ' ਤੋਂ 'ਸਤਿ' ਅਤੇ 'ਸਤਿ' ਦਾ ਹੀ ਪੰਜਾਬੀ ਸਮਾਨਾਰਥਕ ਰੂਪਾਂਤਰ ਹੈ 'ਸਚੁ' ਜਿਸ ਦਾ ਭਾਵ ਹੈ ਪਾਰਿਮਾਰਥਿਕ(ਅਸਲੀ ਤੇ ਸਦੀਵੀ) ਸੱਤਾ ਵਾਲਾ।[7] ਜਿਵੇਂ ਅਸੀਂ ਵਿਚਾਰਾਂਗੇ, ਗੁਰਬਾਣੀ ਵਿਚ 'ਸਤਿ' ਜਾਂ 'ਸਤ' ਨਾਲੋਂ 'ਸਚੁ' ਜਾਂ ਸਚ' ਸ਼ਬਦ ਦਾ ਪ੍ਰਯੋਗ ਜ਼ਿਆਦਾ ਮਿਲਦਾ ਹੈ ਅਤੇ ਦੋਹਾਂ ਸ਼ਬਦਾਂ ਨੂੰ ਵਧੇਰੇ ਕਰਕੇ ਅਧਿਆਤਮਕ ਦ੍ਰਿਸ਼ਟੀ ਤੋਂ ਪਰਮਾਤਮਾ ਲਈ, ਜਾਂ ਪਰਮ-ਸਤਾ ਦੀ ਹੋਂਦ, ਹਸਤੀ, ਸਤਤਾ, ਮੌਜੂਦਗੀ, ਵਿਦਮਾਨਤਾ ਸਦੀਵਤਾ ਅਤੇ ਕਿਤੇ ਕਿਤੇ ਵਿਆਪਕ ਸਚ/ਸਚੀ ਵੀ ਵਰਤਿਆ ਗਿਆ ਹੈ।

2.1. ਸੰਸਕ੍ਰਿਤ ਅਤੇ ਪੰਜਾਬੀ ਕੋਸ਼ਕਾਰਾਂ[8] ਨੇ ਸਤਯ ਜਾਂ ਸਤ(ਸਤਿ)ਦੇ ਹੇਠ ਲਿਖੇ ਅਰਥ ਕੀਤੇ ਹਨ:

(ੳ) ਹਸਤੀ, ਹੋਂਦ: ਉਹ ਜਿਸ ਦੀ ਹੋਂਦ ਸਚਮੁਚ ਹੈ, ਵਰਤਮਾਨ, ਅਸਤਿਤਵਮਾਨ, ਵਿਦਯਮਾਨ।

---

5. ਡਾ: ਮੋਹਣ ਸਿੰਘ, ਉਕਤ, ਪੰਨਾ 120; ਕਰਤਾਰ ਸਿੰਘ(ਦਾਖਾ) ਉਕਤ, ਪੰਨਾ 13; ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 108; ਸ਼ਬਦਾਰਥ, ਸਤਿ=ਸਤਯ, ਪੰਨਾ(ਕ); ਮਹਾਨ ਕੋਸ਼ ਪੰਨਾ 146; ਭਾਈ ਜੋਧ ਸਿੰਘ, ਗੁਰੂ ਨਾਨਕਬਾਣੀ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1971, ਪੰਨਾ 17;
6. ਮੋਨੀਅਰ ਕੋਸ਼, ਪੰਨਾ 1134; ਆਪਟੇ ਕੋਸ਼, ਪੰਨਾ 1611; ਪ੍ਰੋ: ਸਾਹਿਬ ਸਿੰਘ, ਉਕਤ, ਪੋਥੀ ੧, ਪੰਨਾ 43 ।
7. ਕਰਤਾਰ ਸਿੰਘ ਦਾਖਾ, ਉਕਤ, ਪੰਨਾ 19, ਅਨੁਸਾਰ, "ਸਤ+ਯ='ਤ' ਦਾ 'ਚ', 'ਯ' ਦੇ ਥਾਂ 'ਿ' (ਸਿਹਾਰੀ), ਫੇਰ ਸਿਹਾਰੀ ਦੇ ਥਾਂ ਪ੍ਰਤਿਪਾਦਿਕ ਨੂੰ ਔਂਕੜ, ਸਤਯ=ਸਤਿ=ਸਚੁ । ਹੋਰ ਵੇਖੋ ਪੰਜਾਬੀ ਕੋਸ਼, ਪਟਿਆਲਾ, (160); ਗੁਰਮਤਿ ਮਾਰਤੰਡ (658); ਮਹਾਨ ਕੋਸ਼, ਪੰਨਾ 146.
8. ਮੋਨੀਅਰ ਕੋਸ਼, ਪੰਨਾ 1134; ਆਪਟੇ ਕੋਸ਼, ਪੰਨਾ 1611; ਮਹਾਨ ਕੋਸ਼, ਪੰਨਾ 146-148; ਸੂਰਯ ਕਾਂਤ, ਪੰਨਾ 610; ਗੁਰਮਤਿ ਮਾਰਤੰਡ , ਪੰਨਾ 658 .

(ਅ) ਵਾਸਤਵਿਕ, ਸੱਚ, ਯਥਾਰਥਕ, ਮੂਲ, ਅਸਲ, ਸਹੀ

(ੲ) ਅਨੇਕ ਉੱਤਮ ਗੁਣਾਂ ਦਾ ਬੋਧਕ: ਸ਼ੁਭ, ਨੇਕ, ਉਤਮ, ਸਚਾ, ਅਨੁਕੂਲ, ਪਰਮ, ਲਾਭਕਾਰੀ, ਸਤੋਗੁਣ, ਸਾਧੂ, ਭਲਾ, ਗੁਣਵਾਨ, ਪਵਿਤਰ, ਸ਼੍ਰੇਸ਼ਠ, ਧੀਰ, ਬੁਧੀਮਾਨ, ਨਿਪੁੰਨ, ਵਿਦਵਾਨ ।

(ਸ) ਬ੍ਰਹਮ, ਪਰਮ ਆਤਮਾ, ਸਰਬ-ਵਿਆਪੀ ਜੋਤਿ, ਸਤਯ-ਸਰੂਪ ਪਾਰਬ੍ਰਹਮ, ਵਾਹਿਗੁਰੂ(ਹ) ਮੂਲ ਕਾਰਣ(ਕ) ਨਾਮ ਰਹਿਤ ਸਦੀਵ ਵਸਤੂ(ਖ) ਪੂਜਨੀਕ, ਆਦਰਯੋਗ। (ਘ) ਸੁਨੱਖਾ, ਸੁੰਦਰ, ਰੂਪਵਾਨ (ਗ) ਸਥਿਰ, ਦ੍ਰਿੜ, ਅਚਲ, ਅਡੋਲ, ਇਕਾਗਰ, ਟਿਕਿਆ ਹੋਇਆ (ਙ) ਸਤਾ, ਸ਼ਕਤੀ, (ਚ) ਸਾਰ, ਸਿਧਾਂਤ, ਤਤ, ਨਿਚੋੜ(ਛ) ਜੀਵਨ, ਜ਼ਿੰਦਗੀ ,

(ਜ) ਯਥਾਰਥ ਗਿਆਨ, ਅਸਲੀਅਤ ਦੀ ਸਮਝ (ਝ) ਉਪਰੋਕਤ ਅਰਥਾਂ ਤੋਂ ਇਲਾਵਾ ਮਹਾਨ ਕੋਸ਼ ਨੇ ਇਹ ਅਰਥ ਵੀ ਦਿਤੇ ਹਨ: ਮਨ, ਉਮਰ; ਤਪੋਲੋਕ ਤੋਂ ਉਪਰਲਾ ਲੋਕ, ਬ੍ਰਹਮ ਲੋਕ; ਪ੍ਰਤਿਗਯਾ; ਸੁਗੰਧ; ਕਸਮ, ਧੀਰਜ, ਧਰਮ, ਸੁਭਾਉ; ਧਨ, ਸਤਯੁਗ, ਸਪਤ(ਗਿਣਤੀ ਦਾ ਸਤ) , ਅਨੰਤ; ਸਤਵਪ੍ਰਾਣ; ਸਤਲੁਜ ਦਾ ਕੰਢਾ।

2.2 ਫ਼ਾਰਸੀ ਵਿਚ 'ਸਤਿ' ਦਾ ਸਮਾਨਾਰਥੀ ਪਦ ਅਸਤ/ਹਸਤ ਹੈ। ਸੋਢੀ ਹਜ਼ਾਰਾ ਸਿੰਘ ਅਨੁਸਾਰ 'ਸਤਿ' 'ਹਸਤ' ਅਤੇ 'ਹੈ' —ਤਿੰਨੇ ਅਨੇਕ ਭਾਖਾ ਦੇ ਪ੍ਰਯਾਵਾਚੀ ਸ਼ਬਦ ਹਨ।[9] ਫ਼ਾਰਸੀ ਕੋਸ਼ਾਂ, ਅਨੁਸਾਰ 'ਅਸਤ' ਦੇ ਅਰਥ ਹਨ—'ਹੈ', 'ਹੋਂਦਵਾਲਾ', 'ਵਿਦਮਾਨ,' 'ਹਸਤੀ' ,'ਜੀਵਨ', ਅਤੇ 'ਹਸਤੀ ' ਦੇ ਅਰਥ ਹਨ—ਤੂੰ ਹੈਂ; ਹਸਤੀ ਤੇ ਹੋਂਦ ਵਾਲਾ; ਸਤਾ, ਸੰਸਾਰ; ਪੈਦਾ ਕੀਤੇ ਜੀਵ ਅਤੇ ਸਾਰੀ ਦੌਲਤ।[10]

ਸੰਸਕ੍ਰਿਤ-ਅੰਗ੍ਰੇਜ਼ੀ ਅਤੇ ਪੰਜਾਬੀ ਕੋਸ਼ਾਂ ਵਿਚ ਦਿਤੇ 'ਸਤਿ' ਦੇ ਅਰਥਾਂ ਦਾ ਟਾਕਰਾ ਜੇ ਫ਼ਾਰਸੀ ਕੋਸ਼ਾਂ ਦੇ 'ਅਸਤ', 'ਹਸਤ' ਜਾਂ 'ਹਸਤੀ' ਨਾਲ ਕਰੀਏ ਤਾਂ ਇਹ ਗਲ ਪ੍ਰਤੱਖ ਹੋ ਜਾਂਦੀ ਹੈ ਕਿ 'ਸਤਿ' 'ਅਸਤ' ਅਤੇ 'ਹਸਤ' ਕਾਫ਼ੀ ਨੇੜੇ ਦੇ ਸ਼ਬਦ ਹਨ ਅਤੇ ਪਰਮਾਤਮਾ ਦੇ ਸੰਬੰਧ ਵਿਚ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਪਰਮ-ਸਤਿ ਦੀ '<u>ਹੋਤ</u>', '<u>ਹਸਤੀ</u>', '<u>ਹੋਂਦ</u>, '<u>ਵਾਸਤਵਿਕਤਾ</u>' <u>ਮੌਜੂਦਗੀ</u> ਅਤੇ <u>ਵਿਦਮਾਨਤਾ</u> ਦਰਸਾਉਂਦਾ ਹੈ

---

9. ਜਪੁ ਬੀਚਾਰ, ਪੰਨਾ 10.

10. F. Steingass, A comprehensive Persian English Dictionary Cosmo Pub., New Delhi, 1977, p. 1499 .

3. ਪਛਮ ਵਿਚ ਪਰਮ'ਸਤਿ' ਦੀ 'ਹੋਂਦ' ਨੂੰ ਵਿਚਾਰਨ ਅਤੇ ਸਮਝਣ ਲਈ ਪ੍ਰਸਿੱਧ ਚਿੰਤਕਾਂ ਐਨਸਲਮ, ਸਪਿਨੋਜ਼ਾ, ਲਾਇਬਨਿਜ਼ ਕਾਂਟ ਅਤੇ ਹੇਗਲ ਨੇ ਵਿਸ਼ੇਸ਼ ਯਤਨ ਕੀਤੇ ਹਨ। 'ਤੁੱਛ-ਮਨੁੱਖੀ ਹੋਂਦ' ਤੋਂ 'ਮਹਾਨ-ਪਰਮਾਤਮਾ-ਹੋਂਦ' ਦੇ ਗਿਆਨ ਦਾ ਵਿਚਾਰ ਸਭ ਤੋਂ ਪਹਿਲਾਂ ਫਰਾਂਸੀਸੀ ਦਾਰਸ਼ਨਿਕ ਡੇਕਾਰਟ(1596-1650) ਨੇ ਪੇਸ਼ ਕੀਤਾ। ਉਸ ਦਾ ਕੇਂਦਰੀ ਵਿਚਾਰ 'ਚੇਤਨਤਾ ਦੀ ਮੂਲ ਪਰਧਾਨਤਾ' ਪ੍ਰਗਟ ਕਰਦਾ ਹੈ। ਉਸਦੀ ਮੁੱਖ ਤਰਕ ਇਹ ਸੀ ਕਿ ਮਨ ਕਿਸੇ ਵੀ ਹੋਰ ਵਸਤੂ ਨੂੰ ਜਾਣਨ ਤੋਂ ਪਹਿਲਾਂ ਤਤਕਾਲੀਨ ਅਤੇ ਸਿਧੇ ਤੌਰ ਤੇ 'ਆਪਣੇ ਆਪ ' ਨੂੰ ਜਾਣਦਾ ਹੈ । ਉਸ ਦਾ ਸਾਰਾ ਚਿੰਤਨ ਵਿਅਕਤੀਗਤ-ਮਨ ਅਤੇ ਆਪੇ ਦੀ ਜਾਣ ਤੇ ਆਧਾਰਤ ਹੈ ਜਿਸ ਨੂੰ ਉਸ ਨੇ ਤਿੰਨ ਸ਼ਬਦਾਂ ਵਿਚ ਪ੍ਰਗਟ[11] ਕੀਤਾ : **Cogito , ergo, sum** -- " ਮੈਂ ਚਿੰਤਨ ਕਰਦਾ ਹਾਂ, ਇਸ ਲਈ ਮੈਂ ਹਾਂ।" 'ਆਪੇ ਦੀ ਹੋਂਦ' ਤੋਂ ਪਰਮ-ਹੋਂਦ ਦਾ ਵਿਚਾਰ ਵਿਕਸਤ ਹੋਇਆ। ਉਸ ਅਨੁਸਾਰ ਸੰਸਾਰ ਦੇ ਦੋ ਮੂਲ ਤਤ ਹਨ: ਮਨ ਅਤੇ ਸਮਰੂਪ ਪਦਾਰਥ(**Homogeneous**/**Substance** ) ਜੋ ਅਨਾਦੀ ਹੈ। ਸਪਿਨੋਜ਼ਾ ਨੇ ਸਾਰ-ਸਮਰੂਪ ਪਦਾਰਥ ( **Substance** ) ਦੇ ਸਿਧਾਂਤ ਨੂੰ ਅੱਗੇ ਤੋਰਿਆ। ਉਸ ਅਨੁਸਾਰ 'ਵਾਸਤਵਿਕਤਾ' ਕਾਲ ਦ੍ਰਿਸ਼ਟੀ ਤੋਂ ਅਨੇਕ ਸ਼ਕਲਾਂ, ਰੂਪਾਂ, ਆਕ੍ਰਤਾਂ ਧਾਰਨ ਕਰਦੀ ਹੈ । ਇਹ ਸਾਰੇ ਰੂਪ ਅਤੇ ਢੰਗ ਕਿਸੇ ਅਜੇਹੀ ਸਦੀਵੀ ਪਰਿਣਾਮ ਰਹਿਤ ਵਾਸਤਵਿਕਤਾ ਦੇ ਹਨ ਜਿਹੜੀ ਇਨ੍ਹਾਂ ਦੇ ਪਿਛੋਕੜ ਤੋਂ ਹੇਠਾਂ ਮੌਜੂਦ ਰਹਿੰਦੀ ਹੈ। ਇਸ ਸਾਰ-ਤਤ(ਸਬਸਟਾਂਸ) ਨੂੰ ਸਪਿਨੋਜ਼ਾ ਕੁਦਰਤ ਅਤੇ ਪਰਮਾਤਮਾ ਨਾਲ ਇਕ ਮਿਕ ਵੇਖਦਾ ਹੈ। ਸਾਰ-ਤਤ ਅਤੇ ਵਿਧੀ -ਰੂਪ; ਸਦੀਵੀ ਵਿਵਸਥਾ ਅਤੇ ਕ੍ਰਾਲਿਕ ਵਿਵਸਥਾ; ਕ੍ਰਿਆਸ਼ੀਲ ਪ੍ਰਕ੍ਰਿਤੀ ਤੇ ਨਿਸ਼ਕ੍ਰਿਆ ਪ੍ਰਕਿਰਤੀ; ਪਰਮਾਤਮ ਤੇ ਸੰਸਾਰ- ਇਹ ਸਾਰੀਆਂ ਹੋਂਦਾਂ ਸਹਿ-ਸੰਬੰਧਿਤ ਅਤੇ ਸਮਾਨਾਰਥਕ ਦਵੰਦ-ਰੂਪ ਹਨ। ਸਪਿਨੋਜ਼ਾ ਹਰੇਕ ਵਿਸ਼ਵ ਰੂਪ ਨੂੰ ਸਾਰ ਅਤੇ ਘਟਨਾ ਵਿਚ ਵੰਡਦਾ ਹੈ। ਸਾਰ-ਤਤ ਨਿਰਾਕਾਰ ਹੈ ਅਤੇ ਘਟਨਾ ਰੂਪ ਵਾਨ।

ਹੇਗਲ ਅਨੁਸਾਰ ਸਬਸਟਾਂਸ ਦਾ ਸੰਕਲਪ 'ਜੋਤਿ' (ਸਤਿ) ਦੇ ਸੰਕਲਪ ਦੀ ਪਹਿਲੀ ਪਉੜੀ ਹੈ। ਧਾਰਮਿਕ ਚੇਤਨਾ ਦੇ ਵਿਕਾਸ ਵਿਚ ਪਰਮ-ਹਸਤੀ ਦਾ 'ਸਬਸਟਾਂਸ' ਰੂਪੀ ਸੰਕਲਪ ਵਿਕਾਸ ਕਰ ਕੇ ਸਰਬ-ਵਿਆਪੀ 'ਜੋਤਿ ਵਿਚ ਵਿਦਮਾਨ ਹੁੰਦਾ ਹੈ। 'ਸਬਸਟਾਂਸ' ਦਾ ਰਚਨਾਤਮਕ ਪਹਿਲੂ ਨਿਖਰ ਕੇ ਨਹੀਂ

---

11. ਵਿਲ ਡੂਰੈਂਟ, ਫਿਲਾਸਫੀ ਦੀ ਕਹਾਣੀ, ਪੰਜਾਬੀ ਯੂ: ਪਟਿਆਲਾ, 1971, ਪੰਨਾ 159.

ਆਉਂਦਾ ਜਦ ਕਿ ਗੁਰਮਤਿ ਦਾ 'ਸਤਿ' 'ਨਾਮ' ਰੂਪ ਵਿਚ ਸਾਰੀ ਰਚਨਾ ਦਾ ਰਚੇਤਾ, ਆਧਾਰ ਅਤੇ ਪਾਲਨਹਾਰ ਹੈ।

4.0 'ਸਤਿ' ਸੰਬੰਧੀ ਭਾਰਤੀ ਵਿਚਾਰਧਾਰਾ: ਭਾਰਤ ਵਿਚ ਵੇਦਾਂ, ਉਪਨਿਸ਼ਦਾਂ, ਜੈਨ ਅਤੇ ਬੋਧ ਗ੍ਰੰਥਾਂ, ਛੇ ਸ਼ਾਸਤਰਾਂ, ਅਦਵੈਤ, ਦਵੈਤ, ਵਸ਼ਿਸ਼ਟ ਅਦਵੈਤ ਆਦਿਕ ਅਨੇਕ ਮਤ ਮਤਾਂਤਰਾਂ ਵਿਚ '<u>ਸਤਿ</u>' ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਸਮਝਣ ਅਤੇ ਮੁਲਾਂਕਣ ਦਾ ਉਪਰਾਲਾ ਕੀਤਾ ਗਿਆ ਹੈ ਪਰ ਇਨ੍ਹਾਂ ਸਾਰੀਆਂ ਪਰੰਪਰਾਵਾਂ ਅਤੇ ਧਾਰਾਵਾਂ ਵਿਚ 'ਸਤਿ' ਦਾ ਸੰਕਲਪ ਕੇਵਲ 'ਅੰਸ਼' ਮਾਤਰ ਹੈ, ਗੁਰਮਤਿ ਦੇ 'ਸਤਿ' ਸਿਧਾਂਤ ਵਾਂਗ ਸਮੁੱਚੇ, ਸੰਪੂਰਨ, ਆਵਸ਼ਕ ਅਤੇ ਸਰਵੋਤਮ ਰੂਪ ਵਿਚ ਵਿਦਮਾਨ ਨਹੀਂ ਹੋਇਆ।

4.1 ਵੇਦਾਂ ਵਿਚ ਬਹੁ-ਦੇਵਵਾਦ ਪ੍ਰਧਾਨ ਹੈ ਪਰ ਕਿਤੇ ਕਿਤੇ ਪਰਮ-ਸਤ ਦੇ ਇਸ਼ਾਰੇ ਵੀ ਮਿਲ ਜਾਂਦੇ ਹਨ। ਰਿਗਵੇਦ (10.16.3) ਵਿਚ ਆਤਮਾ ਦਾ ਭਾਵ ਸਾਹ ਹੈ ਜਾਂ ਪਰਮ-ਤਤ। ਵੇਦਾਂ ਵਿਚ "ਸਦੀਵਤਾ, ਨਿਰੰਤਰਤਾ ਅਤੇ ਏਕਤਾ" ਸਤਿ ਦੇ ਲੱਛਣ ਦਸੇ ਗਏ ਹਨ।[12] ਰਿਗਵੇਦ ਦੇ ਮੰਤਰ (10.180.1) ਅਨੁਸਾਰ ਜਗਤ ਦੀ ਉਤਪਤੀ ਤੋਂ ਪਹਿਲਾਂ ਸੱਚ ਹੀ ਸ਼ੀ ਅਤੇ ਸੱਚ ਵਿਚ ਆਕਾਸ਼, ਪ੍ਰਿਥਵੀ, ਵਾਯੂ ਆਦਿ ਸਥਿਰ ਹਨ।

4.2 ਉਪਨਿਸ਼ਦਾਂ ਵਿਚ ਵੈਦਿਕ ਕਰਮ ਕਾਂਡ ਅਤੇ ਬਹੁ-ਦੇਵਵਾਦ ਦਾ ਖੰਡਨ ਹੈ। ਉਪਨਿਸ਼ਦਿਕ ਅਧਿਆਤਮ-ਗਿਆਨੀਆਂ ਨੇ ਇਕ ਬ੍ਰਹਮ ਦੀ ਸੱਤਾ ਸਵੀਕਾਰ ਕੀਤੀ ਅਤੇ ਇਸ ਦੇ ਸਰਗੁਣ ਨਿਰਗੁਣ ਰੂਪ ਵੀ ਵਿਅਕਤ ਕੀਤੇ ਹਨ। ਉਪਨਿਸ਼ਦਾਂ ਦੀ ਮੁਢਲੀ ਰਹੱਸਵਾਦੀ ਸਮਸਿਆ ਸਤਿ, ਚਿਤ, ਆਨੰਦ ਦੀ ਪ੍ਰਾਪਤੀ ਲਈ ਘਾਲਣਾ ਹੈ। ਵੇਦਾਂ ਦਾ 'ਏਕਮ ਸਤਿ' ਉਪਨਿਸ਼ਦਾਂ ਵਿਚ ਬ੍ਰਹਮ ਦਾ ਰੂਪ ਧਾਰਨ ਕਰ ਗਿਆ ਜਿਸ ਨੂੰ 'ਤਤਤਵਮ ਅਸੀ' ਰਾਹੀਂ ਦਰਸਾਇਆ ਗਿਆ ਹੈ।[13] ਤੈਤਿਰੀਯ ਉਪਨਿਸ਼ਦ(2.1.1) ਵਿਚ ਬ੍ਰਹਮ ਦੇ ਤਿੰਨ ਲਛਣਾਂ —"ਸਤਿਯੰ, ਗਿਆਨਮ, ਅਨੰਤਤੰ" ਵਿਚ 'ਸਤਿ' ਨੂੰ ਬ੍ਰਹਮ ਦਾ ਪਹਿਲਾ ਲਕਸ਼ ਮੰਨਿਆ ਹੈ। ਡਾਕਟਰ ਰਾਧਾ ਕ੍ਰਿਸ਼ਨਨ ਅਨੁਸਾਰ ਇਹ ਬ੍ਰਹਮ ਦੇ ਵਿਸ਼ੇਸ਼ਣ ਨਹੀਂ, ਸਗੋਂ ਬ੍ਰਹਮ ਦੇ ਸਵਰੂਪ-ਲਛਣ ਹਨ।[14] ਬ੍ਰਿ: ਉਪਨਿਸ਼ਦ(6.2.5) ਵਿਚ ਬ੍ਰਹਮ ਨੂੰ ਸਤਯ ਨਾਲ ਅਭੇਦ ਦਸਿਆ ਹੈ ਅਤੇ ਇਸ ਨੂੰ ਬ੍ਰਿ.ਉ(2.20) ਵਿਚ 'ਸਤਯਸਯ ਸਤਯੇਮ' ਅਰਥਾਤ 'ਸਤਿ ਦਾ ਸਤਿ' ਵੀ ਕਿਹਾ ਹੈ ਅਤੇ ਅਰਦਾਸ ਕੀਤੀ ਹੈ, "ਹੇ, ਈਸ਼ਵਰ! ਮੈਨੂੰ ਅਸਤਿ ਤੋਂ ਸਤਿ ਵਲ, ਅੰਧਕਾਰ ਤੋਂ ਪ੍ਰਕਾਸ਼ ਵਲ ਅਤੇ

---

12. ਡਾ: ਰਾਧਾ ਕ੍ਰਿਸ਼ਨਨ, ਉਕਤ, ਪੰਨਾ 160.

13. Dr. S.Radhakrishnan, Indian Philosophy, p. 150.

14. BrahamaSütra,(Ed) Dr. S.Radhakrishnan, London: George Allen and Unwin, 1960, p. 31.

ਮ੍ਰਿਤੂ ਤੋਂ ਅੰਮ੍ਰਿਤ ਵਿਚ ਲੈ ਜਾ।[15] ਛਾਂਦੋਗ(2.3.4) ਅਨੁਸਾਰ ਬ੍ਰਹਮ ਦਾ ਨਾਮ 'ਸਤਯਮ' ਹੈ ਜੋ 'ਸਤ' ਅਤੇ 'ਯਮ' ਦਾ ਜੋੜ ਹੈ ਜਿਸ ਦਾ ਭਾਵ ਹੈ, 'ਸਦੀਵਤਾ' ਅਤੇ 'ਜੀਵ' । ਭਗਵਦ ਗੀਤਾ(10.38.11) ਵਿਚ 'ਸਤਿ' ਨੂੰ ਪਰਮ-ਕਾਰਣ ਕਿਹਾ ਗਿਆ ਹੈ।

4.3 ਨਿਆਇ ਸਾਂਖ, ਯੋਗ, ਵੇਦਾਂਤ, ਮੀਮਾਂਸਾ ਅਤੇ ਵੈਸ਼ੇਸ਼ਿਕ ਦੀਆਂ ਚਿੰਤਨ-ਪਰਣਾਲੀਆਂ ਆਸਤਿਕ ਦਰਸ਼ਨਾਂ ਦੇ ਅੰਤਰਗਤ ਆਉਂਦੀਆਂ ਹਨ। ਜਿਨ੍ਹਾਂ ਵਿਚ ਵੇਦਾਂ ਦਾ ਵਿਰੋਧ ਕੀਤਾ ਗਿਆ ਹੈ , ਉਹ ਦਾਰਸ਼ਨਿਕ ਪਰਣਾਲੀਆਂ ਨਾਸਤਕ ਮੰਨੀਆਂ ਗਈਆਂ ਹਨ। ਇਨ੍ਹਾਂ ਵਿਚੋਂ ਲੋਕਾਯਤ ਮਾਧਯਾਮਿਕ ਸੌਤ੍ਰਾਂਤਿਕ ਅਤੇ ਵੈਭਾਸ਼ਿਕ ਬੋਧ ਅਤੇ ਜੈਨ ਦਰਸ਼ਨ ਸ਼ਾਮਲ ਹਨ। "ਆਰੰਭਕ ਨਿਆਯ, ਵੈਸ਼ੇਸ਼ਿਕ ਅਤੇਸਾਂਖ (ਆਪਣੇ ਆਰੰਭਕ ਜਾਂ ਮੂਲ ਰੂਪ ਵਿਚ) ਈਸ਼ਵਰ ਦੀ ਸਤਾ ਨੂੰ ਸਵੀਕਾਰ ਨਹੀਂ ਕਰਦੇ। ਉਹ ਇਹ ਵੀ ਨਹੀਂ ਮੰਨਦੇ ਕਿ ਬ੍ਰਹਿਮੰਡ ਦੀ ਉਤਪਤੀ ਦਾ ਮੂਲ ਕਾਰਣ 'ਬ੍ਰਹਮ' (ਪਰਮਚੇਤਨਾ) ਹੀ ਹੈ ਅਤੇ ਉਨ੍ਹਾਂ ਦਾ ਇਹ ਨਿਸਚਾ ਭੌਤਿਕਵਾਦੀ ਨਿਸਚਾ ਹੈ।"[16] ਸ਼ੰਕਰ ਦੇ ਸ਼ੁਧਦਵੈਤਵਾਦ ਅਨੁਸਾਰ ਸਭ ਬ੍ਰਹਮ ਹੀ ਬ੍ਰਹਮ ਹੈ। ਅਵਿਦਿਆ ਕਾਰਨ ਜੀਵ ਅਤੇ ਜਗਤ ਦੀ ਹੋਂਦ ਪ੍ਰਤੀਤ ਹੁੰਦੀ ਹੈ। ਸ਼ੰਕਰ ਸੰਸਾਰ ਨੂੰ ਇਕ ਭਰਮ ਅਤੇ ਭੁਲੇਖੇ ਦੀ ਉਪਜ ਕਹਿੰਦਾ ਹੈ। ਇਹ ਕੋਰਾ ਅਤੇ ਰੁੱਖਾ ਇਕ-ਤੱਤ-ਵਾਦ ਹੈ। ਇਸ ਵਿਚ ਜੀਵ ਅਤੇ ਜਗਤ ਦੀ ਸਤਯਤਾ ਦਾ ਕੋਈ ਸਥਾਨ ਨਹੀਂ। ਪਾਤੰਜਲੀ ਅਨੁਸਾਰ ਕਲੇਸ਼ਾਂ ਤੋਂ ਬਚ ਕੇ ਆਤਮ-ਸਰੂਪ ਦੀ ਪਹਿਚਾਣ ਹੀ 'ਸਤਿ' ਹੈ ਜਿਸ ਦੀ ਪ੍ਰਾਪਤੀ ਯਮ, ਨਿਯਮ, ਪਰਾਣਾਯਾਮ ਸਮਾਧੀ ਆਦਿ ਨਾਲ ਸੰਭਵ ਹੈ। ਯੋਗੀਆਂ ਦਾ ਨਿਸ਼ਾਨਾ ਸਰੀਰਕ ਕਿਰਿਆਵਾਂ ਅਤੇ ਕਰਾਮਾਤਾਂ ਤਕ ਹੀ ਸੀਮਤ ਹੋ ਗਿਆ, ਜੀਵ-ਜਗਤ ਦੇ ਸੱਚ ਨੂੰ ਯੋਗ-ਦਰਸ਼ਨ ਵੀ ਨਹੀਂ ਸਮਝ ਸਕਿਆ।

4.4 ਇਹ ਸਥਿਤੀ ਗੁਰੂ ਨਾਨਕ ਦੇਵ ਅਨੁਸਾਰ"ਸੱਚ ਦੇ ਕਾਲ" ਦੀ ਸਥਿਤੀ ਹੈ ਜਦੋਂ 'ਕੂੜ' ਦੀ ਹਰ ਪਾਸੇ ਪ੍ਰਧਾਨਤਾ ਦਿਸਦੀ ਹੈ।[17] ਅਜੇਹੀ 'ਸੱਚ ਦੀ ਅਣਹੋਂਦ' ਵਾਲੀ ਸਥਿਤੀ ਵਿਚ ਧਾਰਮਿਕ ਫਿਰਕੇ 'ਪਰਮ-ਸਤ' ਨੂੰ ਭੁਲ ਕੇ ਆਪੋ ਵਿਚ ਖਹਿਬੜਦੇ ਹਨ।[18] ਵਿਆਪਕ-ਸਚ ਦੇ ਕਾਲ ਵਿਚ ਨਿਰੰਕਸ਼ ਪਰਮ-ਸਤਿ ਦੀ ਭਾਲ ਇਕ ਲੰਮਾ ਪੈਂਡਾ ਹੈ। ਗੁਰੂ ਨਾਨਕ ਦੇਵ ਨੇ ਸਤਿ, ਸਚ ਅਤੇ ਨਾਮ ਸਿਧਾਂਤਾਂ ਰਾਹੀਂ

---

15. ਬ੍ਰਿ. ਉ. 1.3.28; ਹਵਾਲਾ, ਜਪ ਸੰਹਿਤਾ, ਉਕਤ(1)
16. ਡਾ: ਹਰਬੰਸ ਲਾਲ ਸ਼ਰਮਾ, ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ, ਦਿਲੀ: ਨੈਸ਼ਨਲ ਪਬਲਿਸ਼ਿੰਗ ਹਾਉਸ, 1972, ਪੰਨਾ6.
17. ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ । ਆਸਾ ੧(468)
18. ਸਚ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ ਮਉਲਾਣੇ। ਭਾਈ ਗੁਰਦਾਸ 121.1.

ਬ੍ਰਹਮ ਸਤਿ ਦੀ ਬ੍ਰਹਿਮੰਡ ਅਤੇ ਜੀਵ ਸਚ ਨਾਲ ਇਕਸੁਰਤਾ ਦਰਸਾ ਕੇ ਇਹ ਪੈਂਡਾ ਸੌਖਾ ਕਰ ਦਿਤਾ। ਗੁਰੂ ਨਾਨਕ ਦੇਵ ਦਾ ਪਰਮਾਤਮਾ 'ਸਾਚਾ ਸਾਹਿਬ' ਹੈ ਜੋ ਸਚੇ ਨਾਮ ਰਾਹੀਂ ਸਾਰੇ ਵਿਦਮਾਨ ਹੈ।[19] ਇਸ 'ਨਾਮ' ਦਾ ਵਾਸਾ ਹਰੇਕ ਜੀਵ ਦੇ ਹਿਰਦੇ ਵਿਚ ਹੈ। ਸੋ ਜੀਵ, ਜਗਤ ਅਤੇ ਬ੍ਰਹਮ' ਸਚ' ਦੇ ਸੰਬੰਧਾਂ ਵਿਚ ਜੁੜੇ ਹੋਏ ਹਨ।

5.1 'ਸਤਿ' ਗੁਰਮਤਿ ਵਿਚਾਰਧਾਰਾ: ਸ਼ਬਦ'ਸਤਿ' ਦੀ ਗੁਰਮਤਿ ਵਿਚ ਵਿਸ਼ੇਸ਼ ਮਹਾਨਤਾ ਹੈ ਜਿਸ ਦਾ ਇਕ ਪ੍ਰਤੱਖ ਪਰਮਾਣ 'ਸਤਿ' ਤੋਂ ਬਣੇ ਸਮਾਸਾਂ ਦੀ ਗੁਰਬਾਣੀ, ਗੁਰਮਤਿ ਸਾਹਿਤ ਅਤੇ ਸਿਖ ਜੀਵਨ ਵਿਚ ਅਨੇਕ ਪੱਖੀ ਵਰਤੋਂ ਹੈ ਜਿਵੇਂ: ਸਤਿ ਸ਼ਬਦ, ਸਤਿ ਸਰੂਪ, ਸਤਿ ਸੰਗ, ਸਤਿ ਸੰਗਤਿ, ਸਤਿ ਸ੍ਰੀ ਅਕਾਲ, ਸਤਿਕਰਤਾਰ, ਸਤਿਗੁਰ, ਸਤਿਗੁਰ ਪ੍ਰਸਾਦਿ, ਸਤਿਗੁਰਸੰਤ, ਸਤਿ ਜਾਪੁ, ਸਤਿ ਪਦਾਰਥ, ਸਤਿਪੁਰਖੁ, ਸਤਿ ਬਾਣੀ, ਸਤਿਵਾਦੀ, ਆਦਿ । ਇਸੇ ਤਰ੍ਹਾਂ 'ਸਤਿ' ਦਾ ਪੰਜਾਬੀ ਰੂਪ'ਸਚ' ਗੁਰਮਤਿ ਵਿਚਾਰਧਾਰਾ ਉਤੇ ਛਾਇਆ ਹੋਇਆ ਹੈ: ਸੱਚਾ ਸਰੋਵਰ, ਸੱਚ ਸਾਖੀ, ਸੱਚ ਸੋਹਿਲਾ, ਸਚਖੰਡ, ਸਚ ਘਰਿ, ਸਚ ਭਾਉ, ਸਚ ਮਹਿਲ, ਸਚ ਮਨਾ, ਸੱਚਾ ਸਤਿਗੁਰੁ, ਸੱਚਾ ਸ਼ਬਦ, ਸਚਿ ਸੰਜਮ, ਸੱਚੀ ਟਕਸਾਲ, ਸਚੀ ਦਾਹੜੀ, ਸਚੀ ਪਤਿ, ਸਚੀ ਬਾਣੀ, ਸਚੀ ਬੇੜੀ, ਸਚੀ ਰਾਸ, ਸਚ ਸਚਾ, ਸਚੁ ਨਿਆਈਂ, ਸੱਚਾ ਪਾਤਸ਼ਾਹ, ਸਚਿਦਾ ਨੰਦ, ਸਚਿਆਰਾ, ਆਦਿ।[20] ਇਨ੍ਹਾਂ ਸਮਾਸਾਂ ਵਿਚ ਪਰਮਾਤਮਾ ,ਜੀਵ ਅਤੇ ਜਗਤ ਨੂੰ ਸੱਚ ਦੀ ਸੰਧੀ ਵਿਚ ਬੰਨ੍ਹਿਆ ਹੈ। ਗੁਰੂ ਨਾਨਕ ਦੇਵ ਨੇ '੧' ਨੂੰ ਹੀ 'ਓਅੰਕਾਰ' ਰੂਪ ਵਿਚ ਕਰਤਾਰੀ ਸ਼ਕਤੀ ਨਾਲ ਸੰਬੰਧਿਤ ਕੀਤਾ ਅਤੇ ਇਕ ਦੀ ਸਤਯਤਾ ਨੂੰ ਸ਼ਬਦ'<u>ਸਤਿ</u>' ਵਿਚ ਪ੍ਰਗਟ ਕੀਤਾ ਹੈ: <u>ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰ ਕੀਆ</u>, ਰਾਮਕਲੀ ੧(940)

5.2 ਸ਼ਬਦ 'ਸਤਿ' ਦੀ ਵਿਦਵਾਨਾਂ ਨੇ ਵਧੇਰੇ ਕਰਕੇ ਸੁਤੰਤਰ ਰੂਪ ਵਿਚ ਵਿਆਖਿਆ ਕੀਤੀ ਹੈ ਅਤੇ ਇਹ ਉਚਿੱਤ ਵੀ ਹੈ। ਇਨ੍ਹਾਂ ਵਿਚਾਰਾਂ ਵਿਚ 'ਸਤਿ' ਨੂੰ 'ਹੈਤਾ,'ਹਕੀਕਤ,''ਪਰਮ-ਸੱਤਾ'', ਸਦੀਵ-ਹਸਤੀ' ਆਦਿ ਭਾਵਾਂ ਵਿਚ ਪ੍ਰਗਟ ਕੀਤਾ ਗਿਆ ਹੈ। ਭਾਈ ਵੀਰ ਸਿੰਘ ਅਨੁਸਾਰ 'ਸਤਯ' ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ ਜੋ ਕਾਲ ਅਕਾਲ ਸਦਾਥਿਰ ਰਹੈ, ਕਾਲ ਜਿਸ ਪਰ ਹਾਵੀ ਨਾ ਹੋਵੈ।[21] ਇਨ੍ਹਾਂ ਅਰਥਾਂ ਵਿਚ 'ਸਤਿ' ਨੂੰ ਕਾਲ ਅਤੇ ਅਕਾਲ ਨਾਲ ਸੰਬੰਧਿਤ ਕੀਤਾ ਹੈ। ਭਾਈ ਜੋਧ ਸਿੰਘ ਅਤੇ

---

19. ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ। ਜਪੁਜੀ,ਪਉੜੀ 4 ।

20. ਇਨ੍ਹਾਂ ਦੀ ਵਰਤੋਂ,ਅਰਥਾਂ ਅਤੇ ਗੁਰਬਾਣੀ ਵਿਚ ਪ੍ਰਾਪਤ ਪਰਮਾਣਾਂ ਲਈ ਵੇਖੋ,"ਮਹਾਨ ਕੋਸ਼", (146 ਤੋਂ 149) ਅਤੇ ਆਦਿ ਗ੍ਰੰਥ ਅਨੁਕ੍ਰਮਣਿਕਾ,(235-38)

21. ਪੰਜ ਗ੍ਰੰਥੀ ਸਟੀਕ, ਖਾਲਸਾ ਸਮਾਚਾਰ,ਅੰਮ੍ਰਿਤਸਰ, 1950(2) ਪੰਨਾ 2.

ਪ੍ਰਿੰਸੀਪਲ ਤੇਜਾ ਸਿੰਘ ਨੇ ਵੀ 'ਸਤਿ' ਦਾ ਲਕਸ਼ ਸਦੀਵਤਾ ਦਸਿਆ ਹੈ। ਭਾਈ ਜੋਧ ਸਿੰਘ ਅਨੁਸਾਰ 'ਸਤਿ' ਦਾ ਭਾਵ ਹੈ, 'ਸਦਾ ਰਹਿਣ ਵਾਲਾ,[22] ਜੇ ਕਦੀ ਹੋਰ ਨਾਸਵੰਤ ਹਸਤੀਆਂ ਨਾਲੋਂ ਵਖਰਾ ਕਰਕੇ ਅਸੀਂ ਉਹਦਾ ਕੋਈ ਨਾਮ ਰਖਣਾ ਚਾਹੀਏ, ਤਾਂ ਉਹ 'ਸਤਿ' ਹੀ ਹੈ,[23] ਸਤਿ ਹੀ ਉਸ ਦਾ ਨਾਮ ਹੈ'।[24] ਡਾਕਟਰ ਸੁਰਿੰਦਰ ਸਿੰਘ ਕੋਹਲੀ ਨੇ 'ਸਤਿ' ਦੀ 'ਏਕਤਾ' ਅਤੇ 'ਸਤਯਤਾ' ਨੂੰ ਉਜਾਗਰ ਕਰਦਿਆਂ ਲਿਖਿਆ ਹੈ," ਅੰਤਮ ਸਤਿ ਕੇਵਲ ਇਕ ਹੈ, ਉਸ ਨੂੰ 'ਨਾਮ' ਵੀ ਕਿਹਾ ਜਾ ਸਕਦਾ ਹੈ ਅਤੇ ਸੱਚ ਵੀ;[25] ਪਰਮਾਤਮਾ ਸਚ ਹੈ ਅਤੇ ਸਚ ਪਰਮਾਤਮਾ ਹੈ।"[26] ਗੁਰਬਚਨ ਸਿੰਘ ਤਾਲਿਬ ਅਨੁਸਾਰ' ਸਤਿਨਾਮ ਸਰਬ-ਸਮਰਥ ਪਰਮਾਤਮਾ ਦੀ ਪਰਿਵਰਤਨ-ਰਹਿਤ ਪ੍ਰਕ੍ਰਿਤੀ ਪ੍ਰਗਟ ਕਰਦਾ ਹੈ। ਜਿਸ ਦੇ ਗੁਣਾਂ ਵਿਚ ਆਪਣੇ ਸੁਭਾ ਕਰਕੇ ਹੀ ਭੂਤ ਵਰਤਮਾਨ ਅਤੇ ਭਵਿਖ ਵਿਚ ਕੋਈ ਤਬਦੀਲੀ ਨਹੀਂ ਹੁੰਦੀ।[27] ਡਾਕਟਰ ਤਾਰਨ ਸਿੰਘ ਅਨੁਸਾਰ ਸਤਿ ਸੂਖਮਤਾ ਦਾ ਸੰਕੇਤ ਹੈ, ਸਚ ਸਥੂਲਤਾ ਦਾ ਪਰ ਕਈ ਥਾਈਂ (ਸੱਤਿ ਅਤੇ ਸਚ) ਦਾ ਇਹ ਅੰਤਰ ਅਲੋਪ ਹੋ ਜਾਂਦਾ ਹੈ।[28] 'ਸਤਿ' ਦਾ ਭਾਵ ਹੋਂਦ ਵਾਲਾ ਹੈ ਜੋ ਕਾਲ ਤੋਂ ਪਰੇ ਹੈ।[29] ਪ੍ਰੋ: ਪੂਰਨ ਸਿੰਘ ਅਨੁਸਾਰ 'ਸਤਿ' ਹੀ ਉਸ ਦਾ ਨਾਮ ਹੈ।[30] ਡਾ: ਮੋਹਣ ਸਿੰਘ, ਡਾ: ਸ਼ੇਰ ਸਿੰਘ,[31] ਗਿਆਨੀ ਲਾਲ ਸਿੰਘ[32] (ਸੰਗਰੂਰ) ਅਤਿ. ਡਾ: ਹਰਨਾਮ ਸਿੰਘ ਸ਼ਾਨ[33] ਨੇ 'ਸਤਿ' ਨੂੰ ਉਸ ਦੀ ਹੋਂਦ ਦਾ ਵਾਚਕ ਨਾਮ ਕਿਹਾ ਹੈ, ਜੋ ਅਕਾਲਪੁਰਖ ਦਾ ਪਰਾਪੂਰਬਲਾ ਅਕ੍ਰਮਕ, ਮੁਢਲਾ, ਜ਼ਾਤੀ, ਨਾਮ ਹੈ; ਹੋਰ ਜਿੰਨੇ ਨਾਂ ਹਨ, ਉਸ ਦੇ ਗੁਣਾਂ ਦੇ ਵਾਚਕ ਹਨ। ਡਾ: ਰਤਨ ਸਿੰਘ ਜੱਗੀ ਅਨੁਸਾਰ ਪਰਮ-ਸੱਤਾ ਚੂੰਕਿ ਸਦਾ ਕਾਇਮ ਹੈ, ਇਸ ਲਈ ਸਤਿ ਹੈ।[34] ਡਾ: ਮਨਮੋਹਨ ਸਹਿਗਲ ਨੇ 'ਸਤਯ' ਨੂੰ ਦੇਸ਼-ਕਾਲ ਤੋਂ ਬਾਹਰ ਪਰਮ-ਸਥਾਨੀ ਸਤਾ' ਕਿਹਾ ਹੈ।[35] ਖੁਸ਼ਵੰਤ ਸਿੰਘ ਨੇ 'ਸਤਿ' ਦੇ ਦੋ ਭਾਵ ਲਏ ਹਨ — ਅਸਤਿ ਤੋਂ ਉਲਟ ਸੱਚ, ਅਤੇ ਭਰਮ ਤੋਂ ਉਲਟ ਵਾਸਤਵਿਕ।[36] ਬਹੁਤ ਸਾਰੇ ਪ੍ਰਮੁੱਖ ਟੀਕਾਕਾਰਾਂ[37] ਨੇ 'ਸਤਿ' ਨੂੰ 'ਸਦੀਵ' ਤ੍ਰੈ-ਕਾਲ ਸੱਚ, ਅਤੇ ਪਰਿਵਰਤਨ-ਰਹਿਤ ਸੱਚ ਦਸਿਆ ਹੈ।

---

22. ਗੁਰੂ ਨਾਨਕ ਬਾਣੀ, ਉਕਤ, ਪੰਨਾ 17.
23. ਗੁਰਮਤਿ ਨਿਰਣਯ, ਪੰਨਾ 1; ਜਪੁਜੀ ਸਟੀਕ, ਨਵੀਂ ਦਿੱਲੀ, 1950, ਪੰਨਾ 22.
24. ਗੁਰੂ ਨਾਨਕ, ਜੀਵਨ ਯੁਗ ਅਤੇ ਉਪਦੇਸ਼, ਸੰਪ: ਗੁਰਮੁਖ ਨਿਹਾਲ ਸਿੰਘ, ਦਿਲੀ, ਨਵਯੁਗ ਪਬਲਿਸ਼ਰਜ਼, ਦਿਲੀ, 1969, ਪੰਨਾ 13.
25. ਗੁਰੂ ਨਾਨਕ ਜੀਵਨ ਯੁਗ ਅਤੇ ਉਪਦੇਸ਼, ਉਕਤ, ਪੰਨਾ 304.
26. Outlines of Sikh Thought, p. 11; Sikh Ethics, p. 69
27. Japuji, op.cit, p. 80.
28. ਜਪੁ ਵਿਚ ਗੁਰਮਤਿ ਸਿਧਾਂਤਾਂ ਦਾ ਵਿਕਾਸ (ਪਰਚਾ) ਪੰਜਾਬੀ ਯੂ: ਪਟਿਆਲਾ, ਸਤੰ: 1978, ਸੈਮੀਨਾਰ ਪੰ:
29. ਗੁਰੂ ਨਾਨਕ ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963, ਪੰਨਾ 178.
30. ਜਪੁਜੀ ਸਾਹਿਬ, (ਅੰਗ੍ਰੇਜ਼ੀ) ਸਿਖ ਰਿ: ਟ੍ਰੈਕਟ ਸੁਸਾਇਟੀ, ਤਰਨਤਾਰਨ, 1969, ਪੰਨਾ 11.
31. ਗੁਰਮਤਿ ਦਰਸ਼ਨ, ਪੰਨਾ 200. 32. ਗੁਰਮਤ ਮਾਰਤੰਡ, ਪੰਨਾ 659.
33. ਗੁਰੂ ਨਾਨਕ ਦਾ ਸ਼ਾਹਕਾਰ, ਜਪੁਜੀ, ਪੰਜਾਬ ਯੂ: ਚੰਡੀਗੜ੍ਹ, 1975, ਪੰਨਾ 69.

34-37 ਦੇਖੋ: ਅਗਲਾ ਪੰਨਾ

5.3 ਕੁਝ ਵਿਦਵਾਨਾਂ ਨੇ ਇਸ ਦੇ ਅਰਥ ਕਰਨ ਲਗਿਆਂ 'ਨਾਮ' ਨੂੰ ਮੁੱਖ ਰਖਿਆ ਹੈ ਅਤੇ 'ਸਤਿ' ਨੂੰ 'ਨਾਮ' ਦਾ ਵਿਸ਼ੇਸ਼ਣ ਮੰਨ ਕੇ ਅਰਥ ਕੀਤੇ ਹਨ: "ਉਸ ਦਾ ਨਾਮ ਸੱਚਾ ਹੈ" ਜਾਂ ਕੇਵਲ "ਸੱਚਾ ਨਾਮ"। ਪੰਡਿਤ ਨਰੈਣ ਸਿੰਘ, ਸ਼ਿਵ ਦਿਆਲ ਸਿੰਘ, ਐਮ.ਏਲ.ਪੀਸ , ਮਨਮੋਹਨ ਸਿੰਘ(ਅੰਗ੍ਰੇਜ਼ੀ ਅਨੁਵਾਦ ਆਦਿ ਗ੍ਰੰਥ) ਆਦਿ ਨੇ 'ਨਾਮ' ਪਦ ਉਤੇ ਬਲ ਦੇ ਕੇ 'ਸੱਚਾ ਨਾਮ' ਅਰਥ ਕੀਤੇ ਹਨ। ਡਾ: ਜੈ ਰਾਮ ਮਿਸ਼ਰ ਅਨੁਸਾਰ," ਸਤਯਨਾਮ...... ਉਸ ਦੇ ਅਸਤਿਤਵ ਦਾ ਵਾਚਕ ਕੇਵਲ ਨਾਮ ਹੈ ਅਤੇ ਉਹੀ ਸੱਚ ਹੈ।[38] ਸੰਤ ਸਿੰਘ ਸੇਖੋਂ ਅਨੁਸਾਰ ਮੂਲ ਮੰਤਰ ਦਾ '੧ਓ' ਹੀ ਅਸਲ ਵਿਚ ਸਤਿਨਾਮ ਜਾਂ ਸੱਚਾ ਨਾਮ ਹੈ।[39] ਪਰਮਾਤਮਾ ਦੇ ਬਾਕੀ ਸਾਰੇ ਨਾਮ ਕਿਰਤਮ ਹਨ।

5.4 'ਸਤਿਨਾਮ' ਇਕ ਸ਼ਬਦ ਨਹੀਂ, ਨਾ ਹੀ 'ਸਤਿ' ਨਾਮ ਦਾ ਵਿਸ਼ੇਸ਼ਣ ਹੈ। 'ਸਤਿ' ਅਤੇ 'ਨਾਮ' ਦੋਵੇਂ ਪਰਮਾਤਮਾ-ਸਤਾ ਦੀ ਹੋਂਦ ਅਤੇ ਵਿਦਮਾਨਤਾ ਦੇ ਲਖਾਇਕ ਹਨ। 'ਸਤਿ' ਪਰਮਾਤਮਾ ਦੀ ਨਿਰਗੁਣ ਸਤਾ ਦਾ ਸੂਚਕ ਹੈ ਜੋ ਤ੍ਰੈ-ਕਾਲ ਸਤਿ ਅਤੇ ਤ੍ਰੈ-ਕਾਲ ਅਤੀਤ 'ਸਤਿ' ਹੈ। ਇਹ 'ਸਤਾ' 'ਨਾਮ' ਰੂਪ ਵਿਚ ਸਾਰੇ ਵਿਦਮਾਨ ਹੁੰਦੀ ਹੈ। ਨਾਮ 'ਸਤਿ' ਹੈ ਪਰ 'ਸਤਿ' ਕੇਵਲ 'ਨਾਮ' ਨਹੀਂ। 'ਸਤਿ' ਸੱਚ ਸਰੂਪ ਵਿਚ 'ਨਾਮ' ਰਾਹੀਂ ਵਿਆਪਕ ਹੁੰਦਾ ਹੈ ਜਿਸ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ, ਜੋ ਪਰਤੱਖ ਹੋ ਸਕਦਾ ਹੈ ਅਤੇ ਜੋ ਸਾਡੇ ਅਨੁਭਵ ਵਿਚ ਆ ਸਕਦਾ ਹੈ। ਅਨੁਭਵ ਅਤੀਤ 'ਸਤਿ' ਨੂੰ 'ਨਾਮ' ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਕਿਉਂਕਿ "ਅਕਾਲ ਪੁਰਖ ਸੱਚ ਵੀ ਹੈ ਅਤੇ ਨਾਮ ਵੀ। ਸਤਿ ਕੇਵਲ ਭਾਵ-ਵਾਚਕ ਸ਼ਕਤੀ ਜਾਂ ਖਿਆਲ ਦਾ ਸਰੂਪ ਦ੍ਰਿੜਾਂਦਾ ਹੈ, ਨਾਮ ਕਰਮਸ਼ੀਲਤਾ ਅਤੇ ਪਰਤੱਖ ਪਸਾਰੇ ਨੂੰ ਪ੍ਰਗਟ ਕਰਦਾ ਹੈ।

---

34. ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁਗ ਪਬਲਿਸ਼ਰਜ਼, ਦਿਲੀ, ਪੰਨਾ 149.
35. ਉਕਤ, ਪੰਨਾ 241.
36. Hymns of Guru Nanak, Bombay: New Book Co., 1946, p. 31.
37. ਸੰਤ ਉਤਮ ਸਿੰਘ(ਗੁਰੂ ਵਡੇਰਾ ਜਪੁ); ਸੋਢੀ ਹਜ਼ਾਰਾ ਸਿੰਘ(ਜਪੁ-ਵੀਚਾਰੁ); ਸੰਤ ਗੁਲਾਬ ਸਿੰਘ (ਜਪੁ ਪ੍ਰਕਾਸ਼); ਸੋਢੀ ਤੇਜਾ ਸਿੰਘ(ਜਪੁ ਸਾਗਰ); ਪ੍ਰੋ: ਕਰਤਾਰ ਸਿੰਘ(ਜਪੁਜੀ ਸਟੀਕ) । ਗਿਆਨੀ ਸ਼ੇਰ ਸਿੰਘ (ਖਾਲਸਾ ਨਿਤਨੇਮ ਸਟੀਕ); ਭਗਤ ਸਿੰਘ ਹੀਰਾ( ਓਦਰਸ਼ਨ); ਕਾਲਾ ਸਿੰਘ ਬੇਦੀ, (ਗੁਰਸ਼ਬਦਰਤਨਾਕਰ) ਹਰਨਾਮ ਸਿੰਘ (ਜੱਜ), ਜਪੁਜੀ (ਅੰਗ੍ਰੇਜ਼ੀ )ਦਿੱਲੀ, 1957, ਪੰਨਾ 9.
38. ਗੁਰੂ ਨਾਨਕ ਦੁਆਰਾ ਨਿਰੂਪਤ ਬ੍ਰਹਮ ਅਤੇ ਜੀਵ, (ਲੇਖ) ਗੁਰੂ ਨਾਨਕ ਜੀਵਨ , ਦਰਸ਼ਨ ਅਤੇ ਕਾਵਿ-ਕਲਾ, ਉਕਤ, ਪੰਨਾ 107.
39. The Journal of Religious Studies, Panjabi University, Patiala, June, 1969, p. 46.

5.5. ਸਤਿ: ਤ੍ਰੈ-ਕਾਲ ਅਤੀਤ ਸਤਿ : ਕੁਝ ਲੇਖਕਾਂ ਨੇ ਸਤਿ ਨੂੰ ਕੇਵਲ ਤ੍ਰੈ-ਕਾਲ ਸਤਿ ਕਿਹਾ ਹੈ ਅਰਥਾਤ ਭੂਤ, ਵਰਤਮਾਨ ਅਤੇ ਭਵਿਖ ਵਿਚ ਜਿਸ ਦੀ ਹੋਂਦ ਸਦਾ ਕਾਇਮ ਰਹਿੰਦੀ ਹੈ। ਜੇ 'ਸਤਿ' ਦਾ ਅਰਥ 'ਸਦੀਵਤਾ' ਕੀਤਾ ਜਾਵੇ, ਤਾਂ ਇਹ ਕਾਲ-ਵਾਚੀ ਤ੍ਰੈ-ਕਾਲੀ ਸਦੀਵਤਾ ਨਹੀਂ, ਸਗੋਂ ਕਾਲ-ਅਤੀਤ ਸਦੀਵਤਾ ਹੈ। ਗੁਰਮਤਿ ਦੀ ਵਿਆਖਿਆ ਵਿਚ ਕਈ ਵਿਦਵਾਨਾਂ ਨੇ ਇਸ ਭੇਦ ਨੂੰ ਨਜ਼ਰ-ਅੰਦਾਜ਼ ਕੀਤਾ ਹੈ। ਉਦਾਹਰਣ ਵਜੋਂ ਪੁਰਾਤਨ ਟੀਕਾਕਾਰਾਂ ਵਿਚੋਂ ਭਾਈ ਸੰਤੋਖ ਸਿੰਘ ਅਨੁਸਾਰ "ਭੂਤ, ਭਵਿਖ, ਵਰਤਮਾਨ ਤਿੰਨਾਂ ਕਾਲਾਂ ਮੈਂ ਸਤਿ ਏਕ ਰਸ ਹੈ, ਵਧ ਘਟ ਨਹੀਂ ਹੋਤਾ, ਅਖੰਡ ਹੈ।"[41] ਨਿਰਮਲ ਸੰਤ ਦੇਵਾ ਸਿੰਘ ਅਨੁਸਾਰ," ਜਿਸ ਕਾ ਤੀਨ ਕਾਲ ਮੈ ਨਾਂ ਨਾਸ ਹੋਵੇ, ਐਸਾ ਸਚਿਦਾਨੰਦ ਅਨੰਦ ਸਰੂਪ ਬ੍ਰਹਮ ਹੈ।"[42] ਸੋਢੀ ਤੇਜਾ ਸਿੰਘ,[43] ਸੰਤ ਅਮੀਰ ਸਿੰਘ,[44] ਆਦਿ ਕਈ ਹੋਰ ਟੀਕਾਕਾਰਾਂ ਨੇ 'ਸਤਿ' ਦੇ ਤਿੰਨ-ਕਾਲੀ ਸੱਚ ਅਰਥ ਕੀਤੇ ਹਨ। ਗੁਰਬਚਨ ਸਿੰਘ ਤਾਲਬ ਨੇ ਵੀ 'ਸਤਿ' ਦੀ ਸਦੀਵਤਾ ਨੂੰ ਸਰਵ-ਕਾਲੀ ਦਸਿਆ ਹੈ।[45] ਭਾਈ ਕਾਨ੍ਹ ਸਿੰਘ ਅਨੁਸਾਰ "ਸਤਿਨਾਮ" ਦਾ ਅਰਥ,"ਤਿੰਨ ਕਾਲ ਵਿਚ ਇਕ ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ ਹੈ।"[46] ਡਾ: ਸ਼ੇਰ ਸਿੰਘ ਅਨੁਸਾਰ ਸਤ(ਸੱਚ) ਦਾ ਭਾਵ ਹੈ,"ਤਿੰਨ ਕਾਲ ਇਕ ਰਸ ਰਹਿਣ ਵਾਲੀ ਹੋਂਦ।"[47] ਭਾਵੇਂ ਇਨ੍ਹਾਂ ਵਿਦਵਾਨਾਂ ਨੇ ਹੋਰਥੇ ਵਿਆਖਿਆ ਵਿਚ ਪਰਮ-ਸਤ ਨੂੰ ਤ੍ਰੈ-ਕਾਲ -ਅਤੀਤ ਵੀ ਮੰਨਿਆ ਹੋਵੇਗਾ ਪਰ ਉਪਰੋਕਤ ਹਵਾਲਿਆਂ ਵਿਚ ਉਨ੍ਹਾਂ ਨੇ ਸਤਿ ਨੂੰ ਤ੍ਰੈ-ਕਾਲੀ 'ਸਤਿ' ਕਿਹਾ ਹੈ। ਗੁਰਮਤਿ ਵਿਚ ਕਾਲ ਅਨਾਦੀ ਨਹੀਂ, ਆਦਿ ਅੰਤ ਵਾਲਾ ਹੈ। ਸਤਿ ਕੇਵਲ'ਤ੍ਰੈ-ਕਾਲ' ਸਤਿ ਹੀ ਨਹੀਂ, ਤ੍ਰੈ-ਕਾਲ ਅਤੀਤ 'ਸਤਿ' ਹੈ। ਗੁਰਮਤਿ ਅਨੁਸਾਰ ਸਾਰੀ ਰਚਨਾ, ਖੰਡ, ਬ੍ਰਹਿਮੰਡ, ਸਰਬ ਪਦਾਰਥਾਂ ਅਤੇ ਤ੍ਰੈ-ਗੁਣਾਂ ਦੇ ਨਾਲ ਹੀ 'ਕਾਲ' ਦੀ ਵੀ ਰਚਨਾ ਹੋਈ ਅਤੇ 'ਦਿਨ ਰਾਤ' ਸਾਜੇ ਗਏ।[48] 'ਆਦਿ ਸੱਚ' ਇਸ ਤੱਥ ਦਾ ਪ੍ਰਤੀਕ ਹੈ ਕਿ ਰਚਨਾ ਤੋਂ ਪੂਰਬ-ਵਰਤੀ ਅਵੱਸਥਾ ਵਿਚ ਵੀ ਉਸ ਦੀ 'ਹੋਂਦ' ਸੀ ਅਤੇ 'ਨਾਨਕ ਹੋਸੀ ਭੀ ਸੱਚ' ਤੋਂ ਪ੍ਰਗਟ ਹੁੰਦਾ ਹੈ ਕਿ ਰਚਨਾ ਸਮਾਪਤੀ ਉਪਰੰਤ ਵੀ ਉਸ ਦੀ 'ਹੋਂਦ' ਕਾਇਮ ਰਹਿੰਦੀ ਹੈ। ਉਹ ਤ੍ਰੈ-ਕਾਲ ਸੱਚ ਹੈ ਅਤੇ ਤ੍ਰੈ-ਕਾਲ ਅਤੀਤ ਸੱਚ ਹੈ। "ਗੁਰਬਾਣੀ ਦੀ ਪਰਮ-ਹਸਤੀ (ਬ੍ਰਹਮ ਵਾਂਗ ਸਦੀਵੀ ਕਾਲ ਵਿਚ ਵਿਚਰਦੀ ) ਸਰਵਕਾਲੀ ਹੋਂਦ ਨਹੀਂ, ਸਗੋਂ ਕਾਲੋਂ-ਪਰੇ ਅਥਵਾ ਪਰਾਕਾਲ(ਅਕਾਲ) ਹਸਤੀ ਹੈ।"[49]

---

41. ਗਰਬ ਗੰਜਨੀ ਸਟੀਕ, ਪੰਨਾ 13.
42. ਸੁਗਮ ਜਪੁ ਪ੍ਰਦੀਪ, ਅੰਮ੍ਰਿਤਸਰ, 1902, ਪੰਨਾ 8.
43. ਕਥਾ ਸਾਗਰ, ਪੰਨਾ 21.
44. ਸ੍ਰੀ ਜਪੁਜੀ ਸਾਹਿਬ ਸਟੀਕ, ਪੰਨਾ 71.
45. Journal of Sikh Studies, G.N.Dev University,Amritsar February, 1975, p. 94; Japuji, op.cit., p. 80.
46. ਮਹਾਨ ਕੋਸ਼, ਪੰਨਾ 112.
47. ਗੁਰਮਤਿ ਦਰਸ਼ਨ, ਪੰਨਾ 108.
48. ਓਅੰਕਾਰ ਉਤਪਤੀ, ਕੀਆ ਦਿਨਸੁ ਸਭ ਰਾਤੀ, ਮ: 5(1003)
49. ਡਾ: ਜਸਬੀਰ ਸਿੰਘ ਆਹਲੂਵਾਲੀਆ, ਸਿਖ ਫਲਸਫੇ ਦੀ ਭੂਮਿਕਾ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976, ਪੰਨਾ 57.

5.6 'ਸਤਿ' ਦੀ ਸਤਯਤਾ, ਮੌਜੂਦਗੀ, ਹੋਂਦ ਨੂੰ 'ਹੈ' ਸ਼ਬਦ ਰਾਹੀਂ ਵੀ ਪ੍ਰਗਟ ਕੀਤਾ ਗਿਆ ਹੈ:

ਹੈ, ਹੈ, ਆਖਾ ਕੋਟਿ ਕੋਟਿ, ਕੋਟੀ ਹੂ ਕੋਟਿ ਕੋਟਿ

ਆਖੂ ਆਖਾ ਸਦਾ ਸਦਾ, ਕਹਿਣ ਨ ਆਵੈ ਤੋਟਿ (ਸਾਰੰਗ ੧.1241)

ਤੂ ਹੈ, ਹੈ, ਵਾਹੁ, ਤੇਰੀ ਰਜਾਇ (ਪ੍ਰਭਾਤੀ ੧, 1329)

ਗੁਰੂ ਅਰਜਨ ਦੇਵ ਨੇ 'ਸਤਿ' ਦੀ "ਹੈਤਾ" ਨੂੰ " ਹੈ ਭੀ ਹੈ ਤੂ ਹੋਵਨਹਾਰ(ਤਿ.5.724) ਰਾਹੀਂ ਦਰਸਾਇਆ ਹੈ। ਗੁਰੂ ਨਾਨਕ ਦੇਵ ਨੂੰ ਇਹ ਹਸਤੀ ਪ੍ਰਤੱਖ ਦਿਸਦੀ ਹੈ,[50] ਹਰ ਥਾਂ ਦਿਸਦੀ ਹੈ,[51] ਸੰਦੇਹ ਵਾਲੀ ਕੋਈ ਗਲ ਹੀ ਨਹੀਂ।

5.7 ਗੁਰਮਤਿ ਅਨੁਸਾਰ ਤ੍ਰੈਕਾਲ ਅਤੀਤ 'ਸਤਿ' ਇਕ-ਰਸ ਵਿਆਪਕ ਹੈ। ਸੰਪੂਰਨਤਾ, ਆਵਸ਼ਕਤਾ, ਸਦੀਵਤਾ, ਅਨੰਤਤਾ, ਇਕ-ਸੁਰਤਾ, ਸੁਤੰ-ਤਰਤਾ ਅਤੇ ਏਕਤਾ 'ਸਤਿ' ਦੇ ਸੁਭਾਵਿਕ ਲਛਣ ਹਨ। ਗੁਰਮਤਿ ਅਨੁਸਾਰ ਸਤਿ ਸਦਾ'ਸਲਾਮਤ ਨਿਰੰਕਾਰ' ਹੈ,[52] ਅਬਿਨਾਸ਼ੀ ਹੈ,[52ੲ] ਸਮੇਂ ਦਾ ਇਸ ਉਪਰ ਕੋਈ ਪ੍ਰਭਾਵ ਨਹੀਂ। ਸਾਰੀ ਰਚਨਾ, ਸਾਰਾ ਬ੍ਰਹਿਮੰਡ ਕਾਲ-ਪ੍ਰਵਾਹ ਦੇ ਅਸਰ ਹੇਠ ਬਦਲਦਾ ਰਹਿੰਦਾ ਹੈ, ਪਰਵਰਤਨਸ਼ੀਲ ਹੈ, ਜੰਮਦਾ ਮਰਦਾ ਰਹਿੰਦਾ ਹੈ,ਪਰਮਾਰਥਿਕ ਹੋਂਦ ਜਨਮ ਮਰਣ, ਆਉਣ ਜਾਉਣ ਦੇ ਗੇੜ ਅਤੇ ਪਰੀਵਰਤਨ ਵਿਚ ਨਹੀਂ।[53] ਉਸਦਾ ਸਰੂਪ, "ਆਦਿ ਅਨੀਲ ਅਨਾਦਿ ਅਨਾਹਦ ਜੁਗੁ ਜੁਗੁ ਏਕੋ ਵੇਸੁ"[54] ਵਾਲਾ ਹੈ। ਪ੍ਰਿਥਵੀ, ਸੂਰਜ, ਚੰਦਰਮਾ , ਤਾਰੇ ਸਾਰੇ 'ਹੁਕਮ' ਦੀ ਕਾਰ ਵਿਚ ਆਪਣੇ ਨਿਸਚਿਤ ਪੰਧ ਤੇ ਦੌੜੇ ਜਾਂਦੇ ਹਨ ਪਰ ਸਤਿ ਸਰੂਪ ਹਸਤੀ ਨਿਹਚਲ ਹੈ, ਸਥਿਰ ਹੈ।[55] ਇਹ ਲਬਿਨਜ਼ ਅਤੇ ਹੇਗਲ ਦਾ 'ਸਬਸਟਾਂਸ' ਨਹੀਂ, ਸਗੋਂ ਚੇਤਨ ਕਰਤਾਰੀ ਹਸਤੀ ਹੈ। ਕਾਲ-ਪ੍ਰਵਾਹ, ਪਰੀਵਰਤਨ ਅਤੇ ਜਨਮ -ਮਰਣ ਦੀ ਸੀਮਾ ਤੋਂ ਮੁਕਤ ਹੋਣ ਕਾਰਨ ਸੱਚ ਕਦੇ ਪੁਰਾਣਾ ਨਹੀਂ ਹੁੰਦਾ, ਇਕ-ਰਸ ਕਾਇਮ ਰਹਿੰਦਾ ਹੈ।[56]

5.8 ਕਾਲ-ਪ੍ਰਵਾਹੀ, ਮਰਣਸ਼ੀਲ ਅਤੇ ਹਰ ਛਿਨ ਬਦਲਣ ਵਾਲੀ ਭੌਤਿਕ ਰਚਨਾ ਨੂੰ 'ਸੱਚ' ਦੇ ਉਲਟ ਕੱਚ, ਅਤੇ 'ਸਤਿ' ਦੇ ਵਿਪਰੀਤ 'ਅਸਤਿ' ਕਿਹਾ ਜਾਂਦਾ ਹੈ ਪਰ ਇਹ ਵੇਦਾਂਤੀ ਪਰੀਭਾਸ਼ਾ ਵਾਲਾ ਛੱਲ, ਭਰਮ, ਰੱਸੀ ਦਾ ਸੱਪ ਜਾਂ ਸਹੇ ਦੇ ਸਿੰਗਾਂ ਵਰਗੀ ਅਣਹੋਂਦ ਨਹੀਂ। ਗੁਰਮਤਿ ਅਨੁਸਾਰ ਬ੍ਰਹਿਮੰਡ ਕੇਵਲ 'ਸਤਿ' ਦੇ ਸਾਪੇਖ ਅਸਤਿ ਹੈ, ਇਸ ਦੀ ਪਰੀਵਰਤਨ-ਸ਼ੀਲਤਾ ਪਰੀਵਰਤਨ-ਰਹਿਤ ਸਤਿ ਦੇ

---

50. ਨਾਨਕ ਕਾ ਪਾਤਸ਼ਾਹ ਦਿਸੈ ਜਾਹਰਾ ।। ਆਸਾ 5(397)
51. ਜਹ ਜਹ ਦੇਖਾ ਤਹ ਤਹ ਸੋਈ । ਪ੍ਰਭਾਤੀ ੧(1343)
52. ਤੂ ਸਦਾ ਸਲਾਮਤਿ ਨਿਰੰਕਾਰ। ਜਪੁਜੀ। ਪਉੜੀ 17, 18, 19, (4)
52-ੲ. ਅਬਿਨਾਸ਼ੀ ਅਵਿਗਤੁ ਅਗੋਚਰ, ਸਦਾਸਲਾਮਤਿ ਖਸਮੁ ਹਮਾਰਾ । ਆਸਾ 5(376)
53. ਸਾਹਿਬ ਮੇਰਾ ਸਦਾ ਹੈ (ਗੂਜਰੀ 3 , 509)
54. ਜਪੁਜੀ, ਪਉੜੀ 29, 30, 31(7)
55. ਸਭ ਦੁਨੀਆਂ ਆਵਣ ਜਾਵਣੀ, ਮੁਕਾਮੁ ਏਕੁ ਰਹੀਮ ਸਿਰੀ ੧(64)
56. ਸਚੁ ਪੁਰਾਣਾ ਹੋਵੈ ਨਾਹੀ, ਰਾਮ.੧ (955)
ਸਚੁ ਪੁਰਾਣਾ ਨ ਥੀਐ , ਸਾਰੰਗ 3 (1248)

ਪ੍ਰਸੰਗ ਵਿਚ ਹੈ। ਇਸ ਦਾ ਕਾਲ-ਪੁਲਾੜ ਦੀ ਸੀਮਾ ਵਿਚ ਹੋਣਾ ਇਸ ਗਲ ਦਾ ਸੂਚਕ ਨਹੀਂ, ਕਿ ਇਸ ਦੀ ਹੋਂਦ ਹੀ ਛਲਾਵਾ ਹੈ। ਪਰੀਵਰਤਨਸ਼ੀਲ ਹੋਣ ਦਾ ਭਾਵ 'ਅਸਤਿ' ਹੋਣਾ ਜ਼ਰੂਰੀ ਨਹੀਂ। ਕਾਲ-ਵਾਚੀ ਦ੍ਰਿਸ਼ਟੀ ਤੋਂ ਇਸ ਦੀ ਹੋਂਦ ਹੈ ਅਤੇ ਅਵੱਸ਼ ਹੈ। ਗੁਰਮਤਿ ਅਨੁਸਾਰ ਇਹ ਕਰਤਾ-ਪੁਰਖ ਦੀ ਰਚਨਾ ਹੈ।[57] ਆਪਣੀ ਕਿਰਤ ਵਿਚ ਕਰਤਾ ਖੁਦ ਵਿਦਮਾਨ ਹੈ ਅਤੇ ਆਪਣੀ ਰਚਨਾ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਜੇ ਬ੍ਰਹਿਮੰਡ ਦੀ ਰਚਨਾ ਹੀ ਨਹੀਂ, ਤਾਂ ਕਿਰਤ ਬਿਨਾਂ ਕਰਤਾ ਦੇ ਕੀ ਅਰਥ ਹੋ ਸਕਦੇ ਹਨ? ਜੇ ਰਚਨਾ ਇਕ ਭਰਮ ਅਤੇ ਭੁਲੇਖਾ ਹੀ ਹੈ ਤਾਂ ਉਸ ਵਿਚ ਵਿਦਮਾਨ ਹੋਣ ਅਤੇ ਵੇਖ ਕੇ ਪ੍ਰਸੰਨ ਹੋਣ ਦੇ ਕੋਈ ਅਰਥ ਨਹੀਂ। ਬ੍ਰਹਿਮੰਡੀ ਕਿਰਤ ਝੂਠੀ ਨਹੀਂ, ਛਲਾਵਾ ਨਹੀਂ, ਸਗੋਂ 'ਸਤਿ' ਦੀ ਸਚੀ ਰਚਨਾ ਹੈ:

(1) ਆਪਿ ਸਤਿ ਕੀਆ ਸਭੁ ਸਤਿ

ਤਿਸ ਪ੍ਰਭ ਤੇ ਸਗਲੀ ਉਤਪਤਿ । ਸੁਖ 5.(294)

(2) ਸਚੁ ਸਚੁ ਸਚੁ ਸਭੁ ਕੀਨਾ, ਕੋਟਿ ਮਧੇ ਕਿਨੈ ਬਿਰਲੈ ਚੀਨਾ । ਸੁਖ 5(279)

5.9 ਸੰਸਾਰ ਦੀ ਅੰਤਿਮ ਸੂਖਮਤਾ ਪਰਮਾਣੂ , ਈਲੈਕਟਰਾਨ ਜਾਂ ਨਿਊਟਰਾਨ ਨਹੀਂ, ਸਗੋਂ, ਗੁਰੂ ਨਾਨਕ ਦੇਵ ਅਨੁਸਾਰ ਅੰਤਿਮ ਤਤ ਵੀ ਸੱਚ ' ਹੀ ਹੈ। 'ਸਚ' ਤੋਂ ਹੀ ਇਹ ਖੇਡ ਆਰੰਭ ਹੋਈ ਹੈ: ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ (ਸਿਰੀ੧,19) ਆਧੁਨਿਕ ਵਿਗਿਆਨ ਨੇ 18ਵੀਂ ਸਦੀ ਦੇ ਅੰਤ ਤੇ 'ਜਲ' ਨੂੰ ਪਵਨ (ਗੈਸਾਂ) ਦੇ ਰੂਪ ਵਿਚ ਵੇਖਿਆ ਅਤੇ ਅੱਜ ਵਿਸ਼ਵ ਦਾ ਆਦਿ ਇਨ੍ਹਾਂ ਗੈਸਾਂ (ਪਵਨ) ਤੋਂ ਮੰਨਿਆ ਜਾਂਦਾ ਹੈ।[58] ਪਰ ਗੈਸਾਂ ਦਾ ਆਦਿ ਕੀ ਹੈ? ਸਾਇੰਸ ਚੁੱਪ ਹੈ, ਪਰ ਗੁਰਮਤਿ ਅਨੁਸਾਰ ਇਨ੍ਹਾਂ ਗੈਸਾਂ(ਪਵਨ) ਦਾ ਆਦਿ 'ਸੱਚ' ਹੈ। ਸਚ ਤੋਂ ਸਾਰੀ ਹੋਂਦ ਵਿਦਮਾਨ ਹੋਈ ਅਤੇ 'ਸਚ' ਨੇ ਹੀ ਰਚਨਾ ਨੂੰ ਹੁਕਮਿ ਦੇ ਦੈਵੀ-ਕਾਨੂੰਨ ਵਿਚ ਬੰਨ੍ਹਿਆ ਹੋਇਆ ਹੈ ਜਿਸ ਅਧੀਨ ਭੌਤਿਕ ਵਸਤੂਆਂ ਕਾਲ-ਪੁਲਾੜ ਦੀ ਸੀਮਾਂ ਵਿਚ ਜੰਮਦੀਆਂ ਮਰਦੀਆਂ ਅਤੇ ਪਰੀਵਰਤਨਸ਼ੀਲ ਹੁੰਦੀਆਂ ਰਹਿੰਦੀਆਂ ਹਨ। ਸਤਿ ਦੀ ਇਸ ਰਚਨਾ ਦਾ ਆਧਾਰ 'ਸੱਚਾ ਨਾਮ' ਹੈ। ਇਸ ਲਈ ਸਾਰੀਆਂ ਕਿਰਤਾਂ ਵਿਚ ਭੌਤਿਕ ਅਤੇ ਪਰਾਭੌਤਿਕ ਤੱਤਾਂ ਨੂੰ ਇਕਠਾ ਕੀਤਾ ਗਿਆ ਹੈ ਜਿਥੇ ਅਵਾਸਤਵਿਕ ਅਤੇ ਵਾਸਤਵਿਕ, ਪਰੀਵਰਤਨਸ਼ੀਲ ਅਤੇ ਪਰਿਵਰਤਨ ਰਹਿਤ, ਮਰਣਸ਼ੀਲ ਅਤੇ ਅਮਰ, ਤ੍ਰੈਕਾਲ-ਪੁਲਾੜ ਬੱਧ ਅਤੇ ਤ੍ਰੈ-ਕਾਲ ਪੁਲਾੜ ਅਤੀਤ, ਅਸਥੂਲ ਅਤੇ ਸੂਖਮ, ਦ੍ਰਿਸ਼ਟਮਾਨ ਅਤੇ ਅਦਿਖ, ਸਰੀਰ ਅਤੇ ਆਤਮਾ ਮਿਲ ਕੇ ਪਰਮ-ਸਤਿ ਦੇ ਹੁਕਮ ਦੀ ਪਾਲਨਾ ਕਰ ਰਹੇ ਹਨ। ਇਹ ਕੋਈ ਦਵੰਦ ਜਾਂ ਵਿਰੋਧਾਭਾਸ

---

57. ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ। ਆਸਾ ੧ (463)

58. F. Sherwood Taylor, An Illustrated History of Science, 1965, p.98 cf.Manjit Singh, Gurbani and Science, Delhi:Gurdas Kapur & Sons 1973, pp. 13-22.

ਨਹੀਂ, ਸਗੋਂ ਸਤਿ-ਸਰੂਪ ਕਰਤਾਪੁਰਖ ਦੀ ਕਲਾ ਹੈ :

ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ।।

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ।

ਵਾਰ ਆਸਾ ੧ (469)

ਸਤਿ ਦੀ ਸਾਰੀ ਕਿਰਤ ਕਾਲ ਵਿਚ ਹੈ, ਅਤੇ ਕਾਲ-ਵਾਚੀ ਦ੍ਰਿਸ਼ਟੀ ਤੋਂ ਖੰਡ, ਬ੍ਰਹਿਮੰਡ, ਲੋਅ, ਆਕਾਰ ਸੱਚੇ ਹਨ।[59] ਸੱਚ ਦੀ ਸਰਬ-ਵਿਦਮਾਨਤਾ ਕਾਰਨ ਸਾਰੀਆਂ ਘਾੜਤਾਂ ਸੱਚੀਆਂ ਹਨ। ਪਰ ਨਿਰੀ ਭੌਤਿਕਤਾ, ਸੱਚ ਤੋਂ ਬਿਨਾਂ ਕੱਚ ਹੈ।[60] ਸੱਚ ਹੀ ਇਨ੍ਹਾਂ ਦਾ ਆਧਾਰ ਹੈ ਜੋ ਤ੍ਰੈ-ਕਾਲ ਅਤੀਤ ਹੈ। ਰਚਨਾ ਸਦਾ ਨਾ ਰਹਿਣ ਕਾਰਨ ਅਸਥਿਰ ਅਤੇ ਅਵਾਸਤਵਿਕ ਕਹੀ ਜਾਂਦੀ ਹੈ ਪਰ ਗੁਰਮਤਿ ਅਨੁਸਾਰ ਇਹ ਭੌਤਿਕਤਾ ਵੀ ਸੱਚੇ ਪਰਮਾਤਮਾ ਦਾ ਰਹਿਣ-ਅਸਥਾਨ ਹੈ ਅਤੇ ਇਸ ਕਾਰਨ ਸੱਚੀ ਹੈ।[61] ਭੌਤਿਕਤਾ ਅਤੇ ਪਰਾਭੌਤਿਕਤਾ ਦਾ ਹੋ ਰਿਹਾ ਖੇਲ ਤਮਾਸ਼ਾ ਵੀ ਉਸ ਦੀ ਵਡਿਆਈ ਦਾ ਸੂਚਕ ਹੈ।[62] "ਸਿੱਖ ਧਰਮ ਅਨੁਸਾਰ ਸੰਸਾਰ ਕੇਵਲ ਵਿਖਾਵਾ ਨਹੀਂ, ਇਹ ਅਵੱਸ਼ ਹੈ ਅਤੇ ਯਥਾਰਥਿਕ ਹੈ।[63] ਕਰਤੇ ਨਾਲ ਸੱਚ ਸ਼ਬਦ ਦਾ ਮੇਲ ਉਸ ਦੀ ਸਦੀਵਤਾ ਦਾ ਸੂਚਕ ਹੈ ਪਰ ਕੁਦਰਤ ਨਾਲ 'ਸੱਚ' ਸ਼ਬਦ ਦਾ ਪ੍ਰਯੋਗ ਕੁਦਰਤ ਦੀ ਹੋਂਦ ਦੇ ਸੱਚ ਨੂੰ ਪਰਗਟਾਉਂਦਾ ਹੈ।[64] ਸ਼ੰਕਰ ਅਤੇ ਉਸ ਦੇ ਅਨੁਯਾਈਆਂ ਨੇ ਸੰਸਾਰ ਦੀ ਹੋਂਦ ਨੂੰ ਹੀ ਸਵੀਕਾਰ ਨਹੀਂ ਕੀਤਾ ਅਤੇ ਇਸ ਨੂੰ ਧੋਖਾ ਅਤੇ ਭਰਮ ਕਿਹਾ ਹੈ,[65] ਪਰ ਗੁਰਮਤਿ ਵਿਚ ਬ੍ਰਹਿਮੰਡ ਅਤੇ ਸੰਸਾਰ ਦੀ ਅਸਲੀਅਤ ਸਿਖ ਨੈਤਿਕਤਾ ਦਾ ਆਧਾਰ ਹੈ। ਗੁਰੂ ਨਾਨਕ ਦੇਵ ਨੇ ਭਾਰਤੀ ਤੱਟ ਉਤੇ ਸੰਸਾਰ ਦੀ ਸਾਰਥਕਤਾ ਨੂੰ ਮੁੜ ਬਹਾਲ ਕੀਤਾ। "ਇਹ ਉਨ੍ਹਾਂ ਦੀ ਸਿਖਿਆ ਦੀ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਨਿਸ਼ਚੇ-ਪੂਰਵਕ ਦ੍ਰਿਸ਼ਟੀ ਨਾਲ ਸੰਸਾਰ ਨੂੰ ਸੱਚ ਮੰਨਿਆ ਅਤੇ ਮਨੁੱਖੀ ਜੀਵਨ ਨੂੰ ਅਨੇਕ-ਪੱਖਾਂ ਤੋਂ ਦ੍ਰਿਸ਼ਟੀ ਗੋਚਰ ਕੀਤਾ । ਉਨ੍ਹਾਂ ਨੇ ਪੂਰਵਵਰਤੀ ਪਰਾਂਪਰਿਕ ਦਾਰਸ਼ਨਿਕ ਪਰਣਾਲੀ ਤੋਂ ਸੁਤੰਤਰ ਹੋ ਕੇ ਧਰਮ ਦਰਸ਼ਨ ਵਿਚ ਨਵੀਂ ਸੇਧ ਦਿਤੀ।[67] ਗੁਰੂ ਜੀ ਅਨੁਸਾਰ ਸੰਸਾਰ ਦੀ ਭੌਤਿਕਤਾ ਵੀ ਪਰਮਾਤਮਾ ਦੀ ਕਿਰਤ ਹੈ। ਸਤਿ ਅਤੇ ਅਸਤਿ, ਪਰਾਭੌਤਿਕ ਅਤੇ ਭੌਤਿਕ ਦੀ ਸਾਂਝ ਸਾਡੀ ਸੀਮਤ ਬੁੱਧੀ ਨੂੰ ਵਿਰੋਧਾਭਾਸੀ ਜਾਪਦੀ ਹੈ ਪਰ ਪਰਮਾਤਮ-ਸ਼ਕਤੀ ਵਿਚ ਕੋਈ ਵਿਰੋਧਾਭਾਸ ਨਹੀਂ, ਕੋਈ ਅਸੰਭਵਤਾ ਨਹੀਂ। ਟੈਗੋਰ ਅਨੁਸਾਰ "ਭੌਤਿਕ ਕਿਰਤਾਂ ਵਿਚ ਤਬਦੀਲੀਆਂ ਦੇ ਬਾਵਜੂਦ

---

59. ਸਚੇ ਤੇਰੇ ਖੰਡ ਸਚੇ ਬ੍ਰਹਿਮੰਡ, ਆਸਾ ੧ (463)
60. ਨਾਨਕ ਸਚੁ ਧਿਆਇਨਿ ਸਚੁ, ਜੋ ਮਰਿ ਜੰਮੇ ਸੁ ਕਚੁ ਨਿਕਚੁ (ਉਹੀ)
61. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ , ਵਾਰ ਆਸਾ ੧ (463)
62. ਸਭੁ ਖੇਲ ਤਮਾਸ਼ਾ ਤੇਰੀ ਵਡਿਆਈ, ਮਾਰੂ (1061)
63. Dr. S.S. Kohli, Outlines of Sikh Thought, p.11.
64. Dr. S.S.Kohli, Sikh Ethics, p-23.
65. Swami Ram Tirath, Heart of Rama op.cit., p.41.
66. Harbans Singh, Guru Nanak and Origins of Sikh Faith, New Delhi: 1969 p.204.
67. ਡਾ: ਹਰਬੰਸ ਲਾਲ ਸ਼ਰਮਾ, ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ (ਹਿੰਦੀ) ਦਿਲੀ, 1972 ਪੰਨਾ 10.

ਸੰਸਾਰ ਕੋਈ ਛਲਾਵਾ ਨਹੀਂ ਅਤੇ ਆਪਣੀਆਂ ਬਦਲ ਰਹੀਆਂ ਗਤੀਆਂ ਤੋਂ ਹੀ ਉਸ ਨੂੰ ਪ੍ਰਗਟ ਕਰ ਰਿਹਾ ਹੈ ਜੋ ਸਦੀਵ ਹੈ, ਸਤਿ ਹੈ।[68] ਟੈਗੋਰ ਅਨੁਸਾਰ "ਅਨੰਦ ਦਾ ਪਰਮਾਤਮਾ ਗਤੀਸ਼ੀਲ ਹੈ, ਕਿਰਿਆ-ਸ਼ੀਲ ਹੈ, ਉਹ ਆਪਾ ਵਾਰ ਰਿਹਾ ਹੈ। ਇਸ ਵਾਰਨ ਦੀ ਕਿਰਿਆ ਵਿਚ ਉਸ ਨੇ ਅਸੀਮ ਤੋਂ ਸੀਮਾ ਧਾਰਨ ਕਰ ਲਈ ਤੇ ਸੱਚ ਹੋ ਕੇ ਪ੍ਰਗਟ ਹੁੰਦਾ ਹੈ ਤਾਕਿ ਮੈਂ ਉਸ ਤੋਂ ਅਨੰਦ ਲੈ ਸਕਾਂ।"[69]

ਗੁਰੂ ਨਾਨਕ ਦੇਵ ਦੇ 'ਸਤਿ' ਅਤੇ 'ਬ੍ਰਹਿਮੰਡ ਸਤਿ' ਸਿਧਾਂਤ ਨੂੰ ਗੁਰੂ ਅਰਜਨ ਦੇ ਦੀ ਨਿਮਨ ਰਚਨਾ ਤੋਂ ਚੰਗੇਰੇ ਰੂਪ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ:

ਰੂਪੁ ਸਤਿ ਜਾ ਕਾ ਸਤਿ ਅਸਥਾਨੁ, ਪੁਰਖੁ ਸਤਿ ਕੇਵਲ ਪਰਧਾਨੁ।
ਕਰਤੂਤਿ ਸਤਿ ਸਤਿ ਜਾ ਕੀ ਬਾਣੀ, ਸਤਿਪੁਰਖ ਸਭ ਮਾਹਿ ਸਮਾਣੀ ।
ਸਤਿ ਕਰਮੁ ਜਾ ਕੀ ਰਚਨਾ ਸਤਿ, ਮੂਲੁ ਸਤਿ ਸਤਿ ਉਤਪਤਿ ।
ਸਤਿ ਕਰਣੀ ਨਿਰਮਲ ਨਿਰਮਲੀ, ਜਿਸਹਿ ਬੁਝਾਏ , ਤਿਸਹਿ ਸਭ ਭਲੀ ।
ਸਤਿਨਾਮ ਪ੍ਰਭ ਕਾ ਸੁਖਦਾਈ, ਬਿਸਵਾਸ ਸਤਿ ਨਾਨਕ ਗੁਰ ਤੇ ਪਾਈ।

(ਸੁਖਮਨੀ 5, 284)

5.10. ਜੀਵ ਦੀ ਉਪਜ ਵੀ ਸਤਿ ਤੋਂ ਹੈ। ਸਚ ਨਾਲ ਮਿਲਾਪ ਹੀ ਉਸਦਾ ਕਰਤੱਵ ਹੈ। ਉਸ ਦੇ ਜੀਵਨ ਦਾ ਮੰਤਵ 'ਸੱਚ' ਦੀ ਪ੍ਰਾਪਤੀ ਹੈ। ਹਉਮੈ-ਰਹਿਤ ਹੋ ਕੇ ਮਨੁੱਖ ਸ਼ਬਦ ਰਾਹੀਂ ਸੱਚ ਨੂੰ ਪ੍ਰਾਪਤ ਕਰਦਾ ਹੈ। ਹਉਮੈ ਵੱਸ ਹੋ ਕੇ ਮਨੁੱਖ ਆਵਾਗਉਣ ਦੇ ਚੱਕਰ ਵਿਚ ਪੈ ਜਾਂਦਾ ਹੈ।[70] ਮਨੁੱਖ ਜੋਤੀ-ਸਰੂਪ ਹੈ; ਇਸ ਦਾ ਮੂਲ ਪਰਮ-ਸਤਿ ਹੈ; ਇਸ ਤੱਥ ਦੀ ਪਛਾਣ ਹੀ ਇਸਦਾ ਜੀਵਨ-ਲਕਸ਼ ਹੈ।[71] ਸੱਚ ਦੀ ਪ੍ਰਾਪਤੀ ਕਰਕੇ ਹੀ ਜੀਵ 'ਸਚਿਆਰਾ' ਹੋ ਸਕਦਾ ਹੈ। ਸੱਚ ਦੀ ਪ੍ਰਾਪਤੀ ਲਈ 'ਹੁਕਮ' ਅਤੇ 'ਰਜ਼ਾ' ਨੂੰ ਸਮਝਣ ਅਤੇ ਅਮਲ ਵਿਚ ਲਿਆਉਣ ਲਈ ਦੀ ਲੋੜ ਹੈ। (ਹੁਕਮਿ ਰਜਾਈ ਚਲਣਾ , ਜਪੁ:੧)। ਹੁਕਮਿ ਰਜ਼ਾ ਦਾ ਜੀਵਨ ਸਦਾਚਾਰਕ ਤੌਰ ਤੇ ਸੱਚਾ ਅਤੇ ਸੁੱਚਾ ਜੀਵਨ ਹੁੰਦਾ ਹੈ। (ਸੁਚਿ ਹੋਵੈ ਤਾ ਸਚੁ ਪਾਈਐ, ਆਸਾ ੧, 472) ਗੁਰੂ ਨਾਨਕ ਦੇਵ ਨੇ ਭਾਵਾਤਮਕ ਸੱਚ ਨਾਲੋਂ ਸੱਚੇ ਅਮਲੀ ਜੀਵਨ ਨੂੰ ਉਚਾ ਮੰਨਿਆ ਹੈ।

---

68. Rabindra nath Tagore, Personality:London:Mac & Co.,Ltd. ,1959 P.60
69. Ibid ., p. 62.
70. ਸਾਚੇ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਇਕ ਮਇਆ।।
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾਗਉਣ ਭਇਆ।।
ਆਵਾ ਗਉਣ ਮਿਟੈ 'ਗੁਰਸਬਦੀ' ਆਪੇ ਪਰਖੈ ਬਖਸਿ ਲਇਆ।। ਰਾਮ. ੧(940)
71. ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ । ਆਸਾ 3(441)
72.

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ , ਸਿਰੀ ੧ (62)

ਸੱਚ ਦੀ ਪ੍ਰਾਪਤੀ ਲਈ ਨਿਰਭੈਤਾ, ਨਿਰਵੈਰਤਾ, ਪ੍ਰੇਮ, ਪਵਿਤਰਤਾ, ਨਿਆਇ, ਉਦਾਰਤਾ, ਕਿਰਪਾਲਤਾ, ਸਿੱਠਤ, ਅਤੇ ਮਨ, ਬੱਚ, ਕਰਮ ਦੀ ਸ਼ੁੱਧਤਾ ਜ਼ਰੂਰੀ ਹੈ।[72]

ਡਾਕਟਰ ਰਾਧਾ ਕ੍ਰਿਸ਼ਨਨ ਅਨੁਸਾਰ ਪਰਮ ਸੱਚ ਅਨੁਭਵ ਦੀ ਪ੍ਰਾਪਤੀ ਆਪਾ-ਤਿਆਗਣ ਨਾਲ ਹੁੰਦੀ ਹੈ ਨਾਕਿ ਰਸਮੀ ਚੀਨਦਾਰੀ ਜਾਂ ਤੀਰਥਯਾਤਰਾ ਨਾਲ। ਇਹ ਅੰਤਰ-ਵਰਤੀ-ਯਾਤਰਾ ਹੈ ਜਿਹੜੀ ਕਿ ਸਾਨੂੰ ਕਰਨੀ ਪੈਂਦੀ ਹੈ।[73] ਇਹ ਪੰਧ ਰੋਸ਼ਨੀ ਦਾ, ਦੈਵੀ-ਤੱਤ ਦਾ, ਹਉਮੈ ਨਵਿਰਤੀ ਦਾ, ਸੇਵਾ ਅਤੇ ਪਰਮਾਤਮਾ ਨਾਲ ਮਿਲਾਪ ਦਾ ਪੰਧ ਹੈ।"[74] ਡਾਕਟਰ ਤਾਰਨ ਸਿੰਘ ਅਨੁਸਾਰ 'ਸਚਿਆਰ' ਪਦ ਦੀ ਪਰਾਪਤੀ ਲਈ ਅੱਠ ਗੁਣ ਜ਼ਰੂਰੀ ਹਨ: ਹੁਕਮਿ ਅਨੁਸਾਰ ਜੀਵਨ; ਜ਼ਮੀਰ ਅਨੁਸਾਰ ਅਮਲ; ਖ਼ੁਦਗਰਜ਼ੀ ਦਾ ਤਿਆਗ; ਸ਼ਕਤੀ ਅਤੇ ਗੁਣਾਂ ਦੀ ਯੋਗ ਵਰਤੋਂ; ਸਵੈ-ਪੜਤਾਲ; ਗੁਰਮੁਖਿ ਅਨੁਸਾਰ ਜੀਵਨ ਬਤੀਤ ਕਰਨਾ; ਉਜਲ, ਨਿਰਮਲ ਵਿਚਾਰਾਂ ਨੂੰ ਧਾਰਨ ਕਰਨਾ ਅਤੇ ਪਰਮਾਤਮਾ ਦੀ ਮਿਹਰ । ਇਹ ਗੁਣ ਹੀ ਮਨੁੱਖ ਨੂੰ ਸਚਿਆਰ ਬਣਾਂਦੇ ਹਨ।[75]

ਗੁਰੂ ਨਾਨਕ ਦੇਵ ਨੇ/ਬ੍ਰਹਮ ਨੂੰ 'ਸਤਿ' ਸਰੂਪ ਵਿਚ ਸੰਕਲਪ ਕੇ ਸੱਚੇ ਅਮਲ ਨੂੰ ਸੱਚੇ ਧਾਰਮਿਕ ਜੀਵਨ ਦਾ ਪਰਮ-ਆਧਾਰ ਨਿਸਚਿਤ ਕਰ ਦਿੱਤਾ।"[76] ਇਹ ਗੁਰੂ ਜੀ ਦੀ ਭਾਰਤੀ ਵਿਚਾਰਧਾਰਾ ਨੂੰ ਵੱਡੀ ਦੇਣ ਸੀ ਕਿਉਂਕਿ ਗੁਰੂ ਜੀ ਨੇ 'ਸਤਿ' ਦੇ ਸੰਕਲਪ ਰਾਹੀਂ ਸਦਾਚਾਰ ਦੀਆਂ ਸਰਵੋਤਮ ਕੀਮਤਾਂ ਨੂੰ ਪਰਮ ਸਤਿ ਨਾਲ ਜੋੜ ਦਿਤਾ ਜਦ ਕਿ ਭਾਰਤੀ ਵਿਚਾਰਧਾਰਾ ਵਿਚ ਬ੍ਰਹਮ ਪਾਪ, ਪੁੰਨ, ਸਤਿ, ਅਸਤਿ ਤੋਂ ਉਪਰ ਹੈ। ਗੁਰੂ ਜੀ ਨੇ 'ਸਤਿ' ਨੂੰ 'ਨਾਮ' ਨਾਲ ਸੰਬੰਧਿਤ ਕਰਕੇ 'ਸਤਿ' ਨੂੰ ਸਾਰੀਆਂ ਚੰਗਿਆਈਆਂ ਅਤੇ ਸਦਾਚਾਰਕ ਗੁਣਾਂ ਦਾ ਖ਼ਜ਼ਾਨਾ(ਗੁਣੀ-ਨਿਧਾਨ) ਦਸਿਆ ਹੈ। ਜੇ ਰਬ ਸਚ ਹੈ ਅਤੇ ਸਚ ਰੱਬ ਹੈ ਤਾਂ ਝੂਠ ਅਤੇ ਕੂੜ, ਸੱਚ ਅਤੇ ਰੱਬ ਦੇ ਉਲਟ ਹਨ।[77]

6.1 <u>ਨਾਮ:</u>* ਸ਼ਬਦ ਵਿਉਤਪਤੀ ਅਤੇ ਕੋਸ਼ ਅਰਥ:ਨਾਮ ਦਾ ਸੰਸਕ੍ਰਿਤ ਰੂਪ ਨਾਮਨ ਹੈ, ਇਸ ਦਾ ਧਾਤੂ ਹੈ 'ਮਨਾ' ਜਿਸ ਦਾ ਭਾਵ ਹੈ ਯਾਦ ਕਰਨਾ, ਯਾਦ ਰਖਣਾ। 'ਨਾਮਨ' ਤੋਂ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ 'ਨਾਮ'[78]

---

72. ਡਾ: ਸ.ਸ. ਕੋਹਲੀ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਨਾ 65-70.
73. ਡਾ: ਰਾਧਾਂ ਕ੍ਰਿਸ਼ਨਨ, ਗੁਰੂ ਨਾਨਕ, ਜੀਵਨ, ਯੁਗ ਅਤੇ ਉਪਦੇਸ਼, ਪੰਨਾ 11.
74. ਡਾ: ਤਾਰਨ ਸਿੰਘ, ਉਕਤ, ਪੁਸਤਕ , ਪੰਨਾ 70.
75. ਗੁਰੂ ਨਾਨਕ, ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963,ਪੰਨਾ 101.
76. Indu Bhushan Banerjee, Evolution of Khalsa, Calcutta;1963, p.103
77. Shanta Sarbjit Singh, Nanak The Guru, Orient Logman, 1970,p.169.
78. ਭਾਈ ਵੀਰ ਸਿੰਘ, ਸੰਥਯਾ,(13); ਪੰਡਿਤ ਕਰਤਾਰ ਸਿੰਘ ਦਾਖਾ, ਜਪੁ ਨੀਸਾਣ(13-14); ਭਾਈ ਕਾਨ੍ਹ ਸਿੰਘ, ਮਹਾਨ ਕੋਸ਼(697)

* ਅਗੇਲੇ ਪੰਨੇ ਤੇ ਜਾਰੀ ਹੈ।

ਵਾਮਨ ਸ਼ਿਵਰਾਮ ਆਪਟੇ[79] ਅਤੇ ਮੋਨੀਅਰ ਵਿਲੀਅਮ[80] ਦੇ ਕੋਸ਼ਾਂ ਵਿਚ ਨਾਮ(ਨਾਮਨ) ਨੂੰ ਅਵਯੀਭਾਵ (ਨਾਮ+ ਵਿਚ+ਭ) ਨਿਮਨਾਂਤਿਕ ਅਰਥਾਂ ਵਿਚ ਪ੍ਰਯੁਕਤ ਹੋਣ ਵਾਲਾ 'ਅਵਯਯ' ਦਸਿਆ ਹੈ ਜਿਸ ਦੇ ਨਿਮਨ ਅਰਥ ਹੋ ਸਕਦੇ ਹਨ: (ੳ) ਨਾਮਧਾਰੀ, ਨਾਮਕ, ਨਾਮ ਤੋਂ (ਅ) ਨਿਰਸੰਦੇਹ ਨਿਸ਼ਚੇ ਹੀ, ਸਚਮੁੱਚ, ਵਾਸਤਵ ਵਿਚ, ਯਥਾਰਥ ਵਿਚ, ਅਵੱਸ਼, ਵਸਤੁਤ (ੲ) ਸੰਭਵਤ (ਕੀ ਇਹ ਸੰਭਵ ਹੈ ਕਿ!) (ਹ) ਝੂਠ ਮੂਠ ਦਾ ਕਾਰਯ, ਬਹਾਨਾ (ਕ) ਆਸ਼ਚਰਯ (ਖ) ਰੋਸ ਜਾਂ ਨਿੰਦਾ

6.2 ਭਾਈ ਕਾਨ੍ਹ ਸਿੰਘ ਅਨੁਸਾਰ "ਨਾਮ ਜਾਂ ਨਾਉਂ ਸੰਗਯਾ ਹੈ। ਇਹ ਕਿਸੇ ਵਸਤੂ ਦਾ <u>ਬੋਧ ਕਰਾਉਣ ਵਾਲਾ ਸ਼ਬਦ</u> ਹੈ। ਨਾਮ ਦੇ ਮੁੱਖ ਦੋ ਭੇਦ ਹਨ—ਇਕ ਵਸਤੁਵਾਚਕ, ਦੂਜਾ ਭਾਵ ਵਾਚਕ। ਗੁਰਬਾਣੀ ਵਿਚ "ਨਾਮ" ਕਰਤਾਰ ਅਤੇ ਉਸ ਦਾ ਹੁਕਮ-ਬੋਧਕ ਸ਼ਬਦ ਭੀ ਹੈ।"[81.] ਭਾਈ ਵੀਰ ਸਿੰਘ ਅਨੁਸਾਰ ਗੁਰਬਾਣੀ ਵਿਚ ਨਾਮ ਪਦ ਵਿਸ਼ੇਸ਼ ਕਰਕੇ 'ਪਰਮੇਸ਼ੁਰ ਦੇ ਨਾਮ' ਦਾ ਵਾਚਕ ਹੋ ਕੇ ਆਇਆ ਹੈ —... ਨਾਮ(ਪਰਮਾਤਮਾ ਅਤੇ ਮਨੁੱਖੀ ਚੇਤਨਾ) ਦੋਹਾਂ ਦੇ ਵਿਚਾਲੇ ਮੇਲਣਹਾਰ ਸੰਤਯਾ ਹੈ —...ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ।[82] ਭਾਈ ਜੋਧ ਸਿੰਘ ਅਨੁਸਾਰ'ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ।[83] ਡਾਕਟਰ ਤਾਰਨ ਸਿੰਘ ਨੇ ਨਾਮ ਨੂੰ ਸਦਾਚਾਰਕ ਗੁਣਾਂ ਨਾਲ ਅਭੇਦ ਕੀਤਾ ਹੈ,"ਨਾਮ ਦਾ ਸਰੂਪ ਕੋਈ ਨਾ ਕੋਈ ਸਦਾਚਾਰਕ ਗੁਣ ਹੈ, ਸਖਸ਼ੀਅਤ ਦਾ ਕੋਈ ਵੱਸਫ—ਨਿਮਰਤਾ, ਮਿਠਾਸ, ਨੇਕ ਨੀਤੀ, ਸੱਚ ਦਾ ਪਿਆਰ, ਨਿਆਂ, ਹਕ ਪਰਾਏ ਦੀ ਸਾਰ, ਲਾਲਚ ਦਾ ਤਿਆਗ, ਕਾਮਾਦਿਕ ਦਾ ਜ਼ਬਤ, ਮੋਹ ਤੋਂ ਉਠਣਾ, ਖੁਦਗਰਜ਼ੀ ਦਾ ਨਾਸ਼ ਆਦਿ"[84.] ਡਾ: ਤਰਲੋਚਨ ਸਿੰਘ ਅਨੁਸਾਰ ਸੱਚਾ ਨਾਮ ਕੇਵਲ ਸ਼ਬਦ ਨਹੀਂ, ਜੋ ਕਿਸੇ ਵਸਤੂ ਦਾ ਸੰਕੇਤ ਦਿੰਦਾ ਹੈ, ਸਗੋਂ ਨਾਮ ਤਾਂ ਵਾਸਤਵਿਕਤਾ ਦੀ ਸਮੁੱਚੀ ਸ਼ਕਤੀ, ਗੁਣ ਅਤੇ ਪ੍ਰਕ੍ਰਿਤੀ ਹੈ।[85] ਡਾ: ਸ਼ੇਰ ਸਿੰਘ ਅਨੁਸਾਰ"ਨਾਮ ਤੋਂ ਭਾਵ ਉਹ ਖਾਸ ਜਾਪ ਕਰਨ ਵਾਲਾ ਪਦ ਜਾਂ ਅਕਾਲਪੁਰਖ ਦਾ ਨਾਉਂ ਹੁੰਦਾ ਹੈ ਜਿਸ ਦੇ ਸਿਮਰਣ ਤੋਂ ਉਹ ਪਰਮ ਪਦ ਤੇ ਪਰਮ ਅਨੰਦ ਦੀ ਪ੍ਰਾਪਤੀ ਦੇ

---

* <u>ਪਿਛਲੇ ਸਫੇ ਦੀ ਬਾਕੀ</u>:

ਗੁਰਬਾਣੀ ਵਿਚ 'ਨਾਮ' ਪਦ ਕਈ ਰੂਪਾਂ ਵਿਚ ਵਰਤਿਆ ਗਿਆ ਹੈ।ਕੇਵਲ ਜਪੁਜੀ ਵਿਚ ਹੀ 'ਨਾਮੁ' ਨਾਉ (ਪਉੜੀ 4,7,24); ਨਾਇ(4); ਨਾਈ(21,27); ਨਾਵ(16,19) ਅਤੇ ਨਾਵੈ(19,20) ਛੇ ਭੇਦਾਂ ਵਿਚ ਪ੍ਰਾਪਤ ਹੈ ਅਤੇ ਸਭ ਰੂਪਾਂ ਦਾ ਸੰਬੰਧ ਵਾਹਿਗੁਰੂ ਅਕਾਲਪੁਰਖ ਦੇ 'ਨਾਮ' ਨਾਲ ਹੈ।

79. ਸੰਸਕ੍ਰਿਤ-ਹਿੰਦੀ ਕੋਸ਼, ਵਾਰਾਣਸੀ, 1966, (518)
80. ਮੋਨੀਅਰ ਕੋਸ਼(536)
81. ਮਹਾਨ ਕੋਸ਼ ਪੰਨਾ 699; ਭਾਈ ਕਾਨ੍ਹ ਸਿੰਘ ਅਨੁਸਾਰ'ਨਾਮ' ਦਾ ਅਰਥ ਅੰਗੀਕਾਰ, ਸਮਰਣ, ਚੇਤਾ, ਪ੍ਰਸਿੱਧੀ, ਮਸ਼ਹੂਰੀ ਵੀ ਹੋ ਸਕਦਾ ਹੈ।
82. ਭਾਈ ਵੀਰ ਸਿੰਘ, ਸੰਥਯਾ, ੧, ਪੰਨਾ 13,14,18.
83. ਭਾਈ ਜੋਧ ਸਿੰਘ, ਗੁਰੂ ਨਾਨਕ ਬਾਣੀ ਪੰਨਾ 25.
84. ਡਾ: ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਸ਼੍ਰੋ: ਗੁ: ਪ੍ਰੰ: ਕਮੇਟੀ, 1963, ਪੰਨਾ 42. 85. ਡਾ: ਤਰਲੋਚਨ ਸਿੰਘ ਉਕਤ ਪੰਨਾ

ਚਾਹਵਾਨ ਹੁੰਦੇ ਹਨ।"[86] ਪਰ ਮੈਕਲੋਡ ਨੇ ਜਪਣਯੋਗ ਨਾਵਾਂ ਅਤੇ 'ਨਾਮ' ਵਿਚ ਅੰਤਰ ਦਸਿਆ ਹੈ। ਪਰਮਾਤਮਾ ਦੇ ਅਨੇਕਾਂ ਜਪਣਯੋਗ ਨਾਵ ਜਿਵੇਂ ਹਰੀ, ਰਾਮ, ਪਰਮੇਸ਼ਵਰ, ਜਗਦੀਸ਼, ਪ੍ਰਭੂ ਸਾਰੇ ਇਕ ਪੱਖੀ ਨਾਵ ਹਨ ਅਤੇ ਇਨ੍ਹਾਂ ਵਿਚੋਂ ਕੋਈ ਵੀ ਸਰਬ-ਪੱਖੀ ਆਵਸ਼ਕ ਨਾਮ ਨਹੀਂ। ਮੈਕਲੋਡ ਅਨੁਸਾਰ 'ਨਿਰੰਜਨ' ਅਤੇ 'ਨਿਰੰਕਾਰ' ਭਾਵੇਂ ਬੜੇ ਮਹੱਤਵਪੂਰਣ ਨਾਂਉ ਹਨ ਤਾਂ ਵੀ ਇਹ 'ਨਾਮ' ਨਹੀਂ, 'ਨਾਮ' ਦੇ ਪੱਖ ਹਨ। ਉਸ ਅਨੁਸਾਰ "ਨਾਮ ਪਰਮਾਤਮਾ ਦਾ ਪੂਰਨ ਪਰਗਟਾਵਾ ਹੈ।"[87] ਸੋਹਣ ਸਿੰਘ ਅਨੁਸਾਰ 'ਨਾਮ' ਦਾ ਭਾਵ 'ਜੋਤਿ' ਜਾਂ 'ਆਤਮਾ' ਹੈ" ਹਰੇਕ ਵਿਅਕਤੀ 'ਨਾਮ' ਅਤੇ ਰੂਪ ਦਾ ਸਮੂਹਕ ਹੈ ਪਰ ਪਰਮਾਤਮਾ ਨੂੰ ਕਿਸੇ ਵਿਸ਼ੇਸ਼ ਰੂਪ ਵਿਚ ਦਰਸਾਇਆ ਨਹੀਂ ਜਾ ਸਕਦਾ। ਇਸ ਲਈ ਉਹ ਕੇਵਲ 'ਨਾਮ' ਹੈ ਅਰਥਾਤ 'ਆਤਮਾ' ਜਾਂ ਜੋਤਿ ਹੈ।[88] ਸਤਿਬੀਰ ਸਿੰਘ ਅਨੁਸਾਰ" ਨਾਮ ਇਕ ਐਸੀ ਕ੍ਰੇਂਦ੍ਰੀ ਦੋੜਦੀ ਰੋ ਹੈ ਜੋ ਬ੍ਰਹਿਮੰਡ ਤੇ ਪਿੰਡ ਵਿਚਕਾਰ ਇਕ-ਸਾਰ ਤੇ ਇਕ-ਸੁਰ ਹੋ ਕੇ ਸਰਬ-ਵਿਆਪਕਤਾ ਦੇ ਰੂਪ ਵਿਚ ਅਟਨ ਵਿਚਰ ਰਹੀ ਹੈ।"[89]

6.3. ਕੋਸ਼-ਅਰਥਾਂ, ਵਿਦਵਾਨਾਂ ਦੇ ਵਿਚਾਰਾਂ ਅਤੇ ਗੁਰਬਾਣੀ ਨੂੰ ਧਿਆਨ ਵਿਚ ਰਖਦਿਆਂ ਇਹ ਨਿਰਣਾ ਲਿਆ ਜਾ ਸਕਦਾ ਹੈ ਕਿ 'ਨਾਮ' 'ਪਰਮ-ਸਤਿ' ਦੀ 'ਚੇਤਨ-ਸਤਾ' ਹੈ ਜੋ ਸੂਖਮ ਤੋਂ ਸੂਖਮ ਅਤੇ ਸਥੂਲ ਤੋਂ ਸਥੂਲ ਰਚਨਾ ਵਿਚ ਵਿਆਪਕ ਹੈ ਅਤੇ ਇਸ ਦਾ ਆਧਾਰ ਹੈ। ਇਸ ਦਾ ਟਿਕਾਣਾ ਹਰੇਕ ਮਨੁੱਖੀ ਹਿਰਦੇ ਵਿਚ ਭੀ ਹੈ। ਇਸ ਦਾ ਅਨੁਭਵ ਹੀ 'ਨਾਮ' ਦਾ ਅਨੁਭਵ ਹੈ ਅਤੇ ਨਾਮ ਦਾ ਅਨੁਭਵ ਪਰਮਾਤਮ-ਅਨੁਭਵ ਹੈ। ਪਰਮਾਤਮਾ ਦਾ 'ਰੂਪ' ਕੋਈ ਨਹੀਂ, ਉਹ ਕੇਵਲ '<u>ਨਾਮ</u>' ਹੈ ।

ਦ੍ਰਿਸ਼ਟਮਾਨ ਰਚਨਾ ਦੇ ਦੋ ਪਹਿਲੂ ਹਨ —ਸਥੂਲ ਦ੍ਰਿਸ਼ਟਮਾਨ ( Phenomenal ) ਅਤੇ ਸੂਖਮ ਅਦ੍ਰਿਸ਼ਟਮਾਨ ( Neumenal )। ਸਥੂਲ ਦਾ ਸੰਬੰਧ ਕਾਲ ਨਾਲ ਹੈ, ਇਸ ਲਈ ਪਰਵਰਤਨਸ਼ੀਲਤਾ ਅਤੇ ਅੰਤ ਇਸ ਦੇ ਸੁਭਾਵਕ ਗੁਣ ਹਨ। ਸਥੂਲ ਦਾ <u>ਆਧਾਰ ਤਤ</u>, <u>ਸੂਖਮ</u>, <u>ਅਦ੍ਰਿਸ਼ਟ</u> ਅਤੇ <u>ਅਰੂਪ ਚੇਤਨ-ਸਤਾ</u> "ਨਾਮ" ਅਕਾਲ ਹੈ, ਤ੍ਰੈ-ਕਾਲ ਵਿਚ ਵਿਆਪਕ ਹੋ ਕੇ ਵੀ ਤ੍ਰੈ-ਕਾਲ ਅਤੀਤ ਹੈ। ਇਸ ਲਈ ਪਰੀਵਰਤਨ-ਰਹਿਤ ਹੈ "ਅੰਮ੍ਰਿਤ" ਹੈ, ਵਾਸਤਵਿਕ ਹੈ ਅਤੇ ਪਰਮ-ਸਤਿ' ਹੈ। ਸਥੂਲ-ਦ੍ਰਿਸ਼ਟਮਾਨ ਕਾਲ-ਦ੍ਰਿਸ਼ਟੀ ਤੋਂ ਸੱਚ ਹੈ, ਹੋਂਦ-ਭਰਪੂਰ ਹੈ ਪਰ ਅਕਾਲ ਦ੍ਰਿਸ਼ਟੀ ਤੋਂ ਇਸ ਦੀ ਸਤਯਤਾ ਸਾਪੇਖ ਅਤੇ ਪ੍ਰਾਧੀਨ ਹੈ। ਇਸ ਦੀ ਹੋਂਦ ਸਵੈ-ਆਸਰਿਤ ਨਹੀਂ, ਨਾਮ-ਆਸਰਿਤ ਹੈ।

---

86. ਡਾ: ਸ਼ੇਰ ਸਿੰਘ, ਜਪੁਜੀ ਦਰਸ਼ਨ, ਪੰਨਾ 79.
87. ਮੈਕਲੋਡ, ਉਕਤ, ਪੰਨਾ 196.
88. ਸੋਹਨ ਸਿੰਘ, ਸੀਕਰਜ਼ ਪਾਥ, ਪੰਨਾ 3.
89. ਸਿਖ ਫਲਸਫੇ ਦੀ ਰੂਪ-ਰੇਖਾ, ਪੰਨਾ 107-108.

ਭੌਤਿਕ ਵਿਗਿਆਨ ਦਾ ਸੰਬੰਧ ਪਰਾਧੀਨ ਅਤੇ ਸਾਪੇਖ ਸੱਚ, ਅਰਥਾਤ ਸਥੂਲ ਅਤੇ ਦ੍ਰਿਸ਼ਟਮਾਨ ਭੌਤਿਕਤਾ ਨਾਲ ਹੈ। ਭੌਤਿਕਤਾ ਦੇ ਸੂਖਮ ਤੋਂ ਸੂਖਮ ਆਧਾਰ-ਤਤ ਦੀ ਭਾਲ ਵਿਚ ਵਿਗਿਆਨ ਨੇ ਐਟਮ, ਈਲੈਕਟਰਾਨ ਅਤੇ ਪ੍ਰੋਟਾਨ ਦੀ ਭਾਲ ਕੀਤੀ ਪਰ ਇਹ ਵੀ ਅੰਤਲਾ ਪੜਾ ਨਹੀਂ। ਵਿਗਿਆਨ ਇਸ ਤੋਂ ਵੀ ਸੂਖਮ ਤੱਤ ਦੀ ਭਾਲ ਵਿਚ ਹੈ। ਇਸ ਭਾਲ ਵਿਚ ਇਕ ਤੱਥ ਇਹ ਸਾਹਮਣੇ ਆਇਆ ਹੈ ਕਿ ਸੂਖਮਤਾ ਅਤੀ ਸ਼ਕਤੀਸ਼ਾਲੀ ਹੈ। ਗੁਰੂ ਨਾਨਕ ਦੇਵ ਅਨੁਸਾਰ ਇਹ ਅੰਤਿਮ ਮੂਲ-ਤੱਤ 'ਚੇਤਨ-ਸਤਾ' ਅਰਥਾਤ 'ਨਾਮ' ਹੈ।[90] ਜੋ ਭੌਤਿਕ ਨਹੀਂ, ਪਰਾਭੌਤਿਕ ਹੈ; ਜੋਤਿ ਹੈ, ਚੇਤਨ ਸ਼ਕਤੀ ਹੈ, ਆਧਾਰ-ਤੱਤ ਹੈ[91] ਅਤੇ ਸਾਰੀਆਂ ਕਿਰਤਾਂ ਵਿਚ ਵਿਦਮਾਨ ਹੈ।[92] ਨਾ ਮਾਦਾ ਅੰਤਿਮ ਸਤ ਹੈ, ਨਾ ਹੀ ਮਨ। ਅੰਤਿਮ ਸਤ ਮਾਦਾ ਅਤੇ ਮਨ ਦੇ ਪਿਛੇ ਕੰਮ ਕਰ ਰਿਹਾ ਸੂਖਮ ਬ੍ਰਹਮ ਤੱਤ ਹੈ।"[93] ਇਹੋ ਪਰਮ-ਤੱਤ (ਨਾਮ) ਸੰਸਾਰ ਨੂੰ ਹਰਕਤ ਦੇਣ ਵਾਲੀ ਸ਼ਕਤੀ ਹੈ ਅਤੇ ਇਸ ਦੀ ਪਰੀਵਰਤਨਸ਼ੀਲਤਾ ਦਾ ਕਾਰਨ ਹੈ। ਨਾਮ ਇਕ ਪਾਸੇ ਨਾਮੀ ਪਰਮਾਤਮਾ ਨਾਲ ਸਿਧਾ ਸੰਬੰਧਿਤ ਹੈ ਦੂਜੇ ਪਾਸੇ ਸਾਰੀ ਕਾਇਨਾਤ ਦਾ ਆਧਾਰ ਤੱਤ ਹੋਣ ਕਾਰਨ ਸ੍ਰਿਸ਼ਟੀ ਨਾਲ ਨਿਕਟਵਰਤੀ ਸੰਬੰਧ ਰਖਦਾ ਹੈ। ਇਸ ਤਰ੍ਹਾਂ 'ਨਾਮ' 'ਕਰਤਾਰ' ਅਤੇ 'ਕਿਰਤ' ਦਾ ਸੰਯੋਜਕ ਹੈ। ਨਾਮ ਰਾਹੀਂ ਮਨੁੱਖ ਸੰਸਾਰ ਤੋਂ ਉਠ ਕੇ ਕਰਤਾਰ ਨਾਲ ਜੁੜ ਸਕਦਾ ਹੈ। ਇਹੋ ਨਾਮ ਦਾ ਰਹੱਸ ਹੈ।

7.1 ਨਾਮ : <u>ਸਤਿ, ਸਚ, ਨਿਰੰਕਾਰ, ਨਾਮ, ਸ਼ਬਦ ਦੀ ਅਭੇਦਤਾ</u>।

ਨਿਰੰਕਾਰ ਦਾ 'ਨਾਮ' ਅਤੇ ਨਿਰੰਕਾਰ ਅਭੇਦ ਹਨ। ਪਰਮਾਤਮਾ ਦਾ ਨਾਮ ਪਰਮਾਤਮਾ ਦੀ ਹੀ ਚੇਤਨ-ਸਤਾ ਹੋਣ ਕਾਰਨ ਪਰਮਾਤਮ ਗੁਣਾਂ ਦਾ ਧਾਰਨੀ ਹੈ। ਨਾਮ ਵਿਚ ਨਾਮੀ ਦੇ ਹੀ ਸਾਰੇ ਗੁਣ ਵਿਦਮਾਨ ਹਨ। ਪਰਮਾਤਮਾ ਨਿਰੰਜਨ, ਨਿਰੰਕਾਰ, ਅਗੰਮ, ਅਗੋਚਰ ਅਲਖ ਅਤੇ ਅਬਿਨਾਸ਼ੀ ਹੈ। ਇਹੋ ਗੁਣ ਨਾਮ ਵਿਚ ਹਨ: ਨਾਮੁ ਨਿਰੰਜਨ ਅਲਖੁ ਹੈ (1242); ਨਾਉ ਤੇਰਾ ਨਿਰੰਕਾਰ ਹੈ(465); ਹਰਿਨਾਮ ਹਮਾਰਾ ਪ੍ਰਭ ਅਬਿਗਤ ਅਗੋਚਰ ਅਬਿਨਾਸ਼ੀ ਪੁਰਖ ਬਿਧਾਤਾ (592) ਆਦਿ ਅਨੇਕ ਪਰਮਾਣਾਂ ਵਿਚ ਨਿਰੰਕਾਰ ਅਤੇ ਨਿਰੰਕਾਰ ਦੇ ਨਾਮ ਦੇ ਸਮੀਪ ਲੱਛਣ ਦਸੇ ਹਨ।

---

90. ਨਾਮ ਤਤ ਸਭ ਹੀ ਸਿਰ ਜਾਪੈ , ਰਾਮ ੧ (943)
91. ਨਾਮ ਕੇ ਧਾਰੇ ਸਗਲੇ ਜੰਤ , ਗਉੜੀ 5(284)
92. ਜੇਤਾ ਕੀਤਾ ਤੇਤਾ ਨਾਉ । ਜਪੁਜੀ , 20, ਪੰਨਾ 4.
93. ਪ੍ਰੀਤਮ ਸਿੰਘ, ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, ਮਾਰਚ, 1973, ਪੰਨਾ 14.

7.2 <u>ਨਾਮ ਅਤੇ ਸੱਚ ਅਭੇਦਤਾ</u>:

ਗੁਰਬਾਣੀ ਵਿਚ 'ਸਤਿ' ਸੱਚ ਅਤੇ 'ਨਾਮ' ਨੂੰ ਸਮਾਨਾਰਥੀ ਭਾਵਾਂ ਵਿਚ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਨਾਮ ਦਾ ਪਿਆਰ ਸਚ ਦਾ ਪਿਆਰ ਹੈ, ਸਚ ਦਾ ਪਿਆਰ ਪਰਮਾਤਮ ਪਿਆਰ ਹੈ; ਨਾਮ ਅਤੇ ਸਚ ਇਕੋ ਹਨ,[94] ਨਾਮ ਸਚ ਦੀ, ਅਤੇ ਸਚ ਸਦੀਵ ਦੀ ਸੋਝੀ ਹੈ ਕਿਉਂਕਿ ਨਾਮ 'ਸਤਿ' ਦੀ ਹੀ ਸਤਯਤਾ ਹੈ।[95] ਸਚ ਦਾ ਸਿਮਰਨ ਨਾਮ ਦਾ ਸਿਮਰਨ ਹੈ।[96] ਜਿਵੇਂ ਨਾਮ ਪਾਪਾਂ ਦੀ ਮੈਲ ਧੋ ਕਢਦਾ ਹੈ, ਤਿਵੇਂ 'ਸਚੁ' ਸਭਨਾਂ ਪਾਪਾਂ ਨੂੰ ਦੂਰ ਕਰਨ ਦਾ ਦਾਰੂ ਹੈ।[97] ਸਚ ਦਾ ਧਾਰਨੀ ਹੀ ਅਸਲ ਅਰਥਾਂ ਵਿਚ ਨਾਮ ਦਾ ਧਾਰਨੀ ਹੁੰਦਾ ਹੈ।[98] ਜਿਵੇਂ ਨਿਰਭਉ ਨਾਮ ਜੀਵ ਦੇ ਸਾਰੇ ਡਰ ਦੂਰ ਕਰਦਾ ਹੈ, ਤਿਵੇਂ ਸਚ 'ਭਉ' ਨੂੰ ਖਤਮ ਕਰ ਦਿੰਦਾ ਹੈ।[99] ਨਾਮ ਨੂੰ ਸਚ ਦੀ ਪ੍ਰਾਪਤੀ ਦਾ 'ਸਾਧਨ' ਵੀ ਕਿਹਾ ਹੈ। ਨਾਮ ਸਿਮਰਨ ਰਾਹੀਂ ਮਨੁੱਖ ਹਉਮੈ ਦੂਰ ਕਰਕੇ ਅੰਦਰੋਂ ਬਾਹਰੋਂ ਨਿਰਮਲ ਹੋ ਜਾਂਦਾ ਹੈ ਅਤੇ ਸਚ-ਸਰੂਪ ਹੋ ਕੇ ਸਚ ਵਿਚ ਸਮਾ ਜਾਂਦਾ ਹੈ।[100] ਸਚ ਅਤੇ ਨਾਮ ਓਤ-ਪੋਤ ਹਨ। ਗੁਰੂ ਨਾਨਕ ਦੇਵ ਨੇ ਇਸ ਲਈ ਨਾਮ[101] ਅਤੇ ਸੱਚ[102] ਦੋਹਾਂ ਦੀ ਯਾਚਨਾ ਕੀਤੀ ਹੈ।

7.3. <u>ਨਾਮ ਅਤੇ ਸ਼ਬਦ ਅਭੇਦਤਾ</u>: ਸਚ ਤੋਂ ਬਿਨਾਂ ਨਾਮ ਸ਼ਬਦ, ਓਅੰਕਾਰ, ਹੁਕਮਿ, ਧੁਨਿ ਵੀ ਸਮਾਨਾਰਥੀ ਸ਼ਬਦ ਹਨ। ਗੁਰਬਾਣੀ ਵਿਚ 'ਸ਼ਬਦ' ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਗਈ ਹੈ। ਪਹਿਲੇ ਅਰਥਾਂ ਵਿਚ ਸ਼ਬਦ 'ਨਾਮ' ਦਾ ਸਮਾਨਾਰਥੀ ਹੈ। 'ਨਾਮ' ਵਾਂਗ ਸ਼ਬਦ ਤੋਂ ਰਚਨਾ, ਪਾਲਣਾ, ਸੰਭਾਲ, ਸ਼ਬਦ ਦੀ ਵਿਦਮਾਨਤਾ ਅਤੇ ਸ਼ਬਦ ਰਾਹੀਂ ਰਚਨਾ ਦੀ ਸਮਾਪਤੀ ਦੇ ਕਈ ਪ੍ਰਸੰਗ ਗੁਰਬਾਣੀ ਵਿਚ ਪਰਾਪਤ ਹਨ। ਬਹੁਤ ਵਾਰੀ 'ਸ਼ਬਦ' ਅਤੇ 'ਨਾਮ' ਨੂੰ ਇਕੋ ਸ਼ਬਦ ਵਿਚ ਇਕੋ ਭਾਵ ਲਈ ਵਰਤਿਆ ਗਿਆ ਹੈ:

"ਬਿਨੁ ਗੁਰ ਸ਼ਬਦ ਮੁਕਤਿ ਕਹਾ ਪ੍ਰਾਣੀ, ਰਾਮ ਨਾਮ ਬਿਨ ਉਰਝਿ ਮਰੈ। ਭੈ ੧(1127)

---

94. ਸਚੁ ਮਿਲੈ ਸੰਤੋਖੀਆ, ਹਰਿ ਜਪਿ ਏਕੈ ਭਾਇ । ਸਿਰੀ ੧(18)
95. ਸਿਰੀ੧ (661)
96. ਸਚਿ ਸਿਮਰਿਐ ਹੋਵੈ ਪਰਗਾਸ ਧਨਾ ੧(661)
97. ਜਪੁਜੀ 19, (4);
98. ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ਮਾਝ 4, (140)
99. ਗਉੜੀ 5(293) ਅਤੇ ਸਿਰੀ ਰਾਗ ੧ (18)
100. ਜਿਨੀ ਗੁਰਮੁਖਿ ਨਾਮ ਧਿਆਇਆ —....ਸਚੇ ਸਚਿ ਸਮਾਇ। ਸਿਰੀ ੧ (19)
101. ਮੈ ਦੀਜੈ ਨਾਮੁ ਨਿਵਾਸੁ —... ਸੂਹੀ ੧(752; 753)
102. ਕਰ ਜੋੜਿ ਨਾਨਕ ਸਾਚੁ ਮਾਗੈ ।। ਬਿਲ ੧ (844)

ਹਰ ਲਿਹਾਜ਼ ਨਾਲ ਸ਼ਬਦ ਅਤੇ ਨਾਮ ਅਭੇਦ ਹਨ। ਸ਼ਬਦ ਦੀ ਸਾਰੀ ਕਿਰਿਆ ਨਾਮ ਦੀ ਕਿਰਿਆ ਹੈ। ਕਿਉਂਕਿ ਇਹ ਵੀ ਪਰਮਾਤਮਾ ਦਾ ਹੀ ਪ੍ਰਗਟਾਵਾ ਹੈ।[103] ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਨਾਮ ਦਾ ਭਾਵ ਪ੍ਰਗਟ ਹੋ ਰਿਹਾ ਹੁੰਦਾ ਹੈ, ਉਥੇ 'ਸ਼ਬਦ' ਦਾ ਭਾਵ ਹੀ ਹੁੰਦਾ ਹੈ।[104] ਸ਼ਬਦ ਦਾ ਦੂਜਾ ਭਾਵ ਗੁਰੂ ਦੀ ਸਿਖਿਆ ਅੰਕਿਤ ਕਰਨ ਵਾਲੀ ਗੁਰਬਾਣੀ ਹੈ ਜਿਸ ਵਿਚ ਨਾਮ ਦੀ ਮਹਿਮਾ, ਨਾਮ ਦਾ ਗਿਆਨ, ਨਾਮ ਦੀ ਸਰਬ-ਵਿਆਪਕਤਾ, ਨਾਮ-ਸਿਮਰਨ ਦੀ ਆਵਸ਼ਕਤਾ ਅਤੇ ਨਾਮ ਤੋਂ ਪ੍ਰਾਪਤ ਹੋਣ ਵਾਲੇ ਫੱਲ ਦਸੇ ਗਏ ਹਨ। ਗੁਰਬਾਣੀ ਦੇ ਪੜ੍ਹਨ, ਸੁਣਨ, ਮੰਨਣ ਅਤੇ ਵੀਚਾਰਨ ਤੋਂ 'ਨਾਮ' ਦੀ ਪ੍ਰਾਪਤੀ ਦਸੀ ਗਈ ਹੈ:

ਹਉਮੈ ਮੇਰਾ ਸ਼ਬਦੇ ਖੋਈ, ਨਿਰਮਲ ਨਾਮੁ ਵਸੈ ਮਨਿ ਸੋਈ ।—.....

ਸਬਦੇ ਨਾਮੁ ਰਖੈ ਉਰਧਾਰਿ , ਸਬਦੇ ਗਤਿ ਮਤਿ ਮੋਖ ਦੁਆਰੁ ।

ਪ੍ਰਭਾਤੀ ੧(1342)

ਉਪਰੋਕਤ ਪੰਗਤੀ ਵਿਚ 'ਸ਼ਬਦ' ਰਾਹੀਂ 'ਨਾਮ' ਦਾ ਮਨ ਵਿਚ ਨਿਵਾਸ' ਇਹ ਪ੍ਰਗਟ ਕਰਦਾ ਹੈ ਕਿ 'ਨਾਮ' ਲਕਸ਼ ਹੈ, ਸ਼ਬਦ 'ਸਾਧਨ ' ਪਰ "ਦੋਵੇਂ ਪਰਮਾਤਮ-ਸੱਚ ਨੂੰ ਪ੍ਰਗਟ ਕਰਦੇ ਹਨ ਅਤੇ ਦੋਹਾਂ ਵਿਚ ਸੂਖਮ ਭੇਦ ਹੈ ਜੋ ਕੇਵਲ ਪ੍ਰਸੰਗ ਵਿਚ ਹੀ ਉਜਾਗਰ ਹੁੰਦਾ ਹੈ। ਗੁਰੂ ਰਾਹੀਂ ਸੱਚ ਦਾ ਪ੍ਰਗਟਾ ਗੁਰ-ਸ਼ਬਦ ਰਾਹੀਂ ਹੁੰਦਾ ਹੈ ਅਤੇ ਸਾਧਕ ਨੂੰ ਜਿਸ ਸ਼ਬਦ ਰਾਹੀਂ ਸਚ ਦੇ ਗਿਆਨ ਧਿਆਨ ਦੀ ਸਿਖਿਆ ਮਿਲਦੀ ਹੈ, ਉਸ ਨੂੰ 'ਨਾਮ' ਕਿਹਾ ਜਾਂਦਾ ਹੈ।"[105] "ਸ਼ਬਦ ਨਾਮ ਦਾ ਹੀ ਵਿਅਕਤ ਅਤੇ ਸਥੂਲ ਰੂਪ ਹੈ, ਇਸ ਵਿਚ ਨਿਗਰਤਾ;" ਇਸ ਨੂੰ ਅਰਥ-ਭਰਪੂਰ ਬੋਲੀ ਵਿਚ ਬੋਲਿਆ ਜਾਂ ਲਿਖਿਆ ਜਾਂਦਾ ਹੈ ਜਦ ਕਿ 'ਨਾਮ' ਸਿਧਾਂਤਕ ਹੈ। ਸ਼ਬਦ ਅਤੇ ਨਾਮ ਦੋਵੇਂ ਰਹੱਸਮਈ ਪਰਮ-ਸਚ ਦੇ ਬਾਹਰੀ ਅਤੇ ਅੰਤਰੀਵ ਪੱਖ ਹਨ।[106]

7.4. <u>ਨਾਮ ਅਤੇ ਓਅੰਕਾਰ ਅਭੇਦਤਾ:</u> ਗੁਰਬਾਣੀ ਵਿਚ ਓਅੰਕਾਰ ਅਤੇ ਨਾਮ ਦੀ ਸਮਾਨਤਾ ਅਤੇ ਅਭੇਦਤਾ ਦੀਆਂ ਉਦਾਹਰਣਾਂ ਵੀ ਪ੍ਰਾਪਤ ਹਨ "ਓਅੰਕਾਰਿ ਉਤਪਾਤੀ"(1061) ਅਤੇ "ਨਾਮੈ ਹੀ ਤੇ ਸਭੁ ਕਿਛੁ ਹੋਆ"(753) ਪੰਗਤੀਆਂ ਤੋਂ 'ਓਅੰਕਾਰ' ਅਤੇ 'ਨਾਮ' ਦੀ ਰਚਨਾਤਮਕ ਸ਼ਕਤੀ ਦੀ ਇਕ-ਰੂਪਤਾ ਦਾ ਪਰਮਾਣ ਮਿਲਦਾ ਹੈ। ਗੁਰੂ ਨਾਨਕ ਦੇਵ 'ਓਅੰਕਾਰ' ਵਾਂਗ ਹੀ 'ਨਾਮ' ਤੇ 'ਸ਼ਬਦ' ਨੂੰ ਬ੍ਰਹਮ ਦਾ ਵਾਚਕ ਸਵੀਕਾਰ ਕਰਦੇ ਸਨ।"[107] ਰਚਨਾ -ਸਿਧਾਂਤ ਦ੍ਰਿਸ਼ਟੀ ਤੋਂ 'ਨਾਮ' ਅਤੇ 'ਹੁਕਮਿ' ਵਿਚ ਵੀ ਪੂਰਨ ਅਭੇਦਤਾ ਹੈ।[108]

---

103. ਮਾਰੂ ੧(117); ਪ੍ਰਭਾਤੀ 3(1334);
104. ਸ੍ਰੀ ਗੁਰੂ ਗ੍ਰੰਥ ਕੋਸ਼, ਉਕਤ, ਪੰਨਾ 210.
105. ਮੈਕਲੋਡ, ਉਕਤ, (196)
106. ਡਾ: ਦੀਵਾਨ ਸਿੰਘ, ਉਕਤ, ਪੰਨਾ 229.
107. ਡਾ: ਪ੍ਰੇਮ ਪ੍ਰਕਾਸ਼ ਸਿੰਘ, ਉਕਤ, ਪੰਨਾ 80.
108. ਡਾ: ਦੀਵਾਨ ਸਿੰਘ, ਉਕਤ, ਪੰਨਾ 232.

ਡਾ: ਤਰਲੋਚਨ ਸਿੰਘ ਅਨੁਸਾਰ "ਸੰਸਕ੍ਰਿਤ ਅਤੇ ਪੰਜਾਬੀ ਵਿਚ ਸ਼ਬਦ, ਵਾਕ, ਬਾਣੀ, ਗਰੀਕ ਵਿਚ ਲੋਗੋਸ (Logos), ਲਤੀਨੀ ਵਿਚ ਵਰਬਮ (Verbum), ਹਿਬਰਿਊ ਵਿਚ ਮੈਮਰਾ (Memra.) ਅਤੇ ਪੰਜਾਬੀ ਵਿਚ ਅੱਖਰ ਅਤੇ ਕਵਾਉ ਇੱਕੋ ਸੰਕਲਪ ਦੇ ਵਿਚਾਰ ਹਨ।"[109] ਡਾ: ਸ਼ੇਰ ਸਿੰਘ ਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ।[110] ਗੁਰੂ ਨਾਨਕ ਦੇਵ ਦੀ ਬਾਣੀ ਵਿਚ ਅਜੇਹੇ ਪ੍ਰਸੰਗ ਪ੍ਰਾਪਤ ਹਨ ਜਿਨ੍ਹਾਂ ਵਿਚ ਹੁਕਮਿ, ਓਅੰਕਾਰ ਅਤੇ ਸ਼ਬਦ ਤਿੰਨਾਂ ਦੀ ਵਰਤੋਂ ਕੀਤੀ ਗਈ ਹੈ:

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਹੁ ਦਿਸਿ ਨਾਮੁ ਪਤਾਲੰ।
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ। ਮਲਾਰ ੧(1274)

7.5 'ਨਾਮ' ਨੂੰ ਨਿਰਗੁਣ ਅਨੁਭਵ ਅਤੀਤ 'ਸਤਿ' ਦੀ ਸਰਗੁਣਤਾ ਵੀ ਕਿਹਾ ਗਿਆ ਹੈ:

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ

(ਰਾਮ ੧, 940)

ਨਿਰਗੁਣ ਅਨੁਭਵ ਅਤੀਤ ਅਗੋਮ ਅਗੋਚਰ ਅਲਖ ਹੈ, ਜਾਣਿਆ ਨਹੀਂ ਜਾ ਸਕਦਾ ਹੈ ਪਰ 'ਨਾਮ' ਰਾਹੀਂ ਸਾਰੇ ਵਿਦਮਾਨ ਹੋਣ ਕਰਕੇ 'ਨਾਮ' ਰਾਹੀਂ ਹੀ ਜਾਣਿਆ ਜਾ ਸਕਦਾ ਹੈ। 'ਨਾਮ' ਰਾਹੀਂ ਉਸ ਨਿਰਗੁਣ 'ਗੁਣੀ-ਨਿਧਾਨ' ਹੋ ਜਾਂਦਾ ਹੈ।[111] ਅਤੇ ਮਨੁੱਖ ਦੀ ਸਮਝ, ਸੋਝੀ, ਅਤੇ ਅਨੁਭਵ ਦੇ ਘੇਰੇ ਵਿਚ ਆ ਜਾਂਦਾ ਹੈ।[112] ਪਰ ਉਸ ਦੀ ਸਰਗੁਣਤਾ ਵੈਸ਼ਨਵ ਧਰਮ ਦੀ ਅਵਤਾਰਵਾਦੀ ਸਰਗੁਣਤਾ ਨਹੀਂ, ਸਗੋਂ ਨਿਰਗੁਣ ਨਿਰੰਕਾਰ ਦੀ 'ਨਾਮ' ਰਾਹੀਂ ਸਰਬ ਵਿਆਪਕਤਾ ਹੈ। ਗੁਰਬਾਣੀ ਵਿਚ ਜਿਤਨੇ ਗੁਣ ਜਾਂ ਸਿਫਤਾਂ ਵਰਣਨ ਕੀਤੀਆਂ ਗਈਆਂ ਹਨ, ਉਹ ਸਭ ਇਸ ਸਰਗੁਣ ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ।[113] ਪਰਮਾਤਮਾ ਪੇਡ ਹੈ, ਉਸ ਦੀਆਂ ਨਾਮ ਰੂਪੀ ਸਾਖਾਂ ਉਤੇ ਅਨੇਕਾਂ ਗੁਣਾਂ ਦੇ ਫੁੱਲ ਫੁੱਲ ਲਗਦੇ ਹਨ:

ਤੂੰ ਪੇਡੁ ਸਾਖ ਤੇਰੀ ਫੂਲੀ, ਤੂੰ ਸੂਖਮ ਹੋਆ ਅਸਥੂਲੀ।

ਮਾਝ 5(102)

8.1 <u>ਸਤਿਨਾਮ:</u> ਅਸੀਂ ਵੇਖਿਆ ਹੈ ਕਿ 'ਸਤਿ' '੧ਓ' ਦੀ ਹਸਤੀ, ਹੋਂਦ ਅਤੇ ਵਾਸਤਵਿਕਤਾ ਦਾ ਸੂਚਕ ਹੈ। ਅਤੇ ਨਾਮ' ਸਤਿ-ਸਰੂਪੀ ਹਸਤੀ ਦੀ ਸਰਬ-ਵਿਦਮਾਨ ਚੇਤਨ-ਸਤਾ ਹੈ। ਜੋ ਅਨੇਕ ਗੁਣਾਂ ਰਾਹੀਂ ਪ੍ਰਗਟ ਹੋ ਰਹੀ ਹੈ ਅਤੇ ਉਸ ਦਾ ਹਰੇਕ ਗੁਣ 'ਨਾਮ' ਦਾ ਇਕ ਪੱਖ ਹੈ। ਸਰਬ-ਨਾਮ ਇਕੋ 'ਹਸਤੀ' ਦੀ ਹੋਂਦ ਦੇ ਪ੍ਰਤੀਕ ਹਨ। ਜੋ ਅਨੇਕਾਂ ਰੰਗਾਂ ਅਤੇ ਰੂਪਾਂ ਵਿਚ ਪ੍ਰਗਟ ਹੋ ਰਹੀ ਹੈ। ਇਸ

---

109. ਸਿਖਜ਼ਮ, ਉਕਤ, ਪੰਨਾ 64. 110. ਜਪੁਜੀ ਦਰਸ਼ਨ, ਪੰਨਾ 80.
111. ਨਾਨਕ ਗਾਵੀਐ 'ਗੁਣੀ-ਨਿਧਾਨੁ'। ਜਪੁਜੀ ।।5।।(2)
112. ਮੈਕਲੋਡ, ਉਕਤ, ਪੰਨਾ 167.
113. ਪ੍ਰੋ: ਤੇਜਾ ਸਿੰਘ, ਸ਼ਬਦਾਰਥ, ਫੁੱਟ ਨੋਟ, ਪੰਨਾ 827.

ਨਈ ਅਜੇਹੀ ਹਸਤੀ ਦੇ ਸਰਬੱਤ ਪ੍ਰਗਟਾਵੇ ਨੂੰ 'ਨਾਮ ਦਾ ਪ੍ਰਗਟਾਵਾ' ਕਿਹਾ ਹੈ ਅਤੇ ਗੁਰੂ ਨਾਨਕ ਦੇਵ ਅਜੇਹੇ ਸਾਰੇ 'ਨਾਵਾਂ' ਤੋਂ ਬਲਿਹਾਰ ਜਾਂਦੇ ਹਨ ਕਿਉਂਕਿ ਇਹ ਸਭ ਉਸ ਹਸਤੀ ਦੇ ਜ਼ਹੂਰ ਨੂੰ ਪ੍ਰਗਟ ਕਰ ਰਹੇ ਹਨ। ਪਰ 'ਨਾਮ' ਅਤੇ 'ਨਾਵਾਂ' ਵਿਚ ਅੰਤਰ ਹੈ। 'ਨਾਵਾਂ' ਨੂੰ 'ਨਾਮ' ਨਹੀਂ ਕਿਹਾ ਜਾ ਸਕਦਾ ਕਿਉਂਕਿ ਰਾਮ, ਰਹੀਮ, ਕਿਰਪਾਲੂ, ਦਿਆਲੂ ਨਾਵਾਂ ਵਿਚ ਹਸਤੀ ਦਾ ਕੋਈ ਇਕ ਪੱਖ ਉਜਾਗਰ ਹੋ ਰਿਹਾ ਹੈ ਜਦ ਕਿ 'ਨਾਮ' ਉਸ ਦੀ ਸਮੁੱਚੀ ਗੁਣੀ-ਨਿਧਾਨ ਹਸਤੀ ਦਾ ਪ੍ਰਤੀਨਿਧ ਹੈ। ਇਹ ਸਾਰੇ ਨਾਮ 'ਕਿਰਤਮ' ਨਾਮ ਹਨ ਕਿਉਂਕਿ ਇਹ ਉਸ 'ਹਸਤੀ' ਦੇ ਕਿਸੇ ਇਕ ਪੱਖ ਨੂੰ ਉਜਾਗਰ ਕਰਦੇ ਹਨ। ਕੀ ਕੋਈ ਐਸਾ 'ਨਾਮ' ਭੀ ਹੈ ਜੋ ਪਰਮ-ਹਸਤੀ ਦੀ ਸਮੁੱਚੀ ਹੋਂਦ ਦਾ ਸੂਚਕ ਹੋਵੇ? "ਬ੍ਰਹਮ ਦੀ ਜ਼ਾਤ ਅਤੇ ਹੋਂਦ ਨੂੰ ਦਸਣ ਵਾਲਾ ਸ਼ਬਦ 'ਸਤਿ' ਹੈ। ਬਾਕੀ ਜਿਤਨੇ ਭੀ ਨਾਉਂ ਹਨ, 'ਕਰਤਾ', 'ਨਿਰਭਉ', 'ਨਿਰਵੈਰ', ਆਦਿ ਇਹ ਸਭ ਸਫ਼ਾਤੀ ਜਾਣੀ ਗੁਣਵਾਚੀ ਨਾਉਂ ਹਨ।"[114-115] ਗੁਣਵਾਚੀ

ਵਿਚ ਇਨ੍ਹਾਂ ਨੂੰ 'ਕਿਰਤਮ ਨਾਮ' ~~ਕਿਹਾ ਹੈ~~ ਅਤੇ 'ਸਤਿ' ਨੂੰ ਪਰਾ ਪੂਰਬਲਾ ਜ਼ਾਤੀ ਨਾਮ' ਕਿਹਾ ਹੈ:

(ੳ) ਕਿਰਤਮ ਨਾਮ ਕਥੇ ਤੇਰੇ ਜਿਹਵਾ ਸਤਿਨਾਮੁ ਤੇਰਾ ਪਰਾਪੂਰਬਲਾ ।। ਮਾਰੂ 5(1083)

(ਅ) ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ। ਧਨਾ 4(670)

(ੲ) ਸਤਿ ਨਾਮੁ ਪ੍ਰਭ ਕਾ ਸੁਖਦਾਈ। ਗਉੜੀ 5 (284)

ਉਸ ਦੀ ਹੋਂਦ ਦਾ ਵਾਚਕ ਨਾਮ ਕੇਵਲ 'ਸਤਿ' ਹੈ ਜੋ "ਆਦਿ" " ਜੁਗਾਦਿ" ਤ੍ਰੈ-ਕਾਲ ਅਤੀਤ ਸਤਿ ਹੈ। ਪਰ ਕਿਰਤਮ ਨਾਵਾਂ ਦੀ ਸਿਰਜਨਾ ਸੰਸਾਰ ਸਿਰਜਨਾ ਦੇ ਨਾਲ ਹੁੰਦੀ ਹੈ। ਪਰਮ-ਹਸਤੀ ਰਚਨਾ ਅਤੇ ਜੀਵ ਦੇ ਸੰਬੰਧਾਂ ਵਿਚ ਹੀ ਕਿਰਪਾਲੂ, ਦਿਆਲੂ, ਮਾਤਾ, ਪਿਤਾ, ਸਖਾ, ਆਦਿ ਨਾਵਾਂ ਨਾਲ ਜਾਣੀ ਜਾਂਦੀ ਹੈ।

8.2 'ਸਤਿਨਾਮ' ਸੰਗਯਾ ਰੂਪ ਵਿਚ ਇਕ ਸ਼ਬਦ ਨਹੀਂ ਸਗੋਂ 'ਸਤਿ' ਅਤੇ 'ਨਾਮ' ਦੋ ਪਦ ਹਨ ਜੋ ਇਹ ਪ੍ਰਗਟ ਕਰਦੇ ਹਨ ਕਿ 'ਸਤਿ' ਹੀ ਪਰਮ-ਹਸਤੀ ਦਾ ਸਰਵੋਤਮ ਨਾਮ ਹੈ। ਆਦਿ ਗ੍ਰੰਥ ਵਿਚ 'ਸਤਿਨਾਮ' ਨੂੰ ਸਚਾ ਨਾਮੁ, ਸਚੁ ਨਾਇਆ, ਸਾਚ ਨਾਇ, ਸਾਚਉ ਨਾਮ, ਸਾਚਾ ਨਾਉ, ਸਚਾ ਨਾਉਂ, ਸਚੁ ਨਾਮ, ਸਚੈ ਨਾਮਿ, ਸਚੈ ਨਾਇ ਆਦਿ ਕਈ ਰੂਪਾਂ ਵਿਚ ਪ੍ਰਗਟ ਕਰਨ ਦਾ ਇਹੋ ਭਾਵ ਹੈ। 'ਸਤਿ' ਸਰੂਪੀ ਸਚੇ ਨਾਮ (ਸਤਿ ਨਾਮ) ਨੂੰ ਅੰਮ੍ਰਿਤ ਨਾਮ, ਰਾਮ ਨਾਮ, ਏਕ ਨਾਮ, ਵੱਡਾ ਨਾਮ, ਊਚਾ ਨਾਮ, ਨਿਰਭਉ ਨਾਮ, ਗੁਰਮਤ ਨਾਮ, ਗੁਰਮੁਖ ਨਾਮ, ਅਬਿਨਾਸ਼ੀ ਨਾਮ, ਨਿਰਮਲ ਨਾਮ, ਨਿਰਗੁਨ ਨਾਮ, ਨਿਰੰਜਨ ਨਾਮ, ਨਿਹਚਲ ਨਾਮ ਆਦਿ ਵਿਸ਼ੇਸ਼ਣਾਂ ਰਾਹੀਂ ਦਸ ਕੇ 'ਨਾਮ' ਦੀ ਪ੍ਰਕ੍ਰਿਤੀ ਅਤੇ ਇਸ ਦੀਆਂ ਅਨੇਕ

114. ਡਾ: ਸ਼ੇਰ ਸਿੰਘ, ਜਪੁਜੀ, ਦਰਸ਼ਨ, ਪੰਨਾ 77,

115. ਹੋਰ ਵੇਖੋ, ਡਾ: ਮੋਹਣ ਸਿੰਘ ਦੀਵਾਨਾ, ਉਕਤ, ਪੰਨਾ 22., ਭਾਈ ਵੀਰ ਸਿੰਘ, ਸੰਥਯਾ, ਪੰਨਾ14.

ਸੰਭਾਵਨਾਵਾਂ ਉਜਾਗਰ ਕੀਤੀਆਂ ਹਨ।

.3. ਸਤਿਨਾਮ ਵਾਹਿਗੁਰੂ : ਵਾਹਿਗੁਰੂ ਜਾਂ ਵਾਹੁਗੁਰ ਗੁਰੂ-ਕਾਲ ਤੋਂ ਸਿਖਾਂ ਵਿਚ ਨਾਮ-ਅਭਿਆਸ ਦਾ ਉਚਤਮ ਨਾਮ ਮੰਨਿਆ ਜਾਂਦਾ ਹੈ। ਡਾ: ਤ੍ਰਿਲੋਚਨ ਸਿਘ ਅਨੁਸਾਰ 'ਵਾਹਿਗੁਰੂ' ਹੀ ਸੱਚਾ ਜ਼ਾਤੀ ਨਾਮ ਹੈ ਜਿਹੜਾ ਗੁਰੂ ਜੀ ਨੂੰ ਪਰਮ-ਹਸਤੀ ਦੇ ਨਿਜੀ ਅਨੁਭਵ ਤੋਂ ਪ੍ਰਾਪਤ ਹੋਇਆ।[116] ਵਾਹਿਗੁਰੂ ਸ਼ਬਦ ਦਾ ਪ੍ਰਯੋਗ ਪਹਿਲੇ ਪੰਜ ਗੁਰੂ ਸਾਹਿਬਾਂ ਦੀ ਬਾਣੀ ਵਿਚ ਨਹੀਂ ਮਿਲਦਾ ਪਰ 'ਵਾਹੁ' ਅਤੇ ਗੁਰੁ(ਗੁਰੂ) ਸ਼ਬਦ ਅੱਡ ਅੱਡ ਰੂਪਾਂ ਵਿਚ ਰੱਬੀ ਸਿਫਤ ਲਈ ਵਰਤੇ ਗਏ ਹਨ। 'ਵਾਹੁ' ਸ਼ਬਦ ਅਕਾਲ ਪੁਰਖ ਲਈ ਅਤੇ ਉਸ ਦੇ ਦਰਸ਼ਨਾਂ ਤੋਂ ਪੈਦਾ ਹੋਈ ਅਸਚਰਜ, ਅਦਭੁਤ, ਵਿਸਮਾਦੀ ਅਤੇ ਰਹੱਸਮਈ ਅਵੱਸਥਾ ਨੂੰ ਪ੍ਰਗਟ ਕਰਦਾ ਹੈ। ਗੁਰੂ ਨਾਨਕ ਦੇਵ ਸੱਚੇ ਪਰਮਾਤਮਾ ਨੂੰ 'ਵਾਹੁ ਵਾਹੁ' ਸ਼ਬਦਾਂ ਨਾਲ ਸੰਬੋਧਨ ਕਰਦੇ ਹਨ:

'ਵਾਹੁ' ' ਵਾਹੁ' 'ਸਾਚੇ' ਮੈ ਤੇਰੀ ਟੇਕ , ਗਉੜੀ ੧(153)

ਗੁਰੂ ਅਮਰ ਦਾਸ ਨੇ 'ਵਾਹੁ' ਨੂੰ ਪਰਮਾਤਮਾ ਦੀ ਸੱਚੀ ਸਿਫਤ, ਸੱਚਾ ਨਾਮ, ਅਤੇ ਪ੍ਰਭੂ ਪ੍ਰਾਪਤੀ ਦਾ ਸਾਧਨ ਕਿਹਾ ਹੈ।[117] ਗੁਰੂ ਰਾਮ ਦਾਸ 'ਵਾਹੁ' ਨੂੰ 'ਨਾਮ' ਤੁਲ ਮੰਨਦੇ ਸੁਓਦਿਆਂ ਉਠਦਿਆਂ 'ਵਾਹੁ' 'ਵਾਹੁ' ਉਚਾਰਨ ਕਰਨ ਦੀ ਪ੍ਰੇਰਨਾ ਕਰਦੇ ਹਨ।[118] ਗੁਰੂ ਅਰਜਨ ਦੇਵ ਨੇ 'ਵਾਹੁ' ਸ਼ਬਦ ਨੂੰ 'ਨਾਮ' ਦੇ ਭਾਵਾਂ ਵਿਚ ਵਰਤਿਆ ਹੈ।[119] 'ਵਾਹਿਗੁਰੂ' ਸ਼ਬਦ ਦਾ ਪ੍ਰਯੋਗ ਪੂਰਨ ਰੂਪ ਵਿਚ ਭੱਟਾਂ ਦੇ ਸਵਯਾਂ ਵਿਚ ਮਿਲਦਾ ਹੈ।[120] ਭਾਈ ਗੁਰਦਾਸ(49.1) ਨੇ 'ਵਾਹਿਗੁਰੂ' ਨੂੰ 'ਗੁਰਮੰਤ੍ਰ' ਕਿਹਾ ਹੈ ਅਤੇ ਇਸ ਦੀ ਮਾਤ੍ਰਿਕ ਵਿਆਖਿਆ ਕਰਦਿਆਂ 'ਵ' ਨੂੰ 'ਵਿਸ਼ਨ' , 'ਹ' ਹਰੀ ਕ੍ਰਿਸ਼ਨ', 'ਰ' 'ਰਾਮ' ਅਤੇ 'ਗ' ਨੂੰ ਗੋਵਿੰਦ' ਦਾ ਸੰਕੇਤਕ ਮੰਨਿਆ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਵੀ 'ਵਾਹਿਗੁਰੂ' ਦੀ ਵਿਉਤਪਤੀ ਭਾਈ ਗੁਰਦਾਸ ਵਾਂਗ ਹੀ ਦਸੀ ਹੈ।[121] ਪਰ ਮਾਤ੍ਰਿਕ ਵੰਡ ਰਾਹੀਂ ਕੀਤੀ ਇਹ ਵਿਆਖਿਆ ਤਰਕ-ਰਹਿਤ ਅਤੇ ਅਸੰਗਤ ਹੈ। ਅਕਾਲਪੁਰਖ ਦੀ ਰਚਨਾ ਅਤੇ ਅਦਭੁਦਤਾ ਨੂੰ ਵੇਖ ਕੇ ਜਦੋਂ ਕੋਈ ਉਸਦੀ ਵਿਸ਼ਾਲਤਾ ਅਤੇ ਅਨੰਤਤਾ ਤੋਂ ਬਲਿਹਾਰ ਜਾਂਦਾ ਹੈ ਤਾਂ ਉਹ 'ਵਾਹੁ' 'ਵਾਹੁ' ਦੇ ਭਾਵ ਪ੍ਰਗਟ ਕਰਦਾ ਹੈ। ਗੁਰੂ ਜੀ ਨੇ ਅਜੇਹੀ ਰਹੱਸਮਈ ਅਵੱਸਥਾ ਨੂੰ ਵਾਹੁ, ਖੂਬ, ਵਿਸਮਾਦ, ਸੁਬ੍ਹਾਨ ਕਈ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਹੈ। ਇਸ ਲਈ ਕੇਵਲ 'ਵਾਹਿਗੁਰੂ' ਸ਼ਬਦ ਨੂੰ 'ਜ਼ਾਤੀ' ਨਾਮ ਕਹਿਣਾ ਉਚਿਤ ਨਹੀਂ।

---

116. ਸਿਖਿਜ਼ਮ, ਉਕਤ, (67)
117. ਰਾਮ 3 (947); ਮਲਾਰ 3(526) ਗੂ 3(514)
118. ਮ. 4, (313) ਮ. 4(1421);
119. ਗੂਜਰੀ 5( 519); ਗੂ 5(521);
120. ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ। (1402-3)
121. ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਛਾਪਾ ਬੰਬਈ (1892) ਹਵਾਲਾ ਜਨਮ ਸਾਖੀ ਪਰੰਪਰਾ, ਪਟਿਆਲਾ, 1969; ( 331)

ਇਹ ਰਹੱਸਮਈ ਅਵੱਸਥਾ ਨੂੰ ਪ੍ਰਗਟ ਕਰਨ ਵਾਲਾ ਸ੍ਰੇਸ਼ਟ ਸਫਾਤੀ ਨਾਮ ਹੈ।

ਬਾਬੂ ਤੇਜਾ ਸਿੰਘ ਅਨੁਸਾਰ ਇਹ ਸ਼ਬਦ 'ਵਾਹਿਗੁਰੂ' ਨਹੀਂ, 'ਵਾਹਗੁਰੂ' ਹੈ ਕਿਉਂਕਿ ਗੁਰੂ ਜੀ ਨੇ ਕੇਵਲ 'ਵਾਹੁ' ਅਤੇ 'ਗੁਰ' ਦਾ ਪ੍ਰਯੋਗ ਕੀਤਾ ਹੈ, 'ਵਾਹਿਗੁਰੂ' ਦਾ ਨਹੀਂ। ਉਨ੍ਹਾਂ ਅਨੁਸਾਰ ਪਰਾਪੂਰਬਲਾ ਨਾਮ ਸਤਿਨਾਮ "ਵਾਹੁਗੁਰ" ਹੈ।[122] ਗੁਰੂ ਸਾਹਿਬ ਨੇ 'ਵਾਹਿਗੁਰੂ' ਸ਼ਬਦ ਨਹੀਂ ਵਰਤਿਆ ਪਰ "ਵਾਹੁਗੁਰ" ਦਾ ਵੀ ਅਜੇਹਾ ਪ੍ਰਯੋਗ ਨਹੀਂ ਕੀਤਾ। ਭੱਟਾਂ ਦੇ ਸ਼ਬਦ 'ਵਾਹਿਗੁਰੂ' ਨੂੰ ਸੰਪਾਦਕ ਗੁਰੂ ਅਰਜਨ ਦੇਵ ਨੇ ਪਰਵਾਨ ਕਰਕੇ ਹੀ ਆਦਿ ਗ੍ਰੰਥ ਵਿਚ ਸ਼ਾਮਲ ਕੀਤਾ ਹੈ ਅਤੇ ਇਹੋ ਰੂਪ ਭਾਈ ਗੁਰਦਾਸ ਦੀ ਰਚਨਾ ਵਿਚ ਪ੍ਰਾਪਤ ਹੈ। ਪਰੰਪਰਾ ਵਿਚ 'ਵਾਹਿਗੁਰੂ' ਸ਼ਬਦ ਦਾ ਹੀ ਪ੍ਰਯੋਗ ਪ੍ਰਾਪਤ ਹੈ। ਦੋਵੇਂ ਸ਼ਬਦ ਇਕੋ ਭਾਵ ਪ੍ਰਗਟ ਕਰਦੇ ਹਨ ਅਤੇ ਪਰਮਾਤਮਾ ਦੇ ਰਹੱਸਵਾਦੀ ਨਾਮ ਹਨ।

9.1. <u>ਅਸੰਖ ਨਾਵ:</u> ਅਸੀਂ ਵਿਚਾਰ ਕਰ ਆਏ ਹਾਂ ਕਿ ਪਰਮਾਤਮਾ ਦਾ ਕੋਈ 'ਜ਼ਾਤੀ' ਨਾਮ ਨਹੀਂ। ਪਰਮਾਤਮਾ ਦੀ ਜ਼ਾਤ ਉਸ ਦੀ ਹੋਂਦ ਹੈ ਅਤੇ ਉਸ ਦੀ ਹੋਂਦ ਦਾ ਵਾਚਕ 'ਸਤਿ' ਹੈ। ਉਸ ਦੀਆਂ ਸਾਰੀਆਂ ਸਿਫਤਾਂ, ਉਸਦੇ ਸਿਫਾਤੀ ਨਾਮ ਹਨ ਜੋ ਉਸਦੀ ਜ਼ਾਤ ਨੂੰ ਪ੍ਰਗਟ ਕਰਦੇ ਹਨ। 'ਜ਼ਾਤ ਸਾਡੀ ਸਮਝ ਤੋਂ ਪਰੇ ਹੈ। ਸਾਡੇ ਲਈ ਪਰਮਾਤਮਾ ਸਿਫਤਾਂ ਵਿਚ ਹੈ।' ਇਸ ਲਈ ਗੁਰਬਾਣੀ ਵਿਚ ਪਰਮਾਤਮਾ ਨੂੰ ਵਧੇਰੇ ਕਰਕੇ 'ਗੁਣੀ-ਨਿਧਾਨ' ਕਰਕੇ ਸਲਾਹਿਆ ਗਿਆ ਹੈ। ਪਰਮਾਤਮਾ-ਸ਼ਖਸੀਅਤ ਦਾ ਪ੍ਰਗਟਾਵਾ ਅਸੰਖਾਂ ਨਾਵਾਂ, ਥਾਵਾਂ ਅਤੇ ਆਕਾਰਾਂ ਵਿਚ ਹੋ ਰਿਹਾ ਹੈ ਅਤੇ ਇਹ ਸਾਰੀ 'ਨਾਮ' ਦੀ ਰਚਨਾ ਹੈ, ਨਾਮ ਤੋਂ ਬਿਨਾਂ ਕੋਈ ਸਥਾਨ ਨਹੀਂ। ਗੁਰੂ ਨਾਨਕ ਦੇਵ ਅਨੁਸਾਰ ਸਿਫਤ-ਸਲਾਹ ਦੀ ਅਮੀਰੀ ਨਾਲ ਸਰਸ਼ਾਰ ਮਨੁੱਖ ਪਾਤਸ਼ਾਹਾਂ ਦਾ ਪਾਤਸ਼ਾਹ ਹੁੰਦਾ ਹੈ।[123]

ਪਰਮਾਤਮਾ ਦੇ ਅਸੰਖ ਨਾਵਾਂ ਅਤੇ ਬੇਅੰਤ ਸਿਫਤਾਂ ਨੂੰ ਪੂਰੀ ਤਰ੍ਹਾਂ ਦਰਸਾਇਆ ਨਹੀਂ ਜਾ ਸਕਦਾ। ਇਨ੍ਹਾਂ ਦਾ ਕੋਈ ਲੇਖਾ ਨਹੀਂ ਹੋ ਸਕਦਾ।[124] ਆਦਿ ਗ੍ਰੰਥ ਦੀ ਸਮੁੱਚੀ ਬਾਣੀ ਪਰਮਾਤਮਾ ਦੀ ਸਿਫਤ ਸਲਾਹ ਹੈ ਅਤੇ 'ਗੁਣੀ-ਨਿਧਾਨ' ਦੇ ਗੁਣਾਂ, ਨਾਵਾਂ, ਅਤੇ ਸਿਫਤਾਂ ਦਾ ਬਖਾਨ ਹੈ। ਆਪਣੀ ਸਦਭਾਵਨਾ ਬਿਰਤੀ ਅਨੁਸਾਰ ਗੁਰੂ ਨਾਨਕ ਦੇਵ ਨੇ ਵੱਖ ਵੱਖ ਧਰਮਾਂ ਅਤੇ ਫਿਰਕਿਆਂ ਦੇ ਪਰਮਾਤਮ-ਨਾਵਾਂ ਦਾ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ ਹੈ। ਹਿੰਦੂਆਂ ਅਤੇ ਮੁਸਲਮਾਨਾਂ ਦੇ ਅਨੇਕ ਮਤਾਂ ਦੇ ਅਨੇਕ ਨਾਵਾਂ ਨੂੰ ਇਕੋ ਪਿਆਰ ਭਾਵਨਾ ਨਾਲ ਵਰਤਿਆ ਹੈ।

---

122. ਬਾਬੂ ਤੇਜਾ ਸਿੰਘ, ਗੁਰਮੰਤ੍ਰ ਪ੍ਰਬੋਧ, ਸ੍ਰੀ ਗੁਰਮਤ ਪ੍ਰੈਸ, ਅੰਮ੍ਰਿਤਸਰ, 1925(10)
123. ਜਿਸ ਨੋ ਬਖਸੇ ਸਿਫਤਿ ਸਲਾਹ, ਨਾਨਕ ਪਾਤਿਸਾਹੀ ਪਾਤਿਸਾਹੁ।। ਜਪੁਜੀ। 25(5)
124. ਅੰਤੁ ਨ ਸਿਫਤੀ ਕਹਣਿ ਨ ਅੰਤੁ; ਅਮੁਲ ਗੁਣ ਅਮੁਲ ਵਾਪਾਰ । ਜਪੁਜੀ , 24,26(5)

9.2 ਇਸਲਾਮ ਵਿਚ ਅਲਾ ਰੱਬ ਦਾ ਜ਼ਾਤੀ ਨਾਮ ਹੈ ਅਤੇ 99 ਰੱਬ ਦੇ ਸਫਾਤੀ ਨਾਮ ਹਨ ਜਿਨ੍ਹਾਂ ਦੇ ਜਾਪ ਦੀ ਪ੍ਰੇਰਨਾ ਕੀਤੀ ਗਈ ਹੈ।[125] ਗੁਰਬਾਣੀ ਵਿਚ ਬਹੁਤ ਸਾਰੇ ਇਸਲਾਮੀ ਨਾਵਾਂ ਦਾ ਪ੍ਰਯੋਗ ਤਤਸਮ ਜਾਂ ਤਦਭਵ ਰੂਪ ਵਿਚ ਕੀਤਾ ਗਿਆ ਹੈ। ਇਸਲਾਮ ਦੇ ਜ਼ਾਤੀ ਨਾਮ 'ਅਲਾਹ' ਦਾ ਪ੍ਰਯੋਗ ਵੀ ਹੋਇਆ ਹੈ।[126] ਵਰਤੇ ਗਏ ਇਸਲਾਮੀ ਨਾਵਾਂ ਵਿਚੋਂ ਕੁਝ ਨਾਂ ਇਹ ਹਨ:

ਰਹਿਮਾਨ, ਰਹੀਮ, ਰਾਜ਼ਕ(ਰਜ਼ਾਕ) , ਵਾਲੀ(ਮਾਲਕ); ਮਲਿਕ(ਬਾਦਸ਼ਾਹ ); ਨੂਰ; ਕਰੀਮ, ਕਾਦਿਰ; ਕਾਇਮ, ਖਾਲਿਕ, ਗ਼ਨੀ; ਸਲਾਮ; ਹਾਕਮ, ਹੱਕ; ਹਲੀਮ; ਹਾਫ਼ਿਜ਼, ਕਬੀਰ; ਅਵਲ, ਆਖਿਰ, ਆਦਲ(ਇਨਸਾਫ਼) ਮਿਹਰਵਾਨ, ਸਾਹਿਬ, ਖਸਮ, ਇਤਿਆਦਿ।

---

125. ਅਜ਼ੀਜ਼; ਅਜ਼ੀਮ(ਬਹੁਤ ਵੱਡਾ); ਆਦਲ(ਇਨਸਾਫ਼); ਅਫ਼ੂਵ(ਮੁਆਫ਼ ਕਰਨ ਵਾਲਾ); ਅਲੀ; ਅਲੀਮ(ਪੂਰਨ ਗਿਆਤਾ); ਅਵਲ; ਆਖਿਰ; ਸ਼ਹੀਦ(ਗਵਾਹ); ਸ਼ਕੂਰ(ਕਦਰ ਦਾਨ); ਸੱਤਾਰ(ਪਰਦਾ ਢਕਣ ਵਾਲਾ) ਸਬੂਰ; ਸਮਦ(ਬੇਪਰਵਾਹ); ਸਮੀਅ(ਸਭ ਦੀ ਸੁਣਨ ਵਾਲਾ); ਸਲਾਮ(ਸਦਾ ਰਹਿਣ ਵਾਲਾ); ਹਸੀਬ(ਹਿਸਾਬ ਕਰਨ ਵਾਲਾ); ਹਾਕਮ; ਹਕੀਮ; ਹੱਕ; ਹਮੀਦ ( ਪ੍ਰਸੰਸਾ ਜਨਕ); ਹਯ(ਸਦੀਵ ਜੀਵਤ); ਹਲੀਮ(ਸਹਨਸ਼ੀਲ) ; ਹਾਫ਼ਿਜ਼(ਰਖਿਅਕ); ਕਹਾਰ( ਕਹਿਰ ਕਰਨ ਵਾਲਾ), ਕਬੀਰ (ਬਹੁਤ ਵੱਡਾ); ਕਰੀਮ(ਦਾਨੀ); ਕਵੀਯ(ਬਲਵਾਨ); ਕਾਦਿਰ(ਕੁਦਰਤ ਵਾਲਾ); ਕਾਬਿਜ਼(ਰੋਕਣ ਵਾਲਾ); ਕੁਦੂਸ( ਪਵਿਤ੍ਰ); ਕੈਯਮ(ਕਾਇਮ ਕਰਨ ਵਾਲਾ); ਖਬੀਰ(ਖਬਰਦਾਰ); ਖਾਫ਼ਿਜ਼(ਡੇਗਣਵਾਲਾ); ਖਾਲਿਕ(ਕਰਤਾਰ); ਗ਼ਨੀ(ਬੇਪਰਵਾਹ); ਗਫ਼ੂਰ(ਬਖਸ਼ਣਵਾਲਾ); ਜਬਾਰ(ਪ੍ਰਬੱਲ,ਜਬਰ ਵਾਲਾ); ਜਲੀਲ(ਪ੍ਰਕਾਸ਼ ਸਰੂਪ); ਜ਼ਾਹਿਰ; ਜਾਮਿਆ (ਜਮਾ ਕਰਨ ਵਾਲਾ); ਜ਼ਾਰ( ਨੁਕਸਾਨ ਦੇਣ ਵਾਲਾ); ਜ਼ੁਲ ਜਲਾਲੇ ਵਲ ਇਕਰਾਮ(ਬਜ਼ੁਰਗੀ ਅਤੇ ਮਹਿਮਾ ਵਾਲਾ); ਤਵਾਬ੍ਹ (ਤੋਬਾ ਕਰਨ ਵਾਲਾ); ਨਾਫ਼ਿਅ(ਨਫ਼ਾ ਦੇਣ ਵਾਲਾ); ਨੂਰ (ਪ੍ਰਕਾਸ਼); ਫ਼ਤੈਂਹ (ਫ਼ਤਹਿ ਦੇਣ ਵਾਲਾ); ਬਸੀਰ(ਦੇਖਣ ਵਾਲਾ); ਬਦੀਅ(ਨਵੀਂ ਰਚਨਾ ਕਰਨ ਵਾਲਾ); ਬਰ(ਨੇਕੀ ਕਰਨ ਵਾਲਾ); ਬਾਇਸ(ਪ੍ਰਾਣ ਦੇਣ ਵਾਲਾ); ਬਾਸਿਤ(ਬਹੁਤ ਦੇਣ ਵਾਲਾ); ਬਾਕੀ; ਬਾਤਿਨ(ਗੁਪਤ); ਮਜੀਦ(ਬਜ਼ੁਰਗ); ਮਤੀਨ(ਦ੍ਰਿੜ੍ਹ); ਮਲਿਕ(ਬਾਦਸ਼ਾਹ); ਮਾਜਿਦ( ਬਜ਼ੁਰਗੀ ਵਾਲਾ); ਮਾਨਿਅ(ਵਰਜਣ ਵਾਲਾ); ਮਾਲਿਕ ਮਲਕ; ਮੁਅਖਿਰ(ਪਿਛੇ ਹਟੋਣ ਵਾਲਾ); ਮੁਅਤੀ (ਦਾਨੀ) ਮੁਇਜ਼(ਇਜ਼ਤ ਦੇਣ ਵਾਲਾ); ਮੁਈਦ(ਫੇਰ ਰਚਣ ਵਾਲਾ) ਮੁਸੱਵਿਰ(ਸੂਰਤਾਂ ਰਚਣ ਵਾਲਾ); ਮੁਹਈ(ਪ੍ਰਾਣ ਦਾਤਾ); ਮੁਹਸ਼ (ਘੇਰਨ ਵਾਲਾ); ਮੁਹਮਿਨ(ਨਿਗਾਹਬਾਨ); ਮੁਕੀਤ (ਰੋਜ਼ੀ ਦੇਣ ਵਾਲਾ); ਮੁਗ਼ਨੀ(ਬੇਪਰਵਾਹ); ਮੁਤਆਲੀ(ਮਹਾਨ); ਮੁਤੱਕਬਿਰ(ਵਡਿਆਈ ਵਾਲਾ); ਮੁੰਤਕਿਮ(ਸਜ਼ਾ ਦੇਣ ਵਾਲਾ); ਮੁਨਇਮ(ਨਿਅਮਤ ਦੇਣ ਵਾਲਾ); ਮੁਬਦੀ(ਅਰੰਭ ਕਰਨ ਵਾਲਾ); ਮੁਮੀਤ(ਮਾਰਨ ਵਾਲਾ); ਮੋਮਿਨ(ਅਮਨ ਦੇਣ ਵਾਲਾ); ਰਊਫ਼(ਮਿਹਰਬਾਨ); ਰਸ਼ੀਦ(ਸਿਧਾਰਾਹ ਵਿਖਾਣ ਵਾਲਾ); ਰਹਮਾਨ(ਕਿਰਪਾਲੂ); ਰਹੀਮ(ਦਿਆਲੂ); ਰਕੀਬ(ਨਿਗਾਹਬਾਨ); ਰਜ਼ਾਕ(ਰਾਜ਼ਕ)

ਕੁਰਾਨ(7.169) ਅਨੁਸਾਰ ਮੁਸਲਮਾਨਾਂ ਨੂੰ ਕੇਵਲ ਕੁਰਾਨ ਵਿਚ ਵਰਤੇ ਗਏ ਸਫ਼ਾਤੀ ਨਾਵਾਂ ਨੂੰ ਲੈਣ ਦੀ ਖੁਲ੍ਹ ਹੈ, ਗ਼ੈਰ ਇਸਲਾਮੀ ਨਾਉਂ ਲੈਣ ਦੀ ਆਗਿਆ ਨਹੀਂ। ਪਰ ਗੁਰੂ ਜੀ ਨੇ 'ਅਸੰਖ ਨਾਵ' ਦੇ ਦ੍ਰਿਸ਼ਟੀਕੋਣ ਵਿਚ "ਸਰਬ-ਨਾਮ" ਸ਼ਾਮਲ ਕੀਤੇ ਹਨ।

9.3 ਹਿੰਦੂ ਨਾਵਾਂ ਵਿਚੋਂ ਗੁਰੂ ਜੀ ਨੇ ਵੈਦਿਕ, ਪੌਰਾਣਿਕ, ਵੈਸ਼ਨਵ ਅਤੇ ਜੋਗੀ ਪਰੰਪਰਾ ਦੇ ਨਾਵਾਂ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ ਪਰ ਇਨ੍ਹਾਂ ਨਾਵਾਂ ਨੂੰ ਪੌਰਾਣਿਕ ਦੇਵੀ ਦੇਵਤਿਆਂ , ਅਵਤਾਰਾਂ ਅਤੇ ਕੁਦਰਤੀ ਸ਼ਕਤੀਆਂ ਨਾਲੋਂ ਤੋੜ ਕੇ ਰੱਬੀ-ਸਿਫ਼ਤ ਨਾਲ ਜੋੜ ਦਿਤਾ ਹੈ। ਗੁਰਬਾਣੀ ਦਾ 'ਰਾਮ' ਇਤਿਹਾਸਕ ਰਾਮ ਚੰਦਰ ਨਹੀਂ ਸਗੋਂ ਪਰਮਾਤਮਾ ਹੈ ਜੋ ਸਾਰਿਆਂ ਵਿਚ ਰਮਿਆ ਹੋਣ ਕਾਰਨ 'ਰਾਮ' ਹੈ।[127] ਇਸੇ ਤਰ੍ਹਾਂ ਕ੍ਰਿਸ਼ਨ, ਗੋਪਾਲ, ਗੁਸਾਈ, ਮਾਧੋ, ਰਿਸ਼ੀਕੇਸ਼, ਵਾਸੁਦੇਵ, ਨਰਹਰ, ਨਾਰਾਇਣ ਆਦਿ ਇਤਿਹਾਸਕ ਅਤੇ ਮਿਥਿਹਾਸਕ ਪ੍ਰਸੰਗ ਨਾਲੋਂ ਟੁੱਟ ਕੇ ਪਰਮਾਤਮਾ ਦੇ ਸਫ਼ਾਤੀ-ਨਾਮ ਬਣ ਗਏ ਹਨ। ਕੁਝ ਵਿਸ਼ੇਸ਼ ਹਿੰਦੂ ਨਾਵ ਇਹ ਹਨ: ਓਨਮ, ਓਅੰ, ਅਸੁਰ ਸੰਘਾਰ, ਅਜਰਾਵਰ, ਈਸ਼ੁਰ, ਹਰੀ, ਸ੍ਰੀ ਧਰ, ਸ੍ਰੀ ਰੰਗ, ਸਾਰੰਗਪਾਨ, ਸਾਰੰਗ ਧਰ, ਸਾਵਲ, ਸਿਆਮ, ਕੇਸ਼ਵ, ਕ੍ਰਿਸ਼ਨ, ਕਾਨ੍ਹ, ਗਿਰਧਾਰੀ, ਗੋਬਿੰਦ, ਗੋਪਾਲ, ਗੋਪੀ ਨਾਥ, ਗੁਸਾਈ ਚਕ੍ਰਧਰ, ਚਕ੍ਰਪਾਨ, ਜਗਨ ਨਾਥ, ਜਗਦੀਸ਼, ਜਗਦੀਸ਼ੁਰ, ਦਾਮੋਦਰ, ਦੇਵ, ਨਿਹਕੇਵਲ, ਨਰਹਰੀ, ਨਰਾਇਣ, ਨਿਰੰਜਨ, ਪੀਤਾਂਬਰ, ਪ੍ਰਭੂ, ਪਰਮੇਸ਼ਰ, ਬਿਸ਼ਨ, ਬਿਸੰਭਰ, ਬ੍ਰਹਮ, ਬਨਵਾਰੀ, ਬੀਠਲ, ਭਗਵੰਤ, ਭਗਵਾਨ, ਭਗਤ-ਵੱਛਲ, ਭਵਖੰਡਨ, ਮੋਹਨ, ਮਾਧੋ, ਮਾਧਵ, ਮਧੁਸੂਦਨ ਮੁਰਾਰੀ, ਮੁਕੰਦ, ਮਹੇਸ਼, ਰਘੁਰਾਏ, ਰਾਮ, ਵਾਸਦੇਵ, ਵਿਠਲ ਆਦਿ।

10. ਗੁਰੂ ਨਾਨਕ ਦੇਵ ਦੇ 'ਅਸੰਖ ਨਾਵਾਂ' ਵਿਚ 'ੴ' 'ਸਤਿ' ਦੇ ਨਿਮਨ ਪੱਖ ਉਜਾਗਰ ਹੁੰਦੇ ਹਨ:

10.1 ਨਾਂਹ-ਵਾਚੀ ਪਰਾਭੌਤਿਕ ਨਾਮ: ਅਦ੍ਰਿਸ਼ਟ, ਅਗਮ, ਅਗੋਚਰ, ਅਚਰ, ਅਗਨਤ, ਅਗਾਧ, ਅਗਾਹ, ਅਜਰ, ਅਜੂਨੀ, ਅਕੱਥ, ਅਚਲ, ਅਛੇਦ, ਅਕਾਲ, ਅੱਖਰ, ਅਲਖ, ਅਮਰ, ਅਪਾਰ, ਅਦ੍ਰਿਸਟਿ, ਅਗਾਧ ਬੋਧ, ਅਨਾਥ, ਅਨੂਪ, ਅਪਰੰਪਰ, ਅਤੋਲ, ਅਤੁਲ, ਅਭੁਲ, ਅਡੋਲ, ਅੱਛਲ, ਅੱਟਲ, ਅਮੋਲ, ਅਮੁਲ, ਅਵਿਗਤ, ਅਵਿਨਾਸ਼ੀ, ਅਬਿਗਤ, ਅਭੰਗ, ਨਿਰੰਕਾਰ, ਨਿਰੰਜਨ, ਨਿਗਲਮ, ਨਿਰਭਉ,

---

ਫੁਟ ਨੋਟ ਪਿਛਲੇ ਸਫ਼ੇ ਦੀ ਬਾਕੀ:

ਰਾਫ਼ਿਆ(ਵੱਡਾ ਦਰਜਾ ਕਰਨ ਵਾਲਾ); ਲਤੀਫ਼ (ਸੂਖਮ ਦ੍ਰਿਸ਼ਟਾ); ਵਹਾਬ(ਦਾਤਾ); ਵਕੀਲ ਕਾਰਸਾਜ਼) ;ਵਦੂਦ(ਮਹੱਬਤ ਕਰਨ ਵਾਲਾ); ਵਲੀ( ਮਾਲਿਕ); ਵਾਸਿਅ(ਖੁਲ੍ਹ ਦੇਣ ਵਾਲਾ) ; ਵਾਹਿਦ(ਅਦੁਤੀ , ਇਕਲਾ); ਵਾਜਿਦ(ਸਭ ਕੁਝ ਰਖਣ ਵਾਲਾ); ਵਾਲੀ(ਮਲਿਕ)

126. ਭਗਤਿ ਨਿਰਾਲੀ ਅਲਾਹ ਦੀ। ਆਸਾ 3(430)

127. ਰਮਤ ਰਾਮ ਘਟ ਘਟ ਆਧਾਰ । ਰਾਮ 5(987)

ਨਿਰਵੈਰ, ਨਿਰਗੁਣ, ਨਿਰਮਲ, ਨਿਰਾਹਾਰ, ਨਿਰਦੋਖ , ਨਿਹਕੰਟਕ, ਨਿਰਲੇਪ ਆਦਿ।

10.2 ਹਾਂ-ਵਾਚੀ ਪਰਮਾਤਮ ਨਾਮ: ਸਤਿ, ਨਾਮ, ਸੱਚ, ਪਰਮ ਜੋਤਿ, ਸੂਖਮ ਮੂਰਤ, ਆਤਮ-ਦੇਉ, ਆਧਾਰ, ਆਦਿ-ਜੁਗਾਦਿ, ਆਤਮ-ਰਾਮ, ਸੰਪੂਰਨ, ਗਹਿਰ ਗੰਭੀਰ, ਗੁਣੀ-ਨਿਧਾਨ, ਰਤਨਾਗਰ, ਸਰਬ-ਸਕਤੀ ਮਾਨ, ਭਉ-ਭੰਜਨ, ਸਰਗੁਣ, ਪਰਮੇਸਵਰ, ਸਮਰੱਥ, ਪ੍ਰਾਣ-ਆਧਾਰ, ਪੂਰਨ, ਸੈਭੰ, ਗੁਰੂ, ਸਰਬ-ਵਿਆਪੀ, ਹਾਦਰਾ ਹਦੂਰ, ਪ੍ਰਸਾਦਿ, ਦਾਨਾ ਬੀਨਾ, ਅੰਤਰਯਾਮੀ, ਆਦਿ।

10.3 ਪੁਰਖ-ਵਾਚੀ ਕਰਤਾਰੀ ਨਾਮ: ਕਰਤਾ, ਕਰਤਾ ਪੁਰਖ, ਕਰਤਾਰ, ਸਤਿਪੁਰਖ, ਆਦਿ ਪੁਰਖ, ਕਰਣਾ ਮੈ, ਰਚਨਹਾਰ, ਕਰਨ ਹਾਰ, ਪ੍ਰਤਿਪਾਲਕ, ਅੰਤਰਜਾਮੀ,

10.4 ਪਤਿ ਪਾਲਨਾ ਵਾਲੇ ਨਾਮ: ਸਹਾਇਕ, ਪ੍ਰਤਿਪਾਲਕ, ਰਾਖਾ, ਮਦਦਗਾਰ, ਗਰੀਬ-ਨਿਵਾਜ, ਧਰਣੀ-ਧਰ, ਧੁਰੰਧਰ, ਸਾਰੰਗਪਾਨ, ਦੁਖ ਭੰਜਨ, ਦੀਨ-ਬੰਧਪ, ਦੀਨ-ਦਇਆਲ, ਅਨਾਥਾਂ-ਨਾਥ, ਨਿਥਾਵਿਆਂ-ਥਾਂ, ਦਇਆਲ, ਕਰੀਮ, ਰਹੀਮ, ਮਿਹਰਬਾਨ, ਕਰੁਣਾ-ਮੈ, ਰੱਬ, ਕ੍ਰਿਪਾਨਿਧਿ,

10.5 ਦਾਤਾਰੀ ਗੁਣਾਂ ਵਾਲੇ ਨਾਮ: ਦਾਨੀ, ਦਾਤਾ, ਦਾਤਾਰ, ਇੱਛਾ-ਪੂਰਕ, ਸਰਬ-ਸੁਖਦਾਤਾ, ਜਗਜੀਵਨ-ਦਾਤਾ, ਪ੍ਰਾਣ-ਦਾਤਾ ।

10.6 ਰਾਜਸੀ ਨਾਮ: ਅਦਲੀ, ਸੱਚਾ ਨਿਆਈਂ, ਮਾਲਿਕ, ਮੀਰ, ਸ਼ਾਹ, ਪਾਤਸ਼ਾਹ, ਸ਼ਾਹਾਨਸ਼ਾਹ, ਸਾਹਿਬ, ਨਰ-ਪਤਿ, ਜਗਦੀਸ਼, ਸੁਲਤਾਨ, ਛਤਰਪਤਿ, ਤ੍ਰਿਭਵਨ ਧਨੀ,।

10.7 ਕਿਰਪਾਲੂ ਗੁਣਾਂ ਵਾਲੇ ਨਾਮ: ਗੁਰੂ, ਪ੍ਰਸਾਦਿ, ਮਿਹਰਵਾਨ, ਦਇਆਵਾਨ, ਨਿਸਤਾਰਨ ਹਾਰ, ਪਤਿਤ ਪਾਵਨ ਭਗਤ ਵੱਛਲ ।

10.8 ਨਿਕਟ ਵਰਤੀ ਸੰਬੰਧ ਵਾਚਕ ਨਾਮ: ਮਾਤਾ, ਪਿਤਾ, ਬੰਧਪ, ਭਰਤਾ, ਭਾਈ; ਭੰਰਤਾ, ਕੰਤ, ਭਤਾਰ, ਖਸਮ, ਦੁਲ੍ਹਾ ; ਮਿਤ੍ਰ, ਯਾਰ, ਸੱਜਣ, ਸਖਾ, ਸੰਗੀ, ਸਾਥੀ, ਪ੍ਰੀ, ਪਿਆਰਾ, ਪ੍ਰੀਤਮ ਅਤੇ ਪ੍ਰਿਆ ।

10.9 ਸਦਾਚਾਰੀ ਗੁਣਾਂ ਵਾਲੇ ਨਾਮ: ਬੇਐਬ, ਗੁਣੀ-ਨਿਧਾਨ, ਗੁਣੀ-ਗਹੀਰ, ਗੁਣ-ਤਾਸ, ਸੱਚਾ, ਊਜਲ, ਨਿਰਭਉ, ਨਿਰਵੈਰ, ਗਿਆਤਾ, ਸੁਖ-ਸਾਗਰ, ਸੀਤਲ, ਸੀਲਵੰਤ, ਹਰਖਵੰਤ, ਪ੍ਰਸੰਨ, ਰੰਗ, ਅਨਦ-ਬਿਨੋਦੀ, ਮਿਠ-ਬੋਲੜਾ, ਚੰਦਨ, ਨਿਮ੍ਰੀ-ਭੂਤ, ਅੰਮ੍ਰਿਤ, ਅਉਖਧ, ਸਤਿਗੁਰ, ਪੰਡਿਤ, ।

10.10 ਸੌਂਦਰਯ ਗੁਣਾਂ ਵਾਲੇ ਨਾਮ: ਸਤਿ, ਸੁਹਾਣ, ਨਿਤ-ਨਵਾਂ, ਸਚਦਾਨੰਦ(ਸਤਿ, ਚਿਤ, ਅਨੰਦ), ਵਿਸਮਾਦੀ, ਸੁੰਦਰ , ਸੋਭੰ, ਨਿਹਾਲ, ਅਚਰਜ, ਲਾਲ ਗੁਲਾਲ ਗਹਿਬਰਾ, ਮਨੋਮੋਹਣ, ਜਗਮੋਹਣ, ਨਦਨੋਤਿ, ਰੂੜਾ, ਵਾਹੁ, ਗੁਰ, ਅਕਾਲ ਕਲਾ,

10.11 ਅਲੰਕਾਰਕ ਨਾਮ: ਰਖਵਾਲਾ, ਅਧਾਲੀ, ਕਿਰਸਾਨ, ਸੁਦਾਗਰ, ਬਾਣੀਆ, ਧਨੀ, ਜੋਗੀ, ਬਨਵਾਲੀ ਆਦਿ ।

10.12 ਇਕੀਸੁਵਰਵਾਦੀ ਨਾਮ: ਉਰੋਕਤ ਕੱਥਤ ਸਾਰੇ ਗੁਣ ਅਤੇ ਨਾਮ ਇਕ ਪਰਮਾਤਮਾ(ੴ) ਦੇ ਹਨ ਜਿਸ ਨੂੰ – ੧, ਇਕ, ਏਕ, ਏਕੰਕਾਰ, ੴ, ਏਕਉ, ਏਕਮ, ਏਕੋ, ਏਕੋਇਕ, ਏਕੋਏਕ, ਏਕੋਏਕੀ, ਏਕੰਕਾਰੀ, ਕਿਹਾ ਗਿਆ ਹੈ।

11. ਗੁਰੂ ਨਾਨਕ ਮਾਰਗ'ਨਾਮ' ਅਤੇ 'ਸੱਚ' ਦਾ ਮਾਰਗ ਹੈ। ਸੱਚ ਤੋਂ ਖਾਲੀ ਅਤੇ ਭੌਤਿਕਤਾ ਦੀ ਮੈਲ ਨਾਲ ਰੋਗੀ ਹੋਏ ਸੰਸਾਰ ਦਾ ਇਲਾਜ ਕੇਵਲ 'ਨਾਮ' ਹੈ: ਸੰਸਾਰ ਰੋਗੀ, ਨਾਮ ਦਾਰੂ, ਮੈਲ ਲਾਗੀ, ਸਚ ਬਿਨਾ, ਧਨਾ ੧ (688)। ਸਾਰੀ ਗੁਰਬਾਣੀ ਸੱਚ ਅਤੇ ਨਾਮ ਦਾ ਬਖਾਨ ਹੈ। ਗੁਰੂ ਸਾਹਿਬ ਥਾਂ ਪਰ ਥਾਂ 'ਸੱਚ' ਅਤੇ 'ਨਾਮ' ਦੀ ਯਾਚਨਾ ਕਰਦੇ ਹਨ ਅਤੇ ਸਾਰੇ ਧਾਰਮਿਕ ਗ੍ਰੰਥਾਂ, ਸਿਮ੍ਰਿਤੀਆਂ, ਵੇਦਾਂ, ਪੁਰਾਣਾਂ ਦਾ ਸਾਰ'ਨਾਮ' ਦਸਦੇ ਹਨ।[128] ਸੰਸਾਰ ਦੇ ਸਾਰੇ ਰੋਗਾਂ, ਦੁਖਾਂ, ਕਲੇਸ਼ਾਂ ਦਾ ਦਾਰੂ 'ਨਾਮ' ਹੈ, ਨਾਮ ਹੀ ਮੁਕਤੀ ਦਾਤਾ ਹੈ, ਪਰਾਣਾਂ ਦਾ ਆਧਾਰ ਹੈ; ਨਾਮ ਨੂੰ ਅੰਮ੍ਰਿਤ, ਮਹਾਰਸ, ਜੀਵਨ ਰਹੁਰੀਤੀ, ਮੁਕਤੀ ਦਾਤਾ, ਸਦੀਵ ਸੁਖ ਦੇਣ ਵਾਲਾ ਕਿਹਾ ਹੈ। ਨਾਮ ਮਨੁੱਖ ਨੂੰ ਗਰਭ ਤੋਂ, ਜਮਦੇ ਦੁਖਾਂ ਤੋਂ, ਕਾਲ ਦੀ ਫਾਹੀ ਤੋਂ, ਦੁਖ, ਮੁਸੀਬਤ, ਬਿਘਨ, ਮੁਥਾਜੀ, ਤੋਂ ਬਚਾਉਂਦਾ ਹੈ ਅਤੇ ਸਰਬ ਨਿਧਾਨ, ਰਿਧਿ ਸਿਧਿ, ਨਉ ਨਿਧਿ, ਗਿਆਨ, ਧਿਆਨ, ਬੁਧਿ, ਮਾਣ, ਅਨੰਦ ਅਤੇ ਹਿਰਦੇ ਰੂਪੀ ਕਮਲ ਦਾ ਖਿੜਾਉ ਬਖਸ਼ਦਾ ਹੈ।[129] ਇਸ ਤੋਂ ਉਲਟ ਨਾਮ-ਵਿਹੂਣਾ ਜੀਵਨ ਸਚ ਵਿਹੂਣਾ ਜੀਵਨ ਹੈ, ਜੋ ਮੌਤ ਤੁਲ ਹੈ। ਨਾਮ ਤੋਂ ਬਿਨਾਂ ਸਾਰਾ ਕਾਰ-ਵਿਹਾਰ ਮਿਥਿਆ ਹੈ, ਨਾਮ-ਹੀਣ ਮਨੁੱਖ ਸਾਕਤ ਹੈ, ਪਸ਼ੂ-ਨਿਆਈਂ ਹੈ।[130] 'ਸੱਚ' ਅਤੇ 'ਨਾਮ' ਦੀ ਕੀਮਤ ਨਹੀਂ ਪੈ ਸਕਦੀ। ਭਾਵੇਂ ਕ੍ਰੋੜਾਂ ਵਰ੍ਹੇ ਲੱਖਾਂ ਮਣ ਕਾਗਜ਼ ਉਤੇ ਹਵਾ ਵਾਂਗ ਚਲਦੀ ਕਲਮ ਨਾਲ 'ਨਾਮ' ਦੀ ਸਿਫਤ ਸਲਾਹ ਲਿਖੀ ਜਾਵੇ, ਅਤੇ ਲੱਖਾਂ ਜੀਭਾਂ ਨਾਲ 'ਨਾਮ' ਦੀ ਮਹਿਮਾ ਕੀਤੀ ਜਾਵੇ, ਤਾਂ ਵੀ 'ਨਾਮ' ਦੀ ਸਰਾਹਨਾ ਮੁਕਦੀ ਨਹੀਂ।[131]

ਗੁਰੂ ਨਾਨਕ ਦੇਵ ਨੇ ਜੋਗੀਆਂ, ਸੰਨਿਆਸੀਆਂ ਦੇ ਆਸਣਾਂ ਅਤੇ ਤਪਾਂ ਨਾਲੋਂ ਨਾਮ-ਯੋਗ ਨੂੰ ਉੱਤਮ ਅਤੇ ਸੌਖਾ-ਯੋਗ ਦਸਿਆ ਹੈ: ਨਾਮਿ ਰਤੇ ਸਿਧ ਗੋਸਟਿ ਹੋਇ ... ਜੋਗ ਜੁਗਤਿ ਸਚਿ ਰਹੈ ਸਮਾਇ[ ਰਾਮ੧] (941-942) ਨਾਮ-ਯੋਗ ਸਹਿਜ ਯੋਗ ਹੈ, ਜਿਸ ਵਿਚ ਸੁਰਤਿ ਨੂੰ ਸ਼ਬਦ ਵਿਚ ਜੋੜਿਆ ਜਾਂਦਾ ਹੈ।

---

128. ਗਉੜੀ 5, 265, 266, 296
129. ਗਉੜੀ 5(236), ਗੂਜਰੀ ੧(489), ਰੂ: 4(10); ਆਸਾ 4(11)
[illegible]. ਗਉੜੀ ੧(12), ਗਉੜੀ 5(262-64)
130. ਗਉੜੀ ੧(489), ਆਸਾ ੧(9), ਗਉੜੀ 5(296), ਭੈ. 5(1137), ਸੂਹੀ 5(761), ਗਉੜੀ 5(239)
131. ਸਿਰੀ ਰਾਗ ੧(14-17); ਜਪੁਜੀ (32); ਗਉੜੀ 5(263)

ਚੰਗੇ ਅਮਲਾਂ ਤੋਂ ਬਿਨਾਂ 'ਨਾਮ' ਦੀ ਖੇਤੀ ਨਹੀਂ ਉਗਦੀ।[132] ਸਰੀਰ-ਰੂਪੀ ਭਾਂਡੇ ਦੀ ਸਫਾਈ ਬਿਨਾਂ ਨਾਮ-ਰੂਪੀ ਦੁੱਧ ਸ਼ੁੱਧ ਨਹੀਂ ਰਹਿ ਸਕਦਾ।[133] ਡਾ: ਤਾਰਨ ਸਿੰਘ ਅਨੁਸਾਰ ਨਾਮ-ਜੋਗ ਦੇ ਸਤ ਅੰਗ ਹਨ: ਗੁਰੂ ਦੀ ਮਿਹਰ, ਗੁਰੂ ਦੇ ਦਰਸ਼ਨ ਦੀਦਾਰ; ਸੰਤ ਪੁਰਸ਼ਾਂ ਦਾ ਸਤਿਕਾਰ; ਸਤਿਸੰਗ; ਸੇਵਾ; ਸੰਜਮ ਅਤੇ ਅਰਦਾਸ।[134] ਨਾਮ ਕੇਵਲ ਸੰਗਯਾ ਮਾਤਰ ਨਹੀਂ, "ਨਾਮ ਜਪ ਹੈ; ਨਾਮ ਸਿਮਰਣ ਹੈ; ਨਾਮਲਿਵ ਹੈ —...ਨਾਮ ਆਤਮ ਵਿਦਯਾ ਹੈ, ਜੋ ਜਗਯਾਸੂ ਦੀ ਅਕਾਂਖਯਾ ਤੋਂ ਲੈ ਕੇ , ਜਪ ਤੋਂ ਆਰੰਭ ਹੋ ਕੇ , ਸਾਂਈ ਮਿਲਾਪ ਤਕ ਲੈ ਜਾਂਦੀ ਹੈ।"[135] ਨਾਮ ਸਾਡੇ ਅੰਦਰ ਵਸਦਾ ਹੈ, ਜਿਸ ਨੂੰ ਅੰਤਰ-ਮੁੱਖੀ ਦ੍ਰਿਸ਼ਟੀ ਰਾਹੀਂ ਵੇ-ਖਿਆ ਜਾ ਸਕਦਾ ਹੈ। ਇਹ ਇਕ ਰੂਹਾਨੀ ਅਮਲ ਹੈ, ਆਤਮਿਕ ਅਭਿਆਸ ਹੈ, ਵਿਸਮਾਦੀ ਅਵੱਸਥਾ ਹੈ। ਇਹ ਅੰਤ੍ਰੀਵ ਆਤਮਿਕ ਤੀਰਥ ਦਾ ਇਸ਼ਨਾਨ ਹੈ।[136] ਨਿਰੰਕਾਰ ਸਤਿ ਅਲਖ ਹੈ ਪਰ ਗੁਰੂ ਦੀ ਕਿਰਪਾ ਨਾਲ ਇਸ 'ਅਲਖ' ਨੂੰ 'ਨਾਮ' ਰਾਹੀਂ ਲਿਖਿਆ ਜਾ ਸਕਦਾ ਹੈ :

ਨਾਮੁ ਨਿਰੰਜਨੁ ਅਲਖੁ ਹੈ ਕਿਉ ਲਖਿਆ ਜਾਈ —....
ਗੁਰ ਪੂਰੇ ਤੇ ਪਾਇਐ ਹਿਰਦੈ ਦੇ ਦਿਖਾਈ । ਸਾਰੰਗ 4(1242)

---

132. ਸਿਰੀ ਰਾਗ ੧ ਪੰਨਾ (19,23,24)
133. ਭਾਂਡਾ ਧੋਇ ਬੈਸਿ ਧੂਪੁ ਦੇਵਹੁ —...ਸੂਹੀ ੧(728)
134. ਗੁਰੂ ਨਾਨਕ ਜੀਵਨ, ਯੁਗ ਅਤੇ ਉਪਦੇਸ਼, ਪੰਨਾ 74-75.
135. ਭਾਈ ਵੀਰ ਸਿੰਘ, ਸੰਥਯਾ, ੧, ਪੰਨਾ 15.
136. ਤੀਰਥ ਨਾਵਣ ਜਾਉ ਤੀਰਥ ਨਾਮੁ ਹੈ —...ਧਨਾ ੧(688)

# ਅਧਿਆਇ ਚੌਥਾ

## ਕਰਤਾ ਪੁਰਖੁ

1.0 ਆਦਿ ਕਥਨ: ਕਰਤਾ ਪੁਰਖੁ ਦਾ ਸੰਕਲਪ ਸ੍ਰਿਸ਼ਟੀ ਰਚਨਾ ਨਾਲ ਸੰਬੰਧਿਤ ਹੈ। ਸ੍ਰਿਸ਼ਟੀ-ਰਚਨਾ ਦੇ ਰਹੱਸ ਨੂੰ ਜਾਣਨ ਦੀ ਅਨੋਖੀ ਭੁਖ ਬਹੁਤ ਪੁਰਾਤਨਹੈ। ਇਸ ਦੀ ਵਿਗਿਆਨਕ ਜਾਣਕਾਰੀ ਕੇਵਲ ਵਿਕਸਤ ਸਮਾਜ ਵਿਚ ਹੀ ਸੰਭਵ ਹੋ ਸਕਦੀ ਹੈ ਕਿਉਂਕਿ ਇਸ ਲਈ ਤੀਖਣ ਅਨੁਭਵ ਅਤੇ ਸੂਖਮ ਵਿਚਾਰਾਂ ਦੀ ਲੋੜ ਹੁੰਦੀ ਹੈ।[1] ਸੰਸਾਰ ਦੀਆਂ ਪੁਰਾਤਨਮ ਸਭਿਆਤਾਵਾਂ ਅਤੇ ਧਰਮਾਂ ਵਿਚ ਵੀ ਸ੍ਰਿਸ਼ਟੀ ਦੀ ਹੋਂਦ ਅਤੇ ਇਸ ਦੇ 'ਕਰਤਾ' ਬਾਰੇ ਕਿਆਸਕਾਰੀ ਹੁੰਦੀ ਰਹੀ ਹੈ। ਜ਼ਰਥੁਸਤਵਾਦੀਆਂ, ਯੂਨਾਨੀਆਂ, ਚੀਨੀਆਂ, ਯਹੂਦੀਆਂ, ਈਸਾਈਆਂ ਅਤੇ ਇਸਲਾਮ ਦੇ ਪੈਰੋਕਾਰਾਂ ਨੇ ਇਸ ਵਿਸ਼ੇ ਨੂੰ ਅਨੇਕ ਪਹਿਲੂਆਂ ਤੋਂ ਵਿਚਾਰਿਆ ਹੈ। ਭਾਰਤ ਵਿਚ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਇਸ ਦੀ ਦਾਰਸ਼ਨਿਕ ਚਰਚਾ ਹੋਈ ਹੈ। ਜੈਨ, ਬੁਧ, ਵੈਸ਼ਨਵ, ਸ਼ੈਵ, ਸਾਂਖ, ਵੈਸੇਸ਼ਿਕ ਅਤੇ ਵੇਦਾਂਤ ਨੇ ਇਸ ਵਿਸ਼ੇ ਬਾਰੇ ਆਪਣੇ ਆਪਣੇ ਮਤ ਪੇਸ਼ ਕੀਤੇ ਹਨ।

1.1 ਗੁਰਮਤਿ ਵਿਚ ਵੀ ਬ੍ਰਹਿਮੰਡ ਅਤੇ ਜੀਵ ਰਚਨਾ ਨੂੰ ਵਿਸ਼ੇਸ਼ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ। ਮੂਲ-ਮੰਤਰ ਦਾ ਤੀਜਾ ਸਮਾਸ 'ਕਰਤਾ ਪੁਰਖੁ ' ਹੈ ਜਿਸ ਦੇ ਆਧਾਰ ਤੇ ਗੁਰਬਾਣੀ ਵਿਚ ਗੁਰਮਤਿ ਦਾ ਰਚਨਾ-ਸਿਧਾਂਤ ਵਿਕਾਸ-ਸ਼ੀਲ ਹੁੰਦਾ ਹੈ। ਪਰ ਗੁਰਬਾਣੀ ਵਿਚ ਬ੍ਰਹਿਮੰਡ-ਉਤਪਤੀ ਸਿਧਾਂਤ(Cosmogony ) ਅਤੇ ਬ੍ਰਹਿਮੰਡ-ਵਿਗਿਆਨ ਸਿਧਾਂਤ(Cosmology ) ਨੂੰ ਦਾਰਸ਼ਨਿਕ ਤਰਕਵਾਦੀ ਢੰਗ ਨਾਲ ਸਿਲਸਲੇਵਾਰ ਨਹੀਂ ਪੇਸ਼ ਕੀਤਾ ਗਿਆ ਕਿਉਂਕਿ ਗੁਰੂ ਨਾਨਕ ਦੇਵ ਅਤੇ ਬਾਕੀ ਗੁਰੂ ਸਾਹਿਬਾਨ ਮੂਲ ਰੂਪ ਵਿਚ ਸਿਧਾਂਤਕਾਰ ਨਹੀਂ, ਸਗੋਂ ਰਹੱਸਵਾਦੀ ਅਨੁਭਵੀ ਗੁਰੂ ਸਨ। ਸ੍ਰਿਸ਼ਟੀ ਦੇ ਅਨੇਕ ਰੰਗਾਂ ਰੂਪਾਂ, ਕੁਦਰਤ ਦੇ ਅਦਭੁਤ ਦ੍ਰਿਸ਼ਾਂ, ਧਰਤੀ ਆਕਾਸ਼ ਦੀਆਂ ਵਚਿੱਤਰ ਛੱਬੀਆਂ, ਸੂਰਜ, ਚੰਨ, ਤਾਰਿਆਂ ਦੀ ਬੇਅੰਤਤਾ

---

1. Louis H. Gray, Cosmogony and Cosmology, ERE,Vol.,IV,p.125.

ਅਤੇ ਗਤੀਸ਼ੀਲਤਾ ਨੂੰ ਵੇਖ ਕੇ ਉਨ੍ਹਾਂ ਉਤੇ ਵਿਸਮਾਦੀ ਹਾਲਤ ਤਾਰੀ ਹੋ ਜਾਂਦੀ ਹੈ ਅਤੇ ਉਹ ਕੁਦਰਤ ਦੇ ਕਰਤੇ ਤੋਂ ਬਲਿਹਾਰ ਜਾਂਦੇ ਹਨ। ਇਸ ਲਈ ਗੁਰਮਤਿ ਵਿਚ ਸ੍ਰਿਸ਼ਟੀ ਰਚਨਾ ਵਿਧਾਨ ਦੀ ਸੁਤੰਤਰ ਰੂਪ ਵਿਚ ਕੋਈ ਵਿਸ਼ਿਸ਼ ਵਿਸ਼ੇਸ਼ਤਾ ਨਹੀਂ, ਇਸ ਦੀ ਵਿਸ਼ੇਸ਼ਤਾ 'ਕਰਤਾ ਪੁਰਖੁ' ਦੇ ਉਪਲਕਸ਼ ਵਿਚ ਹੈ। ਪਰ ਗੁਰੂ ਨਾਨਕ ਦੇਵ ਇਕ ਚੇਤੰਨ ਕਲਾਕਾਰ ਸਨ। ਸਮਾਜ ਨੂੰ ਉਚੀਆਂ ਤੇ ਸੁਚੀਆਂ ਕਦਰਾਂ ਕੀਮਤਾਂ ਦੇਣ ਲਈ ਜ਼ਰੂਰੀ ਸੀ ਕਿ ਜੀਵ, ਜਗਤ ਅਤੇ ਸਿਰਜਣਹਾਰ ਦੇ ਆਪਸੀ ਰਿਸ਼ਤੇ ਸਪਸ਼ਟ ਕੀਤੇ ਜਾਣ। ਭਾਰਤ ਦੇ ਪ੍ਰਸੰਗ ਵਿਚ ਇਹ ਲੋੜ ਹੋਰ ਵੀ ਵਧੇਰੇ ਸੀ ਕਿਉਂਕਿ ਏਥੇ ਅਜੇਹੀਆਂ ਪਰਸਥਿਤੀਆਂ ਪ੍ਰਬੱਲ ਰਹੀਆਂ ਹਨ ਜਿਨ੍ਹਾਂ ਵਿਚ ਜੀਵ ਜਗਤ ਨੂੰ ਮਿਥਿਆ ਕਹਿ ਕੇ ਲੋਕਾਂ ਨੂੰ ਤਿਆਗੀ, ਸੰਨਿਆਸੀ ਅਤੇ ਜੋਗੀ ਬਣਨ ਦੀ ਪ੍ਰੇਰਨਾ ਕੀਤੀ ਜਾਂਦੀ ਰਹੀ ਹੈ। ਇਸ ਲਈ ਸੁਅਸਥ ਸਮਾਜ ਦੀ ਸਥਾਪਨਾ ਲਈ 'ਕਰਤਾ' ਅਤੇ ਕਿਰਤ(ਬ੍ਰਹਿਮੰਡ ਅਤੇ ਜੀਵ) ਦੀ ਹੋਂਦ ਅਤੇ ਆਪਸੀ ਸੰਬੰਧਾਂ ਨੂੰ ਸਪਸ਼ਟ ਕਰਨਾ ਆਵਸ਼ਕ ਹੈ। 'ਕਰਤਾਪੁਰਖੁ' ਅਤੇ ਸਮੁੱਚੀ ਗੁਰਬਾਣੀ ਵਿਚ ਇਹੋ ਕੁਝ ਕੀਤਾ ਗਿਆ ਹੈ। ਗੁਰਮਤਿ ਵਿਚਾਰਾਂ ਦੀ ਇਸ ਸੰਬੰਧੀ ਵਿਲੱਖਣਤਾ ਵੇਖਣ ਤੋਂ ਪਹਿਲਾਂ ਅਨੇਕਾਂ ਹੋਰ ਮਤ ਮਤਾਂਤਰਾਂ ਵਿਚ ਰਚਨਾ-ਸਿਧਾਂਤ ਦੇ ਵਿਸ਼ਵਾਸ਼ਾਂ ਨੂੰ ਵੇਖ ਲੈਣਾ ਉਚਿਤ ਹੋਵੇਗਾ।

2. ਜ਼ਰਥੁਸ਼ਤਵਾਦ: ਜ਼ਰਥੁਸ਼ਤਵਾਦ ਦੇ ਇੱਕੋ ਇਕ ਪਰਮਾਣੀਕ ਗ੍ਰੰਥ ਅਵੇਸਤਾ ਵਿਚ ਸੰਸਾਰ ਰਚਨਾ, ਅਹੁਰਾ ਮਜ਼ਦਾ ਅਤੇ ਉਸ ਦੀ ਸ਼ਕਤੀ, ਜੀਵ ਦੀ ਮੁਕਤੀ ਅਤੇ ਪੁਨਰ ਜੀਵਨ ਆਦਿ ਵਿਸ਼ਿਆਂ ਦਾ ਗਿਆਨ ਹੈ। "ਅਵੇਸਤਾ ਅਨੁਸਾਰ ਇਕ ਪਰਮਾਤਮਾ ਅਹੁਰਾ ਮਜ਼ਦਾ ਹੈ, ਜੋ ਰਚਨਹਾਰ, ਆਤਮਾਵਾਂ ਦੀ ਆਤਮਾ, ਪਵਿਤਰ, ਵਿਅਕਤ ਅਤੇ ਅਵਿਅਕਤ ਦੋਵੇਂ ਹੈ।[2] " 'ਆਸ਼ਾ' , ਜੋ ਰੱਬੀ-ਹੁਕਮ ਅਤੇ ਦੈਵੀ ਸ਼ਕਤੀ ਹੈ, ਦਾ ਰਚਨਹਾਰ ਹੈ। ਸਭ ਦਾ ਸਿਰਜਣਹਾਰ ਤੇ ਪਾਲਣਹਾਰ ਹੈ।"[3] ਗਾਥਾ ਅਨੁਸਾਰ ਅਹੁਰਾਮਜ਼ਦਾ ਨੇ ਰੂਹਾਨੀ ਸ਼ਬਦ'ਮੰਥਰ' ਰਾਹੀਂ ਰਚਨਾ ਕੀਤੀ। ਇਹ ਪਵਿੱਤਰ ਸ਼ਬਦ 'ਅਹੁਨ ਵੈਰਯ' ਰੱਬੀ ਹੁਕਮ ਦਾ ਸੰਬਿਧਕ, ਸਾਰੀ ਰਚਨਾ ਦਾ ਆਧਾਰ ਅਤੇ ਪੂਰਨ ਨਿਆਇ ਦਾ ਕਾਨੂੰਨ ਸੀ ਜੋ ਧਰਤੀ ਜੀਵ, ਦਰਖਤ, ਅੱਗ, ਮਾਨਕ ਪ੍ਰਭੂ ਦੇ ਪ੍ਰੈਂਟਰ ਤੋਂ ਵੀ ਪਹਿਲਾਂ ਮੌਜੂਦ ਸੀ।[4]

"ਜ਼ਰਥੁਸ਼ਤ ਦਵੈਤਵਾਦੀ ਹੈ। ਅਹੁਰਾਮਜ਼ਦਾ ਦੇ ਨਾਲ ਅਹਿਰੇਮਾਨ (ਸ਼ੈਤਾਨ) ਨੂੰ ਵੀ ਮੰਨਦਾ ਹੈ। ਅਹੁਰਾਮਜ਼ਦਾ ਪੁੰਨ, ਚੰਗਿਆਈ ਅਤੇ ਰੋਸ਼ਨੀ ਦਾ ਅਤੇ ਅਹਿਰੇਮਾਨ ਪਾਪ, ਬੁਰਾਈ ਅਤੇ ਅਨ੍ਹੇਰੇ ਦਾ ਚਿੰਨ੍ਹ ਹੈ।"[5]

2. R.C.Zaehner, The Dawn and Twilight of Zoroastrianism, London: Weidenfield and Nielson, 1961,p.25.

3. Duncan Greenlees, Gospel of Zarathustra, Adyar:Theosophical Pub. House,p. 39.

4. Lewis Browne, The World's Great Scriptures, New York; The Mac.Co., 1956,pp.363-368.

5. Dr. S.S.Kohli, Philosophy of Guru Nanak, p. 108.

ਗਾਥਾਵਾਂ ਵਿਚ ਕੁਝ ਦੈਵੀ-ਸ਼ਕਤੀਆਂ ਨੂੰ ਰਚਨਾ ਸੰਤਵ ਵਿਚ ਅਹੁਰਾਮਜ਼ਦਾ ਦਾ ਸਹਾਇਕ ਦਸਿਆ ਗਿਆ ਹੈ। 'ਆਸ਼ਾ' ਰਚਨਾ ਦੀ ਸੰਭਾਲ, ਸਾਰ ਅਤੇ ਨਿਯੰਤਰਣ ਕਰਦੀ ਹੈ। 'ਵੋਹੂਮਨ' ਬ੍ਰਹਿਮੰਡ ਦੀ ਸਿਰਜਣਾ ਅਤੇ ਜੀਵ ਦੀ ਪ੍ਰੇਰਨਾ ਸ਼ਕਤੀ ਹੈ।[6]

<u>ਤਾਓਵਾਦ</u>: ਚੀਨੀ ਸ਼ਬਦ ਤਾਓ ਰੱਬ ਕੁਦਰਤ, ਸ਼ੁਭ ਰਾਹ, ਤਰਕ, ਲੋਗੋਸ ਅਤੇ ਦੈਵੀ ਕਾਨੂੰਨ ਕਈ ਅਰਥਾਂ ਵਿਚ ਵਰਤਿਆ ਗਿਆ ਹੈ। "ਤਾਓ ਦੇ ਅਗਿਆਤ-ਪੱਥ ਤੋਂ ਪਦਾਰਥ ਕ੍ਰਿਆਸ਼ੀਲ ਹੁੰਦਾ ਹੈ, ਰਚਨਾ ਹੁੰਦੀ ਹੈ ਅਤੇ ਨਿਯੰਤਰਣ ਵਿਚ ਰਹਿੰਦੀ ਹੈ।"[7] ਤਾਓ ਵਿਸ਼ਵ ਦੀ ਆਦਿ ਸੰਚਾਲਕ ਸ਼ਕਤੀ ਹੈ। ਜਦੋਂ ਧਰਤੀ ਆਕਾਸ਼ ਨਹੀਂ ਸਨ, ਓਦੋਂ ਵੀ ਤਾਓ ਸੀ। ਇਕ ਉਲੇਖ ਅਨੁਸਾਰ ਤਾਓ ਪਰਮਾਤਮਾਂ ਨੂੰ ਵੀ ਆਤਮ-ਸਰੂਪੀ ਬਣਾਉਂਦਾ ਹੈ, ਰੂਹਾਂ ਦੀ ਰਚਨਾ ਕਰਦਾ ਹੈ ਅਤੇ ਇਹ ਕਿਸੇ ਕਾਰਨ ਦਾ ਕਾਰਜ ਨਹੀਂ।[8] ਤਾਓ ਵਾਦ ਦਵੈਤਵਾਦੀ ਹੈ ਕਿਉਂਕਿ ਇਹ ਦੋ ਤਾਕਤਾਂ ਯਿਨ ਅਤੇ ਯੰਗ ਨੂੰ ਮੰਨਦਾ ਹੈ। ਯੰਗ ਹਾਂ-ਵਾਚੀ ਪੁਲਿੰਗ ਸ਼ਕਤੀ ਹੈ, ਯਿਨ ਨਾਂਹ-ਵਾਚੀ ਇਸਤ੍ਰੀ-ਲਿੰਗ। ਦੋਵੇਂ ਤਾਕਤਾਂ ਮਿਲ ਕੇ ਪੰਜਾਂ ਤਤਾਂ ਰਾਹੀਂ ਰਚਨਾ ਕਰਦੀਆਂ ਹਨ। "ਚੀਨੀ ਦਾਰਸ਼ਨਿਕ ਚੂਸ਼ੀ(1130-1200) ਅਨੁਸਾਰ ਇਹ ਤਾਕਤਾਂ ਕਰਮਵਾਰ 'ਲੀ' ਅਤੇ 'ਕੀ' ਤੋਂ ਪੈਦਾ ਹੋਈਆਂ ਜੋ ਸਦੀਵ ਅਤੇ ਅਨਾਦੀ ਹਨ।[9] ਚੂਸ਼ੀ ਤੋਂ ਪਹਿਲਾਂ ਦੀ ਵਿਚਾਰਧਾਰਾ ਵਿਚ ਰਚਨਾ ਦਾ ਆਦਿ ਆਕਾਸ਼ ਤੋਂ ਮੰਨਿਆ ਜਾਂਦਾ ਸੀ। ਚੂਸ਼ੀ ਅਨੁਸਾਰ ਦਿਸਦੇ ਬ੍ਰਹਿਮੰਡ ਪਿਛੇ ਕੋਈ ਮਹਾਨ-ਸ਼ਕਤੀ ਹੈ ਜਿਸ ਨੂੰ ਮਹਾਨ-ਧਾੜਾ ਜਾਂ ਖ਼ੁਮਿਆਰ ਕਹਿ ਸਕਦੇ ਹਾਂ ਜੋ ਰਚਨਾ ਉਪਰੰਤ ਸੰਸਾਰਕ ਕੰਮਾਂ ਵਿਚ ਦਖਲ ਨਹੀਂ ਦਿੰਦੀ।[10]

<u>ਯਹੂਦੀ ਸਿਧਾਂਤ</u>: ਯਹੂਦੀ ਮਤ ਸੰਸਾਰ ਦਾ ਅਤਿ ਪੁਰਾਤਨ ਮਤ ਹੈ। ਇਜ਼ਰਾਈਲ ਵਾਸੀ ਯਹੂਦੀ ਪੈਗੰਬਰੀ ਅਤੇ ਅਲਹਾਮ ਦਾ ਦਾਹਵਾ ਕਰਦੇ ਹਨ। "ਜੇਹੋਵਾਹ(ਯਾਹਵੇਹ) ਯਹੂਦੀਆਂ ਦਾ ਖ਼ੁਦਾ ਸੀ ਜਿਸ ਨੇ ਆਪਣੇ ਹੱਥ ਦੀ ਹਥੇਲੀ ਵਿਚ ਪਾਣੀਆਂ ਨੂੰ ਮਿਣਿਆ ਅਤੇ ਆਕਾਸ਼, ਧਰਤੀ ਅਤੇ ਸਵਰਗ ਨੂੰ ਮਾਪਿਆ।"[11] ਫਿਲੋਨੇ ਯਹੂਦੀਆਂ ਦੇ ਪੰਜ ਮੁੱਖ ਸਿਧਾਂਤ ਦਸੇ ਹਨ: ਰੱਬ ਵਿਚ ਵਿਸ਼ਵਾਸ਼; ਰੱਬ ਦੀ ਏਕਤਾ ਵਿਚ ਵਿਸ਼ਵਾਸ; ਰੱਬ ਸੰਸਾਰ ਨੂੰ ਰਚਣ ਵਾਲਾ ਹੈ; ਉਸ ਨੇ ਬਿਨਾਂ ਕਿਸੇ ਦੀ ਸਹਾਇਤਾ ਦੇ ਸੰਸਾਰ ਰਚਨਾ ਕੀਤੀ; ਉਹ ਸੰਸਾਰ ਦਾ ਨਿਯੰਤਰਣ ਕਰਦਾ ਹੈ।[12] ਯਹੂਦੀਆਂ ਦੇ ਗਰੰਥ ਤੌਰਾਹ ਵਿਚ ਸੰਸਾਰ ਰਚਨਾ ਦੀ ਕਹਾਣੀ

---

6. Duncan Greenlees, op.cit., p. 7.
7. W.E. Soothill ,The Three Religioms of China , London:Oxford University Press, 1929, p. 45.
8. Ibid , p. 53.
9. Louis H. Gray , op.cit., p. 126.
10. W.G. Walshe, Cosmology and Cosmony,Chinese (art.) ERE ,IV, p. 138.
11. E.K. Mitchell, ERE,pp.20-21.
12. Zvi Cahn, The Philosophy of Judaism, New York: The Mac &Co., 1962, p.21.

ਚਰਚਾ ਹੈ ਅਤੇ ਰਚਨਾ ਦੀ ਮਿਤੀ ਵੀ ਮਿਥੀ ਗਈ ਹੈ। ਉਸ ਅਵੱਸਥਾ ਦਾ ਵੀ ਜ਼ਿਕਰ ਹੈ ਜਦੋਂ ਹੋਂਦ, ਅਣਹੋਂਦ, ਕੁਝ ਨਹੀਂ ਸੀ, ਕੇਵਲ ਧੁੰਦੂਕਾਰਾ ਸੀ। ਰੱਬ ਨੇ ਕਿਹਾ, "ਚਾਨਣ ਹੋ ਜਾਵੇ," ਤਾਂ ਸਾਰੇ ਚਾਨਣ ਹੋ ਗਿਆ। ਉਪਰੰਤ ਉਸ ਨੇ ਸਾਰੀ ਰਚਨਾ ਕੀਤੀ।[13] ਯਹੂਦੀਆਂ ਦਾ ਰੱਬ ਜੇਹੋਵਾਹ ਇਕ, ਕੇਵਲ, ਸਰਬ-ਸ਼ਕਤੀਮਾਨ ਅਤੇ ਸਮੇਤ ਬਦੀ ਦੇ ਸਾਰੀਆਂ ਵਸਤਾਂ ਦਾ ਰਚਣਹਾਰਾ ਹੈ।[14] ਤੋਰਾਹ ਅਨੁਸਾਰ ਰਚਨਾ ਰੱਬ( ਜੇਹੋਵਾਹ) ਦੀ ਇੱਛਾ ਨਾਲ 'ਸ਼ਬਦ' ਰਾਹੀਂ ਹੋਈ।

5. <u>ਈਸਾਈ ਸਿਧਾਂਤ:</u> ਈਸਾਈ ਧਰਮ ਦਾ ਆਧਾਰ ਯਹੂਦੀ ਧਰਮ ਹੈ। ਈਸਾਈ ਧਰਮ ਅਨੁਸਾਰ ਰੱਬ ਇੱਕ ਹੈ, ਨਿਰਗੁਣ ਸਰਗੁਣ ਦੋਵੇਂ ਹੈ, ਈਸ਼ਵਰੀ ਗੁਣਾਂ ਵਾਲਾ, ਸ਼ਖਸੀਅਤ ਦਾ ਮਾਲਕ, ਪੂਰਨ ਸੁਤੰਤਰ, ਸਦੀਵ, ਕਿਰਪਾਲੂ, ਕਾਲ ਪ੍ਰਵਾਹ ਦੀ ਸੀਮਾਂ ਤੋਂ ਬਾਹਰ ਹੈ। "ਪਰਮਾਤਮਾ , ਪਿਤਾ, ਪੁੱਤਰ ਅਤੇ ਪਵਿੱਤਰ ਰੂਹ ਦੇ ਲਕਸ਼ ਰਖਦਾ ਹੈ। ਪਿਤਾ ਰਚਨਾ ਕਰਦਾ ਹੈ, ਪੁੱਤਰ ਰਾਹੀਂ ਸੰਸਾਰ ਦਾ ਉਧਾਰ ਕਰਦਾ ਹੈ ਅਤੇ ਪਵਿੱਤਰ ਰੂਹ ਵਿਚ ਇਸ ਨੂੰ ਪੂਰਨ ਕਰਦਾ ਹੈ।"[15] ਉਹ ਕਰਤਾ ਹੀ ਨਹੀਂ , ਸਰਬ ਵਿਆਪਕ ਅਤੇ ਸਰਬ ਪ੍ਰਿਤਪਾਲਕ ਵੀ ਹੈ । ਸੰਤ ਜੋਹਨ(1.1-4) ਅਨੁਸਾਰ ਸਾਰੀ ਰਚਨਾ ਸ਼ਬਦ ਤੋਂ ਹੋਈ। ਅਰੰਭ ਵਿਚ ਸ਼ਬਦ ਸੀ, ਸ਼ਬਦ ਪਰਮਾਤਮਾ ਦੇ ਅੰਦਰ ਸੀ, ਸ਼ਬਦ ਹੀ ਰੱਬ ਸੀ ਅਤੇ ਉਸ ਰਾਹੀਂ ਸਾਰੀਆਂ ਵਸਤਾਂ ਹੋਂਦ ਵਿਚ ਆਈਆਂ। ਰਚਨਾ ਸੰਬੰਧੀ ਦੂਜਾ ਮੁੱਖ ਵਿਚਾਰ ਇਹ ਹੈ ਕਿ ਰਚਨਾ ਅਣਹੋਂਦ ਤੋਂ ਹੋਂਦ ਵਿਚ ਆਈ, ਰਚਨਾ ਸਦੀਵੀ ਨਹੀਂ। ਇਸ ਦਾ ਆਦਿ ਵੀ ਹੈ, ਅੰਤ ਵੀ। ਰਚਨਾ ਤੋਂ ਪਹਿਲਾਂ ਸਾਰੀਆਂ ਵਸਤਾਂ ਸੰਭਾਵਨਾ ਰੂਪ ਵਿਚ ਰੱਬ ਅੰਦਰ ਸਨ।[16] ਤੀਜੀ ਮੁੱਖ ਗਲ ਇਹ ਹੈ ਕਿ ਰਚਨਾ ਦੇ ਸਤ ਦਿਨ ਪੁਰਾਤਨ-ਇੰਜੀਲ ਤੋਂ ਇਨ ਬਿਨ ਲੈ ਲਏ ਗਏ। ਅੰਨਸਲਮ ਅਨੁਸਾਰ ਇਹ ਛੇ ਦਿਨ ਦੁਨਿਆਵੀ ਦ੍ਰਿਸ਼ਟੀ ਵਾਲੇ ਛੇ ਦਿਨ ਨਹੀਂ। ਬਾਈਬਲ ਅਨੁਸਾਰ ਰਚਨਾ ਸੰਤਵ -ਹੀਣ ਨਹੀਂ, ਸਗੋਂ ਪੂਰਨਤਾ ਵਲ ਵਿਕਾਸ ਕਰ ਰਹੀ ਹੈ। ਪ੍ਰੋਟੈਸਟੈਂਟ ਬੈਲਜਿਕ ਕਨਫੈਸ਼ਨ ਵਿਚ ਈਸਾਈ ਰਚਨਾ-ਸਿਧਾਂਤ ਦਾ ਸਾਰ ਬੜੇ ਸੰਖੇਪ ਸ਼ਬਦਾਂ ਵਿਚ ਪ੍ਰਾਪਤ ਹੈ: "ਪਿਤਾ ਨੇ ਅਣਹੋਂਦ ਤੋਂ, ਸ਼ਬਦ ਰਾਹੀਂ, ਸਵਰਗ, ਧਰਤੀ, ਜੀਵ ਪੈਦਾ ਕੀਤੇ ਕਿਉਂਕਿ ਇਹ ਉਸ ਨੂੰ ਚੰਗਾ ਲਗਿਆ ਤੇ ਉਸ ਨੇ ਹਰੇਕ ਜੀਵ ਨੂੰ ਹੋਂਦ, ਰੂਪ, ਰੰਗ ਤੇ ਬਹੁਤ ਕੁਝ ਦਿਤਾ ਤਾਂ ਕੇ ਉਹ ਆਪਣੇ ਮਾਲਕ ਦੀ ਸੇਵਾ ਕਰ ਸਕੇ।"[17]

---

13. Gospel of Israel, Madras:Theo,Pub. House,1950,p.33.
14. Julius Guttman, Philosophies of Judaism, R & K. Paul,1964,p.10.
15. Dr. V.C. Samuel, The Faith of Christianity, Patiala:Punjabi University, p. 27.
16. E.K. Michell, ERE,IV, p. 142.
17. Belgic Confession, art, XII;ERE , IV,p.144.

6. <u>ਇਸਲਾਮ ਸਿਧਾਂਤ:</u> ਇਸਲਾਮ ਦਾ ਭਾਵ ਹੈ " ਰੱਬੀ ਹੁਕਮ ਅੱਗੇ ਝੁਕਣਾ।"[18] ਕੁਰਾਨ ਇਸਲਾਮ ਦਾ ਪਵਿੱਤਰ ਗ੍ਰੰਥ ਹੈ ਜਿਸ ਅਨੁਸਾਰ ਅਲਾ ਆਪਣੀ ਜ਼ਾਤ ਕਰਕੇ, ਸਿਫ਼ਾਤ ਕਰਕੇ ਅਤੇ ਅਫ਼ਾਲ (ਕੰਮ) ਕਰਕੇ ਇਕ ਹੈ।"[19] ਕੁਰਾਨ(96.1) ਅਨੁਸਾਰ ਅਲਾ ਕਰਤਾ (ਅਲਖਾਲਿਕ) ਵੀ ਹੈ ਅਤੇ ਰਚਨਾ ਨੂੰ ਨਿਯੰਤਰਣ ਵਿਚ ਰਖਣ ਵਾਲਾ ਵੀ ਹੈ। ਉਹ ਰੂਪ ਦੇਣ ਵਾਲਾ(ਅਲਮੁਸੱਵਰ), ਆਦਿ (ਅਲ-ਮੁਬੱਦੀ), ਜੀਵ-ਦਾਤਾ(ਅਲ-ਮੁਹਈ), ਰਖਿਅਕ(ਹਾਫ਼ਿਜ਼), ਜ਼ਾਲਮ( ਅਲਜਾਬਰ), ਕਰਤਾ, ਭਰਤਾ, ਹਰਤਾ, ਮਾਲਕ, ਬਾਦਸ਼ਾਹ ਸੱਭ ਕੁਝ ਹੈ।[20] ਕੁਰਾਨ(15.5) ਅਨੁਸਾਰ ਰਚਨਾ ਸ਼ਕਤੀ ਅੰਨ੍ਹੀ ਨਹੀਂ, ਸਗੋਂ ਕਿਸੇ ਵਿਸ਼ੇਸ਼ ਮੰਤਵ ਲਈ ਗਤੀਸ਼ੀਲ ਹੈ। ਕੁਰਾਨ(15.4) ਵਿਚ ਰਚਨਾ ਨੂੰ ਰੱਬੀ ਹੁਕਮ ਨਾਲ ਜੋੜਿਆ ਗਿਆ ਹੈ। ਕੁਰਾਨ(55.4) ਅਨੁਸਾਰ ਰਚਨਾ ਅਲਾ ਦੇ ਹੁਕਮ ਅਤੇ ਨਿਯੰਤਰਣ ਵਿਚ ਹੈ। ਕੁਰਾਨ ਅਨੁਸਾਰ ਸਾਰੀਆਂ ਜੀਵ-ਵਸਤੂਆਂ ਪਾਣੀ ਤੋਂ ਬਣੀਆਂ ਹਨ(21.31); ਮਨੁੱਖ ਮਿਟੀ ਤੋਂ ਬਣਿਆ(23.12); ਜਿੰਨ ਅੱਗ ਤੋਂ (15.27); ਰੱਬ ਨੇ ਮਨੁੱਖ ਨੂੰ ਮਿਟੀ ਤੋਂ ਬਣਾ ਕੇ ਉਸ ਵਿਚ ਰੂਹ ਫੂਕ ਦਿਤੀ(32.7); ਸਾਰੀ ਰਚਨਾ ਪਸ਼ੂ, ਪੰਛੀ, ਜੀਵ, ਬਨਸਪਤੀ ਜੋੜਿਆਂ ਵਿਚ ਹੈ(51.47-49)। "ਕੁਰਾਨ ਵਿਚ ਆਦਮ ਦੀ ਰਚਨਾ ਨੂੰ ਨਹੀਂ ਮੰਨਿਆ ਗਿਆ, ਨਾ ਹੀ ਆਦਮ ਦੀ ਇਸਤ੍ਰੀ ਹਵਾ ਦਾ ਜਨਮ ਆਦਮ ਦੀ ਪਸਲੀ ਤੋਂ ਮੰਨਿਆ ਹੈ।"[21] ਈਸਾਈ ਮਤ ਵਾਂਗ ਕੁਰਾਨ ਦੇ ਸੂਰਾ 1.37 ਵਿਚ ਜ਼ਮੀਨ ਆਸਮਾਨ ਅਤੇ ਇਸ ਵਿਚਲੀ ਸਾਰੀ ਹੋਂਦ ਅਲਾ ਨੇ ਛੇ ਦਿਨ ਵਿਚ ਮੁਕੰਮਲ ਕੀਤੀ; ਧਰਤੀ ਅਤੇ ਪਹਾੜ ਦੋ ਦਿਨਾਂ ਵਿਚ (41.8); ਸਭ ਰਚਨਾ ਲਈ ਰੋਜ਼ੀ ਦਾ ਪ੍ਰਬੰਧ ਦੋ ਦਿਨਾਂ ਵਿਚ ਅਤੇ ਸਤ ਆਕਾਸ਼ ਦੋ ਦਿਨਾਂ ਵਿਚ ਬਣਾਏ।[22] ਇਸਲਾਮੀ ਪਰੰਪਰਾ ਅਨੁਸਾਰ ਅਲਾ ਨੇ ਧਰਤੀ ਸਨਿਚਰਵਾਰ, ਪਹਾੜ ਐਤਵਾਰ, ਦਰਖਤ ਸੋਮਵਾਰ, ਸਾਰੀਆਂ ਭੈੜੀਆਂ ਵਸਤਾਂ ਮੰਗਲਵਾਰ, ਰੋਸ਼ਨੀ ਬੁੱਧਵਾਰ, ਜਾਨਵਰ ਵੀਰਵਾਰ ਅਤੇ ਆਦਮ, ਜਿਹੜਾ ਆਖਰੀ ਕਿਰਤ ਸੀ, ਨੂੰ ਸ਼ੁਕਰਵਾਰ ਦੀ ਸ਼ਾਮ ਦੀ ਨਿਮਾਜ਼ ਤੋਂ ਬਾਹਦ ਪੈਦਾ ਕੀਤਾ।[23]

ਕਰਤਾ-ਪੁਰਖ —ਭਾਰਤੀ ਵਿਚਾਰਧਾਰਾ :

7.1 <u>ਵੈਦਿਕ ਸੰਕਲਪ:</u> ਵੈਦਿਕ ਰਿਸ਼ੀਆਂ ਨੇ ਕੁਦਰਤ ਦੇ ਅਦਭੁਤ ਨਜ਼ਾਰਿਆਂ ਨੂੰ ਅਤੇ ਪ੍ਰਕਿਰਤਕ ਸ਼ਕਤੀਆਂ ਨੂੰ ਅਨੇਕ ਦੇਵੀ ਸ਼ਕਤੀਆਂ ਨਾਲ ਸੰਬੰਧਿਤ ਕੀਤਾ ਜਿਸ ਤੋਂ ਬਹੁਦੇਵ-ਵਾਦ ਹੋਂਦ ਵਿਚ ਆਇਆ। ਰਿਗਵੇਦ(10.31.7) ਵਿਚ ਇਹ ਜਗਿਆਸਾ ਪ੍ਰਗਟ ਕੀਤੀ ਗਈ ਹੈ ਕਿ ਉਹ ਕਿਹੜੀ ਲਕੜੀ ਹੈ ਜਿਸ ਤੋਂ

---

18. Edward Sell, Islam(art.) ERE, VII, p. 437.
19. Maulana Mohd. Ali, The Religion of Islam, New Delhi: S. Chand & Co., p. 144.
20. M.Th.Houstsma(Ed.) ,The Ency.of Islam, op.cit., Vol.I p.303.
21. Mohammad Ali, The Holy Quran, New Delhi:S. Chand &Co.,p.75.
22. Thomas Patrick Hughes, Dictionary of Islam,New Delhi: Cosmo Publications, p. 62.
23. Ibid.,p.63.

ਧਰਤੀ ਅਤੇ ਆਕਾਸ਼ ਸਿਰਜੇ ਗਏ? ਤੈਤਰੀਯ ਉਪਨਿਸ਼ਦ (2.8.9) ਵਿਚ ਇਸ ਦਾ ਸਪਸ਼ਟ ਉੱਤਰ ਦਿਤਾ ਗਿਆ: ਬ੍ਰਹਮ ਦੀ ਲਕੜ ਅਤੇ ਬ੍ਰਹਮ ਦੇ ਰੁੱਖ ਤੋਂ ਆਕਾਸ਼ ਅਤੇ ਧਰਤੀ ਦੀ ਸਿਰਜਨਾ ਹੋਈ। ਪਰ ਵੇਦਾਂ ਵਿਚ ਬ੍ਰਹਮ ਤੋਂ ਸਿਰਜਨਾ ਦਾ ਸਪਸ਼ਟ ਹਵਾਲਾ ਨਹੀਂ ਮਿਲਦਾ। ਵੇਦਾਂ ਵਿਚ ਰਚਨਾ ਦੇ ਕਈ ਸਰੋਤਾਂ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਵਿਚੋਂ ਵਿਸ਼ੇਸ਼ ਇਹ ਹਨ: ਦੇਵਤੇ, ਰਿਚ, ਪਾਣੀ, ਅਸਤਿ, ਪਰਜਾਪਤੀ, ਹਿਰਣ ਗਰਭ, ਅਣਹੋਂਦ, ਇੱਛਾ, ਪੁਰਸ਼, ਬਲੀ, ਯਗ ਆਦਿ। (ੳ) ਰਚਨਾ ਕਰਨ ਅਤੇ ਵੱਖ ਵੱਖ ਕੁਦਰਤੀ ਸ਼ਕਤੀਆਂ ਉਤੇ ਨਿਯੰਤਰਣ ਰਖਣ ਵਾਲੇ ਵਿਸ਼ੇਸ਼ ਦੇਵਤਿਆਂ ਵਿਚੋ ਵਰਣ, ਇੰਦਰ, ਅਗਨੀ, ਵਿਸ਼ਵਕਰਮਾ, ਸੋਮ ਪ੍ਰਮੁੱਖ ਹਨ। ਆਕਾਸ਼ ਦਾ ਦੇਵਤਾ ਵਰੁਣ ਗਰੀਕ ਦੇ ਔਰਾਨੋਸ ( **Ouranos** ) ਅਤੇ ਅਵੇਸਥਾ ਦੇ ਸੰਕਲਪ ਔਹਰਾਮਜ਼ਦਾ ਨਾਲ ਮਿਲਦਾ ਜੁਲਦਾ ਹੈ।[24] (ਅ) ਰਿਗਵੇਦ (4.23.9) ਅਨੁਸਾਰ ਰਿਚ ਸੰਸਾਰ ਦੇ ਪ੍ਰਬੰਧ ਨੂੰ ਕਾਇਮ ਰਖਦੀ ਹੈ। (ੲ) ਰਿਗਵੇਦ (10.168; 10.190 ਅਨੁਸਾਰ ਮੂਲ ਪਦਾਰਥ ਪਾਣੀ ਹੈ ਜਿਸ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ। (ਸ) ਰਿਗਵੇਦ (10.72) ਵਿਚ ਸੰਸਾਰ ਦਾ ਆਦਿ ਅਸਤਿ ਤੋਂ ਦਸਿਆ ਹੈ ਜੋ ਅਦਿਤੀ ਅਤੇ ਅਸੀਮ ਹੈ। (ਹ) ਰਿਗ(10.121) ਅਨੁਸਾਰ ਪਰਜਾਪਤੀ ਸਰਬ-ਸ਼ਕਤੀਮਾਨ ਹੈ ਪਰ ਉਹ ਕਰਨ ਕਾਰਨ ਨਹੀਂ। ਉਹ ਪਹਿਲਾਂ ਤੋਂ ਹੋਂਦ ਵਿਚ ਆਏ ਪਦਾਰਥਾਂ ਤੋਂ ਰਚਨਾ ਕਰਦਾ ਹੈ। (ਕ) ਰਿਗ(10.121) ਅਨੁਸਾਰ ਧੁੰਧੂਕਾਰ ਵਿਚ ਸੋਨ-ਬੀਜ(ਅੰਡਾ) ਰਖਿਆ ਗਿਆ ਜਿਸ ਤੋਂ ਬ੍ਰਹਮਾ ਹਿਰਣਗਰਭ ਜਾਂ ਪਰਜਾ ਪਤੀ ਦੇ ਰੂਪ ਵਿਚ ਪੈਦਾ ਹੋਇਆ ਜਿਸ ਨੂੰ ਰਿਗ(10.81) ਵਿਚ ਵਿਸ਼ਵਕਰਮਾ ਕਿਹਾ ਗਿਆ ਹੈ।[25] ਰਿਗ ਦੇ ਸੋਨ-ਬੀਜ ਦੀ ਤੁਲਨਾ ਈਜਿਪਟ ਦੇ ਬ੍ਰਹਿਮੰਡ-ਅੰਡ ਨਾਲ ਕੀਤੀ ਜਾ ਸਕਦੀ ਹੈ।[26] (ਖ) ਨਾਸਦੀਯ ਸੂਕਤ( 10.129) ਅਨੁਸਾਰ ਪਹਿਲਾਂ ਨਾ ਹੋਂਦ ਸੀ, ਨਾ ਅਣਹੋਂਦ। ਪਰਮਾਤਮ-ਇੱਛਾ ਹੀ ਸੰਸਾਰ ਉਤਪਤੀ ਦਾ ਬੀਜ ਹੈ। ਪਰਮਾਤਮਾ ਦੇ ਅੰਦਰਲੇ ਤਪ ਤੋਂ ਰਚਨਾਤਮਕ ਕਾਮ ਉਤਪੰਨ ਹੋਇਆ। ਇਸ ਲਈ ਭਾਰਤੀ ਕਾਮ, ਗਰੀਕ ਈਰੋਸ ਅਤੇ ਈਜਿਪਟ ਵਿਚ 'ਪਰਮ-ਰੂਹ ਦੀ ਰਚਨਾ ਲਈ ਬੇਤਾਬੀ' ਇਕੋ ਭਾਵ ਨੂੰ ਉਜਾਗਰ ਕਰਦੇ ਹਨ।[27] (ਗ) ਰਿਗਵੇਦ ਦੇ ਪੁਰਸ਼ ਸੂਕਤ[28] ਵਿਚ ਪਰਮ-ਪੁਰਸ਼ ਦੀ ਬਲੀ ਰਾਹੀਂ ਹੋਈ ਰਚਨਾ ਦਾ ਸਵਿਸਥਾਰ ਜ਼ਿਕਰ ਹੈ। ਇਸ ਅਨੁਸਾਰ ਹਜ਼ਾਰਾਂ ਅੱਖਾਂ, ਸਿਰ, ਹੱਥ ਪੈਰਾਂ ਵਾਲੇ ਵਿਰਾਟ ਪਰਮ ਪੁਰਸ਼ ਨੇ ਬ੍ਰਹਿਮੰਡ ਨੂੰ ਅੰਦਰੋਂ ਬਾਹਰੋਂ ਵਿਆਪਤ ਕੀਤਾ ਹੋਇਆ ਸੀ। ਸਾਰੇ ਦ੍ਰਿਸ਼ਟਮਾਨ ਜਗਤ, ਭੂਤ, ਭਵਿਖ ਵਰਤਮਾਨ ਦਾ

---

24. **Dr. S. Radha Krishnan, Indian Philosophy, Vol.I, p.77.**
25. **Ibid . p.100.**
26. **Louis H. Gray, op.cit., p. 126.**
27. **Ibid.**
28. **Rigveda 10.90.1-16.**

ਸਵਾਮੀ, ਤਿੰਨਾ ਕਾਲਾਂ ਵਿਚ ਵਿਦਮਾਨ ਇਹ ਪੁਰਸ਼ ਹੀ ਹੈ ਜਿਸ ਦਾ ਇਕ ਪਾਦ(ਚੌਥਾਈ ਹਿਸਾ) ਇਹ ਜਗਤ ਹੈ, ਤਿੰਨ ਪਾਦ ਦਯੂ-ਲੋਕ ਵਿਚ ਸਥਿਤ ਹਨ। ਪੁਰਸ਼ ਤੋਂ ਜੀਵ ਜਗਤ, ਤਿੰਨ ਗੁਣ ਅਤੇ ਦੇਵਤੇ ਪੈਦਾ ਹੋਏ। ਦੇਵਤਿਆਂ ਦੇ ਯਗ ਤੋਂ ਪਸ਼ੂ ਪੰਛੀ, ਘੋੜੇ, ਗੱਧੇ, ਖਚਰ, ਗਊਆਂ ਪੈਦਾ ਹੋਈਆਂ। ਦੇਵਤਿਆਂ ਨੇ ਪੁਰਸ਼ ਨੂੰ ਖੰਡ ਖੰਡ ਕੀਤਾ। ਉਸ ਦੇ ਮੁੱਖ ਤੋਂ ਬ੍ਰਾਹਮਣ, ਬਾਹਵਾਂ ਤੋਂ ਖੱਤਰੀ, ਲਤਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਉਤਪੰਨ ਹੋਏ। ਮਨ ਤੋਂ ਚੰਦਰਮਾ, ਅੱਖਾਂ ਤੋਂ ਸੂਰਜ, ਮੂੰਹ ਤੋਂ ਇੰਦਰ ਇਤਿਆਦਿ। ਇਸ ਤਰ੍ਹਾਂ ਸ੍ਰਿਸ਼ਟੀ ਉਤਪੰਨ ਕਰਕੇ ਵਿਰਾਟ-ਪੁਰਸ਼ ਰੂਪੀ ਪਸ਼ੂ ਨੂੰ ਬੰਨ ਕੇ ਇਸ ਦੀਆਂ ਸਤ ਪ੍ਰਕਰਮਾਂ ਕੀਤੀਆਂ ਗਈਆਂ। ਇਸ ਉਲੇਖ ਵਿਚ ਦੇਵਤੇ ਵਿਰਾਟ-ਪੁਰਸ਼ ਨੂੰ ਵਿਭਾਜਤ ਕਰਕੇ ਰਚਨਾ ਕਰਦੇ ਹਨ ਪਰ ਸਿਧੀ ਬ੍ਰਹਮ ਤੋਂ ਰਚਨਾ ਦਾ ਕੋਈ ਜ਼ਿਕਰ ਨਹੀਂ।

7.2 <u>ਉਪਨਿਸ਼ਦਾਂ ਦਾ ਸੰਕਲਪ:</u> ਉਪਨਿਸ਼ਦ ਵੇਦਾਂ ਦੇ ਅੰਤਲੇ ਅਧਿਆਇ ਹਨ ਪਰ ਇਨ੍ਹਾਂ ਵਿਚ ਵੈਦਿਕ ਕਰਮ-ਕਾਂਡ ਦੀ ਥਾਵੇਂ ਸਤਿ ਦੀ ਖੋਜ ਹੈ ਅਤੇ ਦਾਰਸ਼ਨਿਕ ਚਰਚਾ ਨੂੰ ਪਹਿਲ ਦਿਤੀ ਗਈ ਹੈ। ਉਪਨਿਸ਼ਦਾਂ ਵਿਚ ਭਾਵੇਂ ਵੇਦਾਂ ਦੇ ਕਈ ਭਾਵ ਦੁਹਰਾਏ ਗਏ ਹਨ ਪਰ ਤਾਂ ਵੀ ਬ੍ਰਹਮ ਤੋਂ ਬ੍ਰਹਿਮੰਡ ਦੀ ਰਚਨਾ ਦੇ ਹਵਾਲੇ ਵੀ ਪ੍ਰਾਪਤ ਹਨ। ਤੈਤ੍ਰੀਯ ਉਪਨਿਸ਼ਦ(3.1) ਅਤੇ ਛੰਦੋਗ (3.14) ਅਨੁਸਾਰ ਇਹ ਸੰਸਾਰ ਬ੍ਰਹਮ ਤੋਂ ਪੈਦਾ ਹੁੰਦਾ ਹੈ। ਬ੍ਰਹਮ ਆਸਰੇ ਕਾਇਮ ਹੈ ਅਤੇ ਉਸ ਵਿਚ ਹੀ ਅੰਤ ਲੀਨ ਹੋ ਜਾਂਦਾ ਹੈ। ਬ੍ਰਿਹਦਾਰਣਕ (1.4.10) ਵਿਚ ਬ੍ਰਹਮ ਨੂੰ ਸਰਬ-ਸ਼ਕਤੀਮਾਨ ਤੇ ਰਚਨਾ ਦਾ ਸੰਚਾਲਕ ਕਿਹਾ ਹੈ। ਮੈਤਰੀਯ ਉਪਨਿਸ਼ਦ ਅਨੁਸਾਰ ਸੰਸਾਰ ਅਸੀਮ ਬ੍ਰਹਮ ਹੀ ਹੈ, ਹਰ ਦਿਸ਼ਾ ਵਲ ਬੇਅੰਤ ਅਤੇ ਅਨੰਤ ਹੈ; ਅਗੰਮ, ਅਜਨਮਾ ਅਤੇ ਅਲਖ ਹੈ। ਸੰਸਾਰ ਸਮਾਪਤੀ ਤੇ ਕੇਵਲ ਉਹ ਹੀ ਹੋਂਦ ਵਿਚ ਰਹਿੰਦਾ ਹੈ। ਪ੍ਰਲਾਂਭ ਵਿਚੋਂ ਉਹ ਫੇਰ ਸੰਸਾਰ ਉਤਪੰਨ ਕਰ ਲੈਂਦਾ ਹੈ।[29] ਵੇਦਾਂ ਵਿਚ ਪ੍ਰਾਪਤ ਰਚਨਾ-ਸਰੋਤਾਂ ਦਾ ਜ਼ਿਕਰ ਉਪਨਿਸ਼ਦਾਂ ਵਿਚ ਵੀ ਮਿਲਦਾ ਹੈ। ਛੰਦੋਗ(3.19) ਵਿਚ ਰਿਗ(10.121) ਵਾਲੇ ਸੋਨ-ਬੀਜ (ਬ੍ਰਹਿਮੰਡ-ਅੰਡ) ਦਾ ਜ਼ਿਕਰ ਹੈ। ਬ੍ਰਿਦਾਰਣਕ (5.5) ਅਨੁਸਾਰ ਸੰਸਾਰ ਦਾ ਆਦਿ ਪਾਣੀ ਤੋਂ ਹੈ। ਤੈਤ੍ਰੀਯ(2.1) ਅਨੁਸਾਰ ਆਤਮਾ ਤੋਂ ਆਕਾਸ਼-ਹਵਾ-ਅੱਗ-ਪਾਣੀ-ਧਰਤੀ-ਜੜੀ ਬੂਟੀਆਂ-ਅੰਨ-ਵੀਰਜ ਅਤੇ ਵੀਰਜ ਤੋਂ ਪੁਰਸ਼ ਉਤਪੰਨ ਹੋਇਆ। ਰਿਗਵੇਦ ਪੁਰਸ਼-ਸੂਕਤ ਦਾ ਹਜ਼ਾਰਾਂ ਹੱਥਾਂ ਪੈਰਾਂ ਵਾਲਾ ਵਿਰਾਟ ਪੁਰਸ਼ ਸਵੇਤਾ ਸਵੇਤ ਉਪਨਿਸ਼ਦ ਵਿਚ ਵੀ ਪ੍ਰਾਪਤ ਹੈ। ਸਵੇਤਾ ਸਵੇਤ (1.5) ਵਿਚ ਵੈਰਾਟ ਪੁਰਸ਼ ਦੀ ਸਰਬ-ਵਿਦਮਾਨਤਾ ਅਤੇ ਉਸ ਦੀ ਅੱਗ, ਸੂਰਜ, ਹਵਾ, ਅਤੇ ਪ੍ਰਜਾਪਤੀ (ਵਿਸ਼ਨੂੰ) ਨਾਲ ਅਭੇਦਤਾ ਦਸੀ ਹੈ ਅਤੇ (2.16) ਅਨੁਸਾਰ ਵਿਰਾਟ ਪੁਰਸ਼ ਸਭ ਤੋਂ ਪਹਿਲਾਂ ਜਨਮਿਆ ਅਤੇ ਲਗਾਤਾਰ ਇਸਤ੍ਰੀ ਲਿੰਗਾਂ ਵਿਚ ਜਨਮ ਧਾਰ ਰਿਹਾ ਹੈ। ਇਹੋ ਪੁਰਸ਼ ਵੈਸ਼ਨਵ-ਧਰਮ ਵਿਚ ਪੁਰਸ਼-ਨਾਰਾਇਣ ਅਤੇ ਨਰ-ਨਾਰਾਇਣ ਦਾ ਅਤੇ ਸ਼ੈਵਮਤ ਵਿਚ ਰੁਦਰ ਅਤੇ ਸ਼ਿਵ ਦਾ ਰੂਪ ਧਾਰਨ ਕਰਦਾ ਹੈ।[30] ਰਿਗਵੇਦ ਦੇ

---

29. Hume ,R.E., Thirteen Principal Upnishads, Oxford University, Press, 1949, p. 24.

30. R.K. Sidhant Shastri, Saivism through Ages, New Delhi, Munshi Ram Manohar Lal, 1975, p. 19.

ਨਾਸਦੀਯ ਸੂਕਤ(10.129) ਵਿਚਲੇ ਪਰਮਾਤਮ-ਇੱਛਾ ਤੋਂ ਰਚਨਾ ਦੇ ਉਲੇਖ ਨੂੰ ਬ੍ਰਿਹਦਾਰਣਕ(1.4.5) ਛਾਂਦੋਗ(6.1.2, 6.2.1, 6.3.2) ਵਿਚ ਵੀ ਖਿਆਨ ਕੀਤਾ ਗਿਆ ਹੈ।[31] ਮੁੰਡਕ(1.1.7) ਅਨੁਸਾਰ ਸੰਸਾਰ ਰਚਨਾ ਬ੍ਰਹਮ ਤੋਂ ਇੰਜ ਹੁੰਦੀ ਹੈ ਜਿਵੇਂ ਮਕੜੀ ਤੋਂ ਜਾਲਾ, ਜਿਵੇਂ ਧਰਤੀ ਤੋਂ ਪੌਦੇ, ਸਰੀਰ ਤੋਂ ਵਾਲ ਅਤੇ ਅਗਨੀ ਤੋਂ ਅੰਗਾਰ ਆਪਣੇ ਆਪ ਉਤਪੰਨ ਹੁੰਦੇ ਹਨ ਅਤੇ ਅੰਤ ਉਸ ਵਿਚ ਹੀ ਸਮਾ ਜਾਂਦੇ ਹਨ। ਤੈਤ੍ਰੀਯ (2.8) ਅਨੁਸਾਰ ਸਭ ਬ੍ਰਹਮ ਹੀ ਬ੍ਰਹਮ ਹੈ, ਬ੍ਰਹਮ ਤੋਂ ਭਿੰਨ ਹੋਰ ਕੁਝ ਵੀ ਨਹੀਂ। ਇਹ ਵਿਚਾਰ ਵੇਦਾਂਤਿਕ ਅਦਵੈਤਵਾਦ ਦਾ ਆਧਾਰ ਹੈ।

7.3 <u>ਪੁਰਾਣ ਸਿਧਾਂਤ:</u> ਭਾਰਤੀ ਦਰਸ਼ਨ ਵਿਚ ਪੁਰਾਣਾਂ ਦਾ ਮਹੱਤਵ ਪੂਰਣ ਸਥਾਨ ਹੈ। ਬ੍ਰਹਮ ਦੀ ਏਕਤਾ ਅਤੇ ਇਕਰੂਪਤਾ, ਪੁਰਸ਼ ਅਤੇ ਪ੍ਰਕ੍ਰਿਤੀ ਦਾ ਅਨਿਖੜਵਾਂ ਸੰਬੰਧ, ਤਤਾਂ ਦਾ ਵਿਕਾਸ ਪੁਰਾਣਾਂ ਦੇ ਮੁੱਖ ਵਿਸ਼ੇ ਹਨ।[32] (ੳ) ਵਿਸ਼ਨੂੰ ਪੁਰਾਣ ਵਿਚ ਬ੍ਰਹਮ ਦੇ ਦੋ ਸਰੂਪ(ਪਾਰਬ੍ਰਹਮ ਨਿਰਗੁਣ) ਅਤੇ ਅਪਰਬ੍ਰਹਮ(ਸਰਗੁਣ) ਦਾ ਵਿਸਥਾਰ ਹੈ। ਬ੍ਰਹਮ ਦੇ ਨੀਵੇਂ ਸਰਗੁਣ ਸਰੂਪ ਨੂੰ ਈਸ਼ਵਰ ਕਿਹਾ ਗਿਆ ਹੈ ਜੋ ਸ੍ਰਿਸ਼ਟੀ ਦੇ ਤਿੰਨ ਗੁਣਾਂ, ਕਾਲ, ਪ੍ਰਕ੍ਰਿਤੀ, ਮਹੱਤ, ਅਹੰਕਾਰ ਆਦਿ ਨੂੰ ਪੈਦਾ ਕਰਦਾ ਹੈ। ਉਹ ਕਰਤਾ ਭਰਤਾ, ਹਰਤਾ, ਸਭ ਕੁਝ ਹੈ।[33] (ਅ) ਪ੍ਰਕ੍ਰਿਤੀ ਦੇ ਤਿੰਨ ਗੁਣ ਸਵੈ-ਵਿਰੋਧੀ ਹਨ, ਇਨ੍ਹਾਂ ਦੇ ਮੇਲ ਤੋਂ ਰਚਨਾ ਹੁੰਦੀ ਹੈ। ਇਨ੍ਹਾਂ ਦਾ ਸੰਤੁਲਨ ਸੰਸਾਰ ਦੀ ਸਮਾਪਤੀ ਦਾ ਪ੍ਰਤੀਕ ਹੈ। ਤਿੰਨ ਗੁਣ ਤਿੰਨ ਦੇਵਤਿਆਂ—ਬ੍ਰਹਮਾ, ਵਿਸ਼ਨੂੰ, ਸ਼ਿਵ ਦੇ ਵੀ ਪ੍ਰਤੀਕ ਹਨ। (ਸ) ਪੁਰਾਣਾਂ ਵਿਚ ਰਚਨਾ ਦੀਆਂ ਨਉਂ ਪੱਧਤੀਆਂ ਦਾ ਸਵਿਸਥਾਰ ਵਰਣਨ ਹੈ।

ਪੁਰਾਣਾਂ ਦੀ ਵਿਚਾਰਧਾਰਾ ਸਾਂਖ ਵਿਚਾਰਧਾਰਾ ਨਾਲ ਕਾਫ਼ੀ ਮਿਲਦੀ ਹੈ। ਪਰ ਸਾਂਖ ਵਿਚਾਰਧਾਰ ਨਾਸਤਕਵਾਦੀ ਹੈ ਅਤੇ ਪੁਰਾਣ ਆਸਤਕਵਾਦੀ ਹਨ। ਪੁਰਾਣਾਂ ਵਿਚ ਪੁਰਸ਼ ਪ੍ਰਕ੍ਰਿਤੀ ਪਰਮਾਤਮਾ ਦੇ ਦੋ ਅਨਾਦੀ ਸਰੂਪ ਹਨ। "ਪੁਰਾਣਾ ਵਿਚ ਸਾਂਖ ਦੀ ਨਾਸਤਕ ਅਤੇ ਦਵੈਤਵਾਦੀ ਵਿਚਾਰਧਾਰਾ ਨੂੰ ਵੇਦਾਂਤ ਦੀ ਆਸਤਕ ਅਦਵੈਤਵਾਦੀ ਵਿਚਾਰਧਾਰਾ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ।[35]

7.4 ਵੈਸ਼ਨਵ-ਪੁਰਸ਼-ਨਾਰਾਇਣ: ਰਿਗਵੇਦ ਦੇ ਹਜ਼ਾਰਾਂ ਸਿਰ ਅਤੇ ਅੱਖਾਂ ਵਾਲੇ ਵਿਰਾਟ ਪੁਰਸ਼ ਨੂੰ ਵੈਸ਼ਨਵ ਮਤ ਨੇ ਸ਼ਤਪਥ ਬ੍ਰਾਹਮਣ (13.6) ਵਿਚ ਪੁਰਸ਼-ਨਾਰਾਇਣ ਕਿਹਾ ਗਿਆ ਹੈ ਜੋ "ਸਾਧਾਰਨ ਮਨੁੱਖ ਨਹੀਂ, ਸਗੋਂ ਦੇਵਤਾ, ਨਾਇਕ, ਪਰਮ ਪੁਰਸ਼ ਅਤੇ ਆਦਿ ਪੁਰਸ਼ ਹੈ।"[36]

31. For details, see: Hume, op.cit., p. 80-82.
32. Pusalkar, A.D., Studies in Epics and Puranas, Bombay, Bhartiya Vi- Vidya Bhawan, 19 55, p. 23.
33. Vishnu Puran, 1.2.2,35,61; 1.4.31; 6.8.53.
34. Swami K.N. Aiyar, The Puranas, Madras: Theosophical Society, 1916, p.15.
35. Dr. Gurdip Singh, A critical Study of the Concept of Creation in the poetry of Guru Nanak Dev, P.U.Library, Chandigarh, p.28.

7.5 ਸ਼ਿਵ-ਪੁਰਸ਼: ਤੈਤ੍ਰੀਯ ਸੰਹਿਤਾ(4.5.1) ਵਿਚ ਇਹੋ ਪੁਰਸ਼ ਸ਼ੈਵ ਮਤ ਦੇ ਰੁਦਰ ਦਾ ਰੂਪ ਧਾਰਨ ਕਰਦਾ ਹੈ ਜੋ ਦਿਆਲੂ ਰੂਪ ਵਿਚ 'ਸ਼ਿਵ' ਅਤੇ ਦੋਖੀ ਰੂਪ ਵਿਚ ਰੁਦਰ ਹੈ। "ਸਾਰੇ ਜੀਵ ਜਿਹੜੇ ਹਵਾ ਵਿਚ ਉਡਦੇ ਹਨ, ਧਰਤੀ ਤੇ ਚਲਦੇ ਹਨ, ਧਰਤੀ ਵਿਚ ਰਹਿੰਦੇ ਹਨ, ਰੁਦਰ ਦੇ ਹੀ ਵੱਖ ਵੱਖ ਰੂਪ ਹਨ। ਬ੍ਰਹਿਮੰਡ ਦੀ ਸਾਰੀ ਰਚਨਾ ਰੁਦਰ ਤੋਂ ਹੀ ਹੈ"।[37] ਸਵੇਤਾ ਸਵੇਤ ਉਪਨਿਸ਼ਦ ਅਨੁਸਾਰ ਰੁਦਰ ਮਨੁੱਖ ਦੇ ਅੰਗੂਠੇ ਜਿੰਨੇ ਰੂਪ ਵਿਚ ਹਰ ਮਨੁੱਖ ਦੇ ਅੰਦਰ ਵਸਦਾ ਹੈ; ਉਹ ਮਹੇਸ਼ਵਰ ਹੈ, ਮਾਇਆ ਉਪਰ ਉਸਦਾ ਪੂਰਾ ਨਿਯੰਤਰਣ ਹੈ; ਕ੍ਰੋਧ ਵਿਚ ਆ ਕੇ ਸੰਸਾਰ ਨਸ਼ਟ ਕਰ ਦਿੰਦਾ ਹੈ; ਉਹ ਇਕਲਾ ਹੀ ਧਰਤੀ ਆਕਾਸ਼ ਬਣਾਉਣ ਵਾਲਾ ਹੈ।[38] ਸ਼ਿਵ ਪੁਰਾਣ, ਗਿਆਨ ਸੰਹਿਤਾ(ਅਧਿਆਇ 2,3) ਵਿਚ ਬ੍ਰਹਮਾ ਰਾਹੀਂ ਰਚਨਾ ਦਾ ਉਲੇਖ ਪ੍ਰਾਪਤ ਹੈ। ਪਰ ਬ੍ਰਹਮਾ ਵਿਸ਼ਨੂੰ ਦੀ ਲੜਾਈ ਹੋ ਜਾਣ ਤੇ ਸ਼ਿਵ "<u>ਅੱਗ ਦੇ ਥੰਮ੍ਹ</u>" ਦੀ ਰੂਪ ਵਿਚ ਪ੍ਰਗਟ ਹੋਇਆ ਜੋ ਜਯੋਤੀਰ ਲਿੰਗ (ਸ਼ਿਵਲਿੰਗ) ਹੈ ਅਤੇ ਸਾਰੀ ਰਚਨਾ ਦਾ ਮੂਲ ਕਾਰਨ ਹੈ।

8\. ਜੈਨ ਸੰਕਲਪ: ਜੈਨ ਵਿਚਾਰਧਾਰਾ ਵੇਦਾਂ ਅਤੇ ਉਪਨਿਸ਼ਦਾਂ ਤੋਂ ਵੱਖਰੀ, ਬ੍ਰਹਮ ਦੀ ਹੋਂਦ ਤੋਂ ਮੁਨਕਰ, [illegible] ਪਦਾਰਥਵਾਦੀ ਵਿਚਾਰਧਾਰਾ ਹੈ। ਜੈਨ ਵਿਚਾਰਧਾਰਾ ਅਨੁਸਾਰ ਰਚਨਾ ਦੇ ਦੋ ਮੁੱਖ ਵਰਗ ਹਨ —ਜੀਵ ਅਤੇ ਅਜੀਵ, ਜੋ ਸੰਸਾਰ ਦੀ ਕੁਲ ਸਾਮੱਗਰੀ ਹਨ। ਇਨ੍ਹਾਂ ਦੀ ਹੋਂਦ ਸਦੀਵੀ, ਇਕ ਸਮਾਨ ਅਤੇ ਸੁਤੰਤਰ ਹੈ। ਇਨ੍ਹਾਂ ਦੀ ਰਚਨਾ ਕਿਸੇ ਨੇ ਨਹੀਂ ਕੀਤੀ। ਇਨ੍ਹਾਂ ਦੀ ਹੋਂਦ ਆਦਿ ਕਾਲ ਤੋਂ ਹੈ। ਇਨ੍ਹਾਂ ਤੋਂ ਹੀ ਸੰਸਾਰ ਦੀ ਰਚਨਾ ਹੋਈ ਤੇ ਹੋ ਰਹੀ ਹੈ।[39] ਜੈਨੀ ਭਾਵੇਂ ਪਰਮਾਤਮਾ ਨੂੰ ਨਹੀਂ ਮੰਨਦੇ ਪਰ ਹਰ ਜੀਵ ਅਜੀਵ ਵਿਚ ਆਤਮਾ ਦੀ ਹੋਂਦ ਵੇਖਦੇ ਹਨ। ਜੈਨ ਧਰਮ ਵਿਚ 'ਕਰਤਾ' ਦਾ ਕੋਈ ਸੰਕਲਪ ਨਹੀਂ।

9\. ਬੁੱਧ ਸੰਕਲਪ: ਬੁੱਧ ਨੇ ਲੋਕਾਂ ਦੀ ਪੀੜਾ ਦੁਖ, ਬੀਮਾਰੀ ਨੂੰ ਵੇਖ ਕੇ ਤਤ ਕਢਿਆ ਕਿ ਦੁਨੀਆਂ ਦੁਖਾਂ ਦਾ ਘਰ ਹੈ ਅਤੇ ਇਨ੍ਹਾਂ ਦੀ ਨਵਿਰਤੀ ਸੰਭਵ ਹੈ। ਇਸ ਲਈ ਉਸ ਨੂੰ ਬ੍ਰਹਮ, ਭਗਵਾਨ, ਸ੍ਰਿਸ਼ਟੀ-ਰਚਨਾ ਵਰਗੇ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਉਸਦਾ ਵਿਸ਼ਵਾਸ਼ ਸੀ ਕਿ ਅਜੇਹੀ ਕਿਆਸਕਾਰੀ ਨਾਲ ਤ੍ਰਿਸ਼ਨਾ ਅਤੇ ਦੁਖਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ।[40] "ਬੁੱਧ ਦਾਰਸ਼ਨਿਕ ਅਤੇ ਪਰਾਭੌਤਿਕ ਮਸਲਿਆਂ ਨਾਲੋਂ ਸਦਾਚਾਰਕ ਅਤੇ ਸਮਾਜਕ ਸਮਸਿਆਵਾਂ ਵਿਚ ਵਧੇਰੇ ਵਿਲੀਨ ਸੀ।"[41] ਤਾਂ ਵੀ ਉਸ ਦੇ ਜੀਵਨ

---

36\. S. Jaiswal, The Origin and development of Vaisnavism,Delhi:1967,p.35

37\. Sidhant Shastri, op.cit.,p.8.

38\. Ibid., p. 18.

39\. S. Stevenson, The Heart of Jainism,London:Oxford University Press, 1915., p.128.

40\. Rhys Davids, Dailogues of Budha ,ERE,Vol, IV, p.130.

41\. S. Radhakrishnan, Indian Philosohpy,Vol.I,p.390.

ਪ੍ਰਸੰਗਾਂ ਤੋਂ ਰਚਨਾ ਸੰਬੰਧੀ ਉਸ ਦੇ ਕੁਝ ਵਿਚਾਰ ਮਿਲ ਜਾਂਦੇ ਹਨ। ਇਕ ਬ੍ਰਾਹਮਣ ਕਸ਼ੱਪ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਬੁੱਧ ਕਹਿੰਦਾ ਹੈ: ਧਰਤੀ ਦਾ ਆਸਰਾ ਪਾਣੀ, ਪਾਣੀ ਦਾ ਹਵਾ, ਹਵਾ ਦਾ ਆਕਾਸ਼, ਅਤੇ ਆਕਾਸ਼ ਬਿਨਾਂ ਕਿਸੇ ਆਧਾਰ ਦੇ ਹੈ।[42] ਬੁੱਧ ਵਿਚਾਰਧਾਰਾ ਅਨੁਸਾਰ ਸੰਸਾਰ ਵਿਚ ਕਾਰਣ-ਕਾਰਜ ਦਾ ਅਨੰਤ ਚੱਕਰ ਚਲਦਾ ਰਹਿੰਦਾ ਹੈ। ਜੀਵਨ ਕਿਸੇ ਮਸ਼ੀਨੀ ਕਰਮ ਦੀ ਉਪਜ ਨਹੀਂ, ਸਗੋਂ ਕਿਸੇ ਅੰਦਰਲੀ ਲਾਲਸਾ ਦਾ ਪ੍ਰਤੀਕਰਮ ਹੈ। ਭੌਤਿਕ ਸੰਸਾਰ ਦੀ ਹਰੇਕ ਵਸਤੂ ਛਿਨ ਭੰਗਰ ਹੈ; ਸੀਮਤ, ਨਿਰਭਰ ਅਤੇ ਜਨਮ ਮਰਣ ਦੇ ਗੇੜ ਵਿਚ ਹੈ, ਇਸ ਲਈ ਅਪੂਰਨ ਹੈ। ਸਾਰੀਆਂ ਵਸਤਾਂ ਅਨੰਤ ਚੱਕਰ ਦੇ ਵਹਿਣ ਵਿਚ ਹੋਣ ਕਾਰਨ ਨਾ ਨਿਰੋਲ ਸਤ ਹਨ ਨਾ ਅਸਤ, ਸਗੋਂ ਸਦੀਵਤਾ ਅਤੇ ਨਾਸ਼ਮਾਨਤਾ ਵਿਚ ਘੁੰਮ ਰਹੀਆਂ ਹਨ ਜਿਸ ਦੀ ਵਿਆਖਿਆ ਦੋ ਉਦਾਹਰਣਾਂ, 'ਦਰਿਆ ਦਾ ਵਹਿਣ' ਅਤੇ 'ਲੈਂਪ ਦੀ ਲਾਟ' ਰਾਹੀਂ ਕੀਤੀ ਜਾਂਦੀ ਹੈ ਜੋ ਹਰ ਪਲ ਬਦਲਣ ਦੇ ਬਾਵਜੂਦ ਇਕ ਪ੍ਰਤੀਤ ਹੁੰਦੇ ਹਨ। ਇਸੇ ਤਰ੍ਹਾਂ ਬ੍ਰਹਿਮੰਡ ਦੀ ਖੇਡ ਬਿਨਾਂ ਕਿਸੇ ਆਦਿ ਸੰਚਾਲਕ ਤੋਂ ਚਲਦੀ ਜਾਂਦੀ ਹੈ।[43] "ਬ੍ਰਹਮ ਜਾਂ ਈਸ਼ਵਰ ਤੋਂ ਰਚਨਾ ਬੁੱਧ ਦੇ ਸਿਧਾਂਤਾਂ ਦਾ ਵਿਸ਼ਾ ਨਹੀਂ। ਉਹ ਪਦਾਰਥਵਾਦ ਜਾਂ ਪ੍ਰਕ੍ਰਿਤੀਵਾਦ ਦਾ ਖੰਡਨ ਜਾਂ ਮੰਡਨ ਨਹੀਂ ਕਰਦਾ। ਰਚਨਾ ਸੰਬੰਧੀ ਛਿਣ-ਭੰਗਰਵਾਦ ਹੀ ਬੁੱਧ ਦਾ ਮੁੱਖ ਵਿਚਾਰ ਹੈ।[44]

10.0 ਸਾਂਖ ਪੁਰਸ਼-ਪ੍ਰਕ੍ਰਿਤੀ ਸਿਧਾਂਤ: ਸਾਂਖ ਸੰਖਿਆ ਤੋਂ ਹੈ, ਜਿਸ ਦਾ ਭਾਵ ਹੈ ਗਿਣਤੀ। ਇਹ 25 ਤੱਤਾਂ ਦਾ ਗਿਆਨ-ਸਿਧਾਂਤ ਹੈ ਜਿਸ ਨੂੰ ਸਾਂਖ ਜਾਂ ਸ਼ੁਧ-ਗਿਆਨ-ਸਿਧਾਂਤ ਵੀ ਕਹਿੰਦੇ ਹਨ। ਸਾਂਖ ਨਾਸਤਕਵਾਦੀ ਪਦਾਰਥ-ਵਾਦ ਹੈ ਜੋ ਬ੍ਰਹਮ ਜਾਂ ਈਸ਼ਵਰ ਦੀ ਹੋਂਦ ਨੂੰ ਨਹੀਂ ਮੰਨਦਾ। ਡਾ: ਰਾਧਾ ਕ੍ਰਿਸ਼ਨਨ ਦਾ ਵਿਚਾਰ ਹੈ ਕਿ ਪਹਿਲਾਂ ਸਾਂਖ ਆਸਤਿਕਵਾਦੀ ਅਤੇ ਬ੍ਰਹਮਵਾਦੀ ਸਨ। ਬਾਹਦ ਵਿਚ ਜੈਨ ਅਤੇ ਬੁੱਧ ਪ੍ਰਭਾਵ ਹੇਠ ਇਨ੍ਹਾਂ ਨੇ ਅਦਵੈਤਵਾਦ ਨੂੰ ਰੱਦ ਕਰ ਦਿਤਾ ਅਤੇ ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋ ਗਏ।[45]

10.1 ਸਾਂਖ ਅਨੁਸਾਰ ਮੂਲ ਤਤ ਦੋ ਹਨ: ਪੁਰਸ਼ ਅਤੇ ਪ੍ਰਕ੍ਰਿਤੀ । ਦੋਵੇਂ ਅਨਾਦੀ ਅਤੇ ਸੁਤੰਤਰ ਹਨ। ਪੁਰਸ਼ ਚੇਤੰਨ ਅਤੇ ਸਜੀਵ ਹੈ, ਪ੍ਰਕ੍ਰਿਤੀ ਜੜ੍ਹ ਅਤੇ ਨਿਰਜੀਵ ਹੈ। ਸਾਰੀ ਸ੍ਰਿਸ਼ਟੀ ਰਚਨਾ ਦੀ ਸੰਭਾਵਨਾ ਪ੍ਰਕ੍ਰਿਤੀ ਵਿਚ ਸੂਖਮ ਰੂਪ ਵਿਚ ਵਿਦਮਾਨ ਹੁੰਦੀ ਹੈ ਜੋ ਪੁਰਸ਼ ਦੇ ਸੰਜੋਗ ਨਾਲ ਬਾਹਰ ਰੂਪਵਾਨ ਹੋ ਜਾਂਦੀ ਹੈ। ਸਾਰਾ ਸੰਸਾਰ ਪੁਰਸ਼ ਪ੍ਰਕ੍ਰਿਤੀ ਦੀ ਖੇਡ ਹੈ।

10.2 ਈਸ਼ਵਰ ਕ੍ਰਿਸ਼ਨ ਦੀ ਰਚਨਾ 'ਸਾਂਖ ਕਾਰਿਕਾ' ਅਨੁਸਾਰ ਸਾਂਖ ਰਚਨਾ ਸਿਧਾਂਤ 'ਸਤਿਕਾਰਯਵਾਦ' ਹੈ ਜਿਸ ਅਨੁਸਾਰ ਕਾਰਜ ਕਾਰਣ ਵਿਚ ਪਹਿਲਾਂ ਹੀ ਮੌਜੂਦ ਹੁੰਦਾ ਹੈ, ਕੋਈ ਨਵੀਂ ਸਿਰਜਣਾ ਨਹੀਂ ਹੁੰਦੀ।

---

42. L.De La Vallee Pousin, Cosmogony and Cosmology (Budhism),art. ERE ,IV,p.131.
43. Dr. S.Radhakrishnan, op.cit., pp.372-384.
44. Chanderdhar Sharma, A Critical Survey of Indian Philosophy, London:Rider,1960,p. 151.
45. Indian Philosophy, Vol.II, p. 250.

ਸਾਰੀ ਪਦਾਰਥ ਹੋਂਦ ਪ੍ਰਕ੍ਰਿਤੀ ਦਾ ਪਰਿਣਾਮ ਹੈ। ਰਚਨਾ ਤੋਂ ਪਹਿਲਾਂ ਸਾਰਾ ਬ੍ਰਹਿਮੰਡ ਪ੍ਰਕ੍ਰਿਤੀ ਦੇ ਪਿੰਡੇ ਵਿਚ ਸੂਖਮ ਰੂਪ ਵਿਚ ਹੁੰਦਾ ਹੈ, ਰਚਨਾ ਸਮੇਂ ਸਥੂਲ ਰੂਪ ਧਾਰਦਾ ਹੈ, ਅਤੇ ਪਰਲੈ ਸਮੇਂ ਰਚਨਾ ਮੁੜ ਪ੍ਰਕ੍ਰਿਤੀ ਵਿਚ ਲੈ ਹੋ ਜਾਂਦੀ ਹੈ। ਇਸ ਤਰ੍ਹਾਂ ਪ੍ਰਕ੍ਰਿਤੀ ਰਚਨਾ ਦੀ ਮਾਂ, ਮੂਲ ਕਾਰਨ ਅਤੇ ਸੰਭਾਵਨਾ ਸ਼ਕਤੀ ਹੈ।

10.3 ਪ੍ਰਕ੍ਰਿਤੀ ਆਪ ਕਿਸੇ ਦਾ ਕਾਰਜ ਨਹੀਂ, ਇਹ ਅਨਾਦੀ ਹੈ। ਮਹਤ ਅਤੇ ਬਾਹਦ ਦੇ ਸਤ ਤੱਤਵ ਕਾਰਣ ਅਤੇ ਕਾਰਜ ਦੋਵੇਂ ਹਨ। ਹਰੇਕ ਕਿਸੇ ਨਾ ਕਿਸੇ ਤੋਂ ਉਤਪੰਨ ਹੁੰਦਾ ਹੈ ਅਤੇ ਕਿਸੀ ਨਾ ਕਿਸੀ ਨੂੰ ਜਨਮ ਦਿੰਦਾ ਹੈ। ਪੁਰੁਸ਼ ਨਾ ਕਾਰਣ ਹੈ, ਨਾ ਕਾਰਜ। ਨਾ ਕਿਸੇ ਤੋਂ ਉਤਪੰਨ ਹੁੰਦਾ ਹੈ, ਨਾ ਕਿਸੀ ਨੂੰ ਉਤਪੰਨ ਕਰਦਾ ਹੈ।

10.4 ਰਜ ਸਤ ਤਮ ਦੀ ਸਮਾਨ ਸਥਿਤੀ ਨੂੰ ਮੂਲ ਪ੍ਰਕ੍ਰਿਤੀ ਕਹਿੰਦੇ ਹਨ। ਇਸ ਦੀ ਹੋਂਦ ਰਚਨਾ ਤੋਂ ਪਹਿਲਾਂ ਹੈ, ਇਸ ਲਈ ਪਰਾ-ਕ੍ਰਿਤੀ ਹੈ; ਇਹ ਆਦਿ-ਨਿਯਮ ਹੈ, ਪ੍ਰਧਾਨ ਹੈ, ਅਵਿਅਕਤ ਹੈ, ਅਤਿ ਸੂਖਮ ਹੈ, ਅਨੁਮਾਨ ਹੈ, ਜੜ੍ਹ ਹੈ, ਸਦੀਵ-ਕ੍ਰਿਆਸ਼ੀਲ ਸ਼ਕਤੀ ਹੈ, ਕਾਰਣਰਹਿਤ ਹੈ, ਸੁਤੰਤਰ ਹੈ, ਸਦੀਵ ਹੈ, ਕੇਵਲ ਹੈ। ਪ੍ਰਕ੍ਰਿਤੀ ਤੋਂ ਬਣੇ ਪਦਾਰਥ ਕਾਰਣ ਦਾ ਨਤੀਜਾ ਕਾਰਜ ਹਨ, ਨਿਰਭਰ, ਸਾਪੇਖ ਹੋਂਦ ਵਾਲੇ, ਅਨੇਕ, ਛਿਨ ਭੰਗਰ, ਪਰਿਵਰਤਨਸ਼ੀਲ, ਮਰਣਸ਼ੀਲ ਅਤੇ ਉਤਪਤੀ ਤੇ ਵਿਨਾਸ ਵਿਚ ਹਨ।

10.5 ਪੁਰੁਸ਼ ਸ਼ੁਧ ਚੇਤਨਤਾ, ਆਤਮਾ, ਰੂਹ, ਗਿਆਤਾ, ਸੁਤੰਤਰ, ਕਾਰਣ-ਰਹਿਤ, ਸਦੀਵ ਸਰਬ-ਵਿਆਪੀ, ਸਵੈ-ਪ੍ਰਕਾਸ਼ਮਾਨ ਅਤੇ ਅਨਾਦੀ ਹੈ। ਹਰ ਮਨੁੱਖ ਪੁਰੁਸ਼ ਪ੍ਰਕ੍ਰਿਤੀ ਦਾ ਸੰਗਮ ਹੈ। ਇਸ ਲਈ ਪੁਰੁਸ਼ ਅਨੇਕ ਹਨ। ਪੁਰੁਸ਼ ਆਪਣੀ ਨੇੜਤਾ ਨਾਲ ਪ੍ਰਕ੍ਰਿਤੀ ਦੇ ਤਿੰਨ ਗੁਣਾਂ ਵਿਚ ਗਤੀਸ਼ੀਲਤਾ ਲਿਆਉਂਦਾ ਹੈ ਅਤੇ ਇਨ੍ਹਾਂ ਗੁਣਾਂ ਦੀ ਘਟ ਵਧ ਮਾਤਰਾ ਨਾਲ ਸਾਰੀਆਂ ਘਾੜਤਾਂ ਹੋਂਦ ਵਿਚ ਆਉਂਦੀਆਂ ਹਨ। "ਪੁਰੁਸ਼ ਸਾਰੇ ਤਮਾਸ਼ੇ ਦਾ ਦਰਸ਼ਕ ਹੈ ਪਰ ਪੁਰੁਸ਼ ਦਾ ਪ੍ਰਕ੍ਰਿਤੀ ਨਾਲ ਮੇਲ ਜਗਤ-ਤਮਾਸ਼ੇ ਲਈ ਆਵਸ਼ਕ ਹੈ।"[46]

10.6 ਸਾਂਖ ਅਨੁਸਾਰ ਸਾਰੀ ਰਚਨਾ ਮੰਤਵ ਭਰਪੂਰ ਹੈ, ਪੁਰਸ਼ ਦੀ ਸੇਵਾ ਲਈ ਹੈ। "ਪ੍ਰਕ੍ਰਿਤੀ ਦੇ ਤਿੰਨ ਗੁਣ, ਇੰਦਰੇ ਮਨ, ਬੁਧੀ, ਅਹੰਕਾਰ ਅਤੇ ਸਥੂਲ ਸ਼ਰੀਰ ਸਭ ਪੁਰੁਸ਼ ਦੀ ਸੇਵਾ ਵਿਚ ਹਨ। ਰਚਨਾ ਦੀ ਕੋਈ ਘਾੜਤ ਅਨਿਯਮਤ ਨਹੀਂ।"[47] ਸਾਂਖ ਪੁਰੁਸ਼ 'ਕਰਤਾ' ਨਹੀਂ, ਕੇਵਲ ਪ੍ਰਕ੍ਰਿਤੀ ਦੇ ਕ੍ਰਿਆਸ਼ੀਲ ਹੋਣ ਦਾ ਸਮਰੱਥ-ਕਾਰਣ( Efficient Cause ) ਹੈ। ਸਾਂਖ ਪ੍ਰਕ੍ਰਿਤੀ ਕੇਵਲ ਪਦਾਰਥਕ ਕਾਰਨ ਹੈ।

6

46. Dr. S.S.Kohli, Philosophy of Guru Nanak, p. 120.

47. Dr. RadhaKrishnan, Indian Philosophy,II, p. 266.

11. <u>ਵੈਸ਼ੇਸ਼ਿਕ-ਸਿਧਾਂਤ</u> : ਵੈਸ਼ੇਸ਼ਕ ਸਿੱਧਾਂਤ ਦਵੈਤਵਾਦੀ ਯਥਾਰਥਵਾਦ ਹੈ ਜਿਸ ਨੂੰ ਆਰੰਭਵਾਦ ਵੀ ਕਹਿੰਦੇ ਹਨ ਕਿਉਂਕਿ ਇਸ ਅਨੁਸਾਰ ਮੁੱਢਲੇ ਸਤ ਪਦਾਰਥ ਅਨਾਦੀ ਹਨ ਜਿਨ੍ਹਾਂ ਤੋਂ ਸਾਰੀ ਰਚਨਾ ਹੁੰਦੀ ਹੈ। ਇਹ ਪਰਮਾਣੂ ਸਿਧਾਂਤ ਹੈ। ਇਨ੍ਹਾਂ ਅਨੁਸਾਰ ਸਾਰੀ ਰਚਨਾ ਅਤਿ ਸੂਖਮ, ਅਭਿਖ ਪਰਮਾਣੂਆਂ ਦੇ ਸੰਗ੍ਰਹਿ ਤੋਂ ਹੈ। ਇਸ ਮਤ ਦਾ ਸੰਚਾਲਕ ਕਣਭ ਪਰਮਾਤਮਾ ਦੀ ਹੋਂਦ ਬਾਰੇ ਚੁਪ ਸੀ ਪਰ ਉਸ ਦੇ ਉਤਰ-ਅਧਿਕਾਰੀ ਪਰਮਾਤਮਾ ਨੂੰ ਪਦਾਰਥਕ ਪਰਮਾਣੂਆਂ ਨੂੰ ਪਹਿਲੀ ਹਰਕਤ ਦੇਣ ਵਾਲਾ ਪਰਮ ਸੰਚਾਲਕ ਮੰਨਦੇ ਹਨ। ਵੈਸ਼ੇਸ਼ਿਕ ਅਨੁਸਾਰ ਪ੍ਰਿਥਵੀ, ਪਾਣੀ ,ਅੱਗ ਅਤੇ ਹਵਾ ਪਰਮ ਤੱਤ ਹਨ, ਜੋ ਸਦੀਵ, ਅਨਾਦੀ, ਬੇਅੰਤ ਅਤੇ ਵਿਅਕਤੀਗਤ ਹਨ। ਇਨ੍ਹਾਂ ਦਾ ਕੋਈ ਕਰਤਾ ਨਹੀਂ। ਆਕਾਸ਼ ਪੰਜਵਾਂ ਹੈ ਜੋ ਪਰਮਾਣੂਆਂ ਦੇ ਕਿਰਿਆਸ਼ੀਲ ਹੋਣ ਦਾ ਪਿੜ ਹੈ। ਪਰਮਾਣੂ ਵਾਂਗ ਜੀਵ-ਆਤਮਾਵਾਂ ਵੀ ਸਦੀਵ ਅਤੇ ਅਨਾਦੀ ਹਨ। ਪਰਮਾਤਮਾ ਦੇ ਪਹਿਲੇ ਧੱਕੇ ਉਪਰੰਤ ਪਰਮਾਣੂ ਸੁਧੇ ਸਿੱਧ ਕ੍ਰਿਆਸ਼ੀਲ ਹੋ ਕੇ ਰਚਨਾ ਕਰਦੇ ਰਹਿੰਦੇ ਹਨ।[48]

12. <u>ਅਦਵੈਤ ਵੇਦਾਂਤ</u>: ਵੇਦਾਂਤ ਦਾ ਆਧਾਰ ਵੇਦਾਂ ਦੇ ਅੰਤਲੇ ਭਾਗ, ਉਪਨਿਸ਼ਦਾਂ, ਹਨ ਜਿਨ੍ਹਾਂ ਦਾ ਜ਼ਿਕਰ ਹੋ ਚੁਕਾ ਹੈ। ਉਪਨਿਸ਼ਦਾਂ ਦਾ ਸਾਰ ਬਦਰਾਇਣ ਨੇ 'ਬ੍ਰਹਮ ਸੂਤਰ' ਦੇ 555 ਸੂਤਰਾਂ ਵਿਚ ਬੰਨ੍ਹਿਆ ਜਿਸ ਦੀ ਸ਼ੰਕਰ, ਰਾਮਾਨੁਜ ਅਤੇ ਮਾਧਵ ਨੇ ਵੱਖ ਵੱਖ ਵਿਆਖਿਆ ਕੀਤੀ ਹੈ। ਵੇਦਾਂਤ ਦੀ ਪਰਮਾਣੀਕ ਰਚਨਾ ਮਾਂਡੂਕ ਕਾਰਿਕਾ(3.19) ਅਨੁਸਾਰ ਬ੍ਰਹਮ ਤੋਂ ਬਿਨਾਂ ਕਿਸੇ ਰਚਨਾ ਦਾ ਸੰਕਲਪ ਕੇਵਲ ਭਰਮ ਹੈ। ਦਵੈਤ ਕੇਵਲ ਵਿਖਾਵਾ ਹੈ, ਅਦਵੈਤ ਯਥਾਰਥਕ ਸਚ ਹੈ। ਇਹ ਅਜਾਤੀਵਾਦ ਹੈ ਜਿਸ ਅਨੁਸਾਰ ਰਚਨਾ ਕਦੀ ਵੀ ਨਹੀਂ ਹੋਈ। ਸ਼ੰਕਰ ਅਨੁਸਾਰ ਕੇਵਲ ਬ੍ਰਹਮ ਹੀ ਸਤਿ, ਸਦੀਵ ਅਤੇ ਵਾਸਤਵਿਕ ਹੈ, ਸ੍ਰਿਸ਼ਟੀ ਅਸਤਿ, ਭਰਮ, ਵਿਖਾਵਾ ਹੈ। ਸੰਸਾਰ ਬ੍ਰਹਮ ਦਾ ਆਭਾਸ ਅਤੇ ਪ੍ਰਤੀਬਿੰਬ ਹੈ, ਯਥਾਰਥਕ ਨਹੀਂ। ਜੀਵ ਅਤੇ ਬ੍ਰਹਮ ਇਕ ਹਨ। ਭਿੰਨਤਾ ਦਾ ਕਾਰਨ ਅਵਿਦਿਆ ਹੈ। ਬ੍ਰਹਮ ਮਾਇਦਾ ਦੇ ਸੰਪਰਕ ਵਿਚ ਆ ਕੇ ਈਸ਼ਵਰ ਅਤੇ ਸਰਗੁਣ ਪ੍ਰਤੀਤ ਹੁੰਦਾ ਹੈ ਅਤੇ ਸੰਸਾਰ ਦਾ ਕਰਤਾ, ਭਰਤਾ, ਹਰਤਾ ਮੰਨਿਆ ਜਾਂਦਾ ਹੈ।[49] ਸ਼ੰਕਰ ਬ੍ਰਹਮ ਪਰਿਣਾਮਵਾਦ ਦੇ ਵਿਰੁੱਧ ਹੈ। ਉਸ ਅਨੁਸਾਰ ਸੰਸਾਰ ਬ੍ਰਹਮ ਦੀ ਰਚਨਾ ਨਹੀਂ, ਨਾਂਹੀ ਉਸ ਦਾ ਬਦਲਿਆ ਹੋਇਆ ਰੂਪ ਹੈ। ਇਸ ਲਈ ਸ਼ੰਕਰ ਦੇ ਅਦਵੈਤ-ਵੇਦਾਂਤ ਵਿਚ ਨਾ ਕੋਈ 'ਕਰਤਾ' ਹੈ, ਨਾ ਕਿਰਤ, ਨਾ ਜੀਵ, ਨਾ ਜਗਤ। ਇਨ੍ਹਾਂ ਦੀ ਹੋਂਦ ਅਤੇ ਆਪਸੀ ਸੰਬੰਧ ਭਰਮ, ਅਤੇ ਅਵਿਦਿਆ ਦੀ ਉਪਜ ਹਨ।

---

48. Jadunath Sinha, History of Indian Philosophy,op.cit.,p.227.

49. Chanderdhar Sharma,op.cit., p. 281.

## ਕਰਤਾ ਪੁਰਖ —ਗੁਰਮਤਿ ਵਿਚਾਰਧਾਰਾ

13.1 ਗੁਰਮਤਿ ਵਿਚ 'ਕਰਤਾ ਪੁਰਖੁ' ਸੰਕਲਪ ਦੀ ਵਿਸ਼ੇਸ਼ ਮਹਾਨਤਾ ਹੈ। ਵਿਸ਼ੇਸ਼ ਕਰਕੇ ਭਾਰਤੀ ਦਰਸ਼ਨ ਦੇ ਸੰਦਰਭ ਵਿਚ ਇਸ ਦੀ ਵਿਲੱਖਣਤਾ ਪ੍ਰਤੱਖ ਦਿਸ ਆਉਂਦੀ ਹੈ। ਇਸ ਸਮਾਸ ਦਾ ਪਹਿਲਾ ਸ਼ਬਦ 'ਕਰਤਾ' ਮੂਲ ਮੰਤਰ ਵਿਚ ਪਹਿਲਾਂ ਵਰਤੇ ਗਏ ਸ਼ਬਦਾਂ-ਓਅੰਕਾਰ ਅਤੇ 'ਨਾਮ' ਦੇ 'ਕਰਤਾਰੀ' ਪੱਖ ਨੂੰ ਦਰਸਾਂਦਾ ਹੈ। ਗੁਰੂ ਨਾਨਕ ਦੇਵ ਨੇ ਪਰਮਾਤਮ-ਹਸਤੀ ਲਈ 'ਕਰਤਾ' ਅਤੇ 'ਕਰਤਾਰ' ਸ਼ਬਦਾਂ ਦਾ ਬਹੁਤ ਪ੍ਰਯੋਗ ਕੀਤਾ ਹੈ। ਜਨਮ-ਸਾਖੀਆਂ ਅਨੁਸਾਰ 'ਕਰਤਾਰ ਚਿਤ ਆਵੈ' ਉਨ੍ਹਾਂ ਦਾ ਵਿਸ਼ੇਸ਼ ਅਸ਼ੀਰਵਾਦ ਸੀ। ਰਾਵੀ ਕੰਢੇ ਵਸਾਏ ਸ਼ਹਿਰ ਦਾ ਨਾਂ ਵੀ 'ਕਰਤਾਰਪੁਰ' ਰਖਿਆ। ਗੁਰਬਾਣੀ ਵਿਚ ਥਾਂ ਪਰ ਥਾਂ ਪਰਮਾਤਮਾ ਨੂੰ 'ਕਰਤਾ' ਕਰਕੇ ਸੰਬੋਧਨ ਕੀਤਾ ਹੈ।[50] 'ਕਰਤਾ' ਨੂੰ ਸਰਬ ਸਮਰੱਥ ਦਸਣ ਲਈ ਕੁਝ ਹੋਰ ਵਿਸ਼ੇਸ਼ਣ ਵੀ ਥਾਂ ਪਰ ਥਾਂ ਵਰਤੇ ਗਏ ਹਨ। ਜਿਵੇਂ ਕਰਤਾਰ,[51] ਕਰਣਹਾਰ[52], ਕਰਣਕਰਾਵਣ ਹਾਰ,[53] ਕਰਣ-ਕਾਰਣ[54], ਕਰਨੈਹਾਰ[55] ਆਦਿ। ਅਤੇ ਹਰ ਪਰਕਰਣ ਵਿਚ ਪ੍ਰਧਾਨ ਵਿਚਾਰ ਇਹ ਹੈ ਕਿ ਇਸ ਸ੍ਰਿਸ਼ਟੀ ਦਾ ਕਰਤਾ, ਭਰਤਾ, ਹਰਤਾ ਇਕੋ 'ਕਰਤਾ ਪੁਰਖ' ਹੈ,[56] ਕੋਈ 'ਬ੍ਰਹਮਾ' ਦੇਵੀ, ਦੇਵਤਾ, ਪੁਰਸ਼, ਪ੍ਰਕ੍ਰਿਤੀ ਜਾਂ ਮਾਇਆ ਨਹੀਂ। 'ਕਰਤਾ' ਆਪਣੀ ਰਚਨਾ ਰਚ ਕੇ ਆਪ ਵੇਖਦਾ ਹੈ,[57] 'ਕਰਤਾ' ਆਪ ਸਾਰੀ ਰਚਨਾ ਵਿਚ ਵਿਦਮਾਨ ਹੈ,[58] ਅਤੇ 'ਕਰਤਾ' ਪੁਰਖ' ਸਰਬ-ਸਮਰੱਥ ਹਸਤੀ ਹੈ।

13.2 <u>ਕਰਤਾ</u>; ਸ਼ਬਦ ਵਿਉਤਪਤੀ ਅਤੇ ਸ਼ਾਬਦਿਕ ਅਰਥ:-ਵਮਨ ਸ਼ਿਵਰਾਮ ਆਪਟੇ[59] ਦੇ ਸੰਸਕ੍ਰਿਤ-ਅੰਗ੍ਰੇਜ਼ੀ ਕੋਸ਼ ਅਨੁਸਾਰ 'ਕਰਤਾ' ਦਾ ਮੂਲ ਸੰਸਕ੍ਰਿਤ ਦਾ ਸ਼ਬਦ 'ਕ੍ਰਿ' ਹੈ ਜਿਸ ਦੇ ਪੰਜ ਅਰਥ ਕੀਤੇ ਗਏ ਹਨ:

---

50. ਪ੍ਰਭਾਤੀ ੧( 1329); ਮਲਾਰ ੧(1209); ਮਾਝ ੧(139)
51. ਤਿਲੰਗ 5(724); ਗਉੜੀ 5(267); ਬਿ:5(816)
52. ਬਸੰਤ 5(1193); ਗਉੜੀ 5(188); ਰਾਮ 5(899); ਸੂਹੀ 5(740)
53. ਗਉੜੀ 5(178, 184); ਸੋਰਠ 5(610,615)
54. ਭੈ. 5(1149); ਜੈ.5(706); ਬਿ.5(813)
55. ਬਿ.5(813); ਗਉੜੀ 5(253)
56. ਏਕੋ ਕਰਤਾ ਜਿਨਿ ਜਗੁ ਕੀਆ —ਬਸੰਤ ੧(1188)
57. ਕਰਿ ਕਰਿ ਕਰਤਾ ਦੇਖੈ ਸੋਇ ਗਉੜੀ ੧(222)
58. ਸਭ ਮਹਿ ਏਕੁ ਨਿਰੰਜਨ ਕਰਤਾ —ਮਾਰੂ 4(998)
59. ਸੰਸਕ੍ਰਿਤ-ਅੰਗ੍ਰੇਜ਼ੀ ਕੋਸ਼, ਭਾਗ ੧ ,ਪੰਨਾ 540.

(1) ਕਰਨ ਵਾਲਾ, ਉਹ ਜਿਹੜਾ ਕਾਰਜ ਕਰਦਾ ਹੈ, ਰਚਦਾ ਹੈ, ਬਣਾਉਂਦਾ ਜਾਂ ਸਾਜਦਾ ਹੈ ਜਿਵੇਂ ਵਿਆਕਰਣ ਕਰਤਾ, ਹਿਤ-ਕਰਤਾ, ਸੁਵਰਣ-ਕਰਤਾ ਆਦਿ।

(2) ਕਾਰਿੰਦਾ

(3) ਪਾਰਬ੍ਰਹਮ ਪਰਮਾਤਮਾ

(4) ਬ੍ਰਹਮਾ ਦਾ ਇਕ ਵਿਸ਼ੇਸ਼ਣ

(5) ਵਿਸ਼ਨੂੰ ਅਤੇ ਸ਼ਿਵ ਦਾ ਨਾਂ ।

ਭਾਈ ਕਾਨ੍ਹ ਸਿੰਘ[60] ਨੇ 'ਕਰਤਾ' ਨੂੰ ਸੰਸਕ੍ਰਿਤ ਦੇ 'ਕ੍ਰਿ' ਦਾ ਰੂਪਾਂਤਰ ਦਸ ਕੇ ਅਰਥ ਕੀਤੇ ਹਨ —ਕਰਨ ਵਾਲਾ, ਜਗਤ ਰਚਣਵਾਲਾ, ਪਾਰਬ੍ਰਹਮ। ਭਾਈ ਵੀਰ ਸਿੰਘ[61] ਅਨੁਸਾਰ ਸੰਸਕ੍ਰਿਤ ਦੇ 'ਕਰ੍ਤ੍ਰੀ' ਦਾ ਪ੍ਰਾਕ੍ਰਿਤ, ਹਿੰਦੀ ਤੇ ਪੰਜਾਬੀ ਰੂਪ 'ਕਰਤਾ' ਹੈ ਜਿਸ ਦੇ ਅਰਥ ਹਨ, ਕਰਨੇ ਵਾਲਾ, ਸਾਜਣੇ ਵਾਲਾ, ਰਚਣੇ ਵਾਲਾ। ਪੰਡਿਤ ਕਰਤਾਰ ਸਿੰਘ[62] (ਦਾਖਾ) ਨੇ 'ਕਰਤਾ' ਨੂੰ 'ਕਰ+ਤਾ' ਦਾ ਜੋੜ ਅਤੇ ਕਰਤ੍ਰਿਵਾਚ ਕ੍ਰਿਦੰਤ ਦਸ ਕੇ ਅਰਥ ਕੀਤੇ ਹਨ, ਕਰਨਹਾਰਾ; ਯੋਗ ਰੂਪੀ ਨਾਲ ਜੀਵ, ਪਰਮਾਣੂ ਆਦਿ ਸਰਬ ਤੱਤਾਂ ਦਾ ਕਰਤਾ। ਡਾਕਟਰ ਸ਼ੇਰ ਸਿੰਘ[63] ਅਨੁਸਾਰ "ਕਰਤਾ' ਦਾ ਧਾਤੂ ਹੈ 'ਕ੍ਰੀ' ਅਤੇ ਇਸ ਧਾਤੂ ਤੋਂ ਬਣੀ ਕ੍ਰਿਤ (ਕੀਤੀ ਹੋਈ , ਰਚੀ ਹੋਈ)। ਏਸੇ ਤੋਂ ਬਣਿਆ 'ਕਰ' ਕਰਨ ਵਾਲਾ —ਹੱਥ , ਤੇ ਕਰਨਾ, ਤੇ ਫੇਰ ਕਰਤਾ = ਕਰਨ ਵਾਲਾ।" ਡਾਕਟਰ ਤਾਰਨ ਸਿੰਘ[64] ਨੇ 'ਕਰਤਾ' ਨੂੰ 'ਕਰਤਾਰੀ ਸ਼ਕਤੀ ਦਾ ਸੂਚਕ' ਅਤੇ 'ਨਿਰਗੁਣ ਸਰੂਪ' ਦਸਿਆ ਹੈ। ਲਗਭਗ ਸਾਰੇ ਟੀਕਾਕਾਰਾਂ ਨੇ 'ਕਰਤਾ' ਦਾ ਅਰਥ 'ਰਚਨਹਾਰਾ' ਕੀਤੇ ਹਨ ਅਤੇ ਇਹੋ ਹੀ ਇਸ ਦੇ ਠੀਕ ਅਰਥ ਹਨ। ਡਾਕਟਰ ਸੁਰਿੰਦਰ ਸਿੰਘ ਕੋਹਲੀ ਨੇ 'ਕਰਤਾ' ਦੀਆਂ ਸਾਰੀਆਂ ਸੰਭਾਵਨਾਵਾਂ ਉਜਾਗਰ ਕਰਦਿਆਂ ਕਿਹਾ ਹੈ ਕਿ ਗੁਰਮਤਿ ਵਿਚ "ਇਕ ਪਰਮਾਤਮਾ ਸਾਰੇ ਸੰਸਾਰ ਦਾ 'ਕਰਤਾ' ਹੈ, ਉਹ ਨਮਿਤ ਅਤੇ ਉਪਾਦਾਨ ਦੋਵੇਂ ਕਾਰਨ ਹੈ। 'ਕਰਤਾ' ਸਭ ਦਾ ਸੋਮਾ ਅਤੇ ਆਧਾਰ ਹੈ। ਉਹ ਕਰਤਾ, ਭਰਤਾ, ਹਰਤਾ ਹੈ। ਸਭ ਕੁਝ ਉਸ ਤੋਂ ਉਤਪੰਨ ਹੁੰਦਾ ਹੈ, ਅਤੇ ਅੰਤ ਉਸ ਵਿਚ ਸਮਾ ਜਾਂਦਾ ਹੈ।"[65]

---

60. ਮਹਾਨ ਕੋਸ਼, ਪੰਨਾ 302.
61. ਸੰਥਯਾ, ੧ , ਪੰਨਾ 16.
62. ਸ੍ਰੀ ਜਪੁਜੀ ਨੀਸਾਣ ,ਪੰਨਾ 14.
63. ਜਪੁਜੀ ਦਰਸ਼ਨ, ਪੰਨਾ 80.
64. ਜਪੁ:ਦਰਸ਼ਨ ਦੀਦਾਰ, ਪੰਨਾ 21.
65. Philosphy of Guru Nanak, op.cit., p. 80.

13.3 **'ਪੁਰਖੁ': ਸ਼ਬਦ ਵਿਉਤਪਤੀ ਅਤੇ ਅਰਥ:** 'ਪੁਰਖੁ' ਕਰਤਾ ਦਾ ਵਿਸ਼ੇਸ਼ਣ ਹੈ। ਮਹਾਨ ਕੋਸ਼ ਅਨੁਸਾਰ ਇਹ ਸੰਸਕ੍ਰਿਤ ਦੇ 'ਪੁਰੁਸ਼' ਦਾ ਪੰਜਾਬੀ ਰੂਪਾਂਤਰ ਹੈ। ਮੋਨੀਅਰ ਵਿਲੀਅਮ ਅਨੁਸਾਰ ਪੁਰੁਸ਼ ਦਾ ਧਾਤੂ ਪ੍ਰੀ ਹੈ ਜਿਸ ਦਾ ਸੰਬੰਧ 'ਪੁਰੁ' ਅਤੇ 'ਪੂਰ' ਨਾਲ ਹੈ। ਮੋਨੀਅਰ[66], ਆਪਟੇ[67] ਅਤੇ ਕਾਨ੍ਹ ਸਿੰਘ[68] ਦੇ ਕੋਸ਼ਾਂ ਵਿਚ ਪੁਰੁਸ਼ ਜਾਂ ਪੁਰਖੁ ਦੇ ਭਿੰਨ ਅਰਥ ਕੀਤੇ ਗਏ ਹਨ:

1. ਪੁਰਖ, ਆਦਮੀ, ਪੁਲਿੰਗ ਰੂਪ ਵਿਚ ਜਿਵੇਂ ਪਰਮਾਣ ਪੁਰੁਸ਼ (ਸਾਂਖ)
2. ਮਨੁੱਖ, ਮਨੁੱਖਤਾ (ਰਿਗਵੇਦ)
3. ਇਕ ਨਸਲ ਦਾ ਨੁਮਾਇੰਦਾ (ਤੈ.ਸੰਹਿਤਾ )
4. ਅਫਸਰ, ਅਧਿਕਾਰੀ , ਦੂਤ, ਸੇਵਕ
5. ਕਿਸੇ ਆਦਮੀ ਦਾ ਕੱਦ ਬੁੱਤ( ਬ੍ਰਾਹਮਣਾਂ ਵਿਚ ),
6. ਆਤਮਾ
7. ਪਰਮ ਪੁਰਖ ਪਰਮੇਸ਼ਵਰ, ਪ੍ਰਥਮ ਪੁਰੁਸ਼ ਪੁਰਸ਼-ਨਾਰਾਇਣ, ਬ੍ਰਹਿਮੰਡ ਦੀ ਆਤਮਾ
8. ਵਿਆਕਰਣ ਵਿਚ ਪ੍ਰਥਮ, ਸੰਧ, ਅਨ-ਪੁਰੁਸ਼
9. ਸਾਂਖ-ਦਰਸ਼ਨ ਦਾ ਪੁਰੁਸ਼-ਆਤਮਾ, ਪ੍ਰਕ੍ਰਿਤਿ ਤੋਂ ਉਲਟ, ਜੋ ਨਾ ਤਾਂ ਕਾਰਜ ਹੈ, ਨਾ ਕਾਰਜ-ਸ਼ੀਲ। ਇਹ ਅਕ੍ਰਿਆਸ਼ੀਲ ਹੈ ਅਤੇ ਪ੍ਰਕਿਰਤੀ ਦਾ ਦਰਸ਼ਕ ਹੈ।
10. ਪੁਰਸ਼-ਸੂਕਤ(ਰਿਗਵੇਦ) ਵਿਚ ਦਰਸਾਈ ਬ੍ਰਹਿਮੰਡ-ਆਤਮਾ ਜਿਸ ਨੂੰ ਪਰਾ-ਪੁਰੁਸ਼, ਪਰਮ-ਪੁਰੁਸ਼, ਉਤਮ-ਪੁਰੁਸ਼ ਵੀ ਕਿਹਾ ਗਿਆ ਹੈ ਅਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਨਾਲ ਅਭੇਦਤਾ ਵੀ ਦਸੀ ਗਈ ਹੈ।
11. ਜੋਤਿਸ਼ ਵਿਦਿਆ ਵਿਚ ਇਕ, ਤਿੰਨ, ਪੰਜ, ਸਤ , ਯਾਰਾਂ ਚਿੰਨ੍ਹ ।
12. ਸਤ ਦੈਵੀ ਕਰਮਸ਼ੀਲ ਤਤ ਜਿਨ੍ਹਾਂ ਤੋਂ ਬ੍ਰਹਿਮੰਡ ਬਣਿਆ।
13. ਪੌਦਿਆਂ ਦੇ ਸੁਗੰਧਿਤ ਸਵਾਸ
14. ਅੱਖ ਦੀ ਪੁਤਪੜੀ ।
15. ਪੁਨਾਗ ਰੁੱਖ ।

---

66. ਮੋਨੀਅਰ ਕੋਸ਼, ਪੰਨਾ 637.
67. ਆਪਟੇ ਕੋਸ਼, ਪੰਨਾ 1034.
68. ਮਹਾਨ ਕੋਸ਼, ਪੰਨਾ 777-78.

ਜੋਹਨ ਗੈਰਟ[69] ਅਨੁਸਾਰ ਪੁਰੁਸ਼ ਦਾ ਭਾਵ 'ਆਤਮਾ' ਹੈ, ਵਿਸ਼ਨੂੰ ਦਾ ਪਹਿਲਾ ਸਰੂਪ। 'ਮਹਤ' ਨੂੰ ਵੀ ਪੁਰੁਸ਼ ਕਹਿੰਦੇ ਹਨ ਕਿਉਂਕਿ ਇਸ ਦਾ ਨਿਵਾਸ ਸਰੀਰ ਵਿਚ ਹੈ। ਜਿਵੇਂ ਅਸੀਂ ਚਰਚਾ ਕੀਤੀ ਹੈ, ਹਿੰਦੂ ਪਰੰਪਰਾ ਵਿਚ ਇਸ ਦਾ ਭਰਵਾਂ ਪ੍ਰਯੋਗ ਰਿਗਵੇਦ ਦੇ ਪੁਰਸ਼-ਸੂਕਤ ਵਿਚ ਕੀਤਾ ਗਿਆ ਹੈ ਜਿਸ ਵਿਚ ਪੁਰੁਸ਼ ਇਕ ਬ੍ਰਹਿਮੰਡੀ-ਸਰੂਪ ਹੈ ਜੋ ਉਤਪਤੀ ਦਾ ਸੋਮਾ ਹੈ। ਗੁਰਮਤਿ ਵਿਚ ਵੀ 'ਪੁਰਖ' ਨੂੰ 'ਕਰਤਾ' ਨਾਲ ਜੋੜ ਕੇ ਸੰਸਾਰ ਰਚਨਾ ਨਾਲ ਸੰਬੰਧਿਤ ਕੀਤਾ ਗਿਆ ਹੈ ਪਰ ਇਹ ਭਾਰਤੀ ਪਰੰਪਰਾ ਵਿਚ ਪ੍ਰਾਪਤ ਵੈਦਿਕ ਜਾਂ ਸਾਂਖਵਾਦੀ ਪੁਰੁਸ਼ ਨਹੀਂ।

13.4 ਭਾਈ ਜੋਧ ਸਿੰਘ[70] ਅਨੁਸਾਰ "ਪੁਰਖ ਦੇ ਅਰਥ ਹਨ ਵਿਆਪਕ। ਕਰਤਾ ਇਸ ਸ੍ਰਿਸ਼ਟੀ ਨੂੰ ਰੱਚ ਕੇ ਆਪ ਉਸ ਤੋਂ ਅਲਗ ਨਹੀਂ ਬੈਠ ਗਿਆ ਸਗੋਂ ਆਪ ਇਸ ਰਚਨਾ ਵਿਚ ਵਿਆਪਕ ਹੈ।" ਭਾਈ ਵੀਰ ਸਿੰਘ[71] ਅਨੁਸਾਰ ਪੁਰਖੁ ਦੇ ਅਰਥ ਹਨ, " ਜੋ ਪੁਰ ਵਿਚ ਯਾ ਪੁਰ ਪੁਰ ਵਿਚ ਸੈਨ ਕਰ ਰਿਹਾ ਹੈ ਭਾਵ ਵਿਆਪਕ ਹੈ।" ਪ੍ਰੋ: ਸਾਹਿਬ ਸਿੰਘ[72] ਅਨੁਸਾਰ 'ਪੁਰਖੁ' ਦਾ ਅਰਥ ਹੈ, "ਉਹ ਓਅੰਕਾਰ ਜੋ ਸਾਰੇ ਜਗਤ ਵਿਚ ਵਿਆਪਕ ਹੈ, ਉਹ ਆਤਮਾ ਜੋ ਸਾਰੀ ਸ੍ਰਿਸ਼ਟੀ ਵਿਚ ਰਮ ਰਿਹਾ ਹੈ।" ਪੰਡਿਤ ਕਰਤਾਰ ਸਿੰਘ[73] ਨੇ "ਦੇਹ ਰੂਪੀ ਪੁਰੀ ਵਿਚ ਸੈਨ ਕਰਨ ਵਾਲਾ; ਮਾਇਆ, ਅਵਿਦਿਆ ਜਾਂ ਪ੍ਰਕ੍ਰਿਤ ਰੂਪ ਅਭਾਵ ਪਦਾਰਥ ਅਥਵਾ ਮਨ ਦੇ ਜੋਗ ਜਾਂ ਉਪਾਧੀ ਤੋਂ ਰਹਿਤ ਸ਼ੁੱਧ ਸਰੂਪ" ਨੂੰ 'ਪੁਰਖੁ' ਕਿਹਾ ਹੈ। ਡਾਕਟਰ ਮੋਹਣ ਸਿੰਘ[74] ਅਨੁਸਾਰ 'ਪੁਰਖੁ' ਵਿਸ਼ੇਸ਼ਣ ਦੇ ਚਾਰ ਗੁਣ ਹਨ: ਕਰਤਾ ਪੁਰਖੁ ਹੋਣ ਕਾਰਨ ਪੁਰੀਆਂ ਘਟਾਂ ਕੇ ਵਿਚ ਵਸਣ ਵਾਲਾ ਹੈ; ਕਰਤਾ ਸਾਰੀ ਸ਼ਕਤੀ (ਪੌਰਸ਼- energy) ਦਾ ਧਾਰਨੀ ਹੈ; ਪੁਰਖ (person ) ਹੈ ਅਤੇ ਸ਼ਕਤੀ ਨਾਰ ਦਾ ਸੁਆਮੀ ਹੈ। ਡਾਕਟਰ ਤਾਰਨ ਸਿੰਘ[75] ਅਨੁਸਾਰ 'ਕਰਤਾ' ਨਿਰਗੁਣ ਸਰੂਪ ਹੈ, ਪਰ ਜਦੋਂ ਇਹ ਸ਼ਕਤੀ ਰਚਨਾ ਕਰਦੀ ਹੈ ਤਾਂ ਆਪ 'ਪੁਰਖੁ' ਰੂਪ ਵਿਚ ਰਚਨਾ ਦੇ ਜ਼ਰੇ ਜ਼ਰੇ ਵਿਚ ਸ਼ਾਮਲ ਹੋ ਜਾਂਦੀ ਹੈ। ਕਰਤਾਰੀ ਸ਼ਕਤੀ ਨਿਰਗੁਣ ਹੈ ਪਰ 'ਪੁਰਖੁ' ਪਰਤੱਖ ਪਰਗਟ ਹੈ।" ਡਾਕਟਰ ਸੁਰਿੰਦਰ ਸਿੰਘ ਕੋਹਲੀ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ 'ਪੁਰਖ' ਨੂੰ ਪਰਮਾਤਮ "ਹਸਤੀ" ਨਾਲ

---

69. A Classical Dictionary of India, Delhi: Orient Publishers, 1871, p. 490.
70. ਜਪੁਜੀ ਸਟੀਕ, ਪੰਨਾ 2.
71. ਸੰਥਯਾ, ੧, ਪੰਨਾ 19.
72. ਗੁਰੂ ਗ੍ਰੰਥ ਦਰਪਣ, ੧, ਪੰਨਾ 44.
73. ਜਪੁ ਬੀਚਾਰ, ਪੰਨਾ 14.
74. ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨਾ 23.
75. ਜਪੁ ਦਰਸ਼ਨ ਦੀਦਾਰ, ਪੰਨਾ 21.

ਸੰਬੰਧਿਤ ਕਰਦਿਆਂ ਅਰਥ ਕੀਤੇ ਹਨ, "ਉਹ ਪੈਦਾ ਕਰਨ ਵਾਲਾ ਪੁਰਖ(ਹਸਤੀ) ਹੈ;[76] ਉਸ ਤੋਂ ਬਿਨਾਂ ਕੋਈ ਵਖਰੀ (ਸਦੀਵ) ਹਸਤੀ ਨਹੀਂ ਹੈ।"[77] ਗੁਰਬਚਨ ਸਿੰਘ ਤਾਲਬ[78] ਅਨੁਸਾਰ ਪੁਰਖ ਸਰਬ-ਸਮਰਥ, ਸਰਬ-ਵਿਆਪਕ ਸਤਸਤਾ ਅਰਥਾਂ ਵਿਚ ਵਰਤਿਆ ਗਿਆ ਹੈ। ਡਾਕਟਰ ਤ੍ਰਿਲੋਚਨ ਸਿੰਘ[79] ਅਤੇ ਮੈਕਾਲਫ[80] ਅਨੁਸਾਰ 'ਪੁਰਖੁ' ਦਾ ਭਾਵ 'ਰਚਨਾਤਮਕ ਸ਼ਕਤੀ' ਹੈ। ਗੁਰਮਤਿ ਵਿਚ 'ਪੁਰਖ' ਕਰਤਾ ਦਾ ਵਿਸ਼ੇਸ਼ਣ ਹੋਕੇ ਵੀ ਵਰਤਿਆ ਗਿਆ ਹੈ ਅਤੇ ਸੁਤੰਤਰ ਰੂਪ ਸੰਗਿਆ ਰੂਪ ਵਿਚ ਵੀ। ਪਰਮਾਤਮਾ ਦੇ ਪ੍ਰਸੰਗ ਵਿਚ 'ਪੁਰਖੁ' ਪਰਮਾਤਮਾ ਦੀ ਸਰਬ-ਵਿਆਪਕ, ਸਰਬ-ਸਮਰੱਥ ਕਰਤਾਰੀ ਚੇਤੰਨਤਾ ਅਤੇ ਸਰਬ-ਗੁਣ ਸਪੰਨ ਆਤਮਿਕ ਹਸਤੀ ਦਾ ਸੂਚਕ ਹੈ। 'ਕਰਤਾਪੁਰਖੁ' ਲਈ ਸਤਿਪੁਰਖ, ਸਚੈ ਪੁਰਖਿ, ਅਕਾਲਪੁਰਖ, ਅਲੇਖ ਪੁਰਖ, ਬਿਪੁਰਖ, ਅਬਿਨਾਸੀ ਪੁਰਖ, ਗੁਰਪੁਰਖ, ਸਤਿਗੁਰ ਪੁਰਖ, ਮਹਾਂਪੁਰਖ, ਵੱਡਾ ਪੁਰਖ, ਏਕ ਪੁਰਖ, ਆਦਿ ਪੁਰਖ ਸਮਾਸ ਸਰਬ-ਸਮਰੱਥ ਪਰਮ-ਆਤਮਾ ਦੀ ਅਲੌਕਿਕਤਾ, ਵਿਲੱਖਣਤਾ ਅਤੇ ਸਰਬ-ਵਿਆਪਕ ਚੇਤਨਤਾ ਦੇ ਭਾਵ ਉਜਾਗਰ ਕਰਦੇ ਹਨ। ਗੁਰਬਾਣੀ ਵਿਚ 'ਪੁਰਖੁ' ਦਾ ਪ੍ਰਯੋਗ ਪਰਮ-ਆਤਮਾ ਦੀ ਸਰਬ ਵਿਦਮਾਨਤਾ ਦੇ ਭਾਵਾਂ ਵਿਚ ਬਹੁਤ ਹੋਇਆ ਹੈ: (ੳ) ਉਹ ਅਬਿਨਾਸ਼ੀ ਪੁਰਖੁ ਹੈ ਸਭ ਮਹਿ ਰਹਿਆ ਸਮਾਈ। ਸੂਹੀ .4 .(759) (ਅ) ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ । ਕੇਦਾਰਾ (1122) ਇਹ ਪ੍ਰਯੋਗ ਰਿਗਵੈਦਿਕ ਮਿਥਿਹਾਸਕ ਪੁਰਸ਼ ਅਤੇ ਸਾਂਖ ਦੇ ਅਕ੍ਰਿਆ ਪੁਰੁਸ਼ ਨਾਲੋਂ ਵਿਭਿੰਨ ਹੈ।

'ਕਰਤਾਪੁਰਖ' ਦੇ ਉਪਲਕਸ਼ ਵਿਚ ਗੁਰਮਤਿ ਵਿਚ ਸ੍ਰਿਸ਼ਟੀ-ਰਚਨਾ ਦੇ ਨਿਮਨ ਪੱਖ ਉਜਾਗਰ ਹੁੰਦੇ ਹਨ:

14.1 ਗੁਰਮਤਿ ਅਨੁਸਾਰ ਰਚਨਾ ਦਾ ਆਦਿ ਵੀ ਹੈ, ਅੰਤ ਵੀ। ਇਸ ਨੂੰ ਰਚਣ, ਸਿੰਘਾਰਨ, ਪਾਲਣ ਅਤੇ ਸਮੇਟਣ ਵਾਲਾ 'ਕਰਤਾਪੁਰਖ' ਹੈ। ਕੁਝ ਮਤਾਂ ਨੇ ਸ੍ਰਿਸ਼ਟੀ ਨੂੰ ਅਨਾਦੀ ਮੰਨਿਆ ਹੈ। ਉਹਨਾਂ ਅਨੁਸਾਰ ਨਾ ਇਸ ਦਾ 'ਆਦਿ' ਹੈ ਨਾ ਅੰਤ, ਨਾ ਹੀ ਇਹ ਕਿਸੇ ਦੈਵੀ-ਹਸਤੀ ਦੀ ਕਿਰਤ ਹੈ। ਇਹ ਅਨੰਤ ਕਾਲ ਤੋਂ ਤੁਰਿਆ ਆਉਂਦਾ ਇਕ ਵਹਿਣ ਹੈ। ਆਸਤਿਕਵਾਦੀ ਸਾਰੇ ਧਰਮ ਕਿਸੇ ਨ ਕਿਸੇ ਰੂਪ ਵਿਚ ਰਚਨਾ ਦਾ ਮੂਲ ਪਰਮਾਤਮਾ ਵਿਚ ਵੇਖਦੇ ਹਨ। ਗੁਰੂ ਨਾਨਕ ਦੇਵ ਨੇ ਰਚਨਾ ਤੋਂ ਪੂਰਬਲੀ ਅਵੱਸਥਾ ਨੂੰ 'ਆਦਿ' ਅਤੇ ਰਚਨਾ ਕਾਲ ਨੂੰ 'ਜੁਗਾਦਿ' ਕਿਹਾ ਹੈ। ਸੰਸਾਰ ਰਚਨਾ ਤੋਂ ਪਹਿਲਾਂ ਉਹ ਕੇਵਲ ਆਪ ਹੀ

---

76. ਪ੍ਰਿੰ: ਤੇਜਾ ਸਿੰਘ, ਸ਼ਬਦਾਰਥ, ਪੰਨਾ 1.
77. Dr. S.S.Kohli, Outlines of Sikh Thought, p.12.
78. Japuji, op.cit., p. 80.
79. Jcurnal of Sikh Studies ,Amritsat, GND University, Feb.,1975, p. 38.
80. M.A. Macauliffe, The Sikh Religion, Delhi: S.Chand & Co., Vol,I p. 195.

ਸੀ, ਹੋਰ ਆਕਾਸ਼, ਪਾਤਾਲ, ਲੋਕ, ਜੀਵ ਕੁਝ ਵੀ ਨਹੀਂ ਸੀ।[81] ਸਾਂਖਵਾਦੀਆਂ ਦੀ ਪ੍ਰਕ੍ਰਿਤੀ ਵੀ ਨਹੀਂ ਸੀ। ਭੌਤਿਕਵਾਦੀ ਵੈਸ਼ੇਸ਼ਕਾਂ ਦੇ ਅਨਾਦੀ ਪਰਮਾਣੂ ਵੀ ਨਹੀਂ ਸਨ। ਜਦੋਂ ਉਹ ਇਕ ਤੋਂ ਅਨੇਕ ਹੋਣਾ ਚਾਹੁੰਦਾ ਹੈ, ਤਾਂ ਉਹ ਮਦਾਰੀ ਦੀ ਤਰ੍ਹਾਂ ਆਪਣੇ ਆਪ ਤੋਂ ਵਿਸ਼ਵ ਦੀ ਰਚਨਾ ਕਰਦਾ ਹੈ। ਇਸ ਤੋਂ ਪਹਿਲਾਂ ਉਹ ਸੁੰਨ ਸਮਾਧੀ ਵਿਚ ਹੁੰਦਾ ਹੈ ਜੋ ਨਿਰੰਕਾਰ ਦੀ ਨਿਰਗੁਣ ਅਵੱਸਥਾ ਹੈ। ਗੁਰਮਤਿ ਅਨੁਸਾਰ ਰਚਨਾ ਉਸ ਦੀ ਖੇਡ ਹੈ; ਜਿਸ ਦਾ ਆਦਿ ਵੀ ਹੈ, ਅੰਤ ਵੀ[82]; ਉਹ ਆਪਣੇ 'ਭਾਣੇ' ਵਿਚ 'ਵਿਸਥਾਰ' ਕਰਦਾ ਹੈ ਅਤੇ ਭਾਣੇ ਵਿਚ ਇਸ ਨੂੰ ਸਮੇਟ ਲੈਂਦਾ ਹੈ।[83] ਇਸ ਤਰ੍ਹਾਂ ਹਰ ਰਚਨਾ, ਨਵੀਂ ਉਸਾਰੀ ਹੈ;[84] ਅਤੇ ਹਰ ਰਚਨਾ ਦੀ ਸਿਰਜਨਾ ਅਤੇ ਸਮਾਪਤੀ 'ਕਰਤਾਪੁਰਖ' ਦੇ 'ਅੱਖ ਦੇ ਫੋਰ' ਵਿਚ ਹੋ ਜਾਂਦੀ ਹੈ।[85] ਇਸ ਨੂੰ ਛੇ ਦਿਨ ਨਹੀਂ ਲਗਦੇ, ਜਿਵੇਂ ਕਿ ਯਹੂਦੀ, ਈਸਾਈ ਅਤੇ ਇਸਲਾਮ ਵਾਲੇ ਮੰਨਦੇ ਹਨ।

14.2 <u>ਪੂਰਬ-ਰਚਨਾ ਅਵੱਸਥਾ:</u> ਗੁਰਮਤਿ ਵਿਚ ਰਚਨਾ ਤੋਂ ਪੂਰਬਲੀ ਅਵੱਸਥਾ ਨਿਰੰਕਾਰ ਦੀ 'ਸੁੰਨ' ਜਾਂ ਧੁੰਧੂਕਾਰ ਅਵੱਸਥਾ ਹੈ ਜਦੋਂ ਨਿਰੰਕਾਰ ਨਿਰਗੁਣ, ਬ੍ਰਹਮ, ਅਕ੍ਰਿਅ ਅਤੇ ਨਿਰਚੇਸ਼ਟ ਅਵੱਸਥਾ ਵਿਚ ਸਵੈ-ਸਮਾਧੀ ਸਥਿਤ ਹੁੰਦਾ ਹੈ। ਪਤਾ ਨਹੀਂ ਕਿੰਨੇ ਹੀ ਯੁਗ ਇਸ "ਧੁੰਧੂਕਾਰ" ਅਵੱਸਥਾ ਵਿਚ ਬੀਤ ਜਾਂਦੇ ਹਨ।[86] ਇਸ ਧੁੰਧੂਕਾਰ ਜਾਂ 'ਸੁੰਨ' ਦੀ ਹਾਲਤ ਵਿਚ ਰਚਨਾ ਦਾ ਕੋਈ ਬਿੰਬ ਨਹੀਂ ਸੀ। ਧਰਤੀ, ਆਕਾਸ਼, ਚੰਨ, ਸੂਰਜ, ਦਿਨ ਰਾਤ, ਹਵਾ, ਪਾਣੀ, ਤਤ, ਜੀਵ, ਜਾਤਾਂ, ਉਤਪਤੀ, ਖ਼ਪਤ, ਬ੍ਰਹਮਾ, ਵਿਸ਼ਨੂੰ, ਆਦਿ ਕਿਸੇ ਦੀ ਵੀ ਹੋਂਦ ਨਹੀਂ ਸੀ। ਕੇਵਲ ਅਤੇ ਇਕੋ ਪਰਮਾਤਮਾ(ੴ) ਦੀ ਹੋਂਦ (ਸਤਿ) ਸੀ ਗੁਰੂ ਨਾਨਕ ਦੇਵ ਨੇ ਮਾਰੂ ਰਾਗ ਦੇ 16 ਬੰਦਾਂ[87] ਵਿਚ ਅਤੇ ਗੁਰੂ ਅਰਜਨ ਦੇਵ ਨੇ ਸੁਖਮਨੀ ਦੀ 21ਵੀਂ ਅਸ਼ਟਪਦੀ ਵਿਚ ਪੂਰਬ-ਰਚਨਾ ਸੁੰਨ-ਅਵਸਥਾ ਦਾ ਸਵਿਸਥਾਰ ਜ਼ਿਕਰ ਕੀਤਾ ਹੈ। ਜਿਵੇਂ ਪਿਛੇ ਚਰਚਾ ਕੀਤੀ ਗਈ ਹੈ, ਇਸ ਧੁੰਧੂਕਾਰ ਅਵੱਸਥਾ ਦਾ ਜ਼ਿਕਰ ਰਿਗਵੇਦ ਦੇ ਨਾਸਦੀਯ ਸੂਕਤ; ਤੈਤ੍ਰੀਯ ਅਤੇ ਮੈਤ੍ਰੀਯ ਉਪਨਿਸ਼ਦਾਂ; ਬੇਬੀਲੋਨੀਆਂ, ਪੁਰਾਤਨ ਅਤੇ ਨਵੀ ਇੰਜੀਲ, ਚੀਨੀ ਤਾਓਵਾਦ ਆਦਿ ਵਿਚ ਵੀ ਪ੍ਰਾਪਤ ਹੈ। ਭਾਰਤੀ ਪ੍ਰਸੰਗ ਵਿਚ ਇਹ ਵਿਚਾਰ ਪੇਸ਼ ਕਰਨ ਦੀ ਵਿਸ਼ੇਸ਼ ਲੋੜ ਸੀ ਕਿ ਇਕ ਪਰਮਾਤਮਾ ਦੀ ਹੋਂਦ ਨਾਲ

---

81. ਆਪਣਾ ਆਪੁ ਉਪਾਇਓਨੁ ਤੁਦਹੁ ਹੋਰ ਨ ਕੋਈ – ਮਾਝ (509)
82. ਆਪਨ ਖੇਲ ਆਪਿ ਕਰਿ ਦੇਖੈ, ਖੇਲੁ ਸੰਕੋਚੈ ਤਉ ਨਾਨਕ ਏਕੈ। ਗਉੜੀ 5(292)
83. ਜਿਸ ਭਾਵੈ ਤਾ ਕਰੇ ਬਿਸਥਾਰ। ਤਿਸ ਭਾਵੈ ਤਾ ਏਕੰਕਾਰੁ। (294)
84. ਢਾਹਿ ਉਸਾਰੇ ਆਪੇ। ਮ.੧(433)
85. ਹਰਨ ਭਰਨ ਜਾ ਕਾ ਨੇਤ੍ਰ ਫੋਰੁ ।। ਗਉੜੀ 5(284)
86. ਕੇਤੜਿਆ ਜੁਗ ਧੁੰਧੂਕਾਰੈ। ਤਾੜੀ ਲਾਈ ਸਿਰਜਣਹਾਰੈ। ਮਾਰੂ ੧(1023)
ਕਾਲ ਅਤੇ ਯੁਗਾਂ ਦੀ ਹੋਂਦ ਤਾਂ ਸੀ ਨਹੀਂ, ਪਰ ਭਾਸ਼ਾ ਦੇ ਚਿੰਨ੍ਹ ਵੀ ਕਾਲਿਕ-ਸੀਮਾਂ ਵਿਚ ਹਨ। ਇਸ ਲਈ ਇਹ ਕਾਲ-ਵਾਚੀ ਬਿੰਬ ਮਜਬੂਰਨ ਵਰਤਣੇ ਪੈਂਦੇ ਹਨ।
87. ਅਰਬਦ ਨਰਬਦ ਧੁੰਧੂਕਾਰਾ –ਮਾਰੂ ੧(1035)

ਮੰਨੀਆਂ ਜਾਂਦੀਆਂ ਹੋਰ ਅਨਾਦੀ ਹੋਂਦਾਂ— ਪ੍ਰਕ੍ਰਿਤੀ ਪਰਮਾਣੂ, ਬ੍ਰਹਮਾ ਆਦਿ ਦੇਵਤਿਆਂ ਦੀ ਪੂਰਬ-ਰਚਨਾ ਅਵੱਸਥਾ ਵਿਚ ਅਣਹੋਂਦ ਦਸੀ ਜਾਵੇ। 'ਸੁੰਨ' ਅਵੱਸਥਾ ਦੇ ਸੰਕਲਪ ਵਿਚ ਅਜੇਹੇ ਹਵਾਲੇ ਵਿਸ਼ੇਸ਼ ਧਿਆਨ ਮੰਗਦੇ ਹਨ।

ਅੱਜ ਦੀ ਵਿਗਿਆਨਕ ਖੋਜ ਨੇ ਰਚਨਾ ਦਾ ਮੁੱਢ "ਧੁੰਦੂਕਾਰ" (nebulea) ਮੰਨਿਆ ਹੈ। ਭੌਤਿਕ ਵਿਗਿਆਨ ਅਨੁਸਾਰ ਸਾਰਾ ਵਿਸ਼ਵ ਪਹਿਲਾਂ ਗੈਸਾਂ ਦੇ ਰੂਪ ਵਿਚ ਸੀ, ਇਹ ਘੁੰਮਦੀਆਂ ਗੈਸਾਂ(ਧੁੰਦੂਕਾਰ) ਠੰਢੀਆਂ ਹੋਈਆਂ ਅਤੇ ਧਰਤੀਆਂ ਅਤੇ ਤਾਰੇ ਬਣ ਗਏ।[88] ਗੁਰੂ ਨਾਨਕ ਦੇਵ ਦੇ ਬ੍ਰਹਿਮੰਡ ਰਚਨਾ ਸੰਬੰਧੀ ਕੀਤੇ ਇਸ਼ਾਰੇ ਅੱਜ ਦੀ ਵਿਗਿਆਨਕ ਖੋਜ ਦੀਆਂ ਲਭਤਾਂ ਸਿਧ ਹੋ ਰਹੀਆਂ ਹਨ। ਪਰ ਇਹ ਭਾਲ ਅਜੇ ਅਧੂਰੀ ਹੈ। 'ਗੈਸਾਂ' ਤੋਂ ਸੰਸਾਰ ਰਚਨਾ ਦਾ ਆਦਿ ਤਾਂ ਠੀਕ ਹੈ ਪਰ 'ਗੈਸਾਂ' ਦਾ ਆਦਿ ਕੀ ਹੈ? ਇਹ ਅਗਲਾ ਪ੍ਰਸ਼ਨ ਹੈ ਜੋ ਭੌਤਿਕ ਵਿਗਿਆਨ ਦਾ ਵਿਸ਼ਾ ਨਹੀਂ, ਜਿਸ ਦਾ ਹਲ ਪਰਾਭੌਤਿਕ ਅਨੁਭਵੀਆਂ ਪਾਸ ਹੈ।

14.3 <u>'ਰਚਨਾ' ਕਰਤਾਪੁਰਖ ਦੀ ਕਿਰਤ ਹੈ</u>: ਗੁਰਮਤਿ ਦੇ ਰਚਨਾ ਸਿਧਾਂਤ ਵਿਚ ਇਕ ਵਿਸ਼ੇਸ਼ ਅਤੇ ਵਿਲੱਖਣ ਗਲ ਇਹ ਹੈ ਕਿ ਰਚਨਾ ਪਰਮਾਤਮਾ ਦਾ ਰੂਪ ਪਰਿਵਰਤਨ ਨਹੀਂ, ਸਗੋਂ 'ਕਰਤੇ' ਦੀ 'ਕਿਰਤ' ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਨੇ ਕੁਦਰਤ ਬਣਾਈ,[89] ਜਗਤ ਪੈਦਾ ਕੀਤਾ: ਆਪਿ ਉਪਾਇਆ ਜਗਤੁ ਸਬਾਇਆ(ਮਾਰੂ੧,1022), ਕਰਤਾਪੁਰਖ ਆਪ ਰਚਨਹਾਰਾ ਹੈ,[90] ਆਪਣੀ ਕੁਦਰਤ ਨੂੰ ਰੌਚ ਕੇ ਆਪ ਵੇਖਦਾ ਹੈ,[91] ਅਤੇ ਉਹ ਕਰਨਹਾਰਾ ਹੈ, ਅਤੇ ਹੁਕਮਿ ਰਾਹੀਂ ਸਾਰੇ ਭਰਪੂਰ ਹੈ।[92] ਗੁਰੂ ਅਮਰਦਾਸ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨਾ ਪਰਮਾਤਮਾ ਦਾ ਸੁਭਾਵ ਹੈ। ਕੁਦਰਤ ਰੌਚ ਕੇ ਆਪਣੀ ਵਡਿਆਈ ਆਪ ਵੇਖਦਾ ਹੈ।[93] ਗੁਰੂ ਰਾਮ ਦਾਸ ਅਨੁਸਾਰ ਜੀਆਂ ਨੂੰ ਪਾਲਣ ਦੀ ਚਿੰਤਾ 'ਕਰਤੇ' ਨੂੰ ਹੈ।[94] ਗੁਰੂ ਅਰਜਨ ਦੇਵ ਅਨੁਸਾਰ ਪਰਮਾਤਮਾ ਨੇ ਵਿਸ਼ੇਸ਼ ਕਲਾ ਰਾਹੀਂ ਧਰਤੀ ਅਤੇ ਆਕਾਸ਼ ਨੂੰ ਟਿਕਾਇਆ ਹੋਇਆ ਹੈ।[95]

14.4 <u>ਕਰਤਾ ਕਰਨ-ਕਾਰਨ ਹੈ</u>: ਕਰਤਾ ਨਮਿਤ ਅਤੇ ਉਪਾਦਾਨ ਦੋਵੇਂ ਕਾਰਨ ਹੈ। ਸ੍ਰਿਸ਼ਟੀ ਕਾਰਜ ਹੈ, ਇਸ ਦਾ ਕਾਰਨ'ਕਰਤਾਪੁਰਖ' ਹੈ, ਜੋ ਸਰਬ-ਸਮਰੱਥ ਹੈ: ਕਰਣ ਕਾਰਣ ਸਮਰਥ ਅਪਾਰਾ। ਕਰਿ ਕਰਿ ਵੇਖੈ ਕੀਤਾ ਆਪਣਾ ਕਰਣੀ ਕਾਰ ਕਰਾਇਦਾ । ਮਾਰੂ੧(1034) । 'ਕਰਤੇ' ਤੋਂ ਬਿਨਾਂ ਕੋਈ ਪ੍ਰਕ੍ਰਿਤੀ, ਪਰਮਾਣੂ, ਤਤ, ਦੇਵਤਾ ਰਚਨਾ ਵਿਚ ਸਹਾਇਕ ਨਹੀਂ। ਇਹ ਰਚਨਾ ਉਸਨੇ ਆਪਣੇ ਆਪ ਤੋਂ ਸਾਜੀ, ਅਤੇ

---

88. **Nathan Fasten, Origiøn Through Evolution, New York, 1930, p.(44)**

89. ਦੁਯੀ ਕੁਦਰਤ ਸਾਜੀਐ — ਆਸਾ ੧(463)
90. ਆਪੇ ਕਰਤਾ ਪੁਰਖੁ ਬਿਧਾਤਾ — ਮਾਰੂ੧(1025)
91. ਆਪੇ ਕੁਦਰਤਿ ਕਰਿ ਕਰਿ ਦੇਖੈ — ਮਾਰੂ ੧(1037)
92. ਕੁਦਰਤਿ ਕਰਨੈਹਾਰ ਅਪਾਰਾ। — ਮਾਰੂ ੧(1042)
93. ਹੁਕਮੀ ਸਹਜੇ ਸ੍ਰਿਸਟਿ ਉਪਾਈ। — ਮਾਰੂ ਸੋਲਹੇ 3(1043)
94. ਨਾ ਕਰਿ ਚਿੰਤਾ ਚਿੰਤਾ ਹੈ ਕਰਤੇ। — ਮਾਰੂ 4(1070)
95. ਕਲਾ ਉਪਾਇ ਧਰੀ ਜਿਨਿ ਧਰਣਾ। — ਮਾਰੂ 5(1071)

ਆਪ ਹੀ ਉਹ ਇਸ ਦਾ ਸਵਾਮੀ (ਪੁਰਖੁ) ਹੈ, ਜ਼ਰੇ ਜ਼ਰੇ ਵਿਚ ਪਰੀ-ਪੂਰਨ(ਪਰੇਸ਼) ਹੈ, ਜਿਸ ਦੀ ਸੰਭਾਲ ਤੇ ਰਖਿਆ ਕਰਦਾ ਹੈ। ਗੁਰਮਤਿ ਅਨੁਸਰ ਇਸ ਸਾਰੀ ਕਿਰਿਆ ਵਿਚ ਉਸ ਨੂੰ ਕਿਸੇ ਦੇ ਸਲਾਹ ਮਸ਼ਵਰੇ ਦੀ ਲੋੜ ਨਹੀਂ; ਜੋ ਕਰਦਾ ਹੈ, ਕਰਤਾ ਸਵੈ-ਇੱਛਾ ਨਾਲ ਕਰਦਾ ਹੈ, ਆਪੇ ਤੋਂ ਕਰਦਾ ਹੈ, ਆਪ ਹੀ ਨਿਰ-ਆਕਾਰ ਅਤੇ ਆਪ ਹੀ ਆਕਾਰ-ਵਾਲਾ ਹੋ ਜਾਂਦਾ ਹੈ।[96] ਉਹ ਖਿਨ ਵਿਚ ਸਿਰਜਨਾ ਕਰ ਲੈਂਦਾ ਹੈ, ਖਿਨ ਵਿਚ ਸਮੇਟ ਸਕਦਾ ਹੈ, ਕਰਤਾਰ ਤੋਂ ਬਿਨਾਂ ਕੋਈ 'ਕਰਤਾ' ਨਹੀਂ, ਸਭ ਕਿਰਤਾਂ ਹਨ। ਕਰਣ-ਕਾਰਣ ਸਮਰਥ ਕਰਤਾ ਅਭੁਲ ਹੈ, ਸੰਪੂਰਨ ਹੈ।[97] ਗੁਰੂ ਨਾਨਕ ਦੇਵ ਦੇ ਰਚਨਾ-ਵਿਧਾਨ ਵਿਚ ਬ੍ਰਹਮਾ ਵਿਸ਼ਨੂੰ, ਸ਼ਿਵ ਦਾ ਕੋਈ ਅਸਥਾਨ ਨਹੀਂ, ਕ੍ਰੋੜਾਂ ਬ੍ਰਹਮਾ, ਸ਼ਿਵ, ਵਿਸ਼ਨੂੰ ਉਸ ਦੀਆਂ ਕਿਰਤਾਂ ਹਨ।[98] ਸ਼ਿਵ ਸ਼ਕਤੀ, ਦਸ ਅਵਤਾਰ, ਅਨੇਕ ਦੈਂਤ ਤੇ ਦੇਵਤੇ, ਉਸਦੀ ਉਪਜ ਹਨ।[99] ਰਚਣਹਾਰਾ ਕੇਵਲ 'ਕਰਤਾ ਪੁਰਖ ' ਹੈ:

ਤੁਧ ਆਪੇ ਕਾਰਣ, ਆਪੇ ਕਰਣਾ । ਵਡਹੰਸ 5(564)

15.0 <u>ਰਚਨਾ-ਸਰੋਤ:</u> 'ਕਰਤਾ' ਕਰਨ ਕਾਰਨ ਹੈ, ਸਰਬ-ਸਮਰੱਥ ਹੈ, ਨਮਿਤ ਅਤੇ ਉਪਾਦਾਨ ਦੋਵੇਂ ਕਾਰਨ ਹੈ। ਇਸ ਲਈ ਉਸਨੂੰ ਰਚਨਾ ਕਰਨ ਲਈ ਕਿੱਸੇ ਬਾਹਰਲੀ ਸਾਮੱਗਰੀ, ਸੂਖਮ ਪਰਮਾਣੂਆਂ ਜਾਂ ਜੜ੍ਹ ਪ੍ਰਕ੍ਰਿਤੀ ਦੀ ਲੋੜ ਨਹੀਂ ਪੈਂਦੀ। ਉਹ ਆਪਣੇ ਆਪ ਤੋਂ ਹੀ ਰਚਨਾ ਕਰਦਾ ਹੈ। ਗੁਰਬਾਣੀ ਵਿਚ 'ਕਰਤਾਪੁਰਖ' ਤੋਂ ਹੋਈ ਰਚਨਾ ਨੂੰ ਕਈ ਢੰਗਾਂ ਅਤੇ ਅਵੱਸਥਾ ਭੇਦਾਂ ਰਾਹੀਂ ਦਸਿਆ ਗਿਆ ਹੈ ਜਿਵੇਂ, ਸੁੰਨ ਤੋਂ ਰਚਨਾ, ਓਅੰਕਾਰ ਤੋਂ ਰਚਨਾ, ਸਤਿ ਤੋਂ ਰਚਨਾ, ਨਾਮ, ਸ਼ਬਦ ਅਤੇ ਕਵਾਉ ਤੋਂ ਰਚਨਾ ਦੇ ਉਲੇਖ ਵੀ ਪ੍ਰਾਪਤ ਹਨ। 'ਹੁਕਮ' ਰੱਬੀ ਨਿਯੰਤਰਣ ਦਾ ਸੂਚਕ ਹੈ ਪਰ 'ਭਾਣੇ' ਅਤੇ 'ਹੁਕਮ' ਰਾਹੀਂ ਰਚਨਾ ਦੇ ਪ੍ਰਸੰਗ ਵੀ ਪ੍ਰਾਪਤ ਹਨ। ਇਨ੍ਹਾਂ ਸਮਸਤ ਸ਼ਬਦਾਂ ਦਾ ਸੰਬੰਧ ਕਰਤਾ-ਪੁਰਖ ਦੀ ਰਚਨਾਤਮਕ-ਕਲਾ ਨਾਲ ਹੈ। "ਸੁੰਨ-ਬ੍ਰਹਮ ਨਿਰਗੁਣ ਜਾਂ ਅਫੁੱਰ ਸਰੂਪ ਦਾ ਲਖਾਇਕ ਹੈ ਜਿਥੋਂ ਰੱਬੀ ਫੁਰਨੇ ਨਾਲ ਬ੍ਰਹਮ ਦੀ ਸਰਗੁਣਤਾ ਵਿਕਸਤ ਹੁੰਦੀ ਹੈ। ਓਹੋ ਹੀ ਭਾਣਾ ਹੈ, ਅਤੇ ਓਹੋ ਹੀ ਉਸ ਬ੍ਰਹਮ ਦਾ ਸ਼ਬਦ-ਸਰੂਪ, ਨਾਮ-ਸਰੂਪ, ਓਅੰਕਾਰ ਸਰੂਪ ਤੇ ਕਵਾਉ-ਸਰੂਪ ਹੈ।"[100] ਡਾਕਟਰ ਸ਼ੇਰ ਸਿੰਘ ਨੇ ਵੀ 'ਕਵਾਉ ' 'ਹੁਕਮ', ਅਤੇ ਰੱਬੀ ਫੁਰਨੇ ਨੂੰ ਸਮਾਨਾਰਥੀ ਮੰਨਿਆ ਹੈ।[101] ਗੁਰੂ ਨਾਨਕ ਦੇਵ ਨੇ ਇਕੋ ਪੰਗਤੀ ਵਿਚ 'ਹੁਕਮ', 'ਨਾਮ', ਅਤੇ 'ਸ਼ਬਦ' ਨੂੰ

---

96. ਬੀਓ ਪੂਛਿ ਨ ਮਸਲਤਿ ਧਰੈ — ਗੋਂਡ 5(863)
97. ਮ. 3(509), ਮ.4(301), ਆਸਾ ੧(11), ਆਸਾ ੧(348), ਮ. 3(112)
98. ਭੈ. 5(1156) ; ਆਸਾ 5(455)
99. ਹੁਕਮਿ ਉਪਾਇ ਦਸ ਅਉਤਾਰਾ - ਮਾਰੂ (1037); ਭੈ.5(1156), ਭੈ. 5(1162)
100. ਪ੍ਰੇਮ ਪ੍ਰਕਾਸ਼ ਸਿੰਘ, ਉਕਤ, ਪੰਨਾ 127.
101. ਗੁਰਮਤਿ ਦਰਸ਼ਨ, ਪੰਨਾ 235.

ਸਮਾਨਾਰਥੀ ਭਾਵਾਂ ਵਿਚ ਵਰਤਿਆ ਹੈ:

> ਚਹੁ ਦਿਸਿ" ਹੁਕਮ" ਵਰਤੈ ਪ੍ਰਭ ਤੇਰਾ, ਚਹੁ ਦਿਸਿ 'ਨਾਮ' ਪਤਾਲੰ।
> ਸਭ ਮਹਿ 'ਸ਼ਬਦ' ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ।
>
> ਮਲਾਰ ੧(1275)

15.1. ਸੁੰਨ ਤੋਂ ਰਚਨਾ: 'ਸੁੰਨ' ਅਵੱਸਥਾ ਵਿਚ ਕੇਵਲ ਅਤੇ ਇਕ ਪਰਮਾਤਮਾ ਦੀ ਹੋਂਦ ਹੈ। ਇਸ 'ਸੁੰਨ' ਤੋਂ ਹੀ ਉਸਦੀ 'ਇੱਛਾ' ਅਨੁਸਾਰ ਸਾਰੀ ਰਚਨਾ ਰੱਚੀ ਗਈ। ਗੁਰੂ ਨਾਨਕ ਦੇਵ ਅਨੁਸਾਰ ਅਫੁਰ ਸਮਾਧੀ ਦੀ ਹਾਲਤ 'ਸੁੰਨ' ਵਿਚੋਂ ਕੁਦਰਤ ਦੀ ਜੜ੍ਹ ਹਾਲਤ( ਸੁੰਞ) ਪੈਦਾ ਹੋਈ; ਸੁੰਨ ਤੋਂ ਪਉਣ, ਪਾਣੀ, ਅਗਨਿ, ਬਣੇ। ਸੁੰਨ ਤੋਂ ਬ੍ਰਹਮਾ, ਬਿਸ਼ਨ, ਮਹੇਸ਼, ਸਪਤ ਸਰੋਵਰ,(ਪੰਜ ਗਿਆਨ ਇੰਦਰੇ, ਮਨ ਤੇ ਬੁਧਿ) ,ਚੰਨ ਸੂਰਜ, ਪਾਤਾਲ, ਆਕਾਸ਼, ਧਰਤੀ, ਮਾਇਆ, ਦਿਨ ਅਤੇ ਰਾਤ ਦੀ ਸਿਰਜਣਾ ਹੋਈ। ਚਾਰੇ ਵੇਦ, ਤਿੰਨ ਗੁਣ, ਦਸ ਅਵਤਾਰ, ਦੇਵਤੇ, ਦੈਂਤ, ਰਾਖਸ਼ ਅਤੇ ਪੰਜ ਤਤ ਵੀ ਸੁੰਨ ਤੋਂ ਹੋਏ, ਜਿਸ ਤੋਂ ਜੀਵ ਦਾ ਸਰੀਰ ਬਣਿਆ ਅਤੇ ਬੁਰਾ ਭਲਾ, ਪਾਪ ਪੁੰਨ ਦੀ ਖੇਡ ਸ਼ੁਰੂ ਹੋ ਗਈ।[102] ਇਸ ਕਿਰਿਆ ਵਿਚ ਪਰਮਾਤਮਾ ਨੂੰ ਕਿਸੇ ਸਹਾਇਕ, ਜਾਂ ਪਦਾਰਥ ਦੀ ਲੋੜ ਨਹੀਂ ਪਈ। ਇਹ ਨਿਰੋਲ ਉਸਦਾ 'ਫੁਰਨਾ' ਸੀ, ਜੋ 'ਸਫੁਰ' ਹੋਇਆ, ਜਿਸ ਨੂੰ ਵਿਸ਼ੇਸ਼ ਤੌਰ ਤੇ ਉਸ ਦਾ "ਭਾਣਾ" ਕਿਹਾ ਗਿਆ ਹੈ।

15.2 ਓਅੰਕਾਰ ਤੋਂ ਰਚਨਾ: ਸੁੰਨ-ਸਮਾਧੀ ਭੰਗ ਹੋਣ ਤੇ ਜਿਹੜਾ ਸਰੂਪ ਪਰਮਾਤਮਾ ਧਾਰਦਾ ਹੈ ਉਹ 'ੴ' (ਇਕ ਓਅੰਕਾਰ) ਦਾ 'ਕਰਤਾਪੁਰਖ' ਸਰੂਪ ਹੈ। ਅਸੀਂ ਦੂਜੇ ਕਾਂਡ ਵਿਚ 'ਓਅੰਕਾਰ' ਨੂੰ ਪਰਮਾਤਮਾ ਦੀ ਰਚਨਾਤਮਕ ਸ਼ਕਤੀ ਦਾ ਧਾਰਨੀ ਕਿਹਾ ਹੈ। ਗੁਰੂ ਨਾਨਕ ਦੇਵ ਅਨੁਸਾਰ 'ਓਅੰਕਾਰ' ਸ੍ਰਿਸ਼ਟੀ ਦਾ ਕਰਤਾ ਹੈ। ਓਅੰਕਾਰ ਤੋਂ ਕਾਲ, ਯੁਗ, ਬ੍ਰਹਮਾ, ਵੇਦ ਆਦਿ ਦੀ ਉਤਪਤੀ ਹੋਈ।[103] ਗੁਰੂ ਅਮਰਦਾਸ ਅਨੁਸਾਰ ਸਾਰੀ ਸ੍ਰਿਸ਼ਟੀ 'ਓਅੰਕਾਰ' ਨੇ ਪੈਦਾ ਕੀਤਾ।[104] ਗੁਰੂ ਅਰਜਨ ਦੇਵ ਅਨੁਸਾਰ 'ਕਾਲ' (ਸਮਾਂ) ਦਿਨ ਰਾਤ ਆਦਿ ਸਾਰੀ ਰਚਨਾ ਓਅੰਕਾਰ ਦੀ ਬਣਾਈ ਹੋਈ ਹੈ।[105]

15.3 <u>'ਸਤਿ' ਤੋਂ ਰਚਨਾ:</u> ਗੁਰੂ ਨਾਨਕ ਦੇਵ ਨੇ 'ੴ' ਦੀ 'ਵਾਸਤਵਿਕਤਾ' 'ਸਤਿ' ਰਾਹੀਂ ਰੂਪਮਾਨ ਕੀਤੀ ਹੈ। 'ੴ' ਸਤਿ' ਹੀ ਕਰਤਾ ਹੈ। ਏਕੰਕਾਰ 'ਸੱਚ' ਤੋਂ 'ਪਵਨ' ਅਤੇ 'ਪਵਨ' ਤੋਂ 'ਜਲ' ਹੋਇਆ। ਪਉਣ ਅਤੇ ਜਲ ਦੇ ਆਸਰੇ ਸਾਰੀ ਕਾਇਨਾਤ ਵਿਚ ਜੀਵਨ ਮਉਲਿਆ। ਇਹ ਗੁਰਮਤਿ ਦਾ ਵਿਕਾਸ ਸਿਧਾਂਤ ਹੈ। ਸੱਚ 'ਨਾਮ' ਰਾਹੀਂ ਅਤੇ 'ਕਰਤਾ' ਪੁਰਖ ਰੂਪ ਵਿਚ ਜ਼ਰੇ ਜ਼ਰੇ ਵਿਚ ਭਰਪੂਰ ਹੋ ਗਿਆ:

---

102. ਸੁੰਨਹੁ ਸੁੰਨੁ ਉਪਾਇਦਾ —....
ਪਉਣ ਪਾਣੀ ਸੁੰਨੈ ਤੇ ਸਾਜੇ —..... ਮਾਰੂ ੧(1037)

103. ਓਅੰਕਾਰਿ ਬ੍ਰਹਮਾ ਉਤਪਤਿ — ਰਾਮਕਲੀ ੧(929)

104. ਓਅੰਕਾਰ ਸਭ ਸ੍ਰਿਸ਼ਟਿ ਉਪਾਈ - ਮ. 3(1061)

105. ਓਅੰਕਾਰ ਉਤਪਾਤੀ — ਮ. 5(1003)

ਸਾਚੇ ਤੇ ਪਵਨਾ ਭਇਆ , ਪਵਨੈ ਤੇ ਜਲੁ ਹੋਇ ।

ਜਲ ਤੇ ਤ੍ਰਿਭਵਣ ਸਾਜਿਆ, ਘਟਿ ਘਟਿ ਜੋਤਿ ਸਮੋਇ ।

ਸਿਰੀ ੧(19)

ਭਾਵੇਂ ਵਿਗਿਆਨ ਮੂਲ-ਹੋਂਦ 'ਸੱਚ' ਨੂੰ ਨਹੀਂ ਮੰਨਦਾ ਪਰ ਸ੍ਰਿਸ਼ਟੀ ਦੇ ਵਿਕਾਸ-ਸਿਧਾਂਤ ਵਿਚ ਵਿਗਿਆਨ ਨੇ ਪਹਿਲੀ ਅਵੱਸਥਾ ਗੈਸਾਂ ਦੀ ਦਸੀ ਹੈ। ਦੂਜੀ 'ਦ੍ਰੱਵ' ਅਤੇ ਤੀਜੀ ਪਲਾਸਟਿਕ।[106] ਵਿਗਿਆਨਕ ਭੌਤਿਕ-ਵਿਕਾਸ ਗੁਰਮਤਿ ਵਿਚ ਪ੍ਰਾਪਤ ਪ੍ਰਸੰਗਾਂ ਤੋਂ ਇਕ ਪੜਾ ਥਲੇ ਹੈ। ਗੁਰਮਤਿ ਵਿਚਾਰਧਾਰਾ ਸਾਰੀ ਹੋਂਦ ਦਾ ਮੂਲ 'ਸੱਚ' ਮੰਨਦੀ ਹੈ ਜੋ ਪਰਾਭੌਤਿਕ ਅੰਸ਼ ਹੈ।

15.4 <u>'ਨਾਮ' ਤੋਂ ਰਚਨਾ:</u> 'ਸੱਚ' ਨਾਮ ਰਾਹੀਂ ਸਾਰੇ ਵਿਦਮਾਨ ਹੈ। ਸੱਚ-ਸਰੂਪ ਏਕੰਕਾਰ 'ਨਾਮ' ਰੂਪ ਵਿਚ ਸਾਰੀਆਂ ਕਿਰਤਾਂ ਵਿਚ ਪਰੀਪੂਰਨ ਹੈ। ਇਸ ਲਈ ਇਹ ਕਿਹਾ ਗਿਆ ਹੈ ਕਿ ਨਾਮ ਤੋਂ ਹੀ ਸਭ ਕੁਝ ਹੋਇਆ ਹੈ,[107] ਜੋ ਕੁਝ ਦ੍ਰਿਸ਼ਟਮਾਨ ਹੈ, ਸਭ ਨਾਮ ਹੀ ਹੈ,[108] ਨਾਮ ਤੋਂ ਉਪਜਦਾ ਹੈ, 'ਨਾਮ' ਕਾਰਨ ਹੀ ਬਿਨਸਦਾ ਹੈ, ਅਤੇ 'ਨਾਮ' ਵਿਚ ਹੀ ਅੰਤ ਸਮਾ ਜਾਂਦਾ ਹੈ;[109] ਨਾਮ ਹੀ ਸਾਰੇ ਖੰਡਾਂ, ਬ੍ਰਹਿਮੰਡਾਂ, ਜੀਆਂ , ਜੰਤਾਂ ਦਾ ਆਧਾਰ ਹੈ।[110] ਸਾਰੀ ਰਚਨਾ ਨਾਮ ਦੀ ਰਚਨਾ ਹੈ।

15.5 <u>ਸ਼ਬਦ ਤੋਂ ਰਚਨਾ:</u> ਨਾਮ ਅਤੇ ਸ਼ਬਦ ਸਮਾਨਾਰਥੀ ਹਨ। ਗੁਰਬਾਣੀ ਵਿਚ ਸ਼ਬਦ ਤੋਂ ਉਤਪਤੀ ਅਤੇ ਪਰਲਉ ਅਤੇ ਸ਼ਬਦ ਦੀ ਸਰਬ-ਵਿਦਮਾਨਤਾ ਦੇ ਕਈ ਉਲੇਖ ਪ੍ਰਾਪਤ ਹਨ।[111] ਸ਼ਬਦ ਤੋਂ ਹੀ 'ਨਾਮ' ਦੀ ਉਪਜ ਦਸੀ ਹੈ।[112]

15.6 <u>'ਕਵਾਉ' ਤੋਂ ਰਚਨਾ:</u> ਪਰਮਾਤਮਾ ਦਾ ਭਾਣਾ 'ਕਵਾਉ' ਜਾਂ 'ਸ਼ਬਦ' ਰਾਹੀਂ ਪ੍ਰਗਟ ਹੋਇਆ ਜਿਸ ਨੂੰ 'ਹੁਕਮ' ਕਿਹਾ ਗਿਆ ਅਤੇ ਜਿਸ ਦੀ ਵਿਦਮਾਨਤਾ ਨਾਮ ਰਾਹੀਂ ਹੈ। ਗੁਰੂ ਨਾਨਕ ਦੇਵ ਅਨੁਸਾਰ "ਏਕੋ ਕਵਾਉ" ਨਾਲ ਸਾਰਾ ਪਸਾਰਾ ਪਸਰ ਗਿਆ, ਲਖਾਂ ਤਰ੍ਹਾਂ ਦੇ ਜੀਵਨ ਸਿਲਸਿਲੇ ਕਾਇਮ ਹੋ ਗਏ; ਅਸੰਖਾਂ ਜਪ, ਭਾਉ, ਪੂਜਾ, ਤਪ , ਤੀਰਥ, ਗਰੰਥ, ਜੋਗ, ਉਦਾਸ, ਪਾਪ , ਪੁੰਨ ਇਸ ਪਸਾਰੇ ਦੇ ਅੰਗ ਬਣਦੇ ਗਏ।[113] ਗੁਰੂ ਅਰਜਨ ਦੇਵ ਜੀ ਨੇ ਵੀ ਸਾਖਭਰੀ ਹੈ ਕਿ 'ਇਕ ਕਵਾਉ' ਨਾਲ ਹੀ ਸਾਰੀ ਰਚਨਾ ਹੋਈ ਹੈ।[114]

16.1 <u>ਰਚਨਾ-ਕਾਰਨ:</u> ਰਚਨਾ ਦਾ ਮੂਲ ਕਾਰਨ 'ਕਰਤਾਪੁਰਖ' ਦਾ 'ਭਾਣਾ' ਹੈ।[115] ਸਾਰੀ ਬ੍ਰਹਿਮੰਡ ਰਚਨਾ ' ਨਾਲ ਹੋਈ। ਸਾਰਾ ਆਕਾਸ਼, ਪਾਤਾਲ, ਪੁਲਾੜ, ਆਵਾਜ਼, ਜਗਤ-ਰਚਨਾ ਦੀਆਂ ਸਾਰੀਆਂ ਸ਼ਕਤੀਆਂ, ਪਦਾਰਥ

---

106. Sir James Jeans, Universe around Us., Cambridge, 1960, (10)
107. ਨਾਮੈ ਹੀ ਤੇ ਸਭੁ ਕਿਛੁ ਹੋਆ - ਸੂਹੀ 3(753)
108. ਜੇਤਾ ਕੀਤਾ ਤੇਤਾ ਨਾਉ। ਜਪੁ ੧(4)
109. ਨਾਮੇ ਉਪਜੈ, ਨਾਮੇ ਬਿਨਸੈ, ਨਾਮੇ ਸਚਿ ਸਮਾਇ। ਗਉੜੀ 3(246)
110. ਨਾਮ ਕੇ ਧਾਰੇ ਖੰਡ ਬ੍ਰਹਿਮੰਡ। ਗ.5(284)
111. ਉਤਪਤਿ ਪਰਲਉ ਸਬਦੇ ਹੋਵੈ। ਰਾਮ 3(117) ਹੋਰ ਵੇਖੋ ਮਾਝ 3(429
112. ਸੋਰਠ 3(644)

ਜਾਰੀ ਹੈ......

ਖੰਡ, ਬ੍ਰਹਿਮੰਡ, ਕਾਲ, ਮਨੁੱਖੀ ਜਜ਼ਬੇ, ਬੁੱਧੀ, ਵਿਚਾਰ, ਗਿਆਨ, ਵਿਗਿਆਨ, ਪ੍ਰਕ੍ਰਿਤੀ, ਮਾਇਆ, ਗੁਣ( ਤ੍ਰੈ-ਗੁਣ) ਸਾਰੀ ਰਚਨਾ ਉਸ ਦੇ ਭਾਣੇ ਵਿਚ ਹੋਈ।

16.2 ਭਾਣਾ ਅਤੇ ਹੁਕਮ ਇਕੋ ਕ੍ਰਿਆ ਦੇ ਦੋ ਪੱਖ ਹਨ। ਭਾਣਾ ਹੁਕਮ ਰੂਪ ਵਿਚ ਵਿਦਮਾਨ ਹੁੰਦਾ ਹੈ। "ਹੁਕਮ ਦਾ ਭਾਵ ਨਿਜ਼ਾਮ( ਆਰਡਰ) , ਜ਼ਬਤ, ਨਿਯਮ, ਤਰਤੀਬ ਅਤੇ ਵਿਉਂਤ ਹੈ।"[116] ਹੁਕਮ ਅਨੁਸਾਰ ਹੀ ਸਾਰੇ ਆਕਾਰ, ਜੀਅ, ਜੰਤ ਪੈਦਾ ਹੁੰਦੇ ਹਨ ਅਤੇ ਸੁਖ, ਦੁਖ, ਨੇਕੀ, ਵਡਿਆਈ ਮਿਲਦੀ ਹੈ।[117] ਸਾਰਾ ਜੰਮਣ ਮਰਣ ਅਤੇ ਨਿਯੰਤਰਣ ਹੁਕਮ ਅਨੁਸਾਰ ਹੈ:

ਹੁਕਮੇ ਆਇਆ, ਹੁਕਮਿ ਸਮਾਇਆ, ਹੁਕਮੇ ਦੀਸੈ
ਜਗਤੁ ਉਪਾਇਆ। ਮਾਰੂ ੧(1037)

16.3 ਹੁਕਮ ਦੇ ਨਿਯੰਤਰਣ ਨੂੰ ਪਰਮਾਤਮ-ਭੈ ਵੀ ਕਿਹਾ ਗਿਆ ਹੈ। ਹੁਕਮ ਦਾ ਭੈ ਹੀ ਸਾਰੇ ਪਸਾਰੇ ਨੂੰ ਚਲਾ ਰਿਹਾ ਹੈ। ਸਾਰੀ ਗਤੀਸ਼ੀਲਤਾ,—ਹਵਾ, ਦਰਿਆ, ਅਗਨੀ, ਧਰਤੀ, ਸੂਰਜ ਚੰਨ ਤਾਰੇ ਸਭ ਦਾ ਲਖਾਂ ਕ੍ਰੋੜਾਂ ਮੀਲਾਂ ਦਾ ਮਿਥੇ ਹੋਏ ਪੰਧ ਤੇ ਨਿਰੰਤਰ ਚਲਣਾ ਦੈਵੀ ਹੁਕਮ ਦੇ ਭੈ ਵਿਚ ਹੈ।[118] ਪੰਜ ਤਤਾਂ ਦੀ ਖੇਡ ਵੀ ਸੁਤੰਤਰ ਨਹੀਂ, ਸਗੋਂ ਦੈਵੀ ਹੁਕਮ ਦੇ ਭੈ ਵਿਚ ਕ੍ਰਿਆਸ਼ੀਲ ਹੈ।[119]

17. <u>ਰਚਨਾ ਦੀ ਅਨੰਤਤਾ:</u> 'ਕਰਤਾਪੁਰਖ' ਅਗੰਮ,ਬੇਅੰਤ, ਅਗਾਹ, ਅਥਾਹ ਹੈ, ਉਸ ਦੀ ਰਚਨਾ ਵੀ ਬੇਅੰਤ ਅਗੰਮ ਅਤੇ ਅਸੀਮ ਹੈ। ਬ੍ਰਹਿਮੰਡ ਪਸਾਰਾ ਅਨੇਕ ਰੰਗਾਂ, ਰੂਪਾਂ, ਭਾਂਤਾ, ਜਿਨਸਾਂ ਵਿਚ ਪਸਰਿਆ ਹੋਇਆ ਹੈ। ਜਿਸ ਦਾ ਲੇਖਾ ਨਹੀਂ ਹੋ ਸਕਦਾ।[120] ਇਸ ਬੇਅੰਤ ਪਸਾਰੇ ਬਾਰੇ ਹੋਈ ਕਿਆਸਰਾਈਆਂ—ਈਸਾਈ ਅਤੇ ਇਸਲਾਮ ਦੇ ਚੋਦਾਂ ਤਬੱਕ, ਸਤ ਆਕਾਸ਼, ਹਿੰਦੂਆਂ ਦੇ ਚੋਦਾਂ ਲੋਕ, ਸਤ ਉਪਰਲੇ (ਭੂਰ, ਭੂਵਰ, ਸਵਰ, ਮਹਰ, ਜਨ, ਤਪ, ਸਤਯ ਜਾਂ ਬ੍ਰਹਮ ਲੋਕ) ਅਤੇ ਸਤ ਥਲੇ ਦੇ[121] —ਅਸੀਮ ਅਤੇ ਅਨੰਤ ਰਚਨਾ ਨੂੰ ਪਰਮਾਣੂ ਰੂਪ ਵਿਚ ਸੀਮਾਬੱਧ ਕਰਨਾ ਹੈ। ਗੁਰੂ ਨਾਨਕ ਦੇਵ ਅਨੁਸਾਰ—ਪਾਤਾਲਾਂ ਪਾਤਾਲ, ਲਖ, ਆਗਾਸਾ ਆਗਾਸ(ਜਪੁਜੀ 22) ਦਾ ਲੇਖਾ ਹੋ ਨਹੀਂ ਸਕਦਾ। ਲਖਾਂ ਹੀ ਖੰਡ ਮੰਡਲ ਬ੍ਰਹਿਮੰਡ ਹਨ ਜਿਨ੍ਹਾਂ ਦਾ ਕਥਨ ਕਰ ਸਕਣਾ ਬੜੀ ਮੁਸ਼ਕਲ ਗਲ ਹੈ। (ਜਪੁਜੀ 37) । ਉਪਜ ਦੀਆਂ ਖਾਣੀਆਂ ਵੀ ਚਾਰ ਨਹੀਂ ਸਗੋਂ ਏਥੇ 'ਕੇਤੀਆ ਖਾਣੀ' (ਜਪੁ.35) ਦਾ ਵਿਧਾਨ ਹਨ। ਗੁਰੂ ਅਰਜਨ ਦੇਵ ਅਨੁਸਾਰ(ਸੁਖਮਨੀ ਅ.10) ਕ੍ਰੋੜਾਂ ਹੀ ਖਾਣੀਆਂ ਤੇ ਖੰਡ ਹਨ, ਜੂਨਾਂ ਚੋਰਾਸੀ ਲਖ ਨਹੀਂ, ਕ੍ਰੋੜਾਂ ਕਿਸਮ ਦੇ ਪੰਛੀ, ਸੱਪ, ਬਨਸਪਤੀ, ਜੀਵ, ਜੰਤੂ, ਦੇਵਤੇ ਦੈਂਤ, ਤਪੀਸਰ, ਜੋਗੀ, ਅਨੇਕ ਭਾਂਤੀ ਰਚਨਾ ਦਾ ਅੰਗ ਹਨ। ਜਿਸ ਦਾ ਲੇਖਾ ਨਹੀਂ ਹੋ ਸਕਦਾ।

---

113. ਕੀਤਾ ਪਸਾਉ ਏਕੋ ਕਵਾਉ ਤਿਸ ਤੇ ਹੋਏ ਲਖ ਦਰੀਆਉ। ਜਪੁ 16(3)
114. ਏਕ ਕਵਾਵੈ ਤੇ ਸਭਿ ਹੋਆ। ਮਾਰੂ 5(1003)
115. ਜਾ ਤਿਸ ਭਾਣਾ ਤਾ ਜਗਤ ਉਪਾਇਆ ਮਾਰੂ ੧(1036)
116. ਡਾ: ਤਾਰਨ ਸਿੰਘ, ਸਿਖ ਫਲਸਫੇ ਦੀ ਰੂਪ-ਰੇਖਾ, ਪੰਨਾ 71-72. (464)
117. ਹੁਕਮੀ ਹੋਵਨਿ ਆਕਾਰ । ਜਪੁ . 2(1) 118. ਭੈ ਵਿਚਿ ਪਵਣੁ ਵਹੈ ਸਦ ਵਾਉ —ਆਸਾ ੧(464)
119. ਪੰਚ ਭੂਤ ਸਚਿ ਭੈ ਰਤੇ — ਸਿਰੀ ੧(20)
120. ਗਉੜੀ 5(276); ਜਪੁਜੀ, ਪਉੜੀ 24(27).
121. Dr. S.S.Kohli,Outlines of Sikh Thought,p. 43.

ਇਸ ਧਰਤੀ ਦੀ ਰਚਨਾ ਏਨੀ ਬੇਅੰਤ ਹੈ, ਇਸ ਨਾਲੋਂ ਆਕਾਰ ਵਿਚ ਵੱਡੇ ਲਖਾਂ ਪਾਤਾਲਾਂ, ਖੰਡਾਂ, ਬ੍ਰਹਿਮੰਡਾਂ ਦਾ ਗਿਆਨ ਮਨੁੱਖ ਦੀ ਬੁੱਧੀ ਅਤੇ ਵਿਗਿਆਨ ਦੀ ਪਕੜ ਤੋਂ ਬਾਹਰ ਹੈ। "ਬੇਅੰਤ ਬ੍ਰਹਿਮੰਡਲਾਂ ਵਿਚੋਂ ਸਾਡੀ ਧਰਤੀ ਦੇ ਬ੍ਰਹਿਮੰਡਲ ਵਿਚ ਹੀ ਇਕ ਲਖ ਤਾਰੇ ਹਨ ਜਿਨ੍ਹਾਂ ਵਿਚੋਂ ਕਈ ਤਾਰੇ 75,000 ਲਾਈਟ-ਈਅਰ ਦੂਰੀ ਤੇ ਹਨ ਜਦ ਕਿ ਇਕ ਲਾਈਟ-ਈਅਰ ਵਿਚ 5,878,499,814,000 ਮੀਲ ਦੀ ਦੂਰੀ ਹੈ।"[122] ਧਰਤੀ ਦੇ ਬ੍ਰਹਿਮੰਡਲ ਵਰਗੇ ਲਖਾਂ ਬ੍ਰਹਿ-ਮੰਡਲ ਹਨ ਜਿਨ੍ਹਾਂ ਨੂੰ ਵੇਖ ਸਕਣਾ ਵਿਗਿਆਨ ਲਈ ਅਸੰਭਵ ਬਣਿਆ ਹੋਇਆ ਹੈ। ਗੁਰੂ ਨਾਨਕ ਦੇਵ ਅਨੁਸਾਰ ਰਚਨਾ ਦੀ ਅਨੰਤਤਾ, ਸੁੰਦਰਤਾ, ਅਗੰਮਤਾ ਵਿਸਮਾਦ ਜਨਕ ਹੈ।

18. <u>ਰਚਨਾ ਦਾ ਆਰੰਭ:</u> ਜਗਤ ਰਚਨਾ ਕਦੋਂ ਹੋਈ? ਇਹ ਰਹੱਸ ਹੈ ਅਤੇ ਰਹੱਸ ਹੀ ਰਹੇਗਾ। ਅਸੀਂ ਬ੍ਰਹਿਮੰਡ ਦੇ ਆਦਿ ਅੰਤ ਤੋਂ ਅਨਜਾਣ ਹਾਂ। ਮੌਲਾਨਾ ਅਬੁਲ ਕਲਾਮ ਆਜ਼ਾਦ ਅਨੁਸਾਰ "ਰਚਨਾ ਇਕ ਅਜੇਹੀ ਪੁਸਤਕ ਹੈ ਜਿਸ ਦੇ ਪਹਿਲੇ ਤੇ ਅੰਤਲੇ ਪੰਨੇ ਗੁਆਚ ਗਏ ਹਨ। ਜਦ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਹ ਇਨ੍ਹਾਂ ਗਵਾਚੇ ਪੰਨਿਆਂ ਦੀ ਭਾਲ ਕਰ ਰਿਹਾ ਹੈ।"[123] ਗੁਰਮਤਿ ਅਨੁਸਾਰ ਰਚਨਾ ਇਕ ਵਾਰੀ ਨਹੀਂ, ਕਈ ਵਾਰੀ ਹੋਈ ਹੈ। ਪਰ ਹੁਣ ਦੀ ਰਚਨਾ ਕਦੋਂ ਹੋਈ, ਇਸ ਨੂੰ ਰਚਣਹਾਰ ਕਰਤਾ-ਪੁਰਖ ਤੋਂ ਬਿਨਾਂ ਕੋਈ ਨਹੀਂ ਜਾਣ ਸਕਦਾ:

ਜਾ ਕਰਤਾ ਸਿਰਠੀ ਕੋ ਸਾਜੇ ਆਪੇ ਜਾਣੈ ਸੋਈ —ਜਪੁਜੀ .21. ਸਿਧਾਂ ਨੇ ਗੁਰੂ ਨਾਨਕ ਦੇਵ ਨੂੰ ਸ੍ਰਿਸ਼ਟੀ ਦੇ ਆਦਿ ਬਾਰੇ ਪੁਛਿਆ ਸੀ। ਗੁਰੂ ਜੀ ਨੇ ਕਿਹਾ :

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ —ਮ. ੧(940)

ਪਿਤਾ ਦਾ ਜਨਮ ਪੁੱਤਰ ਨਹੀਂ ਜਾਣ ਸਕਦਾ। ਭਾਰਤੀ ਚਿੰਤਕਾਂ ਨੇ ਰਚਨਾ ਦੀ ਆਯੂ ਕਲਪਾਂ ਵਿਚ ਮਿਥ ਕੇ ਇਸ ਦੀ ਯੁਗਾਂ ਵਿਚ ਵੰਡ ਕੀਤੀ ਹੈ ਜੋ ਨਿਰੋਲ ਕਿਆਸ ਹੈ। ਆਧੁਨਿਕ ਵਿਗਿਆਨ ਨੇ ਰੇਡੀਓ-ਐਕਟਿ-ਵਿਟੀ ਦੇ ਆਧਾਰ ਤੇ ਆਪਣੀ ਧਰਤੀ ਦੀ ਉਮਰ ਪੰਜ ਸੌ ਕ੍ਰੋੜ ਸਾਲ ਦਸੀ ਹੈ,[124] ਪਰ ਇਹ ਨਿਰਾ ਕਿਆਸ ਹੈ। ਧਰਤੀ ਦੇ ਸਭ ਤੋਂ ਨੇੜੇ ਚੰਨ ਤੇ ਸੂਰਜ ਹਨ। ਚੰਨ ਧਰਤੀ ਤੋਂ 238,855 ਮੀਲ ਅਤੇ ਸੂਰਜ 91,402,000 ਮੀਲ ਦੂਰ ਹੈ। ਇਨ੍ਹਾਂ ਨੇੜੇ ਤੋਂ ਨੇੜੇ ਦੇ ਗੋਲਿਆਂ ਬਾਰੇ ਸਾਨੂੰ ਪੂਰੀ ਜਾਣਕਾਰੀ ਨਹੀਂ, ਪਰ ਅਨਗਿਣਤ ਬ੍ਰਹਿ-ਮੰਡਲ ਧਰਤੀ ਤੋਂ ਇੰਨੇ ਦੂਰ ਹਨ ਕਿ ਉਨ੍ਹਾਂ ਦੀ ਰੋਸ਼ਨੀ ਨੂੰ ਸਾਡੇ ਤਕ ਪੁਜਣ ਲਈ ਕ੍ਰੋੜਾਂ ਵਰ੍ਹੇ ਲਗ ਜਾਂਦੇ ਹਨ।[125]

---

122. Norris Mcwhirter, Guiness Book of Records, London: 1977, p.72.

123. History of Philosophy, Eastern and Western, London : Allen and Unwin, (Introduction)

124. The Book of Knowledge, New York: 1963. Vol. IV, p. 1547.

125. Guiness Book of Records, op.cit., pp. 69-72.

ਵਿਗਿਆਨਕ ਖੋਜਾਂ ਅਨੁਸਾਰ ਵੀ ਰਚਨਾ ਦਾ ਆਦਿ ਨਹੀਂ ਦਸਿਆ ਜਾ ਸਕਦਾ।

19.1 'ਕਰਤਾ' ਅਤੇ 'ਕਿਰਤ' ਦਾ ਸੰਬੰਧ: ਗੁਰਮਤਿ ਵਿਚ 'ਕਰਤਾ' ਅਤੇ 'ਕਿਰਤ' (ਬ੍ਰਹਿਮੰਡ ਰਚਨਾ) ਨੂੰ ਨਿਕਟਵਰਤੀ ਸੰਬੰਧਾਂ ਵਿਚ ਜੋੜਿਆ ਗਿਆ ਹੈ। ਸ੍ਰਿਸ਼ਟੀ ਰਚਨਾ ਇਕ ਵਾਸਤਵਿਕ ਤੱਥ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। 'ਸ੍ਰਿਸ਼ਟੀ' ਦੇ ਹਰ ਪ੍ਰਸੰਗ ਵਿਚ 'ਕਰਤਾ' ਦਾ ਜ਼ਿਕਰ ਹੈ ਅਤੇ ਦੋਹਾਂ ਦੇ ਸੰਬੰਧਾਂ ਨੂੰ ਸਾਕਾਰਤਮਕ ਹਾਂ-ਵਾਚੀ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ। ਕਰਤਾ ਪੁਰਖ ਦੀ ਰਚਨਾ ਨੂੰ ਗੁਰਬਾਣੀ ਵਿਚ ਸ੍ਰਿਸ਼ਟਿ, ਸਿਰਠਿ, ਸਿਰਠੀ, ਜਗ, ਜਗਤ, ਸੰਸਾਰ, ਕੁਦਰਤ, ਰਚਨਾ, ਦੁਨੀਆਂ, ਮਾਇਆ, ਪਸਾਉ, ਪਸਾਰਾ, ਸੰਸਾਰ, ਪਰਪੰਚ, ਬ੍ਰਹਿਮੰਡ, ਬਣਤ, ਆਕ੍ਰਤ, ਉਤਪਤਿ ਆਦਿ ਕਈ ਸ਼ਬਦਾਂ ਰਾਹੀਂ ਦਰਸਾਇਆ ਹੈ ਅਤੇ ਹਰੇਕ ਉਲੇਖ ਵਿਚ ਇਸ ਨੂੰ ਕਰਤੇ ਦੀ 'ਕਿਰਤ' ਕਹਿ ਕੇ ਇਸ ਦੀ ਵਾਸਤਵਿਕਤਾ ਨੂੰ ਸਵੀਕਾਰ ਕੀਤਾ ਹੈ।

19.2 ਗੁਰੂ ਨਾਨਕ ਦੇਵ ਦੇ ਰਚਨਾ-ਵਿਧਾਨ ਵਿਚ ਸੰਸਾਰ ਰਚਨਾ ਨੂੰ 'ਸੱਚੇ ਪਾਤਸ਼ਾਹ ਦੀ ਸੱਚੀ ਕੁਦਰਤ'[126] ਮੰਨਿਆ ਹੈ। ਗੁਰੂ ਅੰਗਦ ਦੇਵ ਅਨੁਸਾਰ ਇਹ ਸੰਸਾਰ ਸੱਚੇ ਪਰਮਾਤਮਾ ਦਾ ਰਹਿਣ ਅਸਥਾਨ ਹੈ।[127] ਗੁਰੂ ਅਮਰਦਾਸ ਸੰਸਾਰ ਦੀਆਂ ਆਕ੍ਰਤੀ ਨੂੰ 'ਪਰਮਾਰਥਿਕ ਸੱਚ' ਦੀ ਪਦਵੀ ਦਿੰਦੇ ਕਹਿੰਦੇ ਹਨ ਕਿ ਸੰਸਾਰ ਦੇ ਸਾਰੇ 'ਰੂਪ' ਹਰੀ ਦੇ ਰੂਪ ਹਨ।[128] ਗੁਰੂ ਅਰਜਨ ਅਨੁਸਾਰ 'ਆਪ ਸਤਿ, ਕੀਆ ਸਭ ਸਤਿ'[129] ਮੂਲ ਸਚਾਈ ਹੈ। ਸੰਸਾਰ ਇਕ ਸੁੰਦਰ ਥਾਲ ਹੈ ਜਿਸ ਵਿਚ ਤਿੰਨ ਦੁਰਲਭ ਵਸਤਾਂ, ਸਤ, ਸੰਤੋਖ, ਅਤੇ ਅੰਮ੍ਰਿਤ-ਨਾਮ ਮਨੁੱਖੀ ਗਿਆਨ ਅਤੇ ਕਲਿਆਣ ਲਈ ਵਿਦਮਾਨ ਕੀਤੇ ਗਏ ਹਨ।[130] ਇਹ ਸ੍ਰਿਸ਼ਟੀ ਨਾਮ ਅਤੇ ਜੋਤਿ ਦੀ ਵਿਦਮਾਨਤਾ ਕਰਕੇ ਸੱਚੀ ਹੈ, ਪਵਿਤਰ ਹੈ:

ਪਾਕੀ ਨਾਈ ਪਾਕ - ਆਸਾ ੧(464)

19.3 ਪਰ ਸ੍ਰਿਸ਼ਟੀ ਥਿਰ ਅਤੇ ਅਨਾਦੀ ਨਹੀਂ। ਇਹ ਪਰਵਰਤਨਸ਼ੀਲ ਅਤੇ ਮਰਨਸ਼ੀਲ ਹੈ। ਇਸ ਨੂੰ 'ਧੂਏਂ ਕਾ ਪਹਾੜ 'ਸੁਪਨਾ' ਅਤੇ 'ਬਾਦਰ ਕੀ ਛਾਈ' ਵੀ ਕਿਹਾ ਗਿਆ ਹੈ। "ਸੁਪਨਾ ਅਤੇ ਧੂਏਂ ਕਾ ਪਹਾੜ' ਦਾ ਮਤਲਬ ਇਹ ਹੈ ਕਿ ਜਿਦਾਂ ਅਸੀਂ ਇਸ ਸੰਸਾਰ ਨੂੰ ਥਿਰ ਤੇ ਸਦਾ ਰਹਿਣ ਵਾਲਾ ਮੰਨਦੇ ਹਾਂ, ਇਹ ਗਲਤ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਸੰਸਾਰ ਅਸਲੋਂ ਹੈ ਹੀ ਨਹੀਂ। ਅਜੇਹੇ ਸ਼ਬਦਾਂ ਦਾ ਇਹ ਭਾਵ ਹੈ ਕਿ ਜੋ ਕੁਝ ਅਸੀਂ ਸਮਝਦੇ ਹਾਂ, ਉਹ ਕੁਝ ਇਹ ਸੰਸਾਰ ਨਹੀਂ।"[131] ਸੰਸਾਰ ਦੀ ਭੌਤਿਕਤਾ ਵਿਚ ਉਪਜੌਣ, ਬਿਨਸਨ ਦੀ ਖੇਡ ਵੀ 'ਕਰਤੇ' ਦੀ ਕਿਰਤ ਹੈ। ਪਰਵਰਤਨਸ਼ੀਲਤਾ ਅਸੱਤਤਾ ਨਹੀਂ। ਸਾਰੀ ਭੌਤਿਕਤਾ

---

126. ਆਸਾ ੧(463)
127. ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ । ਮ. 2(463)
128. ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ —...ਮ.3(922)
129. ਮ. 5(294)
130. ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ । ਮੁੰਦਾਵਣੀ 5(1428)
131. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 33.

ਅਤੇ ਪਰਵਰਤਨਸ਼ੀਲਤਾ ਦਾ ਆਧਾਰ ਨਾਮ ਹੈ ਜੋ ਸਰਬ-ਵਿਆਪਕ ਹੈ। ਇਸ ਲਈ ਇਹ ਸੰਸਾਰ ਅਸਥਿਰ, ਚਲਾਇਮਾਨ ਅਤੇ ਆਰਜ਼ੀ ਹੁੰਦਾ ਹੋਇਆ ਸ਼ੰਕਰ-ਵਿਚਾਰਧਾਰਾ ਦਾ ਧੋਖਾ, ਰੱਸੀ ਦਾ ਸੱਪ, ਜਾਂ ਸਹੇ ਦੇ ਸਿੰਗ ਨਹੀਂ। ਸਗੋਂ 'ਕਰਤੇ' ਦੀ ਵਾਸਤਵਿਕ ਰਚਨਾ ਹੈ। ਜੀਵ ਅਤੇ ਜਗਤ ਉਸਦੇ ਪੈਦਾ ਕੀਤੇ ਹੋਏ ਹਨ।

20. <u>ਸਾਰ</u>: ਸੰਸਾਰ ਦੇ ਮੁੱਖ ਧਰਮਾਂ ਦੇ ਸਰਵੇਖਣ ਤੋਂ ਸਪਸ਼ਟ ਹੈ ਕਿ ਸਵਾਏ 'ਗੁਰਮਤਿ' ਦੇ ਕਿਸੇ ਵੀ ਧਰਮ ਵਿਚ ਸਪਸ਼ਟ ਸ਼ਬਦਾਂ ਵਿਚ ਕੇਵਲ ਅਤੇ ਇਕੋ ਪਰਮਾਤਮਾ ਨੂੰ "ਕਰਨ-ਕਾਰਨ" ਨਹੀਂ ਮੰਨਿਆ ਗਿਆ। ਜ਼ਰਥੁਸ਼ਤਵਾਦ ਦਵੈਤਵਾਦੀ ਹੈ। ਅਹੁਰਾਮਜ਼ਦਾ ਚੰਗਿਆਈ ਪੈਦਾ ਕਰਦਾ ਹੈ, ਅਹਿਰਿਮਾਨ ਬੁਰਾਈ। ਗੁਰਮਤਿ ਦਾ ਕਰਤਾ ਇਕ ਹੈ।' ਯੂਨਾਨੀ ਸਿਧਾਂਤ ਅਨੁਸਾਰ ਪ੍ਰਾਕ੍ਰਿਤਕ ਧੁੰਦ ਤੋਂ ਈਰੋਸ ਦੇਵਤਾ ਜਨਮਿਆ ਜਿਸ ਨੇ ਧਰਤੀ, ਆਕਾਸ਼ ਅਤੇ ਦੇਵਤਿਆਂ ਨੂੰ ਪੈਦਾ ਕੀਤਾ। ਗੁਰਮਤਿ ਵਿਚ ਕੋਈ ਦੇਵਤਾ; ਕਰਤਾ ਨਹੀਂ। ਤਾਓਵਾਦ ਵੀ ਦਵੈਤਵਾਦੀ ਹੈ। ਯਿਨ ਅਤੇ ਯੰਗ ਜਾਂ 'ਲੀ' ਅਤੇ 'ਕੀ' ਦੋ ਤਾਕਤਾਂ ਨੂੰ ਮੰਨਦਾ ਹੈ। ਯਹੂਦੀਆਂ ਨੇ ਇਲਾਕਾਈ ਦੇਵ 'ਜੇਹੋਵਾਹ' ਨੂੰ ਪਰਮਾਤਮਾ ਨਾਲ ਅਭੇਦ ਕਰਕੇ ਉਸ ਨੂੰ ਸੰਸਾਰ ਦਾ 'ਕਰਤਾ' ਮੰਨਿਆ ਹੈ। ਈਸਾਈਆਂ ਨੇ ਰੱਬ ਨੂੰ 'ਕਰਤਾ' ਤਾਂ ਮੰਨਿਆ ਹੈ ਪਰ ਤ੍ਰਿਨੇਕੇ ਦੀ ਸੰਤੋਸ਼ਜਨਕ ਵਿਆਖਿਆ ਹਾਲੀ ਤਕ ਨਹੀਂ ਹੋ ਸਕੀ। ਯਹੂਦੀ, ਈਸਾਈ ਅਤੇ ਇਸਲਾਮ ਧਰਮ ਅਨੁਸਾਰ ਰਚਨਾ ਛੇ ਦਿਨਾਂ ਵਿਚ ਹੋਈ। ਆਕਾਸ਼ ਵੀ ਸਤ ਦਸੇ ਹਨ ਪਰ ਗੁਰਮਤਿ ਵਿਚ ਉੱਤਪਤ ਪਰਲੋ ਕਰਤਾ-ਪੁਰਖ ਦੀ 'ਛਿਣ' ਦੀ ਖੇਡ ਹੈ। ਆਕਾਸ਼ 7 ਨਹੀਂ, ਲਖਾਂ ਹਨ।

ਹਿੰਦੂ ਦਰਸ਼ਨ ਦੀ ਕੋਈ ਵੀ ਧਾਰਾ ਪਰਮਾਤਮਾ ਨੂੰ ਅਜੇਹੇ ਸਪਸ਼ਟ ਸ਼ਬਦਾਂ ਵਿਚ 'ਕਰਤਾ ਪੁਰਖੁ' ਨਹੀਂ ਮੰਨਦੀ; ਜਿਵੇਂ ਗੁਰਮਤਿ ਵਿਚ ਕਿਹਾ ਗਿਆ ਹੈ। ਵੇਦਾਂ ਵਿਚ ਸੰਸਾਰ ਰਚਨਾ ਨੂੰ ਦੇਵਤਿਆਂ ਤੋਂ, ਰਿਤ ਤੋਂ, ਪਾਣੀ ਤੋਂ ਅਤੇ ਅਸਤਿ ਤੋਂ ਹੋਈ ਦਸਿਆ ਹੈ। ਪਰਜਾਪਤੀ, ਹਿਰਣਗਰਭ ਜਾਂ ਵਿਸ਼ਵਕਰਮਾ ਦਾ ਸੰਕਲਪ ਵੀ ਸਰਬ-ਸਮਰੱਥ 'ਕਰਤਾ' ਦਾ ਸੰਕਲਪ ਨਹੀਂ। ਰਿਗਵੇਦ ਦੇ ਵਿਰਾਟ-ਪੁਰਸ਼ ਨੂੰ ਦੇਵਤੇ ਖੰਡ ਖੰਡ ਕਰਕੇ, ਰਚਨਾ ਕਰਦੇ ਹਨ। ਉਪਨਿਸ਼ਦਾਂ ਵਿਚ 'ਬ੍ਰਹਮ ਤੋਂ ਰਚਨਾ' ਦੇ ਕੁਝ ਹਵਾਲੇ ਮਿਲਦੇ ਹਨ ਪਰ ਨਾਲ ਹੀ ਵੈਦਿਕ ਵਿਸ਼ਵਾਸ਼ ਵੀ ਕਾਇਮ ਰਹਿੰਦੇ ਹਨ। ਪੁਰਾਣਾਂ ਵਿਚ ਪੁਰੁਸ਼ ਅਤੇ ਪ੍ਰਕ੍ਰਿਤੀ ਅਨਾਦੀ ਹਨ, ਦੋਵੇਂ ਮਿਲ ਕੇ ਰਚਨਾ ਕਰਦੇ ਹਨ। 'ਕਾਲ' ਅਤੇ ਬ੍ਰਹਮਾ ਤੋਂ ਰਚਨਾ ਦੇ ਪ੍ਰਸੰਗ ਭੀ ਆਮ ਹਨ। ਵੈਸ਼ਨਵ ਅਤੇ ਸ਼ੈਵ ਮਤ ਪੁਰਾਣਾਂ ਦੇ ਇਕ ਜਾਂ ਦੂਜੇ ਸੰਕਲਪ ਦੇ ਧਾਰਨੀ ਹਨ। ਜੈਨ ਪਦਾਰਥਵਾਦੀ ਮਤ ਹੈ ਜੋ 'ਕਰਤਾਪੁਰਖ' ਦੀ ਹੋਂਦ ਤੋਂ ਇਨਕਾਰੀ ਹੈ। ਬੋਧੀ ਵੀ 'ਕਰਤਾਪੁਰਖ' ਬਾਰੇ ਚੁੱਪ ਹਨ। ਉਨ੍ਹਾਂ ਅਨੁਸਾਰ ਬ੍ਰਹਿਮੰਡ ਦੀ ਖੇਡ ਬਿਨਾਂ ਕਿਸੇ ਆਦਿ ਅਤੇ ਬਿਨਾਂ ਕਿਸੇ ਸੰਚਾਲਕ ਤੋਂ ਹੈ।

ਸਾਂਖ ਅਨੁਸਾਰ ਪੁਰੁਸ਼ ਕੇਵਲ ਦਰਸ਼ਕ ਹੈ, ਕਰਤਾ ਨਹੀਂ। ਪ੍ਰਕ੍ਰਿਤੀ ਅਨਾਦੀ ਹੈ ਅਤੇ ਸਾਰੀ ਰਚਨਾ ਪੁਰਸ਼ ਦੇ ਮੇਲ ਨਾਲ ਪ੍ਰਕ੍ਰਿਤੀ ਤੋਂ ਹੁੰਦੀ ਹੈ। ਪਾਤੰਜਲੀ ਦਾ ਯੋਗ ਸ਼ਾਸਤਰ ਵੀ ਪੁਰੁਸ਼ ਪ੍ਰਕ੍ਰਿਤੀ ਨੂੰ ਅਨਾਦੀ ਮੰਨਦਾ ਹੈ। ਨਿਆਇ ਅਤੇ ਵੈਸ਼ੇਸ਼ਿਕ ਪਰਮਾਤਮਾ ਨੂੰ ਇਕ ਕਾਰੀਗਰ 'ਘੁਮਿਆਰ' ਜਾਂ 'ਤਰਖਾਣ' ਦੀ ਨਿਆਈਂ

ਮੰਨਦੇ ਹਨ ਜਿਸਨੂੰ ਘਾੜਤਾਂ ਘੜਨ ਲਈ ਪਦਾਰਥਾਂ ਦੀ ਲੋੜ ਹੈ। ਉਨ੍ਹਾਂ ਅਨੁਸਾਰ ਪਰਮਾਤਮਾ "ਸੰਸਾਰ ਦਾ ਪਹਿਲਾ ਸਮਰੱਥ ਕਾਰਨ ਤਾਂ ਹੈ ਪਰ ਪਦਾਰਥਕ ਕਾਰਣ ਨਹੀਂ ਅਰਥਾਤ ਉਹ ਸੰਸਾਰ-ਭਵਨ ਦਾ ਕੇਵਲ ਨਿਰਮਾਤਾ ਹੈ।"[132] ਪੂਰਵ-ਮੀਮਾਂਸਾ ਦੇ ਕਰਤਾ ਜੈਮਿਨੀ ਦਾ ਵਿਚਾਰ ਹੈ ਕਿ "ਬ੍ਰਹਿਮੰਡ ਦਾ ਨਾ ਆਦਿ ਹੈ ਨਾ ਅੰਤ। ਇਹ ਸਦਾ ਸੀ ਅਤੇ ਹੁਣ ਵਾਂਗ ਸਦਾ ਰਹੇਗਾ। ਸੰਸਾਰ ਦੀ ਰਚਨਾ ਦਾ ਕਦੀ ਪੂਰਨ ਤੌਰ ਤੇ ਅੰਤ ਨਹੀਂ ਹੁੰਦਾ। ਇਸ ਲਈ ਪਰਮਾਤਮਾ ਨੂੰ ਬ੍ਰਹਿਮੰਡ ਦਾ ਕਾਰਨ ਨਹੀਂ ਸੰਕਲਪਿਆ ਜਾ ਸਕਦਾ।"[133] ਸ਼ੰਕਰ ਉਤਰ-ਮੀਮਾਂਸਾ ਦੀ ਵਿਆਖਿਆ ਕਰਦਾ ਸੰਸਾਰ ਰਚਨਾ ਦੇ ਈਸ਼ਵਰ ਨੂੰ ਨੀਵਾਂ-ਬ੍ਰਹਮ ਕਹਿੰਦਾ ਹੈ, ਜਿਸ ਦੀ ਹੋਂਦ ਅਵਿਦਿਆ ਆਸਰਤ ਹੈ। ਉਹ ਮਾਇਆ ਨੂੰ ਅਨਾਦੀ ਮੰਨਦਾ ਹੈ ਜਿਸ ਦੇ ਸੰਪਰਕ ਤੋਂ ਬ੍ਰਹਮ ਰਚਨਾ ਕਰਦਾ ਪਰਤੀਤ ਹੁੰਦਾ ਹੈ। ਉਸ ਅਨੁਸਾਰ ਕੇਵਲ ਬ੍ਰਹਮ ਹੀ 'ਸਤਿ' ਹੈ, ਸੰਸਾਰ 'ਅਸਤਿ' 'ਭਰਮ' ਅਤੇ 'ਭੁਲੇਖਾ' ਹੈ।[134] ਡਾਕਟਰ ਰਾਧਾ ਕ੍ਰਿਸ਼ਨਨ ਅਨੁਸਾਰ ਜਦੋਂ ਜੀਵਾਤਮਾ ਅਤੇ ਪਰਮਾਤਮਾ ਨੂੰ ਇਕ ਰੂਪ ਕਰ ਦਿਤਾ ਗਿਆ ਅਤੇ ਇਹ ਕਿਹਾ ਗਿਆ ਕਿ ਬ੍ਰਹਮ ਹੀ ਕੇਵਲ ਅਤੇ ਇਕੋ ਪਰਮ ਸਚਾਈ ਹੈ ਤਾਂ ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਬਾਕੀ ਸੰਸਾਰ ਦਾ ਸੱਚ ਇਕ ਭੁਲੇਖਾ ਹੈ।"[135] ਸੰਸਾਰ ਭੁਲੇਖੇ ਅਤੇ ਭਰਮ ਦਾ ਕਾਰਨ ਮਾਇਆ ਹੈ। ਅਸਲ ਵਿਚ ਨਾ ਕਿਰਤ ਹੈ, ਨਾ ਕਰਤਾ ਹੈ।

ਇਸ ਤੋਂ ਵਿਪਰੀਤ ਗੁਰਮਤਿ ਦਾ ਕਰਤਾ ਕਰਨ-ਕਾਰਨ, ਸਰਬ-ਸਮਰੱਥ ਅਤੇ ਇਕੋ ਹੈ। ਵੇਦਾਂ ਉਪਨਿਸ਼ਦਾਂ, ਪੁਰਾਣਾਂ ਵਿਚਲੇ ਦੇਵੀ, ਦੇਵਤਿਆਂ, ਹਿਰਣ ਗਰਭ, ਪਰਜਾਪਤੀ, ਵਿਸ਼ਵਕਰਮਾ ਬ੍ਰਹਮਾ ਆਦਿ ਰਾਹੀਂ ਰਚਨਾ ਨਹੀਂ ਹੁੰਦੀ ਸਗੋਂ ਇਕੋ 'ਕਰਤਾਪੁਰਖ' ਹੀ ਸ੍ਰਿਸ਼ਟੀ ਦਾ ਕਰਤਾ, ਭਰਤਾ, ਹਰਤਾ ਹੈ। ਪ੍ਰਕ੍ਰਿਤੀ ਅਨਾਦੀ ਨਹੀਂ, ਨਾ ਹੀ ਕਾਲ ਅਨਾਦੀ ਹੈ, ਸਭ 'ਕਰਤੇ' ਦੀਆਂ ਕਿਰਤਾਂ ਹਨ। ਗੁਰਮਤਿ ਦਾ 'ਪੁਰਖੁ' ਸਰਬ-ਸਮਰੱਥ 'ਕਰਤਾਪੁਰਖ' ਹੈ। ਉਹ ਵਿਭਾਜਿਤ ਨਹੀਂ ਹੁੰਦਾ, ਨਾ ਹੀ ਦੇਵਤੇ ਉਸ ਨੂੰ ਖੰਡ ਖੰਡ ਕਰਦੇ ਹਨ, ਨਾ ਹੀ ਉਸ ਤੋਂ ਕੀਤੀ ਗਈ ਜੀਵ-ਰਚਨਾ ਚਾਰ ਜਾਤੀਆਂ ਵਿਚ ਵੰਡੀ ਹੋਈ ਹੈ। ਗੁਰਮਤਿ ਦਾ 'ਪੁਰਖੁ' ਸਾਂਖ ਪੁਰਸ਼ ਵਾਂਗ ਅਕ੍ਰਿਆਸ਼ੀਲ ਦਰਸ਼ਕ ਵੀ ਨਹੀਂ। ਉਹ ਸਾਰੇ ਵਿਦਮਾਨ ਹੋ ਕੇ ਸਭ ਦੀ ਸੰਭਾਲ ਅਤੇ ਪਾਲਣਾ ਕਰਦਾ ਹੈ। ਗੁਰਮਤਿ ਦਾ 'ਕਰਤਾ' ਨਿਆਇ ਅਤੇ ਵੈਸ਼ੇਸ਼ਕਾਂ ਦੇ ਰੱਬ ਵਾਂਗ ਨਿਰਾ 'ਘਾੜਾ' ਨਹੀਂ, ਸਰਬ-ਸਮਰੱਥ ਨਮਿਤ ਅਤੇ ਉਪਾਦਾਨ ਦੋਵੇਂ ਕਾਰਨ ਹੈ। ਗੁਰਮਤਿ ਦਾ ਰਚਨਾ

---

132. Dr. Radhakrishnan, History of Philosophy Eastern and Western op.cit., p.228.

133. Ibid. p.267.

134. Paul Deussen, Philosophy of Upnishads, op.cit., p.160.

135. Indian Philosophy , op.cit., p.190.

ਸਿਧਾਂਤ ਜੈਮਿਨੀ ਦੇ ਪੂਰਵ-ਮੀਮਾਂਸਿਕ ਵਿਚਾਰਾਂ ਨੂੰ ਨਹੀਂ ਮੰਨਦਾ। ਰਚਨਾ ਦਾ ਆਦਿ ਵੀ ਹੈ ਅੰਤ ਵੀ ਅਤੇ ਇਹ ਪਸਾਰਾ ਕਈ ਵਾਰੀ ਪਸਰਦਾ ਹੈ। ਗੁਰਮਤਿ ਵਿਚ ਸ਼ੰਕਰ ਦੇ ਇਸ ਵਿਚਾਰ ਦਾ ਖੰਡਨ ਹੈ ਕਿ ਮਾਇਆ ਅਨਾਦੀ ਹੈ ਅਤੇ ਰਚਨਾ ਮਾਇਆ ਦਾ ਇਕ ਧੋਖਾ ਹੈ। ਗੁਰਮਤਿ ਅਨੁਸਾਰ ਇਹ ਸੱਚੇ ਪਰਮਾਤਮਾ ਦੀ 'ਕਿਰਤ' ਹੈ ਅਤੇ ਇਸ ਵਿਚ ਸੱਚੇ ਦਾ ਨਿਵਾਸ ਹੈ ਅਤੇ ਇਹ ਧਰਮ-ਕਮਾਉਣ ਦਾ ਅਸਥਾਨ ਹੈ।

ਸੰਖੇਪ ਵਿਚ ਗੁਰਮਤਿ ਅਨੁਸਾਰ ਕੇਵਲ ਅਤੇ ਇਕੋ 'ਕਰਤਾਪੁਰਖ' ਹੀ ਵਿਸ਼ਵ-ਰਚਨਾ ਦਾ ਕਰਤਾ ਅਤੇ ਸੰਚਾਲਕ ਹੈ। ਰਚਨਾ ਦਾ ਆਦਿ ਵੀ ਹੈ ਅਤੇ ਅੰਤ ਵੀ। ਰਚਨਾ ਤੋਂ ਪਹਿਲਾਂ ਕਰਤਾ-ਪੁਰਖ ਸੁੰਨ-ਸਮਾਧੀ ਸਥਿਤ ਹੁੰਦਾ ਹੈ ਜਦੋਂ ਕੋਈ ਵੀ ਚੀਜ਼ ਸਮੇਤ 'ਕਾਲ' ਦੇ ਹੋਂਦ ਵਿਚ ਨਹੀਂ ਹੁੰਦੀ। ਰਚਨਾ 'ਕਰਤੇ' ਦੀ ਕਿਰਤ ਹੈ, ਕਰਤਾ ਸਰਬ ਵਿਆਪਕ ਹੈ ਪਰ ਰਚਨਾ ਕਰਤੇ ਦਾ ਰੂਪ ਪਰੀਵਰਤਨ ਨਹੀਂ। ਕਰਤਾ ਨਮਿਤ ਅਤੇ ਉਪਾਦਾਨ ਕਾਰਨ ਦੋਵੇਂ ਹੈ। ਰਚਨਾ ਉਸ ਦੇ ਭਾਣੇ ਵਿਚ ਹੁੰਦੀ ਹੈ, ਜਿਹੜਾ ਸ਼ਬਦ, ਨਾਮ ਰਾਹੀਂ ਸਾਰੀਆਂ ਕਿਰਤਾਂ ਦਾ ਸਹਾਰਾ ਬਣਦਾ ਹੈ। ਰਚਨਾ ਅਨਿਤ ਹੈ ਅਤੇ 'ਹੁਕਮ' ਦੇ ਨਿਯੰਤਰਣ ਵਿਚ ਹੈ। ਰਚਨਾ ਦਾ ਆਦਿ ਅੰਤ ਕੇਵਲ ਕਰਤਾਪੁਰਖ ਹੀ ਜਾਣਦਾ ਹੈ। ਰਚਨਾ ਉਸ ਦੀ ਵਡਿਆਈ ਹੈ, ਉਸ ਦੀ ਮੌਜ ਹੈ, ਜਿਸ ਨੂੰ ਸਿਰਜ ਕੇ ਉਹ ਅਨੰਦ ਲੈਂਦਾ ਹੈ। ਰਚਨਾ ਝੂਠ ਨਹੀਂ, ਸੱਚੇ ਦੀ ਕਿਰਤ ਹੈ। ਕਰਤਾ, ਜੀਵ ਅਤੇ ਜਗਤ ਨਿਕਟਵਰਤੀ ਸੰਬੰਧਾਂ ਵਿਚ ਬੱਝੇ ਹੋਏ ਸੰਸਾਰ ਦੀ ਖੇਡ ਚਲਾ ਰਹੇ ਹਨ।

-.-.-.-.-

## ਅਧਿਆਇ ਪੰਜਵਾਂ

### - ਨਿਰਭਉ ਨਿਰਵੈਰ -

1. ਆਦਿ ਕਥਨ: ਮੂਲ ਮੰਤਰ ਦੇ ਪਹਿਲੇ ਤਿੰਨ ਸਮਾਸ - ੴ, ਸਤਿਨਾਮ, ਕਰਤਾਪੁਰਖੁ ਵਿਚ ਪਰਮ-ਸਤਾ ਦੀ ਏਕਤਾ, ਹੋਂਦ ਦੀ ਸਤਯਤਾ ਨਾਮ ਦੀ ਵਿਦਮਾਨਤਾ ਅਤੇ ਕਰਨ ਕਾਰਨ, ਸਰਬ-ਸਮਰੱਥ ਸਰਬ-ਵਿਆਪਕ ਪਰਮ-ਆਤਮਾ ਦੀ ਜੀਵ ਅਤੇ ਜਗਤ ਨਾਲ ਨਿਕਟਵਰਤੀ ਸਾਂਝ ਦਸ ਕੇ 'ਨਿਰਭਉ ਨਿਰਵੈਰ' ਸ਼ਬਦਾਂ ਵਿਚ ਪਰਾਭੌਤਿਕ ਪਰਮ-ਆਤਮਾ ਨੂੰ ਸਾਰੇ ਨਕਾਰਾਤਮਕ ਛਿਦਰਾਂ, ਵਿਸ਼ੇਸ਼ ਤੌਰ ਤੇ ਡਰ ਅਤੇ ਵੈਰ ਤੋਂ ਮੁਕਤ ਦਸਿਆ ਹੈ। ਭਾਵੇਂ ਮਨੁੱਖ ਦੀ ਮੂਲ-ਹੋਂਦ ਆਤਮਿਕ ਹੈ, ਅਤੇ ਕਰਤਾ-ਪੁਰਖੁ ਨਾਲ ਨਿਕਟਵਰਤੀ ਸਾਂਝ ਵਿਚ ਵਿਚਰਨ ਕਾਰਨ ਮਨੁੱਖ ਨੂੰ ਵੀ 'ਡਰ' ਅਤੇ ਵੈਰ' ਦੀਆਂ ਮੂਲ ਪਰਵਿਰਤੀਆਂ ਤੋਂ ਮੁਕਤ (ਨਿਰਭਉ ਨਿਰਵੈਰ) ਹੋਣਾ ਚਾਹੀਦਾ ਸੀ ਪਰ ਅਜ ਭੌਤਿਕ ਸੰਸਾਰ ਦੇ ਸਾਰੇ ਸੰਬੰਧ, ਸਾਰੀਆਂ ਸਮਾਜਕ ਅਤੇ ਰਾਜਨੀਤਕ ਬਣਤਰਾਂ, ਦੇਸੀ ਅਤੇ ਅੰਤਰ ਦੇਸੀ ਕਾਨੂੰਨ, ਅਤੇ ਅਹਿਦਨਾਮੇ 'ਡਰ' ਅਤੇ 'ਵੈਰ' ਦੀਆਂ ਮੂਲ ਭਾਵਨਾਵਾਂ ਉਤੇ ਆਧਾਰਤ ਹਨ। ਅੰਤਰ-ਰਾਸ਼ਟਰੀ ਖੇਤਰ ਵਿਚ ਜਦ ਤਕ ਛੋਟੇ ਅਤੇ ਵੱਡੇ ਰਾਜ 'ਡਰ' ਅਤੇ 'ਵੈਰ' ਦੀਆਂ ਪਰਵਿਰਤੀਆਂ ਤੋਂ ਮੁਕਤ ਹੋ ਕੇ ਪਿਆਰ ਅਤੇ ਵਿਸ਼ਵਾਸ਼ ਦੀਆਂ ਸੰਧੀਆਂ ਵਿਚ ਨਹੀਂ ਜੁੜਦੇ, ਤਦ ਤਕ ਸਚੀ ਸੰਸਾਰ ਸ਼ਾਂਤੀ ਦੀ ਸਾਖ ਨਹੀਂ ਭਰੀ ਜਾ ਸਕਦੀ।

ਭਾਰਤੀ ਤਟ ਉਤੇ ਇਨ੍ਹਾਂ ਨੈਤਿਕ ਗੁਣਾਂ ਦੀ ਮਹਾਨਤਾ ਹੋਰ ਵੀ ਵਧੇਰੇ ਅਤੇ ਵਿਸ਼ੇਸ਼ ਹੈ। ਭਾਰਤੀ ਧਰਮਾਂ ਅਤੇ ਸਮਾਜਾਂ ਦੀ ਹਜ਼ਾਰਾਂ ਸਾਲਾਂ ਦੀ ਬਹੁ-ਦੇਵ-ਵਾਦੀ ਪਰੰਪਰਾ ਵਿਚ ਦੇਵੀ ਦੇਵਤਿਆਂ ਦੇ ਆਪਸੀ ਵੈਰ-ਵਿਰੋਧ ਅਤੇ ਉਨ੍ਹਾਂ ਨੂੰ ਪੂਜਣ ਤੇ ਨਾ ਪੂਜਣ ਵਾਲਿਆਂ ਉਤੇ ਕਰੋਪੀਆਂ, ਸਰਾਪਾਂ ਅਤੇ ਦੰਡਾਂ ਦੇ ਡਰ ਨੇ ਭਾਰਤ ਵਾਸੀਆਂ ਨੂੰ ਡਰਾਕਲ, ਨਿਰਬਲ ਅਤੇ ਸ੍ਵੈ-ਵਿਸ਼ਵਾਸ਼ਹੀਣ ਬਣਾ ਦਿਤਾ ਸੀ। ਰਿਗਵੇਦ ਦੇ ਪੁਰੁਸ਼ ਸੂਕਤ ਦੇ ਆਧਾਰ ਤੇ ਕੀਤੀ ਗਈ ਜਾਤੀ ਵੰਡ, ਮਨੂ ਦੇ ਕਰੜੇ ਕਾਨੂੰਨ ਅਤੇ ਬ੍ਰਾਹਮਣੀ ਹਉਮੈਵਾਦ ਨੇ ਨੀਵੀਆਂ ਜਾਤੀਆਂ ਲਈ ਅਜੇਹੀ ਘਿਰਣਾ ਅਤੇ ਵੈਰ ਦੀ ਭਾਵਨਾ ਪੈਦਾ ਕੀਤੀ ਕਿ ਉਨ੍ਹਾਂ ਦਾ ਜੀਵਨ ਪਸ਼ੂਆਂ ਨਾਲੋਂ ਵੀ ਭੈੜਾ ਹੋ ਗਿਆ। ਕਿਸੇ ਸ਼ੂਦਰ ਲਈ 'ਓਮ' ਦਾ ਉਚਾਰਣ ਅਤੇ 'ਮੰਤਰ' ਦਾ ਜਾਪ

ਉਸ ਦੀਆਂ ਨਖਾਂ/ਕੁਲਾਂ ਨੂੰ ਰਸਾਤਲ ਦਾ ਭਾਗੀ ਬਣਾ ਸਕਦਾ ਸੀ ਅਤੇ ਉਸ ਦਾ ਦਰਸ਼ਨ ਬ੍ਰਾਹਮਣ-ਘਾਤ ਨਾਲੋਂ ਵੀ ਵੱਡਾ ਅਪਰਾਧ ਸੀ। ਅਜੇਹੇ ਵੈਰ, ਵਿਰੋਧ, ਨਫ਼ਰਤ ਅਤੇ ਡਰ ਵਿਚ ਵਿਚਰਦੇ ਨਿਤਾਣੇ ਭਾਰਤ ਨੂੰ ਬਦੇਸ਼ੀ ਜਰਵਾਣਿਆਂ ਨੇ ਖੂਬ ਲੁਟਿਆ, ਮਾਰਿਆ ਅਤੇ ਬੇਪੱਤ ਕੀਤਾ। ਅਜੇਹੇ ਭਾਰਤਵਾਸੀਆਂ ਨੂੰ 'ਨਿਰਭਉ ਨਿਰਵੈਰ' ਪਰਮਾਤਮਾ ਦੀ ਵਿਸ਼ੇਸ਼ ਲੋੜ ਸੀ ਕਿਉਂਕਿ "ਕੋਈ ਗੁਣ ਕਿਸੇ ਕੌਮ ਵਿਚ ਤਦ ਹੀ ਪੈਦਾ ਹੁੰਦੇ ਹਨ ਜੇ ਪਹਿਲਾਂ ਉਸ ਰੱਬ ਵਿਚ ਮੰਨੇ ਜਾਣ ਜਿਸ ਰੱਬ ਦੀ ਉਹ ਪੂਜਾ ਕਰਦੀ ਹੈ।"[1] ਇਸ਼ਟ ਵਿਚ ਨਿਰਭਉ ਨਿਰਵੈਰ ਗੁਣਾਂ ਦੀ ਹੋਂਦ, ਇਸ਼ਟ ਨੂੰ ਮੰਨਣ ਵਾਲੇ ਵਿਅਕਤੀ ਅਤੇ ਸਮਾਜ ਦੇ ਨੈਤਿਕ ਵਿਕਾਸ ਅਤੇ ਸੁਖਾਵੇਂ ਸੰਤੁਲਨ, ਇਕਸਾਰ ਅਤੇ ਇਕਸੁਰ ਜੀਵਨ ਵਿਚ ਸਹਾਇਕ ਸਿੱਧ ਹੁੰਦੇ ਹਨ[2] ।ਜਿਸ ਦੀ ਇਕ ਪ੍ਰਤੱਖ ਉਦਾਹਰਣ ਉਹ ਸਮਾਜ ਹੈ ਜੋ ਗੁਰੂ ਨਾਨਕ -ਗੁਰੂ ਗੋਬਿੰਦ ਸਿੰਘ ਦੇ ਦਿਤੇ ਨਿਰਭਉ ਨਿਰਵੈਰ ਪਰਮਾਤਮਾ ਦੇ ਸੰਕਲਪ ਤੋਂ ਪੈਦਾ ਹੋਇਆ। ਇਸ ਲਈ ਇਨ੍ਹਾਂ ਸੰਕਲਪਾਂ ਨੂੰ ਮਨੋਵਿਗਿਆਨਕ, ਸਮਾਜਕ ਅਤੇ ਰਾਜਸੀ , ਸਾਰੇ ਪੱਖਾਂ ਤੋਂ ਵਿਚਾਰਨਾ ਜ਼ਰੂਰੀ ਹੈ।

2. ਨਿਰਭਉ ਸ਼ਬਦ ਵਿਉਂਤਪਤੀ ਅਤੇ ਅਰਥ:

ਸੰਸਕ੍ਰਿਤ ਦੇ 'ਨਿਰਭਯ' ਦਾ ਪੰਜਾਬੀ ਰੂਪ ਨਿਰਭਉ ਹੈ।[3] ਭਾਈ ਵੀਰ ਸਿੰਘ ਅਨੁਸਾਰ ਸੰਸਕ੍ਰਿਤ ਦਾ 'ਭੈ' ਪ੍ਰਕ੍ਰਿਤ ਵਿਚ 'ਭਉ' ਹੋ ਜਾਂਦਾ ਹੈ ਅਤੇ ਪੰਜਾਬੀ ਵਿਚ 'ਭੈ' ਅਤੇ 'ਭਉ' ਦੋਵੇਂ ਵਰਤੇ ਜਾਂਦੇ ਹਨ। ਉਨ੍ਹਾਂ ਅਨੁਸਾਰ ਨਿਰਭਉ ਦਾ ਅਰਥ ਹੈ ਬਿਨਾ ਡਰ ਦੇ, ਬੇ-ਡਰ ਅਤੇ ਬੇ-ਖੌਫ਼।[4] ਵਿਮਨ ਸ਼ਿਵਰਾਮ ਆਪਟੇ[5] ਨੇ ਸੰਸਕ੍ਰਿਤ ਸ਼ਬਦ 'ਭਯਮ' ਦੇ ਅਰਥ ਕੀਤੇ ਹਨ— ਡਰ, ਤਰਾਸ, ਖਤਰਾ, ਜੋਖਿਮ, ਸੰਕਟ, ਬੀਮਾਰੀ, ਰੋਗ। ਭਾਈ ਕਾਨ੍ਹ ਸਿੰਘ[6] ਅਨੁਸਾਰ 'ਨਿਰਭਉ' ਵਿਸ਼ੇਸ਼ਣ 'ਨਿਰਭੈਯ' ਦਾ ਰੂਪਾਂਤਰ ਹੈ ਜਿਸ ਦੇ ਅਰਥ ਹਨ ਡਰ-ਰਹਿਤ ਬੇਖੌਫ਼।

---

1. ਡਾ: ਤਾਰਨ ਸਿੰਘ, ਭਗਤੀ ਤੇ ਸ਼ਕਤੀ, ਪੰਨਾ 30.
2. ਡਾ: ਸੁਰਿੰਦਰ ਸਿੰਘ ਕੋਹਲੀ, ਭੂਮਿਕਾ ਉਂਕਾਰ ਦਰਸ਼ਨ, ਉਕਤ, ਪੰਨਾ 12.
3. ਗੁਰਮਤਿ ਦਰਸ਼ਨ, ਪੰਨਾ 82.
4. ਸੰਥਯਾ, '੧' ਪੰਨਾ 21.
5. ਸੰਸਕ੍ਰਿਤ-ਹਿੰਦੀ ਕੋਸ਼(ਹਿੰਦੀ), 1966, ਪੰਨਾ 732.
6. ਮਹਾਨ ਕੋਸ਼, ਪੰਨਾ 7.12.

ਗੁਰਬਾਣੀ ਵਿਚ ਨਿਰਭਉ, ਨਿਰਭੈ, ਨਿਰਭਯ, ਨਿਰਭਵਹ, ਨਿਰਭਏ[7] ਆਦਿ ਕਈ ਰੂਪਾਂ ਦਾ ਪ੍ਰਯੋਗ ਹੋਇਆ ਹੈ ਅਤੇ ਹਰ ਵਰਤੋਂ ਵਿਚ ਸਾਧਾਰਨ ਅਰਥ ਡਰ-ਰਹਿਤ, ਖੌਫ-ਰਹਿਤ ਹੀ ਹਨ। ਪੰਡਿਤ ਕਰਤਾਰ ਸਿੰਘ[8] ਦਾਖਾ ਨੇ 'ਨਿਰਭਉ' ਦੇ ਅਰਥ 'ਤਿੰਨਾਂ ਕਾਲਾਂ ਵਿਚ ਭਉ ਤੋਂ ਰਹਿਤ ਕੀਤੇ ਹਨ। ਪਰ 'ਨਿਰਭਉ' ਨਿਰੋਲ ਸਰਗੁਣ ਅਤੇ ਕਾਲ-ਵਾਦੀ ਵਿਸ਼ੇਸ਼ਣ ਨਹੀਂ। ਗੁਰਬਾਣੀ ਅਨੁਸਾਰ ਪਰਮਾਤਮਾ ਦਾ 'ਨਿਰਭਉ' ਲਕਸ਼ 'ਕਾਲ' ਅਤੇ 'ਅਕਾਲ' , ਨਿਰਗੁਣ ਅਤੇ ਸਰਗੁਣ, ਸਦਾ ਸਦੀਵ ਹਰ ਹਾਲਤ ਵਿਚ ਵਿਦਮਾਨ ਰਹਿੰਦਾ ਹੈ। ਗੁਰਮਤਿ ਅਨੁਸਾਰ 'ਨਿਰਭਉ' ਹੀ ਸੁੰਨ-ਸਮਾਧੀ ਵਿਚ ਧਿਆਨ-ਇਸਥਿਤ ਹੈ, ਅਤੇ ਨਿਰਭਉ ਹੀ ਜੁਗਾਂ ਵਿਚ, ਕਾਲ ਵਿਚ ਅਤੇ ਰਚਨਾ ਵਿਚ ਵਿਦਮਾਨ ਹੈ:

> ਨਿਰਲੰਬੁ ਨਿਰਾ ਹਾਰ ਨਿਹ ਕੇਵਲ
> ਨਿਰਭਉ ਤਾੜੀ ਲਾਵੈ — ਪਰਭਾਤੀ ੧(1332)
>
> ਜੁਗਿ ਜੁਗਿ ਥਾਪਿ ਸਦਾ ਨਿਰਵੈਰੁ — ਰਾਮ੧(931)

ਗੁਰਬਾਣੀ ਸੰਬੰਧੀ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਨੇ 'ਨਿਰਭਉ' ਦੇ ਅਰਥ 'ਡਰ-ਰਹਿਤ' ਕੀਤੇ ਹਨ। ਪਰਮਾਤਮਾ ਸਰਬ-ਸਮਰੱਥ ਕਰਨ-ਕਾਰਨ ਸਰੈ-ਸੰਪੂਰਨ ਹੈ, ਉਸ ਨੂੰ ਕਿਸ ਦਾ ਡਰ ਹੋ ਸਕਦਾ ਹੈ। 'ਡਰ' ਮਨੁੱਖੀ ਮਾਨਸਿਕ ਪਰਵਿਰਤੀ ਹੈ, ਇਸ ਦੀ ਹੋਂਦ ਪਰਮਾਤਮਾ ਵਿਚ ਨਹੀਂ ਹੋ ਸਕਦੀ। ਪਰਮਾਤਮਾ ਦੇ ਸੰਬੰਧ ਵਿਚ 'ਨਿਰਭਉ' 'ਨਿਰਵੈਰ' ਸ਼ਬਦਾਂ ਦਾ ਇਹ ਅਰਥ ਹੈ ਕਿ ਸਰਬ-ਵਿਦਮਾਨ ਪਰਮਾਤਮਾ ਹਰ ਤਰ੍ਹਾਂ ਦੇ ਵਿਰੋਧਾਂ( Contradictions), ਭਿੰਨ-ਭੇਦਾਂ ਅਤੇ ਵਿਵਾਦਾਂ ( Strifes) ਤੋਂ ਮੁਕਤ ਹੈ। 'ਨਾਹੀਂ ਉਸ ਉਪਰ ਕੋਈ ਬਾਹਰੀ ਨਿਯੰਤਰਣ, ਬੰਧਨ ਜਾਂ ਜ਼ਬਤ ਹੈ।'[9] ਉਸ ਵਿਚ ਪੂਰਨ ਸਹਿਜ, ਇਕਸੁਰਤਾ, ਸੁਮੇਲਤਾ( harmony ); ਇਕ-ਰਸ ਵਿਆਪਕਤਾ, ਸ਼ਾਂਤੀ, ਸਥਿਰਤਾ(tranquility), ਟਿਕਾਉ ਅਤੇ ਧੀਰਜ ਹੈ। ਇਸ ਤੋਂ ਵਿਪਰੀਤ ਸਾਰੇ ਚੇਤਨ-ਜੀਵਾਂ ਵਿਚ 'ਡਰ' ਦੀ ਭਾਵਨਾ ਕਾਰਨ ਵੈਰ ਵਿਰੋਧ, ਭਿੰਨ ਭੇਦ, ਵਾਦ-ਵਿਵਾਦ ਝਗੜੇ ਅਤੇ ਲੜਾਈਆਂ ਹਨ।

## 3.1 'ਭਉ' ਦੀ ਸਰਬ-ਵਿਆਪਕਤਾ:

ਗੁਰੂ ਨਾਨਕ ਦੇਵ ਅਨੁਸਾਰ 'ਡਰ' ਦੀ ਭਾਵਨਾ ਚੇਤ ਅਤੇ ਅਚੇਤ ਤੌਰ ਤੇ ਸਰਬ-ਵਿਆਪਕ ਹੈ। ਇਕ ਨਿਰੰਕਾਰ ਤੋਂ ਬਿਨਾਂ ਸਾਰੇ ਚੇਤੰਨ ਅਤੇ ਜੜ੍ਹ ਵਸਤੂਆਂ ਦੇ ਅੰਦਰ ਇਹ ਭਾਵਨਾ ਵਿਦਮਾਨ ਹੈ:

---

7. ਨਿਰਭਉ, ਨਿਰਵੈਰੁ (ਪੰਨਾ ੧,99); ਨਿਰਭੈ (1340); ਨਿਰਭਯ(1356); ਭੈ ਖੰਡਿਤ ਨਿਰਭਵਹ,(ਸਹੰਸ-5) ਤਉ ਨਾਨਕ ਨਿਰਭਏ(ਗਉੜੀ 5)
8. ਸ੍ਰੀ ਜਪੁ ਨੀਸਾਣ, ਪੰਨਾ15.
9. Soha n Singh, Seeker's Path, p.3.
   Wazir Singh, Mulmantra and Modern Philosophic Thought, (art.), GND University, Amritsar, p.I.

ਸਗਲਿਆਂ ਭਉ ਲਿਖਿਆ ਸਿਰਿ ਲੇਖੁ ।

ਨਾਨਕ ਨਿਰਭਉ ਨਿਰੰਕਾਰ ਸਚੁ ਏਕੁ । ਆਸਾ ੧(464)

ਮਨੋਵਿਗਿਆਨੀਆਂ ਨੇ 'ਡਰ' ਦੀ ਭਾਵਨਾ ਦੀ ਸਰਬ-ਵਿਆਪਕਤਾ ਨੂੰ ਵੇਖਦਿਆਂ ਇਸ ਨੂੰ ਮਨੁੱਖ ਦਾ ਕੁਦਰਤੀ ਜਮਾਂਦਰੂ ਵਿਰਸਾ ਕਿਹਾ ਹੈ।[10] ਇਹ ਤੱਥ ਹਾਲੀ ਖੋਜ ਅਧੀਨ ਹੈ ਕਿ 'ਡਰ' ਮਨੁੱਖ ਨੂੰ ਵਿਰਸੇ ਵਿਚ ਮਿਲਦਾ ਹੈ ਜਾਂ ਬਾਹਦ ਦੀ ਗ੍ਰਹਿਣ ਕੀਤੀ ਭਾਵਨਾ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਡਰ ਗ੍ਰਹਿਣ ਕਰ ਸਕਣ ਦੀ ਯੋਗਤਾ ਮਨੁੱਖ ਪਾਸ ਜਨਮ ਤੋਂ ਹੁੰਦੀ ਹੈ। 'ਮਾਂ' ਦੇ ਕੁਝ ਡਰ ਤਾਂ ਬੱਚਾ ਮਾਂ ਦੀ ਕੁੱਖ ਵਿਚੋ ਹੀ ਗ੍ਰਹਿਣ ਕਰ ਲੈਂਦਾ ਹੈ ਜੋ ਬਾਹਦ ਵਿਚ ਹੌਲੀ ਹੌਲੀ ਵਿਕਸਤ ਹੁੰਦੇ ਹਨ। ਆਧੁਨਿਕ ਮਨੋਵਿਗਿਆਨ ਨੇ ਮਨੁੱਖਾਂ ਅਤੇ ਜਾਨਵਰਾਂ ਦੇ ਡਰਾਂ ਤਕ ਆਪਣੀ ਖੋਜ ਸੀਮਤ ਰਖਦਿਆਂ ਨਿਰਣਾ ਦਿਤਾ ਹੈ ਕਿ ਵਿਸ਼ੇਸ਼ ਵਸਤੂਆਂ, ਸਥਿਤੀਆਂ, ਮਨੁੱਖਾਂ ਅਤੇ ਜਾਨਵਰਾਂ ਤੋਂ ਪੈਦਾ ਹੋਣ ਵਾਲੇ ਡਰ ਸਿਧੇ ਅਨੁਭਵ ਤੋਂ, ਸਮਾਜਕ ਸਿਖਿਆ ਤੋਂ ਜਾਂ ਗ੍ਰਹਿਣ ਕੀਤੇ ਸੰਕਲਪਾਂ ਤੋਂ ਉਤਪੰਨ ਹੁੰਦੇ ਹਨ।

'ਡਰ' ਦੀ ਭਾਵਨਾ ਜੀਵਨ ਦੇ ਸਾਰੇ ਪੜਾਵਾਂ ਨਾਲ ਸੰਬੰਧਿਤ ਹੈ। ਬਚਿਆਂ ਦੇ ਡਰ ਹੋਰ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਸ਼ੋਰ ਤੋਂ ਡਰ, ਗਿਰਨ ਦਾ ਡਰ, ਜਾਨਵਰਾਂ ਅਤੇ ਓਪਰੀਆਂ ਵਸਤਾਂ ਦਾ ਡਰ। ਨੌਜੁਆਨਾਂ ਦੇ ਡਰ ਸਮਾਜਕ ਸੰਬੰਧਾਂ, ਕਾਮ, ਵਿਵਾਹ, ਰੋਜ਼ਗਾਰ ਆਦਿ ਨਾਲ ਸੰਬੰਧਿਤ ਹੁੰਦੇ ਹਨ। ਵਡੇਰੀ ਉਮਰ ਵਿਚ ਇਹ 'ਡਰ' ਕਾਮਯਾਬੀ ,ਪਰਿਵਾਰ ਪਰਵਰਸ਼, ਸੰਭਾਲ, ਸੁਰੱਖਿਆ ਅਤੇ ਸਾਕ-ਸੰਬੰਧੀਆਂ ਆਦਿ ਦੁਆਲੇ ਘੁੰਮਦੇ ਹਨ। ਬਜ਼ੁਰਗਾਂ ਦੇ ਡਰ ਨਿਰਭਰਤਾ, ਨਾਕਾਰਾਪਨ, ਅਣਉਪਯੋਗਤਾ ਅਤੇ ਮੌਤ ਨਾਲ ਸੰਬੰਧਿਤ ਹੁੰਦੇ ਹਨ। ਇਸਤ੍ਰੀਆਂ ਅਤੇ ਮਰਦਾਂ ਦੇ ਡਰਾਂ ਵਿਚ ਵੀ ਅੰਤਰ ਹੈ <u>ਪਰ ਇਹ ਭਾਵਨਾ ਹੈ ਸਰਬ-ਵਿਆਪਕ</u>।

'ਡਰ' ਦੀ ਭਾਵਨਾ ਜਾਨਵਰਾਂ ਅਤੇ ਪਰਿੰਦਿਆਂ ਵਿਚ ਵੀ ਵਿਆਪਕ ਹੈ। 'ਨਿਰਬਲ' ਨੂੰ 'ਬਲਵਾਨ' ਸਦਾ ਹੀ ਖਾਂਦਾ ਅਤੇ ਧਮਕਾਂਦਾ ਆਇਆ ਹੈ। ਲਾਇਡ ਮੋਰਗਾਨ ਨੇ ਪਸ਼ੂ-ਵਿਗਿਆਨ ਉਤੇ ਵਿਸ਼ੇਸ਼ ਅਧਿਐਨ ਕਰਕੇ ਬੜੇ ਦਿਲਚਸਪ ਨਿਰਣੇ ਦਿਤੇ ਹਨ। ਉਸ ਅਨੁਸਾਰ ਅੰਡੇ ਵਿਚੋਂ ਨਿਕਲਦਾ ਪਰਿੰਦੇ ਦਾ ਬੱਚਾ ਮਾਂ ਦੀ ਖਤਰੇ ਦੀ ਚਿਤਾਵਨੀ ਤੇ ਬੋਲਣਾ ਬੰਦ ਕਰ ਦਿਤਾ ਹੈ ਅਤੇ ਹੌਲੀ ਹੌਲੀ ਸਾਰੇ ਵਿਆਪਕ ਖਤਰਿਆਂ ਨੂੰ ਸਮਝ ਜਾਂਦਾ ਹੈ।[11] ਇਜ ਹੀ ਬਾਲ-ਮਨੋਵਿਗਿਆਨ ਦੇ ਮਾਹਰ ਐਸ.ਸੈਲੀ ਅਨੁਸਾਰ ਛੋਟੇ ਬਚਿਆਂ ਦੇ ਡਰ ਹਰ ਨਵੀਂ ਘਟਨਾ, ਆਵਾਜ਼, ਨਵੇਂ ਮਨੁੱਖ, ਜਾਨਵਰ, ਨਵੀਂ ਸ਼ਕਲ, ਇੱਕਲਤਾ ਆਦਿ ਤੋਂ ਸ਼ੁਰੂ ਹੋ ਕੇ ਉਸ ਦੇ

---

10. J.L. Hirning,The American Peoples Encyclopedia, New York,1964, Vbl.7.,p. 468.

11. LLoyd Morgan, Animal Behaviour,London, 1900 , p.48.

ਆਪਣੇ ਤਜਰਬੇ ਅਤੇ ਵਡਿਆਂ ਤੋਂ ਪ੍ਰਾਪਤ ਸਿਖਿਆ ਅਨੁਸਾਰ ਵੱਧਦੇ ਜਾਂਦੇ ਹਨ।[12]

3.2 ਕੀ ਡਰ ਦੀ ਭਾਵਨਾ ਦੀ ਸਰਬ-ਵਿਆਪਕਤਾ ਤੋਂ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਬਹੁਤ ਸਾਰੇ 'ਡਰ' ਮਨੁੱਖ ਨੂੰ ਵਿਰਸੇ ਵਿਚ ਪਰਾਪਤ ਹੁੰਦੇ ਹਨ? ਇਸ ਬਾਰੇ ਮਨੋਵਿਗਿਆਨੀ ਨਿਸਚੇਜਨਮ ਨਿਰਣਾ ਨਹੀਂ ਲੈ ਸਕੇ। ਬਹੁਤ ਸਾਰੇ ਡਰ ਸਾਡੀ ਸਮਾਜਕ ਸਿਖਿਆ ਅਤੇ ਨਿਜੀ ਅਨੁਭਵਾਂ, ਵੀਪਰੀਆਂ ਘਟਨਾਵਾਂ, ਧਾਰਮਿਕ ਵਿਸ਼ਵਾਸ਼ਾਂ ਅਤੇ ਵਹਿਮਾਂ ਦੀ ਦੇਣ ਹਨ ਪਰ ਡਾਰਵਨ ਅਨੁਸਾਰ 'ਡਰ' ਦੇ ਬਹੁਤੇ ਸੰਸਕਾਰ ਮਨੁੱਖ ਨੂੰ ਵਿਰਸੇ ਵਿਚ ਪਰਾਪਤ ਹੁੰਦੇ ਹਨ। ਜੇ.ਐਲ. ਮੈਕਨਾਇਰ ਅਨੁਸਾਰ ਬਹੁਤ ਸਾਰੇ 'ਡਰ' ਅਜੇਹੇ ਹਨ ਜਿਨ੍ਹਾਂ ਦੀ ਕੋਈ ਵਿਆਖਿਆ ਨਹੀਂ ਮਿਲਦੀ ਅਤੇ ਅਜੇਹੇ ਡਰ ਕਿਸੇ ਵਿਅਕਤੀ ਦਾ ਨਿਜੀ ਅਨੁਭਵ ਨਹੀਂ ਹੁੰਦੇ ਸਗੋਂ ਬਜ਼ੁਰਗ ਪਿਤਾ-ਪਿਤਾਮਿਆਂ ਦੇ ਅਨੁਭਵ ਹੁੰਦੇ ਹਨ।"[13] ਇਸ ਤਰ੍ਹਾਂ ਡਰ ਦੀ ਭਾਵਨਾ ਪੁਸ਼ਤ ਦਰ ਪੁਸ਼ਤ ਚਲਦੀ ਰਹਿੰਦੀ ਹੈ ਅਤੇ ਮਨੁੱਖ ਦਾ ਸਦੀਵੀ ਵਿਰਸਾ ਬਣ ਜਾਂਦੀ ਹੈ। ਆਧੁਨਿਕ ਮਨੋਵਿਗਿਆਨ ਅਨੁਸਾਰ ਕੁਦਰਤ ਸਾਨੂੰ ਹਰੇਕ ਨੂੰ ਇਕ ਵਿਰਸਾ ਦਿੰਦੀ ਹੈ। ਸਾਡਾ ਪਿਤਾਮਾ ਅਤੇ ਉਨ੍ਹਾਂ ਦਾ ਪਿਤਾਮਾ ਜੋ ਜੰਗਲਾਂ ਵਿਚ ਖੁਲ੍ਹਾ ਵਿਚਰਦਾ ਸੀ, ਕਿਸੇ ਪਹਾੜ ਦੀ ਗੁਾਰ ਵਿਚ ਸਿਰ ਲਕੋਂਦਾ ਸੀ, ਜਿਸ ਦਾ ਕੋਈ ਪੱਥ-ਪਰਦਰਸ਼ਕ ਨਹੀਂ ਸੀ, ਜਿਹੜਾ ਰੋਸ਼ਨੀ ਤੋਂ ਵਾਂਝਾ ਸੀ, ਉਸਦਾ ਸਾਰਾ ਤਜਰਬਾ ਸਾਡੇ ਭੇਦ ਭਰੇ ਸੁਪਨਿਆਂ ਵਿਚ ਪ੍ਰਗਟ ਹੁੰਦਾ ਰਹਿੰਦਾ ਹੈ। ਜਿਸ ਨੂੰ ਅਸੀਂ ਵਿਰਸਾ ਕਹਿੰਦੇ ਹਾਂ, ਉਹ ਸਾਡੀਆਂ ਮਰ ਚੁਕੀਆਂ ਪੁਸ਼ਤਾਂ ਦੀ ਆਵਾਜ਼ ਹੈ, ਜੋ ਸਾਡੀਆਂ ਨਾੜੀਆਂ ਦਾ ਮਧਮ ਨਾਦ ਬਣ ਚੁਕਿਆ ਹੈ। ਸਾਡੇ ਵਿਚ ਉਨ੍ਹਾਂ ਲੋਕਾਂ ਦਾ ਉਤਸ਼ਾਹ, ਸਿਖਿਆ ਅਤੇ ਤਜਰਬਾ ਹੈ ਜਿਹੜੇ ਜੰਗਲਾਂ ਵਿਚ ਜੀਵਨ ਘੋਲ ਘੁਲਦੇ ਹੋਏ ਹੀ ਮਰ ਗਏ। ਉਨ੍ਹਾਂ ਤੋਂ ਸਾਡੇ ਬਜ਼ੁਰਗਾਂ ਨੇ ਇਹ ਸਭ ਕੁਝ ਗ੍ਰਹਿਣ ਕੀਤਾ ਅਤੇ ਆਪਣੀਆਂ ਚਿੰਤਾਵਾਂ ਬਣਾ ਕੇ ਸਾਨੂੰ ਵਿਰਸੇ ਵਿਚ ਦਿਤਾ। ਸਟੈਨਲੇ ਹਾਲ[14] ਨੇ 'ਡਰ' ਉਤੇ ਵਿਸ਼ੇਸ਼ ਅਧਿਐਨ ਕਰਕੇ ਨਿਰਣਾ ਦਿਤਾ ਹੈ ਕਿ ਹਵਾ, ਪਾਣੀ, ਅੱਗ, ਅਨ੍ਹੇਰਾ, ਇਕਲ, ਓਪਰੇ ਮਨੁੱਖ, ਜਾਨਵਰ, ਅਤੇ ਕੀੜਿਆਂ ਆਦਿ ਦਾ ਡਰ ਸਭ ਪੁਰਾਤਨ ਬਜ਼ੁਰਗਾਂ ਤੋਂ ਪ੍ਰਾਪਤ ਹੋਏ ਵਿਰਸੇ ਵਿਚ ਮਿਲੇ ਡਰ ਹਨ ।

---

12. S. Sully, Studies of Childhood, London, 1896, p.194.
13. J.L. Mclntyre, "Fear"(Art)ERE,V, p.797.
14. Stanley Hall: A Study of Fears, ERE,V, p.799.

3.3 ਮਨੁੱਖ ਦੇ ਕੁਝ ਡਰ ਤਰਕ-ਹੀਣ, ਮਨ-ਘੜਤ ਵੀ ਹਨ, ਜੋ ਪੀੜੀ ਦਰ ਪੀੜੀ ਪਰੰਪਰਾ ਵਿਚ ਚਲੇ ਆਉਂਦੇ ਹਨ ਅਤੇ ਕਿਸੇ ਸਮਾਜ ਜਾਂ ਧਰਮ ਦਾ 'ਵਹਿਮ' ਬਣ ਜਾਂਦੇ ਹਨ। 'ਫੋਬੀਆ' ਵੀ ਇਕ ਅਜੇਹਾ ਆਧਾਰ-ਰਹਿਤ 'ਡਰ' ਜਾਂ 'ਵਹਿਮ' ਹੈ ਜੋ ਵਿਸ਼ੇਸ਼ ਵਸਤੂਆਂ, ਅਸਥਾਨਾਂ, ਸਥਿਤੀਆਂ ਅਤੇ ਸਮਿਆਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਅਤੇ ਥੋੜੇ ਬਹੁਤੇ ਅੰਤਰ ਨਾਲ ਹਰੇਕ ਮਨੁੱਖ ਦਾ ਵਿਰਸਾ ਹੈ।[15] ਸਾਰੇ ਜਾਦੂ ਮੰਤਰ, ਯੰਤਰ, ਟੂਣੇ, ਤਵੀਤ, ਤਲਿਸਮੇਂ, ਰੱਖਾਂ, ਜਿਨ੍ਹਾਂ ਦੀ ਚਰਚਾ ਪਹਿਲੇ ਕਾਂਡ ਵਿਚ ਕੀਤੀ ਹੈ, ਅਜੇਹੇ ਡਰਾਂ ਅਤੇ ਵਹਿਮਾਂ ਦੀ ਉਪਜ ਹਨ। ਮਨੋਵਿਗਿਆਨੀਆਂ ਨੇ ਅਜੇਹੇ ਵਹਿਮੀ ਡਰਾਂ ਨੂੰ ਅਨੇਕ ਵਰਗਾਂ ਵਿਚ ਵੰਡਿਆ ਹੈ। ਕੁਝ ਅਜੇਹੇ ਡਰ ਰੋਗ ਦਾ ਰੂਪ ਵੀ ਧਾਰਨ ਕਰ ਜਾਂਦੇ ਹਨ ਜਿਵੇਂ ਕਲਾਜ਼ਟਰੋਫੋਬੀਆ ਦਾ ਰੋਗੀ ਚਾਰ-ਦੀਵਾਰੀ ਵਿਚ ਹੀ ਰਹਿਣਾ ਪਸੰਦ ਕਰਦਾ ਹੈ; ਈਰੋਊ-ਫੋਬੀਆ ਉਹ 'ਡਰ' ਹੈ ਜਿਸ ਨਾਲ ਮਨੁੱਖ ਮੁਸਕਰਾਉਣ ਅਤੇ ਸ਼ਰਮਾਉਣ ਤੋਂ ਡਰਦਾ ਹੈ। ਜੀ. ਸਟੈਨਲੇਹਾਲ (1914) ਨੇ ਅਜੇਹੇ 136 'ਡਰਾਂ' ਦਾ ਵਰਗੀਕਰਣ ਕੀਤਾ ਹੈ।[16] ਜੀ.ਡੀ. ਵਿਲਸਨ ਅਨੁਸਾਰ ਮਨੁੱਖ ਏਨਾ ਕਮਜ਼ੋਰ ਅਤੇ ਦੁਰਬਲ ਹੈ ਕਿ ਉਹ ਸਾਧਾਰਨ 'ਡਰ' ਵੀ ਧੌਂਚਾ ਨਹੀਂ ਸਕਿਆ ਜਿਹੜੇ ਅੱਜ ਉਸ ਦੇ ਮਾਨਸਿਕ ਰੋਗਾਂ ਦਾ ਕਾਰਨ ਬਣ ਰਹੇ ਹਨ।[17] ਜਿਵੇਂ ਅਸੀਂ ਪਹਿਲੇ ਕਾਂਡ ਵਿਚ ਵੇਖਿਆ ਹੈ, ਕਈ ਦੇਸ਼ਾਂ ਅਤੇ ਧਰਮਾਂ ਵਿਚ 'ਭਰਮਾਂ' ਅਤੇ 'ਵਹਿਮਾਂ' ਦੀ ਅਧਿਕ ਹੋਂਦ ਉਨ੍ਹਾਂ ਦੀ ਜੀਵਨ-ਜਾਚ ਬਣ ਗਈ ਹੈ ਜਿਸ ਤੋਂ ਮੁਕਤ-ਹੋਣਾ ਸ਼ਾਇਦ ਉਨ੍ਹਾਂ ਲਈ ਸੰਭਵ ਨਾ ਹੋਵੇ। ਮਿਸ ਕਿੰਗਜ਼ਲੇ ਨੇ ਅਫਰੀਕਾ ਵਾਸੀਆਂ ਦੇ ਜੜ੍ਹ-ਵਸਤੂਆਂ ਤੋਂ ਨਾਲ ਸੰਬੰਧਿਤ ਅਨੇਕ ਵਹਿਮਾਂ ਅਤੇ ਡਰਾਂ ਦਾ ਜ਼ਿਕਰ ਕੀਤਾ ਹੈ ਜੋ ਉਨ੍ਹਾਂ ਨੂੰ ਭਿਆਨਕ ਦੈਂਤ ਬਣ ਕੇ ਚੰਬੜਿਆ ਹੋਇਆ ਹੈ ਅਤੇ ਜਿਸ ਨੇ ਉਨ੍ਹਾਂ ਦੀ ਸੋਚਣੀ ਨਿਕਾਰਾ ਕਰ ਦਿਤੀ ਹੈ; ਅਵਿਸ਼ਵਾਸ, ਡਰ, ਸਹਿਮ, ਖਤਰਾ, ਉਨ੍ਹਾਂ ਦੇ ਹਰੇਕ ਅਮਲ ਦਾ ਅੰਗ ਬਣ ਗਿਆ ਹੈ।[18] ਆਸਟਨ ਅਨੁਸਾਰ ਕੁਦਰਤੀ ਸ਼ਕਤੀਆਂ, ਸੂਰਜ, ਚੰਨ, ਧਰਤੀ ਆਦਿ ਤੋਂ ਜਾਂ ਜੜ੍ਹ-ਵਸਤੂਆਂ ਵਿਚ ਗੈਬੀ-ਸ਼ਕਤੀ ਮੰਨ ਕੇ ਉਨ੍ਹਾਂ ਤੋਂ, ਜਾਂ ਜਾਦੂ, ਤਵੀਤਾਂ ਰਾਹੀਂ ਸੁਖ ਅਤੇ ਸੁਰੱਖਿਆ ਮੰਗਣੀ ਅਤੇ ਡਰ ਅਤੇ ਦੁੱਖ ਦੂਰ ਕਰਨਾ ਅਵਿਕਸਤ ਅਤੇ ਅਸੱਭਿਆਵਾਨ ਧਰਮਾਂ ਅਤੇ ਸਮਾਜਾਂ ਦਾ ਵਿਸ਼ਵਾਸ ਹੈ।[19] ਇਸ ਦੀਆਂ ਉਦਾਹਰਣਾਂ ਅਫਰੀਕਾ ਵਿਚ ਹੀ ਨਹੀਂ, ਅਮਰੀਕਾ ਵਿਚ ਵੀ ਮਿਲ ਜਾਂਦੀ ਹੈ। ਬਹੁਤੇ ਭਾਰਤ ਵਾਸੀ ਆਪਣੇ ਡਰ, ਦੁਖ, ਦਰਦ, ਅਜੇਹੇ ਵਿਸ਼ਵਾਸਾਂ-ਤਵੀਤਾਂ, ਜਾਦੂ ਮੰਤਰਾਂ, ਪੈਂਬਰਾਂ, ਸੱਪਾਂ, ਘੋਗਿਆਂ, ਰਾਹੀਂ ਨਿਵਾਰਨਾ ਲੋੜਦੇ ਹਨ ਜਿਨ੍ਹਾਂ ਵਿਚ ਉਹ ਗੈਬੀ-ਸ਼ਕਤੀਆਂ ਮੰਨਦੇ ਹਨ।[20]

---

15. Bertram D. Lewin, Art. Phobias ,International Ency. of the Social Sciences, Mac Millan,1968, Vol.12, p.81.
16. A synthetic Genetic Study of Fear, Internationl Ency. of Social Sciences, Vol.12,p.83.
17. G.D. Wilson, Encyclopedia of Psychology (Ed.), W.Germany,1975. Vol.I, p.371.
18. Miss Kingsley, West African Studies London,1899, p.44 cit/by ERE V, p.800-
19. W.G.Aston, ERE ,V,pp,894-898.
20. R.C.Temple,ERE,V,pp.903-905.

3.4 'ਡਰ' ਕੇਵਲ ਧਾਰਮਕ ਅਤੇ ਸਮਾਜਕ ਖੇਤਰ ਤਕ ਹੀ ਸੀਮਤ ਨਹੀਂ, ਰਾਜਸੀ ਖੇਤਰ ਵਿਚ ਵੀ ਹਰ ਤਰ੍ਹਾਂ ਦੀਆਂ ਸਾਜਸ਼ਾਂ, ਅੰਦਰੂਨੀ ਅਤੇ ਬਾਹਰਲੇ ਰਾਜਸੀ ਵਿਦਰੋਹਾਂ ਦਾ 'ਡਰ' ਬਾਦਸ਼ਾਹਾਂ ਦੇ ਜੀਵਨ ਦਾ ਭਾਗ ਰਿਹਾ ਹੈ ਜਿਨ੍ਹਾਂ ਦੀਆਂ ਕਈ ਉਦਾਹਰਣਾਂ ਕੋਟਲਿਆ ਦੇ ਅਰਥ ਸ਼ਾਸਤਰ ਵਿਚ ਪ੍ਰਾਪਤ ਹਨ।[21] ਆਧੁਨਿਕ ਰਾਜਸੀ ਬਣਤਰਾਂ ਦੇ 'ਡਰ' ਅਤੇ ਤੌਖਲੇ ਵੀ ਘੱਟ ਨਹੀਂ। ਜ਼ਿਮਰ ਅਨੁਸਾਰ ਅਜ ਦੀ ਰਾਜਸੀ ਤਾਕਤਾਂ ਜੰਗਲ ਦੇ ਜਾਨਵਰਾਂ ਨਿਆਈਂ ਦੂਜਿਆਂ ਦਾ ਸ਼ਿਕਾਰ ਅਤੇ ਅਹਾਰ ਕਰਨ ਲਈ ਕ੍ਰਿਆਸ਼ੀਲ ਹਨ। ਇਨ੍ਹਾਂ ਦੇ ਅਹਿਦਨਾਮੇ ਅਤੇ ਦੋਸਤੀਆਂ ਵਕਤੀ ਹੁੰਦੇ ਹਨ ਜਿਨ੍ਹਾਂ ਦਾ ਆਧਾਰ ਆਪਸੀ ਮਤਲਬ, ਲੋੜਾਂ, ਖਾਹਸ਼ਾਂ ਅਤੇ ਮਜਬੂਰੀਆਂ ਹਨ। ਅੰਦਰੋਂ ਇਕ ਦੂਜੇ ਦੀ ਬੇਪਰਤੀਤੀ ਅਤੇ ਡਰ ਛਾਇਆ ਰਹਿੰਦਾ ਹੈ।[22] ਅਜ ਸੰਸਾਰ ਯੁੱਧ ਦੇ ਨਾਮ ਤੋਂ ਦੁਨੀਆਂ ਤਰਹਿੰਦੀ ਹੈ। ਕਿਉਂਕਿ ਲੋਕਾਂ ਨੇ ਪਹਿਲੇ ਅਤੇ ਦੂਜੇ ਸੰਸਾਰ ਯੁਧ ਦੀ ਭਿਆਨਕਤਾ ਵੇਖ ਲਈ ਹੈ। ਪ੍ਰਸਿੱਧ ਵਿਗਿਆਨਕ ਲੀਨਸ ਪਾਲਿੰਗ ਦਾ 'ਡਰ' ਸਰਬ ਸੰਸਾਰ ਦਾ ਡਰ ਹੈ ਕਿ ਜੇ ਇਸ ਸਮੇਂ ਇੱਕਤਰ ਕੀਤੇ ਹੋਏ ਨੁਕਲੀਅਰ ਬੰਬ ਲੜਾਈ ਵਿਚ ਪ੍ਰਯੋਗ ਕੀਤੇ ਗਏ ਤਾਂ ਸਾਰੀ ਸੰਸਾਰ ਸਭਿਅਤਾ ਤਬਾਹ ਹੋ ਜਾਵੇਗੀ ਅਤੇ ਸ਼ਾਇਦ ਮਨੁੱਖ ਨਸਲ ਦਾ ਬੀਜ ਨਾਸ ਹੋ ਜਾਵੇ।[23]

3.5 ਇਕ ਲਿਹਾਜ਼ ਨਾਲ ਹੌਸਲਾ ਅਤੇ ਬਹਾਦਰੀ ਵੀ 'ਨਿਰਭਉ' ਦੀ ਸਥਿਤੀ ਨਹੀਂ ਕਿਉਂਕਿ ਹੌਸਲੇ ਤੇ ਬਹਾਦਰੀ ਵਿਚ ਵੀ ਡਰ ਦੀ ਭਾਵਨਾ ਕਾਇਮ ਰਹਿੰਦੀ ਹੈ। "ਬਹੁਤ ਸਾਰੇ ਮਹਾਨ ਜਰਨੈਲ ਕੰਬਦੇ ਅੰਗਾਂ ਅਤੇ ਧੜਕਦੇ ਦਿਲਾਂ ਨਾਲ ਲੜਾਈ ਵਿਚ ਜਾਂਦੇ ਦੇਖੇ ਗਏ ਹਨ ਅਤੇ ਬਹੁਤ ਸਾਰੇ ਧਾਰਮਿਕ ਅਤੇ ਸਦਾਚਾਰਕ ਕਾਰਨਾਮੇ ਅਤੇ ਕੁਰਬਾਨੀਆਂ 'ਡਰ' ਅਤੇ 'ਕਾਂਬੇ' ਵਿਚ ਸਿਰੇ ਚਾੜ੍ਹੇ ਗਏ ਹਨ। ਫਿਰ ਵੀ ਸੰਸਾਰ ਨੇ ਉਨ੍ਹਾਂ ਦੀ ਪ੍ਰਸੰਸਾ ਕੀਤੀ ਹੈ।[24]"

3.6 'ਡਰ' ਦਾ ਆਧੁਨਿਕ ਸੂਖਮ ਰੂਪ 'ਚਿੰਤਾ' ਹੈ ਜੋ ਅਜ ਦੇ ਸਮਾਜ ਦਾ ਸਰਬ-ਵਿਆਪਕ ਰੋਗ ਹੈ। ਵਿਗਿਆਨ ਅਤੇ ਇਲਮ ਦੀ ਰੌਸ਼ਨੀ ਵਿਚ ਪੁਰਾਤਨ ਭੌਤਿਕ ਅਤੇ ਪਰਾਭੌਤਿਕ ਡਰ ਅਤੇ ਵਹਿਮ ਘਟ ਗਏ ਹਨ ਪਰ ਮਨੁੱਖ ਦੀ ਅਕਲ ਅਤੇ ਬਣਾਵਟੀ ਜੀਵਨ ਨੇ ਨਵੇਂ 'ਡਰ' ਅਤੇ ਨਵੀਆਂ ਚਿੰਤਾਵਾਂ ਖੜੀਆਂ ਕਰ ਲਈਆਂ ਹਨ। ਆਧੁਨਿਕ ਮਨੁੱਖ ਸਾਰੇ ਸੰਸਾਰ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ ਅਤੇ ਸੰਸਾਰ ਦੀਆਂ ਸਾਰੀਆਂ ਦੁਖਦਾਈ ਘਟਨਾਵਾਂ ਉਸ ਦੇ ਜੀਵਨ ਨੂੰ ਪਰਭਾਵਤ ਕਰਦੀਆਂ ਹਨ। "ਪੁਰਾਤਨ ਡਰ ਅਜੋਕੀਆਂ ਚਿੰਤਾਵਾਂ ਵਿਚ ਬਦਲ ਗਏ ਹਨ ਜੋ ਮਨੁੱਖ ਲਈ ਘਾਤਕ ਹਨ, ਉਸ ਦੀ ਬਰਬਾਦੀ ਦੇ ਹਥਿਆਰ ਹਨ, ਅਤੇ ਉਸ ਦੀ ਵਿਚਾਰਧਾਰਾ ਨੂੰ ਨਾਕਸ ਬਣਾਉਂਦੇ ਹਨ।[25]"

---

21. C.F. Heinrich Zimmer, Philosophies of India, Routledge and Kegan Paul Ltd., London, 1953, pp. 125-126.
22. Ibid, p.90.
23. Linus Pauling, Science and World Peace, Indian Council for Cultural Relations, New Delhi, 1967, p. 13.
24. J.L.Mclntype, op.cit., 801.
25. Ibid,

3.7 **<u>'ਡਰ' ਦੇ ਚਿੰਨ੍ਹ</u>:** ਡਰ ਦੀ ਭਾਵਨਾ ਭਾਵੇਂ ਅੰਦਰਲੀ ਮਾਨਸਿਕ ਸਥਿਤੀ ਹੈ ਤਾਂ ਵੀ ਇਸ ਦਾ ਪ੍ਰਗਟਾਵਾ ਬਾਹਰਮੁੱਖੀ ਚਿੰਨ੍ਹਾਂ ਰਾਹੀਂ ਹੁੰਦਾ ਹੈ। ਹੈਰਾਨੀ, ਅਚੰਭਾ, ਅਸਚਰਜਤਾ, ਪਰੇਸ਼ਾਨੀ, ਘਬਰਾਹਟ, ਚਿੰਤਾ, ਤੌਖਲਾ, ਫ਼ਿਕਰ, ਭੈਭੀਤ ਹੋਣਾ, ਤ੍ਰਬੱਕਣਾ, [illegible]ਘ੍ਰਿਣਾ, ਨਫ਼ਰਤ, ਵੈਰ, ਗੁੱਸਾ ਸਭ ਡਰ ਦੇ ਚਿੰਨ੍ਹ ਹਨ। ਲਾਂਜ ਅਨੁਸਾਰ ਸਰੀਰਕ ਚਿੰਨ੍ਹਾਂ ਤੋਂ ਹੀ ਡਰ ਦੀ ਭਾਵਨਾ ਦਾ ਪਤਾ ਲਗਦਾ ਹੈ। ਨਬਜ਼ ਠੀਕ ਹੋਵੇ, ਅੱਖਾਂ ਠੀਕ ਵੇਖ ਰਹੀਆਂ ਹੋਣ, ਰੰਗ ਨਰੋਆ ਹੋਵੇ, ਸਰੀਰ ਦੀ ਹਰਕਤ ਠੀਕ ਹੋਵੇ, ਸੋਚ-ਸ਼ਕਤੀ ਸਪਸ਼ਟ ਹੋਵੇ ਤਾਂ ਡਰ ਦਾ ਬਾਕੀ ਕੀ ਰਹਿ ਗਿਆ? ਕੁਝ ਵੀ ਨਹੀਂ।[26]

4.1 **<u>'ਡਰ' ਤੋਂ ਉਪਜੇ ਪ੍ਰਭਾਵ</u>:**

'ਡਰ' ਦੀ ਭਾਵਨਾ ਅਧੀਨ ਨਾ ਕੇਵਲ ਮਾਨਸਿਕ ਰੋਗ ਉਤਪੰਨ ਹੁੰਦੇ ਹਨ ਸਗੋਂ ਸਰੀਰਕ ਤੌਰ ਤੇ ਵੀ ਬਹੁਤ ਸਾਰੀਆਂ ਖਰਾਬੀਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਨੂੰ ਪ੍ਰਤੱਖ ਤੌਰ ਤੇ ਵੇਖਿਆ ਜਾ ਸਕਦਾ ਹੈ। ਜੇ.ਐਨ. ਮੈਕਨਟਾਇਰ[27] ਅਨੁਸਾਰ ਡਰ ਦੀ ਦੀਰਘ ਭਾਵਨਾ ਅਧੀਨ ਪੂਰੇ ਸਰੀਰ ਅਤੇ ਮਨ ਵਿਚ ਜ਼ਹਿਰ ਚੜ੍ਹ ਸਕਦੀ ਹੈ ਅਤੇ ਹੇਠ ਲਿਖੇ ਪ੍ਰਭਾਵ ਸਰੀਰਕ ਅੰਗਾਂ ਤੇ ਪੈਂਦੇ ਹਨ:-

(ੳ) ਡਰ ਦੀ ਭਾਵਨਾ ਅਧੀਨ ਖੂਨ ਦੀਆਂ ਨਾੜਾਂ ਸੁਕੜ ਜਾਂਦੀਆਂ ਹਨ ਅਤੇ ਸਰੀਰ ਦੀ ਚਮੜੀ ਦਾ ਤਾਪਮਾਨ ਘੱਟ ਜਾਂਦਾ ਹੈ।

(ਅ) 'ਡਰ' ਦਾ ਸਾਹ-ਪ੍ਰਣਾਲੀ ਤੇ ਬਹੁਤ ਬੁਰਾ ਅਸਰ ਹੁੰਦਾ ਹੈ।

(ੲ) ਗ੍ਰੰਥੀ(ਗਲੈਂਡਜ਼) ਵਿਚ ਵੀ ਹਾਨੀਕਾਰਕ ਹਿਲਜੁਲ ਹੁੰਦੀ ਹੈ।

(ਸ) ਡਰ ਦਾ ਆਂਦਰਾਂ-ਅੰਤੜੀਆਂ ਤੇ ਵੀ ਬੁਰਾ ਅਸਰ ਹੁੰਦਾ ਹੈ।

(ਹ) ਡਰ ਦਾ ਪਠਿਆਂ ਉੱਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

(ਕ) ਡਰ ਦਾ ਦਿਮਾਗੀ ਸ਼ਕਤੀ ਉਤੇ ਬੁਰਾ ਅਸਰ ਹੁੰਦਾ ਹੈ। ਸਿਰ ਦੇ ਵਾਲ ਛੇਤੀ ਚਿੱਟੇ ਹੋ ਸਕਦੇ ਹਨ ਅਤੇ ਝੜ ਵੀ ਸਕਦੇ ਹਨ।

4.2 ਵ.ਬ. ਕੈਨਨ ਅਨੁਸਾਰ ਡਰ ਦੀ ਸੰਵੇਦਨਾ ਸਮੇਂ ਸਰੀਰਕ ਕਿਰਿਆ ਦਾ ਪ੍ਰਬੰਧ ਨਰਵਸ-ਸਿਸਟਮ ਆਪਣੇ ਹੱਥ ਲੈ ਲੈਂਦਾ ਹੈ ਅਤੇ ਸਰੀਰ ਉਤੇ ਕਾਫ਼ੀ ਮਾਰੂ ਪ੍ਰਭਾਵ ਪੈਂਦਾ ਹੈ। ਡਰ ਦੇ ਬਣੇ ਰਹਿਣ ਕਾਰਨ ਸਰੀਰ ਵਿਚ ਕਈ ਰੋਗ ਵੀ ਉਤਪੰਨ ਹੋ ਸਕਦੇ ਹਨ ਜਿਵੇਂ ਪੈਪਟਿਕ ਅਲਸਰ , ਅਸਥਮਾ, ਦੀਰਘ ਕਬਜ਼ ਅਤੇ ਚਮੜੀ ਦੇ ਕਈ ਰੋਗ।[28]

---

26. Ibid.,p.798.
27. Ibid.,p.797-8.
28. W.B. Canon, Bodily Changes in Pain, Fear and Rage, The American People Encyclopedia, Vol. 2, p.1.

4.3 ਅੱਜ ਕਲ੍ਹ 'ਡਰ' ਅਤੇ ਚਿੰਤਾ ਤੋਂ ਪੈਦਾ ਹੋਏ 'ਤਣਾਉ' ਨੇ ਮਾਨਸਿਕ-ਰੋਗੀਆਂ ਦੀ ਗਿਣਤੀ ਵਿਚ ਬਹੁਤ ਵਾਧਾ ਕੀਤਾ ਹੈ। ਗੁਰਮਤਿ ਅਨੁਸਾਰ ਮਨੁੱਖ ਦੀ ਵਧੀ ਹੋਈ 'ਹਉਮੈ' ਨੂੰ ਕਈ ਪੱਧਰਾਂ ਤੇ ਠੇਸ ਲਗਦੀ ਹੈ ਜਿਸ ਤੋਂ ਡਰ ਅਤੇ ਚਿੰਤਾ ਦੇ ਰੋਗ ਉਤਪੰਨ ਹੁੰਦੇ ਹਨ। ਫ਼ਰਾਇਡ ਅਨੁਸਾਰ "ਚਿੰਤਾ ਦੀ ਮਾਤਰਾ ਵਧ ਜਾਣ ਨਾਲ 'ਹਾਈ ਪਰ ਟੈਨਸ਼ਨ' ਹੋ ਸਕਦੀ ਹੈ ਜਿਸ ਦੇ ਤਿੰਨ ਮੁੱਖ ਕਾਰਣ ਹੋ ਸਕਦੇ ਹਨ— ਪਿਆਰ ਦੇ ਖੁਸ ਜਾਣ ਦਾ ਡਰ; ਨਿਪੁੰਸਕ ਹੋਣ ਦਾ ਡਰ; ਅਤੇ ਸਦਾਚਾਰਕ ਨੈਤਕਤਾ ਦੀ ਉਲੰਘਣਾ ਦਾ ਡਰ।[29] ਸਾਧਾਰਨ ਹਾਲਤ ਵਿਚ ਵੀ ਡਰ ਅਤੇ ਚਿੰਤਾ ਤੋਂ ਸੋਚ-ਪਰਣਾਲੀ ਵਿਚ ਵਿਘਨ ਪੈਂਦਾ ਹੈ ਅਤੇ ਸਖਸ਼ੀਅਤ ਵਿਚ ਮਾਨਸਿਕ ਤਣਾਉ ਬਣਿਆ ਰਹਿੰਦਾ ਹੈ। " ਡਰ ਤੋਂ ਮਨ ਵਿਚ ਕਈ ਹੀਣ-ਭਾਵ ਉਤਪੰਨ ਹੁੰਦੇ ਹਨ। ਡਰ ਵਿਚ ਵਿਚਰਣ ਵਾਲਾ ਵਿਅਕਤੀ ਦੂਜਿਆਂ ਨਾਲ ਸਾਂਝ ਨਹੀਂ ਪਾ ਸਕਦਾ ਅਤੇ ਚੰਗਾ ਸਮਾਜ ਨਹੀਂ ਉਸਾਰ ਸਕਦਾ।"[30]

4.4 ਇਸ ਚਰਚਾ ਤੋਂ ਇਕ ਨਿਰਣਾ ਇਹ ਨਿਕਲਦਾ ਹੈ ਕਿ ਡਰ ਦੀ ਭਾਵਨਾ ਸਰਬ-ਵਿਆਪਕ ਹੈ ਅਤੇ ਮਨੁੱਖ ਦੇ ਬਹੁਤ ਸਾਰੇ 'ਡਰ' ਉਸ ਦੇ ਮਨ ਦੀ ਘਾੜਤ ਹਨ ਅਤੇ ਕੁਝ ਡਰ ਉਕਾ ਹੀ ਆਧਾਰ-ਰਹਿਤ ਹਨ। ਗੁਰੂ ਨਾਨਕ ਦੇਵ ਨੇ 'ਡਰ' ਨੂੰ 'ਮਨ ਦਾ ਸ਼ੋਰ' ਕਿਹਾ ਹੈ:

ਡਰੀਐ ਜੇ ਡਰੁ ਹੋਵੈ ਹੋਰੁ ਡਰਿ ਡਰਿ ਡਰਣਾ 'ਮਨ' ਦਾ ਸੋਰ

ਗਉੜੀ ੧(151)

ਗੁਰਮਤਿ ਅਨੁਸਾਰ 'ਮਨ' ਨੇ ਕਿਸੇ ਗ਼ਲਤ ਤਰਬੀਅਤ ਵਿਚ 'ਡਰ' ਆਪਣਾ ਵਿਰਸਾ ਬਣਾ ਲਏ ਹਨ। ਆਧੁਨਿਕ ਮਨੋਵਿਗਿਆਨ ਨੇ ਵੀ 'ਡਰ' ਦੀ ਭਾਵਨਾ ਨੂੰ ਇਕ ਮਾਨਸਿਕ ਝੁਕਾ ਦਸਿਆ ਹੈ ਜਿਹੜਾ ਸਾਡੀ ਸਰੀਰਕ ਬਣਤਰ ਅਤੇ ਦਿਮਾਗ਼ੀ ਝੁਕਾ ਨਾਲ ਸੰਬੰਧਿਤ ਹੈ। ਡਰ ਇਕ 'ਭਾਵਾਤਮਕ ਵਤੀਰਾ' ਹੈ ਜੋ ਦੁਖਾਂਤਕ ਅਤੇ ਮਾਨਸਿਕ ਰੋਗਾਂ ਦਾ ਕਾਰਨ ਹੋ ਸਕਦਾ ਹੈ। ਸਾਰੇ ਡਰਾਂ ਦਾ ਮੂਲ ਸੋਮਾ 'ਮਨ' ਹੈ।

5.1 <u>'ਡਰ' ਦੇ ਸੋਮੇ:</u> ਵਧੇਰੇ ਕਰਕੇ 'ਡਰ' ਦੀ ਭਾਵਨਾ ਦੁਖਾਂ ਦੇ ਵਾਪਰਨ ਜਾਂ ਵਾਪਰਨ ਦੀਆਂ ਸੰਭਾਵਨਾਵਾਂ ਤੋਂ ਉਤਪੰਨ ਹੁੰਦੀ ਹੈ। ਕੁਦਰਤੀ ਤੌਰ ਤੇ ਮਨੁੱਖ ਦੇ ਬਹੁਤੇ ਉਪਰਾਲੇ ਦੁੱਖਾਂ ਨੂੰ ਦੂਰ ਰੱਖਣ ਅਤੇ ਸੁਖਾਂ ਦੀ ਪਰਾਪਤੀ ਲਈ ਹਨ। ਬੁੱਧ ਅਨੁਸਾਰ ਮਨੁੱਖ ਦੀ ਹੋਂਦ ਹੀ ਮੂਲ ਰੂਪ ਵਿਚ ਦੁੱਖਾਂ ਦੀ ਸਾਮੱਗਰੀ ਹੈ। ਅਤੇ ਦੁੱਖਾਂ ਦੀ ਸਚਾਈ ਇਹ ਹੈ: ਜਨਮ ਦੁਖ ਹੈ, ਬੁਢੇਪਾ ਦੁਖ ਹੈ; ਬੀਮਾਰੀ ਦੁਖ ਹੈ ; ਨਾਪਸੰਦ ਵਸਤੂਆਂ ਨਾਲ ਸੰਜੋਗ ਦੁਖ ਹੈ; ਪਸੰਦ ਵਸਤੂਆਂ ਤੋਂ ਵਿਛੋੜਾ ਦੁਖ ਹੈ; ਮਨ-ਪਸੰਦ ਚੀਜ਼ਾਂ ਨੂੰ ਪ੍ਰਾਪਤ ਨਾ ਕਰ ਸਕਣਾ ਦੁਖ ਹੈ। ਇਹ ਦੁਖ ਡਰ ਦਾ ਸੋਮਾਂ ਹਨ। ਨਾਰਮਨ ਬਰਾਊਨ ਅਨੁਸਾਰ ਡਰ ਅਤੇ ਦੁਖ ਦੇ ਮੂਲ ਕਾਰਨ

---

29. Ibid., p. 469.
30. Dr. S.S.Kohli, Sikh Ethics, p. 17.
31. W. Norman Brown, Man in the Universe, London: University of California Press, 1970, p. 84.

ਤ੍ਰਿਸ਼ਨਾ ਅਤੇ ਸੰਸਾਰਕ ਵਸਤੂਆਂ ਦੀ ਅਸਥਿਰਤਾ ਹੈ।

5.2 ਗੁਰੂ ਨਾਨਕ ਦੇਵ ਅਨੁਸਾਰ ਸਾਰੇ ਡਰਾਂ ਦਾ ਕਾਰਨ ਅਤੇ ਦੁਖ ਮਨੁੱਖ ਦਾ ਆਪਣੇ ਅਸਲ-ਸੋਮੇ ਪਰਮ-ਆਤਮਾ ਨਾਲੋਂ ਵਿਛੋੜਾ ਹੈ। ਜਿਸ ਤੋਂ ਤਿੰਨ ਵਿਸ਼ੇਸ਼ ਦੁਖ ਜਨਮ ਲੈਂਦੇ ਹਨ: ਭੁੱਖ ਦਾ ਦੁਖ; ਜਮਦੂਤ ਜਾਂ ਮੌਤ ਦਾ ਡਰ ਅਤੇ ਸਰੀਰ ਨੂੰ ਲਗ ਸਕਦੇ ਰੋਗਾਂ ਦਾ ਦੁਖ।[32] ਜੇ ਧਿਆਨ ਨਾਲ ਵੇਖੀਏ ਤਾਂ ਮੌਤ ਦਾ ਡਰ ਹੀ ਮਨੁੱਖ ਦਾ ਮੂਲ ਡਰ ਹੈ। ਭੁੱਖ ਤੋਂ ਵੀ ਮਨੁੱਖ ਇਸ ਲਈ ਵਧੇਰੇ ਡਰਦਾ ਹੈ ਕਿ ਇਸ ਦੇ ਬਣੇ ਰਹਿਣ ਨਾਲ ਮੌਤ ਵਾਪਰ ਸਕਦੀ ਹੈ। ਰੋਗਾਂ ਤੋਂ ਵੀ ਵੱਡਾ ਦੁਖ ਇਹ ਉਤਪੰਨ ਹੋ ਸਕਦਾ ਹੈ ਕਿ ਰੋਗਾਂ ਦਾ ਸਿਟਾ 'ਮੌਤ' ਹੋ ਸਕਦਾ ਹੈ।

5.3 <u>ਮੌਤ ਦਾ ਡਰ:</u> ਮਨੁੱਖ ਦਾ ਸਭ ਤੋਂ ਵੱਡਾ ਡਰ ਇਹ ਹੈ ਕਿ ਉਸ ਦੀ ਮੂਲ ਹਸਤੀ, ਉਸ ਦੀ ਹੋਂਦ, ਉਸ ਦਾ ਨਿਜਤੱਵ, ਜੋ ਉਸ ਨੂੰ ਅਤੀ-ਪਿਆਰਾ ਹੈ, ਉਸਦੇ ਮਿਟ ਜਾਣ ਦਾ ਖਤਰਾ ਸਦਾ ਬਣਿਆ ਰਹਿੰਦਾ ਹੈ ਕਿਉਂਕਿ 'ਮੌਤ' ਕਿਸੇ ਸਮੇਂ ਵੀ ਆ ਸਕਦੀ ਹੈ।[33] ਮਨੁੱਖ ਸਦੀਵ ਇਸ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਕਿਸੇ ਤਰ੍ਹਾਂ ਉਸ ਦੀ 'ਹਉਮੈ' ਅਤੇ 'ਹੋਂਦ' ਕਾਇਮ ਰਹਿ ਜਾਵੇ। ਮਨੁੱਖ ਦੀ ਮੂਲ ਹੋਂਦ ਅਤੇ ਉਸ ਦੇ ਵਿਕਾਸ ਦਾ ਨਾਂ ਹੀ ਜੀਵਨ ਹੈ। ਇਸ ਜੀਵਨ ਨੂੰ ਪ੍ਰਫੁੱਲਤ ਵੇਖਣ ਅਤੇ ਵੱਧ ਤੋਂ ਵੱਧ ਸਮੇਂ ਲਈ ਬਣਾਈ ਰਖਣ ਦੀ ਇੱਛਾ ਹੀ ਮਨੁੱਖ ਦੀ ਸਭ ਤੋਂ ਵੱਡੀ ਇੱਛਾ ਹੈ। ਮੌਤ ਅਟੱਲ ਕੁਦਰਤੀ ਨੀਯਮ ਹੈ, ਜੋ ਟਾਲਿਆ ਨਹੀਂ ਜਾ ਸਕਦਾ। ਇਸ ਲਈ ਇਹ ਡਰ ਵੀ ਸਦੀਵ ਅਤੇ ਮੂਲ ਹੈ। ਸਾਰੇ ਜਾਦੂ, ਟੂਣੇ, ਤਵੀਤ, ਤਲਿਸਮੇਂ ਕਰਮ-ਕਾਂਡ, ਭੇਖ ਇਸ 'ਡਰ' ਨੂੰ ਟਾਲਣ ਦੇ ਉਪਰਾਲੇ ਹਨ। ਮਨੁੱਖ ਦੀ ਹਸਤੀ ਅਤੇ ਹੋਂਦ ਦਾ ਧੁਰਾ 'ਹਉਮੈ' ਹੈ। ਹਉਮੈ ਤੋਂ ਹੀ ਸੰਸਾਰ ਅਤੇ ਜੀਵ ਦੀ ਉਤਪਤੀ ਹੁੰਦੀ ਹੈ।[34] ਹਉਮੈ ਆਸਰੇ ਹੀ ਜੀਵਨ ਪ੍ਰਫੁੱਲਤ ਹੁੰਦਾ ਹੈ, ਵਿਕਾਸ ਕਰਦਾ ਹੈ। ਮਨੁੱਖ ਦਾ ਬਹੁਤ ਸਾਰਾ ਪਾਸਾਰਾ ਹਉਮੈ ਕਾਰਨ ਹੈ, ਅਤੇ ਹਉਮੈ ਆਸਰੇ ਹੀ ਕਾਇਮ ਹੈ। 'ਹਉਮੈ' ਅਧੀਨ ਮਨੁੱਖ ਜੀਵਨ ਵਿਕਾਸ ਕਰਦਾ ਆਪਣੇ ਆਲੇ ਦੁਆਲੇ ਇਕ ਦੁਨੀਆ ਦੀ ਸਿਰਜਨਾ ਕਰਦਾ ਹੈ। ਉਸਦਾ ਘਰ ਬਾਰ, ਬੀਵੀ, ਬੱਚੇ, ਸਾਕ ਸੰਬੰਧੀ, ਧਨ, ਦੌਲਤ, ਮਹਿਲ, ਮਾੜੀਆਂ, ਭਾਈਚਾਰਕ ਅਤੇ ਰਾਜਸੀ ਸੰਬੰਧ ਉਸ ਦੀ 'ਹਉਮੈ' ਦਾ ਹੀ ਪਾਸਾਰਾ ਹਨ। ਹਉਮੈ ਦੇ ਸੰਸਾਰ ਨੂੰ ਸਥਿਰ ਰਖੱਣ ਲਈ ਅਤੇ ਖਤਰਿਆਂ ਤੋਂ ਟਾਲਣ ਲਈ ਮਨੁੱਖ ਹਰ ਸਮੇਂ ਉਪਰਾਲੇ ਕਰਦਾ ਰਹਿੰਦਾ ਹੈ ਪਰ ਅੰਦਰੋਂ ਅੰਦਰ ਉਸ ਨੂੰ ਇਕ ਚਿੰਤਾ ਬਣੀ ਰਹਿੰਦੀ ਹੈ; ਇਹ ਖਤਰਾ ਅਤੇ ਭਉ ਸਦਾ ਸਿਰ ਤੇ ਮੰਡਲਾਉਂਦਾ ਰਹਿੰਦਾ ਹੈ ਕਿ ਹਉਮੈ ਦਾ ਇਹ ਪਾਸਾਰਾ ਸਦਾ ਕਾਇਮ ਨਹੀਂ ਰਹਿ ਸਕਦਾ।

---

32. ਦੁਖੁ ਵੇਛੋੜਾ ਇਕੁ ਦੁਖੁ ਭੂਖ, ਇਕੁ ਦੁਖੁ ਸਕਤਵਾਰ ਜਮਦੂਤ।।
ਇਕੁ ਦੁਖੁ ਰੋਗੁ ਲਗੈ ਤਨਿ ਧਾਇ, ਵੈਦ ਨ ਭੋਲੇ ਦਾਰੂ ਲਾਇ।। ਮਲਾਰ ੧(1256)
33. ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ। ਫਰੀਦ (1383)
34. ਹਉ ਵਿਚਿ ਆਇਆ, ਹਉ ਵਿਚਿ ਗਇਆ — ਆਸਾ ੧(466)

ਕੂਝ ਪਾਸਾਰਾ ਤਾਂ ਉਸ ਦੇ ਜੀਉਂਦਿਆਂ ਹੀ ਖਤਮ ਹੋ ਜਾਂਦਾ ਹੈ। ਜਿਸ ਨੂੰ ਵੇਖ ਕੇ ਉਸ ਦਾ ਡਰ ਹੋਰ ਵੀ ਵਧਦਾ ਹੈ ਅਤੇ ਇਕ ਸਦੀਵ ਰੋਗ ਦਾ ਰੂਪ ਧਾਰਨ ਕਰ ਲੈਂਦਾ ਹੈ। ਗੁਰਮਤਿ ਵਿਚ ਇਸ ਨੂੰ 'ਦੀਰਘ ਰੋਗ'[35] ਕਿਹਾ ਹੈ। 'ਨਾ ਹਉਮੈ ਖ਼ਤਮ ਹੁੰਦੀ ਹੈ, ਨਾ ਇਹ ਬੁਖਾਰ ਉਤਰਦਾ ਹੈ।'[36] ਮਰਜ਼ ਦੀ ਠੀਕ ਪਹਿਚਾਣ ਨਾ ਹੋਣ ਕਾਰਨ ਉਸ ਦੇ ਕੀਤੇ ਸਾਰੇ ਉਪਰਾਲੇ ਉਸ ਦੇ ਰੋਗ, ਦੁਖ, ਅਤੇ ਡਰ ਵਿਚ ਵਾਧਾ ਕਰਦੇ ਹਨ। ਇਹ ਡਰ 'ਉਸਦੇ ਦਿਲ, ਦਿਮਾਗ਼, ਸੋਚਣੀ, ਉਤੇ ਛਾ ਜਾਂਦਾ ਹੈ, ਜੋ ਉਸ ਦੀ ਕਥਨੀ ਅਤੇ ਕਰਣੀ ਰਾਹੀਂ ਪ੍ਰਗਟ ਹੁੰਦਾ ਹੈ। ਜਿਉਂ ਜਿਉਂ ਉਸ ਨੂੰ ਆਪਣੀ ਹਸਤੀ ਅਤੇ ਹਉਮੈ ਦੇ ਪਸਾਰੇ ਵਿਚ ਤ੍ਰੇੜਾਂ ਦਿਸਦੀਆਂ ਹਨ, ਉਸਦੀ ਨੀਂਦ, ਭੁੱਖ ਘੱਟ ਜਾਂਦੀ ਹੈ ਅਤੇ ਅਚੇਤ ਤੌਰ ਤੇ ਮੌਤ ਉਸਦੇ ਸਿਰ ਤੇ ਮੰਡਲਾਉਂਦੀ ਦਿਸਦੀ ਹੈ।

5.4 ਮੌਤ ਤੋਂ ਬਚਣ ਅਤੇ ਜੀਵਨ ਨੂੰ ਕਾਇਮ ਰੱਖਣ ਦਾ ਸਭ ਤੋਂ ਜ਼ਰੂਰੀ ਸਾਧਨ 'ਭੁੱਖ' ਦੀ ਨਵਿਰਤੀ ਹੈ। 'ਭੁੱਖ' ਦੀ ਅੱਗ ਬੁਝਾਣ ਲਈ ਮਨੁੱਖ ਹਰ ਤਰ੍ਹਾਂ ਦਾ ਚੰਗਾ ਮਾੜਾ ਕੰਮ ਕਰਣ ਲਈ ਤਿਆਰ ਹੈ। ਭੁੱਖ ਦੀ ਨਵਿਰਤੀ ਲਈ ਮਨੁੱਖ ਮਨੁੱਖ ਦਾ ਸ਼ੇਵਕ, ਗ਼ੁਲਾਮ ਅਤੇ ਬੰਦੀਵਾਨ ਬਣਦਾ ਹੈ। ਅਤੇ ਮੰਡੀਆਂ ਵਿਚ ਵਿਕਦਾ ਹੈ, ਵਿਭਚਾਰ ਵਰਗੇ ਧੰਦੇ ਕਰਦਾ ਹੈ, ਅਤੇ ਹਰ ਤਰ੍ਹਾਂ ਦੇ ਜੁਰਮ ਅਤੇ ਜ਼ੁਲਮ ਕਰਨ ਲਈ ਤਿਆਰ ਹੈ। ਭੁਖ ਦੇ ਡਰ ਤੋਂ ਮਨੁੱਖ, ਜਾਤੀਆਂ, ਸਮਾਜ ਅਤੇ ਦੇਸ਼ ਗ਼ੁਲਾਮ ਹੋ ਜਾਂਦੇ ਹਨ।
ਭੁੱਖ ਦੂਰ ਕਰਨ ਲਈ ਦੇਸ਼ਾਂ ਨੂੰ ਆਪਣੇ ਆਦਰਸ਼ ਵੇਚਣੇ ਪੈਂਦੇ ਹਨ। 'ਭੁੱਖ' ਦੀ ਭਿਆਨਕਤਾ ਨੂੰ ਅਨੁਭਵ ਕਰਦਿਆਂ ਡਿਜ਼ਰੇਲੀ ਨੇ ਇਕ ਵਾਰ ਕਿਹਾ ਸੀ, "ਇੰਗਲੈਂਡ ਵਿਚ ਦੋ ਕੌਮਾਂ ਵਸਦੀਆਂ ਹਨ, ਇਕ ਅਮੀਰ ਦੂਜੀ ਗ਼ਰੀਬ। ਇਹ ਦੋ ਸੰਸਾਰ ਹਨ। ਇਕ ਸੰਸਾਰ ਪਾਸ ਲੋੜ ਤੋਂ ਵੱਧ ਹੈ, ਇਕ ਸੰਸਾਰ ਭੁਖ ਨਾਲ ਮਰਨ ਦੇ ਡਰ ਵਿਚ ਹੈ। ਉਨਾ ਚਿਰ ਅਮਨ ਨਹੀਂ ਹੋ ਸਕਦਾ ਜਦ ਤਕ ਦੋ ਸੰਸਾਰਾਂ ਦੀ ਥਾਂ ਇਕ ਸੰਸਾਰ ਨਹੀਂ ਬਣਦਾ।"[37]

5.5 'ਭਉ' ਦਾ ਇਕ ਕਾਰਨ ਦੂਜਿਆਂ ਨਾਲ 'ਵੈਰ' ਵਿਰੋਧ, ਦੁਸ਼ਮਨੀ, ਅਤੇ ਈਰਖਾ ਹੈ। ਰਚਨਾ ਖੇਡ ਨੂੰ ਚਾਲੂ ਰਖਣ ਲਈ ਸ਼ਾਇਦ ਇਸ ਅੰਸ਼ ਦੀ ਵੀ ਲੋੜ ਸੀ। ਇਸ ਲਈ ਜਿਵੇਂ ਡਰ ਸਰਬ ਵਿਆਪਕ ਹੈ, ਤਿਵੇਂ ਵੈਰ ਵੀ ਸਰਬ-ਵਿਆਪਕ ਹੈ। ਪਸ਼ੂ, ਪੰਛੀਆਂ, ਮਨੁੱਖਾਂ ਅਤੇ ਸਰਬਤ ਜੀਵਾਂ, ਜੰਤਾਂ ਵਿਚ ਇਹ ਭਾਵਨਾ ਥੋੜ੍ਹੇ ਬਹੁਤੇ ਅੰਤਰ ਨਾਲ ਮੌਜੂਦ ਹੈ। ਅਤੇ ਬਲਵਾਨ ਜੀਵ ਨਿਰਬਲ ਜੀਵਾਂ ਨੂੰ ਖਾਈ ਜਾ ਰਹੇ ਹਨ।[38] ਇਹ 'ਵੈਰ' 'ਵਿਰੋਧ ਦ੍ਰੀ ਆਪਣੀ 'ਭੁਖ ਮੇਟਣ' ਅਤੇ ਹਸਤੀ ਕਾਇਮ ਰੱਖਣ ਦੀ ਇੱਛਿਆ ਤੋਂ ਉਤਪੰਨ ਹੁੰਦੇ ਹਨ।

---

35. ਹਉਮੈ ਦੀਰਘ ਰੋਗ ਹੈ। ਮ: 2(466)
36. ਪ੍ਰਿੰਸੀਪਲ ਸੁਰਜੀਤ ਸਿੰਘ, ਨਾਨਕ ਪ੍ਰਕਾਸ਼ ਪਤ੍ਰਿਕਾ, ਪਟਿਆਲਾ, ਦਸੰਬਰ, 1987, ਪੰਨਾ 47.
37. M.C. Chagla, Science and World Peace, Indian Council for Cultural Relations, New Delhi, 1967, p.3.
38. ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ। ਮ. 2(955)

5.6 ਜਾਨਵਰਾਂ ਵਿਚ ਵੀ ਪ੍ਰਬਲ ਤੇ ਮੂਲ ਡਰ ਮੌਤ ਦਾ ਡਰ ਹੈ। ਪਸ਼ੂ ਨੂੰ ਵੀ ਇਸ ਗਲ ਦਾ ਗਿਆਨ ਹੈ ਕਿ ਖੁਰਾਕ ਉਸ ਦੀ ਮੁੱਢਲੀ ਲੋੜ ਹੈ ਨਹੀਂ ਤਾਂ ਭੁੱਖ ਅਤੇ ਮੌਤ ਉਸ ਦੀ ਹੋਂਦ ਨੂੰ ਖ਼ਤਮ ਕਰ ਦੇਣਗੇ। ਜੀਉਂਦੇ ਰਹਿਣ ਦੀ ਲਾਲਸਾ ਵਿਚ ਹੀ ਜਾਨਵਰ ਮਨੁੱਖ ਦੀ ਹਰ ਤਰ੍ਹਾਂ ਦੀ ਗੁਲਾਮੀ ਕਬੂਲ ਕਰਦਾ ਹੈ।

6. ਗੁਰੂ ਨਾਨਕ ਦੇਵ ਨੇ 'ਡਰ' ਦੀ ਭਾਵਨਾ ਨੂੰ ਜੀਵਾਂ ਅਤੇ ਜਾਨਵਰਾਂ ਤਕ ਸੀਮਤ ਨਾ ਕਰਦਿਆਂ ਸਾਰੀ ਕਾਇਨਾਤ ਨੂੰ, ਸਮੇਤ ਭੌਤਿਕ ਪਦਾਰਥਕ ਸ਼ਕਤਾਂ ਦੇ, ਡਰ ਅਧੀਨ ਦਸਿਆ ਹੈ। ਉਨ੍ਹਾਂ ਅਨੁਸਾਰ ਪਉਣ, ਪਾਣੀ, ਅਗਨੀ, ਚੰਨ, ਸੂਰਜ, ਸਾਰੇ ਰੱਬੀ ਭੈ ਵਿਚ ਹਨ।[39] ਕੀ ਇਨ੍ਹਾਂ ਭੌਤਿਕ ਵਸਤੂਆਂ ਨੂੰ ਵੀ ਹਸਤੀ ਦੇ ਮਿਟ ਜਾਣ ਦਾ ਡਰ ਹੈ? ਪ੍ਰਿੰਸੀਪਲ ਸੁਰਜੀਤ ਸਿੰਘ ਅਨੁਸਾਰ, "ਵਿਨਾਸ ਦੇ ਡਰ ਕਾਰਨ ਭਜੇ ਫਿਰਨ ਦਾ ਕੁਦਰਤ ਦਾ ਨਿਯਮ ਨਾ ਕੇਵਲ ਪ੍ਰਾਣੀ ਜਗਤ ਦੇ ਜੀਅ ਜੰਤੂਆਂ ਉਤੇ ਹੀ ਲਾਗੂ ਹੈ, ਸਗੋਂ ਕੁਦਰਤ ਦੇ ਭੌਤਿਕ ਅੰਗਾਂ ਪੌਣ, ਪਾਣੀ, ਅਗਨੀ, ਬਦਲ, ਧਰਤੀ, ਸੂਰਜ, ਚੰਨ ਆਦਿ ਸਭ ਉਤੇ ਲਾਗੂ ਹੈ। ਅਤੇ ਇਹ ਸਾਰੇ ਡਰ ਦੇ ਅਸਰ ਅਧੀਨ ਆਪਣੇ ਆਪ ,ਆਪਣੀ ਆਪਣੀ ਚਾਲੇ ਪਏ ਆਪਣੀ ਕ੍ਰਿਆ ਕਰਦੇ ਰਹਿੰਦੇ ਹਨ।"[40]

ਗੁਰਬਾਣੀ ਵਿਚ ਪ੍ਰਾਪਤ ਹੋਰ ਅਜੇਹੇ ਪ੍ਰਸੰਗਾਂ ਨੂੰ ਸਾਹਮਣੇ ਰਖੀਏ, ਜਿਨ੍ਹਾਂ ਵਿਚ ਇਹ ਕਿਹਾ ਗਿਆ ਹੈ ਕਿ ਕੁਦਰਤ ਦੀਆਂ ਸਾਰੀਆਂ ਸ਼ਕਤਾਂ 'ਡਰ' ਵਿਚ ਹਨ,[41] ਅਰਥਾਤ ਸਭ ਉਤੇ 'ਡਰ' ਦਾ ਨਿਯੰਤਰਣ ਹੈ,[42] ਤਾਂ ਸਪਸ਼ਟ ਹੁੰਦਾ ਹੈ ਕਿ ਇਹ 'ਡਰ' ਦੈਵੀ ਹੁਕਮ ਹੈ ਜਿਸ ਅਨੁਸਾਰ ਸਾਰੀ ਰਚਨਾ ਹੋਂਦ ਅਤੇ ਵਿਕਾਸ ਵਿਚ ਆ ਕੇ ਕਿਰਿਆਸ਼ੀਲ ਹੁੰਦੀ ਹੈ। "ਕੋਈ ਵੀ ਕੁਦਰਤੀ ਸ਼ਕਤ 'ਹੁਕਮ' ਤੋਂ ਬਾਹਰ ਨਹੀਂ ਹੈ,"[43] ਅਤੇ "ਸਾਰੀਆਂ ਸ਼ਕਤਾਂ 'ਭੈ' ਵਿਚ ਹਨ," ਦਾ ਇਕੋ ਭਾਵ ਹੈ। 'ਸਚਖੰਡ' ਵਿਚ ਦਰਸਾਏ ਖੰਡਾਂ, ਮੰਡਲਾਂ, ਲੋਆਂ, ਆਕਾਰਾਂ ਨੂੰ ਵੀ ਗੁਰੂ ਨਾਨਕ ਦੇਵ ਨੇ 'ਹੁਕਮਿ' ਦੀ ਕਾਰ ਵਿਚ ਦਸਿਆ ਹੈ।[44] ਇਸ ਤਰ੍ਹਾਂ ਇਹ 'ਡਰ' ਸਾਧਾਰਣ 'ਡਰ' ਨਹੀਂ, ਸਗੋਂ ਸਰਬ ਜੀਅ, ਜੰਤਾਂ, ਧਰਤੀਆਂ, ਸੂਰਜਾਂ ਵਿਚ ਵਿਆਪਕ ਰੱਬੀ ਹੁਕਮ ਹੈ ਜੋ ਸਭ ਦੀ ਚਾਲ, ਗਤੀ ਅਤੇ ਨਿਯੰਤਰਣ ਦਾ ਜ਼ੁਮੇਵਾਰ ਹੈ। ਗੁਰੂ ਅਰਜਨ ਦੇਵ ਨੇ ਸਪਸ਼ਟ ਸ਼ਬਦਾਂ ਵਿਚ 'ਡਰ' ਨੂੰ ਭਾਣਾ ਅਮੋੜ ਹੁਕਮਿ ਕਿਹਾ ਹੈ:

ਡਰ ਪੈ ਧਰਤਿ ਆਕਾਸੁ ਨਖਤ੍ਰਾ ਸਿਰ ਊਪਰਿ ਅਮਰੁ ਕਰਾਰਾ    ਮਾਰੂ 5(998)

ਸੋਹਣ ਸਿੰਘ ਨੇ ਜਪੁਜੀ ਦੀ ਅੰਤਲੀ ਪਉੜੀ ਦਾ ਹਵਾਲਾ ਦਿੰਦਿਆਂ ਲਿਖਿਆ ਹੈ, "ਸੱਚੀ ਟਕਸਾਲ ਵਿਚ, ਜਿਥੇ ਸ਼ਬਦ ਘੜਿਆ ਜਾਂਦਾ ਹੈ, 'ਡਰ' ਦਾ ਕੀ ਭਾਵ ਹੋ ਸਕਦਾ ਹੈ? ਏਥੇ 'ਡਰ' ਦਾ ਭਾਵ

---

39. ਭੈ ਵਿਚਿ ਪਵਣੁ ਵਹੈ ਸਦ ਵਾਉ –..    ਆਸਾ ੧(464)
40. ਪ੍ਰਿੰਸੀਪਲ ਸੁਰਜੀਤ ਸਿੰਘ, ਉਕਤ, ਪੰਨਾ 48.
41. ਭੈ ਵਿਚਿ ਸਭੁ ਆਕਾਰੁ ਹੈ    ਵਡਹੰਸ 4(585)
42. ਸਗਲਿਆਂ ਭਉ ਲਿਖਿਆ ਸਿਰ ਲੇਖੁ    ਆਸਾ੧(464)
43. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ।    ਜਪੁ 2.(1)
44. ਤਿਥੈ ਲੋਅ ਲੋਅ ਆਕਾਰ ਜਿਵ ਜਿਵ ਹੁਕਮ ਤਿਵੈ ਤਿਵ ਕਾਰ।    ਜਪੁਜੀ 38(8)

ਨਿਯੰਤਰਣ (discipline) ਹੈ। ਸੂਰਜ ਚੰਨ, ਤਾਰਿਆਂ ਨੂੰ ਡਰ ਵਿਚ ਕਹਿਣਾ ਬੇਤੁੱਕਾ (absurd) ਹੈ। ਉਹ ਕਿਸੇ ਕਾਨੂੰਨ ਵਿਚ ਬਝੇ ਹੋਏ ਹਨ, ਆਪ-ਮੁਹਾਰੇ ਜਾਂ ਆਪ-ਹੁਦਰੇ ਨਹੀਂ।"[45]

ਵਿਗਿਆਨ 'ਦੈਵੀ ਹੁਕਮਿ' ਦੀ ਥਾਵੇਂ ਕਿਸੇ ਲੁਕਵੀਂ ਆਕਰਸ਼ਣ ਸ਼ਕਤੀ ਨੂੰ ਮੰਨਦਾ ਹੈ ਜਿਸ ਕਾਰਨ ਚੰਨ ਸੂਰਜ ਆਪਣੇ ਆਪਣੇ ਧੁਰ ਤੇ ਗਤੀਸ਼ੀਲ ਹਨ। ਯੂਨਾਨੀ ਸਿਧਾਂਤਕਾਰਾਂ ਨੇ ਵਿਗਿਆਨ ਦੀ ਆਕਰਸ਼ਣ ਅਤੇ ਵਿਕਰਸ਼ਣ ਸ਼ਕਤੀ (Law of attraction and repulsion) ਨੂੰ ਪਿਆਰ ਅਤੇ ਨਫ਼ਰਤ ਦੀਆਂ ਕੁਦਰਤੀ ਸ਼ਕਤੀਆਂ ਕਿਹਾ ਸੀ। 'ਹੁਕਮਿ' ਅਤੇ 'ਡਰ' ਵੀ ਇਕੋ ਰੱਬੀ 'ਕਲਾ' ਦੇ ਦੋ ਪੱਖ ਹਨ। 'ਹੁਕਮਿ' ਰੱਬੀ ਨਿਯਮ ਹੈ ਜਿਸ ਦੇ 'ਅਮਲ' ਨੂੰ 'ਡਰ' ਕਿਹਾ ਹੈ। ਡਾਕਟਰ ਜਸਵੰਤ ਸਿੰਘ ਨੇਕੀ ਨੇ 'ਭੈ' ਨੂੰ ਹੁਕਮ ਤੁਲ ਮੰਨਦਿਆਂ ਲਿਖਿਆ ਹੈ, "ਉਹ ਆਪ ਤਾਂ ਹਰ ਪ੍ਰਕਾਰ ਦੇ ਭੈ ਤੋਂ ਮੁਕਤ ਹੈ, ਪਰੰਤੂ ਦੂਸਰੀਆਂ ਸਾਰੀਆਂ ਚੀਜ਼ਾਂ ਉਸਦੇ ਭੈ ਜਾਂ ਡਰ ਵਿਚ ਬੱਝੀਆਂ ਹੋਈਆਂ ਹਨ।"[46] ਸਾਰੀ ਕਾਇਨਾਤ, ਮਨੁੱਖ ਪਸ਼ੂ, ਪੰਛੀ, ਕੁਦਰਤ ਸਭ ਰੱਬ ਦੇ ਭੈ ਵਿਚ ਹਨ। 'ਭੈ' ਰੱਬੀ ਕਾਨੂੰਨ ਹੈ, ਭੈ ਰੱਬੀ ਹੁਕਮਿ ਹੈ।

7.0 ਅਸੀਂ ਸ਼ੁਰੂ ਵਿਚ ਕਿਹਾ ਸੀ ਕਿ 'ਡਰ' ਅਤੇ 'ਵੈਰ' ਸਾਧਾਰਨ ਅਰਥਾਂ ਵਿਚ ਪਰਮਾਤਮਾ ਉਤੇ ਲਾਗੂ ਨਹੀਂ ਹੁੰਦੇ। ਜਿਹੜੇ 'ਡਰ' ਰਚਨਾ-ਖੇਤਰ ਵਿਚ ਸਰਬ-ਵਿਆਪੀ ਹਨ ਪਰਮਾਤਮਾ ਉਨ੍ਹਾਂ ਤੋਂ ਰਹਿਤ ਹੈ।

7.1 ਮਨੁੱਖ ਨੂੰ ਉਸ ਦੀ ਹੋਂਦ ਦਾ ਡਰ ਹੈ, ਕਿਉਂਕਿ ਉਸਦੀ ਸਰੀਰਕ ਹੋਂਦ ਸਥਿਰ ਅਤੇ 'ਸਤਿ' ਨਹੀਂ। ਕੇਵਲ ਪਰਮਾਤਮਾ 'ਸਤਿ' ਅਤੇ 'ਨਿਰਭਉ' ਹੈ। ਬਾਕੀ ਸਾਰੀ ਰਚਨਾ 'ਡਰ' ਅਧੀਨ ਹੈ।

7.2 ਸਾਰੀ ਰਚਨਾ ਦਾ ਜਨਮ, ਵਿਕਾਸ ਅਤੇ ਵਿਨਾਸ ਹੁੰਦਾ ਹੈ। ਆਦਿ ਤੋਂ ਵਿਨਾਸ ਤਕ ਸਾਰੀ ਰਚਨਾ ਹੁਕਮਿ ਦੇ 'ਡਰ' ਅਧੀਨ ਕਿਰਿਆਸ਼ੀਲ ਹੁੰਦੀ ਹੈ। ਇਸ ਕਿਰਿਆ ਵਿਚ ਜੀਵ, ਅਜੀਵ, ਮਨੁੱਖ, ਪਸ਼ੂ, ਪੰਛੀ, ਚੰਨ, ਸੂਰਜ, ਧਰਤੀ, ਤਾਰੇ ਸਾਰਾ ਵਿਸ਼ਵ ਸ਼ਾਮਲ ਹੈ। ਕੇਵਲ 'ਨਿਰਭਉ ਨਿਰੰਕਾਰ 'ਸਚਨਾਮ' ਹੀ ਡਰ ਤੋਂ ਮੁਕਤ ਹੈ।

7.3 ਸਾਰੀ ਰਚਨਾ ਅਗਿਆਤ-ਹੋਣੀਆਂ ਵਚਿੱਤਰ ਸਥਿਤੀਆਂ, ਕਲਪਤ ਸੰਭਾਵਨਾਵਾਂ ਦੇ ਡਰ ਵਿਚ ਵਿਚਰਦੀ ਹੈ, ਕਿਉਂਕਿ ਇਹ ਸਰਬ-ਸਮਰੱਥ ਨਹੀਂ, ਇਕ ਤੋਂ ਦੂਜੀ ਸ਼ਕਤੀ ਘਟ ਜਾਂ ਵਧੇਰੇ ਬਲਵਾਨ ਹੈ। ਕੇਵਲ ਪਰਮਾਤਮਾ ਹੀ ਸਰਬ-ਸਮਰੱਥ ਅਤੇ ਸਰਬ-ਗਿਆਤਾ ਹੈ। ਕੋਈ ਹੋਰ ਸ਼ਕਤੀ ਉਸ ਤੋਂ ਬਲਵਾਨ ਕਿਵੇਂ ਹੋ ਸਕਦੀ ਹੈ ਜਿਸ ਦਾ ਉਸ ਨੂੰ 'ਡਰ' ਹੋਵੇ?[47]

---

45. ਸੀਕਰਜ਼ ਪਾਥ, ਪੰਨਾ 3.
46. ਖੋਜ ਦਰਪਣ, ਗੁਰੂ ਨਾਨਕ ਦੇਵ ਯੂ: ਅੰਮ੍ਰਿਤਸਰ, ਜੁਲਾਈ, 1976, ਪੰਨਾ 26.
47. ਤਿਸ ਤੇ ਊਪਰਿ ਨਾਹੀ ਕੋਇ, ਕਉਣੁ ਡਰੈ ਡਰੁ ਕਿਸ ਕਾ ਹੋਇ।। ਬਿ. 3(842)

7.4 ਸਾਰੀ ਰਚਨਾ ਕਾਲ ਦੀ ਸੀਮਾਂ ਵਿਚ ਹੈ। ਕਾਲ ਦਾ ਡਰ ਭਿਅੰਕਰ ਡਰ ਹੈ ਜਿਸ ਤੋਂ ਮਹਾਨ ਸੂਰਬੀਰ ਜੋਧੇ, ਰਾਜੇ, ਮਹਾਰਾਜੇ, ਪੀਰ, ਪੈਗੰਬਰ ਵੀ ਡਰਦੇ ਅਤੇ ਤ੍ਰਾਹਦੇ ਰਹੇ ਹਨ। ਮਨੁੱਖ , ਪਸ਼ੂ, ਪੰਛੀ ਸਾਰੇ ਜੀਵਨ ਨੂੰ ਬਣਾਈ ਰਖਣ ਦੇ ਆਹਰ ਵਿਚ ਲਗੇ ਰਹਿੰਦੇ ਹਨ ਅਤੇ ਹਰ ਹੀਲੇ 'ਮੌਤ' ਦੇ ਪਰਛਾਵੇਂ ਤੋਂ ਡਰਦੇ ਰਹਿੰਦੇ ਹਨ। ਅਕਾਲਪੁਰਖ ਹੀ ਕਾਲ ਦੀ ਸੀਮਾਂ ਤੋਂ ਬਾਹਰ ਹੈ। ਇਸ ਲਈ ਕੇਵਲ ਅਕਾਲਪੁਰਖ ਹੀ ਸੱਚੇ ਅਰਥਾਂ ਵਿਚ 'ਨਿਰਭਉ' ਹੈ। ਅਕਾਲਪੁਰਖ ਤੋਂ ਬਿਨਾਂ ਸਾਰੇ ਦੇਵੀ ਦੇਵਤੇ, ਰਾਮ ਕ੍ਰਿਸ਼ਨ ਅਵਤਾਰ ਵੀ ਇਸ 'ਭੈ' ਵਿਚ ਹਨ। 'ਡਰ' ਦੀ ਸਰਬ ਵਿਦਮਾਨਤਾ ਦੇ ਬਾਵਜੂਦ ਮਨੁੱਖ ਭੈ-ਰਹਿਤ ਹੋ ਸਕਦਾ ਹੈ ਜਿਸ ਦੀ ਵਿਚਾਰ 'ਨਿਰਵੈਰ' ਦੀ ਵਿਚਾਰ ਉਪਰੰਤ ਕੀਤੀ ਜਾਵੇਗੀ।

## ਨਿਰਵੈਰ

8 . ਸ਼ਾਬਦਿਕ ਅਰਥ: ਸੰਸਕ੍ਰਿਤ ਪਦ ਨਿਰਵੈਰ ਤਤਸਮ ਰੂਪ ਵਿਚ ਹੀ ਪੰਜਾਬੀ ਵਿਚ ਪ੍ਰਚਲਤ ਹੈ।[48] ਮਹਾਨ ਕੋਸ਼ ਅਨੁਸਾਰ 'ਨਿਰਵੈਰ' ਵਿਸ਼ੇਸ਼ਣ ਦੇ ਅਰਥ ਹਨ ਵੈਰ(ਦੁਸ਼ਮਣੀ) ਰਹਿਤ, ਦਵੈਸ਼ ਬਿਨਾਂ, ਕਰਤਾਰ।[49] ਬਹੁਤ ਸਾਰੇ ਟੀਕਾਕਾਰਾਂ ਅਤੇ ਵਿਦਵਾਨਾਂ ਨੇ ਨਿਰਵੈਰ ਦੇ ਇਹੋ ਅਰਥ ਕੀਤੇ ਹਨ।[50] 'ਵੈਰ' ਸ਼ਬਦ ਨੂੰ ਥੋੜਾ ਹੋਰ ਵਿਸ਼ਲਾਤਾ ਵਿਚ ਲਈਏ ਤਾਂ ਇਸ ਵਿਚ ਈਰਖਾ, ਘ੍ਰਿਣਾ, ਦੁਸ਼ਮਣੀ, ਬਦਲੇ ਅਤੇ ਨਫ਼ਰਤ ਦੀ ਭਾਵਨਾ ਵੀ ਸ਼ਾਮਲ ਹੈ।'[51] 'ਨਿਰਵੈਰ' ਦਾ 'ਨਿਰਭਉ' ਨਾਲ ਵੀ ਨਿਕਟਵਰਤੀ ਸੰਬੰਧ ਹੈ। 'ਜੇ ਭਉ ਨਹੀਂ, ਤਾਂ ਵੈਰ ਨਹੀਂ ਹੁੰਦਾ। ਇਸੇ ਤਰ੍ਹਾਂ ਜੇ ਵੈਰ ਨਹੀਂ, ਤਾਂ 'ਭਉ' ਪੈਦਾ ਨਹੀਂ ਹੋ ਸਕਦਾ।'[52] 'ਵੈਰ' ਅਤੇ 'ਡਰ' ਪਰਮਾਤਮਾ ਦੇ ਪ੍ਰਸੰਗ ਵਿਚ ਤਾਂ ਹੀ ਅਰਥ ਰਖਦੇ ਹਨ ਜੇ ਉਸ ਤੋਂ ਬਿਨਾਂ ਕੋਈ ਹੋਰ ਹਸਤੀ ਵੀ ਹੋਵੇ ਪਰ ਪਰਮਾਤਮਾ ਤਾਂ ਅਦਵੈਤ ਹੈ। ਇਸ ਲਈ 'ਨਿਰਵੈਰ' ਦਾ ਇਹ ਅਰਥ ਹੈ ਕਿ ਪਰਮਾਤਮਾ ਕਿਸੇ ਬਾਹਰੀ ਨਿਯੰਤਰਣ ਅਧੀਨ ਨਹੀਂ। ਦੂਜੇ ਸ਼ਬਦਾਂ ਵਿਚ ਉਸ ਵਿਚ ਪੂਰਨ-ਤੌਰ ਤੇ ਸੰਤੁਲਨ ਅਤੇ ਇਕਸਾਰਤਾ ਹੈ। ਅਤੇ ਆਪਣੀ ਰਚਨਾ ਨਾਲ ਪਿਆਰ ਅਤੇ ਹਮਦਰਦੀ ਹੈ।

9.0 ਵੈਰ ਵਿਰੋਧ ਦੇ ਕਾਰਨ: ਹਰੇਕ ਮਨੁੱਖ ਮੂਲ ਰੂਪ ਵਿਚ ਆਪਣੀ ਸੁਰੱਖਿਆ ਲੋੜਦਾ ਹੈ। ਅਤੇ ਵੈਰ-ਵਿਰੋਧ ਤੋਂ ਦੂਰ ਰਹਿਣਾ ਚਾਹੁੰਦਾ ਹੈ ਪਰ ਅਜੇਹਾ ਸੰਭਵ ਨਹੀਂ ਹੋ ਸਕਿਆ। 'ਵੈਰ' ਦੀ ਭਾਵਨਾ ਆਏ ਦਿਨ ਨਵਾਂ ਰੂਪ ਲੈ ਕੇ ਵਿਦਮਾਨ ਹੁੰਦੀ ਹੈ। ਅਜ ਦੇ ਸਿਧਾਂਤ ਅਤੇ ਵਿਚਾਰ ਸ਼ਾਸਤਰੀਆਂ ਨੇ ਮਨੁੱਖਾਂ ਵਿਚਲੇ ਵੈਰਾਂ ਦੇ ਕਈ ਕਾਰਨ ਦਸੇ ਹਨ:

9.1 ਇਕ ਵਿਚਾਰ ਅਨੁਸਾਰ ਵੈਰ ਮਨੁੱਖ ਦਾ ਸੁਭਾਵਕ ਕਰਮ ਅਤੇ ਜਮਾਂਦਰੂ ਫ਼ਿਤਰਤ ਹੈ। ਮਨੁੱਖ ਆਪਣੇ ਸੁਭਾ ਕਰਕੇ ਹਿਲਜੁਲ ਚਾਹੁੰਦਾ ਹੈ। ਸਾਰੀ ਕੁਦਰਤ ਵਿਚ ਆਕਰਸ਼ਣ ਅਤੇ ਵਿਕਰਸ਼ਣ ਸ਼ਕਤੀ ਕੰਮ ਕਰਦੀ ਹੈ ਜਿਸ ਦੇ ਅਸਰ ਅਧੀਨ ਮਨੁੱਖ ਵਿਚ ਪਿਆਰ ਅਤੇ ਵੈਰ ਦੇ ਜਜ਼ਬੇ ਹਨ ਜਿਨ੍ਹਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਬ੍ਰਹਿਮੰਡ ਵਿਚ ਵਿਆਪਕ ਖਿਚੋ-ਤਾਣ ਦਾ ਮਨੁੱਖੀ ਪ੍ਰਗਟਾ 'ਵੈਰ' ਵਿਚ ਹੁੰਦਾ ਹੈ। 'ਵੈਰ' ਤੋਂ

---

48. ਗੁਰਮਤਿ ਦਰਸ਼ਨ ਪੰਨਾ 82.
49. ਮਹਾਨ ਕੋਸ਼ , ਪੰਨਾ 713.
50. ਪ੍ਰਿੰਸੀਪਲ ਤੇਜਾ ਸਿੰਘ, ਜਪੁਜੀ; ਭਾਈ ਜੋਧ ਸਿੰਘ, ਜਪੁਜੀ ਸਟੀਕ, ਪੰਨਾ 22; ਕਪੂਰ ਸਿੰਘ, ਪ੍ਰਾਸ਼ਰ ਪ੍ਰਸ਼ਨ, 1952, ਪੰਨਾ 63; ਭਾਈ ਵੀਰ ਸਿੰਘ, ਸੰਥਯਾ, ਪੰਨਾ 24; ਗੁਰਬਚਨ ਸਿੰਘ ਤਾਲਿਬ, ਜਪੁਜੀ ਪੰਨਾ 39.
51. ਡਾ: ਜਸਵੰਤ ਸਿੰਘ ਨੇਕੀ, ਖੋਜ ਦਰਪਣ, ਜੁਲਾਈ, 1976, ਪੰਨਾ 23.
52. ਗਿਆਨੀ ਲਾਲ ਸਿੰਘ, ਸਿਖ ਧਰਮ ਦੀ ਵਿਸ਼ੇਸ਼ਤਾ , ਗੁਰੂ ਨਾਨਕ ਮਿਸ਼ਨ, ਪਟਿਆਲਾ, ਸਤੰਬਰ 1974, ਪੰਨਾ 3.

ਮਨੁੱਖ ਨੂੰ ਜਜ਼ਬਾਤੀ ਅਨੰਦ ਅਤੇ ਸ਼ਾਂਤੀ ਮਿਲਦੀ ਹੈ। ਵੈਰ ਅਤੇ ਲੜਾਈਆਂ ਮਨੁੱਖ ਦਾ ਕੁਦਰਤੀ ਵਿਰਸਾ ਹਨ।"[53]

9.2 ਬਾਹਰਮੁੱਖੀ ਕਾਰਨਾਂ ਵਿਚ ਧਨ, ਦੌਲਤ, ਆਰਥਕਤਾ, ਅਤੇ ਰਾਜਸੀ ਮਹੱਤਵ ਵੈਰ ਵਿਰੋਧ ਦਾ ਕਾਰਨ ਹੋ ਸਕਦੇ ਹਨ। ਮਾਰਕਸ ਅਨੁਸਾਰ ਸਾਰੇ ਮਾਨਸਿਕ, ਨੈਤਿਕ, ਧਾਰਮਿਕ ਅਤੇ ਰਾਜਸੀ ਹਿਲਜੁਲ ਅਤੇ ਵੈਰ-ਵਿਰੋਧਾਂ ਦਾ ਕਾਰਨ ਆਰਥਕ ਅਤੇ ਪਦਾਰਥਕ ਨਾ ਬਰਾਬਰੀ ਹੈ।[54]

9.3 ਕਿੰਗਜ਼ਲੇ ਮਾਰਟਿਨ[55] ਨੇ ਦੋ ਕੁਤਿਆਂ ਦੇ ਵੈਰ ਦੀ ਉਦਾਹਰਣ ਰਾਹੀਂ ਮਨੁੱਖਾਂ ਦੇ ਆਪਸੀ ਵੈਰਾਂ ਦੇ ਕਾਰਨਾਂ ਨੂੰ ਸਪਸ਼ਟ ਕੀਤਾ ਹੈ। ਉਸ ਅਨੁਸਾਰ ਕੁਤਿਆਂ ਦੀ ਆਪਸੀ ਲੜਾਈ ਤਿੰਨ ਕਾਰਨਾਂ ਕਰਕੇ ਹੋ ਸਕਦੀ ਹੈ: (ੳ) ਕੁਤਿਆਂ ਨੂੰ ਪਟਿਆਂ ਜਾਂ ਸੰਗਲੀਆਂ ਵਿਚ ਬੰਨ੍ਹ ਕੇ ਨਹੀਂ ਰਖਿਆ ਜਾ ਸਕਦਾ।

(ਅ) ਕੁਤਿਆਂ ਨੂੰ ਭੌਂਕਣ ਅਤੇ ਲੜਨ ਵਿਚੋਂ ਅਨੰਦ ਮਿਲਦਾ ਹੈ।

(ੲ) ਉਨ੍ਹਾਂ ਪਾਸ ਖਾਣ ਲਈ ਕਾਫ਼ੀ ਨਹੀਂ ਸੀ।

ਇਸ ਤੋਂ ਮਨੁੱਖੀ ਵੈਰਾਂ ਦੇ ਕਾਰਨਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

10.1 'ਵੈਰ' ਸ਼ਬਦ ਦੇ ਅਰਥਭਾਵ ਵੀ ਸਮੇਂ ਨਾਲ ਬਦਲਦੇ ਰਹੇ ਹਨ। ਪੁਰਾਤਨ ਸਮਿਆਂ ਵਿਚ 'ਓਪਰਾ' ਆਦਮੀ ਹੀ ਵੈਰੀ ਸਮਝਿਆ ਜਾਂਦਾ ਸੀ। 'ਓਪਰੇ' ਆਦਮੀ ਨਾਲ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਜਾ ਸਕਦਾ ਸੀ। ਸਮਾਜਾਂ ਅਤੇ ਕੌਮਾਂ ਦੇ ਹੋਂਦ ਵਿਚ ਆਉਣ ਤੇ ਵੀ 'ਓਪਰਾ' ਆਦਮੀ 'ਪਰਦੇਸੀ' ਹੀ ਹੈ, ਉਹ ਸਮਾਜ ਅਤੇ ਰਾਜ ਵਿਚ ਸੁਤੰਤਰਤਾ ਨਾਲ ਨਹੀਂ ਵਿਚਰ ਸਕਦਾ। ਉਸ ਵਿਚ 'ਵੈਰੀ' ਵਾਲੀ ਭਾਵਨਾ ਹਾਲੀ ਵੀ ਵੇਖੀ ਜਾਂਦੀ ਹੈ। ਓਪਰੇਪਨ ਅਤੇ ਵੈਰ ਦਾ ਇਕ ਵੱਡਾ ਕਾਰਨ ਧਾਰਮਿਕ ਵਿਸ਼ਵਾਸਾਂ ਵਿਚ ਅੰਤਰ ਹੈ। ਕੈਂਬਲ ਸਮਿਥ ਅਨੁਸਾਰ ਪੁਰਾਤਨ ਸਮਿਆਂ ਵਿਚ ਯਹੂਦੀ ਬਾਹਰ ਦੇ ਲੋਕਾਂ ਨੂੰ ਬੁੱਤ-ਪੂਜਾਂ, ਜੜ੍ਹ-ਪੂਜ ਅਤੇ ਯਾਹੋਵਾਹ ਦੇ ਵੈਰੀ ਸਮਝ ਕੇ ਨਫ਼ਰਤ ਕਰਦੇ ਸਨ।[56] ਯੂਨਾਨ ਅਤੇ ਰੋਮ ਵਿਚ ਵੀ 'ਓਪਰੇ' ਆਦਮੀ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਸੁਕਰਾਤ ਦਾ ਕਥਨ ਹੈ ਕਿ ਵੈਰੀਆਂ ਦੇ ਦੁੱਖਾਂ ਉਤੇ ਖੁਸ਼ ਹੋਣਾ ਬੁਰੀ ਗਲ ਨਹੀਂ। ਉਹ ਓਪਰੇ ਆਦਮੀ ਨੂੰ ਬਰਬਰ ਅਤੇ ਯੂਨਾਨ ਦੇ ਵੈਰੀ ਕਹਿੰਦਾ ਹੈ। ਅਰਸਤੂ ਅਨੁਸਾਰ ਯੂਨਾਨੀਆਂ ਨੂੰ ਓਪਰੇ ਆਦਮੀ ਨਾਲ ਜਾਂਗਲੀਆਂ ਵਾਲਾ ਵਤੀਰਾ ਕਰਨਾ ਚਾਹੀਦਾ ਹੈ।[57] ਭਾਰਤ ਵਿਚ ਬਦੇਸ਼ੀਆਂ ਨੂੰ 'ਮਲੇਛ' ਕਹਿ ਕੇ ਤ੍ਰਿਸਕਾਰਿਆਂ ਜਾਂਦਾ ਰਿਹਾ ਹੈ। ਮੁਸਲਮਾਨ ਗ਼ੈਰ ਮੁਸਲਮਾਨਾਂ ਨੂੰ ਬੁੱਤ-ਪੂਜ ਕਾਫ਼ਰ ਸਮਝਦੇ ਰਹੇ ਹਨ।

53. Irving Louis Horowitz, War and Peace in Contemporary Social and Philosophical Theory, London:Souvenir Press, 1973,p.5.
54. Ibid.,
55. Kingsley Martin;War History and Human Nature,London,1959, p.5.
56, M.Cambell Smith, 'Enemy' (art.) ,ERE , V, p. 307.
57.

10.2 ਕੁਝ ਧਰਮਾਂ ਦੇ ਪਰਮਾਤਮਾ ਦੇ ਸੰਕਲਪ ਵਿਚ ਵੀ 'ਵੈਰ' ਦੀ ਭਾਵਨਾ ਸ਼ਾਮਲ ਕੀਤੀ ਗਈ ਹੈ। ਮਨੁੱਖ ਨੇ ਹਮੇਸ਼ਾ 'ਰੱਬ' ਨੂੰ ਆਪਣੀ ਕਲਪਨਾ ਨਾਲ ਚਿਤਵਿਆ ਹੈ। ਕਿਸੇ ਦਾ ਰੱਬ ਉਸ ਦੇ ਵੈਰੀ ਦਾ ਕਿਵੇਂ ਮਿੱਤਰ ਹੋ ਸਕਦਾ ਹੈ? ਪੁਰਾਤਨ ਇੰਜੀਲ ਵਿਚ ਰੱਬ ਨੂੰ ਈਰਖਾਲੂ, ਕ੍ਰੋਧਵਾਨ, ਆਪਣੇ ਹੁਕਮਾਂ ਦੀ ਸਖਤੀ ਨਾਲ ਪਾਲਨਾ ਕਰਵਾਉਣ ਵਾਲਾ ਅਤੇ ਵੈਰੀਆਂ ਦਾ ਸਖਤੀ ਨਾਲ ਵਿਨਾਸ ਕਰਨ ਵਾਲਾ ਦਸਿਆ ਹੈ। ਮੂਸਾ ਯਾਹੋਵਾਹ ਦੇ ਕ੍ਰੋਧ ਦਾ ਜ਼ਿਕਰ ਕਰਦਾ ਕਹਿੰਦਾ ਹੈ, "ਮੈਂ(ਮੂਸਾ) ਉਸ ਦੇ ਗੁਸੇ ਅਤੇ ਕ੍ਰੋਧ ਤੋਂ ਡਰਿਆ ਕਿਉਂਕਿ ਯਾਹੋਵਾਹ ਤੁਹਾਡੇ ਵਿਰੁਧ ਅਜੇਹਾ ਗੁਸੇ ਹੋਇਆ ਕਿ ਉਹ ਤੁਹਾਡਾ ਵਿਨਾਸ ਕਰਨ ਵਾਲਾ ਸੀ।"[58] ਇਸਲਾਮ ਦਾ ਅੱਲਾ ਮੋਮਨਾਂ ਲਈ ਰਹਿਮਾਨ, ਰਹੀਮ ਅਤੇ ਗ਼ਫ਼ੂਰ ਹੈ ਪਰ ਕਾਫ਼ਰਾਂ ਲਈ ਜਬਾਰ( ਜ਼ਾਲਮ)। ਇਸੇ ਭਾਵਨਾ ਅਧੀਨ ਮੁਸਲਮਾਨਾਂ ਨੇ ਹਜ਼ਾਰਾਂ ਮੰਦਰ ਬਰਬਾਦ ਕੀਤੇ, ਮੂਰਤੀਆਂ ਨੂੰ ਤੋੜਿਆ ਅਤੇ ਹਿੰਦੂਆਂ ਨੂੰ ਬੁੱਤ-ਪੂਜ ਕਹਿ ਕੇ ਮਾਰਨਾ ਸਵਾਬ ਸਮਝਿਆ। ਹਿੰਦੂ ਦੇਵੀ ਦੇਵਤੇ, ਵੇਦ-ਕਾਲ ਤੋਂ ਲੜਦੇ ਝਗੜਦੇ ਆਏ ਹਨ। ਬ੍ਰਹਮਾ ਅਤੇ ਵਿਸ਼ਨੂੰ ਦੇ ਮਹਾਨ ਯੁੱਧ ਨੂੰ ਸ਼ਿਵ 'ਅੱਗ ਦੇ ਥੰਮੇ' ਰਾਹੀਂ ਪ੍ਰਗਟ ਹੋ ਕੇ ਨਿਪਟਾਂਦਾ ਹੈ। ਸ਼ਿਵ ਕ੍ਰੋਧ ਵਿਚ ਆ ਕੇ ਸੰਸਾਰ ਨਸ਼ਟ ਕਰ ਦਿੰਦਾ ਹੈ।[59]

10.3 ਪਰਮਾਤਮਾ ਦੇ ਨਾਵਾਂ ਤੋਂ ਵੀ ਕਈ ਵੈਰ ਉਤਪੰਨ ਹੋਏ। ਸ਼ੂਦਰ 'ਓਮ' ਦਾ ਉਚਾਰਣ ਨਹੀਂ ਕਰ ਸਕਦਾ। ਇਕ ਸ਼ੂਦਰ ਦੂਜੇ ਸ਼ੂਦਰ ਦਾ ਮੰਤਰ-ਗੁਰੂ ਬਣਨ ਤੇ ਇਕ ਕ੍ਰੋੜ ਕੁਲਾਂ ਨਰਕ ਵਿਚ ਭੇਜਣ ਦਾ ਹਕਦਾਰ ਬਣ ਜਾਂਦਾ ਹੈ।ਜ਼ਾਤਪਾਤ ਦੇ ਅਭਿਮਾਨ ਤੋਂ ਮਨੁੱਖਾਂ ਵਿਚਕਾਰ ਨਫ਼ਰਤ ਘਿਣਾ ਅਤੇ ਵੈਰ ਦੀ ਭਾਵਨਾ ਪੈਦਾ ਹੁੰਦੀ ਹੈ। ਬ੍ਰਾਹਮਣਾਂ ਦੀ ਨੀਵੀਆਂ ਜਾਤੀਆਂ ਪ੍ਰਤੀ ਨਫ਼ਰਤ, ਵੈਰ, ਕ੍ਰੋਧ ਅਤੇ ਕ੍ਰੋਪੀ ਹਜ਼ਾਰਾਂ ਸਾਲ ਭਾਰਤੀ ਸਮਾਜ ਦਾ ਅੰਗ ਰਹੀ ਹੈ। ਜਿਸਦਾ ਇਕ ਚਿਨ੍ਹ ਅੱਜ ਦੀ 'ਹਰੀਜਨ' ਸ਼੍ਰੇਣੀ ਹੈ ਜਿਸ ਨੂੰ ਵਿਧਾਨ ਵਿਚ ਤਾਂ ਪੂਰੇ ਹਕ ਪ੍ਰਾਪਤ ਹਨ ਪਰ ਸਮਾਜ ਵਿਚ ਉਹ ਹਾਲੀ ਵੀ 'ਅਛੂਤ' ਹਨ।

10.4 ਅਜੋਕੇ ਰਾਜਸੀ 'ਵੈਰ' ਧਾਰਮਿਕ ਵੈਰਾਂ ਤੋਂ ਵੀ ਭਿਆਨਕ ਹਨ ਜਿਨ੍ਹਾਂ ਵਿਚ ਹਜ਼ਾਰਾਂ ਲਖਾਂ ਅਤੇ ਕ੍ਰੋੜਾਂ ਜਾਨਾਂ ਦੀ ਬਰਬਾਦੀ ਮਾਮੂਲੀ ਗਲ ਹੈ। ਇਸ ਸੰਸਾਰ ਵਿਚ ਮਨੁੱਖ ਪਾਸ ਗਿਆਨ ਅਤੇ ਸ਼ਕਤੀ ਹੈ ਜਿਸ ਨਾਲ ਉਹ ਬੇਅੰਤ ਦੌਲਤ ਪੈਦਾ ਕਰਕੇ ਮਨੁੱਖੀ ਪ੍ਰਗਤੀ ਨੂੰ ਏਨਾ ਅੱਗੇ ਲਿਜਾ ਸਕਦਾ ਹੈ ਜਿਹੜਾ ਪਹਿਲਾਂ ਸੰਭਵ ਨਹੀਂ ਸੀ ਪਰ ਉਸਦੀ ਇਹ ਸਾਰੀ ਸ਼ਕਤੀ ਅਤੇ ਗਿਆਨ ਨੂੰ 'ਵੈਰ' ਭਾਵ ਕਾਰਨ ਤਬਾਹੀ ਅਤੇ ਬਰਬਾਦੀ ਲਈ ਏਨੇ ਵੱਡੇ ਪੈਮਾਨੇ ਤੇ ਵਰਤਿਆ ਜਾ ਰਿਹਾ ਹੈ ਜਿਸ ਪੈਮਾਨੇ ਤੇ ਪਹਿਲਾਂ ਕਦੀ ਨਹੀਂ ਵਰਤਿਆ ਗਿਆ।

---

58. ਖ਼ਿਵਸਥਾਸਾਰ, 9.19[4]; ਕੂਚ 34.14[3]; ਹਵਾਲਾ ਡਾ: ਨੇਕੀ, ਉਕਤ, ਪੰਨਾ 26-27.

59. S. Jaiswal, The Origin and development of Vaismavism, op.cit., p. 33.

ਦੂਜੇ ਸੰਸਾਰ ਯੁੱਧ ਦੀ ਭਿਆਨਕਤਾ ਅਤੇ ਬਰਬਾਦੀ ਨੂੰ ਵੇਖ ਕੇ ਬੁਰਟੇਨ ਨੇ ਕਿਹਾ ਸੀ, "ਮਨੁੱਖ ਦੇ ਵੈਰੀ ਕਈ ਹਨ ਜਿਵੇਂ ਸੱਪ, ਸ਼ੇਰ, ਭੇੜੀਏ ਆਦਿ ਪਰ ਉਸ ਦਾ ਸਭ ਤੋਂ ਭਿਆਨਕ ਵੈਰੀ ਮਨੁੱਖ ਹੀ ਹੈ ਕਿਉਂਕਿ ਕੋਈ ਹੈਸਿਆਰਾ ਦੈਂਤ ਵੀ ਇਸ ਤਰ੍ਹਾਂ ਦੇ ਜ਼ੁਲਮ ਨਹੀਂ ਕਰ ਸਕਦਾ ਜਿਸ ਤਰ੍ਹਾਂ ਦੇ ਇਕ ਮਨੁੱਖ ਦੂਜੇ ਮਨੁੱਖਾਂ ਉਤੇ ਕਰਦਾ ਹੈ।[60] ਮਨੁੱਖਤਾ ਦਾ ਭਵਿਖ, ਚੰਗੇ ਭਾਈਚਾਰੇ ਦੇ ਸਰੂਪ ਵਿਚ, ਇਸ ਗਲ ਤੇ ਨਿਰਭਰ ਹੈ ਕਿ ਇਸ ਵਿਚੋਂ ਕਿੰਨਾ 'ਵੈਰ' ਘਟਾਇਆ ਜਾ ਸਕਦਾ ਹੈ।

11.0 ਗੁਰਮਤਿ ਵਿਚਾਰਧਾਰਾ: ਅਨੇਕ ਭਾਂਤੀ 'ਡਰਾਂ' ਵਿਚ ਤਰਾਸੀ ਅਤੇ ਅਨੇਕ-ਭਾਂਤੀ 'ਵੈਰਾਂ' ਵਿਚ ਵੰਡੀ ਮਨੁੱਖਤਾ ਨੂੰ ਗੁਰਮਤਿ ਦਾ 'ਨਿਰਭਉ', 'ਨਿਰਵੈਰ' ਪਰਮਾਤਮਾ ਦਾ ਸੰਕਲਪ ਧਰਮਾਂ ਦੇ ਇਤਿਹਾਸ ਨੂੰ ਵੱਡੀ ਦੇਣ ਹੈ।

11.1 ਗੁਰਮਤਿ ਦਾ '੧ੴ' ਸਾਰਿਆਂ ਦਾ ਕਰਤਾ ਪੁਰਖ ਹੈ ਅਤੇ ਸਰਬ-ਮਨੁੱਖਤਾ ਦਾ ਰੱਬ ਹੈ। ਉਹ ਕਿਸੇ ਇਕ ਜਾਤੀ, ਕੌਮ ਜਾਂ ਕਬੀਲੇ ਦਾ ਪਰਮਾਤਮਾ ਨਹੀਂ। ਉਸ ਦਾ ਕੋਈ 'ਵੈਰੀ' ਨਹੀਂ, ਇਸ ਲਈ ਉਹ 'ਜਬਾਰ' ਅਤੇ 'ਕ਼ਹਾਰ' ਨਹੀਂ, ਸਗੋਂ ਸਤਿ, ਨਿਰੰਜਨ, ਨਿਰਭਉ, ਨਿਰਵੈਰ ਹੈ।[61] ਉਸ ਵਿਚ ਦੇਵੀ ਦੇਵਤਿਆਂ, ਬ੍ਰਹਮਾ ਵਿਸ਼ਨੂੰ, ਯਾਹੋਵਾਹ ਵਾਲਾ ਗੁਸਾ, ਕ੍ਰੋਧ, ਵੈਰ ਅਤੇ ਈਰਖਾ ਨਹੀਂ, ਸਗੋਂ ਉਹ ਸਾਰੀ ਕਾਇਨਾਤ ਨੂੰ ਪਿਆਰ ਕਰਦਾ ਹੈ, ਮਿਠ-ਬੋਲੜਾ ਹੈ, ਕ੍ਰੋਧ-ਵਾਲੀ ਭਾਸ਼ਾ ਜਾਣਦਾ ਹੀ ਨਹੀਂ।[62] ਉਸਦੀ ਭਾਖਿਆ ਅਪਾਰ ਪ੍ਰੇਮ ਵਾਲੀ ਹੈ। ਉਹ ਬਖਸ਼ੰਦ ਹੈ। ਪਿਛਲੇ ਔਗੁਣ ਬਖਸ਼ ਕੇ ਅਗੋਂ ਲਈ ਚੰਗੇ ਮਾਰਗ ਉਤੇ ਪਾਉਂਦਾ ਹੈ।[63] ਉਸ ਦੇ ਵਤੀਰੇ ਵਿਚ ਨਿਆਂ ਨਾਲੋਂ ਪਿਆਰ ਦੀ ਭਾਵਨਾ ਪ੍ਰਬੱਲ ਹੈ। ਉਹ ਵੈਰ, ਵਿਰੋਧ, ਡਰ, ਸ਼ਰੀਕਾ, ਦਵੰਦ ਤੋਂ ਰਹਿਤ ਹੈ।[64] ਉਸ ਵਿਚ ਪੂਰਨ ਸਹਿਜ, ਸਤਿ, ਚਿਤ, ਅਨੰਦ, ਸ਼ਾਂਤੀ, ਅਡੋਲਤਾ ਅਤੇ ਸਭ ਲਈ ਸੁਹਿਰਦੱਤਾ ਹੈ।

11.2 ਗੁਰਮਤਿ ਅਨੁਸਾਰ ਸਾਰੇ 'ਡਰ' ਅਤੇ ਵੈਰ ਦਵੈਤ ਭਾਵ ਤੋਂ ਉਤਪੰਨ ਹੁੰਦੇ ਹਨ। ਜਦੋਂ ਮਨੁੱਖ ਆਪਣੇ ਤੋਂ ਬਾਹਰ ਦੂਜੀਆਂ ਵਸਤਾਂ ਅਤੇ ਵਿਅਕਤੀਆਂ ਨੂੰ ਬਿਗਾਨਾਂ (ਵੈਰੀ) ਸਮਝਦਾ ਹੈ ਅਤੇ ਉਨ੍ਹਾਂ ਤੋਂ ਆਪਣੀ ਹਉਮੈ ਦੇ ਪਸਾਰੇ —ਧਨ, ਦੌਲਤ, ਧਰਤੀ, ਦੇ ਖੁਸ ਜਾਣ ਦਾ 'ਡਰ' ਮਹਿਸੂਸ ਕਰਦਾ ਹੈ, ਤਾਂ ਉਸ ਵਿਚ 'ਵੈਰ' ਦੇ ਭਾਵ ਪੈਦਾ ਹੁੰਦੇ ਹਨ। "ਦਵੈਤ" ਤੋਂ ਉਲਟ ਏਕਤਾ' ਦੀ ਭਾਵਨਾ ਹੈ —ਏਕ ਪਿਤਾ ਏਕਸ ਕੇ ਹਮ ਬਾਰਕ — ਜਿਸ ਵਿਚ ਕੋਈ ਬਿਗਾਨਾਂ ਅਤੇ ਵੈਰੀ ਨਹੀਂ ਦਿਸਦਾ।[65] ਨਿਰਭਉ, ਨਿਰਵੈਰ ਦੀ ਜੋਤਿ ਹੀ ਸਾਰੇ ਵਿਦਮਾਨ ਦਿਸਦੀ ਹੈ।[66]

---

60. Radhakrishnan, Is this Peace? Bombay: Hind Kitab Ltd., 1950., p.4.
61. ਹਰਿ ਸਤਿ ਨਿਰੰਜਨ ਅਮਰੁ ਹੈ, ਨਿਰਭਉ ਨਿਰਵੈਰ ਨਿਰੰਕਾਰੁ। —ਗਉੜੀ 4(302)
62. ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ। ਸੂਹੀ 5(784)
63. ਸੋ. 5(624); ਸਾਰੰਗ 5(1218); ਪ੍ਰਭਾਤੀ ੧(1330), ਬਿ.5(541)
64. ਮਾਰੂ ੧ (1026), ਵਡ.3(592)
65. ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ। ਕਾ.5(1299)
66. ਨਿਰਭਉ ਨਿਰਵੈਰ ਨਿਰੰਕਾਰ ਪੂਰਨ ਜੋਤਿ ਸਮਾਈ। ਸੋ.੧(596)

11.3 ਨਿਰਭਉ ਨਿਰਵੈਰ ਦਾ ਸੰਕਲਪ ਸਰਬ-ਮਨੁੱਖਤਾ ਦੀ ਬਰਾਬਰੀ ਦਾ ਸੰਕਲਪ ਹੈ ਜੋ ਮਨੁੱਖਤਾ ਦੀਆਂ ਜਾਤ, ਜਨਮ, ਨਸਲ, ਦੇਸ, ਭੇਸ ,ਅਮੀਰੀ, ਗਰੀਬੀ, ਦੇ ਆਧਾਰ ਤੇ ਕੀਤੀਆਂ ਵੰਡਾਂ ਦਾ ਖੰਡਨ ਕਰਦਾ ਹੈ। ਇਸ ਸੰਕਲਪ ਅਨੁਸਾਰ ਸਾਰੇ ਮਨੁੱਖ ਇਕ ਪਰਮਾਤਮਾ ਦੀ ਕਿਰਤ ਹਨ, ਸਭ ਨੂੰ ਇਕ ਦਾ ਆਸਰਾ ਹੈ; ਮਨੁੱਖ ਦੀ ਪਰਖ ਜਾਤਿ ਤੋਂ ਨਹੀਂ, ਸਗੋਂ ਅੰਦਰਲੀ ਸਚਾਈ ਤੋਂ ਕਰਨੀ ਚਾਹੀਦੀ ਹੈ, ਮਨੁੱਖ ਦੀ ਜਾਤਿ ਨਹੀਂ, ਜੋਤਿ ਵੇਖਣੀ ਚਾਹੀਦੀ ਹੈ, ਜਾਤੀ ਵੰਡ ਰੱਬੀ ਹੁਕਮਿ ਦੇ ਵਿਰੁਧ ਹੈ, ਜਾਤਿ ਕਰਕੇ ਨਹੀਂ ਸਗੋਂ ਬ੍ਰਹਮ ਨੂੰ ਜਾਨਣ ਵਾਲਾ ਬ੍ਰਾਹਮਣ ਹੈ, ਸਾਰੇ ਮਨੁੱਖ ਇਕੋ ਮਿਟੀ ਤੋਂ ਬਣੇ ਹਨ, ਜਾਤਿ ਦਾ ਗਰਬ ਕਰਨ ਵਾਲੇ ਮੂਰਖ ਅਤੇ ਗੰਵਾਰ ਹਨ।[67]

11.4 ਨਿਰਭਉ ਨਿਰਵੈਰ ਪਰਮਾਤਮਾ ਦੀਆਂ ਸਾਰੀਆਂ ਕੁਦਰਤੀਆਂ ਸ਼ਕਤੀਆਂ ਹਵਾ, ਪਾਣੀ, ਧਰਤੀ, ਅਗਨੀ, ਆਕਾਸ਼, ਸੂਰਜ, ਚੰਨ ਆਦਿ 'ਨਿਰਵੈਰ' ਹੋ ਕੇ ਸਾਰੀ ਮਨੁੱਖਤਾ ਨਾਲ ਇਕੋ ਜੇਹਾ ਵਤੀਰਾ ਕਰਦੀਆਂ ਹਨ।[68]

11.5 ਨਿਰਭਉ ਨਿਰਵੈਰ ਪਰਮਾਤਮਾ ਨੂੰ ਮੰਨਣ ਵਾਲੇ ਵੀ ਨਿਰਭਉ ਨਿਰਵੈਰ ਹੁੰਦੇ ਹਨ। ਸਤਿਗੁਰੂ ਨਿਰਵੈਰ ਹੈ ਜੋ ਸਰਬ-ਮਨੁੱਖਤਾ ਨੂੰ ਬ੍ਰਹਮ-ਸਰੂਪ ਵਿਚ ਵੇਖਦਾ ਹੈ; ਸੰਤ ਨਿਰਵੈਰ ਹੈ, ਜੋ ਹਰਤਰ੍ਹਾਂ ਦੀ ਮੈਲ ਤੋਂ ਪਾਕ ਹੈ; ਭਗਤ ਨਿਰਵੈਰ ਹੈ, ਜੋ ਸਭ ਨੂੰ ਪਿਆਰ ਕਰਦਾ ਹੈ; ਨਿਰਵੈਰ ਦੇ ਉਪਾਸ਼ਕ ਦਾ ਕੋਈ ਦੁਸ਼ਮਨ, ਬੇਗਾਨਾ ਨਹੀਂ ਹੁੰਦਾ ਸਗੋਂ ਸਾਰੇ 'ਮੀਤ' ਅਤੇ 'ਸਾਜਨ' ਹੁੰਦੇ ਹਨ।[69] ਇਹ ਇਕ ਮਨੋਵਿਗਿਆਨਕ ਸਚਾਈ ਹੈ ਕਿ ਮਨੁੱਖ ਜੈਸੇ ਸੰਕਲਪ ਨੂੰ ਮਨ ਵਿਚ ਵਸਾਂਦਾ ਹੈ, ਉਸੇ ਦਾ ਸਰੂਪ ਉਹ ਆਪ ਬਣ ਜਾਂਦਾ ਹੈ:

ਜੇਹਾ ਸੇਵੈ ਤੈਹੋ ਹੋਵੈ ਬਿ.4(549) 'ਨਿਰਭਉ' 'ਨਿਰਵੈਰ' ਪਰਮਾਤਮਾ ਦੇ ਸਾਧਕ ਨਿਰਭਉ ਨਿਰਵੈਰ ਮਨੁੱਖ ਹੋਣਗੇ :

(ੳ) ਜਿਨ ਨਿਰਭਉ ਜਿਨਿ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭ ਗਵਾਸੀ । ਆਸਾ 4(348)

(ਅ) ਨਿਰਭਉ ਜਪੈ, ਸਗਲ ਭਉ ਮਿਟੈ। ਗੁ. ਸੁ. 5(293)

12.1 ਅਸੀਂ ਮੌਤ ਦਾ ਡਰ ਮਨੁੱਖ ਦਾ ਮੂਲ ਡਰ ਦਸਿਆ ਸੀ। ਮੌਤ ਦੇ ਡਰ ਤੋਂ ਬਚਣ ਲਈ ਰਚਨਾ-ਸਿਧਾਂਤ ਅਤੇ ਦੈਵੀ ਹੁਕਮਿ ਸਿਧਾਂਤ ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ। ਕਿਉਂਕਿ ਜ਼ਿੰਦਗੀ ਅਤੇ ਮੌਤ, ਵਿਕਾਸ ਅਤੇ ਬਿਨਾਸ ਕੁਦਰਤ-ਰਚਨਾ ਦੀ ਖੇਡ ਹੈ ਜੋ 'ਹੁਕਮਿ' ਦੇ ਨਿਯੰਤਰਣ ਵਿਚ ਹੈ। ਸਾਰੀ ਰਚਨਾ ਹੁਕਮਿ

---

67. ਸਿਰੀ੧(83), ਪ੍ਰਭਾਤੀ ੧(1330), ਮਾਝ੧(142), ਆਸਾ੧(349), ਸਾਰੰਗ 2(1237), ਆਸਾ 3(425), ਭੈ 3(1128)
68 ਗਉੜੀ ਸੁ. 5(282.)
69. ਗ.4(302); ਗ.5(108); ਭੈ.5(1145), ਧਨਾ 5(77[illegible]

ਅਨੁਸਾਰ ਹੋਂਦ ਵਿਚ ਆਉਂਦੀ ਹੈ ਅਤੇ 'ਮਰਣਾ' ਨਾਲ ਹੀ ਲਿਖ ਦਿਤਾ ਜਾਂਦਾ ਹੈ। ਮਨੁੱਖ ਨੂੰ ਜੋ 'ਹਸਤੀ' ਦੇ ਮਿਟ ਜਾਣ ਦਾ ਡਰ ਹੈ , ਉਹ ਵੀ ਨਿਰਮੂਲ ਹੈ। ਮਨੁੱਖ ਦੀ ਹਸਤੀ ਮਨੁੱਖ ਦਾ ਸਰੀਰ, ਨਹੀਂ, ਆਤਮਾ ਹੈ। ਵਿਨਾਸ ਸਰੀਰ ਦਾ ਹੁੰਦਾ ਹੈ ਜੋ ਪੰਜ ਤੱਤਾਂ ਦਾ ਬਣਿਆ ਹੋਇਆ। ਆਤਮਾ ਅਮਰ ਹੈ। 'ਡਰ' ਓਨਾ ਚਿਰ ਹੀ ਹੈ ਜਿੰਨਾਂ ਚਿਰ 'ਆਤਮਾ' ਨੂੰ, ਅਤੇ ਪਰਮਾਤਮਾ ਨੂੰ ਦੂਰ ਕਿਤੇ ਹੋਰ ਸਮਝਿਆ ਜਾਂਦਾ ਹੈ।[70] ਹਉਮੈ ਦਾ ਸਾਰਾ ਅਡੰਬਰ ਸਰੀਰਕ-ਸੰਬੰਧਾਂ ਦਾ ਅਡੰਬਰ ਹੈ ਜਿਸ ਨੂੰ ਮੌਤ ਦਾ ਡਰ ਹੈ। ਆਤਮਾ ਜੋਤਿ-ਸਰੂਪੀ ਹੈ,[71] ਉਹ ਹੀ ਮਨੁੱਖ ਦਾ ਅਸਲਾ ਹੈ। ਉਸ ਦੀ 'ਪਛਾਣ' ਨਾਲ ਹੀ 'ਡਰ' ਤੋਂ ਛੁਟਕਾਰਾ ਹੋ ਸਕਦਾ ਹੈ।

12.2 ਮਨੁੱਖ 'ਨਿਰਭਉ' 'ਨਿਰਵੈਰ' ਪਰਮਾਤਮਾ ਦੀ ਅੰਸ਼ ਹੈ। 'ਨਿਰਭਉ' 'ਨਿਰਵੈਰ' ਨਾਲ ਮਿਲਾਪ, ਆਪੇ ਦੀ ਪਛਾਣ, ਜਮਾਂ ਦੀ ਤ੍ਰਾਸ ਤੋਂ ਬਚਣ ਦਾ ਸਾਧਨ, ਮਨ ਦੀ ਅਰੋਗਤਾ ਸਭ ਨਾਮ-ਯੋਗ ਤੋਂ ਪ੍ਰਾਪਤ ਹੁੰਦੇ ਹਨ। ਨਾਮ ਨਾਲ ਹਉਮੈ ਦੀ ਨਵਿਰਤੀ ਅਤੇ ਹੁਕਮਿ ਦੀ ਪਛਾਣ ਹੁੰਦੀ ਹੈ। ਹੁਕਮਿ ਦੀ ਪਛਾਣ ਤੋਂ ਸਰੀਰਕ ਦੁਖ, ਡਰ, ਭੁਖ, ਵੈਰ, ਵਿਰੋਧ, ਚਿੰਤਾਵਾਂ ਮੁਕ ਜਾਂਦੀਆਂ ਹਨ ਕਿਉਂਕਿ ਬਹੁਤ ਕੁਝ ਸਾਡੇ ਆਪਣੇ ਮਨ ਦੀ ਅਗਿਆਨਤਾ ਅਤੇ ਹਉਮੈ ਦੀ ਕਿਰਤ ਹੁੰਦੀ ਹੈ:

(ੳ) ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ (749)

(ਅ) ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ । (577)

(ੲ) ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀਂ (588)

ਸ) ਦੂਖ ਰੋਗ ਸਭ ਗਇਆ ਗਵਾਇ। ਨਾਨਕ ਛੂਟਸਿ ਸਾਚੈ ਨਾਇ (1256)

(ਹ) ਹਉਮੈ ਨਾਵੈ ਨਾਲਿ ਵਿਰੋਧੁ ਹੈ। ( 560)

12.3 ਹਉਮੈ ਨੂੰ ਨਿਵਾਰ ਕੇ, ਹੁਕਮਿ ਵਿਚ ਵਿਚਰਨ ਵਾਲਾ ਮਨੁੱਖ ਸਦਾ ਪਰਮਾਤਮਾ ਦੇ 'ਨਿਰਮਲ-ਭੈ' ਵਿਚ ਰਹਿੰਦਾ ਹੈ ਕਿਉਂਕਿ ਗੁਰਮਤਿ ਸਿਧਾਂਤ ਹੈ:

ਭੈ ਤੇ ਨਿਰਭਉ ਪਾਈਐ – ਮ.੧(1288)

ਭੈ ਬਿਨੁ ਕਿਨੈ ਨ ਪ੍ਰੇਮੁ ਪਾਇਆ - ਤੁ. 4(1116)

ਇਹ ਨਿਰਮਲ-ਭਉ ਪ੍ਰਭੂ ਲਈ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਹੈ। ਪਰਮਾਤਮ ਪਿਆਰ ਦੀ ਪਹਿਲੀ ਪਉੜੀ ਪਰਮਾਤਮ-ਡਰ ਹੈ।[72] ਗੁਰਮਤਿ ਅਨੁਸਾਰ ਪਰਮਾਤਮਾ ਦੇ ਨਿਰਮਲ-ਡਰ ਤੋਂ ਹੀ ਸਾਰੇ

---

70. ਡਰਿ ਡਰਿ ਮਰਤੇ ਜਬ ਜਾਨੀਐ ਦੂਰਿ। ਡਰੁ ਚੂਕਾ ਦੇਖਿਆ ਭਰਪੂਰਿ। ਗ.5(186)
71. ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ। ਆਸਾ 3(441)
72. ਭੈ ਭਉ ਰਾਖਿਆ ਭਾਇ ਸਵਾਰਿ । ਗ.੧(151)

ਗੁਣ ਪ੍ਰਗਟ ਹੁੰਦੇ ਹਨ, ਭੈ ਵਿਚ ਮਨ ਵਸ ਵਿਚ ਆਉਂਦਾ ਹੈ, ਭਰਮ ਕੱਟੇ ਜਾਂਦੇ ਹਨ; ਕ੍ਰਾਂਤੀਆਂ ਮੁਕਦੀਆਂ ਹਨ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਪ੍ਰਭੂ-ਭੈ ਵਿਚ ਵਿਚਰਨ ਵਾਲਾ ਮਨੁਖ 'ਨਿਰਭਉ' ਹੋ ਕੇ ਸੰਸਾਰ ਵਿਚ ਵਿਚਰਦਾ ਹੈ।[73] ਕੇਵਲ ਪਰਮਾਤਮ-ਡਰ ਵਿਚ ਸੰਸਾਰ-ਸਾਗਰ ਪਾਰ ਹੋ ਸਕਦਾ ਹੈ :

ਭੈ ਬਿਨੁ ਕੋਇ ਨ ਲੰਘਸਿ ਪਾਰਿ - ਗ.੧(151)

ਇਹ 'ਭੈ' ਪਰਮਾਤਮ-ਪਿਆਰ ਅਤੇ ਰੱਬੀ-ਹੁਕਮ ਦੀ ਪਾਲਣਾ ਦੀ ਪਰਵਾਨਗੀ ਦਾ ਸੰਕੇਤ ਹੈ। "ਉਹ ਜਿਹੜੇ ਨਿਰਭਉ ਦੇ ਹੁਕਮ ਵਿਚ ਖੜੇ ਹਨ, ਉਹ ਭੈ ਰਹਿਤ ਹੋ ਜਾਂਦੇ ਹਨ, ਉਹ ਜਿਹੜੇ ਨਿਰਵੈਰ ਦੀ ਚਾਕਰੀ ਵਿਚ ਸਥਿਤ ਹਨ, ਉਹ ਸਭ ਤਰ੍ਹਾਂ ਦੇ ਵੈਰ ਭਾਵਾਂ, ਈਰਖਾ, ਘਿਰਣਾ, ਬਦਲੇ ਅਤੇ ਨਫਰਤ ਦੀ ਭਾਵਨਾ ਤੋਂ ਮੁਕਤ ਹੋ ਜਾਂਦੇ ਹਨ।"[74]

12.4 ਧਰਮਸ਼ੈਲੇ ਅਨੁਸਾਰ ਮਨੁੱਖ ਦੇ ਬਹੁਤ ਸਾਰੇ ਡਰ ਉਸ ਦੇ ਆਪਣੇ ਯਤਨਾਂ ਨਾਲ ਦੂਰ ਨਹੀਂ ਹੋ ਸਕਦੇ। ਜੇ ਮਨੁੱਖ ਆਪਣੀ ਹਉਮੈ ਦੇ ਹਿਤਾਂ ਨੂੰ ਆਪਣੇ ਨਾਲੋਂ ਵਡੇਰੀ ਹਸਤੀ ਦੇ ਅਧੀਨ ਕਰ ਦੇਵੇ, ਤਾਂ ਮਨੁੱਖ ਦਾ ਕੁਝ ਭੈ ਦੂਰ ਹੋ ਸਕਦਾ ਹੈ ਪਰ ਸਾਰੇ ਭੈਆਂ ਤੋਂ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਮਨੁੱਖ ਆਪਣੀ ਹੋਂਦ ਨੂੰ ਪਿਆਰ ਅਤੇ ਗਿਆਨ ਭਰਪੂਰ ਸਰਬ-ਸਾਮਰੱਥ ਰੱਬੀ ਸ਼ਖਸੀਅਤ ਵਿਚ ਲੀਨ ਕਰ ਦੇਵੇ।[75] ਕੇਵਲ ਨਿਰਭਉ ਨਿਰਵੈਰ ਪਰਮਾਤਮਾ ਹੀ ਅਜੇਹੀ ਸਖਸੀਅਤ ਹੈ ਜਿੱਥੇ ਮਨੁੱਖ ਨੂੰ ਹਰ ਤਰ੍ਹਾਂ ਦੇ ਡਰ ਅਤੇ ਵੈਰ ਤੋਂ ਸੁਰੱਖਿਆ ਪਰਾਪਤ ਹੋ ਸਕਦੀ ਹੈ:

ਕਹੁ ਨਾਨਕ ਹਉ ਨਿਰਭਉ ਹੋਈ
ਸੋ ਪ੍ਰਭੁ ਮੇਰਾ ਓਹਲਾ । ਸੂਹੀ 5(789)

ਮੈਕਨਟਾਇਰ ਦਾ ਵਿਚਾਰ ਹੈ ਕਿ "ਜਿਹੜਾ ਧਰਮ ਸੀਮਤ ਮਨੁੱਖ ਨੂੰ ਅਸੀਮ ਸ਼ਕਤੀ ਅਤੇ ਅਸੀਮ ਅਛਾਈ ਨਾਲ ਜੋੜਦਾ ਹੈ, ਉਹ ਮਨੁੱਖ ਨੂੰ ਸਾਰੇ 'ਡਰਾਂ' ਤੋਂ ਛੁਟਕਾਰਾ ਦਵਾ ਦਿੰਦਾ ਹੈ। ਉਹ ਉਸ ਹੱਦ ਤੱਕ ਮਨੁੱਖ ਵਿਚ ਨਿਰਭੈਤਾ ਪੈਦਾ ਕਰਦਾ ਹੈ ਜਿਸ ਹੱਦ ਤਕ ਮਨੁੱਖ ਦਾ ਉਸ ਧਰਮ ਅਤੇ ਇਸ਼ਟ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ।"[76]

---

73. ਗੂ: 4(1116); ਸੋ 3(645); ਮਲਾਰ੧(427); ਬਿ.5(814)
74. ਡਾ: ਜਸਵੰਤ ਸਿੰਘ ਨੇਕੀ, ਉਕਤ, ਪੰਨਾ30.
75. Aldous Huxley, Perennial Philosophy, London:Chatto and Windus, 1957,p.187.
76. J.L. Mclntyre, op.cit., p. 801.

ਗੁਰਮਤਿ ਇਸੇ ਸੰਕਲਪ ਨੂੰ ਅਮਲ ਵਿਚ ਲਿਆਉਂਦੀ ਮਨੁੱਖ ਨੂੰ ਅਜੇਹੇ 'ਨਿਰਭਉ' 'ਨਿਰਵੈਰ' ਅਕਾਲ ਪੁਰਖ ਨਾਲ ਜੋੜਦੀ ਹੈ ਜੋ ਮਰਨ, ਡਰਨ, ਬਿਨਸਨ; ਕਾੜ੍ਹਿਆਂ, ਭੁਖਾਂ, ਦੁਖਾਂ; ਬੰਧਨਾਂ, ਧੰਦਿਆਂ; ਪਾਪਾਂ ਅਤੇ ਸੋਚਾਂ ਤੋਂ ਮੁਕਤ ਹੈ ਅਤੇ ਜਿਵੇਂ ਜਿਵੇਂ ਮਨੁੱਖ ਉਸ ਨਾਲ ਜੁੜਦਾ ਹੈ, ਇਨ੍ਹਾਂ 'ਡਰਾਂ' ਤੋਂ ਮੁਕਤ ਹੁੰਦਾ ਜਾਂਦਾ ਹੈ। ਸਮੁੱਚਾ ਸੰਕਲਪ ਗੁਰੂ ਅਰਜਨ ਦੇਵ ਦੇ ਨਿਮਨ ਸ਼ਬਦ ਵਿਚ ਵਿਅਕਤ ਹੈ:

ਨਾ ਓਹੁ ਮਰਤਾ, ਨਾ ਹਮ ਡਰਿਆ ।।
ਨਾ ਓਹੁ ਬਿਨਸੈ, ਨਾ ਹਮ ਕੜਿਆ ।।
ਨਾ ਓਹੁ ਨਿਰਧਨ, ਨਾ ਹਮ ਭੂਖੇ ।।
ਨਾ ਓਸੁ ਦੂਖੁ, ਨਾ ਹਮ ਕਉ ਦੂਖੇ ।।
ਅਵਰੁ ਨਾ ਕੋਊ ਮਾਰਨਵਾਰਾ, ਜੀਅਉ ਹਮਾਰਾ ਜੀਉ ਦੇਨਹਾਰਾ।
ਨਾ ਉਸੁ ਬੰਧਨ ਨਾ ਹਮ ਬਾਧੇ ।।
ਨਾ ਉਸੁ ਧੰਧਾ ਨਾ ਹਮ ਧਾਧੇ ।।
ਨਾ ਉਸ ਮੈਲ ਨਾ ਹਮ ਕਉ ਮੈਲਾ ।।
ਓਸ ਅਨੰਦੁ ਤ ਹਮ ਸਦ ਕੇਲਾ ।।
ਨਾ ਉਸ ਸੋਚ ਨਾ ਹਮ ਕਉ ਸੋਚਾ ।।
ਨਾ ਉਸ ਲੇਪੁ ਨ ਹਮ ਕਉ ਪੋਚਾ ।।
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ।।
ਜਾ ਉਹੁ ਨਿਰਮਲੁ ਤ ਹਮ ਜਚਨਾ ।।
ਹਮ ਕਿਛੁ ਨਾਹੀ ਏਕੈ ਓਹੀ , ਆਗੈ ਪਾਛੈ ਏਕੋ ਸੋਈ ।
ਨਾਨਕ ਗੁਰਿ ਖੋਏ ਭ੍ਰਮ ਭੰਗਾ, ਹਮ ਓਇ ਮਿਲਿ ਹੋਏ ਇਕ ਰੰਗਾ ।

ਆਸਾ 5(391)

## ਅਧਿਆਇ ਛੇਵਾਂ

### - ਅਕਾਲ ਮੂਰਤਿ —

1.0 ਆਦਿ ਕਥਨ: 'ਅਕਾਲ ਮੂਰਤਿ' ਦੋ ਸ਼ਬਦਾਂ 'ਅਕਾਲ ' ਅਤੇ 'ਮੂਰਤਿ' ਦਾ ਸਮਾਸ ਹੈ। 'ਮੂਲ ਮੰਤਰ' ਵਿਚ ਸ਼ਬਦ' ਅਕਾਲ' ਦਾ ਪ੍ਰਯੋਗ ਗੁਰਮਤਿ ਵਿਚ 'ਕਾਲ' ਦੇ ਸੰਕਲਪ ਦਾ ਪਹਿਲਾ ਪ੍ਰਸੰਗ ਹੈ। 'ਕਾਲ ' ਅਤੇ 'ਅਕਾਲ' ਦਾ ਸੰਕਲਪ ਕਿਸੇ ਧਰਮ ਦਾ ਮੁੱਖ ਅਤੇ ਮੁੱਢਲਾ ਸੰਕਲਪ ਹੁੰਦਾ ਹੈ। ਕੁਝ ਧਰਮਾਂ ਨੇ 'ਕਾਲ' ਨੂੰ ਪਰਮਾਤਮਾ ਦੇ ਮੁਕਾਬਲੇ ਤੇ ਸੁਤੰਤਰ ਹਸਤੀ ਮੰਨਿਆ ਹੈ। 'ਕਾਲ' ਨੂੰ 'ਅਨਾਦੀ', 'ਅਨੰਤ', 'ਸਿਰਜਣਹਾਰ' ਅਤੇ 'ਬ੍ਰਹਮਾ ਦਾ ਜਨੇਤਾ' ਵੀ ਕਿਹਾ ਗਿਆ ਹੈ। ਧਰਮ, ਦਰਸ਼ਨ , ਵਿਗਿਆਨ , ਮਨੋਵਿਗਿਆਨ ਸਭਨਾ ਖੇਤਰਾਂ ਵਿਚ 'ਕਾਲ' ਨੂੰ ਸਮਝਣ ਦੇ ਉਪਰਾਲੇ ਹੋਏ ਹਨ। ਇਨ੍ਹਾਂ ਉਪਰਾਲਿਆਂ ਦੇ ਪ੍ਰਸੰਗ ਵਿਚ ਗੁਰਮਤਿ ਵਿਚ 'ਕਾਲ' ਅਤੇ 'ਅਕਾਲ' ਦਾ ਸੰਕਲਪ ਸਪਸ਼ਟ ਕਰਨਾ ਅਤਿਅੰਤ ਜ਼ਰੂਰੀ ਹੈ।

ਦੂਜਾ ਸ਼ਬਦ'ਮੂਰਤਿ' ਹੈ। ਮਨੁੱਖ ਨੇ ਸਦਾ ਹੀ ਆਪਣੇ ਇਸ਼ਟ ਨੂੰ ਮੂਰਤੀਮਾਨ ਕਰਨ ਜਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ। ਦੇਵੀ ਦੇਵਤਿਆਂ ਦੀਆਂ ਬੇਅੰਤ ਮੂਰਤਾਂ, ਬੁੱਤ, ਤਸਵੀਰਾਂ, ਅਜੇਹੇ ਉਪਰਾਲਿਆਂ ਦਾ ਸਿੱਟਾ ਹਨ। ਜਿਸ ਪਾਰਬ੍ਰਹਮ ਪਰਮਾਤਮਾ ਦਾ ਮੂਲ ਮੰਤਰ' ਵਿਚ ਸਰੂਪ ਦਸਿਆ ਜਾ ਰਿਹਾ ਹੈ, ਉਸ ਦਾ 'ਰੂਪ' ਅਤੇ ਆਕਾਰ ਕੈਸਾ ਹੈ? ਗੁਰੂ ਨਾਨਕ ਦੇਵ ਨੇ 'ਅਕਾਲ ਮੂਰਤਿ' ਵਿਚ ਆਪਣੇ ਇਸ਼ਟ ਦੀ 'ਮੂਰਤਿ' ਦਾ ਜ਼ਿਕਰ ਕੀਤਾ ਹੈ।

ਪਾਰਬ੍ਰਹਮ ਨੂੰ 'ਅਕਾਲਮੂਰਤਿ' ਦਸਣ ਦਾ ਇਤਿਹਾਸਕ ਕਾਰਨ ਵੀ ਹੈ। ਭਗਤੀ ਲਹਿਰ ਸਮੇਂ ਪਰਮਾਤਮਾ ਦੀ ਪੂਜਾ ਨਾਲੋਂ ਅਵਤਾਰਾਂ ਅਤੇ ਅਵਤਾਰਾਂ ਦੇ ਬੁੱਤਾਂ ਦੀ ਪੂਜਾ ਅਤੇ ਹੋਰ ਅਨੇਕ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਦਾ ਆਮ ਰਿਵਾਜ ਸੀ। ਬਹੁਤ ਸਾਰੇ ਭਗਤ ਭਾਵੇਂ ਦੇਵੀ ਦੇਵਤਿਆਂ ਤੋਂ ਤਾਂ ਮੁਕਤ ਹੋ ਗਏ, ਪਰ ਅਵਤਾਰਵਾਦ, ਵਿਸ਼ੇਸ਼ ਕਰਕੇ ਰਾਮ ਅਤੇ ਕ੍ਰਿਸ਼ਨ ਦੀ ਭਗਤੀ ਤੋਂ ਉਪਰ ਨਾ ਉਠ ਸਕੇ।

ਅਵਤਾਰਵਾਦ ਅਤੇ ਮੂਰਤੀ ਸਥਾਪਨਾ ਅਕਾਲ, ਅਨੰਤ, ਅਸੀਮ ਨੂੰ ਦੇਸ਼ ਕਾਲ ਵਿਚ ਸੀਮਤ ਕਰਨਾ ਹੈ। ਇਸ ਲਈ ਭਾਰਤੀ ਸਮਾਜ ਨੂੰ "ਅਕਾਲ ਮੂਰਤਿ" ਪਾਰਬ੍ਰਹਮ ਦੇ ਸੰਕਲਪ ਦੀ ਵਿਸ਼ੇਸ਼ ਲੋੜ ਸੀ। ਵਿਸ਼ਾਲ-ਖੇਤਰ ਵਿਚ ਇਸ ਸੰਕਲਪ ਦੀ ਲੋੜ ਸਮੁੱਚੀ ਮਨੁੱਖਤਾ ਦੀ ਲੋੜ ਹੈ। ਇਸ ਲਈ ਇਨ੍ਹਾਂ ਦੋਹਾਂ ਸੰਕਲਪਾਂ ਨੂੰ ਅੱਡ ਅੱਡ ਅਤੇ ਸੰਯੁਕਤ ਰੂਪ ਵਿਚ ਸਵਿਸਥਾਰ ਵਿਚਾਰਿਆ ਗਿਆ ਹੈ।

1.1 'ਅਕਾਲ ਮੂਰ ਤਿ' ਕੋਸ਼ ਅਰਥ: ਸੰਸਕ੍ਰਿਤ ਕੋਸਕਾਰਾਂ[1] ਅਨੁਸਾਰ 'ਕਾਲ' ਦਾ ਧਾਤੂ ਕਲ ਹੈ ਜਿਸ ਦੇ ਨਿਮਨ ਅਰਥ ਹੋ ਸਕਦੇ ਹਨ:-

ਸਮਾਂ, ਉਚਿੱਤ ਸਮਾਂ, ਅਵਸਰ, ਸਮੇਂ ਦਾ ਭਾਗ, ਮੌਤ, ਅੰਤ, ਕਾਲਾਰੰਗ, ਕ੍ਰਿਸ਼ਣ, ਦੁਖੀ ਜਾਂ ਜ਼ਖ਼ਮੀ ਕਰਨਾ, ਮੌਸਮ, ਵੈਸ਼ੇਸ਼ਕੀ ਅਨੁਸਾਰ ਨੌ ਦਰਵਾਂ ਵਿਚੋਂ ਇਕ, ਪਰਮ-ਆਤਮਾ ਜੋ ਬ੍ਰਹਿਮੰਡ ਨੂੰ ਖਤਮ ਕਰਨ ਵਾਲੀ ਹੈ, ਯਮ-ਮੌਤ ਦਾ ਦੇਵਤਾ, ਕਿਸਮਤ, ਅੱਖ ਦਾ ਕਾਲਾਹਿਸਾ, ਸ਼ਿਵ ਦਾ ਨਾਮ, ਸ਼ਿਵ ਦੇ ਇਕ ਦੁਸ਼ਮਣ ਦਾ ਨਾਮ, ਸਮੇਂ ਦਾ ਇਕ ਮਾਪ, ਸ਼ਰਾਬ ਕੱਢ ਕੇ ਵੇਚਣ ਵਾਲਾ, ਇਕ ਅੱਖਰ ਦਾ ਰਹੱਸਵਾਦੀ ਨਾਮ, ਕਈ ਪੌਦਿਆਂ ਦੇ ਨਾਮ।

ਮੋਨੀਅਰ ਵਿਲੀਅਮ, ਆਪਟੇ, ਅਤੇ ਸੂਰਯਕਾਂਤ[2] ਅਨੁਸਾਰ 'ਅਕਾਲ' ਦੇ ਅਰਥ ਹਨ— ਬੁਰਾ ਸਮਾਂ, ਖੋਟੇ ਦਿਨ ਅਕਾਲ ਪੈ ਜਾਣਾ, ਬੇਮੌਸਮੀ। ਪਰ ਗੁਰਬਾਣੀ ਵਿਚ 'ਅਕਾਲ' ਨੂੰ ਇਨ੍ਹਾਂ ਭਾਵਾਂ ਵਿਚ ਨਹੀਂ ਵਰਤਿਆ ਗਿਆ। ਗੁਰਬਾਣੀ ਵਿਚ 'ਅਕਾਲ' ਦਾ ਭਾਵ ਕਾਲ-ਰਹਿਤ ਹੈ।

1.2 ਮੂਰਤਿ: ਸੂਰਯਕਾਂਤ ਅਨੁਸਾਰ' ਮੂਰਤਿ' ਦਾ ਧਾਤੂ ਮੂਰਛ ਹੈ। ਇਹ ਇਸਤ੍ਰੀ ਲਿੰਗ ਹੈ ਜਿਸ ਦਾ ਭਾਵ ਹੈ ਸਥੂਲਤਾ, ਸ਼ਰੀਰ ਰੂਪ, ਪਿੰਡ, ਸ਼ਕਲ, ਨਖਸ਼ਿਖ, ਵਿਅਕਤੀ ਅਤੇ ਮੂਰਤਿਮਯ ਦਾ ਭਾਵ ਹੈ ਰੂਪ ਵਾਲਾ। ਮੋਨੀਅਰ ਵਿਲੀਅਮ ਨੇ 'ਮੂਰਤਿ' ਦੇ ਚਾਰ ਅਰਥ ਦਸੇ ਹਨ(ੳ)ਸਥੂਲ (ਅ) ਪਰਾਭੌਤਿਕ ਰੂਪ ਨੂੰ ਸਾਕਾਰ, ਸਾਖਿਆਤ, ਪ੍ਰਕਾਸ਼ਮਾਨ ਕਰਨ ਦੀ ਕਿਰਿਆ, ਮਾਨਵੀ ਕਰਣ, ਅਵਤਰਣ(ੲ) ਕੋਈ ਵਸਤੂ ਜਿਸ ਦਾ ਸੀਮਤ ਰੂਪ ਅਤੇ ਆਕਾਰ ਹੈ(ਦਰਸ਼ਨ ਵਿਚ ਮਨ ਅਤੇ 4 ਤੱਤ ਜਿਸ ਵਿਚ ਪਾਣੀ, ਅੱਗ, ਹਵਾ ਧਰਤੀ ਸ਼ਾਮਲ ਹਨ, ਆਕਾਸ਼ ਸ਼ਾਮਲ ਨਹੀਂ) (ਸ) ਪੁਰਖ, ਰੂਪ, ਸ਼ਕਲ, ਮੂਰਤੀ, ਬੁੱਤ।[3]

ਪਰਮਾਤਮਾ ਦੇ ਸੰਬੰਧ ਵਿਚ 'ਮੂਰਤਿ' ਸ਼ਬਦ ਦਾ ਇਹੋ ਭਾਵ ਹੈ ਕਿ ਕੁਝ ਧਰਮਾਂ ਨੇ ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ, ਪਰਾਭੌਤਿਕ ਨੂੰ ਭੌਤਿਕ, ਅਤੇ ਅਰੂਪ ਨੂੰ ਮੂਰਤਾਂ ਰਾਹੀਂ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰਮਾਤਮਾ ਨੂੰ ਮੂਰਤਾਂ ਵਿਚ ਸਥਾਪਨ ਕਰਨਾ ਕਾਲ ਅਤੇ ਆਕਾਸ਼ ਦੀ ਸੀਮਾਂ ਵਿਚ ਵਸਦੇ ਮਨੁੱਖ ਦਾ

1. ਸੂਰਯ ਕਾਂਤ, ਸੰਸਕ੍ਰਿਤ-ਹਿੰਦੀ ਕੋਸ਼, ਪੰਨਾ 147; ਆਪਟੇ ਕੋਸ਼, ਪੰਨਾ 353.
2. ਮੋਨੀਅਰ ਕੋਸ਼(8) ; ਆਪਟੇ ਕੋਸ਼(3)ਸੂਰਯ ਕਾਂਤ(1) .
3. ਸੂਰਯ ਕਾਂਤ - ਕੋਸ਼(465) ;

ਅਕਾਲ, ਅਨੰਤ, ਅਸੀਮ ਨੂੰ ਵੀ 'ਕਾਲ-ਪੁਲਾੜ' ਦੀ ਸੀਮਾਂ ਵਿਚ ਬੰਨਣ ਦਾ ਉਪਰਾਲਾ ਹੈ। ਗੁਰੂ ਨਾਨਕ ਦੇਵ ਦਾ 'ਅਕਾਲ ਮੂਰਤਿ' ਦਾ ਸੰਕਲਪ ਅਜੇਹੇ ਉਪਰਾਲੇ ਦਾ ਖੰਡਨ ਕਰਦਾ ਹੈ, ਅਤੇ ਪਰਮਾਤਮ-ਹਸਤੀ ਨੂੰ 'ਕਾਲ' ਅਤੇ 'ਪੁਲਾੜ' ਦੀਆਂ ਸੀਮਾਂਵਾਂ ਤੋਂ ਰਹਿਤ ਦਸਦਾ ਹੈ।

1.3 ਭਾਈ ਕਾਨ੍ਹ ਸਿੰਘ ਅਨੁਸਾਰ 'ਅਕਾਲ ਮੂਰਤਿ' ਦੇ ਸੰਗਯਾ ਰੂਪ ਵਿਚ ਅਰਥ ਹਨ, ਅਕਾਲ-ਪੁਰਖ, ਜਿਸ ਦੀ ਸਥਾਪਨਾ ਸਮੇਂ ਦੇ ਭੇਦ ਕਰਕੇ ਨਹੀਂ, ਜੋ ਨਿਤਯ ਅਵਿਨਾਸ਼ੀ ਰੂਪ'[4] ਹੈ। ਭਾਈ ਵੀਰ ਸਿੰਘ ਨੇ 'ਅਕਾਲ' ਦਾ ਅਰਥ 'ਕਾਲ-ਰਹਿਤ' ਅਤੇ 'ਮੂਰਤਿ' ਦਾ ਅਰਥ 'ਵਜੂਦ','ਸਰੂਪ', ਹੋਂਦ', 'ਹਸਤੀ' ਕੀਤਾ ਹੈ। ਉਨ੍ਹਾਂ ਅਨੁਸਾਰ 'ਅਕਾਲ ਮੂਰਤਿ' ਦਾ ਸਮੁੱਚਾ ਅਰਥ ਹੈ"ਉਹ ਹੋਂਦ ਜੋ ਕਾਲ ਦੇ ਅਸਰ ਹੇਠ ਨਹੀਂ, ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ।"[5] ਇਨ੍ਹਾਂ ਅਰਥਾਂ ਵਿਚ ਅਕਾਲ' ਨੂੰ 'ਮੂਰਤਿ' ਪਦ ਦਾ ਵਿਸ਼ੇਸ਼ਣ ਮੰਨਿਆ ਹੈ। ਭਾਈ ਸਾਹਿਬ ਸਿੰਘ ਨੇ ਵੀ 'ਅਕਾਲ' ਨੂੰ 'ਮੂਰਤਿ' ਦਾ ਵਿਸ਼ੇਸ਼ਣ ਮੰਨ ਕੇ 'ਅਕਾਲ ਮੂਰਤਿ' ਦੇ ਇਹੋ ਅਰਥ ਕੀਤੇ ਹਨ, "ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ ਜਿਸ ਦਾ ਸਰੀਰ ਨਾਸ-ਰਹਿਤ ਹੈ)।[6] ਪ੍ਰਿੰਸੀਪਲ ਤੇਜਾ ਸਿੰਘ ਨੇ ਵੀ ਉਪਰੋਕਤ ਵਿਚਾਰਾਂ ਅਨੁਸਾਰ ਹੀ ਇਸ ਦੇ ਅਰਥ "ਨਾ ਮਰਨ ਵਾਲੀ ਹਸਤੀ"[7] ਕੀਤੇ ਹਨ। ਕੁਝ ਵਿਦਵਾਨਾਂ ਨੇ 'ਅਕਾਲ' ਦਾ ਅਰਥ ਤ੍ਰੈ-ਕਾਲੀ ਅਰਥਾਤ ਭੂਤ, ਵਰਤਮਾਨ ਅਤੇ ਭਵਿਖ ਵਿਚ ਵਿਦਮਾਨ ਰਹਿਣ ਵਾਲੀ ਹਸਤੀ ਵੀ ਕੀਤੇ ਹਨ। ਪਰ ਇਹ ਅਰਥ ਸ਼ੁੱਧ ਨਹੀਂ। 'ਅਕਾਲ' ਦਾ ਅਰਥ ਤ੍ਰੈ-ਕਾਲ ਸਦੀਵਤਾ ਨਹੀਂ, ਤ੍ਰੈ-ਕਾਲ ਅਤੀਤਤਾ ਹੈ। ਗੁਰਮਤਿ ਅਨੁਸਾਰ'ਕਾਲ' ਅਨਾਦੀ' ਅਤੇ 'ਅਨੰਤ' ਨਹੀਂ ਪਰ 'ਅਕਾਲਮੂਰਤਿ' ਅਨਾਦੀ ਅਤੇ ਅਨੰਤ ਹਸਤੀ ਹੈ। ਕੁਝ ਨਿਰਮਲੇ ਵਿਦਵਾਨਾਂ ਨੇ ਵੇਦਾਂਤਿਕ ਵਿਧੀ ਅਨੁਸਾਰ ਅਕਾਲ ਸ਼ਬਦ ਦੀ ਮਾਤ੍ਰਿਕ ਵੰਡ ਕਰਕੇ ਅਰਥਾਂ ਦੇ ਅਨਰਥ ਵੀ ਕੀਤੇ ਹਨ ਜਿਵੇਂ ਸੰਤ ਗੁਲਾਬ ਸਿੰਘ ਅਨੁਸਾਰ ਅਕਾਲ ਦਾ "(ਅ) ਅੱਖਰ ਵਿਸ਼ਨੂੰ ਪਾਲਨੇ ਵਾਲੇ ਕਾ ਵਾਚਕ ਹੈ,(ਕਾ) ਬ੍ਰਹਮਾ ਉਤਪਤੀ ਕਰਨੇ ਵਾਲੇ ਕਾ, ਔਰ(ਲ) ਅੱਖਰ ਸ਼ਿਵ ਜੀ ਨੈ ਕਰਨੇ ਵਾਲੇ ਕਾ ਬੋਧਕ ਹੈ। ਸੋਜਿਸ ਵਾਹਿਗੁਰੂ ਮੈਂ ਤੀਨੋ ਦੇਵਤੇ ਹੈਂ ਸੋ ਅਕਾਲ ਮੂਰਤ ਹੈ। —...ਐਸੇ ਮੂਰਤਿ ਮੈਂ(ਮੂ) ਕਹੀਏ ਮੇਰੀ(ਰਤਿ) ਪਰੀਤੀ ਹੈ।"[9] ਅਜੇਹੇ ਅਢੁਕਵੇਂ ਅਤੇ ਅਵਿਵੇਕੀ ਅਰਥ ਪੂਰਬ-ਕਲਪਨਾਵਾਂ ਨੂੰ ਗੁਰਬਾਣੀ-ਸੰਕੇਤਾਂ ਉਤੇ ਜ਼ਬਰਦਸਤੀ ਮੜ੍ਹਨਾ ਹੈ।

1.4 ਸ਼ਬਦ ਅਕਾਲ, ਸਪਸ਼ਟ ਤੌਰ ਤੇ ਅ+ਕਾਲ ਦਾ ਜੋੜ ਹੈ ਜਿਸ ਦਾ ਭਾਵ ਹੈ ,'ਕਾਲ-ਰਹਿਤ' । ਇਹ ਪਾਰ-ਬ੍ਰਹਮ ਦੀ ਸਦੀਵਤਾ ਨੂੰ ਪ੍ਰਗਟ ਕਰਦਾ ਹੈ ਜੋ ਸਮੇਂ ਦੀ ਸੀਮਾਂ ਤੋਂ ਮੁਕਤ ਹੈ।

---

4. ਮਹਾਨ ਕੋਸ਼, ਪੰਨਾ 36.
5. ਸੰਥਯਾ, ੧, ਪੰਨਾ 27-28.
6. ਸ.ਗ.ਗ.ਸ. ਦਰਪਣ, ਪੰਨਾ 44.
7. ਸ਼ਬਦਾਰਥ, ਪੰਨਾ 1.
8. ਸੋਢੀ ਹਜ਼ਾਰਾ ਸਿੰਘ, ਜਪੁ ਬੀਚਾਰੁ , ਪੰਨਾ 14.
9. ਸੰਤ ਗੁਲਾਬ ਸਿੰਘ, ਜਪੁ ਪ੍ਰਕਾਸ਼, ਪੰਨਾ 13-14.

'ਅਕਾਲ ਮੂਰਤਿ' ਵਿਚ 'ਮੂਰਤਿ' ਪਦ ਰਾਹੀਂ ਇਹ ਵਿਚਾਰ ਪੇਸ਼ ਕੀਤਾ ਹੈ ਕਿ ਪਰਮਾਤਮਾ ਅਣਹੋਂਦ ਨਹੀਂ, ਉਸ ਦਾ ਸਰੂਪ ਹੈ ਪਰ ਇਹ ਸਰੂਪ ਭੌਤਿਕ ਰੂਪ ਵਿਚ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਇਸ਼ਟ ਨੂੰ ਪ੍ਰਤੱਖ ਰੂਪ ਵਿਚ ਮੂਰਤੀਮਾਨ ਕਰਨ ਦੇ ਉਪਰਾਲੇ ਪੁਰਾਤਨਤਮ ਸਮਿਆਂ ਤੋਂ ਹੁੰਦੇ ਆਏ ਹਨ ਅਤੇ ਅਜ ਵੀ ਸੰਸਾਰ ਵਿਚ ਆਸਤਕ ਲੋਕਾਂ ਦੀ ਬਹੁ-ਗਿਣਤੀ ਪਰਮਾਤਮਾ ਨੂੰ ਕਿਸੇ 'ਮੂਰਤੀ' ਵਿਚ ਸਾਕਾਰ ਕਰਕੇ ਹੀ ਪੂਜਦੀ ਹੈ। ਪਰ ਗੁਰੂ ਜੀ ਦਾ 'ਅਕਾਲਮੂਰਤਿ' ਦਾ ਸੰਕਲਪ ਪਰਮਾਤਮਾ ਦੀ 'ਮੂਰਤੀ' ਰੂਪ ਵਿਚ ਸਥਾਪਤੀ ਅਤੇ ਪੂਜਾ ਦੇ ਵਿਰੁੱਧ ਹੈ। ਪਰਮਾਤਮ ਹਸਤੀ ਦਾ ਮੂਰਤੀਕਰਣ ਅਤੇ ਪਰਮਾਤਮਾ ਦਾ ਅਕਾਲ ਸਰੂਪ ਵਿਚ ਦੋਵੇਂ ਸੰਕਲਪ ਮਹੱਤਵਪੂਰਨ ਹਨ ਜਿਨ੍ਹਾਂ ਦੀ ਸਵਿਸਥਾਰ ਵਿਆਖਿਆ ਦੀ ਲੋੜ ਹੈ।

### 2.1 ਪਰਮਾਤਮ- ਮੂਰਤਿ:

ਇਸ਼ਟ ਨੂੰ 'ਮੂਰਤੀ' ਰੂਪ ਵਿਚ ਸਥਾਪਤ ਕਰਕੇ ਪੂਜਾ ਕਰਨ ਦਾ ਰਿਵਾਜ ਹਜ਼ਾਰਾਂ ਸਾਲ ਪੁਰਾਣਾ ਹੈ। ਸੰਸਕ੍ਰਿਤ ਦੀ ਇਕ ਪੰਗਤੀ ਹੈ:

> ਪ੍ਰਥਮਾ ਪ੍ਰਤਿਮਾ ਪੂਜਾ, ਜਪ ਸਤੋਤਰਾਣੀ ਮਧਯਮਾ ,
>
> ਉਤਮਾ ਮਾਨਸੀ - ਪੂਜਾ ਸੋਹੰ ਪੂਜੋਤ ਮੋਤਮਾ ।[10]

ਅਰਥਾਤ ਮੂਰਤੀ ਪੂਜਾ ਪਹਿਲੀ ਅਵੱਸਥਾ ਹੈ, ਮੰਤਰਾਂ ਦਾ ਜਾਪ ਅਤੇ ਉਸਤਤੀ ਦੇ ਸ਼ਬਦ ਦਾ ਗਾਇਨ ਦਰਮਿਆਨੀ; ਮਾਨਸਿਕ ਪੂਜਾ ਇਨ੍ਹਾਂ ਤੋਂ ਉਪਰ ਹੈ ਪਰ ਸਭ ਤੋਂ ਉਤਮ 'ਸੋਹੰ' (ਮੈਂ ਉਹ ਹੀ ਹਾਂ) ਦਾ ਜਾਪ ਹੈ। ਸਟੇਸ ਅਨੁਸਾਰ ਪਰਮਾਤਮਾ ਦੀ ਮੂਰਤੀ ਰੂਪ ਵਿਚ ਸਥਾਪਤੀ ਅਤੇ ਪੂਜਾ ਧਰਮ-ਵਿਕਾਸ ਦਾ ਇਕ ਪੜਾ ਹੈ ਜਿਥੇ ਦੈਵੀ ਸਰੂਪ ਨੂੰ ਬਹੁਤ ਅਯੋਗ ਚਿੰਨ੍ਹਾਂ ਰਾਹੀਂ ਵਿਅਕਤ ਕੀਤਾ ਗਿਆ ਹੈ।[11] ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਬੁੱਤ-ਪੂਜਾ ਧਰਮ ਦਾ ਪਤਨ ਹੈ। "ਮਨੁੱਖ ਨੇ ਸ਼ੁਰੂ ਵਿਚ ਪਰਮਾਤਮਾ ਦਾ ਉੱਚਾ ਅਤੇ ਪਵਿਤਰ ਸੰਕਲਪ ਕੀਤਾ ਹੋਣਾ ਹੈ। ਫੇਰ ਉਸ ਨੇ ਪੂਜਨੀਕ ਇਸ਼ਟ ਨੂੰ ਸਾਕਾਰ ਰੂਪ ਵਿਚ ਵੇਖਣ ਲਈ ਚਿੰਨ੍ਹ ਲਭੇ ਜਿਨ੍ਹਾਂ ਨੂੰ ਹੌਲੀ ਹੌਲੀ ਮੂਰਤੀਆਂ ਵਿਚ ਬਦਲ ਦਿਤਾ ਗਿਆ ਜੋ ਦੈਵੀ-ਸ਼ਖਸੀਅਤਾਂ ਦਾ ਸਾਕਾਰ ਰੂਪ ਮੰਨ ਲਈਆਂ ਗਈਆਂ।"[12] ਪਹਿਲਾਂ ਪਹਿਲ ਦੈਵੀ ਸ਼ਕਤੀਆਂ ਨੂੰ ਜਾਨਵਰਾਂ ਅਤੇ ਦੈਂਤਾਂ ਦੇ ਬੁੱਤਾਂ ਰਾਹੀਂ ਪੇਸ਼ ਕੀਤਾ ਜਾਂਦਾ ਸੀ। ਪਰਾ-ਸਰੀਰਕ ਸ਼ਕਤੀਆਂ ਦਾ ਮਾਨਵੀ-ਕਰਣ ਸਭਿਅਤਾ ਦੇ ਵਿਕਾਸ

---

10. T.M.P. Mahadevan, Time and Timeless,op.cit., p.75.
11. Stace, Time and Eternity, Princeton University, 1952, p.98.
12. Goblet D' Alviella, ERE VII, p.113.

ਨਾਲ ਹੋਇਆ ਅਤੇ ਪਸ਼ੂ ਪੰਛੀਆਂ ਨੂੰ ਦੇਵੀ-ਪੁਰਸ਼ਾਂ ਦੇ ਅਧੀਨ ਜਾਂ ਉਨ੍ਹਾਂ ਦਾ ਵਾਹਨ ਬਣਾ ਕੇ ਮੂਰਤੀਮਾਨ ਕੀਤਾ ਗਿਆ ਜਿਵੇਂ ਐਥਨਜ਼ ਦਾ ਉੱਲੂ, ਜ਼ੇਉਸ ਦਾ ਉਕਾਬ, ਭਗਵਾਨ ਕ੍ਰਿਸ਼ਨ ਦਾ ਗਰੜ ਆਦਿ । ਮੂਰਤੀਆਂ ਦੀ ਤੀਜੀ ਭਾਂਤ ਮਨੁੱਖਾਂ ਅਤੇ ਪਸ਼ੂਆਂ ਦਾ ਮਿਲਵਾਂ ਰੂਪ ਸੀ। ਕਦੀ ਸਿਰ ਆਦਮੀ ਦਾ ਅਤੇ ਧੜ ਜਾਨਵਰ ਦਾ ਅਤੇ ਕਦੀ ਸਿਰ ਜਾਨਵਰ ਦਾ ਅਤੇ ਧੜ ਆਦਮੀ ਦਾ ਹੁੰਦਾ ਜਿਵੇਂ ਹਿੰਦੂਆਂ ਵਿਚ ਗਣੇਸ਼, ਹਨੂਮਾਨ ਆਦਿ। ਅਜੇਹੇ ਮਿਸਰਤ ਰੂਪ ਬਹੁ-ਦੇਵ ਪੂਜਕਾਂ ਵਿਚ ਆਮ ਹਨ।

ਆਧੁਨਿਕ ਧਰਮਾਂ ਵਿਚੋਂ ਯਹੂਦੀ, ਇਸਲਾਮ ਅਤੇ ਸਿੱਖ ਧਰਮ ਪਰਮਾਤਮਾ ਦੀ ਮੂਰਤੀਮਾਨਤਾ ਵਿਚ ਵਿਸ਼ਵਾਸ਼ ਨਹੀਂ ਰਖਦੇ। ਬਾਕੀ ਸਾਰੇ ਧਰਮਾਂ ਨੇ ਪਰਮਾਤਮਾ ਨੂੰ ਅਤੇ ਅਨੇਕਾਂ ਹੋਰ ਦੈਵੀ-ਸ਼ਕਤੀਆਂ ਨੂੰ ਮੂਰਤੀਆਂ ਵਿਚ ਸਥਾਪਤ ਕੀਤਾ ਅਤੇ ਪੂਜਿਆ ਹੈ। ਅਜ ਦੇ ਵਿਕਸਤ ਸੰਸਾਰ ਦਾ ਚੋਖਾ ਭਾਗ ਹਾਲੀ ਵੀ ਬੁੱਤ-ਪੂਜ ਹੈ ਜਿਸਦਾ ਸੰਖੇਪ ਸਰਵੇਖਣ ਕੁਥਾਂ ਨਹੀਂ ਹੋਵੇਗਾ।

2.2 ਬੈਬੀਲੋਨ: ਲਿਓਨਰਡ ਕਿੰਗ[13] ਅਨੁਸਾਰ ਬੈਬੀਲੋਨ ਦੇ ਆਦਿ ਵਾਸੀ ਸੁਮੇਰੀਅਨ ਸਨ ਜਿਨ੍ਹਾਂ ਦੇ ਦੇਵਤੇ ਪੁਰਸ਼-ਰੂਪ ਸਨ ਅਤੇ ਉਨ੍ਹਾਂ ਦੀਆਂ ਮੂਰਤੀਆਂ ਵਿਚ ਦੈਵੀ-ਸ਼ਕਤੀ ਅਤੇ ਜਾਦੂ-ਅੰਸ਼ ਸਮਝਿਆ ਜਾਂਦਾ ਸੀ। ਇਨ੍ਹਾਂ ਮਨੁੱਖੀ-ਆਕਾਰ ਵਾਲੀਆਂ ਮੂਰਤੀਆਂ ਵਿਚ ਦੇਵੀ-ਇਸ਼ਟ ਦੀ ਮੌਜੂਦਗੀ ਅਤੇ ਰੂਹ ਮੰਨੀ ਜਾਂਦੀ ਸੀ।

2.3 ਯੂਨਾਨੀਆਂ ਅਤੇ ਰੋਮਨ ਲੋਕਾਂ ਵਿਚ ਇਸ਼ਟ ਨੂੰ ਮੂਰਤੀਆਂ ਵਿਚ ਸਥਾਪਤ ਕਰਨ ਦਾ ਰਿਵਾਜ ਆਮ ਸੀ। ਪੀ.ਗਾਰਡਨਰ ਅਨੁਸਾਰ ਯੂਨਾਨੀਆਂ ਦਾ ਇਹ ਪੁਰਾਤਨ ਵਿਸ਼ਵਾਸ ਹੈ ਕਿ ਹਸਤੀ ਅਤੇ ਮੂਰਤ ਵਿਚ ਨਿਕਟਵਰਤੀ ਸੰਬੰਧ ਹੁੰਦਾ ਹੈ ਅਤੇ ਦੇਵਤੇ ਆਪਣੀ ਮੂਰਤ ਵਿਚ ਨਿਵਾਸ ਰੱਖਦੇ ਹਨ। ਯੂਨਾਨੀ ਇਨ੍ਹਾਂ ਮੂਰਤੀਆਂ ਅੱਗੇ ਘੁੱਟਨੇ ਟੇਕ ਕੇ ਅਰਦਾਸਾਂ ਕਰਦੇ, ਧੂਪ ਧੁਖਾਂਦੇ ਅਤੇ ਖਜ਼ਾਨੇ ਭੇਂਟ ਕਰਦੇ ਸਨ। ਪਰ ਪਲੈਟੋ ਅਤੇ ਕਈ ਹੋਰ ਦਾਰਸ਼ਨੀਆਂ ਨੇ ਦੇਵਤਿਆਂ ਨੂੰ ਬੁੱਤਾਂ ਰਾਹੀਂ ਪੂਜਣ ਦਾ ਖੰਡਨ ਕੀਤਾ ਹੈ।[14]

2.4. ਯਹੂਦੀ: ਯਹੂਦੀਆਂ ਦੇ ਪੁਰਾਤਨ ਬਜ਼ੁਰਗਾਂ ਵਿਚ ਮੂਰਤੀ ਪੂਜਾ ਦੀ ਕੋਈ ਉਦਾਹਰਣ ਨਹੀਂ ਮਿਲਦੀ। ਫਲਸਤੀਨ ਵਿਚ ਵੱਸ ਜਾਣ ਮਗਰੋਂ ਯਹੂਦੀਆਂ ਨੇ ਯਾਹੋਵਾਹ ਨੂੰ "ਸੁਨਹਿਰੀ ਬੈਲ" ਵਿਚ ਮੂਰਤੀਮਾਨ ਕਰਕੇ ਅਤੇ ਹੌਲੀ ਹੌਲੀ ਬੁੱਤਾਂ ਦਾ ਰਿਵਾਜ ਆਮ ਹੋ ਗਿਆ। ਲਾਡਜ਼ ਅਨੁਸਾਰ "ਪੁਰਾਤਨ ਇਜ਼ਰਾਈਲ ਵਿਚ ਮੂਰਤੀਆਂ ਨੂੰ ਚੁੰਮਿਆ, ਜਾਂਦਾ , ਸੁਗੰਧੀ ਭੇਂਟ ਹੁੰਦੀ, ਸੁੰਦਰ ਅਤੇ ਕੀਮਤੀ ਪੁਸ਼ਾਕਾਂ ਪਹਿਨਾਈਆਂ ਜਾਂਦੀਆਂ, ਭੋਜਨ ਖੁਆਏ ਜਾਂਦੇ, ਨੁਹਾਇਆ ਜਾਂਦਾ, ਗਹਿਣਿਆਂ ਨਾਲ ਸਜਾਇਆ ਜਾਂਦਾ ਅਤੇ ਉਨ੍ਹਾਂ ਦੇ ਜਲੂਸ ਕੱਢੇ ਜਾਂਦੇ ਸੀ"[15]

13. Leonard W. King, Images and Idols(Babylonian),ERE VII, pp. 117-19.
14. P.Gardner, ERE,pp.134-138.
15. Adolphe Lods, ERE,VII, 138-142.

ਪਰ 'ਯਾਹੋਵਾਹ' ਵਿਸ਼ਵਾਸ਼ੀਆਂ ਵਿਚ ਛੇਤੀ ਹੀ ਬੁੱਤ-ਪ੍ਰਸਤੀ ਵਿਰੁੱਧ ਵਿਦਰੋਹ ਜਾਗਿਆ। ਮੂਰਤੀ-ਪੂਜਾ ਨੂੰ 'ਯਾਹੋਵਾਹ' ਦੀ ਪੂਜਾ ਵਿਰੁੱਧ ਦਸਿਆ ਗਿਆ। ਪੁਰਾਤਨ ਇੰਜੀਲ ਦੇ ਦੂਜੇ ਹੁਕਮ ਅਨੁਸਾਰ ਸਾਰੇ ਬੁੱਤਾਂ ਦੀ ਘਾੜਤ ਦੀ ਮਨਾਹੀ ਕਰ ਦਿਤੀ ਗਈ, ਭਾਵੇਂ ਉਹ ਪੂਜਾ ਲਈ ਸਨ ਅਤੇ ਭਾਵੇਂ ਕਲਾ ਲਈ। ਏਥੋਂ ਤੱਕ ਕਿ ਪਵਿਤਰ ਯਹੂਦੀਆਂ ਨੇ ਉਹ ਨਾਂ ਲੈਣੇ ਬੰਦ ਕਰ ਦਿਤੇ ਜਿਨ੍ਹਾਂ ਦਾ ਅਰਥ ਮੂਰਤੀ ਹੁੰਦਾ ਸੀ। ਇਸ ਤਰ੍ਹਾਂ ਯਹੂਦੀ ਮੂਰਤੀ-ਪੂਜਾ ਤੋਂ ਸਦਾ ਲਈ ਮੁਕਤ ਹੋ ਗਏ।

.5 ਈਸਾਈ: ਭਾਵੇਂ ਈਸਾਈ ਧਰਮ ਦਾ ਆਧਾਰ ਯਹੂਦੀ ਮੱਤ ਹੈ, ਜਿਸ ਵਿਚ ਬੁੱਤਾਂ ਦੀ ਪੂਰੀ ਮਨਾਹੀ ਹੈ ਤਾਂ ਵੀ, ਗੋਬਲੇਟ ਅਨੁਸਾਰ, ਈਸਾਈ ਧਰਮ ਵਿਚ ਜਿੰਨੀ ਮੂਰਤੀਆਂ ਦੀ ਮਾਨਤਾ ਹੈ, ਓਨੀ ਹੋਰ ਕਿਸੇ ਧਰਮ ਵਿਚ ਨਹੀਂ। ਪੈਰਸ ਦੇ ਕੁਝ ਵੱਡੇ ਫਰਾਂਸੀਸੀ ਗਿਰਜਿਆਂ ਵਿਚ ਦੋ ਤੋਂ ਚਾਰ ਹਜ਼ਾਰ ਤਕ ਮੂਰਤੀਆਂ ਵੇਖੀਆਂ ਜਾ ਸਕਦੀਆਂ ਹਨ।[16] ਇਨ੍ਹਾਂ ਮੂਰਤੀਆਂ ਰਾਹੀਂ ਪੂਰੀ ਦੀ ਪੂਰੀ ਬਾਈਬਲ ਸਾਖਿਆਤ ਕੀਤੀ ਗਈ ਹੈ। ਜੋਹਨ(4.24) ਅਨੁਸਾਰ 'ਰੱਬ ਰੂਹ ਹੈ ਅਤੇ ਮਨੁੱਖ ਰੱਬ ਦੇ ਰੂਪ ਵਿਚ ਘੜਿਆ ਗਿਆ ਹੈ' ਅਤੇ 'ਰੂਹ' ਦੀ ਕੋਈ ਸ਼ਕਲ ਅਤੇ ਆਕਾਰ ਨਹੀਂ ਹੁੰਦਾ ਫਿਰ ਵੀ 'ਸਾਕਾਰ' ਨਾਲ ਸੰਬੰਧ ਜੋੜਨ ਲਈ 'ਈਸਾ' 'ਮਰੀਅਮ ਅਤੇ ਹੋਰ ਪੂਜਨੀਕ ਹਸਤੀਆਂ ਨੂੰ ਮੂਰਤੀਆਂ ਰਾਹੀਂ ਸਾਕਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਈਸਾ ਦੇ ਬੁੱਤਾਂ ਨੂੰ ਰੋਮਨ ਕੈਥੋਲਿਕ ਰੱਬ ਦੀ ਸਾਕਾਰ ਮੂਰਤੀ ਜਾਣ ਕੇ ਪੂਜਦੇ ਹਨ।

.6 ਬੁੱਧ-ਧਰਮ: ਕਨਿੰਘਮ ਦਾ ਵਿਚਾਰ ਹੈ ਕਿ ਸ਼ੁਰੂ ਸ਼ੁਰੂ ਵਿਚ ਬੁੱਧ ਮਤ ਵਿਚ ਮੂਰਤੀ-ਪੂਜਾ ਉੱਕੀ ਨਹੀਂ ਸੀ ਜੋ ਮਹਾਯਾਨ ਧਾਰਾ ਨਾਲ ਪ੍ਰਚੱਲਤ ਹੋਈ ਤੇ ਹੌਲੀ ਹੌਲੀ ਜ਼ੋਰ ਪਕੜ ਗਈ। ਦਰ ਅਸਲ ਬੁੱਧ ਦੀ ਮੂਰਤੀ ਦੀ ਪੂਜਾ ਪਹਿਲੀ ਸਦੀ ਈਸਵੀ ਤੋਂ ਸ਼ੁਰੂ ਹੁੰਦੀ ਹੈ ਜਿਹੜਾ ਸਮਾਂ ਬੁੱਧ ਤੋਂ ਚਾਰ ਪੰਜ ਸੌ ਸਾਲ ਬਾਹਦ ਦਾ ਹੈ। ਗੇਡਨ ਦਾ ਵਿਚਾਰ ਹੈ ਕਿ ਬੁੱਧ ਨੂੰ ਦੇਵਤਾ ਦਸਣ ਦਾ ਵਿਚਾਰ ਉਸ ਦੇ ਨਿਕਟ ਵਰਤੀ ਚੇਲਿਆਂ ਵਿਚ ਉਸ ਦੇ ਜੀਉਂਦਿਆਂ ਹੀ ਸ਼ੁਰੂ ਹੋ ਗਿਆ ਸੀ। ਇਸ ਤਰ੍ਹਾਂ ਹੌਲੀ ਹੌਲੀ ਇਹ ਅਣ-ਈਸ਼ਵਰੀ-ਧਰਮ ਪੂਰੀ ਤਰ੍ਹਾਂ ਬਹੁ-ਦੇਵ-ਵਾਦੀ ਜੰਜਾਲ ਵਿਚ ਪੂਰੀ ਤਰ੍ਹਾਂ ਫਸ ਗਿਆ।[17] ਸ਼ੁਰੂ ਸ਼ੁਰੂ ਵਿਚ ਕਲਾਕਾਰ ਬੁੱਧ ਦੀ ਪੂਰੀ ਮੂਰਤ ਘੜਨ ਤੋਂ ਡਰਦੇ ਸੀ। ਬੁੱਧ ਦੀ ਆਤਮਕ ਹੋਂਦ ਨੂੰ ਧਰਮ-ਚੱਕਰ, ਬੋ-ਰੁੱਖ, ਪੈਰ-ਚਿੰਨ੍ਹ ਜਾਂ ਖਾਲੀ ਕੁਰਸੀ ਆਦਿ ਰਾਹੀਂ ਦਰਸਾਇਆ ਜਾਂਦਾ ਸੀ।[18] ਸੈਲਾਨੀ ਫਾ-ਹੀ-ਆਂ ਅਤੇ ਹਿਊਨ-ਸਾਂਗ ਨੇ ਬੁੱਧ ਦੇ ਬੁੱਤਾਂ ਦੇ

---

16. Goblet D. Alviela, Images and Idols(art.), ERE ,VII,p.110.
17. A.S.Geden, Images and Idols(Budhism),ERE,VII,pp.119-127.
18. W. Crook, ERE,VII, p.143.

ਆਮ ਹੋਣ ਦੀ ਸਾਖ ਭਰੀ ਹੈ। ਅਜ ਚੀਨ, ਜਾਪਾਨ, ਕੋਰੀਆ, ਤਿਬੱਤ ਅਤੇ ਭਾਰਤ ਵਿਚ ਬੁੱਧ ਦੀ ਮੂਰਤੀ ਪੂਜਾ ਆਮ ਹੈ।

2.7 ਚੀਨ: ਡਾਇਰ ਬਾਨ ਲਿਖਦਾ ਹੈ, "ਚੀਨ ਬੁੱਤਾਂ ਨਾਲ ਭਰਿਆ ਪਿਆ ਹੈ। ਕਿਸ਼ਤੀਆਂ ਅਤੇ ਗਲੀਆਂ ਵਿਚ ਅਤੇ ਲਗਭਗ ਹਰ ਥਾਂ ਮੂਰਤੀਆਂ ਦੀ ਭਰਮਾਰ ਹੈ।"[19]

2.8. ਮਿਸਰ: ਮਿਸਰ ਦੇ ਪੁਰਾਤਨ ਧਰਮ ਆਪਣੇ ਦੇਵਤਿਆਂ ਨੂੰ ਸਾਧਾਰਨ ਪੱਥਰਾਂ, ਰੁੱਖਾਂ ਅਤੇ ਜਾਨਵਰਾਂ ਵਿਚ ਵਿਦਮਾਨ ਸਮਝਦੇ ਸੀ। ਦੇਵਤਾ ਸੇਬੇਕ ਨੂੰ ਕਛੂ ਕੁੰਮੇ, ਦੇਵਤਾ ਖਨੂਮ ਨੂੰ ਬੱਕਰੇ, ਸੇਖਮਤ ਨੂੰ ਸ਼ੇਰਨੀ ਅਤੇ ਹੈਥੋਰ ਨੂੰ ਗਊ ਰਾਹੀਂ ਮੂਰਤੀਮਾਨ ਕੀਤਾ ਗਿਆ ਹੈ।[20] ਸੂਰਜ ਦੇਵਤਾ 'ਰਾ' ਦੀ ਪੂਜਾ ਵੀ ਮੂਰਤੀ ਰਾਹੀਂ ਕੀਤੀ ਜਾਂਦੀ ਸੀ। ਕੁਝ ਦੇਵੀ-ਸ਼ਕਤੀਆਂ ਨੂੰ ਮਨੁੱਖੀ ਅਰਧ-ਮਨੁੱਖੀ ਰੂਪ ਵਿਚ ਵੀ ਪੂਜਿਆ ਗਿਆ।

2.9. ਜਾਪਾਨ: ਤਸਵੀਰਾਂ ਅਤੇ ਮੂਰਤਾਂ ਦੀ ਪੂਜਾ ਜਾਪਾਨ ਦੀ ਧਰਤੀ ਦਾ ਆਪਣਾ ਵਿਰਸਾ ਨਹੀਂ, ਕਿਉਂਕਿ ਨਿਰੋਲ ਸ਼ਿੰਟੋਵਾਦ ਵਿਚ ਇਨ੍ਹਾਂ ਦਾ ਅਭਾਵ ਹੈ। ਟਾਸੂਕੂ ਅਨੁਸਾਰ ਜਾਪਾਨ ਵਿਚ ਬੁੱਧ-ਪੂਜਾ ਬੋਧੀਆਂ ਦੇ ਆਉਣ ਨਾਲ ਛੇਵੀਂ ਸਦੀ ਈਸਵੀ ਤੋਂ ਸ਼ੁਰੂ ਹੋਈ ਜਿਸ ਦਾ ਅਸਰ ਸ਼ਿੰਟੋ ਮੰਦਰਾਂ ਤੇ ਵੀ ਹੋਇਆ। ਕਯੋਟੋ ਦੇ ਇਕ "ਕਵਾਨੋਨ" ਮੰਦਰ ਵਿਚ 33,333 ਮੂਰਤੀਆਂ ਹਨ।[21]

2.10. ਤਿਬਤੀਆਂ ਵਿਚ ਮੂਰਤੀ ਪੂਜਾ ਅਤੇ ਚਿਤਰ-ਪੂਜਾ ਦਾ ਰਿਵਾਜ ਕਿਸੇ ਵੀ ਬੋਧੀ ਮੁਲਕ ਨਾਲੋਂ ਘੱਟ ਨਹੀਂ। ਤਿਬੱਤ ਵਿਚ ਮਹਾਯਾਨੀ ਪ੍ਰਥਾ ਅਨੁਸਾਰ ਬੁੱਧ ਤੋਂ ਬਿਨਾਂ ਹੋਰ ਕੋਈ ਦੇਵਾਂ ਅਤੇ ਦੈਂਤਾਂ ਦੇ ਬੁੱਤ ਵੀ ਬੋਧੀ-ਅਸਥਾਨਾਂ ਉਤੇ ਪੂਜੇ ਜਾਂਦੇ ਹਨ। ਕੁਝ ਬੁੱਤ ਮੂਲ-ਰੂਪ ਵਿਚ ਹਿੰਦੂ ਦੇਵੀ ਦੇਵਤੇ ਹਨ ਜਿਨ੍ਹਾਂ ਨੂੰ ਬੋਧੀ ਰੂਪ ਦੇ ਦਿਤਾ ਗਿਆ ਹੈ।[22]

2.11 ਇਸਲਾਮ ਵਿਚ ਮੂਰਤੀ-ਪੂਜਾ: ਮੁਹੰਮਦ ਸਾਹਿਬ ਨੇ ਬੁੱਤ-ਪ੍ਰਸਤੀ ਅਤੇ ਮੂਰਤੀ-ਪੂਜਾ ਦਾ ਸਖ਼ਤ ਖੰਡਨ ਕੀਤਾ। ਕੁਰਾਨ ਵਿਚ ਰੱਬ ਦੀ ਏਕਤਾ ਅਤੇ ਮੂਰਤੀਆਂ ਦੇ ਖੰਡਨ ਦੇ ਅਨੇਕਾਂ ਹਵਾਲੇ ਮਿਲਦੇ ਹਨ। ਕੁਰਾਨ(112) ਅਨੁਸਾਰ ਕੇਵਲ ਉਹ ਹੀ ਅੱਲਾ ਹੈ, ਉਹ ਸਦੀਵੀ ਹੈ ਅਤੇ ਸਥਾਪਨ ਨਹੀਂ ਹੋ ਸਕਦਾ ਅਤੇ ਨਾ ਹੀ ਪੈਦਾ ਕੀਤਾ ਜਾ ਸਕਦਾ ਹੈ। ਉਸ ਵਰਗਾ ਹੋਰ ਕੋਈ ਨਹੀਂ। ਕੁਰਾਨ(35.38) ਵਿਚ ਕਿਹਾ ਹੈ, "ਅੱਲਾ ਤੋਂ ਬਿਨਾਂ ਹੋਰ ਕਿਹੜੇ ਦੇਵਤੇ ਦੀ ਪੂਜਾ ਕਰਦੇ ਹੋ? ਦਸੋ ਉਨ੍ਹਾਂ ਨੇ ਧਰਤੀ ਦਾ ਕਿਹੜਾ ਭਾਗ ਪੈਦਾ ਕੀਤਾ ਹੈ?"

---

19. J. Dyer Ball, Images and Idols(Chinese), ERE, VII, p.131.
20. James Baikie, ERE,VII, 132.
21. Tasukoo Harada, Images and Idols (Japanese)m ERE,VII, p.148.
22. L.A.Waddell, Images and Idols(Tibetan), ERE,VII, pp.159-60.

ਕੁਰਾਨ(2.22) ਅਨੁਸਾਰ ਝੂਠੇ ਦੇਵਤਿਆਂ ਦੀਆਂ ਮੂਰਤੀਆਂ ਨਰਕ ਦੀ ਅੱਗ ਦਾ ਸਾਮਾਨ ਹਨ। ਕੁਰਾਨ(29.40) ਅਨੁਸਾਰ ਬੁੱਤ-ਪੂਜਕ ਮਕੜੀਆਂ ਹਨ ਜੋ ਆਪਣਾ ਘਰ ਆਪ ਬਣਾਉਂਦੀਆਂ ਹਨ ਜੋ ਸਭ ਤੋਂ ਕੱਚੇ ਹੁੰਦੇ ਹਨ। ਬੁੱਤ-ਪੂਜਕਾਂ ਲਈ ਦੁਆ ਨਹੀਂ ਕਰਨੀ(9.115) ; ਉਨ੍ਹਾਂ ਦਾ ਅੰਤ ਅੱਗ ਵਿਚ ਸੜਨਾ ਹੈ(7.36); ਬੁੱਤ-ਪੂਜਕਾਂ ਨਾਲ ਰਿਸ਼ਤਾ ਨਹੀਂ ਕਰਨਾ(2.220) ; ਮੂਰਤੀ-ਪੂਜਾ ਘੋਰ ਅਪਰਾਧ ਹੈ ਜੋ ਮਾਫ਼ ਨਹੀਂ ਹੋ ਸਕਦਾ(4.51)। ਕੁਰਾਨ (9.5) ਵਿਚ ਬੁੱਤ-ਪੂਜਕਾਂ ਨਾਲ ਭੈੜਾ ਸਲੂਕ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਕੁਰਾਨ(9.28) ਅਨੁਸਾਰ ਬੁੱਤ-ਪੂਜਕਾਂ ਲਈ ਮੱਕੇ ਦੀ ਯਾਤਰਾ ਦੀ ਵੀ ਮਨਾਹੀ ਹੈ।

ਐਡਵਰਡ ਸੈਲ ਅਨੁਸਾਰ 'ਭਾਵੇਂ ਮੁਹੰਮਦ ਸਾਹਿਬ ਨੇ ਬੁੱਤ-ਪ੍ਰਸਤੀ ਨੂੰ ਲਗਭਗ ਖ਼ਤਮ ਹੀ ਕਰ ਦਿਤਾ ਪਰ ਉਹ ਅਰਬ ਦੇ ਬੁੱਤ-ਪੂਜਕਾਂ ਦੀ 'ਕਾਲੇ-ਪੱਥਰ'ਦੀ ਪੂਜਾ ਨਾ ਹਟਾ ਸਕੇ —..ਭਾਵੇਂ ਇਸਲਾਮ ਵਿਚ ਬੁੱਤ ਪੂਜਾ ਦੀ ਪੂਰਨ ਮਨਾਹੀ ਹੈ ਤਾਂ ਵੀ ਸਾਧਾਂ ਫ਼ਕੀਰਾਂ ਦੀ ਪੂਜਾ ਆਮ ਹੈ ਅਤੇ ਸਾਰੀਆਂ ਇਸਲਾਮਿਕ ਥਾਂਵਾਂ ਤੇ ਫ਼ਕੀਰਾਂ ਦੀਆਂ ਕਬਰਾਂ ਦੀ ਜ਼ਿਆਰਤ ਕੀਤੀ ਜਾਂਦੀ ਹੈ।[23] '

2.12. ਹਿੰਦੂਆਂ ਵਿਚ ਮੂਰਤੀ-ਪੂਜਾ: ਭਾਰਤ ਵਰਗੀ ਮੂਰਤੀ-ਪੂਜਾ ਦੀ ਪਰਦਰਸ਼ਨੀ ਸੰਸਾਰ ਵਿਚ ਕਿਤੇ ਨਹੀਂ ਮਿਲਦੀ। ਭਾਰਤ ਦੇ ਕਿਸੇ ਵੀ ਪਵਿੱਤਰ ਸ਼ਹਿਰ ਵਿਚ ਮੂਰਤੀ ਪੂਜਾ ਦੀਆਂ ਝਾਕੀਆਂ ਆਮ ਦਿਸ ਪੈਂਦੀਆਂ ਹਨ। ਸ਼ੈਰਿੰਗ ਅਨੁਸਾਰ 19ਵੀਂ ਸਦੀ ਦੇ ਆਰੰਭ ਸਮੇਂ ਇਕਲੇ ਬਨਾਰਸ ਵਿਚ 1454 ਮੰਦਰ ਸਨ ਜਿਨ੍ਹਾਂ ਵਿਚ ਉਥੋਂ ਦੀ ਵਸੋਂ ਤੋਂ ਦੂਣੀਆਂ, ਘਟੋ ਘਟ 5 ਲੱਖ ਮੂਰਤੀਆਂ ਜ਼ਰੂਰ ਹੋਣਗੀਆਂ।[24] ਹੰਟਰ ਅਨੁਸਾਰ ਪਵਿੱਤਰ ਸ਼ਹਿਰ ਪੁਰੀ ਵਿਚ 19ਵੀਂ ਸਦੀ ਦੇ ਮੱਧ ਵਿਚ 120 ਤੋਂ ਵੱਧ ਮੰਦਰ ਸਨ ਜਿਨ੍ਹਾਂ ਵਿਚ ਹਜ਼ਾਰਾਂ ਦੇਵੀ ਦੇਵਤਿਆਂ ਦੀਆਂ ਪ੍ਰਤਿਮਾਂ ਪੂਜੀਆਂ ਜਾਂਦੀਆਂ ਸੀ।[25] ਸਮੇਂ ਨਾਲ ਇਨ੍ਹਾਂ ਮੰਦਰਾਂ ਅਤੇ ਮੂਰਤੀਆਂ ਦੀ ਗਿਣਤੀ ਵਾਧਾ ਹੀ ਹੋਇਆ ਹੈ। ਮੂਰਤੀ ਪੂਜਾ ਹਿੰਦੂ ਧਰਮ ਦਾ ਪ੍ਰਮੁੱਖ ਅਤੇ ਅਨਿਖੜਵਾਂ ਅੰਗ ਬਣ ਗਿਆ ਹੈ। ਇਉਂ ਜਾਪਦਾ ਹੈ ਜਿਵੇਂ ਮੂਰਤੀ ਪੂਜਾ ਉਨ੍ਹਾਂ ਲਈ ਹਵਾ ਹੈ, ਜਿਸ ਵਿਚ ਉਹ ਜੀਉਂਦੇ ਹਨ। ਹਿੰਦੂਆਂ ਵਿਚ ਮੂਰਤੀ ਪੂਜਾ ਦਾ ਰਿਵਾਜ ਬਹੁਤ ਪੁਰਾਤਨ ਹੈ। "ਹੜਪਾ ਦੀਆਂ ਥੇਹਾਂ ਚੋਂ ਮਿਲੀਆਂ ਮੂਰਤਾਂ ਤੋਂ ਸਿੱਧ ਹੁੰਦਾ ਹੈ ਕਿ ਪੂਰਬ-ਆਰੀਆ ਕਾਲ ਵਿਚ ਮੂਰਤੀ ਪੂਜਾ ਦਾ ਰਿਵਾਜ ਸੀ।"[26] ਵੇਦ-ਬਾਣੀ ਵਿਚ ਵਧੇਰੇ ਕਰਕੇ ਕੁਦਰਤੀ ਸ਼ਕਤੀਆਂ

---

23. Edward Sell, Images and Idols(Muslim),ERE,VII, pp.150-151.
24. M.A. Sherring, The Sacred City of the Hindus:London, 1868, p.142.
25. W.W. Hunter, Orissa, London:1872, p.128.
26. J.N.Banerjee, Development of Hindu Iconography, Delhi: Munshi ram Manohar Lal, 1974.

ਦਾ ਦੇਵੀ-ਕਰਣ ਹੈ ਪਰ ਕੁਛ ਹਵਾਲੇ ਮੂਰਤੀ ਪੂਜਾ ਦੇ ਵੀ ਮਿਲਦੇ ਹਨ। ਗੋਪੀ ਨਾਥ ਰਾਓ ਦਾ ਖਿਆਲ ਹੈ ਕਿ ਵੈਦਿਕ ਕਾਲ ਵਿਚ ਮੂਰਤੀ ਪੂਜਾ ਨਹੀਂ ਸੀ। ਭਾਰਤ ਵਿਚ ਮੂਰਤੀ ਪੂਜਾ ਧਾਰਮਿਕ ਗਿਰਾਵਟ ਦਾ ਚਿੰਨ੍ਹ ਸੀ।[27] ਏ.ਬਾਰਥ ਦਾ ਵਿਚਾਰ ਹੈ ਕਿ ਵੇਦਾਂ ਦਾ ਸ੍ਰੇਸ਼ਟ ਧਰਮ ਭਾਵੇਂ ਬੁੱਤ-ਪੂਜ ਨਹੀਂ ਸੀ, ਤਾਂ ਵੀ ਛੋਟੇ ਲੋਕਾਂ ਵਿਚ ਮੂਰਤੀ ਪੂਜਾ ਦਾ ਰਿਵਾਜ ਜ਼ਰੂਰ ਹੋਵੇਗਾ।[28] ਜਯਾਖਯ ਸੰਹਿਤਾ ਵਿਚ ਮੰਦਰਾਂ ਵਿਚ ਮੂਰਤੀ ਅਸਥਾਪਨ ਕਰਨ ਦੀਆਂ ਹਦਾਇਤਾਂ ਹਨ। ਸਿਧਾਂਤ-ਸ਼ਾਸਤਰੀ ਅਨੁਸਾਰ ਪਾਤੰਜਲੀ ਤੋਂ ਸੌ ਸਾਲ ਪਹਿਲਾਂ 'ਕਾਤਯਾਨ' ਦੇ ਸਮੇਂ ਬੁੱਤ-ਪੂਜਾ ਦਾ ਆਮ ਰਿਵਾਜ ਸੀ।[29] ਸ਼ਿਵ ਪੁਰਾਣ , ਮਾਰਕੰਡੇ ਪੁਰਾਣ, ਲਿੰਗ ਪੁਰਾਣ ਅਤੇ ਵਾਯੂ ਪੁਰਾਣ ਵਿਚ ਸ਼ਿਵ-ਲਿੰਗ ਪੂਜਾ ਅਤੇ ਮੂਰਤੀ ਪੂਜਾ ਦੇ ਅਨੇਕਾਂ ਪਰਮਾਣ ਪਰਾਪਤ ਹਨ। ਭਾਰਤੀ ਮੰਦਰਾਂ ਵਿਚ ਬੁੱਤ-ਪੂਜਾ ਦੇ ਹਵਾਲੇ ਪਾਤੰਜਲੀ ਦੇ ਮਹਾਂ-ਭਾਸ਼ਯ ਵਿਚ ਵੀ ਪ੍ਰਾਪਤ ਹਨ। ਪਾਣਿਨੀ ਸੂਤਰ(5.3.99) ਅਨੁਸਾਰ ਦੇਵੀ ਪ੍ਰਤਿਮਾ ਵੇਚਣਯੋਗ ਨਹੀਂ ਹੁੰਦੀ। ਮੋਰੀਆ ਬਾਦਸ਼ਾਹਾਂ ਸਮੇਂ ਪਹਿਲੀ ਵਾਰ ਪੂਜਣਯੋਗ ਮੂਰਤੀਆਂ ਨੂੰ ਖੁਲ੍ਹੇ ਬਾਜ਼ਾਰ ਵੇਚਣ ਦੀ ਆਗਿਆ ਦਿਤੀ ਗਈ। ਦੂਜੀ ਸਦੀ ਵਿਚ ਮੰਨੂ ਸਮੇਂ ਮੂਰਤੀ ਪੂਜਾ ਦਾ ਆਮ ਰਿਵਾਜ ਸੀ। ਮਹਾਂਭਾਰਤ ਕਾਲ ਵਿਚ ਮੂਰਤੀ ਪੂਜਾ ਪੂਰੀ ਤਰ੍ਹਾਂ ਸਥਾਪਤ ਹੋ ਚੁਕੀ ਸੀ। ਜਿਵੇਂ ਪੂਜਯ ਮੂਰਤੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ, ਤਿਵੇਂ ਰੂਪਮਾਨ ਕੀਤੀਆਂ ਸ਼ਕਤੀਆਂ, ਦੇਵੀ ਅਤੇ ਦੇਵਤਿਆਂ ਦੀ ਗਿਣਤੀ ਵੀ ਅਨਗਿਣਤ ਹੈ। ਕਈ ਥਾਵਾਂ ਤੇ ਦੇਵਤਿਆਂ ਦੇ ਮੂਰਤੀਆਂ ਰਾਹੀਂ ਪ੍ਰਤੱਖ ਹੋਣ ਅਤੇ ਕ੍ਰਿਆਸ਼ੀਲ ਹੋਣ ਦੇ ਪਰਮਾਣ ਵੀ ਮਿਲਦੇ ਹਨ। ਮੂਰਤੀਆਂ ਪੂਜਣ ਦੇ ਤਰੀਕੇ ਵੀ ਅਨੇਕ ਪ੍ਰਕਾਰ ਦੇ ਹਨ। ਮੂਰਤੀਆਂ ਨੂੰ ਕੁੱਕੜ, ਬਕਰੇ ਅਤੇ ਸੰਢੇ ਆਦਿ ਦੀਆਂ ਬਲੀਆਂ ਚੜ੍ਹਾਈਆਂ ਜਾਂਦੀਆਂ ਰਹੀਆਂ ਹਨ।[30] ਵੈਸ਼ਨਵ ਬ੍ਰਾਹਮਣਾਂ ਨੇ ਕੁਰਬਾਨੀ ਦੇ ਲਹੂ ਦੀ ਥਾਂ ਪੰਚਾਮ੍ਰਿਤ(ਦੁੱਧ, ਦਹੀਂ ਮੱਖਣ, ਖੰਡ ਅਤੇ ਸ਼ਹਿਤ) ਮੂਰਤੀ ਦੀ ਭੇਟ ਕਰਨ ਦਾ ਰਿਵਾਜ ਦਿਤਾ। ਮੂਰਤੀਆਂ ਨੂੰ ਨੁਹਾਣਾ, ਕਪੜੇ ਗਹਿਣਿਆਂ ਨਾਲ ਸਜਾਣਾ, ਭੋਗ ਲਾਉਣਾ, ਆਰਤੀ ਉਤਾਰਨੀ, ਨਰਮ ਬਿਸਤਰ ਤੇ ਆਰਾਮ ਕਰਵਾਉਣਾ, ਜਲੂਸ ਕਢਣੇ, ਪਵਿੱਤਰ ਸਰੋਵਰਾਂ ਅਤੇ ਦਰਿਆਵਾਂ ਉਤੇ ਇਸ਼ਨਾਨ ਕਰਾਉਣ ਦਾ ਰਿਵਾਜ ਸਾਰੇ ਭਾਰਤ ਵਿਚ ਹੁਣ ਵੀ ਜਿਉਂ ਦਾ ਤਿਉਂ ਕਾਇਮ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਹਿੰਦੂ ਧਰਮ ਅਨੁਸਾਰ ਪਰਮਾਤਮਾ ਸਮੇਂ ਸਮੇਂ ਅਵਤਾਰ ਧਾਰਦਾ ਰਹਿੰਦਾ ਹੈ ਅਤੇ ਇਨ੍ਹਾਂ ਅਵਤਾਰਾਂ ਅਤੇ ਦੇਵਤਿਆਂ ਨੂੰ ਮੂਰਤੀਆਂ ਰਾਹੀਂ ਸਾਖਿਆਤ ਕੀਤਾ

27. GopiNath Rao, Elements of Hindu Ieconography, Delhi:Motidas Banarsi das, 1968, Vol.I, p.14.
28. A. Barth,Religioms of India, London, 1899, p.183.
29. Sidhant Shastri, Origin and Develapment of Vaishnavism, op.cit., p.66.
30. H. Whitehead, The Village Dieties of Southern India, Madras, 1907, p.72.

ਜਾ ਸਕਦਾ ਹੈ।

ਭਾਵੇਂ 9ਵੀਂ 10ਵੀਂ ਸਦੀ ਵਿਚ ਅਦਵੈਤ ਵਾਦ ਅਤੇ ਇਕੀਸ਼ਵਰਵਾਦੀ ਧਾਰਾ ਦਾ ਕਾਫ਼ੀ ਪ੍ਰਚਾਰ ਹੋਇਆ, 12ਵੀਂ ਅਤੇ 13ਵੀਂ ਸਦੀ ਤੋਂ ਇਸਲਾਮ ਨੇ ਬੁੱਤ-ਪ੍ਰਸਤੀ ਦੀ ਰਜਵੀਂ ਵਿਰੋਧਤਾ ਕੀਤੀ ਅਤੇ 15ਵੀ 16ਵੀਂ ਸਦੀ ਵਿਚ ਸਿਖ ਲਹਿਰ ਨੇ ਮੂਰਤੀ-ਪੂਜਾ ਦਾ ਰੱਜਵਾਂ ਖੰਡਨ ਕੀਤਾ ਤਾਂ ਵੀ ਹਿੰਦੂ ਧਰਮ ਅਵਤਾਰਵਾਦ ਉਤੇ ਆਧਾਰਤ ਹੋਣ ਕਾਰਨ ਮੂਰਤੀ-ਪੂਜਾ ਤੋਂ ਮੁਕਤ ਨਾ ਹੋ ਸਕਿਆ। ਕਰੁੱਕ ਦਾ ਵਿਚਾਰ ਹੈ ਕਿ ਜਿਸ ਕੌਮ ਵਿਚ ਮੂਰਤੀ ਪੂਜਾ ਦਾ ਰਿਵਾਜ ਏਨਾ ਡੂੰਘਾ, ਸਰਬ-ਵਿਆਪਕ ਅਤੇ ਸਰਬ-ਪ੍ਰਿਅ ਹੋ ਚੁੱਕਾ ਹੋਵੇ, ਅਤੇ ਲਖਾਂ ਲੋਕਾਂ ਦੀ ਮਾਨਸਿਕ ਤਸੱਲੀ ਕਰਦਾ ਹੋਵੇ, ਉਸ ਕੌਮ ਵਿਚੋਂ ਮੂਰਤੀ-ਪੂਜਾ ਕਦੀ ਖ਼ਤਮ ਨਹੀਂ ਹੋ ਸਕਦੀ।[31]

2.13 <u>ਸਾਰ:</u> ਆਪਣੇ ਇਸ਼ਟ ਨੂੰ ਮੂਰਤੀਮਾਨ ਕਰਕੇ ਪ੍ਰਤੱਖ ਤੌਰ ਤੇ ਵੇਖਣ ਅਤੇ ਉਸ ਦੀ ਨਿਕਟਤਾ ਮਾਣਨ ਦੀ ਭੁੱਖ ਬਹੁਤ ਪੁਰਾਤਨ ਹੈ ਜਿਸ ਤੋਂ ਸੰਸਾਰ ਦੇ ਬਹੁਤ ਸਾਰੇ ਧਰਮਾਂ ਵਿਚ ਮੂਰਤੀ-ਪੂਜਾ ਦਾ ਆਰੰਭ ਹੋਇਆ। ਮਨੁੱਖ ਦਾ ਇਸ਼ਟ ਉਸ ਦੀ ਮਾਨਸਿਕ ਅਤੇ ਆਤਮਿਕ ਸਥਿਤੀ ਅਨੁਸਾਰ ਹੁੰਦਾ ਹੈ। ਜਿਵੇਂ ਜਿਵੇਂ ਮਨੁੱਖ ਦਾ ਆਤਮਿਕ ਗਿਆਨ ਵਧਦਾ ਹੈ, ਤਿਵੇਂ ਤਿਵੇਂ ਉਸ ਦਾ ਇਸ਼ਟ ਵੀ ਸਥੂਲ ਤੋਂ ਸੂਖਮ ਹੁੰਦਾ ਜਾਂਦਾ ਹੈ। ਨੀਵੀਂ ਅਵਿਕਸਤ ਦਸ਼ਾ ਵਿਚ ਮਨੁੱਖ ਨੂੰ ਸਥੂਲ ਸਹਾਰਿਆਂ ਦੀ ਲੋੜ ਰਹਿੰਦੀ ਹੈ। ਹਿੰਦੂ ਧਰਮ ਵਿਚ ਨੀਵੇਂ ਲੋਕਾਂ ਲਈ ਮੂਰਤੀ ਪੂਜਾ ਦੀ ਸਿਫਾਰਸ਼ ਕੀਤੀ ਗਈ ਸੀ। ਜਬਾਲ ਉਪਨਿਸ਼ਦ ਅਨੁਸਾਰ ਯੋਗੀ ਸ਼ਿਵ ਨੂੰ ਆਪਣੇ ਹਿਰਦੇ ਵਿਚ ਵੇਖਦਾ ਹੈ ਅਤੇ ਮੂਰਤੀਆਂ ਤਾਂ ਕੇਵਲ ਅਗਿਆਨੀਆਂ ਲਈ ਹੁੰਦੀਆਂ ਹਨ।[32] ਇਹ ਵੀ ਕਿਹਾ ਗਿਆ ਹੈ ਕਿ ਮੂਰਤੀ ਪੂਜਾ ਜਨਮ ਮਰਣ ਦੇ ਗੇੜ ਵਿਚ ਪਾਉਂਦੀ ਹੈ।" ਮੂਰਤੀ ਪੂਜਾ ਸਾਧਨ ਜਾਂ ਸਹਾਰੇ ਵਜੋਂ ਸ਼ੁਰੂ ਹੋ ਕੇ ਖੁਦ 'ਇਸ਼ਟ' ਦਾ ਰੂਪ ਬਣ ਜਾਂਦੀ ਹੈ। ਇਸ ਤਰ੍ਹਾਂ ਇਕ ਪਰਮਾਤਮਾ ਦੀ ਥਾਂ ਅਨੇਕਾਂ ਅਵਤਾਰਾਂ ਅਤੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅਤੇ ਉਨ੍ਹਾਂ ਦੀ ਪੂਜਾ ਮਨੁੱਖ ਦਾ ਧਰਮ ਬਣ ਜਾਂਦਾ ਹੈ। ਪੀ. ਗਾਰਡਨਰ ਨੇ ਯੂਨਾਨ ਦੇ ਚਿੰਤਕ ਮੈਕਸੀਮਸ ਦਾ ਵਿਚਾਰ ਪੇਸ਼ ਕਰਦਿਆਂ ਕਿਹਾ ਹੈ ਕਿ ਜਿਹੜੇ ਲੋਕ ਆਪਣੀ ਆਤਮਾ ਨੂੰ ਸਿੱਧੇ ਤੌਰ ਤੇ ਉਚੀ ਕਰ ਸਕਦੇ ਹਨ, ਉਨ੍ਹਾਂ ਨੂੰ ਬੁੱਤਾਂ ਦੀ ਕੋਈ ਲੋੜ ਨਹੀਂ। ਪਰ ਅਜੇਹੇ ਮਨੁੱਖ ਬਹੁਤ ਘਟ ਹਨ ਅਤੇ ਇਹ ਨਾਮੁਮਕਨ ਗਲ ਹੈ ਕਿ ਕੋਈ ਪੂਰੀ ਦੀ ਪੂਰੀ ਕੌਮ ਅਜੇਹੀ ਹੋਵੇ ਜੋ ਰੱਬੀ ਗਿਆਨ ਨੂੰ ਸਿੱਧਾ ਪ੍ਰਾਪਤ ਕਰਦੀ ਹੋਵੇ ਅਤੇ ਜਿਸ ਨੂੰ ਬੁੱਤਾਂ ਦੇ ਸਹਾਰੇ ਦੀ ਲੋੜ ਨਾ ਹੋਵੇ।[33]

31. W. Crook, ERE, Vol VII, p.146.
32. Gopinath Rao, op.cit., p.26.
33. P. Gardner, op.cit., p.134.

3.1 ਗੁਰਮਤਿ ਸਿਧਾਂਤ: ਗੁਰੂ ਨਾਨਕ ਦੇਵ ਦਾ 'ਅਕਾਲ ਮੂਰਤਿ' ਦਾ ਸੰਕਲਪ ਪਾਰਬ੍ਰਹਮ ਪਰਮਾਤਮਾ ਦਾ ਅਜੇਹਾ ਸੰਕਲਪ ਹੈ ਜਿਸ ਵਿਚ ਪਰਮਾਤਮਾ ਦੀ ਮੂਰਤਾਂ ਵਿਚ ਸਥਾਪਨਾ ਅਤੇ ਉਸ ਦਾ ਅਵਤਾਰਾਂ ਰਾਹੀਂ ਪ੍ਰਗਟ ਹੋਣ ਦਾ ਕੋਈ ਸਥਾਨ ਨਹੀਂ। 'ਅਕਾਲ ਮੂਰਤਿ' ਪਾਰਬ੍ਰਹਮ ਦੀ ਅਜੇਹੀ ਹਸਤੀ ਅਤੇ ਹੋਂਦ ਦਾ ਲਖਾਇਕ ਹੈ ਜੋ ਕਾਲ ਅਤੇ ਪੁਲਾੜ ਦੀਆਂ ਸੀਮਾਂ ਤੋਂ ਮੁਕਤ ਹੈ। ਸੰਸਾਰ ਦੀਆਂ ਸਾਰੀਆਂ ਮੂਰਤਾਂ, ਸਾਰੇ ਆਕਾਰ, ਸਾਰਾ ਬ੍ਰਹਿਮੰਡ ਕਾਲ-ਪੁਲਾੜ ਦੀ ਸੀਮਾਂ ਵਿਚ ਹੈ ਅਤੇ ਆਦਿ ਅੰਤ ਵਾਲਾ ਹੈ। ਕੇਵਲ ਪਾਰਬ੍ਰਹਮ ਪਰਮਾਤਮਾ ਦਾ ਸਰੂਪ(ਮੂਰਤਿ) ਐਸਾ ਸਰੂਪ ਹੈ ਜੋ ਆਦਿ,ਅੰਤ, ਜਨਮ, ਮਰਣ ਤੋਂ ਰਹਿਤ ਹੈ। ਉਹ ਸਭ ਦਾ ਕਰਤਾ ਹੈ, ਸਭ ਵਿਚ ਵਿਦਮਾਨ ਹੈ। ਇਸ ਲਈ ਸਾਰੀਆਂ ਘਾੜਤਾਂ, ਸਾਰੇ ਆਕਾਰ, ਸਾਰੇ ਰੂਪ ਉਸ ਦੇ ਹੀ ਰੂਪ ਹਨ, ਪਰ ਕਿਸੇ ਇਕ ਰੂਪ, ਸਰੂਪ ਜਾਂ ਮੂਰਤਿ ਵਿਚ ਉਸ ਨੂੰ ਵਿਦਮਾਨ ਕਰਕੇ ਸੀਮਤ ਨਹੀਂ ਕੀਤਾ ਜਾ ਸਕਦਾ।[34] ਨਾ ਉਹ ਕਿਸੇ ਵਿਸ਼ੇਸ਼ ਸੂਰਤ ਮੂਰਤ ਵਿਚ ਸਥਾਪਤ ਹੋ ਸਕਦਾ ਹੈ, ਨਾ ਘੜਿਆ, ਬਣਾਇਆ ਜਾਂ ਉਤਪੰਨ ਕੀਤਾ ਜਾ ਸਕਦਾ ਹੈ। ਉਹ ਤਾਂ ਆਪਣੇ ਆਪ ਤੋਂ ਪ੍ਰਕਾਸ਼ਮਾਨ ਜੋਤਿ ਹੈ।[35] ਅਜੇਹੇ ਇਕ 'ਅਕਾਲ ਮੂਰਤਿ' ਤੋਂ ਬਿਨਾਂ ਕਾਲ ਵਿਚ ਵਿਚਰਨ ਵਾਲੇਦੇਵੀ, ਦੇਵਤੇ, ਅਵਤਾਰ, ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਦਾ ਗੁਰਮਤਿ ਖੰਡਨ ਕਰਦੀ ਹੈ। ਗੁਰਮਤਿ ਅਨੁਸਾਰ ਇਕ ਪਾਰਬ੍ਰਹਮ ਪਰਮਾਤਮਾ ਹੀ ਸਭ ਦਾ ਮਾਲਕ ਹੈ; ਅਵਤਾਰ, ਦੇਵੀ, ਦੇਵਤੇ, ਉਸ ਦੇ ਸੇਵਕ ਹਨ; ਮਾਲਕ ਨੂੰ ਛੱਡ ਕੇ ਦਾਸਾਂ ਦੀ ਸੇਵਾ ਕਰਨੀ ਘੋਰ ਅਗਿਆਨਤਾ ਹੈ।[36] ਇਹ ਮਾਲਕ ਸਾਡੇ ਅੰਦਰ ਵਸਦਾ ਹੈ ਪਰ ਹਿਰਦੇ ਵਿਚ ਵਸਦੇ 'ਅਕਾਲ ਪੁਰਖ' ਦਾ ਜਦੋਂ ਗਿਆਨ ਨਾ ਹੋਵੇ, ਤਾਂ ਪੱਥਰਾਂ ਦੇ ਭਗਵਾਨ ਗਲ ਵਿਚ ਲਟਕਾ ਲਏ ਜਾਂਦੇ ਹਨ।[37]

ਗੁਰੂ ਨਾਨਕ ਦੇਵ ਅਨੁਸਾਰ ਮੂਰਤੀਆਂ ਦੀ ਪੂਜਾ, ਉਨ੍ਹਾਂ ਦੇ ਇਸ਼ਨਾਨ ਕਰਾਉਣਾ ਇਤਿਆਦਿ ਫੋਕਟ ਕਰਮਾਂ ਨਾਲ ਮਨ ਦੀ ਪਵਿਤਰਤਾ ਨਹੀਂ ਹੋ ਸਕਦੀ।[38] ਦੇਵੀ ਦੇਵਤਿਆਂ ਨੇ ਮਨੁੱਖ ਨੂੰ ਕੀ ਦੇ ਦੇਣਾ ਹੈ? ਮੂਰਤੀਆਂ ਤਾਂ ਆਪ ਜਲ ਵਿਚ ਡੁੱਬ ਜਾਂਦੀਆਂ ਹਨ।[39] ਇਕ ਪੱਥਰ ਦੀ ਮੂਰਤੀ ਸਰਬ-ਵਿਆਪੀ ਸਰਬ-ਸਮਰੱਥ 'ਅਕਾਲ ਮੂਰਤਿ' ਦੀ ਥਾਂ ਕਿਵੇਂ ਲੈ ਸਕਦੀ ਹੈ? ਨਿਰਜੀਵ ਪੱਥਰ ਦੀ ਮੂਰਤੀ ਵਿਚ ਪਰਮ-ਸੁਖਸਾਂਅਤ ਕਰਤਾ-ਪੁਰਖ ਦੀ ਸਰਬ-ਸਮਰੱਥਾ ਕਿਰਪਾਲਤਾ ਅਤੇ ਸਰਬ-ਵਿਦਮਾਨਤਾ ਕਿਵੇਂ ਹੋ ਸਕਦੀ ਹੈ? 'ਮੂਰਤੀ' ਨੂੰ ਪੱਥਰ

---

34. ਸਹਸ ਮੂਰਤਿ ਨਨ ਏਕ ਤੋਹੀ ਧਨਾ: ੧(13)
35. ਥਾਪਿਆ ਨ ਜਾਇ ਕੀਤਾ ਨ ਹੋਇ ਆਪੇ ਆਪ ਨਿਰੰਜਨ ਸੋਇ। ਜਪੁਜੀ
36. ਠਾਕੁਰ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ। ਭੈ. 5(1138)
37. ਘਰਿ ਮਹਿ ਠਾਕੁਰ ਨਦਰਿ ਨ ਆਵੈ, ਗਲ ਮਹਿ ਪਾਹਣ ਲੈ ਲਟਕਾਵੈ। ਸੂਹੀ 5.(838)
38. ਬਾਹਰਿ ਦੇਵ ਪਖਾਲੀਅਹਿ, ਜੇ ਮਨੁ ਧੋਵੈ ਕੋਇ। ਗੂ.੧(489)
39. ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ। ਸੋਰਠ ੧(637)

ਕਹਿ ਕੇ ਗੁਰੂ ਜੀ ਨੇ ਮੂਰਤੀ ਦੀ ਸਾਰੀ ਅਹਿਮੀਅਤ ਖ਼ਤਮ ਕਰ ਦਿਤੀ। ਗੁਰਮਤਿ ਅਨੁਸਾਰ 'ਪੱਥਰ' ਨੂੰ ਪਰਮਾਤਮਾ ਕਹਿਣਾ ਅਤੇ ਉਸ ਦੀ ਸੇਵਾ ਕਰਨੀ ਆਪਣੇ ਜੀਵਨ ਨੂੰ ਅਜਾਈਂ ਗਵਾਣਾ ਹੈ।[40] ਗੁਰੂ ਜੀ ਅਨੁਸਾਰ ਬੁੱਤ-ਪੂਜਾ ਮਨੁੱਖ ਦੀ ਬਹੁਤ ਵੱਡੀ ਭੁੱਲ, ਅਗਿਆਨਤਾ ਅਤੇ ਬੇ-ਸਮਝੀ ਹੈ।[41]

3.2 ਚੂਨੇ ਮਿਟੀ ਅਤੇ ਪੱਥਰਾਂ ਦੀਆਂ ਮੂਰਤਾਂ ਵਿਚ ਇਸ਼ਟ ਦੀ ਮੌਜੂਦਗੀ ਮੰਨ ਕੇ ਉਨ੍ਹਾਂ ਨੂੰ ਮੰਦਰਾਂ ਵਿਚ ਸਜਾਇਆ ਜਾਂਦਾ ਹੈ। ਇਟਾਂ, ਵਟਿਆਂ ਅਤੇ ਸੀਮੈਂਟ ਦੇ ਬਣੇ ਮੰਦਰਾਂ ਨੂੰ 'ਪਰਮਾਤਮਾ ਦਾ ਘਰ ਸਮਝਿਆ ਜਾਂਦਾ ਹੈ। ਗੁਰਮਤਿ ਨੇ ਜਿਵੇਂ 'ਮੂਰਤਾਂ' ਦੀ ਥਾਵੇਂ 'ਅਕਾਲ ਮੂਰਤਿ' ਦਾ ਸੰਕਲਪ ਦਿਤਾ ਹੈ, ਤਿਵੇਂ ਹੀ ਇਸ ਦੀ ਸਥਾਪਨਾ ਲਈ ਨਿਰਜੀਵ ਇੱਟਾਂ-ਗਾਰੇ ਦੇ ਮੰਦਰ ਦੀ ਥਾਂ ਮਨੁੱਖੀ ਹਿਰਦੇ ਅਤੇ ਸਰਬਤ ਜਗਤ ਨੂੰ 'ਹਰੀ ਦਾ ਮੰਦਰ' ਕਿਹਾ ਹੈ। ਗੁਰ ਮਤਿ ਅਨੁਸਾਰ 'ਅਕਾਲ ਮੂਰਤਿ' ਦਾ 'ਘਰ' ਅਤੇ ਉਸ ਦੇ ਵਸਣ ਦੀ ਥਾਂ ਮਨੁੱਖ ਦਾ ਸਰੀਰ ਹੈ; ਇਸ ਸਰੀਰ-ਰੂਪੀ ਹਰੀ ਮੰਦਰ ਵਿਚ ਹਰੀ ਦੇ ਗਿਆਨ ਦੇ ਰਤਨ ਪ੍ਰਗਟ ਹੁੰਦੇ ਹਨ; ਪਰ ਮਨਮੁਖਾਂ ਨੂੰ ਇਹ ਸਰੀਰ ਹਰੀ-ਮੰਦਰ ਨਹੀਂ ਜਾਪਦਾ, ਇਹ ਸਰੀਰ-ਰੂਪੀ ਮੰਦਰ ਹਰੀ ਨੇ ਆਪ ਆਪਣੇ ਰਹਿਣ ਲਈ ਬਣਾਇਆ ਹੈ; ਵਿਸ਼ਾਲ ਰੂਪ ਵਿਚ ਇਹ ਸਾਰਾ ਜਗਤ ਹਰੀ ਦਾ ਮੰਦਰ ਹੈ।[42] ਸਾਰੇ ਰੂਪ ਉਸਦੇ ਰੂਪ ਹਨ, ਸਾਰੀਆਂ ਮੂਰਤਾਂ ਉਸਦੀਆਂ ਮੂਰਤਾਂ ਹਨ ਪਰ ਇਹ ਮੂਰਤਾਂ ਕਾਲ-ਵਸ ਹਨ, ਚਲਾਇਮਾਨ ਹਨ; ਮਰਣ-ਸ਼ੀਲ ਹਨ। "ਅਕਾਲ ਮੂਰਤਿ" ਸਿਵਾ '੧ੳ' ਸਤਿਨਾਮ, ਕਰਤਾਪੁਰਖੁ' ਦੇ ਕੋਈ ਨਹੀਂ। ਇਸ ਲਈ 'ਅਕਾਲ ਮੂਰਤਿ' ਕਹਿਣੇ ਤੇ ਕਾਗਜ਼ ਕਿ ਕਪੜੇ ਕਿ ਕੰਧਾਂ ਤੇ ਚਿਤਰੀਆਂ ਮੂਰਤਾਂ, ਪੱਥਰਾਂ ਤੇ ਉਕਰੀਆਂ ਤੇ ਧਾਤੂਆਂ ਵਿਚ ਢਾਲੀਆਂ ਮੂਰਤੀਆਂ, ਮਾਤਾ ਦੇ ਉਦਰ ਤੋਂ ਉਪਜੀਆਂ ਸਾਧਾਰਣ ਕਿ ਚਮਤਕਾਰੀ ਸੂਰਤ ਮੂਰਤਾਂ, ਕਿ ਸੂਰਤ ਤੋਂ ਅਮੂਰਤ ਅਦ੍ਰਿਸ਼ਯ ਹਸਤੀਆਂ ਚਾਹੇ ਕਿਤਨੀਆਂ ਵੱਡੀਆਂ ਹੋਣ; ਇਸ ਮੂਲ ਮੰਤ੍ਰ ਦੇ ਲਕਸ਼ ਹੋਣ ਤੋਂ ਵਰਜਿਤ ਹੋ ਗਈਆਂ।"[43] ਨਾਹੀਂ ਇਹ ਮੂਰਤਾਂ 'ਸੈਭੰ' ਹਨ ਕਿਉਂਕਿ ਹਰੇਕ ਮੂਰਤ ਦਾ ਕੋਈ ਨਾ ਕੋਈ ਰਚੇਤਾ ਹੈ ਪਰ 'ਪਰਮਾਤਮ ਮੂਰਤਿ' ਸਵੈ-ਹੋਂਦ ਵਾਲੀ ਹੈ।

---

40. ਜੋ ਪਾਥਰ ਕਉ ਕਹਤੇ ਦੇਵ, ਤਾਕੀ ਬਿਰਥਾ ਹੋਵੈ ਸੇਵ ।।
ਨਾ ਪਾਥਰ ਬੋਲੈ ਨਾ ਕਿਛੁ ਦੇਇ, ਫੋਕਟ ਕਰਮ ਨਿਹਫਲ ਹੈ ਸੇਵ।। ਭੈ. 5(1160)

41ਣ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।। ਨਾਰਦਿ ਕਹਿਆ ਸਿ ਪੂਜ ਕਰਾਂਹੀ।
ਅੰਧੇ ਗੂੰਗੇ ਅੰਧ ਅੰਧਾਰੁ। ਪਾਥਰੁ ਲੇ ਪੂਜਹਿ ਮੁਗਧ ਗਵਾਰ।। ਬਿ. 4(556)

42. ਗੁਰਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ—...
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।।
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ।।
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਧਾਰਿ।।
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ।।
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ।। ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ।।
ਸਾਚ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ।। ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ।। ਹਰਿ ਮੰਦਰੁ ਹਰਿ ਕਾ ਹੈ ਰਖਿਆ ਸਬਦਿ ਸਵਾਰਿ।। ਹਰਿ ਮੰਦਰੁ ਮਹਿ ਹਰਿ ਵਸੈ ਸਰਬ ਨਿਰੰਤਰ ਸੋਇ।। 3 1346

ਆਪਣੇ ਆਪ ਨੂੰ ਸਾਜਣ ਵਾਲੀ ਹੈ, ਸਗੋਂ ਸਾਰੀਆਂ ਮੂਰਤਾਂ ਦੀ 'ਕਰਤਾ' ਹੈ। ਕੇਵਲ ਪਰਮਾਤਮ ਮੂਰਤ ਹੀ ਸਤਿ ਹੈ, ਬਾਕੀ ਸਾਰੀਆਂ ਮੂਰਤਾਂ ਮਰ ਮੁੱਕ ਜਾਣ ਵਾਲੀਆਂ ਹਨ। ਰਚਨਾ-ਕਾਲ ਤੋਂ ਪਹਿਲਾਂ ਸੁੰਨ-ਸਮਾਧੀ ਸਥਿਤ ਨਿਰਗੁਣ ਅਵੱਸਥਾ ਵੀ ਅਣਹੋਂਦ ਅਵੱਸਥਾ ਨਹੀਂ, ਓਦੋਂ ਵੀ ਪਰਮਾਤਮ-ਮੂਰਤ ਦੀ ਹੋਂਦ ਹੁੰਦੀ ਹੈ ਪਰ ਇਹ ਹੋਂਦ ਭੌਤਿਕ ਹੋਂਦ ਨਹੀਂ, ਜੋਤਿ-ਸਰੂਪੀ ਹੋਂਦ ਹੈ ਜੋ ਅਕਾਲ, ਅਜੋਨੀ ਅਤੇ ਸੈਭੰ ਹੈ। ਇਹ ਗੁਣ ਕਿਸੇ ਵੀ ਦੁਨਿਆਵੀ ਮੂਰਤ, ਦੇਵੀ ਦੇਵਤੇ, ਅਵਤਾਰ ਵਿਚ ਨਹੀਂ ਹੋ ਸਕਦੇ ਕਿਉਂਕਿ ਉਹ ਕਾਲ ਦੀ ਸੀਮਾਂ ਵਿਚ ਹਨ।

4.1 <u>'ਕਾਲ' ਸੰਕਲਪ:</u> ਹੁਣ ਤਕ ਕੀਤੀ ਚਰਚਾ ਅਨੁਸਾਰ ਕੇਵਲ 'ਪਰਮਾਤਮ-ਮੂਰਤਿ' ਹੀ 'ਅਕਾਲ' ਹੈ, ਬਾਕੀ ਸਭ ਮੂਰਤਾਂ, ਪ੍ਰਾਕ੍ਰਤਾਂ ਬਲਕਿ ਸਾਰਾ ਬ੍ਰਹਿਮੰਡ 'ਕਾਲ' ਦੇ ਵੱਸ ਵਿਚ ਹੈ। ਇਸੇ ਲਈ ਕਾਲ ਨੂੰ ਮਹਾਂ-ਬਲੀ ਵੀ ਕਿਹਾ ਗਿਆ ਹੈ। ਯਾਰਨੋਲਡ ਅਨੁਸਾਰ "ਕਾਲ ਜਾਂ ਸਮਾਂ ਸਾਡੀਆਂ ਭਾਸ਼ਾਵਾਂ ਦਾ ਸਭ ਤੋਂ ਵੱਧ ਬਦਨਾਮ ਸ਼ਬਦ ਹੈ ਜਿਹੜਾ ਰੋਜ਼ਾਨਾ ਬੋਲ ਚਾਲ, ਗਿਆਨ, ਵਿਗਿਆਨ, ਦਰਸ਼ਨ ਅਤੇ ਧਰਮ ਵਿਚ ਵਰਤਿਆ ਜਾਂਦਾ ਹੈ ਪਰ ਫਿਰ ਵੀ ਇਸ ਦਾ ਸਰੂਪ ਹਰ ਖੇਤਰ ਵਿਚ ਧੁੰਦਲਾ ਹੀ ਰਿਹਾ ਹੈ।[44] 'ਕਾਲ' ਮਨੁੱਖੀ ਚੇਤਨਾ ਦਾ ਮਹਾਨ ਅਨੁਭਵ ਹੈ। ਕਾਲ ਦੀ ਗਤੀ ਨੂੰ ਮਨੁੱਖ ਆਪਣੇ ਨਿਜੀ ਤਜਰਬਿਆਂ, ਮਾਨਸਿਕ ਅਤੇ ਸਰੀਰਕ ਕ੍ਰਿਆਵਾਂ, ਮਨੁੱਖੀ ਸਮਾਜਾਂ, ਜਾਨਵਰਾਂ, ਬਨਸਪਤੀ ਅਤੇ ਜੜ੍ਹ ਵਸਤੂਆਂ ਉਤੇ ਪਏ ਪ੍ਰਭਾਵਾਂ ਰਾਹੀਂ ਅਨੁਭਵ ਕਰਦਾ ਹੈ।[45] ਇਂਜ ਜਾਪਦਾ ਹੈ ਜਿਵੇਂ ਕਾਲ ਇਕ ਸੇਧ ਵਿਚ ਤੁਰਿਆ ਜਾਂਦਾ ਹੈ। ਮਨੁੱਖ ਦਾ ਸਾਰਾ ਜੀਵਨ ਇਸ ਦੀ ਗਤੀ ਵਿਚ ਹੀ ਪਨਪਦਾ ਅਤੇ ਸਮਾਪਤ ਹੁੰਦਾ ਹੈ। ਮਨੁੱਖ ਕਾਲ ਦੀ ਗਤੀ ਵਿਚ ਹੀ ਸੋਚਦਾ, ਮਹਿਸੂਸ ਕਰਦਾ, ਸੋਮੇ ਸੰਭਾਲਦਾ ਜਾਂ ਖ਼ੁੰਝਾ ਲੈਂਦਾ ਹੈ। "ਕਾਲ ਦਾ ਮਨੁੱਖ ਦੇ ਜਜ਼ਬਾਤ ਉਤੇ ਵੀ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਮਨੁੱਖ ਨਾ ਕੇਵਲ ਭੂਤ ਦਾ ਦੁਖ ਮਨਾਉਂਦਾ ਹੈ ਸਗੋਂ ਭਵਿਖ ਬਾਰੇ ਵੀ ਡਰਦਾ ਰਹਿੰਦਾ ਹੈ। ਕਿਉਂਕਿ ਕਿ 'ਕਾਲ' ਦਾ ਚੱਕਰ ਉਸ ਨੂੰ ਮੌਤ ਦੇ ਮੂੰਹ ਵਲ ਧਕੀ ਜਾਂਦਾ ਪ੍ਰਤੀਤ ਹੁੰਦਾ ਹੈ।"[46] ਸ਼ਾਇਦ ਇਸੇ ਲਈ 'ਕਾਲ' ਦਾ ਇਕ ਅਰਥ 'ਮੌਤ' ਵੀ ਲਿਆ ਜਾਂਦਾ ਹੈ ਕਿਉਂਕਿ ਹਰੇਕ ਵਸਤੂ ਕਾਲ-ਚੱਕਰ ਵਿਚ ਅੜੌਂਧੀ ਮੁੱਕਾਂ ਕੇ ਆਪ ਮੁਕ ਜਾਂਦੀ ਹੈ।

4.2 'ਕਾਲ' ਕੀ ਹੈ? ਚਿੰਤਕਾਂ ਲਈ ਇਹ ਬੜਾ ਗੰਭੀਰ ਪ੍ਰਸ਼ਨ ਹੈ। ਸਾਡੀ ਸਾਧਾਰਨ ਗਲਬਾਤ ਤੋਂ ਇਂਜ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ 'ਕਾਲ' ਨੂੰ ਚੰਗੀ ਤਰ੍ਹਾਂ ਜਾਣਦੇ ਹੋਵਾਂਗੇ। ਅਸੀਂ ਘੜੀ ਵੇਖ ਕੇ ਹਰ ਸਮੇਂ ਦਸ ਸਕਦੇ ਹਾਂ ਕਿ ਹੁਣ ਕੀ ਸਮਾਂ ਹੈ? ਪਰ ਇਹ 'ਸਮਾਂ' ਜਾਂ 'ਕਾਲ' ਹਕੀਕਤ ਵਿਚ ਹੈ ਕੀ? ਇਹ ਜਾਣਨ ਦੀ ਕੋਸ਼ਿਸ਼ ਅਸੀਂ ਕਦੇ ਨਹੀਂ ਕੀਤੀ। ਕਾਲ ਸੰਬੰਧੀ ਵਰਤੀ ਜਾਂਦੀ ਸ਼ਬਦਾਵਲੀ ਤੋਂ ਵੀ ਵਿਰੋਧਾਭਾਸੀ ਸੰਕੇਤ ਹੀ

---

43. ਭਾਈ ਵੀਰ ਸਿੰਘ, ਸਿਖਯਾ, ਭਾਗ ੧, ਪੰਨਾ 27.

44. G.D.Yarnold, The Moving Image, London:George Allen and Unwin Ltd., 1966, p.14.

45. Arnold J. Toynbee, Ency; Br; Vol. 18., p.410.

46. John S.C. Smart ,Ency;Br; Vol. 18., p.411.

ਮਿਲਦੇ ਹਨ। ਕਿਹਾ ਜਾਂਦਾ ਹੈ , "ਸਮਾਂ ਫਜ਼ੂਲ ਨਾ ਗਵਾਉ" ਅਰਥਾਤ ਇਹ ਅਜੇਹੀ ਵਸਤੂ ਹੈ ਜੋ ਸੰਭਾਲੀ ਜਾਂ ਗਵਾਈ ਜਾ ਸਕਦੀ ਹੈ। ਜਦੋਂ ਅਸੀਂ ਇਕ ਦਿਨ ਨੂੰ ਘੰਟਿਆਂ, ਮਿੰਟਾਂ, ਸਕਿੰਟਾਂ ਵਿਚ ਵੰਡਦੇ ਹਾਂ, ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ 'ਕਾਲ' ਨੂੰ ਵੰਡਿਆ ਵੀ ਜਾ ਸਕਦਾ ਹੈ। ਅਸੀਂ ਕਹਿੰਦੇ ਹਾਂ, " ਸਮਾਂ ਉਡਦਾ ਜਾਂਦਾ ਹੈ" ਅਰਥਾਤ ਇਹ ਕੋਈ ਉਡਣ ਵਾਲੀ ਸ਼ੈ ਹੈ। ਕਵੀ ਵੀਰ ਸਿੰਘ ਜੀ ਕਹਿੰਦੇ ਹਨ, " ਇਹ ਠਹਿਰਨ ਜਾਚ ਨਾ ਜਾਣਦਾ, ਲੰਘ ਗਿਆ ਨਾ ਮੁੜ ਕੇ ਆਉਂਦਾ" ਅਰਥਾਤ ਇਹ ਪਰਤ ਕੇ ਵਾਪਸ ਆਉਣ ਵਾਲੀ ਸ਼ੈ ਵੀ ਨਹੀਂ। ਪਰ ਇਹ ਹੈ ਕੀ? ਕਾਲ ਦੀਆਂ ਕਈ ਭੌਤਿਕ ਅਤੇ ਪਰਾਭੌਤਿਕ ਸਮ- ਸਿਆਵਾਂ ਹਨ। ਕਾਲ ਇਕ ਹੈ ਜਾਂ ਕਈ? ਕੀ ਕਾਲ ਘਟਨਾਵਾਂ ਨਾਲ ਇਕ ਮਿਕ ਹੈ ਜਾਂ ਕੋਈ ਵਖਰੀ ਹਸਤੀ? ਕੀ ਕਾਲ ਪਰੀਵਰਤਨ ਹੈ ਜਾਂ ਉਹ ਤੱਥ ਜਿਸ ਵਿਚ ਪਰੀਵਰਤਨ ਹੁੰਦਾ ਹੈ? ਕੀ ਸਾਰੇ ਦਾ ਸਾਰਾ ਦੌੜਦਾ ਹੈ ਜਾਂ ਉਸ ਦੇ ਭਾਗ? ਇਨ੍ਹਾਂ ਪ੍ਰਸ਼ਨਾਂ ਦਾ ਸਿੱਧਾ ਤੇ ਸਪਸ਼ਟ ਉੱਤਰ ਦੇ ਸਕਣਾ ਕਠਨ ਹੈ। "ਜਿੰਨਾ ਵਧੇਰੇ ਅਸੀਂ ਕਾਲ ਸੰਕਲਪ ਨੂੰ ਵਿਚਾਰਦੇ ਹਾਂ, ਉਨਾਂ ਜ਼ਿਆਦਾ ਇਹ ਉਲਝਦਾ ਜਾਂਦਾ ਹੈ।"[47] ਪ੍ਰੀਸਟਲੀ ਅਨੁਸਾਰ" ਬ੍ਰਹਿਮੰਡ ਵਿਚ ਇਕ ਅਤਿ ਭਿਆਨਕ ਦੈਂਤ ਹੈ, ਜੋ ਸਭ ਨੂੰ ਖਾਈ ਜਾ ਰਿਹਾ ਹੈ ਅਤੇ ਅਸੀਂ ਉਸ ਨੂੰ 'ਕਾਲ' ਕਹਿੰਦੇ ਹਾਂ।"[48] ਬਰਾਡ 'ਕਾਲ' ਨੂੰ ਦਰਸ਼ਨ ਦੀ ਸਭ ਤੋਂ ਮੁਸ਼ਕਲ ਸਮਸਿਆ ਸਮਝਦਾ ਹੈ।[49] ਪ੍ਰੋ: ਗਨ ਦਾ ਨਿਰਣਾ ਹੈ ਕਿ 'ਕਾਲ' ਦੀ ਸਮਸਿਆ ਨੂੰ ਕੇਵਲ ਪਰਾਭੌਤਿਕਵਾਦੀ ਹੀ ਨਜਿਠ ਸਕਦੇ ਹਨ।[50] ਵਾਈਟ ਹੈਡ ਅਨੁਸਾਰ ਮਨੁੱਖ ਦਾ 'ਕਾਲ' ਬਾਣੀ ਵਿਕਾਸ ਇਕ ਮਹੱਤਵਪੂਰਣ ਪਰਾਭੌਤਿਕ ਤੱਥ ਹੈ।[51] ਜਿਸ ਨੂੰ ਹੈਨਰੀ ਬਰਗਸਨ ਦੇ ਸ਼ਬਦਾਂ ਵਿਚ, ਅੰਤਰ-ਦ੍ਰਿਸ਼ਟੀ ਰਾਹੀਂ ਸਮਝਿਆ ਜਾ ਸਕਦਾ ਹੈ। ਹਰਬਰਟ ਸਪੈਂਸਰ ਕਾਲ ਅਤੇ ਪੁਲਾੜ ਦੀ ਸਮਸਿਆ ਨੂੰ ਮਨੁੱਖੀ ਸਮਝ ਦੀ ਸੀਮਾਂ ਤੋਂ ਬਾਹਰ ਦਸਦਾਂ ਕਹਿੰਦਾ ਹੈ, "ਕਾਲ ਅਤੇ ਪੁਲਾੜ ਅਨੰਤ, ਅਸੀਮ ਅਤੇ ਅਪਾਰ ਹਨ। ਇਨ੍ਹਾਂ ਦੀ ਹੋਂਦ ਬਾਰੇ ਸਾਨੂੰ ਪੂਰਨ ਯਕੀਨ ਹੈ ਪਰ ਅਸੀਂ ਇਨ੍ਹਾਂ ਦਾ ਤਰਕਿਕ ਵਿਸ਼ਲੇਸ਼ਣ ਦੇਣ ਤੋਂ ਅਸਮਰੱਥ ਹਾਂ। ਕਾਲ ਅਤੇ ਪੁਲਾੜ ਸੰਬੰਧੀ ਸਾਡੇ ਕਥਨ ਤਰਕ-ਹੀਣ ਬੇਥਵੀਆਂ ਵਿਚ ਵਾਧਾ ਕਰਦੇ ਹਨ।"[52] ਸੇਂਤ ਆਗਸਤੀਨ 'ਕਾਲ' ਸੰਬੰਧੀ ਆਪਣੀ ਅਗਿਆਨਤਾ ਤੋਂ ਡਾਢਾ ਪਰੇਸ਼ਾਨ ਹੋ ਕੇ ਕਹਿੰਦਾ ਹੈ, " ਕਾਲ ਕੀ ਹੈ? ਕੌਣ ਇਸ ਨੂੰ ਤਤਕਾਲ ਅਤੇ ਸੰਖੇਪ ਵਿਚ ਦਸ ਸਕਦਾ ਹੈ? —ਜੇ ਮੈਨੂੰ ਨਾ ਪੁਛਿਆ ਜਾਵੇ ਤਾਂ ਮੈਂ ਸਭ

---

47. C.H.De Geoje, What is Time?London: E.J. Brill, 1949, p.9.
48. J.B. Priestly, Time and Conways, London:William Heinemann Ltd. 1948, Vol.I, p.176.
49. C.D. Broad, Scientific Thought, Lomdon,1923, p.84.
50. J.A. Gun, The Problem of Time, London:George Allen and Unwin Ltd., 1929, p.10.
51. Ency,Br,Vol.18, p.410.
52. H. Spencer,First Principles, London,1900,p.43.

ਜਾਣਦਾ ਹਾਂ ਪਰ ਜੇ ਮੈਨੂੰ ਪੁਛਿਆ ਜਾਵੇ, ਤਾਂ ਮੈਂ ਕੁਝ ਨਹੀਂ ਜਾਣਦਾ।"[53] ਅਰਸਤੂ ਭੂਤ, ਭਵਿਖ, ਵਰਤਮਾਨ ਦੀ ਸਮਸਿਆ ਸੁਲਝਾਂਦਾ ਤੰਗ ਆ ਗਿਆ ਤੇ ਕਹਿ ਉਠਿਆ, "ਕਾਲ ਦੀ ਹੋਂਦ ਜਾਂ ਤਾਂ ਹੈ ਹੀ ਨਹੀਂ, ਜਾਂ ਫਿਰ ਬਹੁਤ ਧੁੰਦਲੀ ਹੈ।'[54] ਕਾਂਟ ਅਨੁਸਾਰ 'ਕਾਲ' ਸੰਬੰਧੀ ਹੋਈ ਚਰਚਾ ਤੋਂ ਸਾਨੂੰ ਕੋਈ ਲਾਭ ਨਹੀਂ ਹੋਇਆ। ਇਸ ਤੋਂ ਬਿਨਾਂ ਵੀ ਮਨੁੱਖ 'ਕਾਲ' ਨੂੰ ਏਨਾ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਨੂੰ ਨਵੀਂ ਰੋਸ਼ਨੀ ਵਿਚ ਆਪਣੇ ਖਿਆਲ ਉਲਟ ਪੁਲਟ ਕਰਨ ਦੀ ਲੋੜ ਨਹੀਂ।[55] ਬਰੈਡਲੇ ਨੂੰ 'ਕਾਲ' ਸੰਬੰਧੀ ਹੋਈ ਸਾਰੀ ਚਰਚਾ ਵਿਚ ਵਿਰੋਧਾਭਾਸ ਦਿਸਦੇ ਹਨ। ਉਸ ਲਈ 'ਕਾਲ' ਇਕ ਵਿਖਾਵਾ" ਹੈ, ਅਸਲੀਅਤ ਨਹੀਂ। 'ਕਾਲ ਪੜਚੋਲ ਦੀ ਛੋਹ ਨਾਲ ਹੀ ਇਕ ਭਰਮ ਹੋ ਨਿਬੜਦਾ ਹੈ।'[56] ਐਡਿੰਗਟਨ ਨੇ ਕਾਲ ਨੂੰ ਭੌਤਿਕ ਅਤੇ ਪਰਾਭੌਤਿਕ ਦੋਹਾਂ ਪੱਖਾਂ ਤੋਂ ਸਮਝ ਸਕਣ ਤੋਂ ਅਸਮਰਥਾ ਪ੍ਰਗਟ ਕਰਦਿਆਂ ਕਿਹਾ, 'ਕਾਲ! ਪਰਮਾਤਮਾ ਜਾਣੇ ਕੀ ਚੀਜ਼ ਹੈ?'[57]

## 4.3 <u>ਕਾਲ ' ਦਾ ਭੌਤਿਕ ਅਨੁਭਵ:</u>

ਭੌਤਿਕ ਦ੍ਰਿਸ਼ਟੀ ਤੋਂ ਡੋਰਾ ਮਰਸਡੇਨ ਨੇ ਕਾਲ ਨੂੰ 'ਮਾਪੀ-ਹੋਈ-ਗਤੀ' ਕਿਹਾ ਹੈ। ਉਸ ਅਨੁਸਾਰ ਸੰਸਾਰ ਦੀਆਂ ਸਾਰੀਆਂ ਘਾੜਤਾਂ ਕਿਸੇ ਵਿਸ਼ੇਸ਼ ਲੈਅ ਵਿਚ ਗਤੀਸ਼ੀਲ ਹਨ। ਜਦੋਂ ਕਿਸੇ 'ਗਤੀ' ਨੂੰ ਪਰਮਾਣੀਕ ਮਾਪਾਂ ਰਾਹੀਂ ਮਿਣ ਲਿਆ ਜਾਂਦਾ ਹੈ ਤਾਂ ਇਹ 'ਕਾਲ' ਜਾਂ ਸਮਾਂ ਕਹਾਉਂਦਾ ਹੈ।[58] ਪਰਾਭੌਤਿਕ ਵਿਗਿਆਨੀ ਇਸੇ ਨੂੰ 'ਕਾਲ' ਮੰਨਦੇ ਹਨ। ਕਿਸੇ 'ਗਤੀ' ਨੂੰ ਮਿਥੀ ਹੋਈ ਲੰਬਾਈ ਨਾਲ ਮਾਪਣਾ 'ਕਾਲ' ਦੀ ਦਰ ਹੈ। 'ਘੜੀ' 'ਮਿਣਤੀ' ਅਤੇ ਗਿਣਤੀ' ਦਾ ਅਜੇਹਾ ਯੰਤਰ ਹੈ ਜੋ ਗਤੀ ਨੂੰ ਦਿਨਾਂ, ਘੰਟਿਆਂ, ਮਿੰਟਾਂ, ਸਕਿੰਟਾਂ ਵਿਚ ਮਿਣਦਾ ਅਤੇ ਗਿਣਦਾ ਹੈ। ਮਿਣਤੀ ਦੇ ਮਾਪ ਨੂੰ ਪਰਮਾਣੀਕ ਤੇ ਪੂਰਾ ਰਖਣ ਲਈ ਪੈਰਸ ਵਿਚ ਪਲੈਟੀਨਮ-ਰਾਡ ਨੂੰ ਪਿਘਲਦੀ-ਬਰਫ ਵਿਚ ਰਖਿਆ ਹੋਇਆ ਹੈ ਤਾਂਕਿ ਤਾਪਮਾਨ ਦੇ ਘੱਟ ਵੱਧ ਹੋਣ ਨਾਲ ਇਸ ਪਰਮਾਣੀਕ-ਮਾਪ ਵਿਚ ਕੋਈ ਅੰਤਰ ਨਾ ਆਵੇ। ਪਰ "ਸਮੇਂ ਨੂੰ ਮਾਪਣ ਦੀ ਵੱਡੀ ਮੁਸ਼ਕਲ ਇਹ ਹੈ ਕਿ ਇਹ ਨਠਦਾ ਜਾਂਦਾ ਹੈ, ਅਤੇ ਇਸ ਦੇ ਛਿਣਾਂ ਨੂੰ ਨਾਲ ਨਾਲ ਰਖ ਕੇ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਛਿਣ ਇਕ ਦੂਜੇ ਦੇ ਪਿਛੇ ਤੁਰੇ ਆਉਂਦੇ ਹਨ, ਸਮਕਾਲੀ ਨਹੀਂ ਹੁੰਦੇ।"[59] ਭੌਤਿਕ ਵਿਗਿਆਨੀ 'ਕਾਲ' ਨੂੰ ਭੂਤ, ਭਵਿਖ, ਵਰਤਮਾਨ ਵਿਚ ਵੇਖਣ ਦੀ ਥਾਵੇਂ ਤਰਕਾਤਮਕ ਸੰਬੰਧਾਂ ਵਿਚ 'ਪਹਿਲ' ਅਤੇ 'ਪਿਛੋਂ' ਦੇ ਪ੍ਰਸੰਗ ਵਿਚ ਵੇਖਦੇ ਹਨ ਅਤੇ ਇਸ ਨੂੰ ਇਕ-ਸਾਰ ਸਜਾਤੀ -ਨਿਰੰਤਰਤਾ (homogeneous continuum)

---

53. St. Augustine, Confessions (11.7), tr.by E.B.Pusey, London, Nelscn, 1838.
54. Dora Madsden,The Philosophy of Time, Oxford, 1955, p.10.
55. Kant, Enquiry Concerning The Principles of Natural Theology and Morals, London, 1789, Vol. I, p.356.
56. Bradley, Appearance and Reality,London, 1908, p.207.
57. A.S.Eddington,The Nature of Physical World(ed.) The University Press, Cambridge, 1929, p.9.
58. Dora Marsden, op.cit., p.17.

ਭੌਤਿਕ ਕਾਲ ਦੀ ਮਿਣਤੀ ਨੂੰ ਪੂਰਨਤਾ ਤਕ ਲਿਜਾਣ ਲਈ ਨਵੇਂ ਮਾਪ-ਯੰਤਰਾਂ ਦੀ ਕਾਢ ਕੀਤੀ ਗਈ ਹੈ। ਐਸਟਰੋਨਾਮੀਕਲ ਅਤੇ ਐਟਮੀ ਘੜੀਆਂ ਅਜੇਹੀਆਂ ਈਜਾਦਾਂ ਹਨ। ਰੌਸ਼ਨੀ ਦੀ ਰਫਤਾਰ ਰਾਹੀਂ ਵੀ 'ਕਾਲ' ਦੀ ਮਿਣਤੀ ਕੀਤੀ ਜਾਂਦੀ ਹੈ ਪਰ ਆਕਾਸ਼ ਜਾਂ ਪੁਲਾੜ ਵਿਚ ਅਜੇਹੇ ਚਿੰਨ੍ਹਾਂ ਨਹੀਂ ਜਿਨ੍ਹਾਂ ਨੂੰ ਕੇਂਦਰ ਮੰਨ ਕੇ ਕਾਲ ਨੂੰ ਮਾਪਿਆ ਜਾਵੇ। ਇਸ ਸਿਲਸਲੇ ਵਿਚ ਮਾਈਕਲਸਨ (1881), ਮੋਰਲੇ(1887) ਅਤੇ ਮਿਲਰ( 1905) ਦੀਆਂ ਲਭਤਾਂ ਤੇ ਟਿਪਣੀ ਕਰਦਾ ਜੇ.ਏ. ਗਨ ਲਿਖਦਾ ਹੈ ਕਿ ਰੌਸ਼ਨੀ ਦੀ ਰਫਤਾਰ ਤੋਂ ਵੀ ਪੁਲਾੜ ਦੇ ਵੱਖ ਵੱਖ ਖੇਤਰਾਂ ਤੋਂ ਵਿਪਰੀਤ ਨਤੀਜੇ ਨਿਕਲਦੇ ਹਨ। ਪੁਲਾੜ ਦੇ ਇਕ ਵਰਗ ਦੀ ਸਮਕਾਲੀਨਤਾਂ ਦੂਜੇ ਵਰਗ ਦਾ ਅੱਗੇ ਪਿੱਛੇ ਦਾ ਕ੍ਰਮ-ਸਿਲਸਲਾ ਹੋ ਸਕਦਾ ਹੈ। ਇਸ ਲਈ ਕਾਲ ਬਾਰੇ ਇਕਸਾਰ ਦ੍ਰਿਸ਼ਟੀ ਨਹੀਂ ਹੋ ਸਕਦੀ।[61] ਆਈਨਸਟਾਈਨ ਨੇ ਇਨ੍ਹਾਂ ਤਜਰਬਿਆਂ ਦੇ ਆਧਾਰ ਤੇ ਸਾਪੇਖਤਾ-ਸਿਧਾਂਤ( Theory of Relativity ) ਦੀ ਨੀਂਹ ਰਖੀ।

4.4 'ਕਾਲ' ਦਾ ਮਨੋਵਿਗਿਆਨਕ ਅਤੇ ਦਾਰਸ਼ਨਿਕ ਅਨੁਭਵ: ਸਮਾਂ ਭੂਤ, ਵਰਤਮਾਨ ਅਤੇ ਭਵਿਖ ਵਿਚ ਵਿਦਮਾਨ ਹੈ। ਸਾਡਾ ਸੰਬੰਧ ਵਰਤਮਾਨ ਨਾਲ ਹੈ ਪਰ ਇਹ ਭੌਤਿਕਵਾਦੀਆਂ ਦਾ ਤਤਕਾਲੀਨ 'ਹੁਣ' ਨਹੀਂ, ਇਹ ਇਕ ਬਿੰਦੂ ਹੈ, ਜੋ ਕਾਲ-ਰੇਖਾ ਦੀ ਨਿਸਚਿਤ ਲੰਬਾਈ ਹੈ ਜਿਸ ਨੂੰ ਜੇਮਜ਼ ਨੇ "ਆਪਾਤ-ਸੁੰਦਰ-ਹੁਣ"( specious present ) ਕਿਹਾ ਹੈ। ਵਿਲੀਅਮ ਜੇਮਜ਼ ਅਨੁਸਾਰ ਇਹ ਕਿਸੇ ਖੰਜਰ ਦੀ ਨੋਕ ਨਹੀਂ, ਸਗੋਂ ਘੋੜੇ ਦੀ ਕਾਠੀ ਹੈ ਜਿਸ ਉਤੇ ਬੈਠ ਕੇ ਅਸੀਂ ਕਾਲ ਦੀਆਂ ਦੋ ਸੀਮਾਵਾਂ ਵਲ ਝਾਕ ਸਕਦੇ ਹਾਂ।[62] ਅਸੀਂ ਵਰਤਮਾਨ ਨੂੰ ਅਨੁਭਵ ਕਰਦੇ ਹਾਂ, ਭੂਤ ਨੂੰ ਯਾਦ ਕਰਦੇ ਹਾਂ ਅਤੇ ਭਵਿਖ ਦੀ ਕਲਪਨਾ ਕਰਦੇ ਹਾਂ ਪਰ ਜੌਹਨ ਡਿਊਈ ਭੂਤ ਦੇ ਗਿਆਨ ਨੂੰ ਫਜ਼ੂਲ ਸਮਝਦਾ ਹੈ। ਉਹ ਵਿਚਾਰਵਾਦੀ( pregmatic ) ਦ੍ਰਿਸ਼ਟੀ ਤੋਂ ਕਹਿੰਦਾ ਹੈ, "ਪਿਛਲੀਆਂ ਯਾਦਾਂ ਨਾਲੋਂ ਹੋਣ ਵਾਲੀਆਂ ਸੰਭਾਵਨਾਵਾਂ, ਭੂਤ ਨਾਲੋਂ ਭਵਿਖ ਦਾ ਧਿਆਨ ਅਤੇ ਅਤੀਤ-ਦਰਸ਼ੀ ਹੋਣ ਨਾਲੋਂ ਦੂਰ ਦਰਸ਼ੀ ਹੋਣਾ ਵਧੇਰੇ ਮੁਲਿਕ ਹੈ।[63] ਪਰ ਡਿਊਈ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਕਠਨ ਹੈ। ਕੋਲਿੰਗਵੁੱਡ ਅਨੁਸਾਰ ਭਵਿਖ ਸਾਡੇ ਗਿਆਨ ਦਾ ਨਹੀਂ, ਆਸ਼ਾਵਾਂ ਅਤੇ ਸੰਦੇਸ਼ਿਆਂ ਦਾ ਵਿਸ਼ਾ ਹੈ।[64] ਇਹ ਸ਼ੰਕਾ ਵੀ ਪ੍ਰਗਟ ਕੀਤਾ ਗਈ ਹੈ ਕਿ ਭਵਿਖ ਅਤੇ ਭੂਤ ਹੈ ਹੀ ਨਹੀਂ, ਅਤੇ ਵਰਤਮਾਨ ਅਜੇਹਾ ਬਿੰਦੂ ਹੈ ਜਿਸ ਦੀ ਕੋਈ ਲੰਬਾਈ/ਨਹੀਂ ਅਤੇ ਜਿਸ ਦੀ ਕੋਈ ਵਿਸ਼ੇਸ਼ ਲੰਬਾਈ ਹੀ ਨਹੀਂ, ਉਹ 'ਸਤਿ' ਨਹੀਂ ਹੋ ਸਕਦਾ।

59. T.M.P. Mahadevan, Time and Timeless, Madras:Upnishad Vihar, 1953, p.28.
60. M.F. Cleugh, Time and Its Importance in Modern Thought, London: Mathueu and Col, Ltd., 1937, p.71.
61. J.A.Gunn, op.cit., p.187.
62. William James, Principles of Psychology, London:Mac &Co.Ltd. 1890,p.609-
63. John Devey, Creative Intelligence , New York:Hanry Holt &Co., 1917,p.13.
64. Collingwood,R.G.,The Idea of History ,Oxford University Press, 1946, .120.

ਬਰਾਡ ਇਸ ਸ਼ੰਕੇ ਦੇ ਉਤਰ ਵਿਚ ਕਹਿੰਦਾ ਹੈ ਭੂਤ, ਵਰਤਮਾਨ ਅਤੇ ਭਵਿਖ ਹਰ ਸਮੇਂ ਇਕੋ ਜੇਹੇ 'ਸਤਿ' ਹੋਣ। ਇਹ ਲੱਛਣ ਘਟਨਾਵਾਂ ਨਾਲ ਸੰਬੰਧਿਤ ਨਹੀਂ, ਸਗੋਂ ਉਨ੍ਹਾਂ ਦੇ ਭੌਤਿਕ ਸੰਬੰਧਾਂ ਬਾਰੇ ਹਨ।[65] ਕੁਝ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਸਮੇਂ ਦਾ ਲੰਘਣਾ ਜਾਂ ਮਨੁੱਖ ਦਾ ਸਮੇਂ ਵਿਚ ਵਿਕਾਸ ਇਕ ਭੁਲੇਖਾ ਹੈ। ਭੂਤ, ਭਵਿਖ ਵਰਤਮਾਨ ਕੇਵਲ ਭਾਸ਼ਾ ਦੀਆਂ ਕਿਰਿਆਵਾਂ ਹਨ ਜੋ ਉਨ੍ਹਾਂ ਦੇ ਆਪਣੇ ਕਥਨਾਂ ਨੂੰ ਸੰਬੰਧਿਤ ਹਨ। ਇਸ ਲਈ ਕਿਸੇ ਘਟਨਾ ਦਾ ਭਵਿਖ ਤੋਂ ਬਦਲ ਕੇ ਭੂਤ ਹੋ ਜਾਣਾ ਇਕ ਭਰਮ ਹੈ। ਤਿੰਨੇ ਕਾਲ ਇਕੋ ਤਲ ਤੇ ਵਿਚਰਦੇ ਹਨ। ਭਵਿਖ ਨੂੰ ਬਦਲ ਸਕਣ ਦਾ ਦਾਹਵਾ ਏਨਾ ਹੀ ਫਜ਼ੂਲ ਹੈ ਜਿੰਨਾਂ ਭੂਤ ਨੂੰ ਬਦਲ ਸਕਣ ਦਾ। ਪਰ ਜੇ ਪਰਮਾਤਮਾ ਨੇ ਸਾਡਾ ਭਵਿਖ ਪਹਿਲਾਂ ਹੀ ਘੜ ਰਖਿਆ; ਹੈ ਤਾਂ ਮਨੁੱਖ ਦੀ ਆਪਣੀ ਸੁਤੰਤਰਤਾ ਤਾਂ ਕੁਝ ਨਾ ਹੋਈ? ਇਸ ਸੰਬੰਧ ਵਿਚ ਸੀ.ਡੀ. ਬਰਾਡ ਕਹਿੰਦਾ ਹੈ ਕਿ ਭਾਵੇਂ ਮਨੁੱਖ ਦੀ ਮਰਜ਼ੀ ਸੁਤੰਤਰ ਹੈ ਜਾਂ ਨਹੀਂ, ਹਰੇਕ ਮਨੁੱਖ ਦੇ ਭਵਿਖ ਦੇ ਕਰਮ ਇੰਜ ਹੀ ਨਿਸ਼ਚਿਤ ਹਨ ਜਿਵੇਂ ਭੂਤ ਦੇ। ਭਵਿਖ ਨਿਰੋਲ ਤਰਕ-ਸਿਧਾਂਤਾਂ ਦਾ ਨਤੀਜਾ ਹੈ ਅਤੇ ਪਹਿਲਾਂ ਜਾਣਿਆ ਜਾ ਸਕਦਾ ਹੈ।[66] ਡੂਨ ਨੇ ਕਈ ਅਜੇਹੇ ਤਜਰਬਿਆਂ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਉਸ ਨੇ ਭਵਿਖ ਦੀਆਂ ਘਟਨਾਵਾਂ ਨੂੰ ਕਈ ਕਈ ਦਿਨ ਅਤੇ ਕਈ ਕਈ ਸਾਲ ਪਹਿਲਾਂ ਵੇਖਣ ਦਾ ਦਾਹਵਾ ਕੀਤਾ ਹੈ।[67] ਆਧੁਨਿਕ ਮਨੋਵਿਗਿਆਨ ਵਿਚ ਪਰਾ-ਸੰਵੇਦਕ ਅਨੁਭਵ (E.S.P. Extra-Sensory Perceptions) ਇਸੇ ਭਾਂਤ ਦਾ ਅਨੁਭਵ ਹੈ ਜਿਸ ਰਾਹੀਂ ਭਵਿਖ ਦੀਆਂ ਘਟਨਾਵਾਂ ਨੂੰ ਪਹਿਲਾਂ ਵੇਖਿਆ ਜਾ ਸਕਦਾ ਹੈ। ਕੁਝ ਚਿੰਤਕਾਂ ਨੇ ਕਾਲ ਨੂੰ ਅੰਤਰ-ਮੁੱਖੀ ਦ੍ਰਿਸ਼ਟੀ ਤੋਂ 'ਮਨ' ਦਾ ਸੰਕਲਪ ਕਿਹਾ ਹੈ। ਪੁਲਾੜ ਬਾਹਰ-ਮੁਖੀ ਅਨੁਭਵ ਹੈ, 'ਕਾਲ' ਅੰਤੁਰ-ਮੁਖੀ। 'ਕਾਲ' ਕੋਈ ਪਦਾਰਥਕ ਵਸਤੂ ਨਹੀਂ ਜਿਸ ਨੂੰ ਪਰਤੱਖ ਵੇਖਿਆ ਜਾ ਸਕੇ। ਕਾਲ ਦ੍ਰਿਸ਼ਟਮਾਨ ਜਗਤ ਦੀਆਂ ਘਟਨਾਵਾਂ ਨੂੰ ਤਰਤੀਬ ਦੇਣ ਲਈ ਮਿਥਿਆ ਕਾਨੂੰਨ ਹੈ।"[68] ਬਰਗਸਨ ਅਨੁਸਾਰ ਅਸਲ 'ਕਾਲ' "ਨਿਰੰਤਰ ਅਨੰਤ ਵਹਿਣ" (La-duree) ਹੈ ਅਤੇ ਇਹ ਹੀ ਅਸਲੀਅਤ ਹੈ। 'ਲਾ ਦਰੀ' ਕੋਈ ਮਿਆਦ ਜਾਂ ਅਵਧੀ ਨਹੀਂ, ਸਗੋਂ ਅਰੁਕ ਪਰਵਾਹ ਹੈ; ਇਹ ਇਕ-ਇਕਾਈ ਹੈ ਜੋ ਨਿਰੋਲ ਵਿਜਾਤੀ (hetrogenous.) ਹੈ। ਜਦੋਂ ਘਟਨਾਵਾਂ ਲੰਘ ਰਹੀਆਂ ਹੁੰਦੀਆਂ ਹਨ ਤਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿਥੇ ਇਕ ਘਟਨਾ ਲੰਘ ਗਈ ਅਤੇ ਦੂਜੀ ਸ਼ੁਰੂ ਹੋ ਗਈ ਹੈ। ਅਸਲ ਵਿਚ ਇਨ੍ਹਾਂ ਵਿਚੋਂ ਕੋਈ ਵੀ ਸ਼ੁਰੂ ਨਹੀਂ ਹੁੰਦੀ ਅਤੇ ਨਾਂਹੀ ਮੁਕਦੀ ਹੈ। ਇਹ ਇਕ ਦੂਜੇ ਵਿਚ ਧਸੀਆਂ ਹੋਈਆਂ ਹਨ।"[69] ਬਰਗਸਨ ਦੀ 'ਕਾਲ'

65- C.D. Broad, ERE, Vol.12, p.238.

66. Ibid., p.237.

67. Dunne, An Experiment with Time, London: Faber and Faber, Ltd., 1934, pp.119-120.

68. T.M.P. Mahadevan, op.cit., p.35.

69. Bergson, Introduction to Metaphysics, London: Mac &Co., Ltd, 1913, pp.9-10.

ਸੰਬੰਧੀ ਅੰਤਰ-ਦ੍ਰਿਸ਼ਟੀ ਦੀ ਕਾਫ਼ੀ ਆਲੋਚਨਾ ਹੋਈ।

5.1 <u>ਭਾਰਤੀ ਦਰਸ਼ਨ ਵਿਚ 'ਕਾਲ' ਦਾ ਸੰਕਲਪ:</u> ਭਾਰਤੀ ਦਰਸ਼ਨ ਵਿਚ 'ਕਾਲ' ਅਤੇ 'ਪ੍ਰਲਾੜ' ਦੇ ਹਵਾਲੇ ਵੇਦਾਂ ਵਿਚ ਪ੍ਰਾਪਤ ਹਨ। ਰਿਗਵੇਦ ਵਿਚ ਰਿਸ਼ੀਆਂ ਨੇ 'ਕਾਲ' ਨੂੰ ਕੁਦਰਤੀ ਵਾਤਾਵਰਣ ਦਿਨ, ਰਾਤ ਦੀ ਅਦਲਾਬਦਲੀ, ਚੰਨ ਸੂਰਜ ਦੀ ਗਤੀਸ਼ੀਲਤਾ, ਮੌਸਮਾਂ ਵਿਚ ਮਤਵਾਤਰ ਤਬਦੀਲੀ ਤਕ ਸੀਮਤ ਕੀਤਾ ਹੈ। ਰਿਗਵੇਦ(10.72) ਵਿਚ "ਮੌਤ" ਦੇ ਆਦਿ ਦਾ ਕਾਰਨ"ਮਾਰਤੰਡ" (ਮੁਰਦਾ ਅੰਡੇ ਤੋਂ ਜਨਮਿਆ') ਦਸਿਆ ਹੈ ਜੋ "ਸੂਰਜ ਰੂਪ ਵਿਚ ਰੋਜ਼ ਜੰਮਦਾ ਤੇ ਮਰਦਾ ਹੈ ਅਤੇ ਸਾਡੀ ਮਰਣਸ਼ੀਲਤਾ ਦਾ ਕਾਰਨ ਹੈ।"[70]

ਅਥਰਵੇਦ ਵਿਚ 'ਕਾਲ' ਦਾਰਸ਼ਨਿਕ ਚਿੰਤਨ ਦਾ ਵਿਸ਼ਾ ਬਣਦਾ ਹੈ। ਏਥੇ 'ਕਾਲ' ਨੂੰ 'ਅਨੰਤ' 'ਅਨਾਦੀ' ਸਵੈ-ਹੋਂਦ ਵਾਲਾ ਅਤੇ ਰਚਨਹਾਰਾ ਦਸਿਆ ਗਿਆ ਹੈ। ਅਥਰਵੇਦ (19.54) ਅਨੁਸਾਰ ਕਾਲ ਤੋਂ ਸਾਰੀ ਰਚਨਾ ਹੋਈ। ਕਾਲ ਤੋਂ ਪਾਣੀ, ਬ੍ਰਹਮਾ, ਤਪ ਅਤੇ ਲੋਕ ਪੈਦਾ ਹੋਏ। ਕਾਲ ਵਿਚ ਸੂਰਜ ਚੜ੍ਹਦਾ ਅਤੇ ਡੁਬਦਾ ਹੈ। 'ਕਾਲ' ਵਿਚ ਹਵਾ ਚਲਦੀ ਹੈ। 'ਕਾਲ' ਵਿਚ ਹੀ ਧਰਤੀ ਅਤੇ ਆਕਾਸ਼ ਹਨ। ਕਾਲ ਤੋਂ ਰਿਚ, ਯਜੁਸ, ਗੰਧਰਵ, ਅਪਸਰਾ ਪੈਦਾ ਹੋਏ। ਕਾਲ ਸਰਵੋਤਮ ਦੇਵ ਹੈ, ਜੋ ਸਾਰੇ ਲੋਕਾਂ ਉਤੇ ਵਿਜਈ ਹੋ ਕੇ ਠਹਿਆ ਜਾਂਦਾ ਹੈ।[71]

5.2 ਮੈਤ੍ਰਾਯ ਉਪਨਿਸ਼ਦ(4.6) ਵਿਚ ਕਾਲ ਨੂੰ ਬ੍ਰਹਮ ਦਾ ਹੀ ਇਕ ਰੂਪ ਦਸਿਆ ਹੈ। ਮੈ.ਉ.(6.15) ਅਨੁਸਾਰ ਬ੍ਰਹਮ ਦੇ ਦੋ ਰੂਪ ਹਨ, ਕਾਲ ਅਤੇ ਅਕਾਲ। ਜਿਹੜਾ ਸੂਰਜ ਤੋਂ ਪਹਿਲਾਂ ਹੋਂਦ ਵਿਚ ਹੈ। ਉਹ ਅਕਾਲ ਅਤੇ ਅਭੰਗ ਹੈ। ਪਰ ਜਿਹੜਾ ਸੂਰਜ ਤੋਂ ਆਰੰਭ ਹੁੰਦਾ ਹੈ, ਉਹ ਸਮਾਂ ਹੈ ਜਿਸ ਨੂੰ ਕਈ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।[72] ਮੈ.ਉ.(6.14) ਵਿਚ ਬ੍ਰਹਮ ਤਕ ਪੁੱਜਣ ਲਈ ਕਾਲ ਉਤੇ ਧਿਆਨ ਜੋੜਨ ਦੀ ਪ੍ਰੇਰਨਾ ਕੀਤੀ ਗਈ ਹੈ। ਇਸ ਨੂੰ ਭਗਤੀ ਦਾ ਸਾਧਨ ਦਸਿਆ ਹੈ। ਸਵੇਤਾਸਵਤਰ (6.5) ਵਿਚ ਬ੍ਰਹਮ ਨੂੰ "ਤਿੰਨਾਂ ਕਾਲਾਂ ਤੋਂ ਅਤੀਤ ਅਤੇ ਅਭੰਗ'ਦਸਿਆ ਹੈ। ਸਵੇਤ(3.5) ਅਨੁਸਾਰ" ਉਹ ਮਹਾਂਕਾਲ ਰੂਪ ਵਿਚ ਉਤਪਤੀ ਦੇ ਸਾਰੇ ਰੂਪਾਂ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ।" ਬ੍ਰਿਹਦਾਰਣਕ (4.4.15) ਵਿਚ ਬ੍ਰਹਮ ਨੂੰ 'ਭੂਤ ,ਭਵਿਖ ਦਾ ਮਾਲਕ' ਦਸਿਆ ਹੈ ਅਤੇ (4.4.16) ਵਿਚ ਕਾਲ ਨੂੰ ਬ੍ਰਹਮ ਦੇ ਪੈਰਾਂ ਤੇ ਰਿੜ੍ਹਦਾ ਦਸਿਆ ਹੈ।

---

70. W.Norman Brown, Man in the Universe,London: University of California Press, 1970. p.71.

71 . op.cit., p.73.

72. R.E. Hume,The Thirteen Principal Upnishadas, Oxford University Press, 1934,p.400.

5.3 ਭਾਗਵਦ ਗੀਤਾ( 11.31-32) ਵਿਚ ਕ੍ਰਿਸ਼ਨ ਜੀ ਕਹਿੰਦੇ ਹਨ, "ਮੈਂ ਲੋਕਾਂ ਦਾ ਨਾਸ਼ ਕਰਨ ਵਾਲਾ ਵਧਿਆ ਹੋਇਆ ਮਹਾਂ-ਕਾਲ ਹਾਂ।" ਇਸ ਦਾ ਭਾਵ ਇਹ ਹੈ ਕਿ ਮਹਾਂ-ਕਾਲ ਦੀ ਦ੍ਰਿਸ਼ਟੀ ਤੋਂ ਭੂਤ, ਭਵਿਖ, ਵਰਤਮਾਨ ਪਹਿਲਾਂ ਹੀ ਸਮਤਲ ਹੁੰਦੇ ਹਨ।"[73]

6.1 ਨਿਆਇ-ਵਿਸ਼ੇਸ਼ਕ ਅਨੁਸਾਰ ਕਾਲ ਨੌ ਦ੍ਰਵਾਂ ਵਿਚੋਂ ਇਕ ਹੈ ਅਤੇ ਭੌਤਿਕ ਯਥਾਰਥ ਹੈ। ਨਵ-ਨਿਆਇਕ ਦੀ ਦ੍ਰਿਸ਼ਟੀ ਵਿਚ ਕਾਲ ਅਤੇ ਆਕਾਸ਼ ਈਸ਼ਵਰ ਨਾਲੋਂ ਵਖਰੇ ਪਦਾਰਥ ਨਹੀਂ। ਕੇਵਲ ਖਿਣ ਹੀ ਈਸ਼ਵਰ ਨਾਲੋਂ ਵਖਰਾ ਹੁੰਦਾ ਹੈ ਜੋ ਲੋਕ-ਵਿਹਾਰ ਦਾ 'ਅੱਜ' ਅਤੇ 'ਕਲ' ਬਣਦਾ ਹੈ। ਪਰਾਚੀਨ ਨਿਆਇਕਾਂ ਅਤੇ ਨਵ-ਨਿਆਇਕਾਂ ਦੇ ਕਾਲ ਅਨੁਭਵ ਵਿਚ ਸਪਸ਼ਟ ਅੰਤਰ ਹੈ।[74]

6.2 ਵਸ਼ਿਸ਼ਟ ਅਦਵੈਤ ਵਿਚ ਕਾਲ ਵਾਸਤਵਿਕ ਹੈ, ਭਾਵੇਂ ਇਹ ਬ੍ਰਹਮ ਤੋਂ ਬਾਹਰ ਨਹੀਂ ਕਿਉਂਕਿ ਕੋਈ ਵੀ ਵਸਤੂ ਬ੍ਰਹਮ ਤੋਂ ਬਾਹਰ ਨਹੀਂ। "ਕਾਲ ਪ੍ਰਕ੍ਰਿਤੀ ਦਾ ਸਹਾਇਕ ਹੈ, ਅਤੇ ਆਕਾਸ਼ ਪ੍ਰਾਕ੍ਰਿਤੀ ਦੀ ਉਪਜ ਹੈ। ਜਿਸ ਕਾਲ ਦਾ ਅਸੀਂ ਅਨੁਭਵ ਕਰਦੇ ਹਾਂ, ਇਹ ਮਹਾਂ-ਕਾਲ ਨਹੀਂ, ਕਾਰਯ-ਕਾਲ ਹੈ, ਜਿਸ ਨੂੰ ਪੈਦਾ ਕਰਨ ਵਾਲਾ ਅਖੰਡ ਕਾਲ ਹੈ, ਜਿਹੜਾ ਪਰੀਵਰਤਨ-ਰਹਿਤ ਅਤੇ ਅਭੰਗ ਹੈ।"[75]

6.3 ਨਿਆਇਕਾਂ ਵਾਂਗ ਜੈਨੀ ਵੀ ਕਾਲ ਨੂੰ ਵਿਹਾਰਿਕ ਅਤੇ ਪਰਮਾਰਥਿਕ, ਦੋ ਸਰੂਪਾਂ ਵਿਚ ਵੇਖਦੇ ਹਨ। ਵਿਹਾਰਕ ਕਾਲ ਮਿੰਟਾਂ, ਘੰਟਿਆਂ ਆਦਿ ਕਈ ਅੰਗਾਂ ਅਤੇ ਭਾਗਾਂ ਵਿਚ ਵੰਡਿਆ ਜਾਂਦਾ ਹੈ, ਪਰਮਾਰਥਿਕ ਕਾਲ ਅਛੇਦ ਅਤੇ ਅਭੰਗ ਰੂਪ ਵਿਚ ਵਿਦਮਾਨ ਰਹਿਣ ਵਾਲਾ ਹੈ।

6.4 ਯੋਗ ਦਰਸ਼ਨ ਅਨੁਸਾਰ ਕਾਲ ਵਾਸਤਵ ਨਹੀਂ, ਵਿਕਲਪ ਹੈ। ਮਿੰਟ, ਸਕਿੰਟ, ਘੰਟਿਆਂ, ਆਦਿ ਦਾ ਕਾਲ ਸੂਚਕ ਵਿਹਾਰ ਅਵਾਸਤਿਵਿਕ ਹੈ। ਇਸੇ ਲਈ ਯੋਗੀ ਕਾਲ ਨੂੰ ਵਸਤੂ ਨਹੀਂ, 'ਖਿਣ' ਦਾ ਕਰਮ ਕਹਿੰਦੇ ਹਨ। ਯੋਗ ਵਿਚ 'ਖਿਣ' ਉਤੇ ਧਿਆਨ ਜੋੜਨ ਨਾਲ ਵਿਵੇਕ ਗਿਆਨ ਦੀ ਪ੍ਰਾਪਤੀ ਦਸੀ ਜਾਂਦੀ ਹੈ।[76]

7.0 <u>'ਕਾਲ' ਦੀ ਯੁਗਾਂ ਵਿਚ ਵੰਡ:</u>

'ਕਾਲ' ਦੀ ਯੁਗਾਂ ਵਿਚ ਵੰਡ ਭਾਰਤੀ ਵਿਚਾਰਧਾਰਾ ਤਕ ਹੀ ਸੀਮਤ ਨਹੀਂ, ਦੁਨੀਆਂ ਦੇ ਬਹੁਤ ਸਾਰੇ ਧਰਮਾਂ ਨੇ ਕਾਲ ਦੀ ਸਮੁੱਚੀ ਅਵਧੀ ਨਿਸਚਿਤ ਕਰਕੇ ਇਸ ਨੂੰ ਵਿਸ਼ੇਸ਼ ਯੁਗਾਂ ਵਿਚ ਵੰਡਿਆ ਹੈ ਅਤੇ ਯੁਗ-ਲੱਛਣ ਵੀ ਦਸੇ ਹਨ।

---

73. ਜੈ ਦਿਆਲ ਗੋਇੰਦਕਾ, ਸ਼੍ਰੀਮਦ ਭਗਵਦ ਗੀਤਾ(ਹਿੰਦੀ), ਗੋਰਖਪੁਰ: ਗੀਤਾ ਪ੍ਰੈਸ, 1966, ਪੰਨਾ 464
74. ਹਿੰਦੀ ਵਿਸ਼ਵ ਕੋਸ਼, ਵਾਰਾਣਸੀ: ਨਾਗਰੀ, ਪਰਚਾਰਣੀ, ਸਭਾ, 1962, ਭਾਗ 2, ਪੰਨਾ 476
75. ਮਹਾਦੇਵਨ, ਉਕਤ, ਪੰਨਾ 50.
76. ਵਿਸ਼ਵ ਕੋਸ਼, ਉਕਤ, ਪੰਨਾ 476- 477.

7.1 ਰਿਗਵੇਦ(8.46.12) ਵਿਚ ਰੱਥ ਦੇ ਪੋਲ ਨੂੰ ਯੁੱਗ ਕਿਹਾ ਹੈ। ਅਥਰਵੇਦ(8.2.26) ਵਿਚ ਪਹਿਲੀ ਵਾਰੀ ਯੁੱਗ ਸ਼ਬਦ' ਕਾਲ' ਨਾਲ ਸੰਬੰਧਿਤ ਹੋ ਕੇ 'ਯੁਗਾਂ ਦੇ ਚੱਕਰ' ਲਈ ਵਰਤਿਆ ਗਿਆ ਹੈ। ਪਾਣਿਨੀ(2.4.17) ਵਿਚ ਸਪਸ਼ਟ ਤੌਰ ਤੇ ਚਾਰ ਯੁਗਾਂ ਦਾ ਵਰਣਨ ਹੈ। ਚਾਰ ਯੁਗਾਂ ਦੇ ਨਾਂ—ਕ੍ਰਿਤ, ਤ੍ਰੇਤਾ, ਦੁਆਪਰ, ਕਲਿ-ਚੌਪੜ ਦੀਆਂ ਨਰਦਾਂ ਅਨੁਕੂਲ ਹਨ। ਕ੍ਰਿਤ ਚਾਰ ਬਿੰਦੀਆਂ ਵਾਲਾ ਪਾਸਾ ਚੰਗੀ ਕਿਸਮਤ ਦਾ ਚਿੰਨ੍ਹ ਹੈ; ਤ੍ਰੇਤਾ ਤਿੰਨ, ਦਵਾਪਰ ਦੋ ਅਤੇ ਕਲਿ ਇਕ ਬਿੰਦੀ ਵਾਲਾ ਕਰਮਵਾਰ ਚੰਗਿਆਈ ਵਿਚ ਘਟਦੇ ਜਾਂਦੇ ਹਨ।[77]

7.2 ਰਾਮਾਇਣ ਅਤੇ ਮਹਾਂਭਾਰਤ ਵਿਚ ਚਾਰ ਯੁਗਾਂ ਦੀ ਆਯੂ ਨਰਦਾਂ ਦੀ ਗਿਣਤੀ ਦੇ ਆਧਾਰ ਤੇ ਦੱਸੀ ਹੈ। ਕ੍ਰਿਤ ਦੀ ਆਯੂ 4000 ਸਾਲ ਸੀ ਅਤੇ ਉਸ ਦੇ ਹਰ ਉਜਾਲੇ ਅਤੇ ਸੰਧਿਆ ਦੀ ਮਿਤ 400 ਸਾਲ ਸੀ। ਇਹ ਘਟਦੀ ਹੋਈ ਕਰਮਵਾਰ ਤ੍ਰੇਤੇ ਵਿਚ 3000 ਸਾਲ ਅਤੇ 300 ਸਾਲ, ਦੁਆਪਰ ਵਿਚ 2000 ਸਾਲ ਅਤੇ 200 ਸਾਲ ਅਤੇ ਕਲਿ ਵਿਚ 1000 ਸਾਲ ਅਤੇ 100 ਸਾਲ ਹੋ ਗਈ।[78]

7.3 ਮਨੂ(1.69) ਅਨੁਸਾਰ ਚਾਰ ਯੁਗਾਂ ਦੇ ਇਕ ਮਹਾਂ ਯੁਗ ਦੀ ਆਯੂ 43,20,000 ਮਨੁੱਖੀ ਸਾਲ ਦਸੀ ਹੈ। 1000 ਮਹਾਂ-ਯੁਗਾਂ ਦਾ ਇਕ ਕਲਪ ਬ੍ਰਹਮਾ ਦਾ ਇਕ ਦਿਨ ਜਾਂ ਇਕ ਰਾਤ ਹੁੰਦੀ ਹੈ। ਇਸ ਤਰ੍ਹਾਂ 365 ਦਿਨਾਂ ਅਤੇ ਰਾਤਾਂ ਦਾ ਉਸਦਾ ਇਕ ਵਰ੍ਹਾ ਬਣਦਾ ਹੈ ਅਤੇ 100 ਸਾਲ ਉਸਦਾ ਜੀਵਨ ਹੈ। ਵਰਤਮਾਨ ਕਲਿਯੁਗ 17 ਫਰਵਰੀ 3102 ਬ੍ਰ.ਈ. ਵਿਚ ਸ਼ੁਰੂ ਹੋਇਆ ਸੀ। ਇਸ ਦੀ ਕੁਲ ਉਮਰ 432,000 ਮਨੁੱਖੀ ਸਾਲ ਹੈ।

7.4 ਬੁੱਧ ਧਰਮ ਵਿਚ ਯੁੱਗਾਂ ਦਾ ਚੱਕਰ ਉਲਟਾ ਚਲਦਾ ਹੈ। ਉਹ ਕਲਿਯੁਗ ਤੋਂ ਸ਼ੁਰੂ ਹੋ ਕੇ ਕ੍ਰਿਤ ਯੁੱਗ ਤੇ ਖਤਮ ਕਰਦੇ ਹਨ। ਜੈਨ ਧਰਮ'ਕਾਲ' ਨੂੰ ਇਕ 'ਪਹੀਆ'' ਮੰਨਦਾ ਹੈ ਜਿਸ ਦੀਆਂ 12 ਤਾਰਾਂ ਹਨ; ਹਰੇਕ ਅੱਧ ਨੂੰ ਛੇ ਛੇ ਯੁੱਗਾਂ ਵਿਚ ਵੰਡਿਆ ਹੈ। ਪਹਿਲੇ ਤਿੰਨ ਸਤਿਯੁਗ ਨਾਲ ਅਤੇ ਪਿਛਲੇ ਤਿੰਨ ਤ੍ਰੇਤਾ, ਦੁਆਪਰ ਅਤੇ ਕਲਿਯੁਗ ਨਾਲ ਮੇਲ ਖਾਂਦੇ ਹਨ।

7.5 ਯੂਨਾਨੀ ਸਿਧਾਂਤ ਵਿਚ ਚਾਰ ਯੁਗਾਂ ਨੂੰ ਸੁਨਹਿਰੀ ਰੁਪਹਿਰੀ, ਤਾਂਬਾ ਅਤੇ ਲੋਹਾਯੁੱਗ ਕਿਹਾ ਗਿਆ ਹੈ। ਦਖਣੀ ਅਮਰੀਕਨਾਂ ਦਾ ਵਿਸ਼ਵਾਸ ਹੈ ਕਿ ਦੁਨੀਆਂ ਪਹਿਲਾਂ ਦੋ ਵਾਰੀ, ਅੱਗ ਅਤੇ ਪਾਣੀ ਨਾਲ ਨਸ਼ਟ ਹੋ ਚੁੱਕੀ ਹੈ। ਮੇਕਸੀਕਨ ਵਿਸ਼ਵਾਸ ਅਨੁਸਾਰ ਹੁਣ ਤੋਂ ਪਹਿਲਾਂ ਚਾਰ ਯੁਗ—ਧਰਤੀ ਦਾ ਸੂਰਜ ਯੁੱਗ,

---

77. ਵਿਸਥਾਰ ਲਈ ਵੇਖੋ, ਲੇਖਕ ਦੀ ਕਿਰਤ, ਨਾਨਕਬਾਣੀ ਵਿਚ ਯੁੱਗ ਸੰਕਲਪ ਅਤੇ ਯੁੱਗ ਧਰਮ, ਪੰਜਾਬੀ ਦੁਨੀਆਂ, ਪਟਿਆਲਾ, ਸਤੰਬਰ, 1976, ਪੰਨਾ52-74.

78. H. Jacobi, Ages of the World, ERE, Vol. I, p.202.

ਅੱਗ, ਹਵਾ ਅਤੇ ਪਾਣੀ ਦਾ ਯੁੱਗ ਖ਼ਤਮ ਹੋ ਚੁੱਕੇ ਹਨ। ਬੇਬੀਲੋਨ ਨੇ ਤਾਰਿਆਂ ਦੀ ਚਾਲ ਉਤੇ ਕਾਲ ਨੂੰ ਚਾਰ ਯੁੱਗਾਂ ਵਿਚ ਵੰਡਿਆ ਅਤੇ ਇਨ੍ਹਾਂ ਦੇ ਨਾਂ ਧਾਤਾਂ ਦੇ ਆਧਾਰ ਤੇ ਸੋਨਾਯੁਗ, ਚਾਂਦੀ ਯੁੱਗ ਤਾਂਬਾ ਯੁੱਗ ਅਤੇ ਲੋਹਾ ਯੁਗ ਰੱਖੇ।

<u>ਗੁਰਮਤਿ ਵਿਚ 'ਕਾਲ'</u>:

8.1 ਗੁਰਮਤਿ ਵਿਚ ਵਿਹਾਰਕ 'ਕਾਲ' ਦੇ ਅਨੇਕਾਂ ਪ੍ਰਸੰਗ ਪ੍ਰਾਪਤ ਹਨ। ਵਿਹਾਰਕ-ਕਾਲ ਸਾਰੇ ਮਨੁੱਖੀ ਕਾਰ-ਵਿਹਾਰ ਦਾ ਧੁੱਰਾ ਹੈ ਜਿਸ ਨੂੰ ਸੂਰਜ ਅਤੇ ਧਰਤੀ ਦੀ ਗਤੀ ਦੇ ਆਧਾਰ ਤੇ ਵਿਸਿਆਂ, ਚਸਿਆਂ, ਘੜੀਆਂ, ਪਹਿਰਾਂ, ਥਿਤਾਂ, ਵਾਰਾਂ, ਮਹੀਨਿਆਂ ਵਿਚ ਵੰਡਿਆ ਗਿਆ ਹੈ।[79] ਨਿਰੰਕਾਰ ਦੇ ਅਫੁੱਰ ਤੋਂ ਸਫੁੱਰ/ਹੋਣ ਨਾਲ ਲਖਾਂ ਗ੍ਰਹਿ, ਉਪਗ੍ਰਹਿ, ਖੰਡ, ਬ੍ਰਹਿਮੰਡ ਹੋਂਦ ਵਿਚ ਆਉਂਦੇ ਹਨ ਅਤੇ ਨਾਲ ਹੀ 'ਕਾਲ' ਦੀ ਰਚਨਾ ਹੁੰਦੀ ਹੈ। ਇਹ ਸਾਰੀਆਂ ਪ੍ਰਾਕ੍ਰਤਾਂ 'ਕਾਲ' ਅਤੇ 'ਆਕਾਸ਼' ਦੇ ਘੇਰੇ ਵਿਚ ਹਨ। ਜੋ ਧਰਤੀ ਦੇ ਘੇਰੇ ਦਾ ਸੰਸਾਰ ਹੈ, ਉਸ ਦੀਆਂ ਰੁੱਤਾਂ, ਥਿੱਤਾਂ ਲਈ ਸੂਰਜ ਨੂੰ ਸਾਡੇ ਮੰਡਲ ਵਿਚ ਇਸਥਿਤ ਕਰ ਦਿਤਾ ਗਿਆ ਹੈ ਜਿਸ ਦੇ ਨਿਤ ਦੇ ਗੇੜ ਤੋਂ ਮਾਨਵੀ ਭੌਤਿਕ ਕਾਲ ਦਾ ਅਵਿਕਾਸ਼ ਹੋਇਆ ਹੈ।[80] ਭੌਤਿਕ ਕਾਲ ਦਾ ਆਧਾਰ ਧਰਤੀ ਅਤੇ ਸੂਰਜ ਦੀ ਗਤੀਸ਼ੀਲਤਾ ਹੈ। ਗੁਰਮਤਿ ਵਿਚ ਇਸ ਗਤੀਸ਼ੀਲਤਾ ਨੂੰ ਚੌੜੇ ਤਲ ਤੇ ਲਿਆ ਗਿਆ ਹੈ। ਗੁਰਮਤਿ ਅਨੁਸਾਰ ਸਾਰਾ ਬ੍ਰਹਿਮੰਡ ਹੀ ਗਤੀਸ਼ੀਲ ਹੈ ਅਤੇ ਜਿਵੇਂ 'ਗਤੀ' ਹਰੇਕ ਕਿਰਤ ਦਾ ਲੱਛਣ ਹੈ ਤਿਵੇਂ 'ਕਾਲ' ਵੀ ਹਰੇਕ 'ਗਤੀ' ਦਾ ਅੰਗ ਹੈ। ਗਤੀ ਅਤੇ ਕਾਲ ਦੋਵੇਂ ਸਰਬ ਵਿਆਪੀ ਹਨ। 'ਐਟਮ' ਵਿਚ ਵੀ ਗਤੀ ਹੈ ਜੋ ਮਾਪੀ ਜਾ ਸਕਦੀ ਹੈ, ਇਸ ਲਈ 'ਐਟਮ' ਵਿਚ ਵੀ 'ਕਾਲ' ਹੈ। ਗਤੀ ਦੀ ਸਮਾਪਤੀ 'ਬ੍ਰਹਿਮੰਡ' ਅਤੇ 'ਕਾਲ' ਦੀ ਸਮਾਪਤੀ ਹੈ। ਇਹੋ 'ਪਰਲੈ' ਹੈ। 'ਨੇਤਰ' ਦੇ ਇਕ 'ਫੇਰ' ਵਿਚ 'ਅਕਾਲ ਮੂਰਤਿ' ਬ੍ਰਹਿਮੰਡ ਨੂੰ ਗਤੀ-ਸ਼ੀਲ ਅਤੇ ਕਾਲ-ਭਰਪੂਰ ਕਰ ਦਿੰਦਾ ਹੈ ਅਤੇ ਇਕ 'ਫੇਰ' ਵਿਚ ਗਤੀ-ਹੀਣ, ਕਾਲ-ਹੀਣ ਅਤੇ ਹੋਂਦ-ਹੀਣ:

ਹਰਨ ਭਰਨ ਜਾ ਕਾ ਨੇਤ੍ਰ ਫੋਰ - ਗ.੫ (284)

---

79. ਵਿਸੁਏ, ਚਸਿਆ, ਘੜੀਆ, ਪਹਰਾ, ਥਿਤੀ, ਵਾਰੀ ਮਾਹੁ, ਹੋਆ। ਸੂਰਜੁ ਏਕੋ, ਰੁਤਿ ਅਨੇਕ। ਆਸਾ ੧(12)

80. ਰਾਤੀ ਰੁਤੀ ਥਿਤੀ ਵਾਰ — ਜਪੁਜੀ 34(5)

8.2 ਆਰਨੋਲਡ ਟਾਇਨਬੀ ਅਨੁਸਾਰ 'ਕਾਲ' ਦੀ ਗਤੀਸ਼ੀਲਤਾ ਨੂੰ ਦੋ ਤਰ੍ਹਾਂ ਦਰਸਾਇਆ ਜਾਂ ਸਕਦਾ ਹੈ:- ਗੋਲ ਚੱਕਰ ਵਿਚ ਜਾਂ ਇਕ-ਰੁਖ਼ਾ ਸਿਧੇ ਵਹਿਣ ਵਿਚ। ਕਾਲ ਦਾ ਚੱਕਰ ਵਿਚ ਗਤੀਸ਼ੀਲ ਹੋਣ ਦਾ ਅਨੁਭਵ ਮਨੁੱਖ ਦੇ ਚੌਗਿਰਦੇ ਵਿਚ ਮੁੜਮੁੜ ਵਾਪਰਦੀਆਂ ਘਟਨਾਵਾਂ ਦੇ ਚੱਕਰ ਤੋਂ ਉਤਪੰਨ ਹੋਇਆ ਜਾਪਦਾ ਹੈ। ਚੰਨ, ਸੂਰਜ, ਧਰਤੀ, ਗ੍ਰਹਿ, ਦਿਨ, ਰਾਤ, ਰੁੱਤਾਂ, ਮੌਸਮ ਸਭ ਇਕ ਚੱਕਰ ਵਿਚ ਗਤੀਸ਼ੀਲ ਹਨ। ਗੁਰੂ ਨਾਨਕ ਦੇਵ ਨੇ ਆਸਾ ਦੀ ਵਾਰ ਵਿਚ ਅਨੇਕਾਂ ਭਉਣ ਵਾਲੀਆਂ ਘਾੜਤਾਂ ਦਾ ਜ਼ਿਕਰ ਕੀਤਾ ਹੈ।[81] ਪਰ ਪ੍ਰਕ੍ਰਿਤੀ ਦੇ ਚੱਕਰਾਂ ਨਾਲੋਂ ਮਹੱਤਵਪੂਰਣ ਚੱਕਰ ਰੱਬੀ ਅਵਤਾਰਾਂ ਦਾ ਮੁੜ [ਮੁੜ ਧਰਤੀ ਉਤੇ ਆਉਂਦਾ ਹੈ। ਹਿੰਦੂ ਵਿਚਾਰਧਾਰਾ ਅਨੁਸਾਰ ਵਿਸ਼ਨੂੰ ਵੀ ਵਿਸ਼ੇਸ਼ ਕਾਲ-ਚੱਕਰ ਵਿਚ ਮੁੜ] ਮੁੜ ਨਵਾਂ ਅਵਤਾਰ ਧਾਰਦਾ ਹੈ। ਇਸ ਤਰ੍ਹਾਂ ਬੋਧੀ ਅਵਤਾਰ ਵੀ ਕਈ ਹੋਏ ਹਨ।

ਪਲੈਟੋ ਅਤੇ ਅਰਸਤੂ ਦਾ ਇਹ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਮਨੁੱਖੀ ਸਮਾਜ ਅਤੇ ਬ੍ਰਹਿਮੰਡ ਪਹਿਲਾਂ ਕਈ ਵਾਰ ਬਰਬਾਦ ਹੋਇਆ ਤੇ ਮੁੜ ਉਤਪੰਨ ਹੋਇਆ ਹੈ। ਇਸ ਜਨਮ-ਮਰਣ ਦੇ ਕਾਲ-ਚੱਕਰ ਨੂੰ ਚੀਨੀ ਅਤੇ ਮਿਸਰੀ ਸਭਿਆਤਾਵਾਂ ਅਤੇ ਹੜਪਾ ਤੇ ਮਹਿੰਜਦਰੋ ਦੀਆਂ ਥੇਹਾਂ ਤੋਂ ਵੇਖਿਆ ਜਾ ਸਕਦਾ ਹੈ। ਮਨੁੱਖੀ ਸਮਾਜਾਂ ਦਾ ਮੁੜ ਮੁੜ ਢਹਿਣਾ ਤੇ ਉਸਰਨਾ ਇਕ ਯਥਾਰਥਕ ਸਚਾਈ ਹੈ। 'ਕਾਲ' ਦੀ ਗਤੀਸ਼ੀਲਤਾ ਦਾ ਦੂਜਾ ਅਨੁਭਵ 'ਕਾਲ' ਦਾ ਸਿੱਧਾ ਇਕ-ਪਾਸੜਾ ਵਹਿਣ ਹੈ। ਕਾਲ-ਚੱਕਰ ਦੇ ਸੰਕਲਪ ਵਿਚ ਘਟਨਾਵਾਂ ਦੇ ਬਾਰ ਬਾਰ ਵਾਪਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਜਦੋਂ 'ਕਾਲ' ਦੀ ਚਾਲ ਇਕ ਸੇਧ ਤੁਰੀ ਜਾਂਦੀ ਹੋਵੇ ਤਾਂ ਵਾਪਰੀਆਂ ਘਟਨਾਵਾਂ ਦਾ ਦੋਬਾਰਾ ਵਾਪਰਣਾ ਅਸੰਭਵ ਹੁੰਦਾ ਹੈ। ਕਾਲ ਦੇ ਸਿੱਧੇ ਵਹਾ ਵਿਚ 'ਕਾਲ' ਦਾ 'ਆਦਿ' ਵੀ ਹੋਵੇਗਾ, ਅੰਤ ਵੀ ਅਤੇ ਕੋਈ ਅਜੇਹੀ ਕਾਲ-ਅਤੀਤ ਹਸਤੀ ਵੀ ਜਿਸ ਨੇ 'ਕਾਲ' ਨੂੰ ਅਰੰਭ ਕੀਤਾ ਹੋਵੇ ਅਤੇ ਇਸ ਨੂੰ ਅੰਤ ਕਰਨ ਦੀ ਭਾਵਨਾ ਵੀ ਰਖਦੀ ਹੋਵੇ। ਗੁਰਮਤਿ ਦਾ ਕਰਤਾਪੁਰਖ ਸਾਰੇ ਬ੍ਰਹਿਮੰਡ ਦੇ ਨਾਲ 'ਕਾਲ' ਦਾ ਵੀ ਕਰਤਾ ਹੈ। ਉਹ 'ਕਾਲ' ਨੂੰ ਪੈਦਾ ਵੀ ਕਰਦਾ ਹੈ, ਅਤੇ ਫੇਰ ਸਮੋ ਲੈਂਦਾ ਹੈ। ਉਹ ਸਰਬ-ਸਮਰੱਥ ਹੈ। ਉਸਦਾ ਬ੍ਰਹਿਮੰਡ ਅਤੇ 'ਕਾਲ' ਉਤਪੰਨ ਕਰਨ ਦਾ ਵੀ ਵਿਸ਼ੇਸ਼ ਮੰਤਵ ਹੈ। ਗੁਰਮਤਿ ਵਿਚ 'ਕਾਲ' ਦਾ ਆਦਿ ਵੀ ਹੈ, ਅੰਤ ਵੀ ਪਰ ਇਸ ਦਾ; 'ਵਹਾ' ਸਿਧਾਂ ਇਕ ਪਸੜਾ ਨਹੀਂ। ਗੁਰਮਤਿ ਦੇ ਕਾਲ ਸੰਕਲਪ ਵਿਚ ਦੋਵੇਂ ਅੰਸ਼ ਪ੍ਰਾਪਤ ਹਨ। ਗੁਰਮਤਿ ਅਨੁਸਾਰ ਸ੍ਰਿਸ਼ਟੀ ਦਾ ਆਦਿ ਅੰਤ 'ਕਾਲ' ਦੀ ਸੀਮਾਂ ਵਿਚ ਹਨ ਅਤੇ ਆਦਿ ਅੰਤ ਵਿਚਲੀ ਅਵੱਧੀ ਕਾਲ-ਅਵੱਧੀ ਹੈ। ਪਰ ਇਸ ਆਦਿ ਤੋਂ ਪਹਿਲਾਂ ਕੀ ਸੀ? ਇਕ ਹੋਰ ਆਦਿ ਅਤੇ ਉਸ ਦਾ ਅੰਤ।

---

81. Arnold J.Toynbee, op.cit., p.411.
82. Var Assa , I , 464.

ਇਸ ਤਰ੍ਹਾਂ ਸੰਸਾਰ ਦੀ ਬਾਰ ਬਾਰ ਰਚਨਾ ਅਤੇ ਸਮਾਪਤੀ ਇਕ ਮਹਾਨ-ਚੱਕਰ ਵਿਚ ਹੈ। ਉਸ ਮਹਾਨ ਕਾਲ-ਚੱਕਰ ਵਿਚ ਸਾਡੇ ਸੰਸਾਰ ਦੀ ਕਾਲ-ਅਵੱਧੀ ਇੰਜ ਪਧਰੀ ਤੇ ਇਕ-ਸੇਧੀ ਜਾਪਦੀ ਹੈ ਜਿਵੇਂ ਧਰਤੀ ਦਾ ਤਲ, ਜੋ ਅਸਲ ਵਿਚ ਗੋਲ ਹੈ ਪਰ ਜਾਪਦਾ ਪਧਰਾ ਹੈ।

8.3 ਇਸ ਕਾਲ-ਅਵੱਧੀ ਦੀ ਕਿੰਨੀ 'ਲੰਬਾਈ' ਹੈ, ਇਸ ਨੂੰ ਜਾਣਨਾ ਅਸੰਭਵ ਹੈ। ਭਾਰਤੀ ਦਰਸ਼ਨ ਵਿਚ 'ਯੁਗਾਂ' ਦਾ ਸੰਕਲਪ ਕਾਲ-ਅਵੱਧੀ ਨੂੰ ਜਾਨਣ ਅਤੇ ਉਸ ਨੂੰ ਹਿਸਿਆਂ ਵਿਚ ਵੰਡਣ ਦੇ ਉਪਰਾਲੇ ਹਨ। ਬੋਧੀਆਂ ਅਤੇ ਜੈਨੀਆਂ ਨੇ ਵੀ ਮਨਵੰਤਰ, ਕਲਪ ਅਤੇ ਮਹਾਂ ਕਲਪ ਦੀ ਪੂਰੀ ਪੂਰੀ ਆਯੂ ਦਸੀ ਹੈ । ਰਚਨਾ-ਕਾਲ ਦੀ ਪੂਰੀ ਉਮਰ ਨੂੰ ਤਾਂ ਹੀ ਸਮਝਿਆ ਤੇ ਘਿਆਨਿਆ ਜਾ ਸਕਦਾ ਹੈ ਜੇ ਰਚਨਾ ਸ਼ੁਰੂ ਹੋਣ ਦੇ ਥਿਤ ਵਾਰ ਦਾ ਪਤਾ ਹੋਵੇ ਅਤੇ ਰਚਨਾ ਦੀ ਸਮਾਪਤੀ ਦਾ ਵੀ ਸੰਮਤ ਸਾਡੇ ਪਾਸ ਹੋਵੇ। ਗੁਰਮਤਿ ਅਨੁਸਾਰ ਰਚਨਾ ਦੀ ਸ਼ੁਰੂਆਤ ਦੀ ਥਿਤ, ਵਾਰ, ਮਹੀਨਾ, ਸਾਲ ਕੋਈ ਮਨੁੱਖ ਨਹੀਂ ਜਾਣ ਸਕਦਾ, ਕੇਵਲ ਰਚਨਹਾਰਾ, 'ਕਰਤਾਪੁਰਖ' ਹੀ ਜਾਣਦਾ ਹੈ।[83] ਇਸ ਲਈ ਕਾਲ ਦੀ ਅਵੱਧੀ ਅਤੇ ਯੁੱਗਾਂ ਵਿਚ ਵੰਡ ਕੇਵਲ ਮਨੁੱਖੀ ਕਲਪਨਾ ਦੀਆਂ ਉਡਾਰੀਆਂ ਹਨ। ਅਜ ਵਿਗਿਆਨ ਵੀ ਧਰਤੀ ਦੀ ਉਮਰ ਲਭਣ ਲਈ ਯਤਨਸ਼ੀਲ ਹੈ। ਇਕ ਲੇਖੇ ਅਨੁਸਾਰ ਧਰਤੀ ਦੇ ਤਲ ਦੀ ਆਯੂ 3 ਤੋਂ 500 ਕ੍ਰੋੜ ਸਾਲ ਹੋ ਸਕਦੀ ਹੈ।[84] ਧਰਮਾਂ ਨੇ ਕਾਲ ਨੂੰ ਯੁੱਗਾਂ ਵਿਚ ਵੰਡ ਕੇ ਇਸ ਦੇ ਚੰਗੇ ਮਾੜੇ ਪ੍ਰਭਾਵ ਅਤੇ ਖਿਰਤੀਆਂ ਨੂੰ ਵੀ ਨਿਸਚਿਤ ਕੀਤਾ ਹੈ ਪਰ ਗੁਰਮਤਿ ਅਨੁਸਾਰ ਸਾਰੇ ਯੁਗ ਸੱਚਾ ਨਾਮ ਜਪਣ ਦੇ ਆਦਰਸ਼ ਕਰਕੇ ਚੰਗੇ ਅਤੇ ਗੁਣਾਂ ਦੀ ਅਣਹੋਂਦ ਕਾਰਨ ਮਾੜੇ ਹਨ।[85] ਯੁਗਾਂ ਦੀ ਵੰਡ ਮਨੁੱਖੀ ਆਚਰਣ ਦੀ ਕਰੜੀ ਵੰਡ ਨਹੀਂ ਹੋ ਸਕਦੀ। ਗੁਰਮਤਿ ਵਿਚ ਪੁਰਾਤਨ ਕਾਲ-ਵੰਡ ਦਾ ਜ਼ਿਕਰ ਤਾਂ ਹੈ ਪਰ ਜੁੱਗਾਂ ਦੀ ਵੰਡ ਅਤੇ ਹੱਦਬੰਦੀ ਨੂੰ ਨਹੀਂ ਮੰਨਿਆ। ਗੁਰਮਤਿ ਅਨੁਸਾਰ ਹਰ ਯੁੱਗ ਵਿਚ ਸੂਰਜ, ਚੰਦਰਮਾ, ਤਾਰੇ, ਧਰਤੀ ਅਤੇ ਪੌਣ ਪਾਣੀ, ਇਕੋ ਜਿਹੇ ਰਹਿੰਦੇ ਹਨ, ਇਸ ਲਈ ਸਾਰੇ ਯੁੱਗ, ਇਕੋ ਜੇਹੇ ਹਨ; ਸਾਰਾ ਕਾਲ ਇਕ ਸਾਰ ਵਹਿ ਰਿਹਾ ਹੈ ਅਤੇ ਮਨੁੱਖਤਾ ਨੂੰ ਇਕ ਸਾਰ ਪਰਭਾਵਤ ਕਰ ਰਿਹਾ ਹੈ।[86]

8.4 ਕਾਲ ਦੇ ਉਲੇਖ ਵਿਚ ਗੁਰਮਤਿ ਨੇ ਇਕ ਗਲ ਇਹ ਸਪਸ਼ਟ ਕੀਤੀ ਹੈ ਕਿ ਮਨੁੱਖ ਦਾ ਜੀਵਨ ਕੇਵਲ ਇਕ ਜਨਮ ਦਾ ਜੀਵਨ ਨਹੀਂ, ਸਗੋਂ ਕਾਫ਼ੀ ਲੰਮੀ ਯਾਤਰਾ ਹੈ। ਜਦ ਤਕ ਯਾਤਰਾ ਸਮਾਪਤ ਨਹੀਂ ਹੁੰਦੀ, ਕਾਲ-ਚੱਕਰ ਵਿਚ ਜੀਵਨ-ਰੱਥ ਚਲਦਾ ਰਹਿੰਦਾ ਹੈ। ਸਮੇਂ ਨਾਲ ਰੱਥ ਪੁਰਾਣਾ ਤੇ ਜਰਜਰਾ

---

83. ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ—.....
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।। ਜਪੁਜੀ

84. Hoyle, The Nature of the Universe, London: Basil Blackwell, 1952, p.87.

85. ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ।। ਸਿਰੀ ੧(57)

86. ਸੋਈ ਚੰਦੁ ਚੜਹਿ ਸੇ ਤਾਰੇ। ਰਾਮ ੧(902) .

ਹੋ ਜਾਂਦਾ ਹੈ ਅਤੇ ਆਤਮਾ ਸਰੀਰ-ਰੱਥ ਬਦਲ ਲੈਂਦੀ ਹੈ। ਇਸ ਤਰ੍ਹਾਂ ਰਚਨਾ-ਕਾਲ ਦੇ ਚੱਕਰ ਵਿਚ ਇਹ ਯਾਤਰਾ ਪਤਾ ਨਹੀਂ ਕਿੰਨੀ ਲੰਮੀ ਹੈ।[87]

ਗੁਰੂ ਨਾਨਕ ਦੇਵ ਦਾ ਯੁੱਗਾਂ ਬਾਰੇ ਸੰਕੇਤ ਕੇਵਲ ਨਾਮ-ਮਾਰਗ ਦੀ ਮਹੱਤਤਾ ਦਸਣ ਲਈ ਹੈ। ਉਨ੍ਹਾਂ ਨੇ ਨਿਰਣਾ ਇਹ ਦਿਤਾ ਹੈ ਕਿ ਜਿਹੜਾ ਸਰੀਰਰੂਪੀ ਰੱਥ ਤਿੰਨਾਂ ਯੁੱਗਾਂ ਵਿਚ ਮੁਕਤ ਨਾਂਹ ਹੋ ਸਕਿਆ, ਉਹ ਕਲਿਯੁਗ ਵਿਚ ਨਾਮ ਰਾਹੀਂ ਮੁਕਤ ਹੋ ਸਕਦਾ ਹੈ। ਇਸ ਲਈ 'ਕਲਿਯੁਗ' ਦੀ 'ਯੁੱਗ' ਕਾਰਨ ਨਿੰਦਿਆ ਦਾ ਗੁਰਮਤਿ ਖੰਡਨ ਕਰਦੀ ਹੈ।

9.0 ਗੁਰਮਤਿ ਵਿਚ 'ਕਾਲ' ਦੀ ਪੂਰਨ ਅਵੱਧੀ ਨਾਲੋਂ ਮਨੁੱਖ ਦੀ ਕਾਲ-ਮਈ ਅਵੱਧੀ ਨੂੰ ਵਧੇਰੇ ਮਹੱਤਵਪੂਰਨ ਦੱਸਿਆ ਹੈ। ਮਨੁੱਖੀ ਜੀਵਨ ਦੀ ਕਾਲ-ਮਿਆਦ ਨੂੰ ਇਕ ਇਕਾਈ ਮੰਨ ਕੇ ਇਸ ਨੂੰ ਇਕ ਅਉਸਰ ਜਾਂ ਬਰੀਆ ਕਿਹਾ ਹੈ। ਗੁਰਮਤਿ ਅਨੁਸਾਰ 'ਕਾਲ' ਅਤੇ ਸੰਸਾਰ ਦੀ ਰਚਨਾ ਤੋਂ ਪਹਿਲਾਂ 'ਅਕਾਲਮੂਰਤਿ' ਅਫੁਰ ਜਾਂ ਸੁੰਨ ਅਵਸੱਥਾ ਵਿਚ ਸੀ ਜਦੋਂ ਉਹ ਨਿਰਗੁਣ, ਨਿਰਲੇਪ, ਸੁੰਨ ਸਮਾਧੀ ਇਸਥਿਤ ਸੀ। ਇਸ ਅਵੱਸਥਾ ਵਿਚ ਨਾ ਧਰਤੀ ਸੀ ਨਾ ਆਕਾਸ਼, ਨਾ ਚੰਦ, ਨਾ ਸੂਰਜ, ਨਾ ਪੈਦਾਇਸ਼ , ਨਾ ਮੌਤ(ਕਾਲ) ; ਨਾ ਨਰਕ ਸੁਰਗ ਸਨ ਅਤੇ ਨਾ ਹੀ <u>ਖੈ ਕਰਨ ਵਾਲਾ</u> ਕਾਲ; ਨਾ ਬ੍ਰਹਮਾ, ਵਿਸ਼ਨੂੰ, ਮਹੇਸ਼। ਗਲ ਕੀ ਬ੍ਰਹਿਮੰਡ ਵਿਚ ਦਿਸਦੀ ਅਣਦਿਸਦੀ ਸਣੇ '<u>ਕਾਲ</u>' ਅਤੇ '<u>ਆਕਾਸ਼</u>' ਦੇ ਕੋਈ ਹੋਂਦ ਨਹੀਂ ਸੀ।[88]

9.1 ਫਿਰ ਅਜੇਹਾ 'ਅਉਸਰ' ਆਇਆ ਜਦੋਂ ਉਸ ਨੂੰ ਚੰਗਾ ਲਗਿਆ ਅਤੇ ਉਹ ਜੋ ਅਨੰਤ ਤੇ ਅਕਾਲ ਸੀ, ਸਮੇਂ ਵਿਚ, ਇਤਿਹਾਸ ਵਿਚ ਆਣ ਪ੍ਰਗਟਿਆ। ਇਹ ਸਿਰਜਨਾ ਦਾ ਪ੍ਰਾਥਮਿਕ ਛਿਣ ਸੀ ਜਦ ਉਸ ਨੇ ਆਪਣੀ ਲੀਲ੍ਹਾ ਰਾਹੀਂ ਇਕ ਪਰਪੰਚ-ਆਕਾਰ ਰਚਿਆ।[89] ਉਸ ਨੇ ਆਪਣੇ ਭਾਣੇ ਵਿਚ ਜਗਤੁ ਪੈਦਾ ਕੀਤਾ —ਆਕਾਸ਼, ਬ੍ਰਹਮਾ, ਵਿਸ਼ਨੂੰ, ਸ਼ਿਵ, ਖੰਡ, ਬ੍ਰਹਿਮੰਡ, ਪਾਤਾਲ ਪਉਣ , ਪਾਣੀ, ਅਗਨੀ, ਦਿਨ ਰਾਤ, ਇਤਿਆਦਿ ਤਿੰਨ ਗੁਣਾਂ ਵਾਲੀਆਂ ਮੂਰਤਾਂ ਘੜ ਕੇ ਆਪ ਉਨ੍ਹਾਂ ਵਿਚ ਪਸਰ ਗਿਆ।[90] ਗੁਰਮਤਿ ਅਨੁਸਾਰ ਰਚਨਾ ਦਾ ਇਹ 'ਛਿਣ' 'ਕਾਲ' ਦਾ ਪ੍ਰਥਮ ਛਿਣ ਹੈ ਜਦੋਂ ਸੁੰਨ ਸਮਾਧੀ ਤੋਂ ਨਿਰਗੁਣ ਸਰਗੁਣਤਾ ਦਾ ਰੂਪ ਧਾਰਨ ਕਰਦਾ ਹੈ। ਫਿਰ ਇਕ ਅਜੇਹਾ 'ਛਿਣ' ਜਾਂ ਅਉਸਰ

---

87. ਆਸਾ੧(470), 5.ਗ.3(226)

88. ਅਰਬਦ ਨਰਬਦ ਧੁੰਧੂਕਾਰਾ—...
ਦੋਜ਼ਕੁ ਭਿਸਤੁ ਨਹੀਂ ਖੈ ਕਾਲਾ —... ਮਾਰੂ ੧(1035)

89. ਡਾ: ਜਸਵੰਤ ਸਿੰਘ ਨੇਕੀ, ਉਕਤ, ਪੰਨਾ 13.

90. ਮਾਰੂ੧(1036); ਗ.5(291-292)

ਆਉਂਦਾ ਹੈ ਜਦੋਂ ਉਹ ਬਾਜੀਗਰ ਦੀ ਤਰ੍ਹਾਂ ਸਾਰੀ ਖੇਡ ਸਮੇਟ ਲੈਂਦਾ ਹਾਂ ਅਤੇ ਆਪ ਹੀ ਆਪ ਰਹਿ ਜਾਂਦਾ ਹੈ।[91] ਪਹਿਲਾ ਸਿਰਜਣਾਤਮਕ ਛਿਣ ਹੈ ਜਦੋਂ ਅਮੂਰਤ ਮੂਰਤੀਮਾਨ ਹੁੰਦਾ ਹੈ, ਅਰੂਪ ਰੂਪ ਧਾਰਨ ਕਰਦਾ ਹੈ, ਅਫੁੱਰ ਸਫੁੱਰ ਹੁੰਦਾ ਹੈ, ਨਿਰਗੁਣ ਸਰਗੁਣ ਦਾ ਚੋਗਾ ਪਹਿਨਦਾ ਹੈ ਅਤੇ ਸੁੰਨ ਦੀਆਂ ਅਨੰਤ ਸੰਭਾਵਨਾਵਾਂ ਸਾਕਾਰ ਹੁੰਦੀਆਂ ਹਨ। ਇਹ ਰਚਨਾ ਦਾ ਛਿਣ ਬੇਅੰਤ ਸੰਭਾਵਨਾਵਾਂ ਭਰਪੂਰ ਛਿਣ ਹੈ ਜਦੋਂ ਫੁਰਨੇ ਫੁਰਦੇ ਅਤੇ ਸਾਕਾਰ ਹੁੰਦੇ ਹਨ। ਰਚਨਾ ਦੇ ਵਿਕਾਸ-ਸ਼ੀਲ ਹੋਣ ਦੀ 'ਅਵੱਧੀ' ਦੂਜਾ ਛਿਣ ਹੈ। ਤੀਜਾ 'ਛਿਣ' ਖੇਡ ਸਮੇਟਣ ਦਾ ਛਿਣ ਹੈ ਜਦੋਂ ਮੂਰਤ ਅਮੂਰਤ ਵਿਚ, ਰੂਪ ਅਰੂਪ ਵਿਚ, ਸਫੁਰ ਅਫੁਰ ਵਿਚ, ਗਤੀਸ਼ੀਲ ਗਤੀਹੀਣਤਾ ਵਿਚ, ਸਰਗੁਣ ਨਿਰਗੁਣ ਵਿਚ ਪਰਤ ਜਾਂਦਾ ਹੈ। ਇਹ ਰਚਨਾ ਦਾ ਅੰਤਲਾ ਛਿਣ ਜਾਂ ਅਉਸਰ ਹੈ। ਇਹ ਸਮੁੱਚੇ ਕਾਲ ਦਾ ਵੀ ਆਖਰੀ 'ਛਿਣ' ਹੈ।

9.2 ਗੁਰਮਤਿ ਵਿਚ ਇਸ ਪਹਿਲੇ ਅਤੇ ਅੰਤਲੇ 'ਛਿਣ', ਅਰਥਾਤ ਉਪਜਣ ਅਤੇ ਬਿਨਸਣ ਦੀ ਵਿਚਲੀ ਅਵੱਧੀ ਨੂੰ 'ਕਾਲ' ਕਿਹਾ ਗਿਆ ਹੈ। ਇਹ ਵਿਚਲੀ ਮਣਿਆਦ 'ਕਾਲ' ਦੀ ਮਣਿਆਦ ਹੈ ਜਿਸ ਵਿਚ ਅਨੇਕ ਘਾੜਤਾਂ ਬਣਦੀਆਂ ਸੰਵਰਦੀਆਂ ਅਤੇ ਬਿਨਸਦੀਆਂ ਰਹਿੰਦੀਆਂ ਹਨ। ਹਰੇਕ ਮਨੁੱਖ ਦੇ ਜੀਵਨ ਵਿਚ ਵੀ ਇਹ ਤਿੰਨ ਕਾਲ-ਛਿਣ ਆਉਂਦੇ ਹਨ —ਉਤਪੱਤੀ, ਵਿਕਾਸ ਅਤੇ ਵਿਨਾਸ। ਵਿਚਲਾ ਵਿਕਾਸਮਈ 'ਕਾਲ' ਅਜੇਹਾ ਛਿਣਹੈ ਜਿਸ ਨੂੰ ਅਸੀਂ ਸੰਭਾਵਨਾਵਾਂ ਭਰਪੂਰ ਛਿਣ ਕਿਹਾ ਹੈ। ਗੁਰਮਤਿ ਵਿਚ ਇਸ ਨੂੰ 'ਅਉਸਰ' ,'ਬਾਰ', 'ਵੇਲਾ,', 'ਬਰੀਆ'', ਮੁਹਲਤਿ', ਵਖਤੁ' ਕਈ ਕਾਲਿਕ ਸੰਕੇਤਾਂ ਰਾਹੀਂ ਦਸਿਆ ਹੈ।[92] ਗੁਰਪਰਮਾਣਾਂ ਵਿਚ ਇਸ ਸੰਭਾਵਨਾ ਭਰਪੂਰ 'ਅਉਸਰ' ਨੂੰ ਸੰਭਾਲਣ ਦੀ ਬਹੁਤ ਪ੍ਰੇਰਨਾ ਹੈ। ਇਹ ਇਕ ਅਜੇਹਾ 'ਕਾਲ' ਹੈ ਜਦੋਂ ਮਨੁੱਖ 'ਕਾਲ-ਰਹਿਤ' ਹੋ ਕੇ 'ਅਕਾਲ' ਨਾਲ ਮਿਲ ਸਕਦਾ ਹੈ। ਇਹ 'ਅਉਸਰੁ' ਕਈ ਜਨਮਾਂ ਦੇ ਭਰਮਣ ਉਪਰੰਤ ਪ੍ਰਾਪਤ ਹੁੰਦਾ ਹੈ। ਗੁਰਮਤਿ ਅਨੁਸਾਰ ਕਾਲ-ਚੱਕਰ ਵਿਚ ਮਨੁੱਖ ਕਈ ਜਨਮ ਕੀੜੇ, ਪਤੰਗੇ, ਸੱਪ, ਪੰਛੀ ਆਦਿ ਜੂਨਾਂ ਲੰਘ ਕੇ ਇਸ 'ਅਉਸਰ' ਨੂੰ ਪਰਾਪਤ ਕਰਦਾ ਹੈ।[93]

9.3 ਗੁਰਮਤਿ ਅਨੁਸਾਰ ਜੋ ਪੂਰੇ ਵਿਸ਼ਵ ਵਿਚ ਵਿਸ਼ਾਲ ਰੂਪ ਵਿਚ ਵਾਪਰ ਰਿਹਾ ਹੈ, ਉਹ ਜੀਵਨ ਵਿਚ ਛੋਟੇ ਰੂਪ ਵਿਚ ਦਿਸ ਆਉਂਦਾ ਹੈ। ਸੰਸਾਰ ਸਿਰਜਨਾ ਦੇ ਉਪਜਣ, ਬਿਨਸਨ ਅਤੇ ਵਿਚਲੀ-ਅਵੱਧੀ ਦੇ ਤਿੰਨੇ

---

91. ਖੇਲੁ ਸੰਕੋਚੈ ਤਉ ਨਾਨਕ ਏਕੈ। ਗਉੜੀ 5(292)

92. ਆਦਿ ਗ੍ਰੰਥ ਪੰਨਾ 1159, 1259, 12,1035,84.

93. ਗ. 5(176)

'ਅਉਸਰ' ਵਿਅਕਤੀ ਦੇ ਜੀਵਨ ਵਿਚ ਵੀ ਵਾਪਰਦੇ ਹਨ। ਮਨੁੱਖ ਦਾ ਜਨਮ ਹੀ ਉਸ ਲਈ ਸੰਸਾਰ ਸਿਰਜਨਾ ਦਾ 'ਪਲ' ਹੈ। ਉਸ ਦੀ 'ਹੋਂਦ' ਨਾਲ ਹੀ ਸੰਸਾਰ ਦੀ ਹੋਂਦ ਹੈ। ਉਸ ਦੀ 'ਮੁਆਦ' ,ਉਸ ਦਾ 'ਅਉਸਰ' ਸੰਭਾਲਣ ਦਾ 'ਪਲ' ਹੈ ਅਤੇ ਉਸ ਦਾ ਅੰਤਲਾ 'ਅਉਸਰ' ਇਸ ਮਿਆਦ ਦੇ ਮੁੱਕ ਜਾਣ ਦਾ 'ਛਿਣ' ਹੈ। ਇਹ ਤਿੰਨੇ 'ਅਉਸਰ' ਹਰ ਮਨੁੱਖ ਦੇ ਜੀਵਨ ਵਿਚ ਆਉਂਦੇ ਹਨ। 'ਕਾਲ' ਦੇ ਆਪਣੇ ਉਲੇਖ ਵਿਚ ਵੀ ਇੰਜ ਹੀ ਵਾਪਰਦਾ ਹੈ ਪਰ 'ਕਾਲ' ਦੀ ਅਵੱਧੀ ਪੂਰੀ ਖੇਡ ਦੀ ਅਵੱਧੀ ਹੈ। ਇਕ ਪੱਖ ਤੋਂ ਜੀਵ ਦਾ ਬਾਰ ਬਾਰ ਜਨਮ ਅਤੇ ਕਈਂ ਜਨਮਾਂ ਵਿਚ ਭਰਮਣ ਵੀ ਕਾਲ ਦੀ ਪੂਰੀ ਅਵਧੀ ਤਕ ਜਾਰੀ ਰਹਿੰਦਾ ਹੈ। 'ਪਹਿਲਾ' ਅਤੇ 'ਅੰਤਲਾ' ਅਉਸਰ ਮਨੁੱਖ ਦੇ ਵੱਸ ਤੋਂ ਬਾਹਰੀ ਪਲ ਹਨ। ਅੰਤਲੇ 'ਅਉਸਰ' ਨੂੰ 'ਮੌਤ' ਦਾ ਨਾਂ ਦਿਤਾ ਗਿਆ ਹੈ ਜੋ ਹਰੇਕ ਘਾੜਤ ਲਈ ਆਵੱਸ਼ਕ ਹੈ। ਮੌਤ ਨੂੰ 'ਕਾਲ' ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਮਾਨਵੀ-ਚਾਲ ਦਾ ਮਨੁੱਖ ਨੂੰ ਪ੍ਰਾਪਤ ਹੋਇਆ ਆਖਰੀ ਛਿਣ ਹੈ। ਮਨੁੱਖ ਦੇ ਜਨਮ ਸਮੇਂ ਹੀ ਇਹ ਆਖਰੀ 'ਛਿਣ' ਵੀ ਨਿਸਚਿਤ ਹੋ ਜਾਂਦਾ ਹੈ; ਹਰੇਕ ਉਪਜਣ ਵਾਲੀ ਸ਼ੈ ਨੂੰ ਇਸ ਆਖਰੀ 'ਛਿਣ' ਥਾਣੀ ਲੰਘਣਾ ਪੈਂਦਾ ਹੈ; ਮਨੁੱਖ ਦੀ ਮੁਆਦ ਮਿਥੀ ਹੋਈ ਹੈ ਪਰ ਇਕੋ ਜੇਹੀ ਨਹੀਂ; ਇਸ ਅੰਤਲੇ 'ਛਿਣ' ਦਾ ਅਗਾਊਂ ਗਿਆਨ ਨਹੀਂ ਹੋ ਸਕਦਾ, ਕੇਵਲ ਏਨਾ ਗਿਆਨ ਹੀ ਸੰਭਵ ਹੈ ਕਿ ਇਹ ਅੰਤਲਾ 'ਛਿਣ' ਆਵਸ਼ਕ ਹੈ ਜੋ ਕਿਸੇ ਸਮੇਂ ਵੀ --ਬਾਲ, ਯੁਵਕ ਜਾਂ ਬਿਰਧ ਅਵੱਸਥਾ ਵਿਚ - ਆ ਸਕਦਾ ਹੈ ਪਰ ਉਸ 'ਵੇਰਾ' ਦਾ ਪਤਾ ਨਹੀਂ ਲਗ ਸਕਦਾ; ਕਾਲ ਦਾ ਜਾਲ ਸੁਟਣ ਦਾ 'ਛਿਣ' ਅਚਿੰਤ ਹੀ ਆਉਂਦਾ ਹੈ, ਮੌਤ ਦਾ ਬਾਜ਼ ਅਚਨਚੇਤ ਹੀ ਝਪਟਦਾ ਹੈ।[94]

9.4 ਗੁਰੂ ਨਾਨਕ ਦੇਵ ਅਨੁਸਾਰ ਇਸ ਕਾਲ-ਚੱਕਰ ਵਿਚ ਮਨੁੱਖ ਕਈ ਵਾਰ ਜੰਮਦਾ, ਮਰਦਾ, ਵਿਛੜਦਾ, ਮਿਲਦਾ ਰਹਿੰਦਾ ਹੈ। ਇਸ ਖੇਡ ਵਿਚ ਮਨੁੱਖ ਕਈ ਵਾਰ ਬਾਪ, ਬੇਟਾ, ਗੁਰੂ ਅਤੇ ਚੇਲਾ ਬਣਦਾ ਹੈ।[95] ਆਵਾਗਉਣ ਦੇ ਇਸ ਚੱਕਰ ਦਾ ਆਧਾਰ ਕੀਤੇ ਕਰਮ ਅਤੇ ਮਨੋ-ਬਿਰਤੀਆਂ ਹਨ। ਇਸ ਲਈ ਮਨੁੱਖ ਦਾ ਇਹ ਜੀਵਨ, ਉਸ ਦਾ ਆਖਰੀ ਜੀਵਨ ਨਹੀਂ, ਨਾਂਹੀ ਇਸ ਜੀਵਨ ਦਾ ਅੰਤਲਾ 'ਛਿਣ' ਉਸ ਦੇ ਲੰਮੇ ਸਫਰ ਦਾ ਆਖਰੀ 'ਛਿਣ' ਹੈ। ਹਾਂ, ਇਹ ਇਸ ਜੀਵਨ ਦਾ ਆਖਰੀ 'ਛਿਣ' ਜ਼ਰੂਰ ਹੈ। ਗੁਰਮਤਿ ਅਨੁਸਾਰ ਇਸ ਆਖਰੀ 'ਛਿਣ' ਤੋਂ ਲੰਘਦਾ ਮਨੁੱਖ ਮੁੱਕ ਨਹੀਂ ਜਾਂਦਾ। ਉਸ ਦੇ ਸਰੀਰ ਦੇ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ, ਅਤੇ ਜੀਵ ਆਤਮਾਂ, ਜੋ ਪਰਮ-ਆਤਮਾ ਦੀ ਚਿਣਗ-ਰੂਪ ਹੈ, ਸੰਸਕਾਰਾਂ ਅਤੇ ਕਰਮਾਂ ਅਨੁਸਾਰ ਨਵਾਂ 'ਅਉਸਰ' ਪਰਾਪਤ ਕਰਦੀ ਹੈ। ਸਾਰੇ ਜੀਵਾਂ ਦੇ ਅੰਦਰ ਦੀ ਸਾਰ-

---

94. ਮ.9(1429); ਧਨਾ੧(686); ਗ.੧(227); ਗ.5(254); ਸਿਰੀ੧(55); ਫਰੀਦ (1383);

95. ਜੁੜਿ ਜੁੜਿ ਵਿਛੁੜੇ — ਮ. ੧(1238)

ਵਸਤੂ ਆਤਮਾ 'ਕਾਲ' ਦੇ ਘੇਰੇ ਤੋਂ ਮੁਕਤ ਹੈ। ਜੋ ਆਤਮਾ ਜੀਵਨ ਦੇ ਇਸ 'ਅਉਸਰ' ਨੂੰ ਸੰਭਾਲ ਲੈਂਦੀ ਹੈ, ਉਹ ਆਖਰੀ 'ਛਿਣ' ਤੋਂ ਲੰਘ ਕੇ, 'ਅਕਾਲ' ਹੋ ਕੇ ਪਰਮ-ਆਤਮਾ ਵਿਚ ਲੀਨ ਹੋ ਜਾਂਦੀ ਹੈ ਅਤੇ ਮੁੜ ਮੁੜ ਜਨਮ ਲੈਣ ਅਤੇ ਆਵਾਗਉਣ ਦੇ ਨਿਰੰਤਰ ਸਿਲਸਲੇ ਤੋਂ ਚੌਰਾਸੀ ਤੋਂ ਪਰ ਨੂੰ ਜਾਂਦਾ ਆਪਣੇ ਵਿਚੋਂ ਤੋਂ ਅਗਿਆਨ ਰਹਿ ਕੇ ਇਸ 'ਜੀਵਨ-ਅਉਸਰ' ਨੂੰ ਸੰਭਾਲ ਨਹੀਂ ਸਕਦੀ, ਉਹ ਕਰਮ-ਬੱਧ ਆਤਮਾ ਨਿਤ-ਨਵਾਂ ਸਰੀਰ ਧਾਰ ਕੇ ਮੁੜ ਮੁੜ ਜਨਮ ਲੈਂਦੀ ਹੈ ਗਿੜਦੇ ਹਰਹਟ ਦੀਆਂ ਟਿੰਡਾਂ ਵਾਂਗ।[96] ਇਹ ਭਰਮਣ ਕਿੰਨਾ ਲੰਮਾ ਹੈ? ਸ਼ਾਇਦ 84 ਲਖ, ਕੀੜਿਆਂ, ਕਿਰਮਾਂ, ਪਤੰਗਿਆਂ, ਪਸ਼ੂਆਂ— ਅਤੇ ਬਨਸਪਤੀ ਦੇ ਬਿਰਛ-ਬੂਟਿਆਂ ਦੀ ਕਾਲ-ਅਵੱਧੀ ਘਾਟੀ ਲੰਘ ਕੇ ਇਹ 'ਹੁਣ' ਦਾ 'ਅਉਸਰ' ਪਰਾਪਤ ਹੁੰਦਾ ਹੈ।[97]

9.5 ਕੀ ਇਹ 'ਅਉਸਰ' ਮਨੁਖ ਦੇ ਪ੍ਰਾਕ੍ਰਿਤਕ ਵਿਕਾਸ ਦਾ ਸਭ ਤੋਂ ਉਪਰਲਾ ਡੰਡਾ ਹੈ? ਡਾਰਵਨ ਦੇ ਵਿਕਾਸ-ਸਿਧਾਂਤ ਅਨੁਸਾਰ ਕੁਦਰਤ ਵਿਚ ਵੀ ਵਿਕਾਸ ਦੀ ਭਾਵਨਾ ਵੇਖੀ ਜਾਣ ਲਗ ਪਈ। ਮਨੁੱਖ ਨੂੰ ਵਿਕਾਸ ਦੀ ਆਖਰੀ ਕੜੀ ਮੰਨ ਲਿਆ ਗਿਆ ਹੈ ਕਿਉਂਕਿ ਇਹ ਅਜੇਹਾ ਜੀਵ ਹੈ ਜਿਸ ਪਾਸ ਗਿਆਨ ਅਤੇ ਕਰਮ ਦੀ ਸ਼ਕਤੀ ਹੈ। ਗਿਆਨ ਰਾਹੀਂ ਮਨੁੱਖ 'ਕਾਲ' ਦੀ ਕਿਰਿਆ, ਅਤੇ ਆਪਣੀ ਪ੍ਰਕ੍ਰਿਤੀ ਅਤੇ ਮੰਤਵ ਸਮਝ ਸਕਦਾ ਹੈ। 'ਸਦੀਵ' ਜਾਂ 'ਅਕਾਲ' ਜੋ ਸਾਡੀ ਹੋਂਦ ਦੀ ਵੀ ਅਸਲੀਅਤ ਹੈ ਅਤੇ ਜਿਹੜੀ ਕੁਦਰਤ ਦੀ ਭੌਤਿਕ ਕਿਰਿਆ ਰਾਹੀਂ ਪ੍ਰਗਟ ਹੋ ਰਹੀ ਹੈ, ਦੀ ਸੂਝ ਅਤੇ ਸਮਝ ਹੀ ਮਨੁੱਖ ਦਾ ਕਰਤੱਵ ਹੈ। ਸਾਡੇ ਅੰਤਰੀਵ ਵਿਚ ਜੋ ਕਾਲ-ਰਹਿਤ, ਆਕਾਸ਼-ਰਹਿਤ ਅਮਰ ਸਦੀਵ ਵਸਤੂ ਹੈ, ਉਸ ਦਾ ਗਿਆਨ ਹੀ ਇਤਿਹਾਸਕ ਪ੍ਰਗਤੀ ਦੇ ਅੰਤ੍ਰੀਵ-ਭਾਵ ਹਨ। ਇਸ ਤਰ੍ਹਾਂ ਮਨੁੱਖ ਕਾਲ-ਬੰਧਨ ਕਾਲ-ਦਾਬੇ ਅਤੇ ਕਾਲ-ਵਹਿਮ ਤੋਂ ਮੁਕਤ ਹੋ ਕੇ ਪੂਰਨ-ਸੁਤੰਤਰਤਾ ਦਾ ਸਵਾਮੀ ਬਣ ਸਕਦਾ ਹੈ। 'ਕਾਲ ਦੀਆਂ ਸਾਰੀਆਂ ਵੰਡਾਂ ਮਨੁੱਖ ਦੀ ਕਲਪਣਾ ਦਾ ਨਤੀਜਾ ਹਨ। 'ਕਾਲ' ਦੀ ਭੂਤ, ਭਵਿਖ, ਵਰਤਮਾਨ ਵਿਚ ਵੰਡ ਕੇਵਲ ਸਰੀਰ ਲਈ ਹੈ ਆਤਮਾ ਲਈ ਨਹੀਂ। ਜਦੋਂ ਆਤਮਾ ਨੂੰ ਆਪਣਾ ਅਤੇ ਆਪਣੇ ਮਾਲਕ ਦਾ ਗਿਆਨ ਹੋ ਜਾਂਦਾ ਹੈ ਤਾਂ 'ਕਾਲ' ਦਾ ਅਭਾਵ ਹੋ ਜਾਂਦਾ ਹੈ।'[98] ਕਾਲ ਦਾ ਸਾਰਾ ਪ੍ਰਭਾਵ ਸਰੀਰ ਗ੍ਰਹਿਣ ਕਰਦਾ ਹੈ। ਜਨਮ, ਬਚਪਨ, ਜਵਾਨੀ, ਬੁਢੇਪਾ, ਮੌਤ ਸਾਰੇ ਸਰੀਰਕ ਅਨੁਭਵ ਹਨ। ਆਤਮਾ ਸਦੀਵ ਇਕੋ ਜੇਹੀ ਰਹਿੰਦੀ ਹੈ। ਗੁਰਮਤਿ ਅਨੁਸਾਰ ਮਨੁੱਖ ਨੂੰ ਪਰਾਪਤ ਹੋਇਆ ਇਹ ਜਨਮ ਵਿਕਾਸ ਨੂੰ ਅਗਾਂਹ ਤੋਰਨ ਦਾ ਸੰਭਾਵਨਾਵਾਂ ਭਰਪੂਰ ਅਦੁੱਤੀ ਛਿਣ ਹੈ ਜਦੋਂ ਅਨੇਕ ਜਨਮਾਂ ਦੀ ਭਟਕਣਾ ਪਿਛੋਂ ਮਨੁੱਖ ਕਾਲ ਦਾ ਜਾਲ, ਅਤੇ ਜੂਨਾਂ ਦਾ ਜੂਲਾ ਉਤਾਰ ਕੇ ਸੁਤੰਤਰ ਹੋ ਸਕਦਾ ਹੈ। ਇਹ 'ਹੀਰੇ ਜੈਸਾ

---

96. ਰਾਮ 5(885) ਰਾਮ5(966), ਪ੍ਰਭਾਤੀ ੧(1329)
97. ਗਉੜੀ 5(176); ਮਾਰੂ੧(1028)
98. Philosophy of Guru Nanak, op.cit., p.171.

ਜਨਮ ਹੈ', ਅਉਸਰ ਦੀ ਸੰਭਾਲ ਤੋਂ ਬਿਨਾਂ 'ਕਉਡੀ' ਬਦਲੇ ਗਵਾਚ ਸਕਦਾ ਹੈ। ਇਸ ਦੀ ਸੰਭਾਲ ਨਾਲ ਕਾਲ-ਗ੍ਰਸਿਆ ਮਨੁੱਖ 'ਕਾਲ-ਰਹਿਤ ਅਕਾਲ ਸਰੂਪ' ਹੋ ਸਕਦਾ ਹੈ। ਫਿਰ ਉਸ ਨੂੰ ਕਾਲ ਦਾ ਨਾਚ ਨਚਣ ਦੀ ਲੋੜ ਨਹੀਂ ਰਹਿੰਦੀ।[99] ਗੁਰੂ ਨਾਨਕ ਦੇਵ ਅਨੁਸਾਰ ਕਾਲ ਦੇ 'ਜਾਲ' ਨੇ ਸਰੀਰ ਦੇ ਸਾਰੇ ਅੰਗਾਂ -ਜਿਹਵਾ, ਨੈਣਾਂ, ਕੰਨਾਂ, ਬੋਲਾਂ ਨੂੰ ਗ੍ਰਸਿਆ ਹੋਇਆ ਹੈ।[100] ਸੱਚ-ਘਰ ਦੀ ਪਹਿਚਾਣ ਨਾਲ ਇਹ ਕਾਲ ਬੇਵਸ ਹੋ ਜਾਂਦਾ ਹੈ।[101] ਗੁਰਮਤਿ ਵਿਚ ਏਸੇ ਲਈ 'ਅਕਾਲ' ਨੂੰ ਪਰਮਾਤਮਾ ਦਾ ਮਹੱਤਵ-ਪੂਰਣ ਵਿਸ਼ੇਸ਼ ਲੱਛਣ ਦਸਿਆ ਹੈ। 'ਕਾਲ' ਵਿਚ ਵਿਚਰਨਾ ਬੰਧਨ-ਗ੍ਰਸ ਹੋਣਾ ਹੈ। 'ਕਾਲ' ਤੋਂ 'ਮੁਕਤੀ' ਹੀ ਅਸਲ ਮੁਕਤੀ ਹੈ।[102] 'ਕਾਲ' ਦੀ ਸੀਮਾਂ ਵਿਚ ਰਹਿ ਕੇ 'ਅਕਾਲ', ਅਸੀਮ, ਅਨੰਤ ਨੂੰ ਜਾਨਣ ਦੀ ਭੁੱਖ ਤ੍ਰਿਪਤ ਨਹੀਂ ਹੋ ਸਕਦੀ।[103] ਕਾਲ-ਦੇਸ਼ ਵਿਚ ਜੀਵਨ ਭਾਵੇਂ ਨਿਰਾਦਰਮ ਨਹੀਂ, ਤਾਂ ਵੀ ਨੀਵੇਂ ਪੱਧਰ ਦਾ ਜੀਵਨ ਹੈ।[104] ਪਰ ਇਹ ਕਾਲ-ਬੱਧ ਜੀਵਨ ਬਹੁਤ ਮਹੱਤਵਪੂਰਣ ਜੀਵਨ ਹੈ ਕਿਉਂਕਿ ਇਹ ਇਕ 'ਬਰੀਆ' ਹੈ ਜਦੋਂ ਮਨੁੱਖ ਆਪਣੀ ਤਕਦੀਰ ਦਾ ਫੈਸਲਾ ਕਰਦਾ ਹੈ। ਗੁਰਮਤਿ ਅਨੁਸਾਰ ਇਹ ਜੀਵਨ 'ਅਕਾਲ' ਗੋਬਿੰਦ ਨੂੰ ਮਿਲਣ ਦੀ 'ਬਰੀਆ' ਹੈ।

ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ । ਆਸਾ 5(12)

ਧਰਮਲੇ ਅਨੁਸਾਰ ਮਨੁੱਖ ਕੇਵਲ ਸਰੀਰ ਅਤੇ ਮਨ ਨਹੀਂ, ਆਤਮਾ ਵੀ ਹੈ। ਉਹ ਸਰੀਰਕ ਜੀਵਨ ਜੀਉਂਦਾ ਹੈ, ਪਰ ਆਤਮਕ ਜੀਵਨ ਵੀ ਜੀਉ ਸਕਦਾ ਹੈ। ਸਰੀਰ ਕਾਲ ਸੀਮਾਂ ਵਿਚ ਹੈ ਪਰ ਆਤਮਾ ਕਾਲ ਸੀਮਾਂ ਤੋਂ ਬਾਹਰ ਹੈ। ਪਰਮ-ਆਤਮਾ ਨੂੰ ਆਤਮਿਕ ਤੌਰ ਤੇ ਹੀ ਸਿਮਰਿਆ ਜਾ ਸਕਦਾ ਹੈ ਅਤੇ 'ਕਾਲ' ਸੀਮਾਂ ਟੱਪੀ ਜਾ ਸਕਦੀ ਹੈ।[105] ਮਨੁੱਖ ਨੇ ਸਮੂਰਤ ਸੰਸਥਾ ਚਿੰਨਾਂ ਤੋਂ ਅਮੂਰਤ ਕਦਰਾਂ ਕੀਮਤਾਂ ਵਲ ਵਿਕਾਸਸ਼ੀਲ ਹੋਣਾ ਹੈ। ਉਸ ਦੀ ਪ੍ਰਤਿਭਾ ਇਤਿਹਾਸ ਮੁਕਤ ਨਿਰਗੁਣ ਕਾਲ ਵਿਚ ਵਿਚਰਨ ਦੀ ਸਮਰੱਥਾ ਰਖਦੀ ਹੈ।[106]

10.1 ਸੰਖੇਪ ਵਿਚ ਪਾਰਬ੍ਰਹਮ ਮੂਰਤਿ ਅਬਿਨਾਸੀ 'ਮੂਰਤਿ' ਹੈ, 'ਕਾਲ' ਅਤੇ ਮੌਤ ਦਾ ਇਸ ਉਤੇ ਕੋਈ ਅਸਰ ਨਹੀਂ; ਇਹ ਸਦਾ ਸਦੀਵ, ਤ੍ਰੈ-ਕਾਲ ਅਬਾਧ, ਸੱਚੀ ਹੋਂਦ ਹੈ,[107] ਕਾਲ -ਰਹਿਤ 'ਅਕਾਲ ਸਰੂਪ' ਹੈ।

---

99. ਹਉ ਬਉਰਾ ਫਿਰਨ ਨਰਉ ਨਾਨਕ 'ਅਉਸਰ' ਲਧਾ ਭਾਲਿ ਜੀਉ। ਸਿਰੀ 5(74)
100. ਕਾਲੁ ਜਾਲੁ ਜਿਹਵਾ ਅਰੁ ਨੈਣੀ, ਕਾਨੀ ਕਾਲੁ ਸੁਣੈ ਬਿਖੁ ਬੈਣੀ ਗ.੧(227)
101. ਸਚ ਘਰਿ ਬੈਸੈ, ਕਾਲ ਨ ਜੋਹੈ। ਗ.੧(227)
102. ਕਾਲੁ ਜਾਲੁ ਜਮੁ ਜੋਹਿ ਨ ਸਾਕੈ, ਸਾਚੇ ਸਿਉ ਲਿਵ ਲਾਈ ਹੈ। ਮਾਰੂ ੧(1020)
103. Stace, W.T., Time and Eternity, Princeton University, 1952, p.6.
104. Arnold Toynebee, op.cit., p.411.
105. A Huxley, Perennial Philosophy, op.cit., p.215.
106. ਡਾ: ਹਰਿਭਜਨ ਸਿੰਘ, ਪੰਜਾਬੀ ਨਿਰਗੁਣ ਕਾਵਿ, ਪੰਜਾਬੀ ਦੁਨੀਆਂ, ਪਟਿਆਲਾ, ਜੂਨ1969 ਪੰਨਾ 95.
107. (ੳ) ਅਕਾਲ ਮੂਰਤਿ ਜਿਸ ਕਦੇ ਨਾਹੀ ਖਉ। ਮਾਰੂ 5(1082)
(ਅ) ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨ ਹਾਰਾ । ਸੋ 5(609)

ਇਹ ਸਚੀ ਮੂਰਤਿ ਰਚਨਾ ਤੋਂ ਪਹਿਲਾਂ (ਆਦਿ ਸਚੁ), ਕਾਲ, ਰਚਨਾ ਅਤੇ ਜੁਗਾਂ ਦੇ ਆਰੰਭ ਤੇ (ਜੁਗਾਦਿ ਸਚੁ), ਰਚਨਾ-ਕਾਲ ਦੀ ਅਵੱਧੀ ਵਿਚ (ਹੈ ਭੀ ਸਚੁ), ਅਤੇ ਰਚਨਾ-ਸਮਾਪਤੀ ਉਪਰੰਤ ਵੀ (ਨਾਨਕ ਹੋਸੀ ਭੀ ਸਚੁ) ਸਦਾ ਸਦੀਵ ਸਚ ਰਹਿੰਦੀ ਹੈ। 'ਅਕਾਲ ਮੂਰਤਿ ਸਰਬ-ਕਾਲੀ ਅਤੇ ਅਕਾਲ, ਸਰਬ-ਦੇਸੀ ਅਤੇ ਅਦੇਸ ਸਰਬ-ਭੇਸੀ ਅਤੇ ਅਭੇਸ ਹੈ।'[108]

10.2 ਇਸ ਲਈ 'ਅਕਾਲ ਮੂਰਤਿ' ਸਾਰੀਆਂ ਸੰਸਾਰਕ ਮੂਰਤਾਂ, ਘਾੜਤਾਂ ਚਿਤਰਾਂ ਤੋਂ ਭਿੰਨ ਹੈ। ਕੋਈ ਮੂਰਤ ਸਵੈ-ਰਚਨਹਾਰੀ ਨਹੀਂ। 'ਅਕਾਲ ਮੂਰਤਿ ਕਰਤਾ ਹੈ; ਸਾਰੀਆਂ ਮੂਰਤਾਂ, ਸੂਰਤਾਂ, ਦੇਵੀ , ਦੇਵਤੇ, ਅਵਤਾਰ, ਬ੍ਰਹਮਾ , ਸ਼ਿਵ 'ਕਾਲ' ਵਿਚ ਜਨਮਦੇ ਵਿਕਾਸਸ਼ੀਲ ਹੋ ਕੇ ਖ਼ਤਮ ਹੋ ਜਾਂਦੇ ਹਨ, ਕੇਵਲ 'ਅਕਾਲ ਮੂਰਤਿ' ਅਨਾਦੀ ਹੈ। ਇਹ 'ਕਾਲ' ਦੀ ਵੀ ਰਚੈਤਾ ਹੈ। ਇਸ ਲਈ ਅਕਾਲ ਮੂਰਤਿ ਨੂੰ ਦੇਸ਼-ਕਾਲ ਵਿਚ ਸੀਮਤ ਕਿਸੇ ਮਨੁੱਖੀ, ਅਵਤਾਰੀ ਜਾਂ ਪੱਥਰ ਦੀ ਮੂਰਤੀ ਵਿਚ ਸਥਾਪਤ ਨਹੀਂ ਕੀਤਾ ਜਾ ਸਕਦਾ। 'ਅਕਾਲ ਮੂਰਤਿ' ਇਕ-ਰਸ ਸਦਾ ਸਲਾਮਤ ਅਬਿਨਾਸ਼ੀ 'ਮੂਰਤਿ' ਹੈ।

10.3 ਕਾਲ ਅਨਾਦੀ ਨਹੀਂ, ਆਦਿ ਅੰਤ [illegible], ਅਤੇ ਸੀਮਤ ਅਵੱਧੀ ਵਾਲਾ ਹੈ। ਰਚਨਾ ਦੇ ਨਾਲ ਹੀ 'ਕਾਲ' ਦਾ ਆਦਿ ਹੁੰਦਾ ਹੈ ਅਤੇ ਰਚਨਾ ਦੀ ਸਮਾਪਤੀ ਤੇ 'ਕਾਲ' ਦਾ ਵੀ ਅੰਤ ਹੋ ਜਾਂਦਾ ਹੈ। ਮਨੁੱਖ ਨੂੰ ਇਹ ਕਾਲ-ਅਵਧੀ ਅਜੇਹਾ ਅਵਸਰ ਪ੍ਰਾਪਤ ਹੋਇਆ ਹੈ ਜਦੋਂ ਉਹ ਕਾਲ ਦੀ ਸੀਮਾ ਟੱਪ ਕੇ 'ਅਨਕਾਲ ਸਰੂਪ' ਦੀ ਪ੍ਰਾਪਤੀ ਕਰ ਕੇ 'ਅਕਾਲ-ਮੂਰਤਿ' ਨਾਲ ਇਕ-ਮਿਕ ਹੋ ਸਕਦਾ ਹੈ।

-.-.-.-.-

---

108. ਨਮੋ ਸਰਬ-ਕਾਲੇ; ਨਮਸਤੰ ਅਕਾਲੇ; ਨਮੋ ਸਰਬ ਦੇਸੇ, ਨਮਸਤੰ ਅਭੇਸੇ। ਪਾ ੧੦.ਜਾਪੁ।

## ਅਧਿਆਇ ਸਤਵਾਂ

## — ਅਜੂਨੀ ਸੈਭੰ —

1.1 ਆਦਿ ਕਥਨ: 'ਅਕਾਲ ਮੂਰਤਿ' ਦੇ ਸੰਕਲਪ ਨੂੰ ਹੀ 'ਅਜੂਨੀ' ਅਤੇ 'ਸੈਭੰ' ਸ਼ਬਦਾਂ ਵਿਚ ਵਧੇਰੇ ਦ੍ਰਿੜ੍ਹਤਾ ਨਾਲ ਪੇਸ਼ ਕੀਤਾ ਗਿਆ ਹੈ। ਪਾਰਬ੍ਰਹਮ 'ਕਾਲ' ਦੀ ਸੀਮਾਂ ਵਿਚ ਨਹੀਂ, ਅਮੂਰਤ ਹੈ, ਕਿਸੇ 'ਅਵਤਾਰ' ਜਾਂ 'ਮੂਰਤੀ' ਵਿਚ ਸਥਾਪਤ ਨਹੀਂ ਹੋ ਸਕਦਾ। ਸਾਰੀ ਉਤਪਤੀ ਦੇ ਉਪਜ ਦਾ ਆਦਿ ਕਾਰਨ ਹੈ। ਸਭ ਚੇਤੰਨ, ਅਚੇਤ, ਅਰਧਚੇਤ ਮਨੁੱਖ, ਪਸ਼ੂ ਪੰਛੀ, ਕੀੜੇ ਮਕੌੜੇ ਅਤੇ ਬਨਸਪਤੀ ਸਭ ਦੀਆਂ ਖਾਣੀਆਂ (ਯੋਨੀਆਂ) ਹਨ, ਸਭ'ਕਾਲ' ਵਿਚ ਹਨ, ਸਭ ਕਿਸੇ ਕਾਰਨ ਦਾ ਕਾਰਜ ਹਨ ਪਰ 'ਅਕਾਲ ਮੂਰਤਿ' ਅਜੂਨੀ ਹੈ, ਕਿਸੇ ਯੋਨੀ(ਖਾਣੀ) ਤੋਂ ਪੈਦਾ ਨਹੀਂ ਹੁੰਦਾ, ਸਰਵ-ਵਿਦਮਾਨ ਹੈ, ਆਪਣੇ ਆਪ ਤੋਂ ਪੈਦਾ ਹੋਇਆ ਹੈ(ਸੈਭੰ), ਕਿਸੇ ਕਾਰਨ ਦਾ ਕਾਰਜ ਨਹੀਂ। ਐਸੇ ਪਰਮਾਤਮਾ ਦਾ ਕਿਸੇ ਰੂਪ ਵਿਚ ਅਵਤਰਣ ਨਹੀਂ ਹੁੰਦਾ, ਨਾਂਹੀ ਉਸ ਨੂੰ ਕਿਸੇ ਸੂਰਤ ਮੂਰਤ ਵਿਚ ਵਿਦਮਾਨ ਕੀਤਾ ਜਾ ਸਕਦਾ ਹੈ। ਉਹ ਪਰਮ-ਜੋਤਿ ਹੈ ਜੋ ਸਰਵ-ਪ੍ਰਕਾਸ਼ਮਾਨ ਹੈ। ਭਾਰਤੀ ਮਤਾਂ ਵਿਚ ਇਕ ਬੰਨੇ ਪਰਮਾਤਮਾ ਨੂੰ ਅਵਤਾਰ ਰੂਪ ਵਿਚ ਸਿਮਰਿਆ ਗਿਆ ਹੈ ਅਤੇ ਦੂਜੇ ਬੰਨੇ ਉਸ ਨੂੰ ਵਿਸ਼ੇਸ਼ ਮੂਰਤੀਆਂ ਵਿਚ ਸਥਾਪਤ ਕੀਤਾ ਗਿਆ ਹੈ। 'ਅਕਾਲ ਮੂਰਤਿ' ਵਿਚ ਅਸੀਂ ਪਰਮਾਤਮਾ ਦੀ 'ਸਹੀ ਮੂਰਤਿ' ਦਾ ਲਕਸ਼ ਵਿਚਾਰਿਆ ਹੈ, 'ਅਜੂਨੀ ਸੈਭੰ' ਵਿਚ ਅਸੀਂ ਇਹ ਵਿਚਾਰ ਕਰਨੀ ਹੈ ਕਿ 'ਅਕਾਲ ਮੂਰਤਿ' ਕਿਸੇ 'ਯੋਨੀ' ਰਾਹੀਂ ਅਵਤਾਰ ਨਹੀਂ ਧਾਰਦਾ, ਉਹ ਦੀ ਵਿਦਮਾਨਤਾ ਦਾ ਕੋਈ ਕਾਰਨ ਨਹੀਂ, ਉਹ ਸਭ ਰਚਨਾ ਦਾ ਕਾਰਨ ਹੈ ਅਤੇ ਆਪਣਾ ਕਾਰਨ ਆਪ ਹੈ ਅਤੇ ਸਰਵ-ਪ੍ਰਕਾਸ਼ਮਾਨ ਹੈ। ਇਸ ਲਈ 'ਅਜੂਨੀ' ਅਤੇ 'ਸੈਭੰ' ਹੈ।

.2. <u>'ਅਜੂਨੀ' ਦੇ ਸ਼ਬਦ ਅਰਥ:</u> ਅਜੂਨੀ ਸੰਸਕ੍ਰਿਤ ਪਦ'ਅਯੋਨਿ' ਦਾ ਪ੍ਰਾਕ੍ਰਿਤਕ ਅਤੇ ਪੰਜਾਬੀ ਰੂਪ ਹੈ।[1] ਸਵਾਮੀ ਹਰੀ ਪ੍ਰਸਾਦਿ ਵੈਦਿਕ ਮੁਨੀ ਅਨੁਸਾਰ'ਅਯੋਨਿ' ਦਾ ਉਚਾਰਣ 'ਅਜੋਨਿ' ਅਤੇ 'ਅਜੋਨਿ' ਦਾ ਉਚਾਰਣ ਅਜੂਨੀ ਹੈ। ਅਰਥ ਤਿੰਨਾਂ ਸ਼ਬਦਾਂ( ਅਯੋਨਿ, ਅਜੋਨਿ, ਅਜੂਨੀ) ਦਾ ਇਕੋ ਹੈ।[2] ਆਪਣੇ ਅਨੁਸਾਰ 'ਅਯੋਨਿ'

1. ਭਾਈ ਵੀਰ ਸਿੰਘ, ਸੰਥਯਾ, ਭਾਗ ਪਹਿਲਾ, ਪੰਨਾ29. ਮਹਾਨ ਕੋਸ਼, ਪੰਨਾ 48.
2. ਜਪ ਸੰਹਿਤਾ, ਹੋਸ਼ਿਆਰਪੁਰ: ਸਾਧੂ ਆਸ਼ਰਮ, 1963, ਪੰਨਾ78.

(ਵਿਸ਼ੇਸ਼ਣ) ਦੇ ਚਾਰ ਅਰਥ ਹੋ ਸਕਦੇ ਹਨ–(ੳ) ਬਿਨਾ ਆਦਿ ਕਾਰਣ ਦੇ, ਸਦੀਵ(ਅ) ਗਰਭ ਜਾਂ ਕੁੱਖ ਤੋਂ ਜਨਮ ਨਾ ਲੈਣ ਵਾਲਾ; ਅਧਾਰਮਕ ਜਾਂ ਅਸਾਧਾਰਣ ਜਾਂ ਅਪਰਵਾਣਿਤ ਰੂਪ ਵਿਚ ਜੰਮਣ ਵਾਲਾ(ੲ) ਬ੍ਰਹਮਾ, ਸ਼ਿਵ ਅਤੇ ਵਿਸ਼ਨੂੰ ਦਾ ਨਾਮ (ਸ) ਅਯੋਨਿਜਾ-ਸੰਭਵਾ, ਜਨਮ ਦੀ ਪੁੱਤਰੀ ਦਾ ਨਾਮ, ਜਿਹੜੀ ਖੇਤ ਦੇ ਇਕ ਸਿਆੜ ਤੋਂ ਜਨਮੀ ਸੀ।[3] ਮੋਨੀਅਰ ਵਿਲੀਅਮ ਅਨੁਸਾਰ 'ਅਯੋਨਿ' ਅ-ਯੋਨੀ ਤੁਲ ਹੈ ਜਿਸ ਦਾ ਭਾਵ ਹੈ –(1) ਬਿਨਾਂ ਅਰੰਭ ਜਾਂ ਸਰੋਤ ਦੇ (2) ਗਰਭ ਤੋਂ ਪੈਦਾ ਨਾ ਹੋਣ ਵਾਲਾ(3) ਪਦਮ ਪੁਰਾਣ ਵਿਚ ਸ਼ਿਵ ਦਾ ਨਾਮ; ਬ੍ਰਹਮਾ ਲਈ ਵੀ ਵਰਤਿਆ ਜਾਂਦਾ ਹੈ।[4] ਮੂਲ ਮੰਤਰ ਵਿਚ ਅਜੂਨੀ ਪਦ 'ਅਕਾਲ ਮੂਰਤਿ' ਉਪਰੰਤ ਵਰਤਿਆ ਗਿਆ ਹੈ ਜਿਸ ਦਾ ਭਾਵ ਹੈ ਕਿ ਪਾਰਬ੍ਰਹਮ ਪਰਮਾਤਮ-ਮੂਰਤਿ ਕਾਰਣ-ਰਹਿਤ ,ਆਦਿ-ਰਹਿਤ, ਗਰਭ-ਰਹਿਤ, ਜਨਮ-ਰਹਿਤ, ਅਤੇ ਜੂਨ-ਰਹਿਤ ਹੈ। ਸਮੁੱਚੀ ਗੁਰਬਾਣੀ ਵਿਚ 'ਅਜੂਨੀ' ਸ਼ਬਦ ਬ੍ਰਹਮਾ, ਸ਼ਿਵ, ਵਿਸ਼ਨੂੰ ਜਾਂ ਜਨਕ ਦੀ ਪੁੱਤਰੀ 'ਸੀਤਾ' ਲਈ ਕਿਤੇ ਨਹੀਂ ਵਰਤਿਆ ਗਿਆ ਕਿਉਂਕਿ ਗੁਰਮਤਿ ਅਨੁਸਾਰ ਕੇਵਲ ਪਾਰਬ੍ਰਹਮ 'ਅਜੂਨੀ' ਹੈ, ਬਾਕੀ ਸਾਰੀ ਰਚਨਾ , ਸਾਰੇ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਅਤੇ ਸਾਰੇ ਅਵਤਾਰ ਜਨਮ ਲੈਂਦੇ ਹਨ, ਕਾਲ-ਜਾਲ ਵਿਚ ਹਨ ਅਤੇ ਮਰਣਸ਼ੀਲ ਹਨ।

.3 ਸਿਖ ਵਿਦਵਾਨਾਂ ਅਤੇ ਟੀਕਾਕਾਰਾਂ ਨੇ ਵਧੇਰੇ ਕਰਕੇ 'ਅਜੂਨੀ' ਦੇ ਇਹੋ ਅਰਥ ਕੀਤੇ ਹਨ। ਭਾਈ ਕਾਨ੍ਹ ਸਿੰਘ (ਮਹਾਨ ਕੋਸ਼-28) ਅਨੁਸਾਰ 'ਅਜੂਨੀ' (ਸੰਸਕ੍ਰਿਤ ਅਯੋਨਿ) ਦਾ ਭਾਵ ਹੈ"ਜਿਸ ਦਾ ਯੋਨਿ(ਕਾਰਣ) ਨਹੀਂ ਅਤੇ ਜੋ ਪੈਦਾ ਨਹੀਂ ਹੋਇਆ।" ਭਾਈ ਵੀਰ ਸਿੰਘ (ਸੰਥਯਾ,੧,29) ਨੇ ਵੀ 'ਅਜੂਨੀ' ਦੇ ਅਰਥ 'ਅਕਾਰਣ' ਅਤੇ 'ਜਨਮ-ਜੂਨ ਤੋਂ ਸੁਤੰਤਰ' ਕੀਤੇ ਹਨ। ਪ੍ਰਿੰਸੀਪਲ ਤੇਜਾ ਸਿੰਘ (ਸ਼ਬਦਾਰਥ) ਅਨੁਸਾਰ ਅਜੂਨੀ ਦਾ ਭਾਵ 'ਜਨਮ ਵਿਚ ਨਾ ਆਉਣ ਵਾਲਾ' ਹੈ। ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ 'ਅਜੂਨੀ' ਕੁੱਖ ਵਿਚ ਨਹੀਂ ਆਉਂਦਾ ਅਤੇ ਇਹ ਸੰਕਲਪ ਅਵਤਾਰਵਾਦ ਸਿਧਾਂਤ ਦਾ ਖੰਡਨ ਕਰਦਾ ਹੈ।[5] ਡਾਕਟਰ ਤਾਰਨ ਸਿੰਘ (ਜਪੁ: ਦਰਸ਼ਨ ਦੀਦਾਰ) ਅਨੁਸਾਰ ਅਜੂਨੀ ਨਿਰਗੁਣ ਅਵਸਥਾ ਨੂੰ ਦ੍ਰਿੜ ਕਰਾਉਂਦਾ ਹੈ ਜਿਸ ਦਾ ਕਿਧਰੇ ਜਨਮ ਨਹੀਂ ਹੁੰਦਾ।[6] ਸੁਰਦ ਚੰਦਰ ਵਰਮਾ ਅਨੁਸਾਰ ਅਜੋਨੀ ਦਾ ਭਾਵ ਹੈ –ਜਨਮ-ਰਹਿਤ, ਮਰਨ -ਰਹਿਤ ਅਤੇ ਕਾਰਨ-ਰਹਿਤ। ਹਰੀ ਪ੍ਰਸਾਦਿ (ਜਪੁ-ਸੰਹਿਤਾ) ਅਨੁਸਾਰ ਸਭ ਦਾ ਕਾਰਣ ਈਸ਼ਵਰ ਹੈ,

---

3. ਆਪਟੇ ਕੋਸ਼, ਪੰਨਾ 143.
4. ਮੋਨੀਅਰ ਕੋਸ਼, ਪੰਨਾ 86.
5. Outlines of Sikh Thought, p.25.
6. Guru Nanak and The Logos of Divine Manifestation, p.38.

ਉਸ ਦਾ ਕੋਈ ਕਾਰਣ ਨਹੀਂ। ਯੋਨੀ ਤੋਂ ਰਹਿਤ, ਕਾਰਣ ਤੋਂ ਰਹਿਤ, ਇਹੋ 'ਅਯੋਨਿ' ਪਦ ਦਾ ਅਰਥ ਹੈ। ਡਾ: ਸ਼ੇਰ ਸਿੰਘ (ਜਪੁਜੀ ਦਰਸ਼ਨ, ਪੰਨਾ86) ਅਨੁਸਾਰ ਬ੍ਰਹਮ ਪੁਰਖ ਹੈ ਤੇ ਮੂਰਤਿ ਵੀ ਹੈ ਪਰੰਤੂ ਉਹ ਜੂਨੀ ਵਿਚ ਨਹੀਂ ਆਉਂਦਾ। ਭਾਈ ਜੋਧ ਸਿੰਘ ਅਨੁਸਾਰ ਅਜੂਨੀ ਦਾ ਭਾਵ ਅਜਨਮਾ(Unborn ) ਕਰਨਾ ਭੁੱਲ ਹੈ। ਅਜੂਨੀ ਸੰਸਕ੍ਰਿਤ ਸ਼ਬਦ'ਅਯੋਨਿ' ਤੋਂ ਹੈ ਜਿਸ ਦਾ ਭਾਵ ਹੈ, 'ਕੁੱਖ ਤੋਂ ਜਨਮ ਨਾ ਲੈਣ ਵਾਲਾ ਅਰਥਾਤ ਜਿਹੜਾ ਜਨਮ ਨਹੀਂ ਲੈਂਦਾ।'[7]

1.4 'ਅਜੂਨੀ' ਦਾ ਇਕ ਅਰਥ ਅਸੀਂ 'ਕਾਰਣ-ਰਹਿਤ' ਕਿਹਾ ਹੈ। ਹਰੇਕ ਸਰੀਰ ਜਾਂ ਵਸਤੂ ਦਾ ਕੋਈ 'ਕਾਰਣ' ਸਰੋਤ ਹੁੰਦਾ ਹੈ। 'ਨਿਆਇ ਸਿਧਾਂਤ ਮੁਕਤਾਵਲੀ' ਵਿਚ ਦੋ ਤਰ੍ਹਾਂ ਦੇ ਸਰੀਰਾਂ ਦਾ ਹਵਾਲਾ ਹੈ। 'ਯੋਨੀਜ'' ਅਰਥਾਤ 'ਅੰਡਜ' ਅਤੇ 'ਜੇਰਜ' ਤੋਂ ਜਨਮ ਲੈਣ ਵਾਲੇ ਅਤੇ 'ਅਯੋਨੀਜ'' ਅਰਥਾਤ ਸੇਤਜ (ਪਸੀਨੇ) ਤੋਂ ਅਤੇ 'ਉਤਭੁਜ' ਪੌਦਿਆਂ ਆਦਿ ਦੀ ਤਰ੍ਹਾਂ ਧਰਤੀ ਤੋਂ ਪੈਦਾ ਹੋਣ ਵਾਲੇ। 'ਸੇਤਜ' ਨੂੰ ਨਿਰਾ ਪਸੀਨੇ ਜਾਂ ਮੁੜ੍ਹਕੇ ਤੋਂ ਪੈਦਾ ਹੋਏ ਜੀਵ ਨਹੀਂ ਕਿਹਾ ਜਾ ਸਕਦਾ ਕਿਉਂਕਿ ਜੀਵ-ਵਿਗਿਆਨ ਅਨੁਸਾਰ ਜੂਆਂ ਦੀ ਪੈਦਾਇਸ਼ ਜਾਂ ਖੁੰਮਾਂ ਦੀ ਉਤਪਤ ਕੇਵਲ ਪਸੀਨਾ, ਮੁੜ੍ਹਕਾ ਜਾਂ ਹੁੰਮਸ ਨਹੀਂ, ਇਨ੍ਹਾਂ ਦੇ ਆਂਡਿਆਂ ਬਿਨਾਂ ਇਨ੍ਹਾਂ ਦੀ ਉਪਜ ਨਹੀਂ ਹੋ ਸਕਦੀ। ਭਾਵੇਂ ਗੁਰਬਾਣੀ ਵਿਚ ਇਨ੍ਹਾਂ[8] ਚਾਰ ਖਾਣੀਆਂ ਦੇ ਕਈ ਪ੍ਰਸੰਗ ਪ੍ਰਾਪਤ ਹਨ, ਤਾਂ ਵੀ ਗੁਰੂ ਜੀ ਨੇ ਉਤਪਤੀ ਦੇ ਸਰੋਤ ਚਾਰ ਨਹੀਂ ਅਨੇਕ ਮੰਨੇ[9] ਹਨ। ਅਤੇ ਇਨ੍ਹਾਂ ਅਨੇਕ ਸਰੋਤਾਂ ਰਾਹੀਂ ਅਨੇਕਾਂ ਜੀਅ ਜੰਤ ਹਰ ਪਲ ਹੋਂਦ ਵਿਚ ਆ ਰਹੇ ਹਨ ਪਰ ਹਰੇਕ ਉਪਜ ਦਾ 'ਕਾਰਨ' ਅਵੱਸ਼ ਹੈ। ਮਨੁੱਖ ਦੇ ਜਨਮ ਦਾ ਸਰੋਤ'ਯੋਨਿ' ਅਰਥਾਤ ਬਚੇਦਾਨੀ(ਕੁੱਖ) ਹੈ। 'ਅਜੂਨੀ' ਦਾ ਵਿਸ਼ੇਸ਼ ਤੌਰ ਤੇ ਭਾਵ ਇਹ ਹੈ ਜਿਹੜਾ ਬ੍ਰਹਮ ਕਰਤਾਰਪੁਰਖ ਅਤੇ ਅਕਾਲ ਮੂਰਤਿ ਹੈ, ਉਹ ਮਾਤਾ ਦੇ ਗਰਭ ਵਿਚ ਨਹੀਂ ਆਉਂਦਾ, ਉਹ ਜਨਮ-ਜੂਨ ਤੋਂ ਰਹਿਤ ਹੈ, ਸਵੈ-ਵਿਦਮਾਨ ਹੈ, 'ਅਜੂਨੀ ਸੈਭੰ' ਹੈ:

ਸੋ ਬ੍ਰਹਮ ਅਜੋਨੀ ਹੈ ਭੀ ਹੋਨੀ, ਘਟ ਭੀਤਰਿ ਦੇਖੁ ਮੁਰਾਰੀ ਜੀਉ
ਜਨਮ ਮਰਨ ਕਉ ਇਹੁ ਜਗੁ ਬਪੜੋ — ਸੋਰਠ ੧(598)

.0 ਪਰਮਾਤਮਾ ਨੂੰ ਵਿਸ਼ੇਸ਼ ਤੌਰ ਤੇ ਜਨਮ-ਜੂਨ ਤੋਂ ਰਹਿਤ( ਅਜੂਨੀ) ਕਹਿਣ ਦਾ ਵਿਸ਼ੇਸ਼ ਇਤਿਹਾਸਕ ਕਾਰਨ ਹੈ। ਜਿਵੇਂ ਅਸੀਂ ਪਿੱਛੇ ਚਰਚਾ ਕਰਕੇ ਆਏ ਹਾਂ, ਮੂਲ-ਮੰਤਰ ਦੇ ਬਹੁਤ ਸਾਰੇ ਸੰਕਲਪ ਭਾਰਤੀ ਦਾਰਸ਼ਨਿਕ ਅਤੇ ਧਾਰਮਿਕ ਪ੍ਰਸੰਗ ਵਿਚ ਵਿਅਕਤ ਹੋਏ ਹਨ। ਜਿਵੇਂ 'ਅਕਾਲਮੂਰਤਿ' ਸੰਕਲਪ ਵਿਚ ਪਰਮਾਤਮਾ

---

7. Journal of Sikh Studies, Amritsar, August 1975, p.17.
8. ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ, ਸੋਰਠ੧(596)
9. ਕੇਤੀਆ ਖਾਣੀ ਕੇਤੀਆ ਬਾਣੀ । ਜਪੁਜੀ । 35। (7)

ਨੂੰ ਮੂਰਤੀਆਂ ਵਿਚ ਸਾਕਾਰ ਕਰਨ ਦੀ ਪਰਧਾਨ ਹਿੰਦੂ ਬਿਰਤੀ ਦਾ ਖੰਡਨ ਹੈ, ਤਿਵੇਂ 'ਅਜੂਨੀ' ਸੰਕਲਪ ਵਿਚ ਉਸ ਵਿਸ਼ੇਸ਼ ਵਿਸ਼ਵਾਸ ਦਾ ਖੰਡਨ ਹੈ ਜਿਸ ਅਨੁਸਾਰ ਪਰਮਾਤਮਾ ਆਪ ਸਮੇਂ ਸਮੇਂ ਜਨਮ ਲੈ ਕੇ ਅਵਤਾਰ-ਰੂਪ ਵਿਚ ਵਿਚਰਦਾ ਹੈ। 'ਹਿੰਦੂ ਧਰਮ ਅਨੁਸਾਰ ਪਰਮਾਤਮਾ ਕਿਸੇ ਨ ਕਿਸੇ ਰੂਪ ਵਿਚ, ਦੇਵੀ, ਦੇਵਤਿਆਂ ਜਾਂ ਅਵਤਾਰਾਂ ਰਾਹੀਂ ਮਨੁੱਖ ਜਾਂ ਪਸ਼ੂ ਜਾਂ ਮਿਸ਼ਰਤ ਰੂਪ ਵਿਚ ਸਮੇਂ ਸਮੇਂ ਅਵਤਾਰ ਧਾਰਦਾ ਰਹਿੰਦਾ ਹੈ ਪਰ ਗੁਰੂ ਨਾਨਕ ਬਾਣੀ ਵਿਚ ਥਾਂ ਪਰ ਥਾਂ ਅਵਤਾਰਵਾਦ ਦਾ ਖੰਡਨ ਹੈ।[10]

2.1 ਅਵਤਾਰਵਾਦ ਦਾ ਮੂਲ ਆਧਾਰ ਇਹ ਹੈ ਕਿ ਰੱਬ ਆਪ ਜਾਂ ਕੋਈ ਹੋਰ ਦੈਵੀ ਪਰਾਭੌਤਿਕ ਸ਼ਕਤੀ ਕਿਸੇ ਵਿਸ਼ੇਸ਼ ਮੰਤਵ ਲਈ ਮਨੁੱਖ, ਪਸ਼ੂ ਜਾਂ ਕਿਸੇ ਹੋਰ ਰੂਪ ਵਿਚ ਪ੍ਰਗਟ ਹੁੰਦੀ ਰਹਿੰਦੀ ਹੈ।[11] ਇਸ ਵਿਸ਼ਵਾਸ ਅਨੁਸਾਰ ਅਵਤਾਰ ਜਨਮ-ਮਰਣ ਅਤੇ ਆਵਾਗਉਣ ਵਿਚ ਨਹੀਂ ਹੁੰਦਾ, ਸਗੋਂ ਇਕ ਵਿਸ਼ੇਸ਼ ਕਰਮ ਲਈ ਮਨੁੱਖ ਜਾਂ ਜਾਨਵਰ ਸਰੂਪ ਵਿਚ ਜਨਮ ਲੈਂਦਾ ਹੈ, ਇਕ ਵਿਸ਼ੇਸ਼ ਆਯੂ ਧਰਤੀ ਉਤੇ ਕ੍ਰਿਆਸ਼ੀਲ ਰਹਿੰਦਾ ਹੈ। ਅਤੇ ਫੇਰ ਆਪਣੇ ਪਹਿਲੇ ਸਰੂਪ ਵਿਚ ਚਲਾ ਜਾਂਦਾ ਹੈ। ਪੁਰਾਤਨ ਲੋਕਾਂ ਵਿਚ 'ਅਵਤਾਰਵਾਦ' ਦਾ ਸਿਧਾਂਤ ਨਹੀਂ ਸੀ। ਜਿਨ੍ਹਾਂ ਲੋਕਾਂ ਅਤੇ ਪਸ਼ੂਆਂ ਦੀ ਪੁਰਾਤਨ ਲੋਕ ਪੂਜਾ ਜਾਂ ਸਤਿਕਾਰ ਕਰਦੇ ਸਨ, ਉਹ ਉਨ੍ਹਾਂ ਨੂੰ ਹੀ 'ਦੈਵੀ' ਜਾਂ ਪਵਿੱਤਰ ਮੰਨ ਕੇ ਕਰਦੇ ਸਨ, ਨਾ ਕਿ ਕਿਸੇ ਪਰਾ-ਸਰੀਰਕ ਦੇਵ ਜਾਂ ਰੱਬ ਦਾ ਅਵਤਾਰ ਜਾਣ ਕੇ। ਇਨ੍ਹਾਂ ਸਤਿਕਾਰਯੋਗ ਵਿਅਕਤੀਆਂ ਨੂੰ ਹੀ ਬਾਅਦ ਵਿਚ 'ਅਵਤਾਰ' ਦਾ ਨਾਂ ਦੇ ਦਿਤਾ ਗਿਆ ਜਿਵੇਂ ਤਿਬਤੀ ਬੋਧੀਆਂ ਨੇ ਦਲਾਈਲਾਮਾ ਨੂੰ ਅਵਲੋਕਤੇਸ਼ਵਰ ਦਾ ਅਵਤਾਰ ਮੰਨ ਲਿਆ। ਭਾਵੇਂ ਅਵਤਾਰਵਾਦ ਦਾ ਸ਼ੁਧ ਸਰੂਪ ਤਾਂ ਕੇਵਲ ਹਿੰਦੂ ਧਰਮ ਵਿਚ ਹੀ ਪ੍ਰਾਪਤ ਹੈ, ਤਾਂ ਵੀ ਅਵਤਾਰ-ਸਿਧਾਂਤ ਦੇ ਕੁਝ ਅੰਸ਼ ਹੋਰਨਾਂ ਧਰਮਾਂ ਵਿਚ ਵੀ ਵੇਖੇ ਜਾ ਸਕਦੇ ਹਨ।

2.2. ਪਾਰਸੀ ਗ੍ਰੰਥ 'ਅਵੇਸਤਾ' ਵਿਚ ਅਵਤਾਰਵਾਦ ਦਾ ਕੋਈ ਜ਼ਿਕਰ ਨਹੀਂ ਮਿਲਦਾ ਪਰ 'ਖਵਾਰੇਨਾਹ' ਅਵਤਾਰਵਾਦ ਦਾ ਹੀ ਇਕ ਰੂਪ ਹੈ। ਇਹ ਅਜੇਹੀ ਅਦਭੁਤ ਪਰਮਾਤਮ- ਤੁਲ ਰਹੱਸਮਈ ਸ਼ਕਤੀ ਹੈ ਜਿਸ ਨੇ ਦੇਵਤੇ ਘੜੇ, ਆਤਮਾਵਾਂ ਬਣਾਈਆਂ, ਇਤਿਆਦਿ। ਇਹ ਸ਼ਕਤੀ ਬਾਦਸ਼ਾਹ ਵਿਚ ਅਵਤਾਰ ਲੈਂਦੀ ਹੈ ਅਤੇ ਕ੍ਰਿਆਸ਼ੀਲ ਹੁੰਦੀ ਹੈ। ਸਭ ਤੋਂ ਵੱਧ ਅਤੇ ਸੰਪੂਰਨ ਰੂਪ ਵਿਚ ਇਹ ਜ਼ੁਰਥੁਸ਼ਤ ਵਿਚ ਪ੍ਰਗਟ ਹੋਈ ਸੀ।[12] ਇਸ ਵਿਚਾਰ ਵਿਚ ਹਿੰਦੂ ਅੰਸ਼-ਅਵਤਾਰ ਦੀ ਭਾਵਨਾ ਵੇਖੀ ਜਾ ਸਕਦੀ ਹੈ।

---

10. ਡਾ: ਜਯਰਾਮ ਮਿਸ਼ਰ, ਨਾਨਕ ਵਾਣੀ, ਇਲਾਹਾਬਾਦ: ਮਿਤ੍ਰ ਪ੍ਰਕਾਸ਼ਨ, 1960, ਪੰਨਾ 48.
11. N.Soderblom, ERE, VII, pp.183-184.
12. Ibid, p.198.

2.3 ਇਸਲਾਮ ਦੀ ਸ਼ੀਆ ਸੰਪਰਦਾ ਦਾ ਅਵਤਾਰਵਾਦ ਵਿਚ ਪੂਰਾ ਵਿਸ਼ਵਾਸ ਹੈ। ਕਿਹਾ ਜਾਂਦਾ ਹੈ ਕਿ ਮੁਹੰਮਦ ਸਾਹਿਬ ਨੇ ਆਪਣੇ ਜਵਾਈ ਅੱਲੀ ਨੂੰ ਆਪਣਾ ਜਾਨਸ਼ੀਨ ਨਾਮਜ਼ਦ ਕੀਤਾ ਸੀ ਪਰ ਉਹ 660 ਈਸਵੀ ਵਿਚ ਅਤੇ ਉਸਦੇ ਪੁੱਤਰ ਅਲ-ਹਸਨ ਅਤੇ ਅਲ-ਹੁਸੈਨ ਕਰਬਲਾ ਦੀ ਲੜਾਈ ਵਿਚ 680 ਈ. ਵਿਚ ਮਾਰੇ ਗਏ। ਅੱਲੀ ਦੇ ਸ਼ਿਸ਼ਾਂ ਅਤੇ ਉਪਾਸ਼ਕਾਂ ਨੇ ਉਸ ਨੂੰ ਅਤੇ ਉਸਦੇ ਪੁੱਤਰਾਂ ਨੂੰ "ਨੱਬੀ" ਸਗੋਂ ਖੁਦਾ ਦਾ ਅਵਤਾਰ ਮੰਨਣਾ ਸ਼ੁਰੂ ਕਰ ਦਿਤਾ। ਸ਼ੀਆ ਜਿਨ੍ਹਾਂ ਨੂੰ 'ਘਾਲੀਆ' ਜਾਂ 'ਘੁਲਾਟ' ਜਾਂ 'ਅਲੀ-ਇਲਾਹੀ' ਵੀ ਕਿਹਾ ਜਾਂਦਾ ਹੈ ਏਥੋਂ ਤੱਕ ਮੰਨਦੇ ਹਨ ਕਿ ਖੁਦਾ ਖੁਦ ਉਤਰ ਕੇ ਮੁਹੰਮਦ ਸਾਹਿਬ ਦਾ ਜਵਾਈ ਬਣਿਆ।[13]

2.4 ਭਾਵੇਂ ਬੁੱਧ ਪਰਮਾਤਮ-ਹਸਤੀ ਬਾਰੇ ਚੁੱਪ ਸੀ , ਤਾਂ ਵੀ ਬੁੱਧ ਸਿਧਾਂਤਕਾਰਾਂ ਨੇ ਪਰਾਭੌਤਿਕ ਸ਼ਕਤੀਆਂ ਅਤੇ ਬੁੱਧ ਅਵਤਾਰਾਂ ਸੰਬੰਧੀ ਕਈ ਸਿਲਸਲੇ ਉਸਾਰੇ ਹਨ। ਬੋਧਪ ਗ੍ਰੰਥਾਂ ਵਿਚ 'ਅੰਡਜ' ਅਤੇ 'ਜੇਰਜ' ਤੋਂ ਪੈਦਾ ਹੋਣ ਵਾਲੇ ਹਰੇਕ ਜੀਵ ਦੇ ਜਨਮ ਨਾਲ ਪਰਾਭੌਤਿਕ ਅੰਸ਼ ਜੋੜਿਆ ਗਿਆ ਹੈ। ਬੋਧੀ ਸਿਧਾਂਤ ਅਨੁਸਾਰ ਸਭ ਤੋਂ ਉਤਮ ਜਨਮ 'ਉਪਪਾਦੁਕ' (ਅਲੌਕਿਕ ਕੁੱਖ) ਰਾਹੀਂ ਹੁੰਦਾ ਹੈ ਜਿਸ ਵਿਚ ਵੀਰਜ, ਖੂਨ ਇਤਿਆਦਿ ਦੀ ਲੋੜ ਨਹੀਂ ਹੁੰਦੀ। "ਬੋਧੀ-ਸੱਤਵ ਦਾ ਜਨਮ ਅਲੌਕਿਕ ਯੋਨੀ ( apparitional matrix ) ਰਾਹੀਂ ਹੁੰਦਾ ਹੈ ਜਿਸ ਵਿਚ ਉਸ ਦਾ ਸਰੀਰ ਵੀ ਆਤਮਿਕ ਹੁੰਦਾ ਹੈ। ਉਸ ਨੂੰ ਆਤਮਾ ਹੀ ਪੈਦਾ ਕਰਦੀ ਹੈ , ਅਤੇ ਉਸ ਦੇ ਮਰਨ ਉਪਰੰਤ ਉਸ ਦੇ ਸਰੀਰ ਦਾ ਕੁਝ ਵੀ ਨਹੀਂ ਰਹਿੰਦਾ।"[14]

2.5 ਤਿਬਤ ਵਿਚ ਅਵਤਾਰਵਾਦ ਸਿਧਾਂਤ ਨਵਾਂ ਰੂਪ ਧਾਰਨ ਕਰਦਾ ਹੈ ਜਿਥੇ ਲਾਮਾ-ਗਦੀ ਦੀ ਜਾਨਸ਼ੀਨੀ ਵਿਚ ਬੋਧੀ ਅਵਤਾਰਾਂ ਦਾ ਬੋਧੀ ਲਾਮਿਆਂ ਵਿਚ ਅਵਤਰਣ ਵੇਖਿਆ ਜਾਂਦਾ ਹੈ। ਡਲਾਈ ਲਾਮਾ ਗੈਡਨ-ਡੁੱਪ ਨੇ 1473 ਈ. ਵਿਚ ਇਹ ਸਿਧਾਂਤ ਦਿਤਾ ਕਿ ਹਰੇਕ ਮਰਣ ਵਾਲਾ ਲਾਮਾ ਉਸੇ ਮੁਲਕ ਵਿਚ ਬੱਚੇ ਦੇ ਰੂਪ ਵਿਚ ਜਨਮ ਲੈਂਦਾ ਹੈ। ਲਾਮਿਆਂ ਵਿਚੋਂ ਲਹਾਸਾ ਦਾ ਦਲਾਈ-ਲਾਮਾ ਬੁੱਧ ਧਰਮ ਦੇ ਸਰਵੋਤਮ ਇਸ਼ਟ 'ਅਵਲੋਕਤੇਸ਼ਵਰ' ਦਾ ਅਵਤਾਰ ਮੰਨਿਆ ਜਾਂਦਾ ਹੈ।[15]

---

13. George A. Barton, ERE, VII, pp. 197-198.
14. L. De La Vallee Poussin, ERE VII, p. 188.
15. L. A. Waddell, ERE, VII, p. 201.

3.0 ਹਿੰਦੂ ਅਵਤਾਰਵਾਦ: ਅਵਤਾਰਵਾਦ ਦਾ ਸਪਸ਼ਟ ਅਤੇ ਪ੍ਰਤੱਖ ਪਰਮਾਣ ਕੇਵਲ ਹਿੰਦੂ ਧਰਮ ਵਿਚ ਪਰਾਪਤ ਹੈ। ਵਿਸ਼ੇਸ਼ ਕਰਕੇ 'ਰਾਮਾਇਣ' ਅਤੇ 'ਮਹਾਭਾਰਤ' ਕਾਵਿ-ਗ੍ਰੰਥਾਂ ਵਿਚ ਪਰਮਾਤਮਾ ਅਤੇ ਦੇਵਤੇ ਕਈ ਰੂਪਾਂ ਵਿਚ ਅਵਤਾਰ ਧਾਰਦੇ , ਜਾਂ ਪ੍ਰਤੱਖ ਦਰਸ਼ਨਾਂ ਰਾਹੀਂ ਆਪਾ ਪ੍ਰਗਟਾਉਂਦੇ ਦਸੇ ਗਏ ਹਨ। ਪੁਰਾਣਾਂ ਵਿਚ ਅਵਤਾਰਵਾਦ ਸਿਖਰ ਤੇ ਹੈ।[16]

3.1 ਵੇਦਾਂ ਵਿਚ ਅਵਤਾਰਵਾਦ ਦਾ ਪ੍ਰਤੱਖ ਪਰਮਾਣ ਨਹੀਂ ਮਿਲਦਾ। ਵੇਦਾਂ ਵਿਚ ਵਿਸ਼ਨੂੰ ਅਤੇ ਇੰਦਰ ਦੇ ਰੂਪ ਬਦਲ ਲੈਣ ਨੂੰ ਅਵਤਾਰਵਾਦ ਦਾ ਮੂਲ ਮੰਨਣਾ ਭੁੱਲ ਹੈ। ਉਪਨਿਸ਼ਦਾਂ ਵਿਚ ਵੀ ਅਵਤਾਰਵਾਦ ਦਾ ਕੋਈ ਦ੍ਰਿਸ਼ਟਾਂਤ ਨਹੀਂ ਮਿਲਦਾ, ਬਲਕਿ ਉਪਨਿਸ਼ਦਾਂ ਵਿਚ ਉਸ ਨੂੰ ਅਜੂਨੀ, ਅਜਨਮਾ ਅਤੇ ਅਕਾਰਨ ਆਦਿ ਭਾਵਾਂ ਵਿਚ ਵਿਅਕਤ ਕੀਤਾ ਗਿਆ ਹੈ। ਕਠ ਉਪਨਿਸ਼ਦ(1.2.18) ਵਿਚ ਸਪਸ਼ਟ ਕਿਹਾ ਹੈ ਕਿ ਬ੍ਰਹਮ ਨਾ ਜੰਮਦਾ ਹੈ, ਨਾ ਮਰਦਾ ਹੈ ਅਤੇ ਨਾ ਕਿਸੇ ਵਸਤੂ ਤੋਂ ਉਤਪੰਨ ਹੁੰਦਾ ਹੈ। ਉਹ ਅਜਨਮਾ, ਸਦੀਵੀ, ਅਬਨਾਸੀ ਅਤੇ ਅਨਾਦੀ ਹੈ। ਸੰਸਾਰ ਦੀ ਸਮਾਪਤੀ ਉਪਰੰਤ ਵੀ ਉਹ ਕਾਇਮ ਰਹਿੰਦਾ ਹੈ। ਸਵੇਤ ਉਪਨਿਸ਼ਦ (2.2.8, 4.4..14) ਵਿਚ ਵੀ ਬ੍ਰਹਮ ਨੂੰ ਅਜਨਮਾ ਅਕਾਰਨ, ਸਦੀਵੀ ਅਤੇ ਨਿਰਲੇਪ ਕਿਹਾ ਹੈ। ਇਸੇ ਤਰ੍ਹਾਂ ਮੁੰਡਕ ਉਪਨਿਸ਼ਦ(2.1.2) ਵਿਚ ਕਿਹਾ ਹੈ ਕਿ ਉਹ ਅਪਰੰਪਰ ਨਿਰਗੁਣ ਅਤੇ ਅਰੂਪ ਹੈ। ਅੰਦਰ ਤੇ ਬਾਹਰ ਸਭ ਥਾਂ ਰਵ ਰਿਹਾ ਹੈ। ਉਹ ਅਜੂਨੀ ਹੈ, ਇਸ ਲਈ ਪ੍ਰਾਨ ਤੇ ਮਨ ਰਹਿਤ ਹੈ। ਉਹ ਪਵਿੱਤਰ, ਅਤਿ ਉਤਮ ਅਤੇ ਅਬਿਨਾਸ਼ੀ ਹੈ। ਬ੍ਰਿਹਦਾਰਣਯਕ ਉਪਨਿਸ਼ਦ (4.4.25) ਵਿਚ ਵੀ ਉਸ ਨੂੰ 'ਅਜਾ' ਅਰਥਾਤ 'ਅਜਨਮਾ' ਕਿਹਾ ਹੈ।

ਡਾਕਟਰ ਰਾਧਾ ਕ੍ਰਿਸ਼ਨਨ ਅਨੁਸਾਰ ਅਵਤਾਰਵਾਦ ਵੇਦਾਂ ਦਾ ਸੰਕਲਪ ਨਹੀਂ। ਵੇਦ-ਕਾਲ ਵਿਚ ਕਿਸੇ ਦੇਵਤੇ ਦਾ ਧਰਤੀ ਉਤੇ ਅਵਤਰਣ ਨਹੀਂ ਹੁੰਦਾ। ਅਵਤਾਰਾਂ ਦਾ ਸੰਕਲਪ ਬਾਅਦ ਦੀ ਉਪਜ ਹੈ। ਨਾ ਕੇਵਲ ਮਨੁੱਖ ਸਗੋਂ ਜਾਨਵਰਾਂ ਨੂੰ ਵੀ ਅਵਤਾਰ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਿਵੇਂ ਹਨੂੰਮਾਨ ਬੰਦਰ-ਦੇਵ, ਗਣੇਸ਼ ਮਨੁੱਖ-ਹਾਥੀ ਦੇਵ ਆਦਿ। ਕੇਵਲ ਵਾਮਨ ਜਾਂ ਬੋਣਾ ਅਵਤਾਰ ਦਾ ਪ੍ਰਸੰਗ ਰਿਗਵੇਦ ਵਿਚ ਪ੍ਰਾਪਤ ਹੈ ਜਿਸ ਨੇ ਤਿੰਨ ਕਦਮਾਂ ਵਿਚ ਸਾਰੀ ਧਰਤੀ ਮਿਣ ਲਈ ਸੀ। ਬਾਕੀ ਸਾਰੇ ਅਵਤਾਰ ਵੇਦਾਂ ਤੋਂ ਬਾਹਰ ਦੀ ਉਪਜ ਹਨ।[18]

3.2 'ਅਵਤਾਰਵਾਦ' ਦਾ ਸਹੀ ਸੰਕਲਪ ਭਗਵਦ ਗੀਤਾ ਵਿਚ ਪ੍ਰਾਪਤ ਹੁੰਦਾ ਹੈ। "ਅਵਤਾਰ ਸ਼ਬਦ" ਅਵਤ੍ਰ ਧਾਤੂ ਤੋਂ ਹੈ ਜਿਸ ਦਾ ਭਾਵ ਹੈ 'ਉਤਰਨਾ', 'ਨੀਚੇ ਆਉਣਾ' । ਭਗਵਦ ਗੀਤਾਵਿਚ 'ਜਨਮ' 'ਸੰਭਵ' (ਹੋਂਦ ਵਿਚ ਆਉਣਾ) ਇਤਿਆਦਿ ਸ਼ਬਦ ਅਵਤਾਰਵਾਦ ਲਈ ਵਰਤੇ ਗਏ ਹਨ ਅਤੇ ਮੰਨਿਆ

---

16. G.Parinder, Concise Ency., of Living Faiths, p.13.
17. Suvira Jaiswal, Origin and Development of Vaishnavism, Op.cit. p.19.
18. Radha Krishnan, S., (ed.) History of Philosophy, Eastern and Western, London 1967, Vol.II, p.35.

ਜਾਂਦਾ ਹੈ ਕਿ 'ਰਬ ਨੇ ਰੂਪ ਧਾਰਨ ਕੀਤਾ' ਜਾਂ ਮਨੁੱਖੀ ਸਰੀਰ ਵਿਚ ਪਰਵੇਸ਼ ਕੀਤਾ।[19] ਮਹਾਂਦੇਵਨ ਅਨੁਸਾਰ ਅਵਤਾਰਵਾਦ ਦਾ ਮੰਤਵ ਸੰਸਾਰ ਨੂੰ ਆਪਣੇ ਨਿਸ਼ਾਨੇ ਤੇ ਪੁਜੱਣ ਲਈ ਨਵਾਂ ਉਤਸ਼ਾਹ ਦੇਣਾ ਹੁੰਦਾ ਹੈ। ਪਰਮਾਤਮਾ ਹਰ ਯੁੱਗ ਵਿਚ ਅਵਤਾਰ ਧਾਰਦਾ ਹੈ ਤਾਂਕਿ ਚੰਗਿਆਈ ਵਿਚ ਵਾਧਾ ਹੋ ਸਕੇ ਅਤੇ ਬਦੀ ਦੀਆਂ ਸ਼ਕਤੀਆਂ ਨੂੰ ਦਬਾਇਆ ਜਾ ਸਕੇ। ਦਸ ਅਵਤਾਰਾਂ ਦਾ ਇਹੀ ਮੰਤਵ ਜਾਪਦਾ ਹੈ।[20] ਭਗਵਦ ਗੀਤਾ(4.7) ਅਨੁਸਾਰ "ਜਦੋਂ ਜਦੋਂ ਵੀ ਧਰਮ ਵਿਚ ਗਿਲਾਨੀ ਹੁੰਦੀ ਹੈ, ਅਤੇ ਅਨਿਆਇ ਵੱਧ ਜਾਂਦਾ ਹੈ, ਓਦੋਂ ਓਦੋਂ ਹੀ ਮੈਂ ਅਵਤਾਰ ਧਾਰਦਾ ਹਾਂ ਤਾਂਕਿ ਧਰਮੀਆਂ ਦੀ ਰਖਿਆ ਕੀਤੀ ਜਾਵੇ, ਅਤੇ ਪਾਪੀਆਂ ਦਾ ਨਾਸ਼ ਕੀਤਾ ਜਾਵੇ। ਇਸ ਤਰ੍ਹਾਂ ਧਰਮ ਦੀ ਸਥਾਪਨਾ ਲਈ ਹਰੇਕ ਯੁਗ ਵਿਚ ਜਨਮ ਲੈਂਦਾ ਹਾਂ।" 'ਹਰੀਵੰਸ਼' ਵਿਚ ਗੀਤਾ ਵਾਲੀ ਉਪਰੋਕਤ ਪੰਗਤੀ ਦਾ ਪ੍ਰਸੰਗ ਦੇ ਕੇ ਨਾਰਾਇਣ(ਵਿਸ਼ਨੂੰ) ਦੇ ਕਈ ਪੱਖ ਦਰਸਾਏ ਹਨ। ਪਰਮਾਤਮਾ ਦਾ ਇਕ ਉਚੱਤਮ ਸਰੂਪ, ਨਾਰਾਇਣ, ਸਦਾ ਹੀ ਸਵਰਗ ਵਿਚ ਤਪ ਸਾਧਦਾ ਹੈ; ਉਸ ਦ ਦੂਜਾ ਸਰੂਪ ਆਪਣੇ ਆਸਣ ਉੱਤੇ ਸੌਂ ਰਿਹਾ ਹੈ, ਅਤੇ ਸੰਸਾਰ ਦੇ ਪੈਦਾ ਕਰਨ ਅਤੇ ਤਬਾਹ ਕਰਨ ਲਈ ਆਪਣੇ ਅਦਭੁਤ ਆਪੇ ਉੱਤੇ ਸਮਾਧੀ-ਸਥਿਤ ਹੈ, ਜਿਹੜਾ ਇਕ ਹਜ਼ਾਰ ਕਲਪ ਸੌਣ ਪਿਛੋਂ ਕ੍ਰਿਆਸ਼ੀਲ ਹੋਣ ਲਈ ਉਠਦਾ ਹੈ।[21] ਦੁਨੀਆ ਨਾਲ ਸਨੇਹ ਅਤੇ ਹਮਦਰਦੀ ਵਜੋਂ ਉਹ ਸਮੇਂ ਸਮੇਂ ਅਵਤਾਰ ਧਾਰਦਾ ਹੈ। ਅਵਤਾਰ ਸੰਪੂਰਨ ਵੀ ਹੋ ਸਕਦਾ ਹੈ ਅਤੇ ਅਪੂਰਨ, ਅੰਸ਼-ਅਵਤਾਰ ਵੀ।[22]

3.3. ਹਿੰਦੂ ਗ੍ਰੰਥਾਂ ਵਿਚ ਆਮ ਤੌਰ ਤੇ ਵਿਸ਼ਨੂੰ ਦੇ ਦਸ ਅਵਤਾਰਾਂ ਦਾ ਹੀ ਜ਼ਿਕਰ ਮਿਲਦਾ ਹੈ ਜਿਨ੍ਹਾਂ ਵਿਚੋਂ ਨੌ ਹੋ ਚੁਕੇ ਹਨ ਅਤੇ ਦਸਵਾਂ ਕਲਕੀ ਅਵਤਾਰ ਹਾਲੀ ਹੋਣਾ ਹੈ। ਹੋ ਚੁਕੇ ਨੌ ਅਵਤਾਰ ਇਹ ਹਨ: ਮੱਛ, ਕੱਛ, ਵਰਾਹ(ਸੂਰ), ਨਰ-ਸਿੰਗ, ਵਾਮਨ(ਬੌਣਾ), ਪਰਸਰਾਮ, ਰਾਮ, ਕ੍ਰਿਸ਼ਨ ਅਤੇ ਬੁੱਧ। ਹਰੀਵੰਸ਼ ਵਿਚ ਕੇਵਲ ਅੱਠ ਅਵਤਾਰਾਂ ਦਾ ਜ਼ਿਕਰ ਹੈ, ਕੱਛ ਅਤੇ ਮੱਛ ਦਾ ਹਵਾਲਾ ਨਹੀਂ ਹੈ। ਮਹਾਂ ਭਾਰਤ ਵਿਚ ਨੌ ਅਵਤਾਰਾਂ ਦਾ ਜ਼ਿਕਰ ਹੈ, ਬੁੱਧ ਦਾ ਹਵਾਲਾ ਨਹੀਂ ਹੈ। ਪਰ ਮਹਾਂ ਭਾਰਤ ਵਿਚ ਹਜ਼ਾਰਾਂ ਅਵਤਾਰਾਂ ਦਾ ਉਲੇਖ ਵੀ ਮਿਲਦਾ ਹੈ। ਭਗਵਾਦ ਗੀਤਾ ਵਿਚ ਰੱਬ ਦੇ ਅਨੇਕ ਜਨਮਾਂ ਦਾ ਹਵਾਲਾ ਪ੍ਰਾਪਤ ਹੈ। ਭਗਵਤ [illegible] ਪੁਰਾਣ(1.3.1) ਵਿਚ 22 ਅਵਤਾਰਾਂ ਦਾ ਜ਼ਿਕਰ ਹੈ। ਇਨ੍ਹਾਂ ਅਵਤਾਰਾਂ ਵਿਚੋਂ ਕੁਝ ਦੀ ਝਲਕ ਪੁਰਾਤਨ ਕਥਾਵਾਂ ਵਿੱਚ ਵੀ ਮਿਲ

---

19. S. Jaiswal, op. cit., p. 19
20. T.M.P. Mahadevan, Time and Timeless, op. cit., p. 82.
21. H. Jacobi, op. cit., p. 193.
22. G. Parrinder, Concise Ency. of Living Faiths, p. 30.

ਜਾਂਦੀ ਹੈ। ਵਾਮਨ(ਬੌਣਾ) ਅਵਤਾਰ ਦਾ ਉਲੇਖ ਰਿਗਵੇਦ ਵਿਚ ਪ੍ਰਾਪਤ ਹੈ। ਕੂਰਮ (ਵਰਾਹ) ਦਾ ਪ੍ਰਸੰਗ ਸਤਪੱਥ ਬ੍ਰਾਹਮਣ( 7.5.1), ਤੈਤ੍ਰੀਯ ਸੰਹਿਤਾ(6.2.42) ਅਤੇ ਤੈਤ੍ਰੀਯ ਆਰਣਿਕ (1.13) ਵਿਚ ਮਿਲ ਜਾਂਦਾ ਹੈ। ਜੈਕੋਬੀ ਅਨੁਸਾਰ ਅਵਤਾਰਵਾਦ ਵੇਦਾਂ ਤੋਂ ਕਾਫੀ ਸਮਾਂ ਬਾਹਦ ਦੀ ਉਪੱਜ ਹੈ ਜਦੋਂ ਵਿਸ਼ਨੂੰ ਦੀ ਪੂਜਾ ਚੰਗੀ ਤਰ੍ਹਾਂ ਸਥਾਪਤ ਹੋ ਚੁੱਕੀ ਸੀ।[23] ਡੋਸਨ ਅਨੁਸਾਰ ਸ਼ੁਰੂ ਸ਼ੁਰੂ ਵਿਚ ਪਰਸਰਾਮ, ਰਾਮ ਚੰਦਰ ਅਤੇ ਕ੍ਰਿਸ਼ਨ ਕੇਵਲ ਸਾਧਾਰਨ ਨਾਇਕ ਸਨ ਪਰ ਰਾਮਾਇਣ ਅਤੇ ਮਹਾਂ ਭਾਰਤ ਮਹਾਂ-ਕਾਵਿ ਵਿਚ ਇਨ੍ਹਾਂ ਨੂੰ ਰੱਬੀ ਅਵਤਾਰਾਂ ਦਾ ਰੂਪ ਦੇ ਦਿਤਾ ਗਿਆ।[24] ਪੁਰਾਣਾ ਸਮੇ ਇਨ੍ਹਾਂ ਅਵਤਾਰਾਂ ਨੂੰ ਬਹੁਤ ਮਾਨਤਾ ਪ੍ਰਾਪਤ ਹੋਈ। ਪੁਰਾਣਾ ਅਨੁਸਾਰ ਆਪਣੇ ਹਰੇਕ ਅਵਤਾਰ ਵਿਚ ਵਿਸ਼ਨੂੰ ਖੁਦ ਜਨਮ ਧਾਰਦਾ ਹੈ ਤਾਕਿ ਉਹ ਦੁਨੀਆਂ ਨੂੰ ਕਿਸੇ ਵੱਡੇ ਖਤਰੇ ਤੋਂ ਬਚਾ ਸਕੇ।

ਹਿੰਦੂ ਮਿਥਿਹਾਸ ਕੋਸ਼ਾਂ ਅਨੁਸਾਰ ਦਸ ਅਵਤਾਰਾਂ ਦਾ ਸੰਖੇਪ ਵਿਵਰਣ ਇਸ ਪ੍ਰਕਾਰ ਹੈ:

4.1. ਮੱਛ ਅਵਤਾਰ: ਸ਼ਤਪਥ ਬ੍ਰਾਹਮਣ ਅਨੁਸਾਰ ਵਿਸ਼ਨੂੰ ਦੇ ਇਸ ਅਵਤਾਰ ਦਾ ਪ੍ਰਯੋਜਨ ਮਨੁੱਖ ਜਾਤੀ ਦੇ ਸਿਰਜਣ ਹਾਰ ਸਤਵੇਂ ਮਨੂ ਅਤੇ ਮਨੁੱਖ ਜਾਤੀ ਨੂੰ ਜਲ ਪਰਲੋ ਤੋਂ ਬਚਾਉਣਾ ਸੀ। ਖਤਰੇ ਨੂੰ ਟਾਲਣ ਲਈ ਵਿਸ਼ਨੂੰ ਇਕ ਵੱਡੀ ਸਿੰਗਵਾਲੀ ਮੱਛੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

4.2. ਕੱਛ ਅਵਤਾਰ: ਸ਼ਤਪਥ ਬ੍ਰਾਹਮਣ ਅਨੁਸਾਰ ਸਤਯੁਗ ਵਿਚ ਵਿਸ਼ਨੂੰ ਨੇ ਜਲ ਪਰਲੋ ਰਾਹੀਂ ਸਮੁੰਦਰ ਵਿਚ ਗਵਾਚੀਆਂ ਅਮੁੱਲ ਵਸਤੂਆਂ ਦੀ ਭਾਲ ਲਈ 'ਕਛੂਆ' ਦਾ ਰੂਪ ਧਾਰਨ ਕੀਤਾ। ਉਹ ਕੱਛ ਦੇ ਰੂਪ ਵਿਚ ਦੁੱਧ ਦੇ ਸਮੁੰਦਰ ਹੇਠ ਖਲੋ ਗਏ ਅਤੇ ਮੰਦਰ ਪਰਬਤ ਨੂੰ ਆਪਣੀ ਪਿਠ ਤੇ ਚੁਕ ਲਿਆ। ਦੇਵਤਿਆਂ ਅਤੇ ਦੈਂਤਾਂ ਨੇ ਮਹਾਂਨਾਗ ਵਾਸ਼ੁਕ ਨਾਗ ਇਸ ਪਰੱਬਤ ਦੇ ਦੁਆਲੇ ਲਪੇਟ ਕੇ ਸਮੁੰਦਰ ਦਾ ਮੰਥਨ ਕੀਤਾ ਜਿਸ ਤੋਂ ਚੋਦਾਂ ਅਨਮੋਲ ਰਤਨ ਪ੍ਰਾਪਤ ਹੋਏ।

4.3. ਵਰਾਹ-ਸੂਰ ਅਵਤਾਰ: ਬ੍ਰਾਹਮਣ ਗ੍ਰੰਥ ਦੀ ਪੁਰਾਤਨ ਮਿਥਿਹਾਸਕ ਕੱਥਾ ਅਨੁਸਾਰ ਹਿਰਨਾਖਸ਼ ਦੈਂਤ ਪ੍ਰਿਥਵੀ ਨੂੰ ਘਸੀਟ ਕੇ ਸਮੁੰਦਰ ਦੇ ਡੂੰਘੇ ਪਾਣੀ ਵਿਚ ਲੈ ਗਿਆ। ਇਸਨੂੰ ਵਾਪਸ ਲਿਆਉਣ ਲਈ ਵਿਸ਼ਨੂੰ ਨੇ ਵਰਾਹ(ਸੂਰ) ਦਾ ਰੂਪ ਧਾਰਨ ਕੀਤਾ ਅਤੇ ਇਕ ਹਜ਼ਾਰ ਸਾਲ ਦੇ ਯੁੱਧ ਪਿਛੋਂ ਉਸ ਦੈਂਤ ਨੂੰ ਮਾਰ ਦਿਤਾ ਅਤੇ ਪ੍ਰਿਥਵੀ ਨੂੰ ਕੱਢ ਲਿਆਂਦਾ।

---

23. H. Jacobi, ERE, VII, pp. 193-194.

24. Dowson, A critical Dictionary of Hindu Mythology, London, 1957, p. XIII.

4.4. ਨਰਸਿੰਹ ਅਵਤਾਰ: ਵਿਸ਼ਨੂ ਨੇ ਹਿਰਣਾਕਸ਼ ਦੈਂਤ ਦੇ ਅਤਿਆਚਾਰਾਂ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਨਰਸਿੰਹ ਅਵਤਾਰ ਧਾਰਿਆ। ਜੋ ਅੱਧੇ ਮਨੁੱਖ ਅਤੇ ਅੱਧੇ ਸ਼ੇਰ ਦੇ ਰੂਪ ਵਿਚ ਸੀ।

ਇਹ ਚਾਰੇ ਅਵਤਾਰ 'ਸਤਿਯੁਗ' ਵਿਚ ਹੋਏ ਹਨ।

4.5. ਵਾਮਨ(ਬੌਣਾ) ਅਵਤਾਰ: ਤ੍ਰੇਤਾ ਯੁਗ ਵਿਚ ਰਾਜੇ ਬਲੀ ਨੇ ਸਾਧਨਾ ਰਾਹੀਂ ਤਿੰਨ ਲੋਕਾਂ ਦਾ ਰਾਜ ਪ੍ਰਾਪਤ ਕਰ ਲਿਆ ਅਤੇ ਦੇਵਤਿਆਂ ਨੂੰ ਡਰਾ ਦਿਤਾ। ਇਸਦੀ ਸੁਧੀ ਲਈ ਵਿਸ਼ਨੂ ਨੇ ਕਸ਼ਪ ਅਤੇ ਅਦਿਤੀ ਦੇ ਘਰ ਬੌਣਾ ਪੁੱਤਰ ਬਣਕੇ ਅਵਤਾਰ ਧਾਰਿਆ। ਉਪਰੋਕਤ ਪੰਜੇ ਅਵਤਾਰ ਮਿਥਿਹਾਸਕ ਹਨ; ਅਗਲੇ ਤਿੰਨ ਪਾਰਸੂਰਾਮ, ਰਾਮਚੰਦ੍ਰ ਅਤੇ ਕ੍ਰਿਸ਼ਣ ਬੀਰ-ਰਸੀ ਨਾਇਕ ਹਨ ਅਤੇ ਨੌਵਾਂ ਧਾਰਮਿਕਤਾ ਦਾ ਪ੍ਰਗਟਾਵਾ ਕਰਦਾ ਹੈ।

4.6. ਪਾਰਸੂਰਾਮ(ਉਹ ਰਾਮ ਜਿਸ ਦੇ ਹੱਥ ਕੁਹਾੜਾ ਫੜਿਆ ਹੋਇਆ ਹੈ): ਵਿਸ਼ਨੂ ਦਾ ਛੇਵਾਂ ਅਵਤਾਰ ਪਾਰਸੂਰਾਮ ਬ੍ਰਾਹਮਣ, ਜਮਦਗਨੀ ਰਿਸ਼ੀ ਅਤੇ ਰੇਣੁਕਾ ਦੇ ਘਰ ਪੰਜਵਾਂ ਪੁੱਤਰ ਸੀ ਜੋ ਖਤਰੀਆਂ ਦੇ ਅਤਿਆਚਾਰਾਂ ਨੂੰ ਦੂਰ ਕਰਨ ਲਈ ਤ੍ਰੇਤਾ ਯੁਗ ਦੇ ਸ਼ੁਰੂ ਵਿਚ ਹੋਇਆ। ਰਾਮਾਇਣ ਵਿਚ ਇਸਨੂੰ ਰਾਮ ਚੰਦਰ ਦੇ ਵਿਰੋਧੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਦੋਨੋਂ ਅਵਤਾਰ ਇਕੋ ਸਮੇਂ ਜੀਵਤ ਸਨ। ਇਸਨੇ ਆਪਣੇ ਪਿਤਾ ਦੀ ਆਗਿਆ ਅਨੁਸਾਰ ਆਪਣੀ ਚਰਿਤਰ-ਹੀਣ ਮਾਂ ਰੇਣੁਕਾ ਦਾ ਸਿਰ ਵੱਢ ਦਿਤਾ ਸੀ। ਖਤਰੀਆਂ ਦਾ ਬੀਜ ਨਾਸ ਕਰਨ ਲਈ ਉਸਨੇ ਕਸ਼ੱਤਰੀਆਂ ਨੂੰ ਮਾਰਕੇ ਉਨ੍ਹਾਂ ਦੇ ਖੂਨ ਨਾਲ ਪੰਜ ਵੱਡੀਆਂ ਝੀਲਾਂ ਭਰੀਆਂ ਜਿਨ੍ਹਾਂ ਨੂੰ ਸਮੰਤ-ਪੰਚਕ ਕਿਹਾ ਜਾਂਦਾ ਸੀ।[25]

4.7. ਰਾਮਚੰਦਰ: ਰਾਮਚੰਦਰ ਰਾਜਾ ਦਸ਼ਰਥ ਦੇ ਸਭ ਤੋਂ ਵੱਡੇ ਪੁੱਤਰ, ਵਿਸ਼ਨੂੰ ਦੇ ਸਤਵੇਂ ਅਵਤਾਰ, ਤ੍ਰੇਤਾ ਯੁਗ ਦੇ ਅੰਤ ਵਿਚ ਪ੍ਰਗੱਟ ਹੋਏ। ਜੈਕੋਬੀ ਅਨੁਸਾਰ ਰਾਮਾਇਣ ਦੇ ਅਸਲ ਪਾਠਾਂ ਕਾਂਡ ਦੋ ਤੋਂ ਛੇ ਵਿਚ ਰਾਮ ਨੂੰ ਸਾਧਾਰਣ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਉਸ ਦੇ ਅਵਤਾਰ ਜਾਂ ਦੈਵੀ ਹੋਣ ਦਾ ਕੋਈ ਉਲੇਖ ਨਹੀਂ। ਪਰ ਕਾਂਡ ਇਕ ਅਤੇ ਸਤ ਵਿਚ ਰਾਮ ਨੂੰ ਦੈਵੀ-ਗੁਣ ਸਪੰਨ ਅਵਤਾਰ ਮੰਨਿਆ ਗਿਆ ਹੈ।[26] ਮੂਰ ਅਤੇ ਡੋਸਨ ਨੇ ਵੀ ਇਨ੍ਹਾਂ ਕਾਂਡਾਂ ਨੂੰ ਬਾਹਦ ਦੀ ਉਪੱਜ ਅਤੇ ਮਿਲਾਵਟ ਦਸਿਆ ਹੈ।[27] ਰਾਮਾਇਣ(1.15) ਅਨੁਸਾਰ ਵਿਸ਼ਨੂੰ ਦਾ ਰਾਮ ਰਾਹੀਂ ਅਵਤਰਣ ਦਾ ਮੰਤਵ ਰਾਕਸ਼ ਰਾਵਣ ਦੀ ਤਬਾਹੀ ਸੀ ਜਿਸ ਦੇ ਜ਼ੁਲਮਾਂ ਵਿਰੁਧ ਦੇਵਤਿਆਂ ਨੇ ਬ੍ਰਹਮਾ ਪਾਸ ਸ਼ਿਕਾਇਤ ਕੀਤੀ ਸੀ।

---

25. ਡੋਸਨ, ਉਕਤ, ਪੰਨਾ 329-331

26. ਐਚ.ਜੈਕੋਬੀ, ਉਕਤ, ਪੰਨਾ 194

27. ਡੋਸਨ, ਹਿੰਦੂ ਮਿਥਿਹਾਸ ਕੋਸ਼, ਪੰਨਾ 469

4.8. ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਠਵਾਂ ਅਵਤਾਰ ਕਿਹਾ ਜਾਂਦਾ ਹੈ। ਮਹਾਂ ਭਾਰਤ ਹਰੀਵੰਸ਼ ਅਤੇ ਪੁਰਾਣਾ ਵਿਚ ਕ੍ਰਿਸ਼ਨ ਦੀ ਵਿਸ਼ਨੂੰ (ਨਾਰਾਇਣ) ਨਾਲ ਅਭੇਦਤਾ ਨੂੰ ਮੰਨਿਆ ਗਿਆ ਹੈ। ਕ੍ਰਿਸ਼ਨ ਦਾ ਪਹਿਲਾ ਪ੍ਰਕਰਣ ਛੰਦੋਗ(3.17.6) ਵਿਚ ਪ੍ਰਾਪਤ ਹੈ ਜਿਥੇ ਕ੍ਰਿਸ਼ਨ ਨੂੰ ਮਨੁੱਖ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ। ਆਤਮ ਬੋਧ ਅਤੇ ਨਾਰਾਇਣ-ਅਥਰਵਸ਼ੀਰਸ ਉਪਨਿਸ਼ਦਾਂ ਵਿਚ ਕ੍ਰਿਸ਼ਨ ਨੂੰ ਵਿਸ਼ਨੂੰ ਤੁਲ ਦਸਿਆ ਗਿਆ ਹੈ। ਮਹਾਂ ਭਾਰਤ, ਹਰੀਵੰਸ਼ ਅਤੇ ਪੁਰਾਣਾ ਵਿਚ ਉਸਨੂੰ ਪੂਰਨ ਅਵਤਾਰ ਦਸਿਆ ਗਿਆ ਹੈ। ਜੈਕੋਬੀ ਅਨੁਸਾਰ ਸ਼ੁਰੂ ਸ਼ੁਰੂ ਵਿਚ ਵਾਸੁਦੇਵ ਕ੍ਰਿਸ਼ਨ ਨਾਲੋਂ ਵੱਖਰਾ ਦੇਵਤਾ ਸੀ। ਬਾਅਦ ਵਿਚ ਪੰਚਰਾਤਰਾਂ ਅਤੇ ਭਾਗਵੰਤਾਂ ਨੇ ਵਾਸੁਦੇਵ-ਕ੍ਰਿਸ਼ਨ ਭਗਤੀ ਨੂੰ ਇਕਠਾ ਕਰ ਦਿਤਾ। ਕ੍ਰਿਸ਼ਨ ਅਵਤਾਰ ਦਾ ਮੰਤਵ ਕੰਸ ਦੇ ਜ਼ੁਲਮਾਂ ਨੂੰ ਖਤਮ ਕਰਨਾ ਸੀ।*

4.9. ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਕਹਿਣਾ ਬੜੀ ਵਚਿੱਤਰ ਗਲ ਲਗਦੀ ਹੈ। ਜਦੋਂ ਬੁੱਧ ਦੀ ਭਾਰਤ ਵਿਚ ਮਾਨਤਾ ਘੱਟ ਗਈ ਤਾਂ ਹਿੰਦੂ ਪਰਚਾਰਕਾਂ ਨੇ ਬੁੱਧ ਨੂੰ ਵੀ ਵਿਸ਼ਨੂੰ ਦਾ ਅਵਤਾਰ ਕਹਿਣਾ ਸ਼ੁਰੂ ਕਰ ਦਿਤਾ। ਇਹ ਵੀ ਕਿੰਤੂ ਕੀਤਾ ਜਾਂਦਾ ਹੈ ਕਿ ਵਿਸ਼ਨੂੰ ਨੂੰ ਅਜੇਹੇ ਮਨੁੱਖ ਰਾਹੀਂ ਅਵਤਾਰ ਧਾਰਨ ਦੀ ਕੀ ਲੋੜ ਸੀ ਜਿਹੜਾ ਵੇਦਾਂ ਤੋਂ ਮੁਨਕਰ ਸੀ ਅਤੇ ਜਿਹੜਾ ਕਿਸੇ ਨੂੰ ਵੀ ਰੱਬੀ ਅਵਤਾਰ ਨਹੀਂ ਸੀ ਮੰਨਦਾ? ਇਸ ਦਾ ਉਤੱਰ ਇਹ ਦਿਤਾ ਜਾਂਦਾ ਹੈ ਕਿ ਪਰਮਾਤਮਾ ਭੈੜੇ ਆਦਮੀਆਂ ਨੂੰ ਵੇਦਾਂ ਦੇ ਵਿਰੁਧ ਕਰਕੇ ਸਜ਼ਾ ਦੇਣੀ ਚਾਹੁੰਦਾ ਸੀ। ਕੁਝ ਵੀ ਹੋਵੇ'ਬੁੱਧ ਅਵਤਾਰ ਹਿੰਦੂ ਪਰੰਪਰਾ ਵਿਚ ਠੀਕ ਨਹੀਂ ਬੈਠਦਾ।'

4.10. ਅੰਤਲਾ ਅਤੇ ਦਸਵਾਂ ਕਲਕੀ ਅਵਤਾਰ ਹਾਲੇ ਹੋਵੇਗਾ। ਕਲਯੁਗ ਦੇ ਅੰਤ ਤੇ ਵਿਸ਼ਨੂੰ ਇਕ ਵਾਰ ਫੇਰ ਅਵਤਾਰ ਧਾਰੇਗਾ। ਉਹ ਇਕ ਬਹਾਦਰ ਯੋਧੇ ਦੇ ਰੂਪ ਵਿਚ ਚਿੱਟੇ ਘੋੜੇ ਤੇ ਸਵਾਰ ਹੋਕੇ, ਹਥ ਵਿਚ ਲਿਸ਼ਕਾਂ ਭਰੀ ਤਲਵਾਰ ਲੈਕੇ ਪ੍ਰਗੱਟ ਹੋਵੇਗਾ। ਉਹ ਦੋਖੀਆਂ ਦਾ ਨਾਸ ਕਰਕੇ ਮੁੜ ਸੁਨਹਿਰੀ(ਸਤਿ) ਯੁਗ ਲਿਆਵੇਗਾ।

5.1. ਵਿਸ਼ਨੂੰ-ਨਾਰਾਇਣ ਅਤੇ ਸ਼ਿਵ ਦੇ ਅਵਤਾਰਾਂ ਤੋਂ ਬਿਨਾ ਅਨੇਕ ਹੋਰ ਅਵਤਾਰਾਂ ਜਾਂ ਅੰਸ਼ ਅਵਤਾਰਾਂ ਦਾ ਜ਼ਿਕਰ ਰਾਮਾਇਣ ਮਹਾਂ ਭਾਰਤ ਅਤੇ ਹੋਰ ਗ੍ਰੰਥਾਂ ਵਿਚ ਮਿਲਦਾ ਹੈ। ਬਹੁਤ ਸਾਰੇ ਨਾਇਕਾਂ ਨੂੰ ਦੇਵਤਿਆਂ ਦਾ ਅਵਤਾਰ ਦਸਿਆ ਗਿਆ ਹੈ। ਜਿਵੇਂ ਰਾਮਾਇਣ ਵਿਚ ਹਨੂੰਮਾਨ

---

* ਵਿਸਥਾਰ ਲਈ ਵੇਖੋ ਜੈਕੋਬੀ, ਉਕਤ, ਪੰਨਾ 194-197

28. ਜੀ.ਪਰਿੰਦਰ, ਉਕਤ, ਪੰਨਾ 231

ਨੂੰ ਪਵਨ-ਦੇਵ ਦਾ ਪੁੱਤਰ ਦਸਿਆ ਗਿਆ ਹੈ, ਬਾਲੀ ਨੂੰ ਇੰਦਰ ਦਾ, ਸੁਗਰੀਵ ਨੂੰ ਸੂਰਜ ਦਾ ਪੁੱਤਰ, ਇਤਿ ਆਦਿ। ਮਹਾਂ ਭਾਰਤ ਵਿਚ ਭੀਮ ਨੂੰ ਵਰੁਣ-ਦੇਵ ਦਾ, ਅਰਜਨ ਨੂੰ ਇੰਦਰ ਦਾ, ਕਰਣ ਨੂੰ ਸੂਰਜ ਦਾ, ਯੁਧਿਸਟਰ ਨੂੰ ਧਰਮ ਦਾ, ਨਕੁਲ ਅਤੇ ਸਹਿਦੇਵ ਨੂੰ ਆਸ੍ਵਿਨ ਦਾ ਪੁੱਤਰ ਬਿਆਨਿਆ ਗਿਆ ਹੈ। ਮਹਾਂ ਭਾਰਤਵਿਚ ਸਾਰੇ ਨਾਇਕਾਂ ਨੂੰ ਦੇਵਤਿਆਂ, ਛੋਟੇ-ਦੇਵਾਂ, ਦੈਂਤਾਂ ਅਤੇ ਮਹਾਨ ਸੰਤਾਂ ਦੇ ਅਵਤਾਰ ਦਸਿਆ ਹੈ। ਏਥੇ ਅਵਤਾਰ-ਵਾਦ ਅਤੇ ਪੁਨਰ ਜਨਮ ਨੂੰ ਮਿਲਾ ਦਿਤਾ ਗਿਆ ਹੈ। ਵਿਸ਼ਨੂੰ ਅਵਤਾਰ ਵਿਚ ਵੀ ਅਜੇਹਾ ਹੁੰਦਾ ਹੈ ਕਿਉਂਕਿ ਹਰਣਾਖਸ਼ ਜਿਸਨੂੰ ਵਿਸ਼ਨੂੰ ਨੇ ਨਰਸਿੰਘ ਅਵਤਾਰ ਰਾਹੀਂ ਮਾਰਿਆ ਸੀ, ਫੇਰ ਰਾਵਣ ਰੂਪ ਵਿਚ ਜਨਮਿਆ ਅਤੇ ਤੀਜੀ ਵਾਰੀ ਸ਼ਿਸ਼ੂਪਾਲ ਰੂਪ ਵਿਚ ਜੰਮ ਕੇ ਕ੍ਰਿਸ਼ਨ ਹਥੋਂ ਮਾਰਿਆ ਗਿਆ। ਕੁਝ ਘੱਟ ਮਹੱਤਤਾ ਵਾਲੇ ਸ਼ਿਵ ਜੀ ਨਾਲ ਸੰਬੰਧਿਤ ਅੰਸ਼-ਅਵਤਾਰ ਵੀ ਮੰਨੇ ਜਾਂਦੇ ਹਨ ਜਿਵੇਂ:

(ੳ) ਸ਼ਿਵ ਦਾ ਪੁੱਤਰ ਗਣੇਸ਼(ਹਾਥੀ ਦੇ ਸਿਰ ਵਾਲਾ)

(ਅ) ਸਕੰਦ, ਛੇ ਸਿਰ, ਬਾਰਾਂ ਬਾਂਹਵਾਂ ਵਾਲਾ ਸ਼ਿਵ ਦਾ ਪੁੱਤਰ ਅਤੇ

(ੲ) ਨੰਦੀ ਬੈਲ, ਜੋ ਸ਼ਿਵ ਦਾ ਵਾਹਣ ਹੈ।

ਹਿੰਦੂਆਂ ਦੀ ਬਹੁ ਗਿਣਤੀ ਹਾਲੀ ਵੀ ਪਰਮਾਤਮਾ ਨਾਲੋਂ ਵਧੇਰੇ ਅਵਤਾਰਾਂ ਨੂੰ ਮੂਰਤੀਆਂ ਵਿਚ ਸਥਾਪਤ ਕਰਕੇ ਪੂਜਦੀ ਹੈ ਜਿਸ ਦ ਜ਼ਿਕਰ ਪਿਛਲੇ ਅਧਿਆਇ ਵਿਚ ਕੀਤਾ ਗਿਆ ਹੈ।

5.2. ਅਵਤਾਰਵਾਦ ਦੀਆਂ ਕਹਾਣੀਆਂ ਕਿੰਨੀਆਂ ਕੁ ਇਤਿਹਾਸਕ ਹੋ ਸਕਦੀਆਂ ਹਨ, ਇਹ ਵੀ ਚਰਚਾ ਦਾ ਮਜ਼ਮੂਨ ਬਣਿਆ ਰਵੇਗਾ। ਪਹਿਲੀ ਗਲ ਤਾਂ ਇਹ ਹੈ ਕਿ ਕਿਸੇ ਅਵਤਾਰ ਦੇ ਪ੍ਰਗੱਟ ਹੋਣ ਦਾ ਬਖਾਨ ਘਟਨਾ ਵਾਪਰਨ ਤੋਂ ਕਿੰਨਾ ਚਿਰ ਪਿਛੋਂ ਲਿਖਿਆ ਜਾਂਦਾ ਹੈ ਅਤੇ ਘਟਨਾ ਲਿਖਣ ਵਾਲਾ ਕਵੀ ਜਾਂ ਦਾਰਸ਼ਨਿਕ ਉਸਨੂੰ ਆਪਣੇ ਮੰਤਵ ਅਨੁਸਾਰ ਢਾਲ ਲੈਂਦਾ ਹੈ। ਜੀ.ਪਰਿੰਦਰ ਅਨੁਸਾਰ ਗੀਤਾ ਵਿਚ ਕ੍ਰਿਸ਼ਨ ਜੀ ਦੇ ਸ਼ਬਦਾਂ ਨੂੰ ਲਿਖਾਰੀ "ਸ੍ਰੀ ਭਗਵਾਨ ਵਾਚ" ਕਹਿੰਦਾ ਹੈ ਪਰ ਇਹ ਸ਼ਬਦ ਤਾਂ ਇਸ ਦੇ ਲਿਖਾਰੀ 'ਵਿਆਸ' ਦੇ ਕਹੇ ਹੋਏ ਹਨ, ਨਾਕਿ ਭਗਵਾਨ ਦੇ। ਇਸੇ ਤਰ੍ਹਾਂ ਯਹੂਦੀ ਖਲੀਫਿਆਂ ਨੇ ਨਾ ਕੇਵਲ ਰੱਬ ਦੇ ਨਾਂ ਤੇ ਗਲਾਂ ਕਹੀਆਂ ਸਗੋਂ ਦਾਹਵਾ ਕੀਤਾ ਕਿ ਉਹ ਸ਼ਬਦ ਰੱਬ ਨੇ ਖੁਦ ਕਹੇ ਸਨ ਜਦ ਕਿ ਉਹ ਸ਼ਬਦ ਲੇਖਕ ਖੁਦ 'ਕਹਿ' ਤੇ ਲਿਖ ਰਹੇ ਸਨ।[29]

---

29. Geoffrey Parrinder, The Nature of God (art.), Perspectives on Guru Nanak, ed. Harban Singh Panjabi University, Patiala, 1975, pp. 88-89.

6.1. **ਗੁਰਮਤਿ ਵਿਚਾਰ ਧਾਰਾ**

ਗੁਰਮਤਿ ਵਿਚ ਅਵਤਾਰ ਸਿਧਾਂਤ ਦਾ ਭਰਪੂਰ ਖੰਡਨ ਹੈ। ਗੁਰਮਤਿ ਅਨੁਸਾਰ ਬ੍ਰਹਮ ਅਜੋਨੀ ਹੈ, ਜਨਮ ਮਰਣ ਤੋਂ ਰਹਿਤ ਹੈ। ਬ੍ਰਹਮ ਤੋਂ ਬਿਨਾਂ ਸਾਰੀਆਂ ਆਕ੍ਰਤਾਂ ਜਨਮ ਵਿਚ ਆਉਂਦੀਆਂ ਹਨ, ਜਨਮ ਤੋਂ ਪਹਿਲਾਂ ਅਣਹੋਂਦ ਵਿਚ ਹੁੰਦੀਆਂ ਹਨ। ਜਨਮ ਉਪਰੰਤ ਮਿਥੀ ਅਵੱਧੀ ਵਿਚ ਰਹਿਕੇ ਬਿਨਸ ਜਾਂਦੀਆਂ ਹਨ ਅਤੇ ਜਾਂ ਤਾਂ ਅਣਹੋਂਦ ਵਿਚ ਚਲੀਆਂ ਜਾਂਦੀਆਂ ਹਨ ਅਤੇ ਜਾਂ ਦੋਬਾਰਾ ਜਨਮਦੀਆਂ ਅਤੇ ਦੋਬਾਰਾਂ ਮਰਦੀਆਂ ਹੋਈਆਂ ਆਵਾਗੌਣ ਵਿਚ ਘੁੰਮਦੀਆਂ ਰਹਿੰਦੀਆਂ ਹਨ। ਪਾਰਬ੍ਰਹਮ ਇਸ ਤੋਂ ਵਿਪਰੀਤ ਸਦਾ ਸਦਾ ਅਬਿਨਾਸ਼ੀ ਹੈ। ਹੁਣ ਹੈ, ਪਹਿਲਾਂ ਸੀ, ਅੱਗੇ ਹੋਵੇਗਾ; ਕਾਲ ਰਚਨਾ ਤੋਂ ਪਹਿਲਾਂ ਸੀ ਅਤੇ ਕਾਲ-ਸਮਾਪਤੀ ਉਪਰੰਤ ਵੀ ਕਾਇਮ ਰਹੇਗਾ। ਨਾ ਜਨਮ ਲੈਂਦਾ ਹੈ ਅਤੇ ਨਾ ਮਰਦਾ ਹੈ। ਜੋ ਜਨਮ ਮਰਣ ਵਿਚ ਨਹੀਂ ਉਹ ਜੂਨਾਂ ਵਿਚ ਵੀ ਨਹੀਂ ਆਉਂਦਾ। ਉਹ ਸਰਬ ਭਰਪੂਰ ਹੈ। ਕਿਸੇ ਇਕ 'ਮੂਰਤ' ਵਿਚ, ਇਕ ਅਵਤਾਰ ਵਿਚ ਸੀਮਤ ਨਹੀਂ, ਸਾਰੀ ਕੁਦੱਰਤ ਵਿਚ ਵਿਦਮਾਨ ਹੈ:

ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ
ਤੇਰਾ ਰੂਪ ਨਾ ਜਾਈ ਲਖਿਆ ਕਿਉ ਤੁਝਹਿ ਧਿਆਵਹੀ
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ।

ਮਾਰੂ ਪ(1095)

ਗੁਰਮਤਿ ਨੇ ਪਰਮਾਤਮਾ ਨੂੰ ਅਜੋਨੀ ਕਹਿ ਕੇ ਅਵਤਾਰ ਵਾਦ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਮੁਸ਼ਕਲਾਂ ਖਤਮ ਕਰ ਦਿਤੀਆਂ। ਗੁਰਮਤਿ ਦਾ ਅਕਾਲ, ਅਜੋਨੀ, ਸੈਭੰ ਪਰਮਾਤਮਾ ਆਪਣੀ ਪ੍ਰਕ੍ਰਿਤੀ ਤੋਂ ਹੀ ਜਨਮ-ਮਰਣ ਦੇ ਚਕਰ ਵਿਚ ਨਹੀਂ, ਨਾ ਹੀ ਕਾਲ ਆਕਾਸ਼ ਦੀਆਂ ਸੀਮਾਵਾਂ ਵਿਚ ਹੈ।

6.2. ਗੁਰਮਤਿ ਦਾ ਰਚਨਾ ਸਿਧਾਂਤ ਵੀ ਅਵਤਾਰਵਾਦ ਦੇ ਵਿਰੁਧ ਹੈ। ਗੁਰੂ ਨਾਨਕ ਦੇਵ ਨੇ ਪੂਰਬ-ਰਚਨਾ ਅਵੱਸਥਾ ਨੂੰ ਨਿਰੰਕਾਰ ਦੀ ਸਵੈ ਸਮਾਧੀ ਸਥਿਤ ਸੁੰਨ ਅਵਸੱਥਾ ਕਿਹਾ ਹੈ। ਇਸ ਸੁੰਨ ਤੋਂ ਉਸ ਦੇ ਹੁਕਮ ਅਨੁਸਾਰ ਸਾਰੀ ਰਚਨਾ ਹੋਈ ਜਿਸ ਵਿਚ ਸਾਰੀ ਕੁਦਰੱਤ, ਸਾਰੀ ਸ੍ਰਿਸ਼ਟੀ, ਪਉਣ, ਪਾਣੀ, ਬੈਸੰਤਰ, ਹਜ਼ਾਰਾਂ ਦੇਵਤੇ, ਦੈਂਤ, ਰਾਖਸ਼, ਅਵਤਾਰ, ਬ੍ਰਹਮਾ, ਵਿਸ਼ਨੂੰ, ਸ਼ਿਵ, ਸਭ ਸ਼ਾਮਲ ਹਨ।[30] ਗੁਰੂ ਨਾਨਕ ਦੇਵ ਕੁਦਰੱਤ ਰਚਨਾ ਦੀ ਅਨੰਤਤਾ ਵਿਚ ਜਿਵੇਂ ਅਸੰਖਾ ਭਗਤ,

---

30. ਸੁੰਨ ਕਲਾ ਅਪਰੰਪਰ ਧਾਰੀ.....
ਹੁਕਮ ਉਪਾਏ ਦਸ ਅਵਤਾਰਾਂ.....
ਸੁਨਹੁ ਬ੍ਰਹਮਾ ਬਿਸਨੁ ਮਹੇਸ ਉਪਾਏ...... ਮਾਰੂ ੧ (1037)

ਸਤੀ, ਸੂਰਬੀਰ, ਮੋਨੀ, ਮੂਰਖ, ਚੋਰ, ਹਰਾਮਖੋਰ, ਪਾਪੀ, ਕੂੜਿਆਰ, ਮਲੇਛ, ਨਿੰਦਕ, ਰਾਕਸ਼ ਅਤੇ ਦੈਂਤਾਂ ਦਾ ਜ਼ਿਕਰ ਕਰਦੇ ਹਨ, ਉਸੇ ਤਰ੍ਹਾਂ ਤਿੰਨ ਮਹਾਨ ਦੇਵਤਿਆਂ ਅਤੇ ਦਸ ਅਵਤਾਰਾਂ ਦੀ, ਬਿਨਾਂ ਕਿਸੇ ਵਿਸ਼ੇਸ਼ਤਾ ਦੇ ਗਿਣਤੀ ਗਿਣਦੇ ਹਨ।[31] ਗੁਰੂ ਅਰਜਨ ਦੇਵ ਅਨੁਸਾਰ ਬ੍ਰਹਮਾਂ ਨੂੰ ਪਰਮਾਤਮਾ ਦਾ ਭੇਰਾ ਗਿਆਨ ਨਹੀਂ ਸੀ, ਅਉਧੂਤ ਸ਼ਿਵਜੀ ਅਤੇ ਦਸ ਅਵਤਾਰ ਵੀ ਪਰਮਾਤਮਾ ਨੂੰ ਜਾਣ ਨਾ ਸਕੇ।[32]

6.3. ਪਾਰਬ੍ਰਹਮ 'ਅਜੂਨੀ' ਹੈ[33] ਪਰ ਸਾਰੇ ਅਵਤਾਰ ਮਾਂ ਦੀ ਕੁੱਖ ਤੋਂ ਹੀ ਜਨਮੇ। ਪਾਰਬ੍ਰਹਮ ਪ੍ਰਮੇਸ਼ੁਰ ਨੂੰ ਇੰਜ ਗਰਭ ਰਾਹੀਂ ਜਨਮ ਦਾ ਦਸਣਾ ਉਸਦੀ ਸਰਬ- ਵਿਆਪਕਤਾ ਉਤੇ ਕਿੰਤੂ ਕਰਨਾ ਹੈ।[34] ਭਗਵਦ ਗੀਤਾ ਅਨੁਸਾਰ ਪਰਮਾਤਮਾ ਵੱਧੇ ਹੋਏ ਪਾਪ ਨੂੰ ਨਿਵਾਰਣ ਲਈ 'ਜਨਮ' ਲੈਂਦਾ ਹੈ ਪਰ ਇਹ ਪਰਮਾਤਮਾ ਦੀ ਸਰਬ-ਸਮਰੱਥਾ ਉਤੇ ਸ਼ੰਕਾ ਪ੍ਰਗੱਟ ਕਰਨਾ ਹੈ। ਉਸਨੂੰ ਵਿਸ਼ੇਸ਼ ਤੌਰ ਤੇ ਵਿਸ਼ੇਸ਼ ਸਥਾਨ ਉਤੇ ਵਿਸ਼ੇਸ਼ ਰੂਪ ਵਿਚ ਆਉਣਾ ਪੈਂਦਾ ਹੈ। ਇਸ ਦਾ ਇਹ ਭਾਵ ਵੀ ਹੋ ਸਕਦਾ ਹੈ ਕਿ ਉਸ ਦਾ ਨਿਯੰਤਰਣ ਉਚਿੱਤ ਨਹੀਂ ਜਿਸ ਵਿਚ ਨੇਕੀ ਅਤੇ ਬਦੀ ਦਾ ਉਲਾਰ ਪੈਦਾ ਹੋ ਜਾਂਦਾ ਹੈ। ਉਸ ਉਲਾਰ ਨੂੰ ਸਮਤੁਲਨ ਵਿਚ ਬਦਲਣ ਲਈ ਪਰਮਾਤਮਾ ਨੂੰ ਵਿਸ਼ੇਸ਼ ਕੋਸ਼ਸ਼ ਕਰਨੀ ਪੈਂਦੀ ਹੈ।[35] ਦਾਸ ਗੁਪਤਾ ਨੇ ਇਸ ਖਿਆਲ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ ਕਿ ਗੀਤਾ ਅਨੁਸਾਰ ਪਰਮ ਪੁਰਸ਼ ਅਦਵੈਤ ਬ੍ਰਹਮ ਜਦੋਂ ਮਨੁੱਖੀ ਸਰੂਪ ਵਿਚ ਸੰਸਾਰ ਵਿਚ ਜਨਮ ਲੈਂਦਾ ਹੈ ਅਤੇ ਮਨੁੱਖੀ ਤਰੀਕੇ ਨਾਲ ਵਰਤਾਰਾ ਕਰਦਾ ਹੈ ਤਾਂ ਜੋ ਦਾਰਸ਼ਨਿਕ ਮੁਸ਼ਕਲਾਂ ਉਤਪੰਨ ਹੁੰਦੀਆਂ ਹਨ, ਭਗਵਦ ਗੀਤਾ ਉਨ੍ਹਾਂ ਤੋਂ ਅਗਿਆਤ ਸੀ। ਦਾਸ ਗੁਪਤਾ ਅਨੁਸਾਰ ਸਭ ਚੰਗਿਆਈ ਅਤੇ ਬੁਰਾਈ ਦਾ ਰੱਬ ਤੋਂ ਹੀ ਨਿਕਾਸ ਹੁੰਦਾ ਹੈ, ਅਤੇ ਜੋ ਅੰਤਿਮ ਸਰੂਪ ਵਿਚ ਕਿਸੇ ਦੀ ਕੋਈ ਸਦਾਚਾਰਕ ਜ਼ੁਮੇਵਾਰੀ ਨਹੀਂ,

---

31. ਜਪੁਜੀ, ਪਉੜੀ 17, 18, 19.

32. ਬੇਦ ਪੜ੍ਹੇ ਪੜਿ ਬ੍ਰਹਮੇ ਹਾਰੇ—
ਦਸ ਅਉਤਾਰ ਹੋਇ ਰਾਜੇ ਵਰੱਤੇ ਮਹਾਂਦੇਵ ਅਉਧੂਤਾ
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ। ਸਹੀ ਪੂ(747)

33. ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ। ਵਾਰ ਮਾਰੂ ਪੂ(1095)

34. ਜਨਮਿ ਨ ਮਰੈ ਨ ਆਵੈ ਨ ਜਾਇ।
ਨਾਨਕ ਕਾ ਪ੍ਰਭ ਰਹਿਓ ਸਮਾਇ। ਭੈ.ਪੂ(1136)

35. G.Parrinder, Op.cit., p.88.

ਅਤੇ ਸੰਸਾਰ ਦੀ ਹਰੇਕ ਵਸਤੂ ਦਾ ਰੱਬ ਵਿਚ ਇਕੋ ਜਿਹਾ ਰੁਤੱਬਾ ਹੈ ਤਾਂ ਵੈਦਿਕ-ਧਰਮ ਵਿਚ ਗੜਬੜ ਪੈਣ ਤੇ ਰੱਬ ਨੂੰ ਆਪਣੇ ਆਪ ਨੂੰ ਮਨੁੱਖੀ ਸਰੂਪ ਵਿਚ ਪ੍ਰਗੱਟ ਕਰਨ ਦੀ ਤਕਲੀਫ ਉਠਾਣ ਦਾ ਕੋਈ ਕਾਰਨ ਨਹੀਂ। 'ਜੇ ਰੱਬ ਸਭ ਨਾਲ ਇਕੋ ਜਿਹਾ ਸਲੂਕ ਕਰਦਾ ਹੈ, ਅਤੇ ਜੇ ਉਹ ਅਸ਼ਾਂਤ ਨਹੀਂ ਹੁੰਦਾ ਤਾਂ ਉਹ ਉਸ ਮਨੁੱਖ ਦੀ ਤਰਫਦਾਰੀ ਕਿਉਂ ਕਰੇ ਜੋ ਉਸ ਨਾਲ ਚਮੜਦਾ ਅਤੇ ਉਸ ਦੀ ਖਾਤਰ ਕਰਮ-ਸਿਧਾਂਤ ਨੂੰ ਛਿੱਕੇ ਟੰਗ ਕੇ ਸੰਸਾਰ ਪ੍ਰਬੰਧ ਨੂੰ ਕਿਉਂ ਛੇੜੇ।'[36]

6.4. ਅਵਤਾਰ ਵਾਦ ਦੇ ਪੱਖ ਵਿਚ ਇਕ ਵਿਚਾਰ ਇਹ ਦਿਤਾ ਜਾਂਦਾ ਹੈ ਕਿ ਕ੍ਰਿਸ਼ਨ-ਵਾਸਦੇਵ ਨੂੰ ਵਿਸ਼ਨੂੰ, ਸ਼ਿਵ, ਬ੍ਰਹਮਾ ਨਾਲ ਇਸ ਲਈ ਅਭੇਦ ਦਸਿਆ ਗਿਆ ਹੈ ਤਾਂਕਿ ਦੇਵਤਿਆਂ ਦੀਆਂ ਜਾਤੀ ਵੰਡੀਆਂ ਮੁੱਕ ਜਾਣ ਅਤੇ ਸਾਰੇ ਅਵਤਾਰਾਂ ਨੂੰ ਇਕ ਵਿਸ਼ਨੂੰ ਦਾ ਰੂਪ ਸਮਝਿਆ ਜਾਵੇ।[37] ਪਰ ਕੀ ਇਸ ਨਾਲ ਜਾਤੀ ਦੇਵਤੇ ਜਾਂ ਉਨ੍ਹਾਂ ਦੇ ਆਪਸੀ ਵਿਰੋਧ ਮੁੱਕ ਗਏ ਹਨ? "ਸ਼ਿਵ, ਕਾਲੀ ਦੁਰਗਾ ਅਤੇ ਹੋਰ ਦੇਵੀ ਦੇਵਤਿਆਂ ਦੇ ਪੂਜਕਾਂ ਨੇ ਵਿਸ਼ਨੂੰ ਅਵਤਾਰਾਂ ਨੂੰ ਆਪਣੇ ਦੇਵਤਿਆਂ ਨਾਲੋਂ ਚੰਗੇਰਾ ਨਹੀਂ ਮੰਨਿਆ ਅਤੇ ਇਸ਼ਟ ਦੀ ਏਕਤਾ ਦੀ ਭਾਵਨਾ ਸਿਰੇ ਨਹੀਂ ਚੜ੍ਹ ਸਕੀ।"[38] ਇਸ਼ਟ ਦੀ ਏਕਤਾ ਦੀ ਭਾਵਨਾ ਅਵਤਾਰ ਸਿਧਾਂਤਾਂ ਰਾਹੀਂ ਨਹੀਂ, ਇਕ ਪਰਮਾਤਮਾ ਦੀ ਆਰਾਧਨਾ ਰਾਹੀਂ ਸਿਰੇ ਚੜ੍ਹ ਸਕਦੀ ਹੈ ਜੋ ਅਜੂਨੀ ਸੈਭੰ ਹੈ, ਜਿਸ ਦਾ ਕੋਈ ਮਾਂ ਬਾਪ, ਰੂਪ ਰੇਖ, ਵਰਨ ਚਿਹਨ ਨਹੀਂ, ਜੋ ਸਭ ਦਾ ਸਾਂਝਾ ਹੈ:

ਨਾ ਤਿਸੁ ਬਾਪੁ ਨਾ ਮਾਇ ਕਿਨਿ ਤੂ ਜਾਇਆ।
ਨਾ ਤਿਸੁ ਰੂਪੁ ਨਾ ਰੇਖ ਵਰਨ ਸਬਾਇਆ। ਮਲਾਰ ੧(1279)

7.1. ਸਾਰੇ ਅਵਤਾਰਾਂ ਵਿਚੋਂ ਰਾਮ ਅਤੇ ਕ੍ਰਿਸ਼ਨ ਸਭ ਤੋਂ ਮਹਾਨ ਅਵਤਾਰ ਮੰਨੇ ਤੇ ਪੂਜੇ ਜਾਂਦੇ ਹਨ। ਗੁਰੂ ਨਾਨਕ ਦੇਵ ਉਨ੍ਹਾਂ ਵਿਸ਼ੇਸ਼ ਘਟਨਾਵਾਂ ਦਾ ਪ੍ਰਸੰਗ ਦਸਦੇ ਹਨ ਜਿਨ੍ਹਾਂ ਕਰਕੇ ਕ੍ਰਿਸ਼ਨ ਨੂੰ ਮਹਾਨ ਅਵਤਾਰ ਕਿਹਾ ਜਾਂਦਾ ਹੈ ਅਤੇ ਨਾਲ ਹੀ ਟਾਕਰੇ ਤੇ ਆਪਣੇ ਇਸ਼ਟ ਅਲਖ ਅਪਾਰ ਅਜੂਨੀ ਸੈਭੰ ਦੀ ਵਡਿਆਈ ਦਸਦੇ ਹਨ। ਗੁਰੂ ਜੀ ਅਨੁਸਾਰ ਜਿਹੜਾ 'ਕਰਤਾ ਪੁਰਖ' ਪਉਣ ਪਾਣੀ ਧਰਤੀ ਦਾ ਸਾਜਣ ਵਾਲਾ ਹੈ, ਉਸ ਦਾ ਕ੍ਰਿਸ਼ਨ ਰੂਪ ਵਿਚ ਅਵਤਾਰ ਧਾਰਕੇ ਰਾਵਣ ਨੂੰ ਮਾਰਨਾ ਕਿਹੜੀ

---

36 S. Dasgupta, A History of Indian Philosophy, 1932, Vol. II, p. 533.

37. History of Philosophy, Eastern and Western, Op. cit., Vol. I, p. 105.

38. Bhai Jodh Singh, Journal of Sikh Satudies, Amritsar, August, 1975, p. 18.

ਵਡਿਆਈ ਵਾਲੀ ਗਲ ਹੈ? ਜਿਸ ਨੇ ਸਾਰੇ ਜੀਅ ਆਪ ਪੈਦਾ ਕੀਤੇ ਅਤੇ ਆਪਣੇ ਹੁਕਮ ਦੇ ਨਿਯੰਤਰਣ ਵਿਚ ਰਖੇ ਹੋਏ ਹਨ, ਉਸ ਦਾ ਕ੍ਰਿਸ਼ਨ ਹੋਕੇ ਕਾਲੀ ਨਾਗ ਨੂੰ ਨੱਥ ਲੈਣਾ ਜਾਂ ਕੰਸ ਨੂੰ ਮਾਰ ਲੈਣਾ ਕੋਈ ਮਹਾਨਤਾ ਨਹੀਂ ਰਖਦਾ।[39] ਗੁਰੂ ਅਰਜਨ ਦੇਵ ਅਨੁਸਾਰ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਸਮਝ ਕੇ ਅਸ਼ਟਮੀ ਵਾਲੇ ਦਿਨ ਉਸ ਦੇ ਜਨਮ ਨੂੰ ਮੰਨਣਾ ਅਤੇ ਉਸਦੀ ਮੂਰਤੀ ਵਿਚ ਸਥਾਪਨਾ ਕਰਕੇ ਲੋਰੀਆਂ ਦੇਣੀਆਂ, ਪਰਦੇ ਕਰਕੇ ਚੋਰੀ ਚੋਰੀ ਠਾਕਰਾਂ ਨੂੰ ਚੂਰੀ ਖਵਾਣੀ ਇਤਿ ਕਿਰਿਆ ਅਗਿਆਨਤਾ ਹੈ, ਕਰੌਂ ਪਣ ਹੈ, ਕਿਉਂਕਿ ਨਾਰਾਇਣ ਜਨਮ ਮਰਣ ਤੋਂ ਰਹਿਤ ਹੈ(ਅਜੂਨੀ); ਉਹ ਜੰਮਦਾ ਮਰਦਾ ਨਹੀਂ ਅਤੇ ਜੂਨਾਂ ਵਿਚ ਨਹੀਂ ਪੈਂਦਾ।[40] ਗੁਰੂ ਅਮਰਦਾਸ ਅਨੁਸਾਰ ਬ੍ਰਹਮਾ ਨੇ ਮਾਇਆ ਮੋਹ ਦਾ ਪਸਾਰਾ ਕੀਤਾ, ਮਹਾਂਦੇਉ ਤਾਮਸੀ ਅਤੇ ਅਹੰਕਾਰੀ ਸੀ, ਅਤੇ ਕ੍ਰਿਸ਼ਨ ਅਵਤਾਰਵਾਦੀ ਹੋਕੇ ਆਪ ਰੱਬ ਬਣ ਬੈਠਾ? ਸੰਸਾਰ ਦਾ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ?[41] ਰਾਮ ਅਵਤਾਰ ਦੇ ਪ੍ਰਸੰਗ ਦਸਦਿਆਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ 'ਰਾਮ' ਇਕ ਸਾਧਾਰਨ ਇਤਿਹਾਸਕ/ਮਿਥਿਹਾਸਕ ਵਿਅਕਤੀ ਸੀ ਜਿਸ ਨੂੰ ਸੀਤਾ ਅਤੇ ਲਛਮਨ ਦੇ ਵਿਛੋੜੇ ਵਿਚ ਦੁਖ ਹੁੰਦਾ ਹੈ ਅਤੇ ਉਹ ਵਿਰਲਾਪ ਕਰਦਾ ਦਸਿਆ ਗਿਆ ਹੈ।[42] ਗੁਰੂ ਤੇਗ ਬਹਾਦਰ ਦੀ ਬਾਣੀ ਵਿਚ 'ਰਾਮ' ਅਤੇ 'ਰਾਵਣ' ਦੇ ਸੰਸਾਰ ਤੋਂ ਚਲੇ ਜਾਣ ਦਾ ਪ੍ਰਸੰਗ ਇਕੋ ਪੰਗਤੀ ਵਿਚ ਦਿਤਾ ਗਿਆ ਹੈ।[43]

7.2. ਗੁਰੂ ਗੋਬਿੰਦ ਸਿੰਘ ਨੇ ਆਪਣੀ ਬਾਣੀ ਵਿਚ ਅਵਤਾਰਵਾਦ ਸਿਧਾਂਤ ਦਾ ਭਰਪੂਰ ਖੰਡਨ ਕੀਤਾ ਹੈ। ਚੌਬੀਸ ਅਵਤਾਰਾਂ ਦੀ ਕੱਥਾ ਦੇ ਆਦਿ ਵਿਚ ਗੁਰੂ ਜੀ ਲਿਖਦੇ ਹਨ ਕਿ ਇਹ ਸਾਰੇ ਅਵਤਾਰ 'ਕਾਲ' ਵਿਚ ਪੈਦਾ ਹੋਇ, ਤਮਾਸ਼ਾ ਕਰਕੇ ਕਾਲ ਵਿਚ ਹੀ ਖੱਪ ਗਏ। ਇਨ੍ਹਾਂ ਨੇ ਪਰਮਾਤਮਾ ਤਾਂ ਕੀ ਹੋਣਾ ਸੀ, ਇਹ ਰੱਬ ਨੂੰ ਤਿਨਕ ਮਾਤਰ ਜਾਣ ਵੀ ਨਾ ਸਕੇ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜਿਹੜੇ ਹਿੰਦੂ ਵਿਚਾਰਧਾਰਾ ਵਿਚ ਪਰਮੇਸ਼ੁਰ ਦੇ ਅਵਤਾਰ ਅਤੇ ਸਰੂਪ ਦੀ ਪਦਵੀ ਰਖਦੇ ਹਨ, ਏਥੇ "ਵਿਚਾਰੇ" ਕਰਕੇ ਸੰਬੋਧਨ ਕੀਤੇ ਗਏ ਹਨ:

---

39. ਪਉਣ ਉਪਾਇ ਧਰੀ ਸਭ ਧਰਤੀ....ਰਾਵਣ ਮਾਰਿ ਕਿਆ ਵਡਾ ਭਇਆ। ਆਸਾ ੧(350)
40. ਸਗਲ ਪਰਾਧ ਦੇਹਿ ਲੋਰੋਨੀ, ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ। ਭੈ.5(1136)
41. ਬ੍ਰਹਮੈ ਬੇਦ ਬਾਣੀ ਪ੍ਰਗਾਸੀ..... ਵਡਹੰਸ 3(559)
42. ਰੋਵੈ ਰਾਮ ਨਿਕਾਲਾ ਭਇਆ ਸੀਤਾ ਲਖਮਣੁ ਵਿਛੜਿ ਗਿਆ। ਰਾਮ. ੧(953)
43. ਰਾਮੁ ਗਇਓ ਰਾਵਨੁ [illegible] ਗਇਓ ਮ.9(1428)

ਅਬ ਚੌਬਿਸ ਉਚਰੌਂ ਅਵਤਾਰਾ, ਜਿਹ ਬਿਧਿ ਤਿਨ ਕਾ ਲਖਾ ਅਖਾਰਾ
ਕਾਲ ਸਭਿਨ ਕਾ ਪੇਖ ਤਮਾਸ਼ਾ, ਅੰਤਹਿ ਕਾਲ ਕਰਤ ਹੈ ਨਾਸ਼ਾ॥
ਜੋ ਚੌਬਿਸ ਅਵਤਾਰ ਕਹਾਏ, ਤਿਨ ਭੀ ਤੁਮ ਪ੍ਰਭ, ਤਨਿਕ ਨ ਪਾਏ॥
ਬ੍ਰਹਮਾਦਿਕ ਸਭ ਹੀ ਪਚਹਾਰੇ, ਬਿਸਨੁ ਮਹੇਸੁਰ ਕਵਨ ਬਿਚਾਰੇ॥

ਵਿਸ਼ੇਸ਼ ਰੂਪ ਵਿਚ ਕ੍ਰਿਸ਼ਨ ਅਤੇ ਰਾਮ ਦੀ ਚਰਚਾ ਕਰਦਿਆਂ ਗੁਰੂ ਗੋਬਿੰਦ ਸਿੰਘ ਲਿਖਦੇ ਹਨ ਕਿ ਜੇ ਕ੍ਰਿਸ਼ਨ ਕ੍ਰਿਪਾਨਿਧ ਪ੍ਰਮਾਤਮਾ ਸਰੂਪ ਹੈ ਤਾਂ ਉਸਨੂੰ ਸ਼ਿਕਾਰੀ ਨੇ ਤੀਰ ਕਿਉਂ ਮਾਰਿਆ? ਦੂਜਿਆਂ ਦੀਆਂ ਕੁਲਾਂ ਉਧਾਰਨ ਵਾਲੇ ਨੇ ਆਪਣੀ ਕੁਲ ਕਿਉਂ ਨਾਸ ਕਰਵਾ ਲਈ? ਜਿਹੜਾ ਪਰਮਾਤਮਾ 'ਅਜੋਨੀ' ਹੈ ਉਹ 'ਦੇਵਕੀ' ਦੀ ਕੁੱਖ ਤੋਂ ਕਿਵੇਂ ਜਨਮ ਲੈ ਸਕਦਾ ਹੈ? ਜਿਸ ਪਰਮਾਤਮਾ ਦਾ ਮਾਤ-ਪਿਤਾ ਨਹੀਂ, ਉਹ ਬਾਸਦੇਵ ਨੂੰ ਆਪਣਾ ਪਿਤਾ ਕਿਵੇਂ ਬਣਾ ਸਕਦਾ ਹੈ?[44] ਇਸ ਤਰ੍ਹਾਂ ਹੀ ਜੇ ਰਾਮ ਅਜੋਨੀ ਹੁੰਦਾ ਤਾਂ ਕੁਸ਼ੱਲਿਆ ਦੀ ਕੁੱਖ ਤੋਂ ਜਨਮ ਕਿਉਂ ਲੈਂਦਾ।

ਜੋ ਕਹੌ ਰਾਮ ਅਜੋਨਿ ਅਜੈ ਅਤਿ ਕਾਹੇ ਕੋ ਕੌਸਲ ਕੁੱਖ ਜਯੋ ਜੂ।

ਸਵਯਾ 13.33.

ਇਸ ਲਈ ਗੁਰੂ ਗੋਬਿੰਦ ਸਿੰਘ ਵੀ 'ਅਜੂਨੀ' ਦੇ ਸੰਕਲਪ ਨੂੰ ਸਪਸ਼ਟ ਕਰਦੇ ਇਕ 'ਕਰਤਾਰ' ਨੂੰ ਮੰਨਣ ਦੀ ਪਰੇਰਨਾ ਕਰਦੇ ਹਨ, ਜੋ ਆਦਿ, ਅਜੋਨਿ, ਅਜੈ ਅਤੇ ਅਬਨਾਸੀ ਹੈ। ਸਾਰੇ ਅਵਤਾਰ, ਦੇਵੀ, ਦੇਵਤੇ, ਰਾਜੇ ਉਸਦੀਆਂ ਕਿਰਤਾਂ ਹਨ। ਕਰਤਾਰ ਨੂੰ ਛੱਡ ਕੇ 'ਕਿਰਤ' ਨੂੰ ਪੂਜਣਾ ਵੱਡੀ ਭੁਲ ਹੈ।[45] ਆਪਣੇ ਸੰਬੰਧੀ ਗੁਰੂ ਜੀ ਨੇ ਕਿਹਾ ਕਿ ਉਹ ਨਾਂ ਰੱਬ ਹਨ, ਨਾ ਰੱਬ ਦਾ ਅਵਤਾਰ, ਸਗੋਂ ਰੱਬ ਦੇ ਨਿਮਾਣੇ ਸੇਵਕ ਹਨ।[46]

7.38 ਗੁਰਮਤਿ ਅਨੁਸਾਰ ਬੇਅੰਤ ਰਚਨਾ ਵਿਚ ਰਾਮ ਅਤੇ ਕ੍ਰਿਸ਼ਨ ਇਕ ਨਹੀਂ, ਬੇਅੰਤ ਰਾਮ ਪਾਰਬ੍ਰਹਮ ਦੀ ਧੂੜੀ ਦੇ ਅਨੇਕਾਂ ਕਣਾਂ ਸਮਾਨ ਹਨ; ਅਨਗਿਣਤ ਕ੍ਰਿਸ਼ਨ ਉਸਦੀ ਰਚਨਾ ਦਾ

---

44. ਕਯੋਂ ਕਹੋ ਕ੍ਰਿਸ਼ਨ ਕ੍ਰਿਪਾ ਨਿਧ ਹੈ ਕਿਹ ਕਾਜ ਤੇ ਬਧੌਕ ਬਣ ਲਗਾਯੋ।
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ।
ਤਾਤ ਨ ਮਾਤ ਕਹੈ ਜਿਹ ਕੋ ਤਿਹ ਕਿਯੋ ਬਸਦੇਵਹਿ ਬਾਪ ਕਹਾਯੋ (33ਸਵੱਯੇ ਪਾ.੧੦, 13,14

45. ਬਿਨ ਕਰਤਾਰ ਨ ਕਿਰ ਤਮ ਮਾਨੋ
ਆਦਿ ਅਜੋਨਿ ਅਜੈ ਅਬਨਾਸੀ ਤਿਹਿ ਪਰਮੇਸਵਰ ਜਾਨੋ। (ਹਜ਼ਾਰੇ, ਪਾ.10)

46. ਜੋ ਹਮ ਕੋ ਪਰਮੇਸਰ ਉਚਰਿ ਹੈ, ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।
ਮੋ ਕੋ ਦਾਸ ਤਵਨ ਕਾ ਜਾਨੋ ਯਾ ਮੈ ਭੇਦੁ ਨ ਰੰਚ ਪਛਾਨੋ। ਬਚਿਤ੍ਰ ਨਾਟਕ 6.32

ਅੰਗ ਹਨ।[47] ਜਿਵੇਂ ਪਉਣ, ਪਾਣੀ, ਅਗਨੀ ਬੇਅੰਤ ਰਚਨਾ ਦਾ ਭਾਗ ਹੈ, ਤਿਵੇਂ ਕਿੰਨੇ ਹੀ ਸ਼ਿਵ, ਕ੍ਰਿਸ਼ਨ ਅਤੇ ਬਰਮੇ ਉਸ ਦੀ ਕਾਰ ਵਿਚ ਰੁਝੇ ਹੋਏ ਹਨ।[48] ਇਸ ਲਈ 'ਕਰਤੇ' ਨੂੰ ਛੱਡ ਕੇ 'ਕਿਰਤ' ਨੂੰ ਪੂਜਣਾ ਉਚਿੱਤ ਨਹੀਂ। ਗੁਰੂ ਗੋਬਿੰਦ ਸਿੰਘ ਨੇ ਵੀ ਰਾਮ ਚੰਦਰ ਅਤੇ ਕ੍ਰਿਸ਼ਨ ਦੇ ਅਨੇਕਾਂ ਅਵਤਾਰਾਂ ਨੂੰ ਜੰਮਦਾ ਮਰਦਾ ਦਸਿਆ ਹੈ।[49] ਗੁਰੂ ਅਰਜਨ ਦੇਵ ਅਨੁਸਾਰ ਸਿਰਫ ਵਿਸ਼ਨੂੰ ਦੇ ਦਸ ਅਵਤਾਰ ਨਹੀਂ, ਕ੍ਰੋੜਾਂ ਅਵਤਾਰ ਜੰਮਦੇ ਮਰਦੇ ਰਹਿੰਦੇ ਹਨ; ਬ੍ਰਹਿਮੰਡ ਵੀ ਕ੍ਰੋੜਾਂ ਹਨ, ਸ਼ਿਵ, ਬ੍ਰਹਮਾ ਵੀ ਕ੍ਰੋੜਾਂ ਹਨ।[50]

7.4. ਗੁਰੂ ਅਮਰਦਾਸ ਅਨੁਸਾਰ ਇਹ ਅਵਤਾਰ ਸਮੇਂ ਸਮੇਂ ਦੇ ਰਾਜੇ ਸਨ ਜਿਵੇਂ ਰਾਮ ਤ੍ਰੇਤਾ ਯੁਗ ਵਿਚ ਅਤੇ ਕ੍ਰਿਸ਼ਨ ਦੁਆਪਰ ਦੇ ਰਾਜੇ ਸਨ ਜਿਨ੍ਹਾਂ ਨੂੰ ਬਾਹਦ ਵਿਚ ਲੋਕਾਂ ਨੇ ਅਵਤਾਰ ਸਥਾਪਨ ਕਰਕੇ ਪੂਜਾ ਸ਼ੁਰੂ ਕਰ ਦਿਤੀ।[51] ਗੁਰਮਤਿ ਅਨੁਸਾਰ ਇਹ ਅਵਤਾਰ ਅਤੇ ਹੋਰ ਕਈ ਅੰਸ਼ ਅਵਤਾਰ ਮਾਇਆ ਦੇ ਅਸਰ ਅਧੀਨ ਆਮ ਰਾਜਿਆਂ ਦੀ ਤਰ੍ਹਾਂ ਦੁਖ ਸੁਖ ਲਈ ਲੜਦੇ ਰਹੇ ਪਰ ਇਨ੍ਹਾਂ ਨੇ ਪਾਰਬ੍ਰਹਮ ਦਾ ਸਰੂਪ ਜਾਂ ਅਵਤਾਰ ਤਾਂ ਕੀ ਹੋਣਾ ਸੀ, ਉਹ ਪਾਰਬ੍ਰਹਮ ਨੂੰ ਜਾਣਦੇ ਵੀ ਨਹੀਂ ਸੀ। ਸ਼ਿਵ ਜੀ ਅਤੇ ਬ੍ਰਹਮਾ ਨੂੰ ਲੋਕ ਰੱਬ ਮੰਨ ਕੇ ਪੂਜਦੇ ਹਨ ਪਰ ਉਹ ਵੀ ਪਰਮਾਤਮਾ ਨੂੰ ਪ੍ਰਾਪਤ ਨਾ ਕਰ ਸਕੇ।[52] ਇਹ ਸਭ ਪਰਮਾਤਮਾ ਦੀਆਂ ਅਨੇਕਾਂ ਕਿਰਤਾਂ ਹਨ, ਅਵਤਾਰ ਨਹੀਂ। ਪਾਰਬ੍ਰਹਮ ਪਰਮੇਸਰ ਬੇਅੰਤ ਹੈ ਜਿਸ ਦੀ ਮਹਿਮਾ ਵੇਦ, ਬ੍ਰਹਮਾ ਅਤੇ ਅਵਤਾਰ ਵੀ ਨਹੀਂ ਜਾਣ ਸਕਦੇ:

ਮਹਿਮਾ ਨ ਜਾਨਹਿ ਬੇਦ। ਬ੍ਰਹਮੇ ਨਹਿ ਜਾਨਹਿ ਭੇਦ।

ਅਵਤਾਰ ਨ ਜਾਨਹਿ ਅੰਤੁ। ਪਰਮੇਸਰ ਪਾਰਬ੍ਰਹਮ ਬੇਅੰਤੁ। ਰਾਮ ੫ (894)

ਗੁਰੂ ਨਾਨਕ ਦੇਵ ਅਨੁਸਾਰ ਸਾਰੇ ਦੇਵ ਦੇਵਤੇ, ਅਵਤਾਰ, ਬ੍ਰਹਮਾ ਇਤਿਆਦ ਸਭ ਜਨਮ-ਮਰਣ ਵਿਚ ਸਨ, ਅਗਿਆਨਤਾ ਵਸ ਸਨ ਅਤੇ ਪਰਮੇਸਰ ਦਾ ਅੰਤ ਨਾ ਪਾ ਸਕੇ।[53]

---

47. ਨਾਨਕ ਨਿਰਭਉ ਨਿਰੰਕਾਰ ਹੋਰ ਕੇਤੇ ਰਾਮ ਰਵਾਲ। ਆਸਾ ੧(464)

48. ਕੇਤੇ ਕਾਨ ਮਹੇਸ। ਜਪ.35.(7).

49. ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ
ਰਾਮ ਚੰਦਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ। ਅਕਾਲ ਉਸਤਤ.7.77.

50. ਕੋਟਿ ਬਿਸਨ ਕੀਨੇ ਅਵਤਾਰ..... ਭੈ.੫ (1156)

51. ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰ ਅਵਤਾਰੀ
ਤਿਨ ਭੀ ਅੰਤ ਨ ਪਾਇਆ ਤਾਕਾ ਕਿਆ ਕਰ ਆਖਿ ਵੀਚਾਰੀ। ਆਸਾ 3(423)

52. ਅੰਸਾ ਅਵਤਾਰ ਉਪਾਇਦਿਓਨੁ ਭਾਉ ਦੂਜਾ ਕੀਤਿਆ।
ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ।
ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨੀ ਨ ਲਹੀਆ। ਗੂ.3(576)

53. ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖ ਕੰਠ ਸਵਾਰਿ
ਤਾਂ ਕੋ ਅੰਤੁ ਨ ਜਾਈ ਲਖਣਾ, ਆਵਤ ਜਾਵਤ ਰਹੈ ਗੁਬਾਰਿ। ਗੂ.੧(489)

8. ਕੇਵਲ ਕਰਤਾਪੁਰਖ, ਅਕਾਲ ਮੂਰਤਿ ਪਾਰਬ੍ਰਹਮ ਪਰਮਾਤਮਾ ਹੀ ਅਜੋਨੀ ਹੈ।[54] ਕੇਵਲ ਕਰਤਾਪੁਰਖ ਹੀ ਕਰਨ-ਕਾਰਨ ਹੈ, ਸਾਰੇ ਕਾਰਣਾ ਦਾ ਕਾਰਨ ਹੈ।[55] ਉਸਦੀ 'ਹਸਤੀ' ਅਤੇ 'ਹੋਂਦ' ਦਾ ਕੋਈ ਹੋਰ ਬਾਹਰੀ ਕਾਰਨ ਨਹੀਂ। ਬਾਕੀ ਸਾਰੇ ਦੇਵੀ ਦੇਵਤੇ, ਅਵਤਾਰ ਕਰਨ-ਕਾਰਨ ਨਹੀਂ। ਉਨ੍ਹਾਂ ਦੇ ਜਨਮ ਦਾ ਕਾਰਨ ਉਨ੍ਹਾਂ ਦੇ ਮਾਤਾ ਪਿਤਾ ਸਨ ਅਤੇ ਉਹ ਸਾਕ ਸੰਬੰਧੀਆਂ ਨਾਲ ਸੰਬੰਧਿਤ ਹੋਕੇ ਕ੍ਰਿਆਸ਼ੀਲ ਹੋਏ ਅਤੇ ਅੰਤ 'ਕਾਲ' ਵਿਚ ਸਮਾ ਗਏ। ਕਰਨ-ਕਾਰਨ ਪਰਮਾਤਮਾ ਦਾ ਕੋਈ ਵਿਸ਼ੇਸ਼ ਮਾਂ ਪਿਉ, ਭੈਣ ਭਰਾ, ਜੋਰੂ ਸਾਕ ਸੰਬੰਧੀ ਕੁਛ ਨਹੀ ਹੁੰਦਾ।[56] ਗੁਰਮਤਿ ਵਿਧਾਨ ਅਨੁਸਾਰ 'ਅਜੂਨੀ' ਪਰਮਾਤਮਾ ਨਿਰਗੁਣ ਸਰਗੁਣ ਦੋਵੇਂ ਹੈ। ਉਹ ਸਾਰੀ ਰਚਨਾ ਵਿਚ ਵਿਆਪਕ ਹੈ। ਉਸਨੇ ਕੁਦਰੱਤ ਨੂੰ ਸਾਜ ਕੇ ਆਪਣਾ ਆਸਣ ਕੁਦਰੱਤ ਵਿਚ ਜਮਾ ਲਿਆ,[57] ਉਹ ਸਰਬ-ਵਿਆਪਕ ਹੈ, ਸਰਬ-ਭਰਪੂਰ ਹੈ, ਉਸਦਾ ਜ਼ਹੂਰ ਅੰਦਰ ਬਾਹਰ ਹਰ ਥਾਂ ਵੇਖਿਆ ਜਾ ਸਕਦਾ ਹੈ, ਉਸਦਾ ਪ੍ਰਕਾਸ਼ ਕੁਦਰਤ ਵਿਚ ਦਿਸਦਾ ਹੈ, ਉਸ ਦਾ 'ਅਨਹਦ-ਨਾਦ' ਕੁਦਰੱਤ ਵਿਚ ਸੁਣਾਈ ਦਿੰਦਾ ਹੈ,[58] ਉਹ ਆਪ ਕੁਦਰੱਤ ਵਿਚ ਵਸ ਰਿਹਾ ਹੈ।[59] ਇਸ ਲਈ ਉਸਨੂੰ ਵਿਸ਼ੇਸ਼ ਅਵਤਾਰ ਰਾਹੀਂ ਜਨਮ ਲੈਣ ਦੀ ਲੋੜ ਨਹੀਂ। ਗੁਰਮਤਿ ਦਾ 'ਅਜੋਨੀ' ਹਰੇਕ ਹਿਰਦੇ ਵਿਚ ਵਿਆਪਕ ਹੈ।[60] ਇਸ ਲਈ ਉਸਨੂੰ ਸੰਸਾਰ ਵਿਚ ਆਉਣ ਲਈ ਵਿਸ਼ੇਸ਼ ਮਨੁੱਖ ਦਾ ਰੂਪ ਧਾਰਨ ਕਰਨ ਦੀ ਲੋੜ ਨਹੀਂ। ਉਹ ਅਜਨਮੇ ਰੂਪ ਵਿਚ ਹੀ ਸਾਰੀ ਸ੍ਰਿਸ਼ਟੀ ਦੀ ਪਾਲਨਾ ਕਰ ਰਿਹਾ ਹੈ ਅਤੇ ਸਰਬ ਸਮਰੱਥ ਹੈ, ਸੰਪੂਰਨ ਹੈ।[61] ਉਸਦੇ ਨਿਯੰਤਰਣ ਵਿਚ ਕੋਈ ਉਲਾਰ ਪੈਦਾ ਨਹੀਂ ਹੁੰਦਾ ਜਿਸ ਨੂੰ ਸਮਤੁਲਨ ਕਰਨ ਲਈ ਉਸਨੂੰ ਅਵਤਾਰ ਧਾਰਣਾ ਪਵੇ ਅਤੇ ਜਨਮ ਲੈਣਾ ਪਵੇ। ਉਸਦੇ ਸਰੂਪ ਨੂੰ ਮਨੁੱਖੀ ਹਿਰਦੇ ਵਿਚ ਅਤੇ ਸਰਬੱਤ ਕੁਦੱਰਤ ਵਿਚ ਵੇਖਿਆ ਜਾ ਸਕਦਾ ਹੈ:

---

54. ਸੁਰਿ ਨਰ ਨਾਥ ਬੇਅੰਤ ਅਜੋਨੀ ਮੂ.੧(489)
55. ਤੂ ਸਮਰਥ ਕਾਰਨ ਕਰਨ ਬਿ. (118)
56. ਸੋਰਠ.੧ (597)
57. ਦੁਯੀ ਕੁਦਰਤਿ ਸਾਜੀਐ ਕਰ ਆਸਣੁ ਡਿਠੋ ਚਾਉ ਆਸਾ ੧(463)
58. ਕੁਦਰਤਿ ਦਿਸੈ ਕੁਦਰਤਿ ਸੁਣੀਐ ਆਸਾ ੧(464)
59. ਬਲਿਹਾਰੀ ਕੁਦਰਤਿ ਵਸਿਆ ਆਸਾ ੧(469)
60. ਸੋ ਬ੍ਰਹਮ ਅਜੋਨੀ ਹੈ ਭੀ ਹੋਨੀ, ਘਟ ਭੀਤਰ ਦੇਖ ਮੁਰਾਰੀ ਜੀਉ। ਸੋਰਠ ੧(598)
61. ਧਨੁ ਧਰਣੀਧਰ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥ ਰਾਮ.ਓਅੰਕਾਰ ਮ.੧(930)

ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ
ਤੂ ਹੁਕਮੀ ਸਾਜਹਿ ਸ੍ਰਿਸ਼ਟਿ ਸਾਜਿ ਸਮਾਵਹੀ।
ਤੇਰਾ ਰੂਪ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ।
ਤੂ ਸਭ ਮਹਿ ਵਰਤੈ ਆਪਿ ਕੁਦਰਤ ਦੇਖਾਵਹੀ। ਮਾਰੂ ੫ (1095)

9.1. <u>ਸੈਭੰ</u>

ਸੈਭੰ ਸ਼ਬਦ ਦਾ ਅਰੱਥ ਦੋ ਭਾਂਤ ਕੀਤਾ ਜਾਂਦਾ ਹੈ। 'ਸੈ' ਤਾਂ ਨਿਰਸੰਦੇਹ 'ਸਵੈ' ਦਾ ਸੰਖਿਪਤ ਹੈ, ਜਿਸ ਦਾ ਭਾਵ ਹੈ, 'ਆਪਣੇ ਆਪ'। 'ਭੰ' ਨੂੰ 'ਭਾ' ਤੁਲ ਮੰਨਿਆ ਜਾਵੇ, ਤਾਂ 'ਭਾ' ਦਾ ਅਰਥ 'ਪ੍ਰਕਾਸ਼' ਹੁੰਦਾ ਹੈ। ਵੈਦਿਨ ਮੁਨੀ ਸਵਾਮੀ ਹਰੀ ਪ੍ਰਸਾਦ ਅਨੁਸਾਰ 'ਸਯੰਭਾ' ਦਾ ਪਰਿਭਾਸ਼ਕ ਉਚਾਰਣ ਸਯੰਭੰ(ਸੈਭੰ) ਹੈ। ਪਰਕਾਸ਼ ਦਾ ਨਾਮ 'ਭਾ' ਅਤੇ ਆਪਣੇ ਆਪ ਨੂੰ 'ਸਵਯਮ' ਕਹਿੰਦੇ ਹਨ। ਸਵਯੰਭਾ ਦਾ ਅਰਥ ਆਪਣੇ ਆਪ ਪ੍ਰਕਾਸ਼ਣ ਵਾਲਾ ਅਰਥਾਤ ਸਵੈਯ-ਪ੍ਰਕਾਸ਼ ਅਥਵਾ ਸਵਪਰਕਾਸ਼ ਯਾ ਖ਼ੁਦ-ਰੌਸ਼ਨ ਹੈ। ਸਯੰਭਾ ਅਤੇ ਸਯੰਭੰ ਦਾ ਅਰਥ ਵੀ ਇਹੀ ਹੈ ਅਰਥਾਤ ਸਵਪ੍ਰਕਾਸ਼ ਜਾਂ ਪਰਕਾਸ਼ ਸਰੂਪ।[62] ਛੰਦੋਗ ਉਪਨਿਸ਼ਦ(3.14.2) ਵਿਚ ਈਸ਼ਵਰ ਨੂੰ 'ਭਾ-ਰੂਪ' ਅਰਥਾਤ ਪਰਕਾਸ਼-ਸਰੂਪ ਕਿਹਾ ਹੈ। ਗੀਤਾ(10-11) ਵਿਚ ਉਸਨੂੰ ਪ੍ਰਕਾਸ਼-ਸਰੂਪ ਕਿਹਾ ਹੈ ਪਰ ਨਾਲ ਹੀ ਅਵਤਾਰ ਵਾਦ ਦਾ ਸਿਧਾਂਤ ਵੀ ਪੇਸ਼ ਕੀਤਾ ਹੈ।

9.2. 'ਭੰ' ਨੂੰ 'ਭੂ' ਤੁਲ ਮੰਨਿਆ ਜਾਵੇ ਤਾਂ 'ਸੈ ਭੰ' ਦਾ ਸੰਸਕ੍ਰਿਤ ਰੂਪ 'ਸਵਯਭੂ' ਹੈ ਜਿਸ ਦੇ ਸ਼ਬਦਾਰਥ ਕੋਸਤੁਭ ਅਨੁਸਾਰ ਨਿਮਨਲਿਖਿਤ ਅਰੱਥ ਹੋ ਸਕਦੇ ਹਨ: (ੳ) ਆਪਣੇ ਆਪ, ਆਪਣੀ ਇੱਛਾ ਨਾਲ (ਅ) ਆਪਣੇ ਆਪ ਪੈਦਾ ਕੀਤ ਹੋਇਆ, ਆਪਣੇ ਆਪ ਦਿਤਾ ਹੋਇਆ ਬਿਆਨ, ਸੂਚਨਾ ਜਾਂ ਇਤਲਾਹ (ੲ) ਸਵੈ-ਇਛਾ ਪ੍ਰਸੂਤ, ਆਪਣੇ ਆਪ ਉਤਪੰਨ।[63] ਰਾਮ ਚੰਦਰ ਵਰਮਾ ਅਨੁਸਾਰ ਸੰਸਕ੍ਰਿਤ ਵਿਚ 'ਭੂ' ਦਾ ਅਰਥ 'ਹੋਣਾ' ਹੈ ਅਤੇ 'ਭੂ' ਸ਼ਬਦ ਦਾ ਪ੍ਰਯੋਗ ਬ੍ਰਹਮਾ, ਸ਼ਿਵ, ਕਾਲ ਅਤੇ ਕਾਮਦੇਵ ਲਈ ਹੁੰਦਾ ਰਿਹਾ ਹੈ।[64] ਗੁਰਬਾਣੀ ਵਿਚ 'ਸੈਭੰ' [illegible] 'ਸਵਯੰਭੂ' ਦੇ ਭਾਵ ਵਿਚ 'ਅਕਾਲ ਮੂਰਤਿ' ਲਈ ਵਰਤਿਆ ਗਿਆ ਹੈ। ਕਿਸੇ ਵੀ ਪ੍ਰਸੰਗ ਵਿਚ ਇਸਦਾ ਪ੍ਰਯੋਗ ਬ੍ਰਹਮਾ, ਸ਼ਿਵ, ਕਾਲ ਆਦਿ ਲਈ ਨਹੀਂ ਹੋਇਆ ਕਿਉਂਕਿ ਗੁਰਮਤਿ ਅਨੁਸਾਰ ਇਨ੍ਹਾਂ

---

62. ਜਪ-ਸੰਹਿਤਾ, ਪੰਨਾ 79
63. ਚਤੁਰ ਵੇਦੀ ਦਵਾਰਕਾ ਪ੍ਰਸਾਦ ਸ਼ਰਮਾ, ਸੰਸਕ੍ਰਿਤ ਸ਼ਬਦਾਰਥ-ਕੌਸਤੁਭ, ਪੰਨਾ 965.
64. ਸੰਸਕ੍ਰਿਤ ਹਿੰਦੀ ਸ਼ਬਦ-ਸਾਗਰ, ਕਾਂਸ਼ੀ: ਨਾਗਰੀ ਪਰਚਾਰਨੀ ਸਭਾ, 1971, ਪੰਨਾ 1047.

ਦੀ ਹੋਂਦ ਕਾਰਣ-ਰਹਿਤ ਨਹੀਂ; ਇਹ 'ਕਿਰਤ' ਹਨ, ਜਨਮ-ਮਰਣ ਅਤੇ ਆਦਿ-ਅੰਤ ਵਾਲੇ ਹਨ; ਇਸ ਲਈ ਸੈਭੰ ਜਾਂ ਸਵਯੰਭੂ ਦਾ ਪ੍ਰਯੋਗ ਕੇਵਲ ਪਾਰਬ੍ਰਹਮ ਪਰਮਾਤਮਾ ਲਈ ਹੀ ਹੋ ਸਕਦਾ ਹੈ।

9.3. ਈਸ਼(7,8) ਅਨੁਸਾਰ ਪਰਮਾਤਮਾ ਸਵੈ-ਇੱਛਾ ਨਾਲ ਪ੍ਰਗੱਟ ਹੁੰਦਾ ਹੈ। ਬ੍ਰਿਹਦਾਰਣਯਕ (2.6.3) ਕਠ ਉਪਨਿਸ਼ਦ(2.1.1) ਵਿਚ ਬ੍ਰਹਮ ਲਈ ਸਵਯੰਭੂ ( स्वयम्भू: ) ਸ਼ਬਦ 'ਸਵੈ-ਉਤਪੰਨ' ਦੇ ਭਾਵਾਂ ਵਿਚ ਵਰਤਿਆ ਗਿਆ ਹੈ। ਬ੍ਰਹਮ ਸੂਤਰ(2.3.9) ਵਿਚ ਕਿਹਾ ਗਿਆ ਹੈ ਕਿ ਉਹ ਆਪਣੇ ਆਪ ਤੋਂ ਹੈ, ਉਸ ਦਾ ਕਿਸੇ ਹੋਰ ਮਾਧਿਅਮ (ਯੋਨੀ) ਤੋਂ ਜਨਮ ਅਸੰਭਵ ਹੈ। ਤੈਤ੍ਰੀਯ ਉਪਨਿਸ਼ਦ(2.6.1) ਵਿਚ ਕਿਹਾ ਹੈ ਕਿ ਉਹ ਆਪਣੇ ਆਪ ਤੋਂ ਉਤਪੰਨ ਹੋਇਆ।

9.4. ਸਿਖ ਵਿਦਵਾਨਾਂ ਨੇ 'ਸੈਭੰ' ਦੇ ਦੋਵੇਂ ਅਰੱਥ ਕੀਤੇ ਹਨ— ਆਪਣੇ ਆਪ ਤੋਂ ਉਤਪੰਨ ਹੋਣ ਵਾਲਾ ਅਤੇ ਸਵੈ-ਪ੍ਰਕਾਸ਼ਮਾਨ ਜਾਂ ਸੁਤੇ ਪ੍ਰਕਾਸ਼।

(ੳ) ਭਾਈ ਕਾਨ੍ਹ ਸਿੰਘ ਅਨੁਸਾਰ ਸੈਭੰ ਸੰਸਕ੍ਰਿਤ ਸ਼ਬਦ 'ਸਵਯੰਭਵ' ਜਾਂ 'ਸਵਯੰਭੂ' ਤੋਂ ਬਣਿਆ ਹੈ ਜਿਸ ਦਾ ਭਾਵ ਹੈ ਆਪਣੇ ਆਪ ਹੋਣ ਵਾਲਾ, ਜੋ ਕਿਸੇ ਤੋਂ ਨਹੀਂ ਬਣਿਆ।[65] ਪ੍ਰਿੰਸੀਪਲ ਤੇਜਾ ਸਿੰਘ (ਸ਼ਬਦਾਰਥ ਪੰਨਾ 1), ਜਸਟਿਸ ਤੇਜਾ ਸਿੰਘ(ਜਪੁ-ਵਿਆਖਿਆ, ਪੰਨਾ 56) ਪੰਡਿਤ ਕਰਤਾਰ ਸਿੰਘ ਦਾਖਾ(ਸ੍ਰੀ ਜਪੁ-ਨਿਸਾਣ, ਪੰਨਾ 15), ਸੰਤ ਵਿਨੋਬਾ ਭਾਵੇ(ਜਪੁਜੀ, ਪੰਨਾ 33) ਸ.ਸੋਹਣ ਸਿੰਘ,[66] ਡਾ: ਸੁਰਿੰਦਰ ਸਿੰਘ ਕੋਹਲੀ,[67] ਜਸਟਿਸ ਹਰਨਾਮ ਸਿੰਘ,[68] ਗੁਰਬਚਨ ਸਿੰਘ ਤਾਲਿਬ[69] ਅਤੇ ਹੋਰ ਅਨੇਕਾਂ ਵਿਦਵਾਨਾਂ ਨੇ ਸੈਭੰ ਨੂੰ ਸਵਯੰਭੂ ਦਾ ਰੂਪਾਂਤਰ ਮੰਨ ਕੇ ਇਹੋ ਅਰਥ ਕੀਤੇ ਹਨ। ਤਾਲਿਬ ਅਨੁਸਾਰ 'ਸੈਭੰ' ਦਾ ਅਰਥ ਸਵੈ-ਪ੍ਰਕਾਸ਼ਮਾਨ ਕਰਨਾ ਉਚਿੱਤ ਨਹੀਂ। ਮੈਕਲੋਡ[70] ਅਨੁਸਾਰ ਸੈਭੰ ਵਿਚ ਇਹ ਖਿਆਲ ਪ੍ਰਗੱਟ ਕੀਤਾ ਗਿਆ ਹੈ ਕਿ ਪਰਮਾਤਮਾ ਸਵੈ-ਸਮਰੱਥ ਅਤੇ ਪੂਰਨ ਹੈ ਜਿਸ ਨੇ ਆਪਣੇ ਆਪ ਨੂੰ ਆਪ ਪੈਦਾ ਕੀਤਾ।

(ਅ) ਪੰਡਿਤ ਸਾਧੂ ਸਿੰਘ ਨੇ 'ਸੈਭੰ' ਦਾ ਅਰਥ ਕੀਤਾ ਹੈ—ਜੋ ਅੰਤਹਕਰਣ ਵਿਚ ਭੰ (ਪ੍ਰਕਾਸ਼) ਰੂਪ ਹੈ।[71] ਭਾਈ ਵੀਰ ਸਿੰਘ ਨੇ ਵੀ 'ਸੈਭੰ' ਨੂੰ ਸੰਸਕ੍ਰਿਤ ਸਵਯੰ ਦਾ ਪੰਜਾਬੀ

---

65. ਮਹਾਨ ਕੋਸ਼, ਪੰਨਾ 230
66. Journal of Sikh Studies, Amritsar, Aug., 1974, p.16.
67. Philosophy of Guru Nanak, p.27.
68. The Japji, New Delhi, 1957, p.9.
69. Japuji, op. cit., pp.81-82.
70. Mc-leod, Guru Nanak and Sikh Religion, p.169.
71. ਹਵਾਲਾ, ਮਹਾਨ ਕੋਸ਼, ਪੰਨਾ 230

ਰੂਪ ਦਸਕੇ ਅਰਥ ਕੀਤੇ ਹਨ, "ਆਪਣੇ ਆਪ ਹੀ ਪ੍ਰਕਾਸ਼ ਸਰੂਪ ਹੈ, ਅਰਥਾਤ ਜਯੋਤੀ ਸਰੂਪ ਹੈ ਪਰ ਆਪਣੇ ਆਪ। ਕੋਈ ਹੋਰ ਪ੍ਰਕਾਸ਼ ਉਸ ਨੂੰ ਪ੍ਰਕਾਸ਼ਣੇ ਵਾਲਾ ਨਹੀਂ ਹੈ, ਸਗੋਂ ਸਭ ਨੂੰ ਪ੍ਰਕਾਸ਼ਣੇ ਵਾਲਾ ਉਹ ਆਪ ਹੈ।" ਇਸ ਦੀ ਵਿਆਖਿਆ ਵਿਚ ਉਹ ਲਿਖਦੇ ਹਨ, "ਪਰਮੇਸ਼ਰ ਨੂੰ ਜਯੋਤਿ ਸਰੂਪ, ਸੈਭੰ ਕਹਿਣੇ ਤੋਂ ਭਾਵ ਹੈ ਕਿ ਉਹ ਚੇਤਨ ਹੈ ਅਰ ਉਸ ਦੀ ਚੇਤਨਤਾ ਆਪਣੇ ਆਪ ਹੈ, ਕਿਸੇ ਹੋਰ ਆਧਾਰ ਤੇ ਨਹੀਂ।[72] ਭਾਈ ਜੋਧ ਸਿੰਘ ਅਨੁਸਾਰ ਸੈਭੰ ਦਾ ਭਾਵ 'ਸੁਤੇ ਪ੍ਰਕਾਸ਼' ਹੈ।[73] ਡਾਕਟਰ ਤਾਰਨ ਸਿੰਘ ਅਨੁਸਾਰ ਸੈਭੰ ਵਿਚ ਇਹ ਖਿਆਲ ਪ੍ਰਗਟ ਕੀਤਾ ਗਿਆ ਹੈ ਕਿ ਵਾਹਿਗੁਰੂ ਕਿਸੇ ਹੋਰ ਤੇ ਆਧਾਰਤ ਨਹੀਂ, ਪਰ ਪਰਗਟ ਸਰੂਪ ਹੈ।[74]

10.1. 'ਆਪਣੇ ਆਪ ਤੋਂ ਵਿਦਮਾਨ' ਅਤੇ ਸਵੈ-ਪ੍ਰਕਾਸ਼ਮਾਨ ਵਿਚ ਕੋਈ ਵਿਰੋਧਾਭਾਸ ਨਹੀਂ। ਦੋਵੇਂ ਇਕੋ ਭਾਵ ਨੂੰ ਹੀ ਪ੍ਰਗੱਟ ਕਰਦੇ ਹਨ ਅਤੇ ਕਈ ਟੀਕਾਕਾਰਾਂ ਨੇ 'ਸੈਭੰ' ਦੇ ਦੋਵੇਂ ਹੀ ਅਰੱਥ ਦਿਤੇ ਹਨ। ਪੁਰਾਤਨ ਟੀਕਾਕਾਰ ਗਿਆਨੀ ਉੱਤਮ ਸਿੰਘ ਅਨੁਸਾਰ, "ਸੈਂਭੂ ਕੋ ਸੈਭੰ ਪਾਠ ਹੈ। ਆਪ ਹੀ ਤੇ ਜੋ ਭਯੇ ਹੋਇ। ਸੋ ਸੈਭੰ ਹੈ ਕਿਆ ਸੁਤੇ ਪ੍ਰਕਾਸ ਹੈ। ਕਿਸੀ ਕੀ ਸਹਾਇਤਾ ਕੋ ਨਹੀਂ ਚਾਹਤਾ। ਆਪੇ ਆਪ ਹੈ।"[75] ਗੁਰਬਾਣੀ ਵਿਆਕਰਣ ਵਿਸ਼ੇਸ਼ੱਗ ਪ੍ਰੋ: ਸਾਹਿਬ ਸਿੰਘ ਅਨੁਸਾਰ 'ਸੈਭੰ' (ਸਵਯੰਭੂ) ਦੇ ਅਰੱਥ ਹਨ: "ਆਪਣੇ ਆਪ ਤੋਂ ਹੋਣ ਵਾਲਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ।"[76] ਸੁਰਦ ਚੰਦਰ ਵਰਮਾ ਅਨੁਸਾਰ ਵੀ 'ਸੈਭੰ' ਦੇ ਭਾਵ ਆਪਣੇ ਆਪ ਤੋਂ, ਕਾਰਣ-ਰਹਿਤ, ਸਵੈ-ਪ੍ਰਕਾਸ਼ਮਾਨ ਹਨ।[77] ਡੌਸਨ ਨੇ ਵੀ 'ਸਵਯੰਭੂ' ਦੇ ਦੋਵੇਂ ਅਰੱਥ ਕੀਤੇ ਹਨ।[78] ਡਾਕਟਰ ਸ਼ੇਰ ਸਿੰਘ ਅਨੁਸਾਰ 'ਸਵਭੂ ਤੇ ਸਵਭੰ ਦੋਵੇਂ ਤਰ੍ਹਾਂ ਹੀ ਰਿਗਵੇਦ, ਉਪਨਿਸ਼ਦਾਂ ਆਦਿ ਵਿਚ ਆਇਆ ਹੈ। ਆਪਣੇ ਆਪ ਤੋਂ ਪ੍ਰਗੱਟ ਅਤੇ ਸੁਤੇ ਪ੍ਰਕਾਸ਼।'[79] ਨਿਰਸੰਦੇਹ 'ਸੈਭੰ' ਸੰਸਕ੍ਰਿਤ ਦੇ ਸ਼ਬਦ 'ਸਵਯੰਭੂ'

---

72. ਸੰਥਯਾ, ਪੋਥੀ ੧, ਪੰਨਾ 30.
73. ਗੁਰੂ ਨਾਨਕ ਬਾਣੀ, ਪੰਨਾ 17.
74. ਜਪੁ: ਦਰਸ਼ਨ ਦੀਦਾਰ, ਪੰਨਾ 25.
75. ਗੁਰੂ ਕੰਭੈਰਾ ਜਪੁ, ਪੰਨਾ 13.
76. ਜਪੁਜੀ ਸਟੀਕ, ਪੰਨਾ 42.
77. Guru Nanak and the Logos of Divine Manifestation, p. 381.
78. Dowson, Op cit., p. 314.
79. ਜਪੁਜੀ ਦਰਸ਼ਨ, ਪੰਨਾ 86.

ਦਾ ਹੀ ਰੂਪਾਂਤਰ ਹੈ ਜਿਸ ਨੂੰ ਗੁਰਬਾਣੀ ਵਿਚ 'ਅਜੂਨੀ' ਦੇ ਪੂਰਕ ਵਜੋਂ ਵਰਤਿਆ ਗਿਆ ਹੈ। ਜਿਹੜਾ ਪਰਮਾਤਮਾ 'ਅਕਾਲ ਮੂਰਤਿ' ਅਤੇ 'ਅਜੂਨੀ' ਹੈ, ਮੂਰਤੀ ਵਿਚ ਸਥਾਪਨ ਨਹੀਂ ਹੁੰਦਾ, ਅਵਤਾਰ ਰਾਹੀਂ ਪ੍ਰਗੱਟ ਨਹੀਂ ਹੁੰਦਾ; ਬਿਨਾ ਕਿਸੇ ਆਦਿ ਕਾਰਨ ਤੋਂ ਹੈ, ਉਹ ਹੋਂਦ ਵਿਚ ਕਿਵੇਂ ਆਉਂਦਾ ਹੈ? ਇਸ ਦਾ ਉੱਤਰ 'ਸੈਭੰ' ਹੈ ਅਰਥਾਤ 'ਉਹ ਆਪਣੇ ਆਪ ਤੋਂ ਉਤਪੰਨ ਹੋਇਆ, ਆਪਣਾ ਕਾਰਨ ਆਪ ਹੈ', ਸਵੈ-ਪ੍ਰਗੱਟ ਹੈ; ਉਹ ਸਵੈ-ਸੰਪੂਰਨ ਹੈ, ਕਿਸੇ ਬਾਹਰੀ ਕਾਰਨ ਉਤੇ ਨਿਰਭਰ ਨਹੀਂ; ਸਵੈ-ਸਮਰੱਥ ਹੈ, ਆਪਣੇ ਆਪ ਨੂੰ ਆਪ ਸਾਜਦਾ ਹੈ ਅਤੇ ਬਿਨਾ ਅਵਤਾਰ ਧਾਰੇ ਸੰਸਾਰ ਨੂੰ ਨਿਯੰਤਰਣ ਵਿਚ ਰਖਦਾ ਹੈ। ਉਹ ਸਾਰੀ ਰਚਨਾ ਦਾ ਪਰਮ-ਕਾਰਣ (
ਹੈ ਪਰ ਆਪ ਕਾਰਣ-ਰਹਿਤ ਹੈ। ਉਹ ਸਵੈ-ਸਥਿਤ, ਸਵੈ-ਪ੍ਰਕਾਸ਼ਮਾਨ ਪਰਮ-ਜੋਤਿ ਵੀ ਹੈ ਜਿਸ ਦੀ ਚੇਤਨਤਾ ਦਾ ਚਾਨਣ ਸਰਬ-ਵਿਦਮਾਨ ਹੈ। ਸਾਰੀ ਚੇਤਨਤਾ ਇਸ ਪਰਮ-ਚੇਤਨਤਾ ਤੇ ਨਿਰਭਰ ਹੈ ਜੋ ਸਵੈ-ਨਿਰਭਰ, ਸਵੈ-ਆਸਰਿਤ ਅਤੇ ਸੁਤੰਤਰ ਅਤੇ ਸੰਪੂਰਨ ਹੈ।

10.2. ਗੁਰਬਾਣੀ ਵਿਚ 'ਸੈਭੰ' ਨੂੰ ਸੰਭੋ, ਸੰਭਉ, ਸੰਭਵਿਆਉ ਸੰਭਓ ਆਦਿ ਕਈ ਰੂਪਾਂ ਵਿਚ ਵਰਤਿਆ ਗਿਆ ਹੈ। ਬਹੁਤ ਥਾਂਈਂ ਅਜੂਨੀ ਸੈਭੰ ਦਾ ਇਕਠਾ ਪ੍ਰਯੋਗ ਵੀ ਹੋਇਆ ਹੈ ਜਿਸ ਤੋਂ ਸਿਧ ਹੁੰਦਾ ਹੈ ਕਿ ਅਜੂਨੀ ਦਾ ਭਾਵ ਹੀ ਸੈਭੰ ਵਿਚ ਪ੍ਰਗੱਟ ਕੀਤਾ ਜਾ ਰਿਹਾ ਹੈ। ਕਈ ਥਾਂਈਂ 'ਅਕਾਲ ਮੂਰਤਿ ਅਜੂਨੀ ਸੈਭੰ' ਪਾਠ ਇਕਠਾ ਇਕੋ ਪੰਗਤੀ ਵਿਚ ਆਇਆ ਹੈ ਜਿਸ ਦਾ ਭਾਵ ਹੈ ਕਿ ਪਰਮਾਤਮਾ ਦੀ ਹਸਤੀ ਅਕਾਰ-ਰਹਿਤ ਅਤੇ ਕਾਲ-ਰਹਿਤ(ਅਕਾਲ ਮੂਰਤਿ) ਹੈ; ਉਸ ਦੇ ਜਨਮ ਦਾ ਕੋਈ ਕਾਰਨ ਨਹੀਂ, ਉਹ ਅਜੂਨੀ ਹੈ। ਉਸ ਦੀ ਉਤਪਤੀ ਦਾ ਕਾਰਨ ਉਹ ਆਪ ਹੈ, ਉਹ ਆਪਣੇ ਆਪ ਤੋਂ ਆਪ ਹੋਂਦ ਵਿਚ ਆਉਂਦਾ ਹੈ।[80]

10.3. ਗੁਰੂ ਗੋਬਿੰਦ ਸਿੰਘ ਨੇ ਸੈਭੰ ਨੂੰ 'ਸੁਯੰਭਵ' ਰੂਪ ਵਿਚ ਵਰਤਿਆ ਹੈ ਅਤੇ ਇਹ ਭਾਵ ਪ੍ਰਗੱਟ ਕੀਤੇ ਹਨ ਕਿ ਉਸ ਸਵੈ-ਪ੍ਰਕਾਸ਼ਮਾਨ 'ਸੁਯੰਭਵ' ਨੇ ਆਪਣੇ ਪ੍ਰਕਾਸ਼ ਤੋਂ ਹੀ ਸਾਰੇ ਵਿਸ਼ਵ ਦੀ ਉਤਪੱਤੀ ਕੀਤੀ ਹੈ। ਉਹ ਸਰਬ-ਸਮਰੱਥ ਆਪ ਹੀ ਬਣਾਉਣ ਵਾਲਾ, ਪਾਲਨਾ ਕਰਨ ਵਾਲਾ ਅਤੇ ਢਾਹੁਣ ਵਾਲਾ ਹੈ:

---

80. ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ। ਰਾਮ ੫ (916)
ਆਪ ਅਤੀਤ ਅਜੋਨੀ ਸੰਭਉ ਮਾਰੂ ੧(1042)
ਅਮੋਘ ਦਰਸਨ ਆਜੂਨੀ ਸੰਭਉ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ। ਮਾਰੂ ੫ (1 082)
ਅਕਾਲ ਮੂਰਤਿ ਅਜੂਨੀ ਸੰਭੌ। ਮਾਝ ੫ (99).

(ੲ) ਸਰਬ ਬਿਸਵ ਰਚਿਓ ਸੁਯੰਭਵ ਗੜਨ ਭੰਜਨਹਾਰ। ਜਾਪ.83.

(ਅ) ਸੁਯੰਭਵ ਸੁਭੈ ਸਰਬ ਦਾ ਸਰਬ ਜੁਗਤੇ । ਜਾਪ.99.

ਜਾਪ ਸਾਹਿਬ ਵਿਚ ਸਵੈ-ਪ੍ਰਕਾਸ਼ਮਾਨ(ਸੁਯੰਭਵ) ਹਸਤੀ ਨੂੰ ਪ੍ਰਕਾਸ਼ਾਂ ਦਾ ਪ੍ਰਕਾਸ਼ (ਨਮੋ ਭਾਨ ਭਾਨੇ), ਨਾ ਨਾਸ ਹੋਣ ਵਾਲਾ ਪ੍ਰਕਾਸ਼(ਅਨਾਸ ਹੈ, ਪ੍ਰਕਾਸ਼ ਹੈ), 'ਅਚਲੰ ਪ੍ਰਕਾਸ਼' ਅਤੇ 'ਅਨਭਉ ਪ੍ਰਕਾਸ਼, ਨਿਸਦਿਨ ਅਨਾਸ' ਕਿਹਾ ਗਿਆ ਹੈ।[81] ਇਹ 'ਜਾਗਤ-ਜੋਤਿ' ਦਾ ਅਨੁਭਵ ਹੈ, ਜੋ ਸਮੂਹ ਰਚਨਾ ਵਿਚ ਵਿਦਮਾਨ ਹੈ।[82]ਇਹ ਅਚੇਤ ਜੜ੍ਹ ਸ਼ਕਤੀ ਨਹੀਂ, ਸਗੋਂ ਚੇਤੰਨ ਜਾਗਦੀ-ਜੋਤਿ ਹੈ ਜਿਸ ਨੂੰ ਦਿਨ ਰਾਤ ਜਪਣ ਦੀ ਪ੍ਰੇਰਨਾ ਕੀਤੀ ਗਈ ਹੈ।[83]

10.4. ਗੁਰਬਾਣੀ ਵਿਚ ਪਰਮਾਤਮਾ ਨੂੰ 'ਸੁਤੇ ਪ੍ਰਕਾਸ਼', 'ਜੋਤਿ' ਅਤੇ 'ਆਤਮਾ' ਵੀ ਕਿਹਾ ਗਿਆ ਹੈ। ਮੂਲ ਮੰਤਰ ਦੇ ਸਾਰੇ ਸ਼ਬਦ ਇਕ ਦੂਜੇ ਦੇ ਪੂਰਕ ਹਨ। 'ਸਤਿ' ਉਸ ਦੀ ਵਾਸਤਵਿਕ ਹੋਂਦ ਦਾ ਲਖਾਇਕ ਹੈ, ਨਾਮ ਇਸ ਹੋਂਦ ਦੀ ਸਰਬ-ਵਿਦਮਾਨਤਾ ਹੈ। 'ਪੁਰਖ' ਇਸ ਸਰਬ-ਵਿਆਪਕ ਹੋਂਦ ਦੇ 'ਆਤਮਿਕ-ਸਰੂਪ' ਨੂੰ ਦਰਸਾਂਦਾ ਹੈ ਜੋ 'ਅਕਾਲ' 'ਅਜੋਨੀ' ਅਤੇ ਸੈਭੰ' ਹੈ। 'ਕਰਤਾ-ਪੁਰਖ' ਦੀ ਹਸਤੀ ਭੌਤਿਕ 'ਮੂਰਤਿ' ਨਹੀਂ, ਸਵੈ-ਪ੍ਰਕਾਸ਼ਮਾਨ ਜੋਤਿ ਹੈ, ਪਰਮ-ਆਤਮਾ ਹੈ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। ਇਹ 'ਆਪ ਜੋਤਿ ਸਰੂਪੀ ਬਾਲਾ' ਹੈ।[84] ਇਹ ਪਰਮ-ਜੋਤਿ ਸਵੈ-ਪਰਕਾਸ਼ਮਾਨ ਹੈ ਜਿਸ ਦੇ ਪ੍ਰਕਾਸ਼ ਤੋਂ ਸਾਰੀ ਕਿਰਤ ਵਿਚ ਚੇਤਨਤਾ ਦਾ ਚਾਨਣ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ
ਜਿਸਦੈ ਚਾਨਣ ਸਭ ਮਹਿ ਚਾਨਣ ਹੋਇ। ਧਨਾ ੧(663)

ਇਹ ਜੋਤਿ ਸਰਬ ਵਿਦਮਾਨ ਹੈ, ਹਰ ਥਾਂ ਭਰਪੂਰ ਹੈ, ਸਾਰੇ ਤਿਭਵਣ ਵਿਚ ਹੈ;[85] ਧਰਤੀ ਆਕਾਸ਼, ਪਾਤਾਲ, ਖਾਣੀਆਂ, ਬਾਣੀਆਂ, ਖੰਡਾਂ ਜੀਆਂ ਜੰਤਾਂ ਸਭ ਵਿਚ ਹੈ;[86]ਮਨੁੱਖ ਅੰਦਰ ਵੀ

---

81. ਜਾਪ. 46, 137, 159, 88.
82. ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ । ਅਕਾਲਉ. 166.1.
83. ਜਾਗਤ ਜੋਤਿ ਜਪੈ ਨਿਸ ਬਾਸਰ ਇਕ ਬਿਨਾ ਮਨ ਨੈਕ ਨ ਆਨੈ। (33 ਸਵਯ 1.1.)
84. ਮਾਰੂ ੧(1021)
85. ਜੋਤਿ ਸਬਾਇਅੜੀਏ, ਤ੍ਰਿਭਵਣ ਸਾਰੇ ਰਾਮ। ਬਿ.੧(843)
86. ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ। ਮਾਰੂ ੧(1012)

ਇਸੇ ਜੋਤਿ ਦਾ ਅੰਸ਼ ਹੈ, ਜੋ ਮਨੁੱਖ ਦੇ ਜੀਵਨ ਦਾ ਆਧਾਰ ਹੈ। ਇਸ ਜੋਤਿ ਆਸਰੇ ਹੀ ਮਨੁੱਖ ਜਗਤ ਵਿਚ ਆਉਂਦਾ ਹੈ।[87] ਇਸ ਜੋਤਿ ਦੀ ਪਹਿਚਾਣ ਹੀ ਮਨੁੱਖ ਦੇ ਜੀਵਨ ਦਾ ਮੰਤਵ ਹੈ।[88] ਭਾਈ ਗੁਰਦਾਸ ਨੇ ਇਕ ਪਉੜੀ ਵਿਚ ਮੂਲ-ਮੰਤਰ ਦੇ ਪਦਾਂ ਦੀ ਵਿਆਖਿਆ ਕਰਦਿਆਂ 'ਸੈਭੰ' ਦੇ ਅਰਥ 'ਪ੍ਰਕਾਸ਼ਮਾਨ ਜੋਤਿ' ਕੀਤੇ ਹਨ:

ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ। 3.15.

11.0. ਸੈਭੰ(ਸਵਯੰਭੂ) ਦਾ ਅਰਥ ਹੈ, ਆਪਣੇ ਆਪ, ਜਿਸ ਦਾ ਕੋਈ ਕਾਰਣ ਨਹੀਂ, ਕੋਈ ਆਧਾਰ ਨਹੀਂ, ਜੋ ਆਪਣਾ ਕਾਰਣ ਆਪ ਹੈ। ਧਰਮ, ਦਰਸ਼ਨ ਅਤੇ ਵਿਗਿਆਨ ਨੇ ਅੰਤਮ ਕਾਰਨ, ਸਾਰੇ ਕਾਰਨਾਂ ਦਾ ਕਾਰਨ ਭਾਲਣ ਦੀ ਕੋਸ਼ਿਸ਼ ਕੀਤੀ ਹੈ। ਸੰਸਾਰ ਦੀ ਹਰੇਕ ਉਪਜ ਦਾ ਕੋਈ ਨਾ ਕੋਈ ਕਾਰਨ ਅਤੇ ਆਧਾਰ ਹੁੰਦਾ ਹੈ। ਵਿਗਿਆਨ ਨੇ ਸੰਸਾਰ ਦੀ ਹੋਂਦ ਦਾ ਮੂਲ ਕਾਰਨ ਪ੍ਰੋਟੋਨ ਅਤੇ ਪ੍ਰੋਟੋਨ ਦਾ ਕਾਰਨ ਆਕਾਸ਼ ਵਿਚਲੀ 'ਅਣਹੋਂਦ' ਕਿਹਾ ਅਤੇ ਬਾਅਦ ਵਿਚ ਆਪ ਹੀ ਇਸ ਸਿਧਾਂਤ ਨੂੰ ਰੱਦ ਕਰ ਦਿਤਾ। ਵਿਗਿਆਨ ਅਤੇ ਮਨੁੱਖੀ ਸੋਚ-ਵਿਚਾਰ ਦੀ ਵੀ ਇਕ ਸੀਮਾ ਹੈ ਜਿਸ ਵਿਚ ਅਸੀਂ 'ਇਸ ਤੋਂ ਇਹ', ਅਤੇ 'ਇਹ ਤੋਂ ਇਹ' ਦੇ ਅਨੰਤ ਚੱਕਰ ਤੋਂ ਬਾਹਰ ਨਹੀਂ ਨਿਕਲ ਸਕਦੇ। ਸਾਧਾਰਨ ਤਰਕ ਵਿਚ ਮੁਰਗੀ ਦੀ ਹੋਂਦ ਦਾ ਕਾਰਨ ਅੰਡਾ ਹੈ ਅਤੇ ਅੰਡੇ ਦੀ ਹੋਂਦ ਮੁਰਗੀ ਤੋਂ ਅਤੇ ਪਿਛਾਂਹ ਨੂੰ ਜਾਂਦਿਆਂ "ਅੰਤ ਸਾਨੂੰ ਕਿਸੇ ਅਜੇਹੇ ਕਾਰਨ ਤੇ ਰੁਕਣਾ ਪਵੇਗਾ ਜਿਹੜਾ ਆਪਣਾ ਕਾਰਣ ਆਪ ਹੈ। ਇਹ ਕਾਰਨ ਕੋਈ ਵੀ ਭੌਤਿਕ ਜਾਂ ਪਦਾਰਥਕ ਨਹੀਂ ਹੋ ਸਕਦਾ। ਕੇਵਲ ਬ੍ਰਹਮ ਹੀ ਅਜੇਹੀ ਸਰਬ-ਵਿਦਮਾਨ ਪਰਮ-ਸ਼ਕਤੀ ਹੈ"[89] ਜੋ ਸਭ ਦਾ ਮੂਲ ਕਾਰਨ ਹੈ ਅਤੇ ਆਪ 'ਸੈਭੰ' ਹੈ। ਕੇਵਲ 'ਸੈਭੰ' ਹੀ ਸਰਬ-ਆਸਰਿਤ ਸਰਬ-ਵਿਦਮਾਨ, ਸਰਬ-ਨਿਰਭਰ ਹੈ। ਇਸ ਲਈ ਸਦੀਵ ਹੈ। ਬਾਕੀ ਸਾਰੀਆਂ ਵਸਤਾਂ ਹੋਂਦ ਵਿਚ ਆਉਂਦੀਆਂ ਹਨ ਅਤੇ ਅਣਹੋਂਦ ਵਿਚ ਜਾ ਸਮਾਂਦੀਆਂ ਹਨ। ਫੁੱਲਾਂ ਦੀ ਡੋਡੀ ਬਣਦੀ ਹੈ, ਫੁੱਲ ਖਿੜਦੇ ਹਨ, ਮੁਰਝਾ ਕੇ ਖਤਮ ਹੋ ਜਾਂਦੇ ਹਨ; ਦਰਖਤ ਉਗੰਦੇ ਹਨ, ਵੱਡੇ ਹੁੰਦੇ ਹਨ, ਫਲਦੇ ਫੁਲਦੇ ਹਨ, ਖਤਮ ਹੋ ਜਾਂਦੇ ਹਨ। ਧਰਤੀ ਦਾ ਵੀ ਕਦੀ ਆਦਿ ਹੋਇਆ ਸੀ ਅਤੇ ਇਸ ਦਾ ਵੀ ਇਕ ਦਿਨ ਅੰਤ ਹੋ ਜਾਵੇਗਾ, ਅਤੇ ਇੰਜ ਹੀ ਸਾਰੇ ਬ੍ਰਹਿਮੰਡ ਦਾ ਹੋਵੇਗਾ।

---

88. ਹਰਿ ਜੋਤਿ ਰਖੀ ਤੁਧੁ ਵਿਚ ਤਾਂ ਤੂ ਜਗ ਮਹਿ ਆਇਆ। ਰਾਮ 3(921)

88. ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ। ਆਸਾ 3(441)

89. Earnest Wood, Dictionary of Vedanta, Op.cit., p.23.

ਇਸ ਦਾ ਭਾਵ ਇਹ ਹੈ ਕਿ ਜੋ ਕੁਝ ਵੀ ਉਪਜਦਾ, ਅਤੇ ਬਿਨਸਦਾ ਹੈ, ਉਹ ਸਾਮਿਅਕ ( temporary ) ਹੈ, ਇਤਫਾਕੀਆ(contingent) ਹੈ ਅਤੇ ਕਿਸੇ ਹੋਰ ਕਾਰਣ ਦਾ ਕਾਰਜ (effect ) ਹੈ। ਇਸ ਦੀ ਪ੍ਰਕ੍ਰਿਤੀ ਵਿਚ ਕੋਈ ਅਜੇਹਾ ਅੰਸ਼ ਨਹੀਂ, ਜਿਸ ਨੂੰ 'ਸਦੀਵਤਾ' ਦੀ ਆਵਸ਼ਕਤਾ ਹੋਵੇ ਅਤੇ ਜੋ ਇਸ ਦੀ ਹੋਂਦ ਨੂੰ ਅਣਹੋਂਦ ਵਿਚ ਪਲਟਣ ਤੋਂ ਰੋਕ ਲਵੇ। ਇਸ ਦਾ ਭਾਵ ਇਹ ਹੈ ਕਿ ਵਸਤੂਆਂ ਦੀ ਹੋਂਦ ਸੁਤੰਤਰ, ਸਵੈ-ਆਸਰਿਤ ਨਹੀਂ, ਪਰ-ਤੰਤਰ ਅਤੇ ਨਿਰਭਰ ਹੈ। ਰਾਬਰਟ ਪੈਟਰਸਨ ਅਨੁਸਾਰ "ਅਸੀਂ ਅਨੰਤ ਤਕ ਕਾਰਨਾਂ ਦੇ ਕਾਰਨ ਲਭਦੇ ਨਹੀਂ ਜਾ ਸਕਦੇ। ਸਾਨੂੰ ਅਖੀਰ ਅਜੇਹੀ ਵਸਤੂ ਤੇ ਟਿਕਣਾ ਪਵੇਗਾ ਜਿਹੜੀ ਸਵੈ-ਵਿਆਖਿਆਤ ਹੋਵੇ ਜਿਸ ਦੀ ਵਿਆਖਿਆ ਉਸ ਦੀ ਆਪਣੀ ਪ੍ਰਕ੍ਰਿਤੀ ਤੋਂ ਦਿਤੀ ਜਾ ਸਕਦੀ ਹੋਵੇ, ਜਿਹੜੀ ਨਾ ਪੈਦਾ ਹੁੰਦੀ ਹੈ ਨਾ ਮਰਦੀ ਹੈ, ਜਿਹੜੀ ਨਾ ਜਨਮਦੀ ਹੈ, ਨਾ ਮਰਦੀ ਹੈ ਪਰ ਜਿਹੜੀ 'ਹੈ' ਅਤੇ ਆਪਣੇ ਆਪ ਤੋਂ ਹੈ ਅਤੇ ਸਾਰੇ ਕਾਰਨਾਂ ਦਾ ਕਾਰਨ ਹੈ।"[90] ਸੈਭੰ ਪਰਮਾਤਮਾ ਹੀ ਅਜੇਹੀ ਹਸਤੀ ਹੈ ਜੋ ਸਵੈ-ਪਰਕਾਸ਼ਮਾਨ ਹੈ, ਆਪਣੇ ਆਪ ਤੋਂ ਹੈ, ਕਾਰਣ-ਰਹਿਤ ਹੈ ਅਤੇ ਸਾਰੇ ਕਾਰਣਾਂ ਅਤੇ ਕਾਰਜਾਂ ਦਾ ਮੂਲ ਕਾਰਣ ਹੈ। ਇਸ ਤਰ੍ਹਾਂ ਕੋਈ ਵੀ ਹੋਰ ਹੋਂਦ ਆਪਣਾ ਕਾਰਨ ਆਪ ਨਹੀਂ, ਕੋਈ ਵੀ ਹੋਰ ਹੋਂਦ ਸਵੈ-ਆਸਰਿਤ ਨਹੀਂ, ਨਾ ਹੀ ਕਾਲ ਅਤੇ ਪੁਲਾੜ ਸਵੈ-ਆਧਾਰਤ ਅਤੇ ਸਦੀਵ ਹਨ। ਇਹ ਵੀ 'ਕਰਤਾ ਪੁਰਖ' ਦੀ ਕਿਰਤ ਹਨ ਅਤੇ ਰਚਨਾ ਦੇ ਅੰਤ ਨਾਲ ਇਨ੍ਹਾਂ ਦਾ ਵੀ ਅੰਤ ਹੋ ਜਾਂਦਾ ਹੈ। 'ਅਜੂਨੀ ਸੈਭੰ' ਸਰਬ ਸਮਰੱਥ ਅਤੇ ਸਰਬ ਕਲਾ ਭਰਪੂਰ ਦਾ ਸੰਕਲਪ ਹੈ। ਕੋਈ ਹੋਰ ਸ਼ਕਤੀ ਦੇਵੀ ਦੇਵਤੇ, ਅਵਤਾਰ ਆਦਿ ਸਰਬ-ਸਮਰੱਥ ਨਹੀਂ। ਕੇਵਲ ਮੂਲ ਮੰਤਰ ਵਿਚ ਵਿਅਕਤ ਇਕ ਪਾਰਬ੍ਰਹਮ ਪਰਮਾਤਮਾ ਹੀ ਸਰਬ-ਸ਼ਕਤੀਮਾਨ ਹੈ।ਜੋ ਉਸ ਨੂੰ ਭਾਉਂਦਾ ਹੈ, ਉਹੋ ਹੁੰਦਾ ਹੈ। ਇਹ ਸੰਸਾਰ ਤਾਂ ਜੀਵਾਂ ਦੇ ਉਧਾਰ ਦਾ ਖਜ਼ਾਨਾ ਹੈ। ਉਹ ਸਚਾ ਸਿਰਜਣਹਾਰ ਸਰਬਵਿਆਪਕ ਅਪਾਰ ਅਤੇ ਬੇਅੰਤ ਹੈ। ਉਹ ਆਪਣੀ ਇੱਛਾ ਅਨੁਸਾਰ ਆਪਣੀ ਬਣਾਈ ਨੂੰ ਤੋੜਦਾ ਹੈ, ਢਾਹਕੇ ਤੋੜੀ ਹੋਈ ਨੂੰ ਉਸਾਰਦਾ ਹੈ। ਸਿਧ, ਸਾਧਕ, ਬ੍ਰਹਮਾ, ਵਿਸ਼ਨੂੰ, ਸ਼ਿਵ, ਤੇਤੀ ਕ੍ਰੋੜ ਦੇਵਤੇ, ਅਵਤਾਰ, ਸਭ ਉਸਦੇ ਦਰ ਦੇ ਮੰਗਤੇ ਹਨ;[92] ਇਨ੍ਹਾਂ

---

90. Robert Leet Patterson, An Introduction to Philosophy of Religion, New York Henry Holt and Company ,1957,p.124.

91. ਜੋ ਤਿਸ ਭਾਵੈ ਸੰਮ੍ਰਥ ਸੋ ਥੀਐ, ਹੀਲੜਾ ਇਹੁ ਸੰਸਾਰੋ। ਵਡਹੰਸ ੧(579)

92. ਗੂਜਰੀ ੧(504).

ਵਿਚੋਂ ਕਿਸੇ ਵਿਚ ਵੀ ਉਸ ਦਾ ਅਵਤਾਰ ਵੇਖਣਾ ਜਾਂ ਕਿਸੇ ਮੂਰਤ ਵਿਚ ਉਸਦੀ ਸਥਾਪਤੀ ਕਰਨੀ ਭੁੱਲ ਹੈ:

ਥਾਪਿਆ ਨ ਜਾਇ ਕੀਤਾ ਨਾ ਹੋਇ
ਆਪੇ ਆਪਿ ਨਿਰੰਜਨੁ ਸੋਇ। ਜਪੁਜੀ (2)

'ਅਜੂਨੀ ਸੈਭੌ' ਸੰਕਲਪ ਰਾਹੀਂ ਗੁਰੂ ਨਾਨਕ ਦੇਵ ਨੇ 'ਹਿੰਦੂਆਂ ਦੇ ਮਨ ਨੂੰ ਮਿਥਿਹਾਸ ਦੇ ਬੰਧਨਾ ਤੋਂ ਪੂਰਣ ਭਾਂਤ ਮੁਕਤ ਕਰਨ ਦਾ ਯਤਨ ਕੀਤਾ। ਲਖਾਂ ਵਰ੍ਹਿਆਂ ਪਿਛੋਂ ਉਨ੍ਹਾਂ ਨੇ ਹੀ ਸਿਖਿਆ ਦਿਤੀ ਕਿ ਪਰਮਾਤਮਾ ਕੇਵਲ ਇਕ ਹੀ ਨਹੀਂ ਸਗੋਂ ਉਹ ਜਨਮ-ਮਰਨ ਦੇ ਚੱਕਰ ਤੋਂ ਵੀ ਮੁਕਤ ਹੈ, ਅਤੇ ਉਹ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤੋਂ ਉਚੇਰਾ ਹੈ ਤਥਾ ਰਾਮ ਅਤੇ ਕ੍ਰਿਸ਼ਨ ਦ ਰਚਨਹਾਰਾ ਹੈ।"[93] ਗੁਰੂ ਨਾਨਕ ਦੇਵ ਦਾ 'ਅਜੂਨੀ' ਸੈਭੌ' ਅਵਤਾਰ' ਰਾਹੀਂ ਜਨਮ ਨਹੀਂ ਲੈਂਦਾ, ਉਹ ਮਾਤਾ ਪਿਤਾ ਦਾ ਜਾਇਆ ਨਹੀਂ, ਉਸ ਦਾ ਕੋਈ ਰੂਪ, ਰੇਖ, ਵਰਨ ਨਹੀਂ ਹੈ, ਉਸਨੂੰ ਭੁਖ ਪਿਆਸ ਨਹੀਂ ਲਗਦੀ(ਇਸ ਲਈ ਉਸਨੂੰ ਭੋਗ ਲੁਆਣੇ ਵਿਅਰਥ ਹਨ) ਅਤੇ ਉਹ ਗੁਰੂ ਰਾਹੀਂ ਆਪਣਾ ਹੁਕਮ ਪਰੌਗਟ ਕਰਦਾ ਹੈ:

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ। ਨਾ ਤਿਸੁ ਰੂਪੁ ਨਾ ਰੇਖ ਵਰਨ ਸਬਾਇਆ।
ਨਾ ਤਿਸੁ ਭੁਖ ਪਿਆਸ ਰਜਾ ਧਾਇਆ। ਗੁਰਮਹਿ ਆਪੁ ਸਮੋਇ ਸਬਦੁ ਵਰਤਾਇਆ।
ਮ.੧(1279)

ਉਸ ਦਾ ਰਹੱਸ ਗੁਰੂ ਅਤੇ ਗੁਰਸ਼ਬਦ ਰਾਹੀਂ ਪ੍ਰਗੱਟ ਹੁੰਦਾ ਹੈ ਜਿਸ ਦੀ ਵਿਚਾਰ ਅਗਲੇ ਕਾਂਡ ਦਾ ਵਿਸ਼ਾ ਹੈ।

---

93. ਗੋਕਲ ਚੰਦ ਨਾਰੰਗ,
ਸਿਖ ਮਤ ਦਾ ਪਰਿਵਰਤਨ, ਪਟਿਆਲਾ: ਪੰਜਾਬੀ ਯੂ.1973, ਪੰਨਾ 10.

## ਅਧਿਆਇ ਅਠਵਾਂ

## — ਗੁਰ ਪ੍ਰਸਾਦਿ —

1.0 ਆਦਿ ਕਥਨ: ਮੂਲ ਮੰਤਰ ਦਾ ਅੰਤਲਾ ਸ਼ਬਦ 'ਗੁਰਪ੍ਰਸਾਦਿ' 'ਗੁਰੂ' ਅਤੇ 'ਪ੍ਰਸਾਦਿ' ਦਾ ਸਮਾਸ ਹੈ। ਗੁਰੂ ਨਾਨਕ ਦੇਵ ਦੇ ਬ੍ਰਹਮ-ਸੰਕਲਪ ਵਿਚ ਅਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਵਿਚ 'ਗੁਰ ਪ੍ਰਸਾਦਿ' ਸੰਕਲਪ ਦੀ ਅਤੀ ਵਿਸ਼ੇਸ਼ਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤਰ ਦਾ ਪਾਠ ਪੂਰਨ ਜਾਂ ਸੰਖੇਪ ਵਿਚ 568 ਵਾਰੀ ਆਇਆ ਹੈ ਅਤੇ ਹਰੇਕ ਪਾਠ ਵਿਚ 'ਗੁਰਪ੍ਰਸਾਦਿ' ਨੂੰ ਸ਼ਾਮਲ ਕੀਤਾ ਗਿਆ ਹੈ। ਦਰਅਸਲ ਸਾਰੀ ਬਾਣੀ '੧ਓ' ਅਤੇ 'ਸਤਿ' ਦਾ ਬਖਾਨ ਹੈ ਜਿਸ ਨੂੰ 'ਗੁਰੂ' ਦੇ ਪ੍ਰਸਾਦਿ' (ਗੁਰੂ ਦੀ ਕਿਰਪਾ) ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਮੂਲ ਮੰਤਰ ਦੇ ਅਤੀ ਸੰਖੇਪ ਪਾਠ '੧ਓ ਸਤਿ ਗੁਰਪ੍ਰਸਾਦਿ' ਨੂੰ ਗੁਰੂ ਗ੍ਰੰਥ ਸਾਹਿਬ ਦਾ ਸਾਰ ਕਿਹਾ ਜਾਂਦਾ ਹੈ। ਇਸ ਸੰਖੇਪ ਸਾਰ ਦੇ ਤਿੰਨ ਸ਼ਬਦਾਂ ਵਿਚੋਂ ਇਕ 'ਗੁਰਪ੍ਰਸਾਦਿ' ਹੈ। 'ਗੁਰਪ੍ਰਸਾਦਿ' ਵਿਚ ਮੁੱਖ ਸੰਕਲਪ 'ਗੁਰੂ' ਦਾ ਹੈ। 'ਗੁਰੂ' ਸ਼ਬਦ ਸਿਖ ਧਰਮ ਦੀ ਹਰੇਕ ਮਰਿਆਦਾ ਦਾ ਅੰਗ ਹੈ। ਸਿਖ ਧਰਮ ਦੇ ਸਰਵੋਤਮ ਰਹੱਸਵਾਦੀ ਨਾਮ 'ਵਾਹਿਗੁਰੂ' ਵਿਚ ਪਰਮਾਤਮਾ ਨੂੰ 'ਗੁਰੂ' ਰੂਪ ਵਿਚ ਇਸ਼ਟ ਮੰਨਿਆ ਗਿਆ ਹੈ। ਸਿੱਖ ਧਰਮ ਦਾ ਅਰਥ ਹੀ 'ਗੁਰੂ ਦਾ ਦਸਿਆ ਮਾਰਗ ਹੈ ਅਤੇ 'ਸਿਖ' ਗੁਰੂ ਦੇ ਦਸੇ ਮਾਰਗ ਤੇ ਚਲਣਵਾਲਾ ਸਾਧਕ ਹੈ। ਗੁਰੂ ਦਾ ਮਾਰਗ ਗੁਰੂ ਦੇ ਸ਼ਬਦ ਜਾਂ ਗੁਰਬਾਣੀ ਵਿਚ ਵਿਅਕਤ ਹੈ, ਇਸ ਲਈ ਗੁਰਬਾਣੀ ਹੀ ਗੁਰਮਤਿ ਵਿਚਾਰਧਾਰਾ ਦਾ ਸੋਮਾ ਹੈ। ਸਮੁੱਚੀ ਗੁਰਬਾਣੀ ਆਦਿ ਗ੍ਰੰਥ ਵਿਚ ਪ੍ਰਾਪਤ ਹੈ ਜਿਸ ਨੂੰ ਗੁਰਸਿਖ "ਗੁਰੂ ਗ੍ਰੰਥ ਸਾਹਿਬ" ਕਹਿ ਕੇ ਗੁਰੂ ਰੂਪ ਵਿਚ ਪੂਜਦੇ ਹਨ। ਇਸ ਤਰ੍ਹਾਂ 'ਗੁਰੂ' ਸਿਖ ਵਿਚਾਰਧਾਰਾ ਅਤੇ ਜੀਵਨ ਦਾ ਅਨਿਖੜਵਾਂ ਅੰਗ ਹੈ ਜਿਸ ਦੀ ਇਕ ਉਦਾਹਰਣ ਗੁਰਮਤਿ ਵਿਚ ਵਰਤੇ ਜਾਂਦੇ 'ਗੁਰੂ' ਤੋਂ ਬਣੇ ਅਨੇਕਾਂ ਸਮਾਸ ਹਨ ਜਿਵੇਂ : ਗੁਰੂ ਪੰਥ, ਗੁਰੂ ਘਰ, ਗੁਰੂਦਵਾਰਾ, ਗੁਰਸ਼ਬਦ, ਗੁਰਬਾਣੀ, ਗੁਰਸਿਖ, ਗੁਰਮੁਖ, ਗੁਰਸੇਵਾ, ਗੁਰਆਸਰਾ, ਗੁਰਜਸ, ਗੁਰਜੋਤਿ, ਗੁਰਦਰਸ਼ਨ, ਗੁਰਸੰਗਤ, ਗੁਰਸਭਾ, ਗੁਰਸਾਖੀ, ਗੁਰਕਰਣੀ, ਗੁਰਚਰਨਨ, ਗੁਰਚਾਲੀ, ਗੁਰਮੰਤ, ਗੁਰਕਿਰਪਾ, ਗੁਰਪਰਸਾਦੀ ਆਦਿ।

1.1 ਗੁਰੂ ਦੀ ਲੋੜ ਮਨੁੱਖ ਦੀ ਬਹੁਤ ਪੁਰਾਤਨ ਲੋੜ ਹੈ। ਸਭਿਅਤਾ ਦੇ ਅਰੰਭ ਤੋਂ ਹੀ ਮਨੁੱਖ ਬ੍ਰਿਹਦਾਰਣਯਕ ਉਪਨਿਸ਼ਦ ਦੇ ਭਾਵਾਂ ਵਿਚ ਅਰਦਾਸ ਕਰਦਾ ਰਿਹਾ ਹੈ: ਮੈਨੂੰ ਕੂੜ ਤੋਂ ਸਤ ਵਲ, ਅੰਧਕਾਰ ਤੋਂ ਗਿਆਨ ਵਲ ਅਤੇ ਮੌਤ ਤੋਂ ਅਮਰਤਾ ਵਲ ਦਾ ਮਾਰਗ ਦਸ। ਇੰਜ 'ਗੁਰੂ' ਰੂਪ ਵਿਚ ਪੱਥ-ਪਰਦਰਸ਼ਕ ਦੀ ਭਾਲ ਰਿਗਵੇਦ ਦੇ ਕਾਲ ਤੋਂ ਹੀ ਜਾਰੀ ਹੈ। ਉਪਨਿਸ਼ਦਾਂ ਵੇਲੇ ਪ੍ਰੋਹਤ ਅਤੇ ਆਚਾਰੀਆ ਗੁਰੂ ਸਨ। ਪੌਰਾਣਿਕ ਅਤੇ ਤਾਂਤਰਿਕ ਕਾਲ ਵਿਚ ਮਤਾਂ ਦੇ ਸੰਚਾਲਕ 'ਗੁਰੂ' ਹੋ ਗਏ। ਬੋਧੀਆਂ ਵਿਚ ਅਰਹਤ ਅਤੇ ਜੈਨੀਆਂ ਵਿਚ ਤੀਰਥੰਕਰ ਗੁਰੂ ਰੂਪ ਵਿਚ ਸਤਿਕਾਰੇ ਗਏ। ਭਗਤਾਂ, ਸੂਫੀਆਂ, ਸਿਧਾਂ, ਜੋਗੀਆਂ ਸੰਤਾਂ ਨੇ ਵੀ 'ਗੁਰੂ' ਦੀ ਮਹਾਨਤਾ ਮੰਨੀ ਹੈ। ਸਿਖ ਧਰਮ ਨੇ ਬ੍ਰਹਮ, ਗੁਰੂ ਅਤੇ ਸ਼ਬਦ ਦੀ ਤਦਰੂਪਤਾ ਰਾਹੀਂ 'ਗੁਰੂ' ਸੰਕਲਪ ਨੂੰ ਨਵੀਂ ਸੇਧ ਦਿਤੀ। ਸ਼ਬਦਾ-ਅਵਤਾਰ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਪਦਵੀ ਕੇਵਲ ਸਿਖ ਧਰਮ ਵਿਚ ਹੀ ਪ੍ਰਾਪਤ ਹੈ। ਪਰ ਸੱਚੇ ਗੁਰੂ ਦੀ ਮਾਨ ਵਡਿਆਈ ਵੇਖ ਕੇ ਝੂਠੇ ਲੋਕ ਵੀ 'ਗੁਰੂ' ਪਦ ਦਾ ਦੁਰਉਪਯੋਗ ਕਰਦੇ ਆਏ ਹਨ। ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੇ ਰਾਸਧਾਰੀਆਂ ਵਿਚ ਪ੍ਰਚੱਲਤ ਗੁਰੂ ਚੇਲੇ ਦੀ ਪ੍ਰਥਾ ਦਾ ਖੰਡਨ ਕੀਤਾ ਹੈ।[1] ਪੁਰਾਤਨ ਕਾਲ ਵਿਚ ਹੀ ਨਹੀਂ, ਸਗੋਂ ਆਧੁਨਿਕ ਕਾਲ ਵਿਚ ਵੀ ਕਈ ਲੋਕ 'ਗੁਰੂ' ਹੋਣ ਦਾ ਦਾਹਵਾ ਕਰ ਰਹੇ ਹਨ। ਇਨ੍ਹਾਂ ਗੁਰੂਆਂ ਸੰਬੰਧੀ ਕਈ ਪੁਸਤਕਾਂ ਵੀ ਲਿਖੀਆਂ ਗਈਆਂ ਹਨ। ਇਸ ਲਈ ਸੱਚੇ ਗੁਰੂ ਦੇ ਲਕਸ਼ ਜਾਣਨ ਲਈ 'ਗੁਰਪ੍ਰਸਾਦਿ' ਸੰਕਲਪ ਦੀ ਭਰਪੂਰ ਵਿਆਖਿਆ ਦੀ ਲੋੜ ਹੈ।

1.2 'ਗੁਰੂ' — <u>ਸ਼ਬਦ ਵਿਉਤਪਤੀ ਅਤੇ ਪਦ ਅਰਥ:</u>

ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਕੋਸ਼ਾਂ[2] ਅਨੁਸਾਰ 'ਗੁਰੂ ਸ਼ਬਦ ਦੇ ਨਿਮਨ 20 ਅਰਥ ਹੋ ਸਕਦੇ ਹਨ: (1) ਤੋਲ ਜਾਂ ਭਾਰ ਵਿਚ ਜ਼ਿਆਦਾ(2) ਵਧੇਰੇ ਲੰਬਾਈ ਜਾਂ ਚੌੜਾਈ ਵਾਲੀ ਵਸਤੂ (3) ਸ਼ਬਦ ਜਾਂ ਸਵਰ ਦੇ ਉਚਾਰਣ ਵਿਚ ਗੁਰੂ ਅਖਰ ਜਾਂ ਗੁਰੂ ਮਾਤਰਾ(4) ਅਰਥ ਦ੍ਰਿਸ਼ਟੀ ਤੋਂ ਮਹੱਤਵਪੂਰਨ ਅਰਥ (5) ਬਲ, ਬੁੱਧੀ ਅਤੇ ਵਿਦਿਆ ਵਿਚ ਵੱਡਾ(6) ਮੁਸ਼ਕਿਲ ਜਾਂ ਕਠਿਨ ਕੰਮ(ਗੁਰੂ-ਕਾਰਜ) (7) ਮੁਸ਼ਕਿਲ ਹਜ਼ਮ ਹੋਣ ਵਾਲੀ ਖੁਰਾਕ(ਗੁਰੂ-ਪਾਕ)(8) ਵਿਦਿਆ ਜਾਂ ਸਿਖਿਆ ਆਚਾਰਯ(9) ਯਗਿਓਪਵੀਤ (ਜਨੇਊ) ਧਾਰਨ ਕਰਾਉਣ ਵਾਲਾ ਪੁਰੋਹਿਤ ਅਤੇ ਗਾਇਤਰੀ ਉਪਦੇਸ਼ਕ ਆਚਾਰਯ(10) ਦੇਵਤਿਆਂ ਨੂੰ

---

1. ਵਾਇਨ ਚੇਲੇ ਨਚਨਿ ਗੁਰ — ਆਸਾ੧(465)
2. ਮਾਨਕ ਹਿੰਦੀ ਕੋਸ਼, ਹਿੰਦੀ ਸ਼ਬਦਾਰਥ; ਹਿੰਦੀ ਸ਼ਬਦ ਸਾਗਰ; ਹਿੰਦੀ ਸਾਹਿਤਯ ਕੋਸ਼; ਸੰਸਕ੍ਰਿਤ ਅੰਗ੍ਰੇਜ਼ੀ ਕੋਸ਼, ਮੋਨੀਅਰ ਵਿਲੀਅਮ ਅਤੇ ਗੁਰ-ਸ਼ਬਦ ਰਤਨਾਕਰ ਹਵਾਲਾ, ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਜਾਬੀ ਯੂ: ਪਟਿਆਲਾ, 1976, ਪੰਨਾ 5.

(11)ਸਿਤਾਰਿਆਂ ਦੇ ਜਗਤ ਵਿਚ 'ਪੁਸ਼ਯ ਨਛੱਤਰ' (12) ਵਿਸ਼ਨੂੰ, ਸ਼ਿਵ, ਮਹੇਸ਼(13) ਯੋਗੀਆਂ ਸਰੀਰ ਦੇ ਅੰਦਰ ਦਾ ਇਕ ਚੱਕਰ(ਗੁਰਚਕਰ)। (14) ਪਰਮੇਸ਼ੁਵਰ, ਪਰਮਾਤਮਾ (15) ਵੱਡਾ ਜਾਂ ਬੱਜਰ ਪਾਪ(ਗੁਰੂ ਪਾਪ) 16) ਮਤ ਸੰਚਾਲਕ (17) ਸੰਪਰਦਾਵਾਂ ਦੇ ਉਪਦੇਸ਼ਕ(18) ਆਪਣੇ ਨਾਲੋਂ ਵੱਡੇ ਸੰਬੰਧੀ (ਮਾਤਾ ਪਿਤਾ, ਭਰਾ, ਪਤੀ ਇਤਿਆਦਿ) (19) ਉੱਚੀ ਪਦਵੀ ਵਾਲਾ(20) ਅਰਥ ਜਾਂ ਸਿਧਾਂਤ ਦੀ ਤਾਲਿਕਾ ਜਾਂ ਕੁੰਜੀ।

1.3 ਡਾ. ਚੋਬੇ ਅਨੁਸਾਰ ਗੁਰੂ ਪਦ ਦਾ ਨਿਕਾਸ ਦੋ ਸੋਮਿਆਂ ਤੋਂ ਹੋ ਸਕਦਾ ਹੈ। (ੳ) 'ਗੁਰੂ' ਤੋਂ ਜਿਸ ਦਾ ਭਾਵ ਹੈ —ਉੱਚਾ ਚੁਕਣਾ, ਜ਼ਖ਼ਮੀ ਕਰਨਾ, ਮਾਰ ਦੇਣਾ, ਖਾ ਜਾਣਾ। ਗੁਰੂ ਉਹ ਹੈ ਜੋ ਆਪ ਸ਼ਿਸ਼ ਦੀ ਅਗਿਆਨਤਾ ਨੂੰ ਖਾ ਜਾਂਦਾ ਹੈ ਜਾਂ ਉਸਦੇ ਜੀਵਨ ਨੂੰ ਉੱਚਾ ਚੁੱਕ ਕੇ ਮੁਕਤੀ ਤਕ ਪਹੁੰਚਾ ਦਿੰਦਾ ਹੈ। (ਅ) 'ਗਰ' ਤੋਂ ਜਿਸ ਦਾ ਭਾਵ ਹੈ ਗਾਉਣਾ ਜਾਂ ਨਿਗਲ ਜਾਣਾ। ਗੁਰੂ ਗਿਆਨ ਦਿੰਦਾ ਹੈ ਜਾਂ ਸਾਧਕਾਂ ਦੇ ਅਗਿਆਨ ਨੂੰ ਨਿਗਲ ਜਾਂਦਾ ਹੈ।[3]

1.4 ਸੰਸਕ੍ਰਿਤ ਹਿੰਦੀ ਕੋਸ਼-ਅਰਥਾਂ ਅਨੁਸਾਰ ਹੀ ਸਿਖ ਵਿਦਵਾਨਾਂ ਨੇ ਸ਼ਬਦ ਗੁਰੂ ਨੂੰ ਸੰਸਕ੍ਰਿਤ ਦੇ 'ਗ੍ਰੀ' ਧਾਤੂ ਤੋਂ ਮੰਨ ਕੇ 'ਗ੍ਰੀ' ਦੇ ਅਰਥ 'ਨਿਗਲਣਾ' ਅਤੇ ਸਮਝਾਉਣਾ ਕੀਤੇ ਹਨ। ਮਹਾਨ ਕੋਸ਼(415) ਅਨੁਸਾਰ ਗੁਰੂ ਉਹ ਹੈ ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿਖ ਨੂੰ ਤੱਤਵ ਗਿਆਨ ਦਿੰਦਾ ਹੈ। ਗੁਰਬਾਣੀ ਵਿਚ ਗੁਰ, ਗੁਰੂ ਅਤੇ ਗੁਰੁ ਇਕ ਹੀ ਅਰਥ ਵਿਚ ਵਰਤੇ ਗਏ ਹਨ। ਭਾਈ ਵੀਰ ਸਿੰਘ (ਸੰਥਯਾ) ਡਾ: ਸੁਰਿੰਦਰ ਸਿੰਘ ਕੋਹਲੀ,[4] ਡਾ: ਤ੍ਰਿਲੋਚਨ ਸਿੰਘ,[5] ਪੰਡਿਤ ਕਰਤਾਰ ਸਿੰਘ ਦਾਖਾ (ਜਪੁ ਨੀਸਾਣ) ਅਤੇ ਹੋਰ ਅਨੇਕ ਵਿਦਵਾਨਾਂ ਅਨੁਸਾਰ 'ਗੁਰੂ' ਅਗਿਆਨ ਦੇ ਅੰਨ੍ਹੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਆਤਮਿਕ ਸਿਖਿਆ ਦਾਤਾ ਹੈ। ਜਿਵੇਂ ਅਸੀਂ ਵਿਚਾਰ ਕਰਾਂਗੇ, ਗੁਰਮਤਿ ਵਿਚ 'ਗੁਰੂ ਪਦ ਆਤਮਿਕ-ਸਿਖਿਆ ਦੇਣ ਵਾਲੇ ਮਹਾਨ-ਵਿਅਕਤੀ, ਪਰਮਾਤਮਾ ਅਤੇ ਸ਼ਬਦ-ਬ੍ਰਹਮ ਤਿੰਨਾਂ ਲਈ ਵ ਗਿਆ ਹੈ।

1.5 'ਗੁਰਪ੍ਰਸਾਦਿ' ਸਮਾਸ ਦਾ ਦੂਜਾ ਸ਼ਬਦ 'ਪ੍ਰਸਾਦਿ' ਹੈ। ਮਹਾਨ ਕੋਸ਼(794) ਅਨੁਸਾਰ 'ਪ੍ਰਸਾਦ' ਇਹ ਅਰਥ ਹੋ ਸਕਦੇ ਹਨ: ਖੁਸ਼ੀ, ਪ੍ਰਸੰਨਤਾ; ਸਵੱਛਤਾ, ਨਿਰਮਲਤਾ; ਅਰੋਗਤਾ; ਦੇਵਤਾ ਨੂੰ ਅਰਪਿਆ ਹੋਇਆ ਖਾਣ ਯੋਗ ਪਦਾਰਥ, ਨੈਵੇਦਯ; ਕਾਵਯ ਦਾ ਇਕ ਗੁਣ; ਕ੍ਰਿਪਾ, ਅਨੁਗ੍ਰਹ; ਭੋਜਨ, ਰਸੋਈ।

---

3. Brij Bihari Chaubey,The Nature of Guruship ,ed., Clarence O. MC Mullen, ISPCK,Delhi ,1976, p.9.
4. Outlines of Sikh Thought, p.90.
5. Sikhism, p.62.

'ਪ੍ਰਸਾਦਿ' ਦੇ 'ਦ' ਨੂੰ ਸਿਹਾਰੀ ਲਗ ਕੇ 'ਪ੍ਰਸਾਦਿ' ਦੇ ਅਰਥ 'ਕ੍ਰਿਪਾ ਕਰਕੇ', 'ਮਿਹਰਬਾਨੀ ਸੇ' ਹੋ ਜਾਂਦੇ ਹਨ। ਇਸ ਤਰ੍ਹਾਂ 'ਗੁਰਪ੍ਰਸਾਦਿ' ਦਾ ਭਾਵ ਹੈ: ਗੁਰ ਕ੍ਰਿਪਾ ਕਰਕੇ, ਗੁਰ ਕ੍ਰਿਪਾ ਦਵਾਰਾ। ਭਾਈ ਵੀਰ ਸਿੰਘ (ਸੰਥਯਾ, 31-32) ਅਨੁਸਾਰ ਗੁਰੂ ਦੀ ਕਿਰਪਾ ਨਾਲ ਪ੍ਰਾਪਤ। ਹਰ ਹਾਲਤ ਵਿਚ 'ਗੁਰ ਪ੍ਰਸਾਦਿ' 'ਗੁਰੂ' ਅਤੇ 'ਗੁਰੂ ਦੀ ਕਿਰਪਾ' ਦੇ ਸੰਕਲਪਾਂ ਨੂੰ ਵਿਅਕਤ ਕਰਦਾ ਹੈ। ਗੁਰਬਾਣੀ ਵਿਚ 'ਗੁਰਪ੍ਰਸਾਦਿ' 'ਗੁਰਪਰਸਾਦੀ' ਅਤੇ 'ਗੁਰ ਕਿਰਪਾ' ਤਿੰਨੇ ਸ਼ਬਦ ਵਰਤੇ ਗਏ ਹਨ।

'ਗੁਰੂ' ਅਤੇ 'ਗੁਰਪ੍ਰਸਾਦਿ' ਦਾ ਸੰਕਲਪ ਕਿਸੇ ਨਾ ਕਿਸੇ ਰੂਪ ਵਿਚ ਸਾਰੇ ਧਰਮਾਂ ਵਿਚ ਪ੍ਰਾਪਤ ਹੈ। ਸਾਰੇ ਆਸਤਿਕਵਾਦੀ ਮਤ ਪਰਮਾਤਮਾ ਦੀ ਕਿਰਪਾਲਤਾ ਵਿਚ ਅਤੇ ਮਹਾਨ ਅਨੁਭਵੀ ਰਿਸ਼ੀਆਂ ਸੰਤਾਂ, ਫਕੀਰਾਂ ਵਿਚ ਵਿਸ਼ਵਾਸ਼ ਕਰਦੇ ਆਏ ਹਨ। ਪਰ ਏਥੇ ਅਸੀਂ ਕੇਵਲ, ਈਸਾਈ, ਇਸਲਾਮ, ਹਿੰਦੂ ਅਤੇ ਸਿਖ ਮਤ ਵਿਚ ਪਰਾਪਤ'ਗੁਰੂ' ਅਤੇ 'ਪ੍ਰਸਾਦਿ' ਦੇ ਸੰਕਲਪ ਨੂੰ ਵਿਚਾਰਿਆ ਹੈ।

2.1 <u>ਈਸਾਈ ਵਿਚਾਰਧਾਰਾ;</u> ਈਸਾਈ ਧਰਮ ਵਿਚ 'ਗੁਰੂ' ਦਾ ਸੰਕਲਪ ਜਾਂ ਭਾਰਤ ਵਰਗੀ ਗੁਰੂ-ਸ਼ਿਸ਼ ਪਰੰਪਰਾ ਦਾ ਲਗਭਗ ਅਭਾਵ ਹੈ। ਫਿਰ ਵੀ ਈਸਾ ਨੂੰ 'ਗੁਰੂ'ਭਾਵਾਂ ਵਿਚ ਸੰਬੋਧਨ ਕਰਨ ਦੇ ਕਈ ਪਰਮਾਣ ਪਰਾਪਤ ਹਨ। ਇੰਜੀਲ ਵਿਚ ਮੈਥੀਉ(5.7) ਅਤੇ ਮਾਰਕ (1.14) ਨੇ ਈਸਾ ਨੂੰ ਉਪਦੇਸ਼ਕ (ਟੀਚਰ) ਦੇ ਰੂਪ ਵਿਚ ਪੇਸ਼ ਕੀਤਾ ਹੈ। "ਈਸਾ ਲਈ ਵਰਤੇ ਗਏ ਸ਼ਬਦ ਰੱਬੀ,ਇਪਿਸਟੈਟਾ, ਦੀਦਸ-ਕਲੋਸ ਅਤੇ ਕਥੇਗਟਿਆ'ਗੁਰ-ਭਾਵ' ਰਖਦੇ ਹਨ ਅਤੇ ਇਨ੍ਹਾਂ ਦਾ ਪ੍ਰਯੋਗ ਸਥਾਨਕ ਲੋਕਾਂ ਦੀ ਭਾਸ਼ਾ ਅਨੁਸਾਰ ਕੀਤਾ ਗਿਆ ਹੈ। ਜੇ ਇੰਜੀਲ ਲੇਖਕ ਭਾਰਤੀ ਲੋਕਾਂ ਨੂੰ ਸੰਬੋਧਨ ਕਰ ਰਹੇ ਹੁੰਦੇ, ਤਾਂ ਅਵੱਸ਼ 'ਗੁਰੂ' ਪਦ ਦਾ ਪ੍ਰਯੋਗ ਕਰਦੇ।"[6] ਗੁਰੂ ਅਤੇ ਸ਼ਿਸ਼ ਦੇ ਭਾਵਾਂ ਦੇ ਕਈ ਪ੍ਰਸੰਗ ਇੰਜੀਲ ਵਿਚ ਵੇਖੇ ਜਾ ਸਕਦੇ ਹਨ। ਲੂਕ(6.40) ਅਨੁਸਾਰ ਕੋਈ ਸਾਧਕ ਗੁਰੂ ਨਾਲੋਂ ਵੱਡਾ ਨਹੀਂ ਹੋ ਸਕਦਾ ਪਰ ਜਦੋਂ ਸ਼ਿਸ਼ ਪੂਰਨ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਗੁਰੂ ਵਰਗਾ ਹੋ ਜਾਂਦਾ ਹੈ। ਮੈਥਿਊ(23.8) ਅਨੁਸਾਰ ਤੁਹਾਨੂੰ ਆਪਣੇ ਆਪ ਨੂੰ ਉਸਤਾਦ(ਗੁਰੂ) ਨਹੀਂ ਕਹਿਣਾ ਚਾਹੀਦਾ ਕਿਉਂਕਿ ਤੁਸੀਂ ਸਾਰੇ ਭਾਈ ਭਾਈ ਹੋ ਅਤੇ ਤੁਹਾਡਾ ਇਕੋ ਇਕ ਗੁਰੂ ਮਸੀਹ ਹੈ।

2.2 ਭਾਵੇਂ ਈਸਾ ਨੇ ਆਪਣੇ ਮੂੰਹੋਂ ਪ੍ਰਸਾਦ( Grace ) ਸ਼ਬਦ ਦਾ ਪ੍ਰਯੋਗ ਨਹੀਂ ਕੀਤਾ ਪਰ ਉਸ ਦੀ ਸ਼ਖਸੀਅਤ ਵਿਚ ਇਹ ਗੁਣ ਪ੍ਰਧਾਨ ਹੈ। ਨਿੰਮਰ ਤੇ ਗਰੀਬ ਲੋਕਾਂ ਨੂੰ ਸਵਰਗ ਦਾ ਵਾਹਿਦਾ ਉਸ ਦੀ ਕਿਰਪਾਲਤਾ ਦਾ ਪ੍ਰਤੀਕ ਹੈ।[7] ਰੋਮਨ ਕੈਥੋਲਿਕ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਕਲਿਆਣ ਲਈ

---

6. James Massey, The Concept of Guruship in the New Testament(art. The Nature of Guruship, op.cit.,p.38.
7. H.R.Mackintosh, Grace (art.), ERE,VI,p.364.

ਪਰਮਾਤਮ-ਕਿਰਪਾ ਦੋ ਭਾਂਤ ਅਮਲ ਵਿਚ ਆ ਰਹੀ ਹੈ:

(ੳ) ਕੁਦਰਤੀ ਭੌਤਿਕ ਅਮਲ ਜਿਸ ਨਾਲ ਜੀਵ ਆਪਣੇ ਸਰੀਰ ਅਤੇ ਆਤਮਾ ਦੀ ਪਾਲਨਾ ਕਰਦਾ ਹੈ।

(ਅ) ਦੈਵੀ ਪਰਾਭੌਤਿਕ ਅਮਲ ਜਿਸ ਅਨੁਸਾਰ ਜੀਵ ਦੀ ਆਤਮਾ ਵਿਚ ਪ੍ਰਭੂ-ਕਿਰਪਾ ਦੈਵੀ-ਸੁਗਾਤ ਦੇ ਰੂਪ ਵਿਚ ਵਿਦਮਾਨ ਕੀਤੀ ਗਈ ਹੈ ਅਤੇ ਤਦ ਤਕ ਰਹਿੰਦੀ ਹੈ ਜਦ ਤਕ ਮਨੁੱਖ ਇਸ ਨੂੰ ਬਰਬਾਦ ਨਹੀਂ ਕਰ ਦਿੰਦਾ।[8]

ਈਸਾਈ ਵਿਚਾਰਧਾਰਨ ਅਨੁਸਾਰ ਪਰਮਾਤਮਾ ਦੀ ਕਿਰਪਾ ਹਵਾ ਦੀ ਤਰ੍ਹਾਂ ਸਰਬ-ਵਿਦਮਾਨ ਅਤੇ ਅਨਮੋਲ ਹੈ। ਇਸ ਦਾ ਅਨੁਭਵ ਹਰੇਕ ਮਨੁੱਖ ਆਪਣੇ ਰੋਜ਼ ਦੇ ਜੀਵਨ ਦੇ ਕਾਰ-ਵਿਹਾਰ ਵਿਚ ਕਰ ਸਕਦਾ ਹੈ।[9]

3.1 <u>ਇਸਲਾਮੀ ਵਿਚਾਰਧਾਰਾ:</u> ਇਸਲਾਮ ਵਿਚ 'ਰੱਬ ਦੀ ਰਹਿਮਤ' ਵਿਚ ਬਹੁਤ ਵਿਸ਼ਵਾਸ ਹੈ। ਕੁਰਾਨ ਵਿਚ 'ਰਹੀਮ' ਨਾਲੋਂ ਵੱਧ ਕੋਈ ਸ਼ਬਦ ਨਹੀਂ ਵਰਤਿਆ ਗਿਆ।[10] 'ਰਹੀਮ' ਉਸ ਦੀ ਰਹਿਮਤ, ਕਿਰਪਾ, ਨਦਰ, ਪ੍ਰਸਾਦ ਦਾ ਸਮਾਨਾਰਥੀ ਹੈ। ਰੱਬ ਸ਼ਬਦ ਵਿਚ ਵੀ ਇਹ ਭਾਵ ਵਿਅਕਤ ਕੀਤਾ ਗਿਆ ਹੈ ਕਿ ਉਹ ਸੰਸਾਰ ਦੀ ਹਰੇਕ ਵਸਤ ਨੂੰ ਪੂਰਨਤਾ ਤਕ ਪਹੁੰਚਾਉਣ ਵਿਚ ਸਹਾਇਕ ਹੈ।[11] ਅੱਲਾ ਤੋਂ ਬਾਹਦ 'ਰੱਬ' ਸ਼ਬਦ ਨੂੰ ਬਹੁਤ ਮਾਨਤਾ ਪ੍ਰਾਪਤ ਹੈ। ਰਹਿਮਾਨ ਰਹੀਮ ਅਤੇ ਮਾਲਿਕ ਸ਼ਬਦਾਂ ਵਿਚ ਪਿਆਰ ਅਤੇ ਪ੍ਰਸਾਦ ਦੀ ਭਾਵਨਾ ਵਿਅਕਤ ਹੈ। ਈਸਾਈ ਧਾਰਾ ਵਾਂਗ ਇਸਲਾਮ ਵਿਚ ਵੀ ਰਹਿਮਤ ਦੇ ਦੋ ਪੱਖ ਵਿਸ਼ੇਸ਼ ਤੌਰ ਤੇ ਉਜਾਗਰ ਹੁੰਦੇ ਹਨ— ਅੱਲਾ ਸਭ ਨੂੰ ਰੋਜ਼ੀ ਦਿੰਦਾ ਹੈ, ਅਤੇ ਅੱਲਾ ਮਨੁੱਖ ਦੀ ਆਤਮਿਕ ਉਨਤੀ ਲਈ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਮੁਹੰਮਦ ਸਾਹਿਬ ਨੇ ਖੁਦ ਕਿਹਾ ਸੀ ਕਿ ਅਲ-ਰਹਿਮਾਨ ਉਹ ਕਿਰਪਾਲੂ ਰੱਬ ਹੈ ਜਿਸ ਦਾ ਪਿਆਰ ਅਤੇ ਰਹਿਮਤ ਇਸ ਸੰਸਾਰ ਦੀ ਕਿਰਤ ਵਿਚ ਹੈ ਅਤੇ ਅਲ-ਰਹਿਮਾਨ ਉਹ ਦਿਆਲੂ ਰੱਬ ਹੈ ਜਿਸ ਦਾ ਪਿਆਰ ਅਤੇ ਕਿਰਪਾ ਬਾਹਦ ਵਿਚ ਪ੍ਰਾਪਤ ਹੁੰਦਾ ਹੈ।[12] ਕੁਰਾਨ(39.53) ਅਨੁਸਾਰ 'ਮਾਲਿਕਿ-ਯੋਮ-ਦਿਲ-ਦੀਨ' ਮੋਮਨਾਂ ਦੇ ਸਾਰੇ ਗੁਨਾਹ ਮਾਫ਼ ਕਰ ਦਿੰਦਾ ਹੈ। ਇਸ ਲਈ ਉਸ ਨੂੰ 'ਗਫ਼ੂਰ' ਵੀ ਕਿਹਾ ਗਿਆ ਹੈ। ਕੁਰਾਨ ਵਿਚ ਰਹਿਮਾਨ ਅਤੇ ਰਹੀਮ ਸ਼ਬਦ560 ਵਾਰੀ ਅਤੇ ਗ਼ਫ਼ੂਰ ਸ਼ਬਦ 230 ਵਾਰੀ ਵਰਤਿਆ ਗਿਆ ਹੈ। ਇਸ ਤੋਂ ਬਿਨਾਂ ਅੱਲਾ ਨੂੰ ਅਲਵਦੂਦ(ਪਿਆਰ ਕਰਨ ਵਾਲਾ), ਅਲ-ਲਤੀਫ਼(ਦਾਤਾ), ਅਲਤਵਾਬ(ਮਿਹਰਬਾਨ), ਅਲ-ਰਹੀਮ(ਸਹਜਵਾਲਾ), ਅਲ-ਅਫ਼ੂਵ(ਖਿਮਾਦਾਤਾ)

---

8. E.L.Van Becelaere, Grace (Roman Catholic), art., ERE VI, p.367.
9. David Baily Harned, Grace and Common Life, Patiala: Panjabi University, 1970, 9.40-
10. A.R. Wadia, Some Reflections on Sikhism and the Sikhs, (art.) Patiala, P.U. 1969.
11. Maulana Mohammad Ali, The Religion of Islam, op.cit., p.158.
12. Ibid., p.160.

ਅਲ-ਸ਼ਾਕੂਰ(ਦਾਤਾਂ ਨੂੰ ਅਨੇਕ ਕਰਨ ਵਾਲਾ), ਅਲ-ਰਜ਼ਾਕ(ਰੋਜ਼ੀ ਦੇਣ ਵਾਲਾ) ਵੀ ਕਿਹਾ ਗਿਆ ਹੈ ਜਿਨ੍ਹਾਂ ਵਿਚ ਉਸ ਦੀ 'ਕਿਰਪਾਲਤਾ' ਦੇ ਪੱਖ ਉਜਾਗਰ ਹੋ ਰਹੇ ਹਨ।

3.2 ਬਰੈਂਡਨ ਅਨੁਸਾਰ ਇਸਲਾਮ ਦਾ ਅੱਲਾ ਕੇਵਲ ਮੋਮਨਾਂ ਲਈ ਰਹਿਮਾਨ ਅਤੇ ਰਹੀਮ ਹੈ, ਉਹ ਕਾਫਰਾਂ ਨੂੰ ਦੰਡ ਭੀ ਦਿੰਦਾ ਹੈ। ਇਸ ਲਈ ਕੁਰਾਨ ਵਿਚ ਰੱਬ ਦੇ ਸਖਤੀ ਕਰਨ ਵਾਲੇ ਗੁਣ ਵੀ ਦਸੇ ਹਨ ਜਿਵੇਂ ਅਲਜਬਾਰ( ਸਖਤੀਕਰਨ ਵਾਲਾ), ਅਲ-ਕਹਾਰ( ਸਭ ਤੇ ਹਾਵੀ), ਅਲ-ਖਾਫਿਦ(ਅਪਮਾਨ ਕਰਨ ਵਾਲਾ), ਅਲਮੁਮੀਤ(ਮਾਰਨ ਵਾਲਾ), ਮੁੰਤਕਿਮ(ਬਦਲਾ ਲੈਣ ਵਾਲਾ) ਅਤੇ ਅਲਦਾਰ(ਨੁਕਸਾਨ ਪਹੁੰਚਾਣ ਵਾਲਾ)।[13] ਮੁਹੰਮਦ ਅੱਲੀ ਅਨੁਸਾਰ ਅਲ-ਜਬਾਰ ਦਾ ਭਾਵ 'ਜ਼ਾਲਮ' ਨਹੀਂ, 'ਸੋਧਕ' ਹੋਣਾ ਚਾਹੀਦਾ ਹੈ।[14]

3.3 ਇਸਲਾਮ ਅਨੁਸਾਰ ਅੱਲਾ ਆਪਣੇ ਹੁਕਮ ਚੁਣੇ ਹੋਏ ਪੈਗੰਬਰਾਂ ਰਾਹੀਂ ਪ੍ਰਗਟ ਕਰਦਾ ਹੈ। ਇਸ ਨੂੰ 'ਵਹੀ' ਕਿਹਾ ਜਾਂਦਾ ਹੈ। ਵਿਸ਼ਾਲ ਅਰਥਾਂ ਵਿਚ 'ਵਹੀ' ਕੇਵਲ ਮਨੁੱਖ ਰਾਹੀਂ ਰੱਬੀ ਕਲਾਮ ਦਾ ਪ੍ਰਗਟ ਹੋਣਾ ਹੀ ਨਹੀਂ, ਸਗੋਂ ਮੱਖੀ ਵੀ 'ਵਹੀ' ਅਧੀਨ ਸ਼ਹਿਦ ਇੱਕਠਾ ਕਰਦੀ ਹੈ। ਸਾਰੇ ਜਾਨਵਰਾਂ ਨੂੰ ਵੀ ਪਰਮਾਤਮਾ ਅੰਦਰੋਂ 'ਹਿਦਾਇਤ' ਕਰਦਾ ਹੈ। 'ਵਹੀ' (ਪਰਮਾਤਮਾ ਦਾ ਗੁਰੂ ਅੰਸ਼) ਚਾਰ ਤਰ੍ਹਾਂ ਪ੍ਰਗਟ ਹੋ ਸਕਦੀ ਹੈ: ਅੰਤ੍ਰੀਵ ਸੋਝੀ, ਅਨੁਭਵ, ਤਰਕ ਅਤੇ ਅਲਹਾਮ। ਰਾਹੀਂ।[15] ਅਲਹਾਮ ਅੱਲਾ ਦਾ ਸੱਭ ਤੋਂ ਉਤਮ ਪ੍ਰਗਟਾਵਾ ਹੈ ਜੋ ਮੁਹੰਮਦ ਸਾਹਿਬ ਰਾਹੀਂ ਨਾਜ਼ਲ ਹੋਇਆ। ਮੁਹੰਮਦ ਸਾਹਿਬ ਖੁਦਾ ਦੇ ਆਖਰੀ ਪੈਗੰਬਰ ਮੰਨੇ ਗਏ। ਮੁਸਲਮਾਨਾਂ ਦੀ ਹੀ ਧਾਰਾ ਸੂਫ਼ੀ-ਮਤ ਵਿਚ ਗੁਰੂ ਦੇ ਸਮਾਨਾਰਥਕ ਪਦ ਮੁਰਸ਼ਦ, ਔਲੀਆ, ਪੀਰ, ਵਲੀ ਆਦਿ ਪਰਚੱਲਤ ਹੋਏ ਪਰ ਨਬੀ, ਰਸੂਲ ਅਤੇ ਪੈਗੰਬਰ ਪਦ ਕੇਵਲ ਅੱਲਾ ਵਲੋਂ ਭੇਜੇ ਵਿਸ਼ੇਸ਼ ਧਰਮ ਸੰਚਾਲਕਾਂ ਲਈ ਹੀ ਵਰਤਿਆ ਜਾ ਸਕਦਾ ਹੈ। ਸ਼ਾਹ ਹੁਸੈਨ ਅਤੇ ਬੁਲ੍ਹੇ ਸ਼ਾਹ ਦੀਆਂ ਕਾਫੀਆਂ ਵਿਚ ਕਿਹਾ ਗਿਆ ਹੈ ਕਿ ਕੇਵਲ ਮੁਰਸ਼ਦ(ਗੁਰੂ) ਹੀ ਪਾਰ-ਉਤਾਰੇ ਵਿਚ ਸਹਾਇਕ ਹੋ ਸਕਦਾ ਹੈ।

4.1 ਹਿੰਦੂ ਵਿਚਾਰਧਾਰਾ:

ਭਾਰਤੀ ਸੰਸਕ੍ਰਿਤੀ ਵਿਚ ਗੁਰੂ ਨੂੰ ਸਰਵੋਤਮ ਸਥਾਨ ਪ੍ਰਾਪਤ ਹੈ। ਭਾਵੇਂ ਵੈਦਿਕ ਸਾਹਿਤ ਵਿਚ 'ਗੁਰੂ' ਪਦ ਦਾ ਪ੍ਰਯੋਗ ਨਹੀਂ ਮਿਲਦਾ ਤਾਂ ਵੀ ਰਿਗਵੇਦ ਵਿਚ 'ਸਾਕਤ' ਅਤੇ 'ਆਚਾਰੀਆ' ਸ਼ਬਦ ਗੁਰੂ

---

13. Brandon S.G., op.cit., p.307.
14. The Religion of Islam, op.cit., p.163.
15. Jamal Khwaja, Quest for Islam, Bombay:Allied Pub., 1977, pp 55-57.

ਭਾਵਾਂ ਵਿਚ ਹੀ ਵਰਤੇ ਜਾਂਦੇ ਸੀ।[16] 'ਰਿਤਵਿਗ' ਬ੍ਰਾਹਮਣ ਪੁਜਾਰੀ ਸਨ ਜੋ ਬਲੀਆਂ ਆਦਿ ਦੀ ਕਰਮ-ਕਾਂਡੀ ਕਿਰਿਆ ਨਿਭਾਉਂਦੇ ਸਨ। ਉਪਨਿਸ਼ਦ ਕਾਲ ਵਿਚ ਆਸ਼ਰਮਾਂ ਦੀ ਸਥਾਪਨਾ ਹੋਣ ਤੇ ਹਰੇਕ ਆਸ਼ਰਮ ਦਾ ਵੱਖ ਵੱਖ ਗੁਰੂ ਸਥਾਪਤ ਕੀਤਾ ਗਿਆ। ਪਹਿਲੇ ਬ੍ਰਹਮਚਾਰੀਆ ਆਸ਼ਰਮ ਦਾ 'ਆਚਾਰੀਆ', ਦੂਜੇ ਗ੍ਰਹਿਸਤ ਆਸ਼ਰਮ ਦਾ ਪ੍ਰੋਹਿਤ, ਤੀਜੇ ਅਤੇ ਚੌਥੇ ਆਸ਼ਰਮ ਦਾ 'ਸੰਨਿਆਸੀ' ਹੀ ਗੁਰੂ ਹੋ ਸਕਦਾ ਸੀ। ਤੈਤ੍ਰੀਯ ਉਪਨਿਸ਼ਦ(1.11) ਅਨੁਸਾਰ ਆਚਾਰੀਆ ਨੂੰ ਇਸ਼ਟ ਕਰਕੇ ਪੂਜਣਾ ਚਾਹੀਦਾ ਹੈ। ਉਪਰੰਤ ਹਿੰਦੂ ਗ੍ਰੰਥਾਂ ਵਿਚ ਇਹ ਪਦ ਬਹੁਤ ਵਿਸ਼ਾਲ ਅਰਥਾਂ ਵਿਚ ਵਰਤੀਂਦਾ ਰਿਹਾ ਹੈ। ਮਨੂ(2.142) ਅਨੁਸਾਰ ਉਹ ਪਿਤਾ ਗੁਰੂ ਹੈ ਜੋ ਗਰਭਦਾਨ ਤੋਂ ਲੈ ਕੇ, ਜਨੇਊ ਪਾਉਣ ਵਿਚ, ਅਤੇ ਵੇਦਾਂ ਦੀ ਪੜ੍ਹਾਈ ਵਿਚ ਸਹਾਇਕ ਹੁੰਦਾ ਹੈ। ਮਨੂ (2.333) ਅਨੁਸਾਰ ਮਾਤਾ ਦੀ ਸੇਵਾ ਤੋਂ ਇਹ ਲੋਕ, ਪਿਤਾ ਦੀ ਸੇਵਾ ਤੋਂ ਮਧ ਲੋਕ ਅਤੇ ਗੁਰੂ ਦੀ ਸੇਵਾ ਤੋਂ ਬ੍ਰਹਮ ਲੋਕ ਦੀ ਪ੍ਰਾਪਤੀ ਹੁੰਦੀ ਹੈ। ਮਨੂ (2.149) ਅਨੁਸਾਰ ਜਿਹੜਾ ਵੀ ਵੇਦਾਂ ਦਾ ਪੂਰਾ ਗਿਆਨ ਦਿੰਦਾ ਹੈ, ਉਹ ਆਚਾਰੀਆ ਜਾਂ ਗੁਰੂ ਹੈ ਅਤੇ ਜਿਹੜਾ ਵੇਦਾਂ ਦਾ ਇਕ ਭਾਗ, ਵੇਦਾਂਗ , ਦੀ ਸਿਖਿਆ ਦਿੰਦਾ ਹੈ, ਉਹ ਉਪਾਧਿਆਯ ਹੈ।[17] ਪਰ ਕੂਰਮ ਪੁਰਾਣ(2.12.26) ਵਿਚ ਉਸ ਉਪਾਧਿਆਯ ਨੂੰ ਗੁਰੂ ਕਿਹਾ ਹੈ ਜਿਹੜਾ ਆਪਣੇ ਸ਼ਿਸ਼ ਨੂੰ ਰੋਜ਼ੀ ਕਮਾਉਣ ਲਈ ਵੇਦਾਂਗ, ਕਲਪ, ਵਿਆਕਰਣ, ਜਯੋਤਿਸ਼, ਨਿਰੁਕਤ ਅਤੇ ਛੰਦ ਦੀ ਸਿਖਿਆ ਦਿੰਦਾ ਹੈ। ਕੂਰਮ ਪੁਰਾਣ ਅਨੁਸਾਰ ਪੁਰਸ਼ਾਂ ਵਿਚੋਂ ਇਹ ਸਾਰੇ ਵਿਅਕਤੀ 'ਗੁਰੂ' ਹੋ ਸਕਦੇ ਹਨ- ਉਪਾਧਿਆਯ, ਪਿਤਾ, ਵੱਡਾ ਭਰਾ, ਰਾਜਾ, ਮਾਮਾ, ਸਹੁਰਾ, ਰਾਖਾ, ਚਾਚਾ , ਨਾਨਾ, ਦਾਦਾ ਅਤੇ ਉੱਚ ਜਾਤੀ ਦੇ ਲੋਕ।[18] ਗੁਰੂ ਪਦ ਦੀ ਏਨੀ ਵਿਸ਼ਾਲ ਰੂਪ ਵਿਚ ਵਰਤੋਂ ਤੋਂ ਇਹ ਸਪਸ਼ਟ ਹੈ ਕਿ ਗੁਰੂ ਪਦ ਕੇਵਲ ਸਤਿਕਾਰ ਦਾ ਚਿੰਨ੍ਹ ਸੀ ਜਿਹੜਾ ਮਾਤਾ, ਪਿਤਾ, ਸੰਬੰਧੀ, ਅਧਿਆਪਕ ਕਿਸੇ ਲਈ ਵੀ ਵਰਤਿਆ ਜਾ ਸਕਦਾ ਸੀ। ਹਿੰਦੂ ਗ੍ਰੰਥਾਂ ਵਿਚ ਗੁਰੂ ਬਾਰੇ ਇਕ ਸੰਕਲਪ ਨਹੀਂ, ਨਾ ਹੀ ਇਹ ਸਪਸ਼ਟ ਹੈ ਕਿ ਕਿਸ ਗੁਰੂ ਦਾ ਦਰਜਾ ਉੱਤਮ ਹੈ। ਗੌਤਮ ਧਰਮ ਸੂਤਰ(2.57) ਅਨੁਸਾਰ ਆਚਾਰੀਯ ਹੀ ਸਭ ਤੋਂ ਉੱਤਮ ਗੁਰੂ ਹੈ। ਮਨੂ(2.146) ਅਨੁਸਾਰ ਜਿਹੜਾ ਪਿਤਾ ਵੇਦਾਂ ਦਾ ਗਿਆਨ ਦਿੰਦਾ ਹੈ, ਉਹ ਸਰਵੋਤਮ ਗੁਰੂ ਹੈ। ਯਾਸਕ ਅਨੁਸਾਰ ਅਧਿਆਪਕ ਹੀ ਗੁਰੂ ਹੈ। ਕੂਰਮ ਪੁਰਾਣ, ਵਿਸ਼ਨੂੰ ਸਿੰਮ੍ਰਿਤੀ ਅਤੇ ਬਾਲਮੀਕੀ ਰਮਾਇਣ ਵਿਚ ਮਾਤਾ, ਪਿਤਾ, ਪਤੀ, ਭਰਾ, ਸੰਬੰਧੀ, ਆਚਾਰੀਆ ਸਭ ਨੂੰ ਗੁਰੂ ਕਿਹਾ ਹੈ

---

16. Rigveda 7.10.3.;11.7.1.
17. Hindu Polity ,The Ordinances of Manu, Ludhiana:Kalyanni Publishers,1972,p.33.
18. Brij Bihari Chaubey, op.cit., p.13.

ਪਰ ਸਮੇਂ ਨਾਲ ਇਹ ਪਦ ਕੇਵਲ ਅਧਿਆਪਕ ਤਕ ਹੀ ਸੀਮਤ ਹੋ ਗਿਆ। ਪੌਰਾਣਿਕ ਅਤੇ ਤਾਂਤਰਿਕ ਧਰਮਾਂ ਦੇ ਆਗਮਨ ਨਾਲ 'ਗੁਰੂ' ਪਦ ਦੀ ਵਰਤੋਂ ਅਧਿਆਪਕ-ਗੁਰੂ, ਪਰੋਹਿਤ ਗੁਰੂ ਅਤੇ ਸੰਨਿਆਸੀ ਗੁਰੂ ਤੋਂ ਬਦਲ ਕੇ ਕਿਸੇ ਸੰਪਰਦਾ ਦੇ ਸੰਚਾਲਕ ਦੇ ਨਾਂ ਨਾਲ ਹੋਣ ਲਗ ਪਈ।

4.2 'ਤਾਂਤਰਿਕ' ਮਤਾਂ ਵਿਚ 'ਗੁਰੂ ' ਦੀ ਮਹਾਨਤਾ ਉਤੇ ਬਹੁਤ ਸਾਹਿਤ ਪ੍ਰਾਪਤ ਹੈ। 'ਗੁਰੂ' ਸ਼ਬਦ ਦੀ ਹਰੇਕ ਲਗ ਮਾਤਰ ਨੂੰ ਮਹੱਤਵਪੂਰਣ ਮੰਨ ਕੇ ਇਸ ਦੇ ਅਨੇਕਾਂ ਅਰਥ ਕੀਤੇ ਗਏ ਹਨ। ਕੁਲਰਨਵ ਤੰਤਰ ਅਨੁਸਾਰ 'ਗੁ' ਦਾ ਭਾਵ ਅੰਧੇਰਾ ਅਤੇ 'ਰੂ' ਇਸ ਉਤੇ ਕਾਬੂ ਪਾਉਣਾ ਹੈ। 'ਗੁ' ਜੋ ਇਛਾਵਾਂ ਪੂਰੀਆਂ ਕਰੇ, 'ਰ' ਪਾਪਾਂ ਨੂੰ ਨਸ਼ਟ ਕਰਨ ਵਾਲਾ ਅਤੇ 'ਉ' ਵਿਸ਼ਨੂੰ। 'ਗੁ' ਗਿਆਨ ਦਾ ਭੰਡਾਰ, 'ਰ' ਚਾਨਣ ਦੇਣ ਵਾਲਾ, 'ਉ' ਸ਼ਿਵ; ਜਿਸ ਵਿਚ ਇਹ ਗੁਣ ਹੋਣ ਉਹ ਗੁਰੂ ਇਤਿਆਦਿ ਇਤਿਆਦਿ।[19]

4.3 ਤਾਂਤਰਿਕ ਮੰਤਰ-ਵਿਧਾਨ ਵਿਚ ਗੁਰੂ ਦਾ ਸਥਾਨ ਸਰਵੋਤਮ ਹੁੰਦਾ ਹੈ ਕਿਉਂਕਿ ਮੰਤਰ-ਸਿਧੀ ਦਾ ਸਾਰਾ ਨਿਰਭਰ ਗੁਰੂ-ਤੱਤਵ ਅਤੇ ਗੁਰ-ਦੀਕਸ਼ਾ ਉਤੇ ਹੈ। ਮੁੰਡਮਾਲ ਤੰਤਰ ਅਨੁਸਾਰ ਮੰਤਰ ਦਾ ਜਨਮ ਗੁਰੂ ਤੋਂ ਹੁੰਦਾ ਹੈ, ਅਤੇ ਦੇਵਤਾ ਦਾ ਜਨਮ ਮੰਤਰ ਤੋਂ ਹੁੰਦਾ ਹੈ; ਇਸ ਲਈ ਗੁਰੂ ਦਾ ਸਥਾਨ ਇਸ਼ਟ-ਦੇਵਤਾ ਦੇ ਦਾਦੇ ਦੀ ਥਾਂ ਹੈ।[20] ਯੋਗਿਨੀ ਤੰਤਰ ਵਿਚ ਕਿਹਾ ਗਿਆ ਹੈ ਕਿ ਸਾਰੇ ਮੰਤਰਾਂ ਦਾ ਦਿਕਸ਼ਾ-ਗੁਰੂ ਆਦਿ ਨਾਥ, ਮਹਾਂ ਕਾਲ ਹੈ, ਹੋਰ ਕੋਈ ਨਹੀਂ। ਸ਼ੈਵ, ਸ਼ਾਕਤ, ਵੈਸ਼ਨਵ, ਗਣਪਤਿ, ਮਹਾਂਸ਼ਿਵ ਅਤੇ ਸੌਰ ਸਾਰੇ ਮੰਤਰਾਂ ਦਾ ਦੀਕਸ਼ਾ ਗੁਰੂ ਉਹੀ ਹੈ। ਮੰਤਰ-ਦੀਕਸ਼ਾ ਸਮੇਂ ਮਹਾਂ-ਕਾਲ ਖੁਦ ਗੁਰੂ ਦੇ ਸਰੀਰ ਵਿਚ ਪਰਵੇਸ਼ ਕਰਕੇ ਦੀਕਸ਼ਾ ਦਿੰਦਾ ਹੈ। ਇੰਜ ਦੀਕਸ਼ਤ ਸਾਧਕ ਅਤੇ ਗੁਰੂ ਦਾ ਆਦਿ-ਗੁਰੂ ਇਕੋ ਹੁੰਦਾ ਹੈ।[21] ਜਦੋਂ ਮਨੁੱਖ ਦਾ 84 ਲੱਖ ਦਾ ਗੇੜ ਸਮਾਪਤ ਹੁੰਦਾ ਹੈ, ਅਤੇ ਜੀਵ ਦੇ ਚੰਗੇ ਭਾਗਾਂ ਦਾ ਕਾਂਡ ਅਰੰਭ ਹੁੰਦਾ ਹੈ, ਤਾਂ ਭਗਵਾਨ ਮਹੇਸ਼ਵਰ ਆਪ ਗੁਰੂ ਰੂਪ ਵਿਚ ਉਸ ਦੇ ਸਾਹਮਣੇ ਪ੍ਰਗਟ ਹੁੰਦਾ ਹੈ। ਇਹ ਉਹ ਅਵਸਰ ਹੈ ਜਦੋਂ ਜੀਵ ਸਦਾ-ਸ਼ਿਵ ਨੂੰ ਸਾਖਿਆਤ ਗੁਰੂ ਰੂਪ ਵਿਚ ਵੇਖਦਾ ਹੈ। ਜਿਹੜਾ ਗੁਰੂ ਸੌ ਸਾਲ ਦੀ ਭਾਲ ਵਿਚ ਪ੍ਰਾਪਤ ਨਹੀਂ ਹੁੰਦਾ, ਉਹ ਭਾਗ ਜਾਗਣ ਤੇ ਸੁਧੇ ਸਿਧ ਪ੍ਰਾਪਤ ਹੋ ਜਾਂਦਾ ਹੈ। ਇਹ ਅਵਸਰ ਉਸ ਨੂੰ ਪਿਛਲੇ ਜਨਮਾਂ ਦੇ ਚੰਗੇ ਕਰਮ ਵਜੋਂ ਪ੍ਰਾਪਤ ਹੁੰਦਾ ਹੈ। ਸ਼ਿਵ ਦਾ ਅਤਿ ਸੂਖਮ ਤੱਤਵ ਜੋ ਇਕ ਹੈ, ਸਰਬ-ਵਿਆਪਕ ਹੈ, ਨਿਰਗੁਣ(ਨਿਸ਼ਕਲ) ਹੈ, ਅਲੇਖ, ਅਮਰ ਅਤੇ ਆਦਿ-ਅੰਤ-ਰਹਿਤ ਹੈ, ਉਹ ਪੂਜਾ ਦਾ ਇਸ਼ਟ ਕਿਵੇਂ ਬਣ ਸਕਦਾ ਹੈ? ਤੰਤਰ-ਵਿਧਾਨ ਅਨੁਸਾਰ ਇਸੇ ਲਈ ਹੀ ਉਹ ਪਰਮ-ਗੁਰੂ ਮਨੁੱਖ-ਰੂਪੀ ਗੁਰੂ ਦੇ ਸਰੀਰ ਵਿਚ ਪਰਵੇਸ਼ ਕਰਦਾ ਹੈ।[22]

---

19. M.P.Pandit(ed.) Kulkarnar Tantra (17.7-9), Madras:Ganesh and Co., 1965.
20. Arthur Avalon, Principles of Tantras,op.cit,p.529.
21. Op.cit., p.530.
22. Ibid,p.533.

ਗੁਪਤ ਸਾਧਨ ਤੰਤਰ ਵਿਚ ਕਿਹਾ ਗਿਆ ਹੈ ਕਿ ਗੁਰੂ ਹੀ ਬ੍ਰਹਮਾ, ਵਿਸ਼ਨੂੰ, ਮਹੇਸ਼ਵਰ ਹੈ।[23] ਗੁਰੂ ਤੀਰਥ, ਯੱਗ, ਦਾਨ, ਤਪਸਿਆ, ਸੂਰਜ ਹੈ ਸਾਰਾ ਬ੍ਰਹਿਮੰਡ ਗੁਰੂ ਹੀ ਹੈ।

ਵਿਸ਼ਵ ਸਾਰ ਤੰਤਰ ਅਨੁਸਾਰ ਸ਼ਾਸਤਰਾਂ ਵਿਚ ਉਸ ਗੁਰੂ ਦੀ ਉਪਮਾ ਹੈ ਜਿਹੜਾ ਸਾਰੇ ਸ਼ਾਸਤਰਾਂ ਦਾ ਗਿਆਨ ਦੇਵੇ; ਕਾਮਲ ਹੋਵੇ, ਸ਼ਾਸਤਰ-ਵਿਸ਼ੇਸ਼ੱਗ , ਮਿਠ-ਬੋਲਾ, ਸੁਣਖਾ, ਕੁਲੀਨ, ਅਨੁਸ਼ਾਸ਼ਨ ਵਾਲਾ ਸੱਚਾ, ਬ੍ਰਾਹਮਣ, ਸ਼ਾਂਤ, ਮਾਤਾ-ਪਿਤਾ ਦਾ ਆਗਿਆਕਾਰ ਅਤੇ ਆਸ਼ਰਮ ਦੇ ਨਿਯਮਾਂ ਦਾ ਧਾਰਨੀ ਹੋਵੇ।[24] ਕੁਲਰਨਵ ਤੰਤਰ ਵਿਚ ਗੁਰੂ ਦੇ ਗੁਣਾਂ ਦੀ ਬਹੁਤ ਵੱਡੀ ਸੂਚੀ ਦਿੱਤੀ ਹੋਈ ਹੈ ਜਿਨ੍ਹਾਂ ਵਿਚੋਂ ਵਿਸ਼ੇਸ਼ ਗੁਣ ਇਹ ਹਨ: ਸ਼ੁੱਧ ਵੇਸ਼; ਮਨੋਹਰ; ਸਰਵਲਕਸ਼ਨ-ਸਪੰਨ; ਸਰਵ-ਅਗਮ ਅਤੇ ਮੰਤਰ-ਵਿਧਾਨ-ਗਿਆਤਾ; ਪ੍ਰਿਆ-ਦਰਸ਼ਨ; ਸਮੁੱਖ ਸੁਲੱਭ; ਭਰਮ-ਸੰਸਾ-ਨਾਸ਼ਕ; ਉਜੱਲ; ਤ੍ਰਿਕਾਲ ਦਰਸ਼ੀ; ਵੇਧਕ; ਬੋਧਕ; ਦਇਆਲੂ; ਕਾਮ, ਕ੍ਰੋਧ, ਲੋਭ , ਮੋਹ, ਅਹੰਕਾਰ ਵਿਜੇਤਾ; ਆਗੂ; ਅਤੀ ਗੰਭੀਰ, ਸਾਧੂ; ਨਿਰਮਲ; ਨਿਤਸੰਤੁਸ਼ਟ; ਮੰਤਰ-ਸ਼ਕਤੀਮਾਨ; ਸੁਭਗਤ-ਵਤਸਲ; ਧੀਰ; ਕ੍ਰਿਪਾਲੂ; ਹਸਮੁੱਖ; ਭਗਤ-ਪ੍ਰਿਆ; ਸਖੀ; ਗੁਰੂ -ਭਗਤ; ਦੰਭ ਅਤੇ ਅਹੰਕਾਰ ਤੋਂ ਮੁਕਤ; ਗੁਣ-ਦੋਸ਼-ਵਿਭੇਦਕ; ਸਰਵ-ਸਮਾਨ-ਭਾਵ-ਸੰਯੁਕਤ; ਨਿਰ-ਦਵੰਦ; ਪੱਖਪਾਤ-ਰਹਿਤ; ਯੋਗ; ਮੰਤਰ-ਯੰਤਰ-ਤੰਤਰ ਅ-ਵਕ੍ਰੇਤਾ; ਨਿਰਲਿੱਪ; ਅਤੀ ਧਾਰਮਿਕ; ਨਿੰਦਿਆ-ਉਸਤਤ ਰਹਿਤ; ਮੋਨੀ, ਨਿਰਪੇਖ ਰੋਗ-ਰਹਿਤ ਇਤਿਆਦਿ। ਇਨ੍ਹਾਂ ਲੱਛਣਾਂ ਤੋਂ ਬਿਨਾਂ ਗੁਰੂ ਦੇ ਅਨੇਕਾਂ ਹੋਰ ਗੁਣ ਵੀ ਦਸੇ ਗਏ ਹਨ ਜਿਵੇਂ ਵਰਣ ਅਤੇ ਆਸ਼ਰਮਾਂ ਤੋਂ ਮੁਕਤ ਹੋ ਕੇ ਸਰੀਰ ਦੇ 'ਚਕਰਾਂ' ਨੂੰ ਜਾਨਣ ਵਾਲਾ , ਤੁਰੀਆ ਅਵੱਸਥਾ ਦਾ ਭੇਦੀ; ਪਰਾ, ਪਸ਼ਯੰਤੀ, ਮਾਧਿਅਮ ਅਤੇ ਵੈਖਰੀ ਦਾ ਜਾਣਕਾਰ; ਚੱਕਰ , ਮੰਤਰ ਅਤੇ ਪੂਜਾ ਦੇ ਚਿਨ੍ਹਾਂ ਨੂੰ ਵਿਚ ਨਿਪੁੰਨ ਇਤਿਆਦਿ।[25] ਪ੍ਰਤੱਖ ਹੈ ਕਿ ਇਸ ਤੰਤਰ ਵਿਚ ਸਾਰੇ ਹੀ ਉਤਮ ਗੁਣ ਗਿਣੇ ਗਏ ਹਨ। ਤਾਂਤਰਿਕ ਗ੍ਰੰਥਾਂ ਅਨੁਸਾਰ ਦਿਕਸ਼ਾ ਬਿਨਾਂ ਮੁਕਤੀ ਨਹੀਂ ਮਿਲ ਸਕਦੀ ਅਤੇ ਚੰਗੇ ਗੁਰੂ ਤੋਂ ਬਿਨਾਂ ਦਿਕਸ਼ਾ ਨਹੀਂ ਲੈਣੀ ਚਾਹੀਦੀ। ਇਸ ਲਈ ਪਰੰਪਰਾਵਾਦੀ ਗੁਰੂ ਦੀ ਭਾਲ ਕਰਨੀ ਚਾਹੀਦੀ ਹੈ। ਅਤੇ ਗੁਰੂ ਦੀ ਪਹਿਚਾਣ ਜਪੁ ਸਤੋਤਰ, ਧਿਆਨ, ਹੋਮ, ਪੂਜਾ ਇਤਿਆਦਿ ਦੀ ਪਰਖ ਤੋਂ ਹੁੰਦੀ ਹੈ। ਜੇ ਗੁਰੂ ਦਿਕਸ਼ਾ ਗ੍ਰੰਥਾਂ ਅਨੁਸਾਰ ਨਾਹ ਹੋਵੇ, ਤਾਂ ਗੁਰੂ ਅਤੇ ਚੇਲਾ ਦੋਵੇਂ ਦੰਡ ਦੇ ਭਾਗੀ ਹੁੰਦੇ ਹਨ। ਹਿੰਦੂ ਗ੍ਰੰਥਾਂ ਅਨੁਸਾਰ ਅਜੇਹਾ ਗੁਰੂ ਨਹੀਂ ਧਾਰਨ ਕਰਨਾ ਚਾਹੀਦਾ ਜਿਹੜਾ ਉਮਰ ਵਿਚ ਛੋਟਾ ਅੰਗਹੀਣ, ਸੁਕੜੂ, ਗੰਜਾ, ਵੱਡੇ ਦੰਦਾਂ ਵਾਲਾ ਰੁੱਖਾ ਨਿਪੁੰਸਕ, ਅਗਿਆਨੀ , ਕਾਮੀ, ਜ਼ਾਲਮ, ਦੰਭੀ, ਲਾਲਚੀ, ਨਾਸਤਕ, ਆਲਸੀ ਅਤੇ ਭੋਗੀ ਹੋਵੇ।[26] ਕਿਸੇ ਵਿਅਕਤੀ ਦੇ ਇਕ ਤੋਂ ਵੱਧ ਵੀ ਗੁਰੂ ਹੋ ਸਕਦੇ ਹਨ। ਕੁਲਰਨਵ

---

23. Ibid., p.536.
24. Ibid., p.540.
25. Kularnav Tantra, 13.38-110,
26. Brij Bihari Chaubey, op.cit.,p.19.

ਤੰਤਰ (13.27) ਅਨੁਸਾਰ ਸ਼ੈਵ ਮਤ ਵਿਚ ਤਿੰਨ, ਵੈਸ਼ਨਵਾਂ ਵਿਚ ਪੰਜ, ਵੇਦਾਂ ਅਤੇ ਸ਼ਾਸਤਰਾਂ ਵਿਚ ਸੋ ਗੁਰੂ ਮੰਨੇ ਗਏ ਹਨ ਪਰ ਇਕ ਕੁਲ ਦਾ ਇਕੋ ਗੁਰੂ ਹੁੰਦਾ ਹੈ।

4.4 ਗੁਰੂ ਭਗਤੀ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਹਨ ਉਹ ਕਿਸੇ ਤਰ੍ਹਾਂ ਦੇ ਕਰਮ ਕਾਂਡ, ਪੁੰਨਦਾਨ, ਤੀਰਥ ਇਸ਼ਨਾਨ, ਮੰਤਰ ਅਤੇ ਜਾਪ ਤੋਂ ਨਹੀਂ ਹੋ ਸਕਦੀਆਂ। ਸੰਸਾਰ ਦੇ ਸਾਰੇ ਪਵਿੱਤਰ ਕਰਮਾਂ ਦਾ ਸੋਮਾਂ ਗੁਰੂ ਹੈ। ਕੁਲਰਨਵ ਤੰਤਰ ਵਿਚ ਸ਼ਿਵ ਆਪਣੀ ਸਾਥਣ ਗਿਰਿਜਾ ਨੂੰ ਕਹਿੰਦਾ ਹੈ ਕਿ ਗੁਰੂ ਦੀ ਸੇਵਾ ਭਗਤੀ, ਧਨ, ਅਤੇ ਆਪਣੇ ਜੀਵਨ ਤਕ ਨਾਲ ਕਰਨੀ ਚਾਹੀਦੀ ਹੈ। ਕੇਵਲ ਗੁਰੂ ਹੀ ਜਾਣਦਾ ਹੈ ਕਿ ਕੀ ਧਰਮ ਹੈ ਅਤੇ ਕੀ ਅਧਰਮ ਹੈ। ਜਦੋਂ ਸ਼ਿਵ ਗੁਸੇ ਹੋਵੇ, ਤਾਂ ਗੁਰੂ ਰਖਵਾਲਾ ਹੁੰਦਾ ਹੈ, ਪਰ ਜੇ ਗੁਰੂ ਗੁੱਸੇ ਹੋਵੇ, ਤਾਂ ਕੋਈ ਵੀ ਨਹੀਂ ਬਚਾ ਸਕਦਾ। ਗੁਰੂ ਦੀ ਨਿੰਦਿਆ ਕਰਨੀ ਤੇ ਸੁਣਨੀ ਮਹਾਂ ਅਪਰਾਧ ਹੈ।[27] ਵਲਭਚਾਰੀਆ ਵਿਚ ਗੁਰੂ ਭਗਤੀ ਗਿਰਾਵਟ ਦੀ ਹੱਦ ਤਕ ਪਹੁੰਚੀ ਹੋਈ ਹੈ। ਸ਼ਿਸ਼ ਗੁਰੂ ਦੀ ਖੁਸ਼ੀ ਲਈ ਨਾ ਕੇਵਲ ਤਨ, ਮਨ, ਧਨ , ਸਰੀਰ ਆਤਮਾਂ ਸਭ ਕੁਝ ਅਰਪਨ ਕਰਦਾ ਹੈ "ਸਗੋਂ ਗੁਸਾਂਈ, ਜਿਸ ਨੂੰ ਉਹ ਪਰਮਾਤਮਾ ਦਾ ਪ੍ਰਤੀਨਿਧ ਮੰਨਦਾ ਹੈ, ਦੀ ਖੁਸ਼ੀ ਲਈ ਆਪਣੀ ਅਣਵਿਆਹੀ ਲੜਕੀ ਜਾਂ ਨਵ-ਵਿਆਹੀ ਇਸਤ੍ਰੀ ਦਾ ਕੰਵਾਰਾਪਣ ਵੀ ਸਮਰਪਣ ਕਰਣ ਵਿਚ ਖੁਸ਼ੀ ਪ੍ਰਤੀਤ ਕਰਦਾ ਹੈ।[28]

4.5 ਵੈਦਿਕ ਆਚਾਰੀਆ ਜ਼ਾਤਪਾਤ ਦੇ ਖਿਆਲ ਬਿਨਾਂ ਕਿਸੇ ਨੂੰ ਵੀ ਸ਼ਿਸ਼ ਬਣਾ ਸਕਦਾ ਸੀ ਪਰ ਤਾਂਤਰਿਕ ਗੁਰੂ ਕਿਸੇ ਹੋਰ ਜਾਤੀ ਵਾਲੇ ਨੂੰ ਮੰਤਰ ਨਹੀਂ ਸੀ ਦੇ ਸਕਦੀ। ਵੈਦਿਕ ਆਚਾਰੀਆ ਸਭਨਾਂ ਤੋਂ ਆਦਰ ਮਾਣ ਲੈਂਦਾ ਸੀ ਪਰ ਤਾਂਤਰਿਕ ਗੁਰੂ ਨੂੰ ਕੇਵਲ ਉਸ ਦੇ ਸ਼ਿਸ਼ ਹੀ ਗੁਰੂ ਮੰਨਦੇ ਸਨ। ਤਾਂਤਰਿਕ ਸਾਹਿਤ ਵਿਚ ਨੀਵੀਂ ਜਾਤ ਦੇ ਲੋਕਾਂ ਲਈ ਬਹੁਤ ਤ੍ਰਿਸਕਾਰ ਹੈ। ਸ਼ੂਦਰ ਆਪਣੀ ਜਾਤਿ ਦੇ ਲੋਕਾਂ ਲਈ ਵੀ ਗੁਰੂ ਨਹੀਂ ਹੋ ਸਕਦਾ। ਸ਼ਕਤਾਨੰਦ ਤਰੰਗਿਨੀ ਅਨੁਸਾਰ, "ਜੇ ਕੋਈ ਸ਼ੂਦਰ 'ਵਿਦਿਆ' ਸੁਣਦਾ ਹੈ, ਅਰਥਾਤ ਕਿਸੇ ਹੋਰ ਸ਼ੂਦਰ ਤੋਂ ਮੰਤਰ ਲੈਂਦਾ ਹੈ, ਉਹ ਅਗਲੇ ਸੰਸਾਰ ਵਿਚ ਨਰਕਾਂ ਦਾ ਭਾਗੀ ਹੁੰਦਾ ਹੈ ਅਤੇ ਨਿਰੰਤਰ ਦੁਖ ਭੋਗਦਾ ਹੈ। ਵਾਸੁਦੇਵ-ਰਹੱਸ ਵਿਚ ਕਿਹਾ ਗਿਆ ਹੈ, "ਜੇ ਕੋਈ ਸ਼ੂਦਰ ਕਿਸੇ ਹੋਰ ਸ਼ੂਦਰ ਤੋਂ ਮੰਤਰ ਸੁਣਦਾ ਹੈ, ਤਾਂ ਉਹ ਆਪਣੀਆਂ ਇਕ ਕ੍ਰੋੜ ਕੁਲਾਂ ਸਮੇਤ ਰੌਰਵ ਨਰਕ ਨੂੰ ਜਾਂਦਾ ਹੈ। ਮੰਤਰ ਲੈਣ ਅਤੇ ਦੇਣ ਵਾਲਾ, ਦੋਵੇਂ ਇਸ ਸਜ਼ਾ ਦੇ ਭਾਗੀ ਹਨ। ਮੰਤਰ ਦੇ ਹਰੇਕ ਸ਼ਬਦ ਦਾ ਉਚਾਰਨਾ ਅਤੇ ਸੁਣਨਾ

---

27. Kularnar Tantra, 12.13-14, 48-49.
28. George A. Grierson, Bhakti-Marga(art.), ERE, II, p.546.

ਬ੍ਰਾਹਮਣ-ਘਾਤ ਤੁਲ ਹੈ। ਗਿਆਨਾਨੰਦ ਤਾਰੰਗਨੀ ਵਿਚ ਅਜੇਹੇ ਅਪਰਾਧੀ ਦੀਆਂ 3 ਕ੍ਰੋੜ ਕੁਲਾਂ ਨਰਕ ਜਾਂਦੀਆਂ ਦਸੀਆਂ ਹਨ। ਕਾਮਧੇਨ ਤੰਤਰ ਅਨੁਸਾਰ ਜਿਸ ਦੇਸ਼ ਦਾ ਸ਼ੂਦਰ ਮੰਤਰ ਵੇਚਦਾ ਹੈ, ਉਹ ਦੇਸ਼ ਅਤੇ ਉਸ ਦਾ ਰਾਜਾ ਤਬਾਹ ਹੋ ਜਾਂਦੇ ਹਨ, "ਉਸ ਮਹਾਂ ਪਾਪੀ ਦੀ ਅਪਵਿਤਰ ਜ਼ਬਾਨ ਮੰਤਰ ਕਿਵੇਂ ਉਚਾਰਣ ਕਰ ਸਕਦੀ ਹੈ। ਉਸ ਦੀ ਜ਼ੁਬਾਨ ਮਲ, ਵਿਸ਼ਟਾ, ਪਿਸ਼ਾਬ ਅਤੇ ਲਹੂ ਨਾਲ ਲਿਬੜੀ ਹੋਈ ਹੈ। ਉਸ ਦਾ ਚਿਹਰਾ ਮਲ-ਮੂਤਰ ਨਿਆਈਂ ਹੈ, ਉਸ ਦਾ ਭੋਜਨ ਮਲ ਦਾ ਹੈ, ਉਸ ਦਾ ਪਾਣੀ ਪਿਸ਼ਾਬ ਹੈ ਅਤੇ ਉਹ ਜ਼ਾਤ ਦਾ ਚੰਡਾਲ ਹੈ। ਉਸ ਦੀ ਸੂਰਤ ਵੇਖ ਕੇ ਗੰਗਾ ਆਪਣੇ ਪਾਣੀਆਂ ਤੋਂ ਭੱਜ ਜਾਂਦੀ ਹੈ, ਅਤੇ ਲਖਾਂ ਤੀਰਥ ਆਪਣੇ ਅਸਥਾਨ ਛੱਡ ਦਿੰਦੇ ਹਨ। ਗੰਗਾ ਬ੍ਰਾਹਮਣ-ਘਾਤ ਨੂੰ ਤਾਂ ਪਵਿੱਤਰ ਕਰ ਸਕਦੀ ਹੈ, ਪਰ ਮੰਤਰ-ਵੇਚਣ ਵਾਲੇ ਸ਼ੂਦਰ ਦੀ, ਸੂਰਤ ਵੇਖ ਕੇ ਆਪਣਾ ਸਥਾਨ ਛੱਡ ਕੇ ਬ੍ਰਹਮ ਲੋਕ ਚਲੀ ਜਾਂਦੀ ਹੈ।[29]

## 5.1 ਗੁਰਮਤਿ ਵਿਚਾਰਧਾਰਾ

'ਗੁਰਪ੍ਰਸਾਦਿ' ਵਿਚ 'ਗੁਰੂ' ਅਤੇ 'ਗੁਰੂ ਦੀ ਕਿਰਪਾ' ਦੋ ਸੰਕਲਪ ਜਾਂ ਇਕ ਸੰਕਲਪ ਦੇ ਦੋ ਪੱਖ ਵਿਦਮਾਨ ਕੀਤੇ ਗਏ ਹਨ। ਪਰਮਾਤਮਾ ਦੀ ਪ੍ਰਾਪਤੀ ਲਈ 'ਗੁਰੂ' ਦੀ ਲੋੜ ਨੂੰ ਆਵਸ਼ਕ ਦਸਿਆ ਗਿਆ ਹੈ। '੧ਓ ਸਤਿਨਾਮ ਕਰਤਾਪੁਰਖ—......ਸੈਭੰ' ਦੀ ਪਰਾਪਤੀ ਕੇਵਲ ਗੁਰੂ ਕਿਰਪਾ ਰਾਹੀਂ ਸੰਭਵ ਹੈ। ਮਨੁੱਖ ਦੀ ਸੀਮਤ ਬੁੱਧੀ ਅਸੀਮ, ਅਲਖ, ਅਗੰਮ ਅਗੋਚਰ ਨੂੰ ਨਹੀਂ ਜਾਣ ਸਕਦੀ। ਮਨੁੱਖ ਸੀਮਤ ਹੈ, ਪਰਮਾਤਮਾ 'ਕਰਤਾਪੁਰਖ'। 'ਕਰਤੇ ਕੀ ਮਿਤਿ ਨ ਜਾਨੈ ਕੀਆ'।[30] ਗੁਰਮਤਿ ਅਨੁਸਾਰ ਅਲਖ ਨੂੰ ਲਖਿਆ ਜਾ ਸਕਦਾ ਹੈ, ਪਰ ਇਸ ਅਮਲ ਲਈ ਗੁਰੂ ਦੀ ਆਵਸ਼ਕਤਾ ਹੈ।[31] ਗੁਰੂ ਉਹ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜਿਸ ਨਾਲ ਹਰ ਥਾਂ ਵਿਆਪਕ ਪਰਮਾਤਮਾ ਪ੍ਰਤੱਖ ਨਜ਼ਰ ਆਉਣ ਲਗ ਪੈਂਦਾ ਹੈ।[32] ਗੁਰੂ ਨਾਨਕ ਦੇਵ ਅਨੁਸਾਰ ਗੁਰੂ ਪਾਰਉਤਾਰੇ ਲਈ ਬੇੜੀ, ਤੁਲਹਾ ਅਤੇ ਜਹਾਜ਼ ਹੈ, ਗੁਰੂ ਬਿਨਾਂ ਇਹ 'ਭਵਜਲ' ਨਹੀਂ ਤਰਿਆ ਜਾ ਸਕਦਾ।[33] ਗੁਰੂ ਨਾਨਕ ਦੇਵ ਦਾ ਵਿਚਾਰ ਹੈ ਕਿ ਗੁਰੂ ਤੋਂ ਬਿਨਾਂ

---

29. **Principles of Tantra, op.cit., pp.540-541.**
30. ਗਉੜੀ 5(285)
31. ਮ.3(592); ਮ.5(407)
32. ਗੁਰਿ ਦਿਖਾਇਓ ਲੋਇਨਾ - ਮ. 3(407)
33. ਗੁਰ ਪਉੜੀ ਬੇੜੀ ਗੁਰੂ – ਸਿਰੀ ੧(17), ਹੋਰ ਵੇਖੋ(18-22)

ਪਰਮਾਤਮਾ ਦੀ ਪ੍ਰਾਪਤੀ ਨਾ ਕਦੀ ਹੋਈ ਹੈ, ਨਾ ਹੀ ਹੋਣੀ ਸੰਭਵ ਹੈ। ਅਧਿਆਤਮਕ ਪੰਧ ਉਤੇ ਗੁਰੂ ਦੇ ਗਿਆਨ, ਸਹਾਇਤਾ, ਚਾਨਣ ਅਤੇ ਕਿਰਪਾਲਤਾ ਦੀ ਸਦਾ ਲੋੜ ਰਹਿੰਦੀ ਹੈ। ਗੁਰੂ ਮਨੁੱਖ ਨੂੰ ਸਾਧਾਰਨ ਜੀਵ ਤੋਂ ਦੇਵੀ-ਮਨੁੱਖ ਬਣਾ ਦਿੰਦਾ ਹੈ।[34] ਗੁਰੂ ਅੰਗਦ ਦੇਵ ਅਨੁਸਾਰ ਹਜ਼ਾਰਾਂ ਚੰਨ ਅਤੇ ਲੱਖਾਂ ਸੂਰਜ ਵੀ ਅਗਿਆਨ ਦੇ ਅਨ੍ਹੇਰੇ ਨੂੰ ਹਟਾ ਨਹੀਂ ਸਕਦੇ, ਇਹ ਕੇਵਲ ਗੁਰੂ ਦੇ ਗਿਆਨ-ਪ੍ਰਕਾਸ਼ ਰਾਹੀਂ ਹੀ ਸੰਭਵ ਹੈ।[35] ਗੁਰੂ ਦੀ ਸਿਖਿਆ ਮਤ ਵਿਚ ਰਤਨਾ ਹੀਰਿਆਂ ਵਰਗਾ ਪ੍ਰਕਾਸ਼ ਕਰਦੀ ਹੈ।[36] ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਇਤਿਹਾਸਕ ਅਤੇ ਮਿਥਿਹਾਸਕ ਪ੍ਰਸੰਗਾਂ ਰਾਹੀਂ,[37] ਵੇਦਾਂ, ਸ਼ਾਸਤਰਾਂ ਅਤੇ ਸਿੰਮ੍ਰਿਤੀਆਂ ਦੇ ਹਵਾਲਿਆਂ ਰਾਹੀਂ ਗੁਰੂ ਦੀ ਆਵਸ਼ਕਤਾ ਉਤੇ ਬਲ ਦਿਤਾ ਗਿਆ ਹੈ।[38]

5.2 ਪਰਮਾਤਮ ਅਨੁਭਵ ਵਿਚ ਅਜੇਹਾ ਕਿਉਂ ਹੁੰਦਾ ਹੈ? ਇਸ ਦਾ ਸੰਭਵ ਉਤਰ ਇਹੋ ਹੈ ਕਿ 'ਕਰਤਾਪੁਰਖ' ਦੀ ਪ੍ਰਕ੍ਰਿਤੀ ਹੀ ਅਜੇਹੀ ਹੈ ਜਿਸ ਨੂੰ ਸਿਧੇ ਸਾਧਾਰਨ ਭੌਤਿਕ ਗਿਆਨ ਇੰਦ੍ਰੀਆਂ ਰਾਹੀਂ ਜਾਣਿਆ ਨਹੀਂ ਜਾ ਸਕਦਾ। ਇਹ ਆਤਮਕ-ਗਿਆਨ ਹੈ ਜੋ ਵਿਸ਼ੇਸ਼ ਸਾਧਨਾ ਅਤੇ ਵਿਸ਼ੇਸ਼ ਘਾਲਣਾ ਦੀ ਮੰਗ ਕਰਦਾ ਹੈ। ਇਹ ਉਨ੍ਹਾਂ ਤਥਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਸਾਨੂੰ ਮੰਨਣਾ ਹੀ ਪੈਂਦਾ ਹੈ। ਸਾਡੇ ਰੋਜ਼ਾਨਾ ਜੀਵਨ ਅਨੁਭਵ ਵਿਚ ਸਾਡੇ ਪਾਸ ਕੀ ਦਲੀਲ ਹੈ ਕਿ ਪਾਣੀ ਹਾਈਡਰੋਜਨ ਅਤੇ ਆਕਸੀਜਨ ਤੋਂ ਬਣਦਾ ਹੈ; ਪਰ ਜਦੋਂ ਅਸੀਂ ਕਿਸੇ ਪ੍ਰਯੋਗਸ਼ਾਲਾ ਵਿਚ ਪਾਣੀ ਦਾ ਨਿਰੀਕਸ਼ਣ ਕਰਦੇ ਹਾਂ ਤਾਂ ਇਸ ਦੀ ਬਣਤਰ ਦੇ ਤੱਥ ਰੂਪਮਾਨਹੋ ਜਾਂਦੇ ਹਨ। ਇੰਜ ਹੀ ਇਕ ਵਿਸ਼ੇਸ਼ ਘਾਲਣਾ ਰਾਹੀਂ ਕੋਈ ਰਿਸ਼ੀ ਜਾਂ ਗੁਰੂ ਅਧਿਆਤਮਕ ਤੱਥਾਂ ਦਾ ਅਨੁੱਭਵ ਸਾਡੇ ਲਈ ਵਿਅਕਤ ਕਰਦਾ ਹੈ। ਹਕਸਲੇ ਅਨੁਸਾਰ ਭੌਤਿਕ ਪ੍ਰਯੋਗਾਂ ਰਾਹੀਂ ਕੇਵਲ ਭੌਤਿਕ ਪਦਾਰਥਾਂ ਦੀ ਪ੍ਰਕ੍ਰਿਤੀ ਤੇ ਸ਼ਕਤੀ ਜਾਣੀ ਜਾ ਸਕਦੀ ਹੈ। ਮਨ ਦੀ ਪ੍ਰਕ੍ਰਿਤੀ ਦਾ ਗਿਆਨ ਮਾਨਸਿਕ ਤੇ ਸਦਾਚਾਰਕ ਤਜਰਬਿਆਂ ਰਾਹੀਂ ਸੰਭਵ ਹੈ। ਆਤਮਿਕ ਨਿਯੰਤਰਣ ਵਿਚ ਰਹਿ ਕੇ ਹੀ ਪਰਮ-ਸੱਚ ਦਾ ਅਨੁਭਵ ਸੰਭਵ ਹੋ ਸਕਦਾ ਹੈ।[39] ਗੁਰੂ ਤੋਂ ਬਿਨਾਂ ਆਤਮਿਕ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ। ਆਤਮਕ-ਰਹੱਸ ਖੋਲ੍ਹਣ ਦੀ ਕੁੰਜੀ ਗੁਰੂ ਦੇ ਹੱਥ ਹੈ:

ਗੁਰ ਕੁੰਜੀ ਪਾਹੂ ਨਿਵਲੁ ਮਨ ਕੋਠਾ ਤਨੁ ਛਤਿ
ਨਾਨਕ ਗੁਰ ਬਿਨ ਮਨ ਕਾ ਤਾਕ ਨ ਉਘੜੈ
ਅਵਰ ਨ ਕੁੰਜੀ ਹਥ। ਵਾਰ ਸਾਰੰਗ 2(1237)

---

34. ਆਸਾ ੧(466)
35. ਮ.2(463)
36. ਜਪੁਜੀ 4(2)
37. ਭਾਈ ਰੇ ਗੁਰਬਿਨ ਗਿਆਨੁ ਨ ਹੋਇ, ਪੂਛਹੁ ਬ੍ਰਹਮੇ ਨਾਰਦੈ, ਬੇਦ ਬਿਆਸੈ ਕੋਇ। ਸਿਰੀ ਰਾਗ ੧(59)
38. ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨ ਵੇਖਹੁ ਕਰਿ ਬੀਚਾਰੀ। ਗੂ 5(495)
39. Aldouos Huxlsy, Peremnial Philosophy, op.cit., p.5.

"ਗੁਰੂ ਰੱਬ ਅਤੇ ਮਨੁੱਖ ਵਿਚਲੀ ਕੜੀ ਹੈ। ਗੁਰੂ ਪੂਰਨ-ਪੁਰਸ਼ ਹੈ ਜੋ ਮਹਾਨ ਆਤਮਾ ਦਾ ਮਾਲਕ ਹੁੰਦਾ ਹੈ ਅਤੇ ਜੋ ਆਤਮਕ-ਰਹੱਸ ਨੂੰ ਖੋਲ੍ਹਦਾ ਹੈ।[40]

6.0 ਗੁਰੂ ਦੀ ਮਹਾਨਤਾ, ਵਿਸ਼ੇਸ਼ਤਾ ਅਤੇ ਉਸ ਦੀ ਕਿਰਪਾ, ਮਿਹਰ ਦੀ ਅਨਿਵਾਰੀਯਤਾ ਤੋਂ ਕੋਈ ਵੀ ਇਨਕਾਰੀ ਨਹੀਂ ਪਰ ਮੂਲ-ਮੰਤਰ ਪਾਠ ਵਿਚ ਵਰਤੇ ਗਏ ਸਮਾਸ 'ਗੁਰਪ੍ਰਸਾਦਿ' ਦੀ ਵਿਆਖਿਆ ਬਾਰੇ ਕੁਝ ਮਤਭੇਦ ਹੈ। ਵਿਭਿੰਨ ਵਿਆਖਿਆਵਾਂ ਦੇ ਸਰਵੇਖਣ ਤੋਂ ਇਸ ਦੇ ਤਿੰਨ ਭੇਦ ਸਾਹਮਣੇ ਆਉਂਦੇ ਹਨ:

6.1 ਪਹਿਲੀ ਵਿਆਖਿਆ 'ਗੁਰਪ੍ਰਸਾਦਿ' ਨੂੰ ਇਕ ਸੁਖਦ ਮੰਨ ਕੇ ਕੀਤੀ ਗਈ ਹੈ ਜਿਸ ਅਨੁਸਾਰ 'ਗੁਰਪ੍ਰਸਾਦਿ' ਦਾ ਭਾਵ ਹੈ: 'ਗੁਰੂ ਦੀ ਕਿਰਪਾ' ਇਸ ਵਿਆਖਿਆ ਅਨੁਸਾਰ ਪਾਰਬ੍ਰਹਮ ਦਾ ਜੋ ਸਰੂਪ 'ੴ ਤੋਂ ਸੈਭੰ' ਤਕ ਵਿਅਕਤ ਹੋਇਆ ਹੈ, ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੁੰਦੀ ਹੈ। ਏਥੇ ਗੁਰੂ ਦਾ ਭਾਵ ਅਧਿਆਤਮਕ ਪੰਥ ਪਰਦਰਸ਼ਕ ਵਿਅਕਤੀਗਤ ਗੁਰੂ ਹੈ ਜਿਸ ਦੇ ਅਧਿਆਤਮਕ ਗਿਆਨ ਰਾਹੀਂ ਪਾਰਬ੍ਰਹਮ ਦੀ ਸੋਝੀ ਅਤੇ ਪ੍ਰਾਪਤੀ ਹੁੰਦੀ ਹੈ। ਕਿਉਂਕਿ 'ਪਰਮਾਤਮਾ ਦੇ ਦੈਵੀ ਹੁਕਮ ਅਨੁਸਾਰ ਨਦਰ' ਗੁਰੂ ਦਾ ਕਰਮ ਹੈ।'[41] ਪੁਰਾਤਨ ਟੀਕਾਕਾਰਾਂ —ਪੰਡਿਤ ਗੁਰਮੁਖ ਸਿੰਘ (ਗੁਰੂ ਨਾਨਕ ਸਿਧਾਂਤ ਦੀਪਿਕਾ), ਪੰਡਿਤ ਨਰੈਣ ਸਿੰਘ(ਜਪੁਜੀ ਸਾਹਿਬ ਸਟੀਕ), ਸ੍ਰਿਦਿਆਲ ਸਿੰਘ(ਜਪੁਜੀ ਸਾਹਿਬ ਸਟੀਕ), ਭਾਈ ਸੰਤੋਖ ਸਿੰਘ (ਗਰਬਗੰਜਨੀ), ਪੰਡਿਤ ਕਰਤਾਰ ਸਿੰਘ ਦਾਖਾ(ਸ੍ਰੀ ਜਪੁ-ਨਿਸਾਣ) ਆਦਿ ਨੇ 'ਗੁਰਪ੍ਰਸਾਦਿ' ਦੇ ਇਹੋ ਅਰਥ ਕੀਤੇ ਹਨ। ਆਨੰਦਘਨ ਅਨੁਸਾਰ 'ਜੇ ਗੁਰ ਕਿਰਪਾ ਕਰੇ ਤਬੀ ਤੋ ਪਰਮੇਸਵਰ ਕੀ ਪ੍ਰਾਪਤਿ ਹੋਵੈ, ਬਿਨਾ ਗੁਰ-ਕ੍ਰਿਪਾ ਪ੍ਰਮੇਸ਼ੁਰ ਕੀ ਪ੍ਰਾਪਤਿ ਨਹੀਂ।'[42]

ਆਧੁਨਿਕ ਟੀਕਾਕਾਰਾਂ ਵਿਚੋਂ ਪ੍ਰਿੰਸੀਪਲ ਸਾਹਿਬ ਸਿੰਘ ਦੀ ਵਿਆਖਿਆ ਗੁਰਬਾਣੀ-ਵਿਆਕਰਣ ਅਨੁਕੂਲ ਮੰਨੀ ਜਾਂਦੀ ਹੈ। ਉਨ੍ਹਾਂ ਅਨੁਸਾਰ ਗੁਰਪ੍ਰਸਾਦਿ ਦੇ ਅਰਥ ਹਨ: ਗੁਰੂ ਦੇ ਪ੍ਰਸਾਦ ਨਾਲ, ਗੁਰੂ ਦੀ ਕਿਰਪਾ ਨਾਲ, ਭਾਵ ਉਪਰੋਕਤ 'ੴ' ਗੁਰੂ ਦੀ ਕਿਰਪਾ ਨਾਲ (ਮਿਲਦਾ ਹੈ)।[43] ਭਾਈ ਜੋਧ ਸਿੰਘ ਅਨੁਸਾਰ ਗੁਰਪ੍ਰਸਾਦਿ ਦਾ ਅਰਥ ਹੈ: ਗੁਰੂ ਦੀ ਕਿਰਪਾ ਦੁਆਰਾ ਲਖਿਆ ਜਾ ਸਕਦਾ ਹੈ।[44] ਭਾਈ ਵੀਰ ਸਿੰਘ ਨੇ ਇਨ੍ਹਾਂ ਅਰਥਾਂ ਦੀ ਪ੍ਰੋੜ੍ਹਤਾ ਵਿਚ ਲਿਖਿਆ ਹੈ: "ਗੁਰਪ੍ਰਸਾਦਿ" ਦਾ ਅਰਥ-'ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ' —ਗੁਰਬਾਣੀ ਗੁਰਮਤਿ ਅਨੁਕੂਲ ਹੈ।"[45] ਪ੍ਰਿੰਸੀਪਲ ਤੇਜਾ ਸਿੰਘ

---

40. Dewan Singh, Mysticism of Guru Nanak, op.cit., p.243.
41. Dr. Trilochan Singh, Journal of Sikh Studies, GND Univ: Asr. February 1975, p.42.
42. ਟੀਕੇ ਆਨੰਦਘਨ, ਉਕਤ, ਪੰਨਾ 1072.
43. ਜਪੁਜੀ ਸਟੀਕ, ਪੰਨਾ 43.
44. ਗੁਰੂ ਨਾਨਕ ਬਾਣੀ, ਪੰਨਾ 19.
45. ਸੰਥਯਾ, ੧, ਪੰਨਾ 32.

(ਸ਼ਬਦਾਰਥ), ਪ੍ਰੋ: ਗੁਰਬਚਨ ਸਿੰਘ 'ਤਾਲਿਬ' (ਜਪੁਜੀ ਅੰਗ੍ਰੇਜ਼ੀ), ਜਸਟਿਸ ਤੇਜਾ ਸਿੰਘ (ਜਪੁ-ਵਿਆਖਿਆ), ਸਰਦੂਲ ਸਿੰਘ ਕਵੀਸ਼ਰ( ਸਿੱਖ ਧਰਮ ਦਰਸ਼ਨ) ਅਤੇ ਪ੍ਰਿੰਸੀਪਲ ਹਰਭਜਨ ਸਿੰਘ (ਵਿਸ਼ੇਸ਼ ਗੁਰਮਤਿ ਲੇਖ) ਨੇ ਇਹੋ ਅਰਥ ਕੀਤੇ ਹਨ। 'ਗੁਰਪ੍ਰਸਾਦਿ' ਨੂੰ ਇਕ ਸ਼ਬਦ ਮੰਨਦਿਆਂ ਸ: ਸੋਹਣ ਸਿੰਘ ਲਿਖਦੇ ਹਨ, "ਧਾਰਮਿਕ ਅਤੇ ਪਰਾਧਾਰਮਿਕ ਮਨੁੱਖਤਾ ਲਈ 'ਗੁਰੂ ਦੀ ਕਿਰਪਾ' ਸੀਮਤ ਤੋਂ ਅਸੀਮ ਵਲ ਨਿਰੰਤਰ ਬ੍ਰਹਿਮੰਡੀ ਗਤੀਸ਼ੀਲਤਾ ਦੀ ਜੁਗਤ ਹੈ।"[46]

6.2 'ਗੁਰਪ੍ਰਸਾਦਿ' ਦੇ ਦੂਜੇ ਪ੍ਰਾਪਤ ਅਰਥਾਂ ਅਨੁਸਾਰ ਵੀ 'ਗੁਰਪ੍ਰਸਾਦਿ' ਦਾ ਭਾਵ 'ਗੁਰੂ ਦੀ ਕਿਰਪਾ' ਹੈ ਪਰ ਏਥੇ ਗੁਰੂ ਦਾ ਭਾਵ ਪਾਰਬ੍ਰਹਮ ਪਰਮਾਤਮਾ ਲਿਆ ਗਿਆ ਹੈ। 'ਪ੍ਰਸਾਦਿ' ਨੂੰ ਵੀ ਦੋ ਭਾਵਾਂ ਵਿਚ ਬਿਆਨਿਆ ਗਿਆ ਹੈ:(ੳ) ਪ੍ਰਭੂ ਪ੍ਰਾਪਤੀ ਲਈ ਪਰਮਾਤਮ ਕਿਰਪਾ ਅਤੇ (ਅ) ਰਚਨਾ (ਬਾਣੀ) ਅਰੰਭ ਕਰਨ ਲਈ ਪਰਮਾਤਮਾ ਦਾ ਅਸ਼ੀਰਵਾਦ, ਕਿਰਪਾ, ਅਰਥਾਤ ਉਸ ਗੁਰੂ ਦੀ ਕਿਰਪਾ ਨਾਲ ਇਹ ਰਚਨਾ ਆਰੰਭ ਕਰਦਾ ਹਾਂ ਜਿਸ ਦੇ ਗੁਣ'ੴ' ਤੋਂ 'ਸੈਭੰ' ਤਕ ਦਿਤੇ ਹਨ।[47]
ਪਰ ਦੋਹਾਂ ਹਾਲਤਾਂ ਵਿਚ ਇਸ ਦਾ ਭਾਵ ਪਰਮਾਤਮ ਦੀ ਕਿਰਪਾ ਹੈ। ਪਹਿਲੇ ਭਾਵਾਂ ਦੀ ਪ੍ਰੋੜ੍ਹਤਾ ਵਿਚ ਡਾ: ਕੋਹਲੀ ਲਿਖਦੇ ਹਨ, "ਗੁਰਪ੍ਰਸਾਦਿ' ਵਿਚ ਗੁਰੂ ਪਦ ਸਿੱਧੇ ਰੂਹਾਨੀ ਗੁਰੂ ਪਰਮਾਤਮਾ ਲਈ ਹੈ ਜਿਸ ਨੂੰ ਗੁਰਬਾਣੀ ਵਿਚ ਆਦਿ ਅਤੇ ਜੁਗਾਦਿ ਗੁਰੂ ਕਿਹਾ ਗਿਆ ਹੈ।[48]

6.3 ਤੀਜੀ ਵਿਆਖਿਆ ਵਿਚ 'ਗੁਰ' ਅਤੇ 'ਪ੍ਰਸਾਦਿ' ਨੂੰ ਦੋ ਸੁਤੰਤਰ ਪਦ ਮੰਨ ਕੇ ਇਨ੍ਹਾਂ ਨੂੰ ਅਕਾਲ ਪੁਰਖ ਦੇ ਜਣਾਇਕ ਨਾਉਂ ਕਿਹਾ ਗਿਆ ਹੈ ਅਰਥਾਤ 'ੴ' ਸਰੂਪੀ ਪਾਰਬ੍ਰਹਮ ਗਿਆਨ ਦਾ ਦਾਤਾ ਗੁਰੂ ਭੀ ਹੈ ਅਤੇ 'ਪ੍ਰਸਾਦਿ' ਰੂਪ ਵਿਚ ਸਭ ਉਤੇ ਕਿਰਪਾ ਕਰਦਾ ਹੈ। ਡਾਕਟਰ ਸ਼ੇਰ ਸਿੰਘ ਅਨੁਸਾਰ ਸਾਰੇ ਮੂਲ-ਮੰਤਰ ਵਿਚ ਕੋਈ ਕਿਰਿਆ-ਵਾਚੀ ਪਦ ਨਹੀਂ ਹੈ, ਇਸ ਲਈ ਸ਼ਬਦ"ਪ੍ਰਸਾਦਿ' ਦੇ 'ਕਿਰਪਾ ਨਾਲ ਜਾਣਿਆ ਜਾਂਦਾ ਹੈ' ਅਰਥ ਕਰਕੇ ਆਪਣੇ ਕੋਲੋਂ ਸ਼ਬਦ ਪਾ ਕੇ ਅਰਥ ਪੂਰੇ ਕਰਨੇ ਹਨ—...ਗੁਰ ਤੇ ਪ੍ਰਸਾਦਿ ਦੋਵੇਂ ਪਦ ਆਪਣੇ ਆਪ ਵਿਚ ਦੋ ਪਦ ਹਨ, ਪੂਰਨ ਤੇ ਸੰਪੂਰਣ ਤੇ ਦੋਵੇਂ ਹੀ ਅਕਾਲਪੁਰਖ ਦੇ ਗੁਣ-ਵਾਚਕ ਨਾਉਂ ਹਨ।[49] ਡਾਕਟਰ ਤਾਰਨ ਸਿੰਘ ਅਨੁਸਾਰ ਜੇ 'ਗੁਰਪ੍ਰਸਾਦਿ' ਨੂੰ ਇਕ ਸ਼ਬਦ ਮੰਨ ਕੇ 'ਗੁਰੂ ਦੀ ਕਿਰਪਾ ਦਵਾਰਾ' ਅਰਥ ਕੀਤੇ ਜਾਣ ਤਾਂ 'ਗੁਰਪ੍ਰਸਾਦਿ' ਵਿਚ ਵਿਅਕਤ 'ਪ੍ਰਾਪਤੀ ਦਾ ਸਾਧਨ ਮੂਲ-ਮੰਤਰ ਦੇ ਸਮੁੱਚੇ ਵਿਧਾਨ ਵਿਚ ਠੀਕ ਨਹੀਂ ਬੈਠਦਾ ਕਿਉਂਕਿ ਬਾਕੀ ਸਾਰੇ ਪਦ ਪਰਮਾਤਮਾ

---

46 Sohan Singh, Mul Mantra-Some Philosophical Reflections(art.),
47. ਪ੍ਰੋ: ਕਰਤਾਰ ਸਿੰਘ, ਜਪੁਜੀ ਸਟੀਕ, ਪੰਨਾ 4. Journal of Sikh Studies 1974, p.1
48 Outlines of Sikh Thought, pp.25 and 90.
49. ਜਪੁਜੀ ਦਰਸ਼ਨ, ਪੰਨਾ 87.

ਦੇ ਵਿਸ਼ੇਸ਼ਣ ਹਨ। ਉਨ੍ਹਾਂ ਦੀ ਦੂਜੀ ਦਲੀਲ ਇਹ ਹੈ ਕਿ ਪਰਮਾਤਮਾ ਆਪ ਆਪਣੀ ਅਸਲੀਅਤ ਮਨੁੱਖ ਅਗੇ ਪ੍ਰਗਟ ਕਰਦਾ ਹੈ, ਇਹ ਆਪਾ ਪ੍ਰਗਟਾਉਣ ਦਾ ਕਾਰਜ ਹੀ ਉਸ ਦਾ ਗੁਰੂ ਹੋਣਾ ਹੈ।[50] ਡਾਕਟਰ ਵਜ਼ੀਰ ਸਿੰਘ ਨੇ 'ਗੁਰਪ੍ਰਸਾਦਿ' ਨੂੰ ਦੋ ਵੱਖ ਵੱਖ ਸ਼ਬਦ ਮੰਨਦਿਆਂ 'ਗੁਰ' ਦਾ ਅਰਥ 'ਸਭ ਦਾ ਪ੍ਰਕਾਸ਼ਦਾਤਾ' ਅਤੇ 'ਪ੍ਰਸਾਦਿ' ਦਾ ਅਰਥ 'ਸਭ ਉਤੇ ਦਇਆਵਾਨ' ਕੀਤੇ ਹਨ। ਅਤੇ ਦੋਹਾਂ ਸ਼ਬਦਾਂ ਨੂੰ ਬ੍ਰਹਮ ਦੇ ਵਿਸ਼ੇਸ਼ਣ ਦਸਿਆ ਹੈ।[51] ਡਾ: ਵਜ਼ੀਰ ਸਿੰਘ ਦੀ ਵਿਚਾਰਧਾਰਾ ਤੇ ਕਿੰਤੂ ਕਰਦਿਆਂ ਸ੍ਰ: ਨਰੈਣ ਸਿੰਘ ਲਿਖਦੇ ਹਨ ਕਿ ਜੇ ਗੁਰਬਾਣੀ ਵਿਆਕਰਣ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ 'ਗੁਰਪ੍ਰਸਾਦਿ' ਵਿਚ 'ਗੁਰ' ਨੂੰ ਨਾਂਵ ਅਤੇ ਨਾਂ ਕਿਰਿਆ ਦਾ ਦਰਜਾ ਅਤੇ ਗੁਰਪ੍ਰਸਾਦਿ 'ਪ੍ਰਸਾਦਿ' ਦਾ ਸ਼ੁੱਧ ਵਿਆਕਰਣਕ ਅਰਥ ਹੈ 'ਗੁਰੂ ਦੀ ਕਿਰਪਾ ਨਾਲ'।[52]

7.0 ਗੁਰਬਾਣੀ ਵਿਚ 'ਗੁਰੂ' ਦਾ ਸੰਕਲਪ ਜਾਣ ਲੈਣ ਉਪਰੰਤ ਇਨ੍ਹਾਂ ਵਿਆਖਿਆਵਾਂ ਵਿਚ ਕੋਈ ਮੂਲ ਵਿਰੋਧਾਭਾਸ ਨਹੀਂ ਰਹਿ ਜਾਂਦਾ। ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ ਗੁਰਮਤਿ ਵਿਚ 'ਗੁਰੂ' ਤਿੰਨ ਰੂਪਾਂ ਵਿਚ ਪ੍ਰਗਟ ਹੋਇਆ ਹੈ: (ੳ) ਬ੍ਰਹਮ ਆਪ ਪ੍ਰਥਮ ਗੁਰੂ ਹੈ।

(ਅ) ਜਿਸ ਅੰਦਰ ਉਸ ਦੀ ਜੋਤੀ ਪੂਰਨ ਤੌਰ ਤੇ ਉਘੜਦੀ ਹੈ, ਉਹ ਵੀ ਗੁਰੂ ਹੈ।

(ੲ) ਗੁਰੂ ਦੀ ਜੋਤੀ ਉਸ ਦੇ ਸ਼ਬਦ ਅੰਦਰ ਲੁਪਤ ਹੈ, ਇਸ ਲਈ ਉਹ ਵੀ ਗੁਰੂ ਹੈ।[53]

ਬਹੁਤ ਸਾਰੇ ਲੇਖਕਾਂ[54] ਨੇ 'ਗੁਰੂ' ਦੇ ਇਨ੍ਹਾਂ ਤਿੰਨਾਂ ਸਰੂਪਾਂ ਨੂੰ ਮੰਨ ਕੇ ਆਪਣੇ ਵਿਚਾਰ ਵਿਅਕਤ ਕੀਤੇ ਹਨ। ਇੰਜ ਹੀ ਗੁਰਬਾਣੀ ਵਿਚ 'ਪਰਸਾਦ' ਪਦ/ ਪਰਮਾਤਮ-ਗੁਰੂ ਦੀ ਕਿਰਪਾ ਅਤੇ ਪਰਮਾਤਮ-ਸਰੂਪ ਵਿਅਕਤੀਗਤ ਗੁਰੂ ਦੀ ਕਿਰਪਾ ਦੋਹਾਂ ਲਈ ਵਰਤਿਆ ਗਿਆ ਹੈ। 'ਗੁਰਪ੍ਰਸਾਦਿ' ਤੋਂ ਬਿਨਾਂ 'ਸਾਧ ਪ੍ਰਸਾਦਿ' 'ਸੰਤ ਪ੍ਰਸਾਦਿ', 'ਜਨ ਪ੍ਰਸਾਦਿ', ਪਦ ਨਿਰਸੰਦੇਹ ਗੁਰੂ-ਵਿਅਕਤੀ ਦੀ ਕਿਰਪਾ ਦੇ ਭਾਵ ਪ੍ਰਗਟ ਕਰਦੇ ਹਨ ਅਤੇ 'ਜਿਹ ਪ੍ਰਸਾਦਿ' 'ਜਿਸ ਪ੍ਰਸਾਦਿ' 'ਪ੍ਰਭ ਕਿਰਪਾ', 'ਤੁਅ ਪ੍ਰਸਾਦਿ' ਪਾਰਬ੍ਰਹਮ ਦੀ ਕਿਰਪਾ ਪ੍ਰਗਟ ਕਰਨ ਵਾਲੇ ਵਾਕੰਸ਼ ਹਨ। ਗੁਰੂ ਗੋਬਿੰਦ ਸਿੰਘ ਨੇ 'ਗੁਰਪ੍ਰਸਾਦਿ' ਦੀ ਥਾਂਵੇਂ 'ਤਵ-ਪ੍ਰਸਾਦਿ' ਦਾ ਪ੍ਰਯੋਗ

---

50. Dr. Taran Singh, The Nature of Guru Ship, op.cit., p.27.

51. Mulmantra and the Modern Philosophic Thoughts, Journal of Sikh Studies, GND Univ:. Amritsar, Augu,1975.

52. Journal of Sikh Studies, op. ਉਕਤ cit., Feb.1979, p.119.

53. ਡਾ: ਸ. ਸ. ਕੋਹਲੀ, ਭੂਮਿਕ 'ੳ ਦਰਸ਼ਨ' / ਪੰਨਾ 12-13

54. ਗੁਰਬਚਨ ਸਿੰਘ ਤਾਲਿਬ, ਗੁਰੂ ਨਾਨਕ(ਅੰਗ੍ਰੇਜ਼ੀ),ਉਕਤ, ਪੰਨਾ 116.
ਡਾ: ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 43.

ਕੀਤਾ ਹੈ ਜੋ ਪਾਰਮਾਤਮ-ਕਿਰਪਾ ਲਈ ਹੈ। ਅਸਲ ਵਿਚ ਪਰਮਾਤਮ ਕਿਰਪਾ ਅਤੇ ਗੁਰੂ ਕਿਰਪਾ ਇਕੋ ਅਮਲ ਦੇ ਦੋ ਪੱਖ ਹਨ। ਇਨ੍ਹਾਂ ਵਿਚ ਕੋਈ ਵਿਰੋਧਾਭਾਸ ਨਹੀਂ। ਇਹ ਗਲ ਗੁਰੂ ਦੇ ਤਿੰਨਾਂ ਸਰੂਪਾਂ ਦੀ ਵਿਆਖਿਆ ਤੋਂ ਸਪਸ਼ਟ ਹੋਜਾਵੇਗੀ।

7.1 ਗੁਰਬਾਣੀ ਅਨੁਸਾਰ ਪਰਮਾਤਮਾ ਹੀ ਸਾਰਿਆਂ ਦਾ ਆਦਿ ਗੁਰੂ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਗੁਰੂ ਸਤਿਗੁਰੂ, ਆਦਿ ਗੁਰੂ, ਜੁਗਾਦਿ ਗੁਰੂ ਵਿਸ਼ੇਸ਼ਣਾ ਰਾਹੀਂ ਸੰਬੋਧਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਪਰਮ-ਪਰਮਾਤਮਾ ਅਲਖ, ਨਿਰੰਜਨ, ਪ੍ਰਕਾਸ਼ ਰੂਪ ਪਰਮੇਸ਼ਰ ਪਾਰਬ੍ਰਹਮ ਹੀ ਉਨ੍ਹਾਂ ਦਾ ਗੁਰੂ ਹੈ।[55] ਪੁਰਾਤਨ ਅਤੇ ਵਰਤਮਾਨ ਸਮਿਆਂ ਵਿਚ ਸਾਰੇ ਗੁਰੂ ਕਿਸੇ ਨਾ ਕਿਸੇ ਦੇਹਧਾਰੀ ਗੁਰ ਤੋਂ ਦੀਖਿਆ ਪ੍ਰਾਪਤ ਕਰਦੇ ਰਹੇ ਹਨ ਪਰ ਗੁਰੂਨਾਨਕ ਦੇਵ ਦਾ ਕੋਈ ਦੇਹਧਾਰੀ ਮਨੁੱਖ ਗੁਰੂ ਨਹੀਂ ਸੀ।[56] ਕਿਸੇ ਵਿਅਕਤੀ-ਗਤ ਆਚਾਰੀਆ, ਪ੍ਰੋਹਿਤ, ਸੰਨਿਆਸੀ ਨੂੰ ਗੁਰੂ ਧਾਰਨ ਨਾ ਕਰਨਾ ਹਿੰਦੂ ਗੁਰੂ ਪਰੰਪਰਾ ਵਿਚ ਨਵੀਂ ਗਲ ਜਾਪਦੀ ਹੈ। ਪੁਰਾਤਨ ਜਨਮਸਾਖੀਆਂ ਅਨੁਸਾਰ ਵੀ ਗੁਰੂ ਨਾਨਕ ਦੇਵ ਨੂੰ ਨਾਮ ਦੀ ਦਾਤ ਪਾਰਬ੍ਰਹਮ ਦੇ ਦਰਬਾਰ ਤੋਂ ਪ੍ਰਾਪਤ ਹੋਈ। ਭਾਈ ਗੁਰਦਾਸ ਨੇ 'ਪਹਿਲਾਂ ਪਾਇਆ ਬਾਬੇ ਬਖਸ਼ੁਦਰ' ਦੀ ਸਾਖ ਭਰੀ ਹੈ। ਮੈਕਲੋਡ ਅਨੁਸਾਰ ਗੁਰੂ ਨਾਨਕ ਦੇਵ ਦੀ ਆਤਮਿਕ ਅਵਸਥਾ ਏਨੀ ਉਚੀ ਸੀ, ਅਤੇ ਉਨ੍ਹਾਂ ਦੀ ਦਿਬ-ਦ੍ਰਿਸ਼ਟੀ ਏਨੀ ਤੀਖਣ ਤੇ ਬਲਵਾਨ ਸੀ ਅਤੇ ਉਹ ਪਰਮਾਤਮਾ-ਰੰਗ ਵਿਚ ਏਨੇ ਰੰਗੇ ਹੋਏ ਸੀ , ਕਿ ਉਨ੍ਹਾਂ ਨੂੰ ਆਤਮਿਕਸਿਧੀ ਲਈ ਕਿਸੇ ਵਿਅਕਤੀਗਤ ਗੁਰੂ ਨੂੰ ਧਾਰਨ ਕਰਨ ਦੀ ਲੋੜ ਨਹੀਂ ਪਈ।[57] ਪੋਰਾਣਿਕ ਕਾਲ ਵਿਚ ਗੁਰੂ ਪਦ ਅਧਿਆਪਕ, ਪ੍ਰੋਹਤ ਅਤੇ ਸੰਨਿਆਸੀ ਗੁਰੂ ਤੋਂ ਹਟ ਕੇ ਕਿਸੇ ਸੰਪਰਦਾ ਦੇ ਸੰਚਾਲਕ ਨਾਲ ਜੁੜ ਗਿਆ ਸੀ। ਗੁਰੂ ਨਾਨਕ ਦੇਵ ਨੇ ਛੇ ਅਜੇਹੀਆਂ ਮੁੱਖ ਦਾਰਸ਼ਨਿਕ ਪਰੰਪਰਾਵਾਂ (ਸਾਂਖ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਯੋਗ, ਵੇਦਾਂਤ ਅਤੇ ਇਨ੍ਹਾਂ ਦੇ ਮੰਨੇ ਜਾਂਦੇ ਛੇ ਸੰਚਾਲਕ ਗੁਰੂਆਂ, ਕਪਲ, ਗੋਤਮ, ਕਣਾਦ, ਜੈਮਨੀ, ਪਤੰਜਲੀ , ਵਿਆਸ) ਦਾ ਜ਼ਿਕਰ ਕਰਦਿਆਂ ਇਨ੍ਹਾਂ ਸਾਰੇ ਗੁਰੂਆਂ ਦਾ ਮੂਲ ਗੁਰ ਇਕ ਪਰਮਾਤਮਾ ਮੰਨਿਆ ਹੈ।[58] ਗੁਰਮਤਿ ਅਨੁਸਾਰ ਪਰਮਾਤਮਾ ਹੀ ਸਭ ਦਾ ਪਾਲਨਹਾਰ ਹੈ ਅਤੇ ਹਰੇਕ ਹਿਰਦੇ ਵਿਚ ਵਿਆਪਕ ਹੋ ਕੇ ਪ੍ਰੇਰਨਾ ਕਰਦਾ ਹੈ।[59] ਇਹ ਉਸ ਦੀ ਪ੍ਰਕ੍ਰਿਤੀ ਹੈ ਜਿਸ ਦਾ ਪ੍ਰਗਟਾਵਾ ਰਚਨਾ-ਕਾਲ ਦੇ ਹਰੇਕ ਯੁਗ ਵਿਚ ਹੁੰਦਾ ਰਿਹਾ ਹੈ।[60]

---

55. ਸੋਰਠ੧ (599)
56. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ114.
57. Mcleod W.H., Guru Nanak and the Sikh Religion, p.119 .
58. ਛਿਅ ਘਰ ਛਿਅ ਗੁਰ ਛਿਅ ਉਪਦੇਸ, ਗੁਰੁ ਗੁਰੁ ਏਕੋ ਵੇਸ ਅਨੇਕ। ਮ.੧(12)
59. ਘਟ ਘਟ ਮਾਲਕ ਦਿਲਾਂ ਕਾ ਸਚਾ ਪਰਵਦਗਾਰ, ਤਿਲੰਗ 5(724)
60. ਨਾਨਕ ਜੁਗਿ ਜੁਗਿ ਗੁਰ ਗੋਪਾਲਾ, ਰਾਮ੧(943)

ਇਸ ਲਈ ਉਸ ਨੂੰ ਗੁਰੂ ਨਾਨਕ ਦੇਵ 'ਆਦਿ ਗੁਰੂ' ਕਹਿੰਦੇ ਹਨ,[61] ਜੋ ਤਿੰਨਾਂ ਭਵਣਾਂ ਅਰਥਾਤ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ,[62] ਸਾਰੀ ਸ੍ਰਿਸ਼ਟੀ ਦਾ 'ਕਰਤਾਪੁਰਖੁ' ਹੈ, ਆਪ ਹੀ 'ਸਤਿਗੁਰੁ' ਹੋ ਕੇ[63] ਸੇਵਕਾਂ ਨੂੰ ਆਪਣਾ; ਰਹੱਸ ਖੋਲ੍ਹਦਾ ਹੈ, ਹੋਰ ਕਿਸੇ ਰਾਹੀਂ ਇਸ ਭੇਤ ਦਾ ਗਿਆਨ ਸੰਭਵ ਨਹੀਂ। ਇਹੋ ਕਾਰਨ ਹੈ ਕਿ ਗੁਰੂ ਨਾਨਕ ਦੇਵ ਨੇ ਕਿਸੇ ਦੁਨਿਆਵੀ ਗੁਰੂ ਤੋਂ ਸਿਖਿਆ ਲੈਣੀ ਉਚਿਤ ਨਹੀਂ ਸਮਝੀ ਅਤੇ 'ਪਰਮੇਸੁਰ' ਨੂੰ ਹੀ ਆਪਣਾ ਗੁਰੂ ਧਾਰਨ ਕੀਤਾ;

ਗੁਰੂ ਪਰਮੇਸੁਰ ਨਾਨਕ ਭੇਟਿਉ ਸਾਚੇ ਸਬਦਿ ਨਿਬੇਰਾ।

ਰਾਮ੧(878)

ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਨੇ ਵੀ ਆਪਣੀ ਬਾਣੀ ਵਿਚ ਪਾਰਬ੍ਰਹਮ ਪਰਮੇਸੁਰ ਨੂੰ ਆਦਿ ਗੁਰੂ ਜੁਗਾਦਿ ਗੁਰੂ ਅਤੇ ਸਤਿਗੁਰੂ ਸ਼ਬਦਾਂ ਰਾਹੀਂ ਸੰਬੋਧਨ ਕੀਤਾ ਹੈ। ਉਨ੍ਹਾਂ ਦਾ ਪਰਮਾਤਮ ਗੁਰੂ ਸੁਜਾਣ, ਅਭੁਲ, ਅਬਿਨਾਸੀ, ਸਰਬ-ਭਰਪੂਰ, ਕਰਨ ਕਰਾਵਨਹਾਰ, ਸਗਲ ਬਿਧਿ ਮਾਲਕ, ਸਰਬ ਕਲਾ ਭਰਪੂਰ ਅਤੇ ਹਾਜ਼ਰਾਂ ਹਜ਼ੂਰ ਹੈ।[64] ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਅਨੁਸਾਰ ਇਕੋ ਪਾਰਬ੍ਰਹਮ ਪਰਮੇਸ਼ਵਰ ਨੂੰ ਹੀ ਗੁਰੂ ਮੰਨਿਆ ਹੈ:

ਆਦਿ ਅੰਤ ਏਕੈ ਅਵਤਾਰਾ, ਸੋਈ ਗੁਰੂ ਸਮਝਿਯਹੁ ਹਮਾਰਾ। (ਚੌਪਈ)

ਭਗਤ ਰਵਿਦਾਸ, ਭਗਤ ਸੰਧਨਾ, ਆਦਿ ਕਈ ਭਗਤਾਂ ਨੇ ਵੀ ਪਾਰਬ੍ਰਹਮ ਨੂੰ 'ਜਗਤ ਗੁਰੂ' ਕਿਹਾ ਹੈ।[65] ਗੁਰਮਤਿ ਵਿਚ 'ਵਾਹਿਗੁਰੂ' ਸ਼ਬਦ ਸਰਵੋਤਮ ਜਪਣਯੋਗ ਨਾਮ ਮੰਨਿਆ ਜਾਂਦਾ ਹੈ। 'ਨਾਮ ਦਾ ਜਿਨਾ ਪ੍ਰਸੰਗ ਗੁਰੂ ਸਾਹਿਬਾਂ ਦੀ ਬਾਣੀ ਵਿਚ ਪ੍ਰਾਪਤ ਹੈ ਉਸ ਦਾ ਭਾਵ 'ਵਾਹਗੁਰੂ' ਗੁਰਮੰਤਰ ਤੋਂ ਹੈ।"[66]

ਗੁਰਮਤਿ ਵਿਚ 'ਗੁਰੂ' ਦਾ ਦੂਜਾ ਸੰਕਲਪ ਗੁਰੂ ਵਿਅਕਤੀ ਹੈ। ਗੁਰਬਾਣੀ ਦੇ ਪਰਮਾਣਾਂ ਤੋਂ ਜਾਪਦਾ ਹੈ ਕਿ ਗੁਰੂ ਨਾਨਕ ਦੇਵ ਦਾ ਗੁਰੂ ਤਾਂ ਪਾਰਬ੍ਰਹਮ ਹੈ ਪਰ ਬਾਕੀ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇਵ ਨੂੰ ਹੀ ਗੁਰੂ ਮੰਨ ਕੇ ਗੁਰਬਾਣੀ ਵਿਚ ਸੰਬੋਧਨ ਕੀਤਾ ਹੈ। ਦੂਜੇ, ਤੀਜੇ , ਚੌਥੇ, ਪੰਜਵੇਂ, ਨੌਵੇਂ ਅਤੇ ਦਸਵੇਂ ਗੁਰੂ ਜੀ ਨੇ ਗੁਰੂ ਨਾਨਕ ਦੇਵ ਨੂੰ ਨਾ ਕੇਵਲ ਗੁਰੂ ਰੂਪ ਵਿਚ ਸਤਿਕਾਰਿਆ ਹੈ ਸਗੋਂ ਕਈ ਥਾਂਈਂ ਉਨ੍ਹਾਂ ਨੂੰ ਪਾਰਬ੍ਰਹਮ, ਪਰਮੇਸੁਰ, ਹਰਿ ਅਤੇ ਪਰਮਗੁਰੂ ਵੀ ਕਿਹਾ ਹੈ,[67] ਪਰ ਅਜੇਹਾ ਕਹਿਣ ਤੋਂ ਭਾਵ

---

61. ਗੁਰ ਆਦਿ ਪੁਰਖ ਹਰਿ ਪਾਇਆ। ਰਾਮ ੧(879)
62. ਤੀਨਿ ਭਵਣ ਮਹਿ ਗੁਰ ਗੋਪਾਲਾ। ਰਾਮ੧(930)
63. ਆਪੇ ਕਰਤਾ ਪੁਰਖੁ ਬਿਧਾਤਾ ....ਆਪੇ ਸਤਿਗੁਰੁ ਆਪੇ ਸੇਵਕੁ ਮਾਰੂ੧(1025)
64. ਸੂਹੀ 5(749); ਆਸਾ5(399); ਬਿ.5(802); ਸੂਹੀ4(759)
65. ਜੈਤ.ਰਵਿਦਾਸ(710), ਬਿ.ਸਧਨਾ(858)
66. Dr. Taran Singh, The Nature of Guruship, op.cit., p.27.
67. ਗੁਰ ਨਾਨਕ ਮਿਲਿਆ ਪਾਰਬ੍ਰਹਮ, ਸੂਹੀ 5(747); ਗੌਂਡ 5(865), (1389)

ਗੁਰੂ-ਤੱਤਵ ਦੀ ਵਡਿਆਈ ਹੈ, ਪੰਜ-ਭੂਤਿਕ , ਸਰੀਰ ਦੀ ਨਹੀਂ। ਗੁਰੂ ਭਾਵੇਂ ਪਾਰਬ੍ਰਹਮ ਆਪ ਨਹੀਂ ਹੁੰਦਾ, ਪਰ ਗੁਰੂ ਪਾਰਬ੍ਰਹਮ ਨਾਲ ਅਭੇਦ ਹੋਣ ਕਾਰਨ ਉਸ ਦਾ ਰੂਪ ਅਤੇ ਸਰੂਪ ਹੁੰਦਾ ਹੈ। ਦੋਹਾਂ ਵਿਚ ਪੂਰਨ ਇਕਸੁਰਤਾ ਅਤੇ ਤਦਰੂਪਤਾ ਹੁੰਦੀ ਹੈ। ਇਸ ਲਈ ਪਾਰਬ੍ਰਹਮ ਵਾਲੇ ਗੁਣ ਗੁਰੂ ਨਾਨਕ ਦੇਵ ਵਰਗੇ ਮਹਾਨ ਗੁਰੂ ਵਿਚ ਵੀ ਦਿਸ ਆਉਂਦੇ ਹਨ। ਗੁਰੂ ਦੀ ਸਾਰੀ ਵਡਿਆਈ, ਗੁਰੂ ਵਿਚ ਵਿਅਕਤ ਕੀਤੀ ਗਈ 'ਗੁਰਤਾ' ਕਾਰਨ ਹੈ ਜੋ ਗੁਰੂ ਨੂੰ ਪਰਮਾਤਮਾ ਵਲੋਂ'ਪ੍ਰਸਾਦਿ' ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਸ ਲਈ ਇਹ ਕਹਿਣਾ ਉਚਿਤ ਨਹੀਂ, ਜਿਵੇਂ ਕਿ ਡਾ: ਦਰਸ਼ਨ ਸਿੰਘ ਨੇ ਕਿਹਾ ਹੈ, ਕਿ ਬਾਕੀ ਗੁਰੂ ਸਾਹਿਬਾਨ ਦਾ ਗੁਰੂ ਨਾਨਕ ਦੇਵ ਨੂੰ ਗੁਰੂ ਮੰਨਣਾ ਸੰਭਵ ਨਹੀਂ ਜਾਪਦਾ;[68] ਨਾਂ ਹੀ ਇਹ ਵਿਚਾਰ ਠੀਕ ਹੈ, ਜਿਵੇਂ ਕਿ ਡਾ: ਰਤਨ ਸਿੰਘ ਜੱਗੀ ਨੇ ਕਿਹਾ ਹੈ ਕਿ " ਗੁਰੂ ਨਾਨਕ ਦੇਵ ਤੋਂ ਬਾਹਦ —ਗੁਰੂ ਅਸ਼ਰੀਰੀ ਤੋਂ ਸ਼ਰੀਰੀ ਹੋ ਗਿਆ ਅਤੇ ਉਸਤਤ ਤੇ ਨਿਸ਼ਠਾ ਦਾ ਕੇਂਦਰ ਬਿੰਦੂ ਨਿਰਾਕਾਰ ਦੀ ਥਾਂ ਸਾਕਾਰ ਹੁੰਦਾ ਗਿਆ।"[69] 'ਗੁਰੂ' ਪਦ ਸਰੀਰ ਲਈ ਨਹੀਂ, ਸਗੋਂ ਗੁਰੂ ਵਿਚ ਵਿਦਮਾਨ ਗੁਰੂ-ਜੋਤਿ ਲਈ ਹੈ, ਬ੍ਰਹਮ-ਗਿਆਨ ਲਈ ਹੈ। ਪਾਰਬ੍ਰਹਮ ਪਰਮਾਤਮਾ ਨੇ ਆਪ ਐਸੀ'ਬਿਧਿ' ਬਣਾਈ ਹੈ ਕਿ ਉਹ'ਗੁਰ-ਵਿਅਕਤੀ' ਰਾਹੀਂ ਆਪਣਾ ਆਪਾ ਪ੍ਰਗਟ ਕਰਦਾ ਹੈ। ਗੁਰੂ ਨਾਨਕ ਦੇਵ ਨੇ ਇਸ ਸਿਧਾਂਤ ਨੂੰ ਬੜੇ ਸਪਸ਼ਟ ਸ਼ਬਦਾਂ ਵਿਚ ਵਿਅਕਤ ਕੀਤਾ ਹੈ:

1. ਬਿਨ ਸਤਿਗੁਰ ਕਿਨੈ ਨ ਪਾਇਓ, ਬਿਨ ਸਤਿਗੁਰ ਕਿਨੈ ਨ ਪਾਇਆ।
ਸਤਿਗੁਰ ਵਿਚ ਆਪ ਰਖਿਓਨੁ, ਕਰਿ ਪ੍ਰਗਟੁ ਆਖਿ ਸੁਣਾਇਆ।

(ਆਸਾ ੧(466)

2. ਗੁਰ ਮਹਿ ਆਪੁ ਰਖਿਆ ਕਰਤਾਰੇ
ਗੁਰਮੁਖਿ ਕੋਟਿ ਅਸੰਖ ਉਧਾਰੇ। ਮਾਰੂ੧(1024)

ਗੁਰਬਾਣੀ ਵਿਚ ਇਸੇ ਲਈ ਕਿਹਾ ਗਿਆ ਹੈ ਕਿ ਗੁਰੂ ਜਨਮ ਮਰਣ ਵਿਚ ਨਹੀਂ ਹੁੰਦਾ, ਗੁਰੂ ਪਰਮਾਤਮਾ ਨਾਲ ਜੋੜਦਾ," ਗੁਰੂ ਮਨੁੱਖ ਨੂੰ 'ਜੀਅ-ਦਾਨ' ਦਿੰਦਾ ਹੈ।[70] ਵੈਸੇ ਤਾਂ ਹਰੇਕ ਮਨੁੱਖ ਦੇ ਅੰਦਰ ਪਰਮਾਤਮ-ਜੋਤਿ ਹੈ ਪਰ ਇਸ ਦੇ ਸਾਖਿਆਤ ਹੋਣ ਤੇ ਹੀ ਇਹ ਅਨੁਭਵ ਪ੍ਰਾਪਤ ਹੁੰਦਾ ਹੈ ਕਿ ਮਨੁੱਖ

---

68. **The Bhakti Tradition in India and the Sikh Gurus, Chandigarh 1968, p.147.**
69. ਗੁਰੂ ਨਾਨਕ ਦੀ ਵਿਚਾਰਧਾਰਾ, ਉਕਤ, ਪੰਨਾ326.
70. ਸੂਹੀ 5(749)

ਜੋਤਿ-ਸਰੂਪ ਹੈ। ਗੁਰੂ ਅੰਦਰ ਪਰਮਾਤਮ-ਜੋਤਿ ਪੂਰਨ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ, ਇਸੇ ਲਈ ਗੁਰੂ ਅਤੇ ਪਰਮਾਤਮਾ ਵਿਚ ਭੇਦ ਮਿਟ ਜਾਂਦਾ ਹੈ ਜਿਸ ਦੇ ਅਨੇਕਾਂ ਪਰਮਾਣ ਗੁਰਬਾਣੀ ਵਿਚ ਪ੍ਰਾਪਤ ਹਨ।[71] ਵਿਸ਼ਾਲ ਮੰਗਲਵਾਦੀ ਦਾ ਖਿਆਲ ਹੈ ਕਿ ਭਾਰਤੀ ਗੁਰੂ ਪਰੰਪਰਾ ਵਿਚ 'ਗੁਰੂ' ਦੇ ਪੱਧਰ ਨੂੰ ਪਰਮਾਤਮ ਪੱਧਰ ਤਕ ਉਚਾ ਕਰਨ ਵਾਲਾ ਕੇਵਲ ਸਿਖ ਧਰਮ ਹੈ।[72] ਗੁਰੂ ਨਾਨਕ ਦੇਵ ਅਤੇ ਪਰਮੇਸ਼ੁਰ ਦੀ ਅਭੇਦਤਾ ਦਾ ਇਕ ਹਵਾਲਾ 'ਵੇਈਂ ਪ੍ਰਵੇਸ਼' ਵਾਲੀ ਸਾਖੀ ਹੈ ਜਿਸ ਅਨੁਸਾਰ ਪਾਰਬ੍ਰਹਮ ਦਾ ਹੁਕਮ ਹੋਇਆ, "ਨਾਨਕ ਜਿਸ ਉਪਰਿ ਤੇਰੀ ਨਦਰਿ, ਤਿਸੁ ਉਪਰਿ ਮੇਰੀ ਨਦਰਿ।। ਜਿਸ ਉਪਰਿ ਤੇਰਾ ਕਰਮੁ, ਤਿਸ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮੁ ਪਰਮੇਸਰੁ, ਅਰ ਤੇਰਾ ਨਾਉ ਗੁਰੂ ਪਰਮੇਸਰੁ।"[73] ਪਰਮਾਤਮ-ਗੁਰੂ ਅਤੇ ਪਰਮਾਤਮਾ ਨਾਲ ਅਭੇਦ ਵਿਅਕਤੀਗਤ ਗੁਰੂ ਵਿਚ ਇਕਰੂਪਤਾ ਸੰਬੰਧੀ ਗੁਰ ਰਾਮਦਾਸ ਜੀ ਕਹਿੰਦੇ ਹਨ:

ਗੁਰ ਗੋਵਿੰਦੁ , ਗੋਵਿੰਦ ਗੁਰੂ ਹੈ, ਨਾਨਕ ਭੇਦ ਨ ਭਾਈ.ਆਸਾ੪।(442)

ਗੁਰੂ ਅਰਜਨ ਦੇਵ ਨੇ (ਗੂ.5.262) ਵਿਚ ਗੁਰਦੇਵ ਨੂੰ ਮਾਤਾ, ਪਿਤਾ, ਸਵਾਮੀ ਪਰਮੇਸੁਰ, ਸਖਾ, ਅਗਿਆਨ ਭੰਜਨ, ਕਰਤਾ ਆਦਿ ਜੁਗਾਦਿ ਜੁਗ ਜੁਗ ਗੁਰੰਦੇਵ ਅਤੇ ਪਾਰਬ੍ਰਹਮ ਪ੍ਰਮੇਸਰ ਕਿਹਾ ਹੈ। ਗੁਰੂ ਦੀ ਪਰਮੇਸਰ ਨਾਲ ਸਮਰੂਪਤਾ ਨੂੰ ਅੰਤਮ-ਭਾਵ ਵਾਲੀ ਹੀ ਸਮਝਣਾ ਚਾਹੀਦਾ ਹੈ। ਅਤੇ ਇਸ ਦਾ ਦੇਹਧਾਰੀ ਗੁਰੂ ਵਲ ਕੋਈ ਸੰਕੇਤ ਨਹੀਂ ਹੋ ਸਕਦਾ। ਇਹ ਸਮਰੂਪਤਾ ਰਹੱਸਮਈ ਭਾਂਤ ਦੀ ਹੈ ਜੋ ਕੇਵਲ ਆਤਮਿਕ ਅਨੰਦ ਦੀਆਂ ਘੜੀਆਂ ਵਿਚ ਹੀ ਲਖੀ ਜਾ ਸਕਦੀ ਹੈ।[74]

ਗੁਰੂ ਦਾ ਸ਼ਬਦ-ਸਰੂਪ: ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦਾ ਤੀਜਾ ਪ੍ਰਾਪਤ ਸਰੂਪ ਗੁਰ-ਸ਼ਬਦ ਹੈ। ਅਸਲ ਵਿਚ ਇਹ ਤੀਜਾ ਜਾਂ ਦੂਜਾ ਸਰੂਪ ਨਹੀਂ, ਸਭ ਤੋਂ ਪਹਿਲਾ ਹੀ ਪਰਮਾਤਮ ਸਰੂਪ ਹੈ ਜੋ ਸ਼ਬਦ-ਬ੍ਰਹਮ ਦੇ ਰੂਪ ਵਿਚ ਗੁਰੂ ਵਿਅਕਤੀ ਰਾਹੀਂ ਸਾਕਾਰ ਹੁੰਦਾ ਹੈ। ਅਸੀਂ ਤੀਜੇ ਅਤੇ ਚੌਥੇ ਕਾਂਡ ਵਿਚ ਵਿਚਾਰ ਕਰ ਆਏ ਹਾਂ ਕਿ ਸਾਰੀ ਉਤਪਤੀ ਓਅੰਕਾਰ, ਕਵਾਉ, ਨਾਮ ਜਾਂ 'ਸ਼ਬਦ' ਰਾਹੀਂ ਹੁੰਦੀ ਹੈ, ਸ਼ਬਦ ਰਾਹੀਂ ਹੀ ਪਾਰਬ੍ਰਹਮ ਪ੍ਰਗਟ ਤੇ ਪ੍ਰਕਾਸ਼ਮਾਨ ਹੋ ਰਿਹਾ ਹੈ, ਸ਼ਬਦ ਹੀ ਸਭ ਥਾਂ ਭਰਪੂਰ ਹੈ,[75] ਅਤੇ ਇਹੋ 'ਸ਼ਬਦ' ਅਸਲ ਗੁਰੂ ਤੱਤਵ ਹੈ: (ੳ) ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ --ਰਾਮ ੧(943)

---

71. ਬਿ.5(802,827); ਭੈ.5(1142,1152); ਰਾਮ5(884,886,887,897,915)
72. The World of Gurus, New Delhi: Vikas Publishing House, Pvt. Ltd. 1977, p.10.
73. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ, ਵਲਾਇਤ ਵਾਲੀ ਜਨਮ-ਸਾਖੀ, ਅੰਤਕਾ, ਪੰਨਾ8.
74. ਆਈ.ਬੀ.ਬੈਨਰਜੀ, ਖਾਲਸੇ ਦੀ ਉਤਪਤੀ, ਪਟਿਆਲਾ: ਪੰਜਾਬੀਯੂ: 1 974, ਜਿਲਦ ਪਹਿਲੀ, ਪੰਨਾ184.
75. ਜਪ.1(3), ਮਾਝ5(1003) .

(ਅ) ਸ਼ਬਦ ਗੁਰ ਦਾਤਾ ਜਿਤੁ ਮਨੁ ਰਾਤਾ – ਸੋਰਠ3(601)

ਗੁਰੂ ਨਾਨਕ ਦੇਵ ਦੇ 'ਗੁਰਪ੍ਰਸਾਦਿ' ਸਿਧਾਂਤ ਅਨੁਸਾਰ ਜਦੋਂ ਪਰਮਾਤਮ ਕਿਰਪਾ ਹੁੰਦੀ ਹੈ ਤਾਂ ਗੁਰੂ ਮਿਲਦਾ ਹੈ, ਗੁਰੂ ਦੇ ਮਿਲਾਪ ਤੋਂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਤੇ 'ਸ਼ਬਦ' ਤੋਂ ਬ੍ਰਹਮ ਤਕ ਪੁੱਜ ਸਕੀਦਾ ਹੈ। ਜਿਵੇਂ –ਉਤਪਤਿ ਪਰਲਉ ਸਬਦੇ ਹੋਵੈ (ਮਾਝ3.117) ਇਕ ਸਿਲਸਿਲਾ ਹੈ, ਤਿਵੇਂ ਜੀਵ-ਨਦਰ—— ਗੁਰੂ —— ਸ਼ਬਦ——ਬ੍ਰਹਮ ਵੀ ਇਕ ਮੁਕੰਮਲ ਸਿਲਸਲਾ ਹੈ:

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰ ਪਾਇਆ
ਏਹ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰ ਸਬਦ ਸੁਣਾਇਆ।

ਆਸਾ ੧(465)

ਸ਼ਬਦ ਪ੍ਰਭੂ ਦੀ ਆਵਾਜ਼ ਹੈ।[76] ਸ਼ਬਦ ਨਾਦ ਅਤੇ ਵੇਦ ਹੈ।[77] ਇਸ ਸ਼ਬਦ ਦਾ ਵਾਸਾ ਅਕਾਲਪੁਰਖ ਵਿਚ ਹੁੰਦਾ ਹੈ, ਰਚਨਾ ਤੋਂ ਪਹਿਲਾਂ ਵੀ ਇਹ ਸ਼ਬਦ ਅਵਿਅਕਤ ਰੂਪ ਵਿਚ ਪਾਰਬ੍ਰਹਮ ਵਿਚ ਵਿਦਮਾਨ ਸੀ, ਰਚਨਾ ਇਸ ਸ਼ਬਦ ਤੋਂ ਹੀ ਹੋਈ, ਤੇ ਸ਼ਬਦ ਹੀ ਸਾਰੇ ਦ੍ਰਿਸ਼ਟਮਾਨ ਪਸਾਰੇ ਵਿਚ ਵਿਆਪਕ ਹੋ ਕੇ ਵਰਤ ਰਿਹਾ ਹੈ।[78] ਸਾਰੇ ਮਨੁੱਖਾਂ ਵਿਚ ਵੀ ਸ਼ਬਦ ਵਰਤ ਰਿਹਾ ਹੈ: ਸਭ ਮਹਿ ਸ਼ਬਦ ਵਰਤੈ ਪ੍ਰਭ ਸਾਚਾ .ਆਸਾ੧(351) ਇਹ ਸ਼ਬਦ ਬ੍ਰਹਮ ਦਾ ਹੀ ਸਰੂਪ ਹੈ। ਇਸ ਖਿਆਲ ਤੇ ਹੀ ਸ਼ਬਦ-ਬ੍ਰਹਮ, ਅਨਹਦ-ਨਾਦ, ਨਾਮ, ਵਰਡ (word), ਲੋਗੋਸ, ਆਦਿ ਸਿਧਾਂਤ ਵਿਕਸਤ ਹੋਏ ਹਨ। ਗੁਰੂ ਇਸ ਸ਼ਬਦ ਦੇ ਗਿਆਨ ਰਾਹੀਂ ਹੀ ਜੀਵ ਦਾ ਅਗਿਆਨ-ਅਨ੍ਹੇਰਾ ਕਟਦਾ ਹੈ। ਬ੍ਰਹਮ ਦਾ ਇਹ ਸ਼ਬਦ ਹੀ ਗੁਰੂ ਅੰਦਰ ਗੁਰੂ-ਤੱਤਵ ਹੈ, ਜਿਸ ਨੂੰ ਗੁਰਬਾਣੀ ਵਿਚ ਗੁਰੂ ਪੀਰ ਕਿਹਾ ਗਿਆ ਹੈ:

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ    ਸੋਰਠ ੧(635)

ਗੁਰੂ ਨਾਨਕ ਦੇਵ ਅਨੁਸਾਰ 'ਸ਼ਬਦ' ਦੀ ਘਾੜਤ ਅਜੇਹੀ ਸੱਚੀ ਟਕਸਾਲ ਵਿਚ ਹੁੰਦੀ ਹੈ ਜਿਸ ਦੇ ਗੁਣ ਹਨ –ਜਤੁ, ਧੀਰਜ, ਬਿਬੇਕ ਬੁੱਧੀ, ਗਿਆਨ, ਘਾਲ, ਹੁਕਮ, ਪਰਮਾਤਮ ਡਰ ਅਤੇ ਪ੍ਰੇਮ ਅਤੇ ਨਦਰ।[79] ਇਸ ਸ਼ਬਦ ਦਾ ਪ੍ਰਕਾਸ਼ਮਾਨ ਸਰੂਪ ਗੁਰਬਾਣੀ, ਗੁਰੂ ਦਾ ਸ਼ਬਦ ਹੈ, ਜੋ ਸੱਚੀ ਟਕਸਾਲ ਵਿਚ ਘੜਿਆ ਗਿਆ ਹੈ। ਗੁਰਬਾਣੀ ਅਤੇ ਗੁਰੂ ਵਿਚ ਇਕਰੂਪਤਾ ਹੈ, ਸਗੋਂ ਬਾਣੀ ਹੀ ਗੁਰੂ ਦਾ ਅਸਲ ਸਰੂਪ ਹੈ:

---

76. ਸ਼ਬਦੁ ਸਤਿ ਸਤਿ ਪ੍ਰਭੁ ਬਕਤਾ
    ਸੁਰਤਿ ਸਤਿ ਸਤਿ ਜਸੁ ਸੁਨਤਾ    ਗ.5(285)
77. ਗੁਰਮੁਖ ਨਾਦੰ ਗੁਰਮੁਖ ਵੇਦੰ ਜਪੁ.2(1)
78. ਰਾਮ ੧(944,945)
79. ਜਤੁ ਪਹਾਰਾ ਧੀਰਜੁ ਸੁਨਿਆਰੁ...... ਜਪੁਜੀ 34(8).

(ੳ) ਬਾਣੀ ਗੁਰੂ ਗੁਰੂ ਹੈ ਬਾਣੀ . ਨਟ 4(982)

(ਅ) ਸਤਿਗੁਰ ਬਚਨ ਬਚਨ ਹੈ ਸਤਿਗੁਰ . ਕੌ.4(1310)

ਗੁਰੂ ਦਾ ਸ਼ਬਦ ਅਰਥਾਤ ਗੁਰਬਾਣੀ ਮਨੁੱਖ ਦੀ ਬਹੁ-ਪੱਖੀ ਸ਼ਖਸ਼ੀਅਤ ਨੂੰ ਵਿਕਾਸ-ਸ਼ੀਲ ਕਰਦੀ ਹੈ। ਗੁਰ ਸ਼ਬਦ ਦੇ ਅਭਿਆਸ ਨਾਲ ਆਪਣੇ ਆਤਮਾ ਦੀ ਪਹਿਚਾਣ ਹੁੰਦੀ ਹੈ; ਸ਼ੰਕਾਵਾਂ ਵਿਕਾਰਾਂ, ਦੁਖਾਂ, ਅਉਗਣਾਂ, ਕੁਬੁੱਧ, ਅਗਿਆਨਤਾ, ਤ੍ਰਿਸ਼ਨਾ ਅਤੇ ਡਰ ਦੀ ਨਵਿਰਤੀ ਹੁੰਦੀ ਹੈ[80] ਅਤੇ ਸਹਜ, ਟਿਕਾਉ, ਗਿਆਨ, ਲਿਵ ਦੀ ਪ੍ਰਾਪਤੀ ਹੁੰਦੀ ਹੈ,[81] ਅਤੇ ਸਹਜੇ ਸਹਜੇ ਸਿਖ ਗੁਰੂ ਅਤੇ ਪਰਮਾਤਮਾ ਨਾਲ ਇਕਰੂਪਤਾ ਪ੍ਰਾਪਤ ਕਰ ਲੈਂਦਾ ਹੈ:

ਗੁਰੂ ਸਿਖ ਸਿਖ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ। ਆਸਾ4(444)

ਜੀ.ਪਰਿੰਦਰ ਅਨੁਸਾਰ ਬ੍ਰਹਮ ਦਾ ਸ਼ਬਦ, ਗੁਰੂ ਰਾਹੀਂ ਵਿਦਮਾਨ ਹੁੰਦਾ ਹੈ। ਗੁਰੂ ਰੱਬ ਦਾ ਸ਼ਬਦ ਅਤੇ ਉਸ ਦੀ ਆਵਾਜ਼ ਹੈ। ਇਹ ਆਵਾਜ਼ ਗੁਰ ਦੇ ਸ਼ਬਦ ਰਾਹੀਂ ਪ੍ਰਗਟ ਹੁੰਦੀ ਹੈ।[82] ਸ਼ਬਦ ਉਹ ਤੱਤ ਹੈ ਜਿਸ ਨੂੰ ਪ੍ਰਾਪਤ ਕਰਕੇ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕਮਿਕ ਹੋ ਜਾਈਦਾ ਹੈ। ਗੁਰੂ ਦਾ ਸ਼ਬਦ ਵੀ ਪੂਰਨ ਅਤੇ ਅਭੁਲ ਹੈ ਕਿਉਂਕਿ ਇਹ ਪੂਰੇ ਗੁਰੂ ਰਾਹੀਂ ਵਿਦਮਾਨ ਹੁੰਦਾ ਹੈ ਜੋ ਆਪ ਪੂਰਨ ਬ੍ਰਹਮ ਨਾਲ ਇਕਮਿਕ ਹੈ।[84] ਭਾਈ ਗੁਰਦਾਸ ਅਨੁਸਾਰ ਸ਼ਬਦ ਅਤੇ ਸਤਿਗੁਰ ਇਕ-ਮਿਕ ਹਨ, ਤਦਰੂਪ ਹਨ:

ਸਤਿਗੁਰ ਮੈ ਸ਼ਬਦ ਸ਼ਬਦ ਮੈ ਸੱਤਗੁਰੁ (ਕਬਿਤ .524)

ਭਾਈ ਗੁਰਦਾਸ ਅਨੁਸਾਰ ਗੁਰੂ ਦਾ ਸਰੂਪ ਗੁਰੂ ਦਾ ਸ਼ਬਦ ਹੈ। ਸ਼ਬਦ ਹੀ ਗੁਰੂ ਦੀ ਅਸਲ ਮੂਰਤ ਹੈ:

(ੳ) ਗੁਰ ਮੂਰਤਿ ਗੁਰਸ਼ਬਦ ਹੈ —11.24.
(ਅ) ਗੁਰ ਮੂਰਤਿ ਗੁਰਸ਼ਬਦ ਹੈ
ਸਾਧ ਸੰਗਤਿ ਵਿਚ ਪਰਗਟਿਆਯਾ। 25.24.

ਗੁਰੂ ਨਾਨਕ ਦੇਵ ਅਨੁਸਾਰ ਗੁਰੂ ਦੀ ਸੇਵਾ ਗੁਰੂ ਦੇ ਸ਼ਬਦ ਦੀ ਵਿਚਾਰ ਹੈ:

ਗੁਰ ਕੀ ਸੇਵਾ ਸਬਦੁ ਵੀਚਾਰੁ
ਹਉਮੈ ਮਾਰੇ ਕਰਣੀ ਸਾਰੁ ।। ਗਉੜੀ ੧(223)

ਡਾ: ਮੋਹਣ ਸਿੰਘ ਅਨੁਸਾਰ ਸ਼ਬਦ-ਗੁਰੂ ਦਾ ਸੰਕਲਪ ਆਦਿ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਵਿਚ ਸਾਖਿਆਤ ਹੋਇਆ ਜਿਸ ਵਿਚ ਗੁਰੂ ਦੇ ਸ਼ਬਦ ਤੋਂ ਬਿਨਾਂ ਭਗਤਾਂ ਅਤੇ ਭਟਾਂ ਦਾ ਸ਼ਬਦ ਵੀ ਸ਼ਾਮਲ ਹੈ।[85]

---

80. ਰਾਮ 3(910), ਮਾਝ (3) (128), ਮਾਰੂ 3(994), ਰਾਮ੧(944), ਸੂਹੀ4(774)

81. ਬਿ. ੧(796), ਸਿਰੀ 3(29), ਰਾਮ੧(937)

82. G. Parrinder, The Nature of God, Perspectives on Guru Nanak, op. cit., p.89.

83. Kapur Singh, The Baisakhi of Guru Gobind Singh, Jullundur: Hind Pub., 1959, p.247.

84. Teja Singh, Sikhism, Its ideals and Institutions, 1951, p.18.

85. Discoveries mf in Sikh Culture, Journal of Sikh Studies, op.cit., Augu, 1974, p.42.

ਗੁਰੂ ਇਕ ਸਦੀਵੀ ਜਾਗਦੀ ਜੋਤਿ ਹੈ ਜੋ ਸ਼ਬਦ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਬਿਰਾਜਮਾਨ ਹੈ।

8.0 ਗੁਰੂ ਨਾਲ ਮਿਲਾਪ ਅਤੇ ਸ਼ਬਦ ਦੀ ਪਰਾਪਤੀ ਕੇਵਲ ਉਸ ਨੂੰ ਹੁੰਦੀ ਹੈ ਜਿਸ ਉਤੇ ਪਰਮਾਤਮ ਕਿਰਪਾ ਹੁੰਦੀ ਹੈ। ਗੁਰੂ ਨਾਨਕ ਦੇਵ ਅਨੁਸਾਰ ਨਦਰ ਤੋਂ ਬਿਨਾਂ ਸਾਰੇ ਜਪ ਤਪ, ਜੋਗ, ਲੰਮੀ ਉਮਰ ਨਵਾਂ ਖੰਡਾਂ ਵਿਚ ਪ੍ਰਸਿੱਧੀ, ਕੀਰਤੀ ਸਭ ਕੁਝ ਆਤਮ-ਸਿਧੀ ਦੇ ਆਸ਼ੇ ਤੋਂ ਅਜਾਂਈ ਹਨ,[86] ਪ੍ਰਾਪਤੀ ਕੇਵਲ 'ਨਦਰਿ' ਰਾਹੀਂ ਸੰਭਵ ਹੈ:

ਜਿਨ ਕਉ ਨਦਰਿ ਕਰਮੁ ਤਿਨ ਕਾਰ
ਨਾਨਕ ਨਦਰੀ ਨਦਰਿ ਨਿਹਾਲ। ਜਪੁ .38(8)

8.1 ਗੁਰੂ ਅਮਰ ਦਾਸ ਅਨੁਸਾਰ ਇਹ ਨਦਰਿ ਸਭਨਾ ਉਪਰ ਹੋ ਰਹੀ ਹੈ,[87] ਪਰ ਸਭ ਨੂੰ ਆਤਮ ਗਿਆਨ ਕਿਉ ਨਹੀਂ ਪ੍ਰਾਪਤ ਹੁੰਦਾ? ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮ ਦਰਸ਼ਨ ਨੂੰ ਕਿਨੇ ਹੀ ਲੋਕ ਉਤਸੁਕ ਹੁੰਦੇ ਹਨ ਪਰ ਪ੍ਰਾਪਤੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। ਕੋਈ ਵਿਰਲਾ ਹੀ ਸ਼ਬਦ ਦੀ ਪਹਿਚਾਣ ਕਰਦਾ ਹੈ।[88] ਪਰ ਐਸਾ ਕਿਉਂ ਹੈ? ਇਸ ਦਾ ਇਕ ਸੰਭਵ ਉਤਰ ਪੂਰਬਲੇ ਕਰਮ ਹਨ ਜਿਸ ਨੇ ਭਾਰਤੀ ਦਰਸ਼ਨ ਵਿਚ ਅਮਿਟ ਮੰਨਿਆ ਗਿਆ ਹੈ। ਹਰੇਕ ਕਰਮ ਦਾ ਪ੍ਰਤੀਕਰਮ ਹੈ ਅਤੇ ਮਨੁੱਖ ਕਰਮਾਂ ਪ੍ਰਤੀਕਰਮਾਂ ਦੀ ਖੇਡ ਵਿਚ ਬੱਝਾ ਆਵਾਗਉਣ ਵਿਚ ਘੁੰਮਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਅਨੁਸਾਰ 'ਪੂਰਬਲੇ ਕਰਮਾਂ' ਅਤੇ 'ਵੱਡੇ ਭਾਗਾਂ' ਦੇ ਆਧਾਰ ਤੇ ਹੀ ਮਨੁੱਖ ਗੁਰੂ ਵਲ ਪ੍ਰੇਰਤ ਹੁੰਦਾ ਹੈ।[89] ਇਹ ਪ੍ਰੇਰਨਾ ਪਰਮਾਤਮ-ਗੁਰੂ ਵਲੋਂ ਹੀ ਹੁੰਦੀ ਹੈ।[90] ਇਹ ਦੂਹਰਾ ਅਮਲ ਹੈ ਜਾਂ ਇਕੋ ਕਰਮ ਦੇ ਦੋ ਪੱਖ ਹਨ। ਪੂਰਬਲੇ ਕਰਮਾਂ ਦਾ ਫਲ ਪਰਮਾਤਮ ਕਿਰਪਾ ਹੈ, ਪਰਮਾਤਮ ਕਿਰਪਾ ਗੁਰੂ ਨਾਲ ਮਿਲਾਪ ਹੈ। ਗੁਰੂ ਸ਼ਬਦ ਦਾ ਗਿਆਨ ਦਿੰਦਾ ਹੈ ਅਤੇ ਅੰਤ 'ਪ੍ਰਸਾਦਿ' ਰਾਹੀਂ ਮਨੁੱਖ ਦਾ ਜਨਮ-ਮਰਣ ਕਟਿਆ ਜਾਂਦਾ ਹੈ। ਸਾਰਾ ਅਮਲ ਪ੍ਰਸਾਦਿ ਤੋਂ ਸ਼ੁਰੂ ਹੋ ਕੇ ਪ੍ਰਸਾਦਿ ਤੇ ਹੀ ਸਮਾਪਤ ਹੁੰਦਾ ਹੈ। ਫਿਰ 'ਕਰਮ' ਅਤੇ 'ਵੱਡੇ ਭਾਗ' ਤੋਂ ਕੀ ਭਾਵ ਹੈ? ਅਤੇ 'ਕਰਮ' ਅਤੇ ਨਦਰਿ' ਵਿਚੋਂ ਕਿਹੜਾ ਉਤਮ ਅਤੇ ਪ੍ਰਬਲ ਹੈ?

8.2 ਭਗਤ ਬਾਣੀ ਵਿਚ 'ਲੇਖ ਨਾ ਮਿਟਈ ਹੇ ਸਖੀ' ਵਰਗੇ ਕਈ ਪਰਮਾਣ ਪ੍ਰਾਪਤ ਹਨ। ਗੁਰੂ ਸਾਹਿਬਾਨ ਨੇ ਵੀ 'ਕਰਮੀ ਕਰਮੀ ਹੋਇ ਵੀਚਾਰ ' ਕਹਿ ਕੇ ਕਰਮ-ਪ੍ਰਤੀਕਰਮ ਦੇ ਤੱਥ ਨੂੰ ਮੰਨਿਆ ਹੈ। ਭਾਰਤੀ ਦਰਸ਼ਨ ਵਿਚ ਕਰਮ-ਸਿਧਾਂਤ ਦੀ ਪ੍ਰਧਾਨਤਾ ਹੈ ਪਰ ਗੁਰਮਤਿ ਵਿਚ 'ਕਰਮ' ਨੂੰ 'ਪ੍ਰਸਾਦਿ' ਦੇ ਅਧੀਨ

---

86. ਜੇ ਜੁਗ ਚਾਰੇ ਆਰਜਾ —... ਜਪੁ 7.(2)
87. ਸਭਨਾ ਉਪਰਿ ਨਦਰਿ ਪ੍ਰਭ ਤੇਰੀ , ਮਾਝ 3(119)
88. ਤੇਰੇ ਦਰਸ਼ਨ ਕਉ ਕੇਤੀ ਬਿਲਲਾਇ, ਵਿਰਲਾ ਕੋ ਚੀਨਸ , ਗੁਰਸਬਦਿ ਮਿਲਾਇ। ਬਸੰਤ੧(1188)
89. ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ - ਮ.੧(421)
ਵਡੈ ਭਾਗ ਸਤਿਗੁਰੁ ਮਿਲੈ - ਮ.੧(421)
90. ਨਦੰਰਿ ਕਰੇ ਤਾ ਗੁਰੂ ਮਿਲਾਏ ਮਾਰੂ 3(1054)

ਰਖਿਆ ਹੈ। ਪ੍ਰਸਾਦਿ ਕਰਮਾਂ ਉਤੇ ਨਿਰਭਰ ਨਹੀਂ, ਪਰ ਕਰਮਾਂ ਦੀ ਪਰਵਾਨਗੀ 'ਨਦਰ' ਬਿਨਾਂ ਨਹੀਂ ਹੁੰਦੀ, ਨਾਹੀ ਨਦਰ ਤੋਂ ਬਿਨਾਂ ਕਿਰੇ ਕਰਮਾਂ ਨਾਲ ਮੁਕਤੀ ਸੰਭਵ ਹੈ।

8.3 ਨਵੀਂ ਇੰਜੀਲ ਵਿਚ 'ਪ੍ਰਸਾਦ' ( Grace ) ਨੂੰ ਪਰਮਾਤਮਾ ਦੀ ਸਦਭਾਵਨਾ ਅਤੇ ਸਹਾਇਤਾ ਦੇ ਅਰਥਾਂ ਵਿਚ ਲਿਆ ਗਿਆ ਹੈ। ਈਸਾਈ ਧਰਮ ਅਨੁਸਾਰ ਮਨੁੱਖ ਦੇ ਪਹਿਲੇ ਗੁਨਾਹ ਨਾਲ ਉਸ ਦੀ ਗਿਰਾਵਟ ਸ਼ੁਰੂ ਹੋ ਜਾਂਦੀ ਹੈ। 'ਜੇ ਮਨੁੱਖੀ ਸੁਭਾਵ ਏਨਾ ਕਮਜ਼ੋਰ ਸੀ, ਜਿਵੇਂ ਕਿ ਉਸ ਦੇ ਪਹਿਲੇ ਮੂਲ ਗੁਨਾਹ ਤੋਂ ਸਿੱਧ ਹੈ, ਤਾਂ ਮਨੁੱਖ ਕੇਵਲ ਆਪਣੇ ਬਲ ਬੋਤੇ ਕਿਵੇਂ ਰੱਬ ਵਲ ਪ੍ਰੇਰਤ ਹੋ ਸਕਦਾ ਹੈ, ਅਤੇ ਬਖਸ਼ਿਆ ਜਾ ਸਕਦਾ ਹੈ?'[91] ਇਸ ਦਾ ਹਲ ਰੱਬੀ ਕਿਰਪਾ ਵਿਚ ਲਭਿਆ ਗਿਆ, ਅਰਥਾਤ ਰੱਬ ਮਨੁੱਖਾਂ ਨੂੰ ਆਪਣੇ ਵਲ ਲਾਉਣ ਦੀ ਆਪ ਪ੍ਰੇਰਨਾ ਕਰਦਾ ਹੈ। ਇਸਲਾਮ ਵਿਚ ਅੱਲਾ ਦੇ 'ਰਹਿਮਾਨ' ਅਤੇ 'ਰਹੀਮ' ਗੁਣਾਂ ਦੀ ਸਰਬ ਵਿਦਮਾਨਤਾ ਦਸੀ ਹੈ।ਅੱਲਾ 'ਗਫ਼ੂਰ' ਹੈ ਜੋ ਮਨੁੱਖ ਦੇ ਸਾਰੇ ਗੁਨਾਹ ਮਾਫ਼ ਕਰ ਦਿੰਦਾ ਹੈ। ਹਿੰਦੂ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਕਰਮਾਂ ਦਾ ਪ੍ਰਤੀਕਰਮ ਅਵੱਸ਼ ਹੁੰਦਾ ਹੈ। ਮਨੁੱਖ ਦਾ ਨੀਵੀਂ ਕੁਲ ਵਿਚ ਜਨਮ ਉਸ ਦੇ ਪਿਛਲੇ ਕਰਮਾਂ ਦਾ ਸਿੱਟਾ ਹੈ।

8.4 ਭਗਤੀ ਲਹਿਰ ਨੇ ਮਨੁੱਖ ਅੰਦਰ ਰੱਬੀ ਪਿਆਰ , ਰੱਬੀ ਵਿਸ਼ਵਾਸ਼, ਅਤੇ ਰੱਬੀ ਮਿਹਰ ਦੀ ਭਾਵਨਾ ਪੈਦਾ ਕੀਤੀ ਜਿਸ ਦਾ ਕਰਮ ਸਿਧਾਂਤਾਂ ਉਤੇ ਡੂੰਘਾ ਅਸਰ ਹੋਇਆ। ਭਗਤੀ ਲਹਿਰ ਨੇ ਇਹ ਵਿਸ਼ਵਾਸ ਦਿਤਾ ਕਿ ਪਰਮਾਤਮ-ਕਿਰਪਾ ਕਰਮਾਂ ਦੇ ਲੰਮੇ ਚੱਕਰ ਨੂੰ ਸਮਾਪਤ ਕਰ ਸਕਦੀ ਹੈ ਅਤੇ ਪਿਛਲੇ ਜਨਮਾਂ ਦੇ ਕਰਮਾਂ ਦੇ ਬਾਵਜੂਦ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਸਾਦ ਮਨੁੱਖ ਦਾ ਪਰਮਾਤਮਾ ਅੱਗੇ ਆਪਾ ਸਮਰਪਨ ਹੈ। ਕਈ ਭਗਤਾਂ ਨੇ ਪਰਸਾਦ ਅਤੇ ਕਰਮ ਸਿਧਾਂਤ ਨੂੰ ਹੈਂਦਰੂਪ ਭਾਵ ਵਿਚ ਵੇਖਿਆ ਹੈ। ਉਨ੍ਹਾਂ ਅਨੁਸਾਰ ਪੂਰਬਲੇ ਕਰਮਾਂ ਦਾ ਪ੍ਰਤੀਕਰਮ ਜਾਂ ਪੂਰਵ-ਹੋਣੀ ਹੀ 'ਪ੍ਰਸਾਦ' ਦਾ ਰੂਪ ਧਾਰਨ ਕਰਦੀ ਹੈ। 'ਮਾਧਵ ਅਨੁਸਾਰ ਪਰਮਾਤਮਾ ਆਪ ਮਨੁੱਖ ਦੇ ਕਰਮਾਂ ਅਨੁਸਾਰ ਉਸ ਦੀਆਂ ਅੰਤ੍ਰੀਵ ਰੁਚੀਆਂ ਅਤੇ ਭਾਵਨਾਵਾਂ ਨੂੰ ਪ੍ਰੇਰਤ ਕਰਦਾ ਹੈ ਅਤੇ ਇਸ ਪ੍ਰੇਰਨਾ ਅਧੀਨ ਕੀਤੇ ਕਰਮਾਂ ਅਨੁਸਾਰ ਮਨੁੱਖ ਮੁਕਤੀ ਜਾਂ ਪੁਨਰਜਨਮ ਪ੍ਰਾਪਤ ਕਰਦਾ ਹੈ।'[92] ਭਗਤੀ ਮਾਰਗ ਦੇ ਚਿੰਤਕ ਇਸ ਮਾਮਲੇ ਤੇ ਵੰਡੇ ਹੋਏ ਸਨ। ਇਕ ਵਿਚਾਰ ਇਹ ਸੀ ਕਿ ਮੁਕਤੀ ਨਿਰੋਲ ਰੱਬ ਦੀ ਕਿਰਪਾ ਹੈ। ਦੂਜੀ ਵਿਚਾਰ ਅਨੁਸਾਰ ਚੰਗੇ ਕਰਮਾਂ ਲਈ ਉਪਰਾਲਾ ਅਤੇ ਸਦਾਚਾਰਕ ਗੁਣਾਂ ਦੇ ਗ੍ਰਹਿਣ ਕੀਤੇ ਬਿਨਾਂ ਪ੍ਰਭੂ ਕਿਰਪਾ ਦਾ ਪਾਤਰ ਨਹਾਂ ਬਣਿਆ ਜਾ ਸਕਦਾ। ਰਾਮਾਨੁਜ ਦੇ ਅਨੁਆਈ ਇਸ ਵਿਚਾਰ-ਅੰਤਰ ਕਾਰਨ ਦੋ ਧਿਰਾਂ,

---

91. Brandon, S.G.F.(ed.)A Dictionary ofComparative Religion,Lon.70, p.310.
92. Brandon, op.cit., p.311.
~~93. Mcleod, op.cit., p.205.~~
~~94. J.S.Grewal,Guru Nanak in History, Chandigarh , P.U.,1969, p.257.~~

ਤਨਗਲਾਈ ਅਤੇ ਵਡਗਲਾਈ, ਵਿਚ ਵੰਡੇ ਗਏ। ਵਡਗਲਾਈ ਕਹਿੰਦੇ ਹਨ ਕਿ ਕਿਰਪਾ ਦੇ ਪਾਤਰ ਬਣਨ ਲਈ ਪਹਿਲਾਂ ਚੰਗੇ ਕਰਮ ਕਰਨੇ ਚਾਹੀਦੇ ਹਨ। ਮਹਾਂਯਾਨ ਬੋਧੀਆਂ, ਵਿਸ਼ੇਸ਼ ਕਰਕੇ, 'ਅਜੀਵਕਾਂ' ਨੇ ਪੂਰਵ-ਹੋਣੀ ਸਿਧਾਂਤ ਨੂੰ ਮੰਨਿਆ ਹੈ। ਇਸ ਵਿਚ 'ਪ੍ਰਸਾਦਿ' ਅਤੇ 'ਕਿਰਪਾ' ਦੀ ਕੋਈ ਥਾਂ ਨਹੀਂ।

8.5 ਵਿਸ਼ੇਸ਼ ਤੌਰ ਤੇ ਹਿੰਦੂ ਵਿਧਾਨ ਵਿਚ ਪਰਮਾਤਮ-ਕਿਰਪਾ ਦਾ ਇਕ ਲਛਣ ਇਹ ਮੰਨਿਆ ਜਾਂਦਾ ਹੈ ਕਿ ਪਰਮਾਤਮਾ ਆਪਣੀ ਕਿਰਪਾ-ਦ੍ਰਿਸ਼ਟੀ ਕਾਰਨ ਸਮੇਂ ਸਮੇਂ ਅਵਤਾਰਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਹਿੰਦੂ ਧਰਮ, ਮਹਾਂਯਾਨੀ ਬੁੱਧ ਮੱਤ, ਈਸਾਈਅਤ ਅਤੇ ਇਸਲਾਮ ਦੇ ਪ੍ਰਮਾਣੀਕ ਵਿਆਖਿਆਕਾਰਾਂ ਨੇ ਮੰਨਿਆ ਹੈ ਕਿ ਪਰਮਾਤਮਾ ਮਨੁੱਖ ਰੂਪ ਵਿਚ ਸੰਸਾਰ ਤੇ ਅਵਤਾਰ ਧਾਰਦਾ ਹੈ। ਹਿੰਦੂਆਂ ਵਿਚ ਰਾਮ ਅਤੇ ਕ੍ਰਿਸ਼ਨ ਵਿਸ਼ਨੂੰ ਭਗਵਾਨ ਦੇ ਅਵਤਾਰ ਹਨ, ਈਸਾਈਆਂ ਵਿਚ ਈਸਾ ਰੱਬ ਦਾ ਇਕੋ ਇਕ ਅਵਤਾਰ ਹੋਇਆ ਹੈ। ਮੁਸਲਮਾਨਾਂ ਵਿਚ ਮੁਹੰਮਦ ਸਾਹਿਬ ਆਖਰੀ ਪੈਗੰਬਰ ਸਨ। ਸਿਖ ਵਿਚਾਰਧਾਰਾ ਵਿਚ ਅਵਤਾਰਵਾਦ ਦਾ ਖੰਡਨ ਹੈ। ਸਿਖ ਗੁਰੂ ਬ੍ਰਹਮ ਨਾਲ ਇਕਮਿਕ [illegible] ਬ੍ਰਹਮ-ਸਰੂਪ ਹੁੰਦੇ ਹੋਏ ਵੀ ਬ੍ਰਹਮ ਦਾ ਅਵਤਾਰ ਜਾਂ ਆਪ ਬ੍ਰਹਮ ਨਹੀਂ ਸਨ। ਗੁਰਮਤਿ ਅਨੁਸਾਰ ਬ੍ਰਹਮ ਅਜੂਨੀ ਹੈ। ਪਾਰਬ੍ਰਹਮ ਦੀ ਨਦਰ 'ਅਵਤਾਰ ਰਾਹੀਂ ਨਹੀਂ, ਸਗੋਂ ਗੁਰੂ ਰਾਹੀਂ ਪ੍ਰਗਟ ਹੁੰਦੀ ਹੈ ਜੋ ਸ਼ਬਦ ਦਾ ਉਪਦੇਸ਼ ਦਿੰਦਾ ਹੈ। ਪਾਰਬ੍ਰਹਮ ਅਤੇ ਗੁਰੂ ਦੀ ਨਦਰ ਹਰੇਕ ਮਨੁੱਖ ਉੱਤੇ ਹੁੰਦੀ ਹੈ। ਬ੍ਰਹਮ ਮਨੁੱਖ ਰੂਪ ਵਿਚ ਨਹੀਂ, ਸ਼ਬਦ-ਰੂਪ ਵਿਚ ਪ੍ਰਗਟ ਹੁੰਦਾ ਹੈ। ਸ਼ਬਦ ਗੁਰੂ ਰਾਹੀਂ ਬ੍ਰਮਾਨ ਹੁੰਦਾ ਹੈ। ਸ਼ਬਦ ਦੀ ਪ੍ਰਾਪਤੀ ਹੀ ਗੁਰੂ ਅਤੇ ਪਾਰਬ੍ਰਹਮ ਦੀ ਕਿਰਪਾ ਦਾ ਚਿੰਨ੍ਹ ਹੈ।

8.6 ਗੁਰਮਤਿ ਨੇ ਕਰਮਾਂ ਦੀ ਸਾਰਥਕਤਾ ਨੂੰ ਰੱਦ ਨਹੀਂ ਕੀਤਾ ਪਰ 'ਨਦਰਿ' ਨੂੰ ਕਰਮਾਂ ਉਤੇ ਹਾਵੀ ਦਸਿਆ ਹੈ। ਉਪਰੀ ਨਜ਼ਰੇ 'ਕਰਮ' ਅਤੇ 'ਨਦਰ' ਵਿਚ ਵਿਰੋਧਾਭਾਸ ਦਿਸਦਾ ਹੈ। ਕਿਉਂਕਿ ਜੇ ਨਬੇੜਾ ਕਰਮਾਂ ਦੇ ਆਧਾਰ ਤੇ ਹੀ ਹੋਣਾ ਹੈ ਤਾਂ 'ਨਦਰਿ' ਦੀ ਕੀ ਲੋੜ ਹੈ? ਜੇ 'ਨਦਰਿ' ਨੇ ਹੀ ਮਿਲਾਪ ਬਖਸ਼ਣਾ ਹੈ, ਤਾਂ ਕਰਮਾਂ ਦਾ ਕੀ ਅਰਥ ਹੈ? ਗੁਰੂ ਨਾਨਕ ਦੇਵ ਅਨੁਸਾਰ ਚੰਗੇ ਕਰਮਾਂ ਨਾਲ ਮਨੁੱਖ ਨੂੰ ਇਹ ਜੀਵਨ ਪ੍ਰਾਪਤ ਹੁੰਦਾ ਹੈ, ਗੁਰੂ ਵਲ ਜਾਣ ਦੀ ਪ੍ਰੇਰਨਾ ਮਿਲਦੀ ਹੈ ਪਰ 'ਮੋਖ-ਦੁਆਰ' ਉਸ ਦੀ ਕਿਰਪਾ ਦੇ ਪਾਤਰ ਬਣ ਕੇ ਹੀ ਪ੍ਰਾਪਤ ਹੁੰਦਾ ਹੈ:

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ । ਜਪੁਜੀ 3(2)

ਗੁਰਮਤਿ ਵਿਚ ਕਰਮ-ਸਿਧਾਂਤ ਨਾਲੋਂ ਹੁਕਮਿ-ਸਿਧਾਂਤ ਵਧੇਰੇ ਸ਼ਕਤੀਸ਼ਾਲੀ ਦਸਿਆ ਹੈ। ਹੁਕਮਿ ਤੋਂ ਹੀ ਸਾਰੀ ਖੇਡ ਹੋਂਦ ਵਿਚ ਆਉਂਦੀ ਹੈ, ਹੁਕਮਿ ਅਨੁਸਾਰ ਹੀ ਦੁਖ, ਸੁਖ, ਵਡਿਆਈ ਅਤੇ ਬਖਸ਼ਸ਼, ਨਦਰ, ਦੀ ਪ੍ਰਾਪਤੀ ਹੁੰਦੀ ਹੈ। ਹੁਕਮਿ-ਅਨੁਸਾਰੀ ਜੀਵਨ ਵਿਚ ਕਰਮਾਂ ਦਾ ਪਿਛਲਾ ਲੇਖਾ-ਪਤਾ ਮੁੱਕ ਸਕਦਾ ਹੈ ਪਰ "ਇਕ ਅਜੇਹਾ ਨੁਕਤਾ ਹੈ ਜਿਸ ਤੋਂ ਅੱਗੇ ਮਨੁੱਖ ਦੀ ਅਕਲ ਤੇ ਅਮਲ ਨਹੀਂ ਜਾ ਸਕਦੇ।"[93] ਇਕ ਵਿਸ਼ੇਸ਼

---

93. Mcleod, op.cit., p.205.

ਪੱਧਰ ਤੇ ਪੁੱਜੀ ਮਨੁੱਖੀ ਬੁਧੀ ਅਗੇ ਚਲਣ ਯੋਗ ਨਹੀਂ ਰਹਿੰਦੀ। ਏਥੋਂ ਅਗੇ ਨਦਰ ਨਾਲ ਹੀ ਤੁਰਿਆ ਜਾ ਸਕਦਾ ਹੈ।[94] ਪਾਰ ਦੀ ਝਲਕ ਕੇਵਲ ਨਦਰ ਰਾਹੀਂ ਸੰਭਵ ਹੈ। ਪਰਮਾਤਮਾ ਦਾ ਵਾਸਾ ਸਭਨਾ ਹਿਰਦਿਆਂ ਵਿਚ ਹੈ ਪਰ ਇਹ ਪ੍ਰਗਟ ਕੇਵਲ ਉਨ੍ਹਾਂ ਹਿਰਦਿਆਂ ਵਿਚ ਹੁੰਦਾ ਹੈ ਜਿਨ੍ਹਾਂ ਉੱਤੇ ਉਸ ਦੀ ਕਿਰਪਾ ਹੁੰਦੀ ਹੈ:

ਸਭ ਮਹਿ ਵਰਤੈ ਏਕੋ ਸੋਇ
ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ । ਰਾਮ.੧(931)

ਸਾਰਿਆਂ ਹਿਰਦਿਆਂ ਵਿਚ ਪ੍ਰਭੂ ਮੌਜੂਦ ਹੈ ਪਰ ਮਨੁੱਖ ਮਾਇਆ ਅਤੇ ਹਉਮੈ ਕਾਰਨ ਇਸ ਮੌਜੂਦਗੀ ਤੋਂ ਅਗਿਆਨੀ ਹਨ। ਇਹ ਅਗਿਆਨਤਾ ਹੀ ਮਨੁੱਖ ਦੇ ਦੁਖਾਂ ਅਤੇ ਭਰਮਾਂ ਦਾ ਕਾਰਨ ਹੈ। ਗੁਰੂ ਸ਼ਬਦ ਦੇ ਗਿਆਨ ਰਾਹੀਂ ਇਸ ਅਗਿਆਨਤਾ ਨੂੰ ਦੂਰ ਕਰਦਾ ਹੈ ਪਰ ਗੁਰੂ ਨਾਲ ਮਿਲਾਪ ਕੇਵਲ ਪਰਮਾਤਮ ਕਿਰਪਾ ਰਾਹੀਂ ਹੁੰਦਾ ਹੈ। ਇਸ ਅਮਲ ਵਿਚ ਪਰਮਾਤਮ-ਕਿਰਪਾ ਤੋਂ ਗੁਰ ਮਿਲਾਪ, ਗੁਰੂ ਤੋਂ ਗੁਰ-ਸ਼ਬਦ ਦੀ ਪ੍ਰਾਪਤੀ ਅਤੇ ਪਰਮਾਤਮ-ਗੁਰੂ ਦੀ ਨਦਰ ਨਾਲ ਨਿਰੰਜਨ ਅਤੇ ਅਲਖ ਨੂੰ ਲਖਿਆ ਜਾ ਸਕਦਾ ਹੈ:

ਨਾਮ ਨਿਰੰਜਨੁ ਅਲਖੁ ਹੈ, ਕਿਉ ਲਖਿਆ ਜਾਈ।
ਨਾਮ ਨਿਰੰਜਨੁ ਨਾਲਿ ਹੈ, ਕਿਉ ਪਾਈਐ ਭਾਈ।
ਨਾਮ ਨਿਰੰਜਨੁ ਵਰਤਦਾ, ਰਵਿਆ ਸਭ ਠਾਈ।
ਗੁਰ ਪੂਰੇ ਤੇ ਪਾਈਐ, ਹਿਰਦੈ ਦੇ ਦਿਖਾਈ।
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ। ਸਾਰੰਗ 4(1242)

ਗੁਰਮਤਿ ਵਿਚਾਰਧਾਰਾ ਦੀ ਇਹ ਮੂਲ ਸਿਖਿਆ ਹੈ ਕਿ ਸੰਸਾਰ ਤੋਂ ਪਾਰ-ਉਤਾਰਾ ਕੇਵਲ 'ਗੁਰਪ੍ਰਸਾਦਿ' ਰਾਹੀਂ ਹੀ ਸੰਭਵ ਹੈ:

ਸਿਖੀ ਸਿਖਿਆ ਗੁਰ ਵੀਚਾਰਿ
ਨਦਰੀ ਕਰਮਿ ਲਘਾਏ ਪਾਰਿ । । ਆਸਾ ੧(465)

-.-.-.-.-.-.-.-

95. ਮ.੧(1291)

94. J.S.Grewal, Guru Nanak in History, Chandigarh, P.U., 1969, p.257.

## ਅਧਿਆਇ ਨੌਵਾਂ

## 'ਮੂਲ-ਮੰਤਰ' ਦਾ ਅਮਲੀ ਅਤੇ ਸਮਾਜਕ ਪੱਖ

1. ਆਦਿ-ਗ੍ਰੰਥ ਦੀ ਸਮੁੱਚੀ ਬਾਣੀ ਇਕ ਐਸੇ ਆਦਰਸ਼ਕ ਮਨੁੱਖ ਅਤੇ ਸਮਾਜ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਦੇ ਵਿਸ਼ਵਾਸਾਂ ਅਤੇ ਅਮਲਾਂ ਦਾ ਮੂਲ ਆਧਾਰ 'ਇਕ ਪਰਮਾਤਮਾ' ਵਿਚ ਨਿਸਚਾ ਹੈ ਜਿਸ ਨੂੰ ਮੂਲ-ਮੰਤਰ ਵਿਚ ਅਤਿ ਅਨੁਕੂਲ ਸ਼ਬਦਾਂ ਵਿਚ ਵਿਅਕਤ ਕੀਤਾ ਗਿਆ ਹੈ। ਮੂਲ-ਮੰਤਰ ਵਿਚ ਨਾ ਕੇਵਲ ਗੁਰੂ ਨਾਨਕ ਦੇਵ ਦੀ ਬ੍ਰਹਮ, ਜੀਵ ਅਤੇ ਜਗਤ ਸੰਬੰਧੀ ਵਿਚਾਰ-ਧਾਰਾ ਸੰਕੁਚਿਤ ਰੂਪ ਵਿਚ ਵਿਦਮਾਨ ਹੈ, ਸਗੋਂ ਇਨ੍ਹਾਂ ਦੇ ਆਪਸੀ ਸੰਬੰਧ ਨਿਸਚਿਤ ਕਰ ਕੇ ਪ੍ਰਾਪਤੀ ਦੀ ਸੰਭਾਵਨਾ ਅਤੇ ਸਾਧਨ ਵੀ ਦਸ ਦਿਤਾ ਗਿਆ ਹੈ। ਮੂਲ-ਮੰਤਰ ਦੀ ਵਿਚਾਰਧਾਰਾ ਸਾਰੇ ਆਦਿ ਗ੍ਰੰਥ ਵਿਚ ਵਿਸਤ੍ਰਿਤ ਹੈ ਪਰ ਕਈ ਸ਼ਬਦਾਂ ਵਿਚ ਮੂਲ-ਮੰਤਰ ਦੇ ਪੂਰੇ ਭਾਵ ਵਿਅਕਤ ਹੋ ਰਹੇ ਹਨ ਜਿਵੇਂ ਨਿਮਨ ਸ਼ਬਦ ਤੋਂ ਪ੍ਰਤੱਖ ਹੈ:

ਅਲਖ ਅਪਾਰ ਅਗੰਮ ਅਗੋਚਰ
ਨਾ ਤਿਸ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ, ਨਾ ਤਿਸ ਭਾਉ ਨ ਭਰਮਾ।
ਸਾਚੇ ਸਚਿਆਰ ਵਿਟਹੁ ਕੁਰਬਾਣ।
ਨਾ ਤਿਸ ਰੂਪ ਵਰਨੁ ਨਹੀਂ ਰੇਖਿਆ ~~ਅਕਾਲ ਮੂਰਤਿ~~
ਸਾਚੈ ਸਬਦਿ ਨੀਸਾਣ

ਨਾ ਤਿਸੁ ਮਾਤ ਪਿਤਾ ਸੁਤ ਬੰਧਪ, ਨਾ ਤਿਸੁ ਕਾਮੁ ਨ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ, ਘਟਿ ਘਟਿ ਜੋਤਿ ਸਬਾਈ।
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥
ਸੂਚੈ ਭਾਂਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ ਸੋਰਠ ੧ (597)

ਉਪਰੋਕਤ ਸ਼ਬਦ ਵਿਚ 'ਤੰਤੈ ਕਉ ਪਰਮਤੰਤ ਮਿਲਾਇਆ' ਇਸ਼ ਤੱਥ ਦਾ ਸੰਕੇਤ ਹੈ ਕਿ ਮਨੁੱਖ ਕੇਵਲ ਸਰੀਰ ਨਹੀਂ, ਨਾ ਹੀ ਕਰਮ ਇੰਦ੍ਰਿਆਂ ਦੀ ਖੇਡ ਹੈ, ਸਗੋਂ ਉਸ ਦੀ ਹੋਂਦ ਦਾ ਮੂਲ ਆਧਾਰ ਆਤਮਿਕ ਹੈ ਅਤੇ ਆਤਮਿਕ ਹੋਂਦ ਕਾਰਨ ਹੀ ਉਹ ਪਰਮ-ਆਤਮਾ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦੇਵ ਨੂੰ ਪਾਰਬ੍ਰਹਮ ਦੇ ਪਰਤੱਖ ਦਰਸ਼ਨ ਪ੍ਰਾਪਤ ਸਨ। ਮੂਲ-ਮੰਤਰ ਇਨ੍ਹਾਂ ਪਰਤੱਖ ਦਰਸ਼ਨਾਂ ਦੀ ਕਿਰਤ ਹੈ। ਇਸ ਲਈ ਇਹ ਸਾਧਕ ਨੂੰ ਪਰਮ ਚੇਤਨਤਾ ਨਾਲ ਜੋੜ ਦੇਣ ਦੇ ਸਮਰੱਥ ਹੈ। ਇਹ ਸੰਸਾਰ ਇਕ ਅਖਾੜਾ ਹੈ ਜਿਸ ਵਿਚ ਆਦਰਸ਼ਕ ਮਨੁੱਖ ਨੇ ਮੰਦ ਵਾਸ਼ਨਾਵਾਂ ਉਤੇ ਜਿਤ ਪਰਾਪਤ ਕਰਕੇ ਸਵਸੱਥ ਸਮਾਜ ਦੀ ਸਥਾਪਨਾ ਕਰਨੀ ਹੈ। ਮੂਲ ਮੰਤਰ ਦੀ ਸਮਾਜਕ ਮਹੱਤਤਾ ਦਾ ਸਹੀ ਮੁਲਾਂਕਣ ਕਰਨ ਲਈ ਉਸ ਸਮੇਂ ਦੀ ਰਾਜਸੀ, ਸਮਾਜਕ ਅਤੇ ਧਾਰਮਕ ਅਵਸਥਾਵਾਂ ਦਾ ਸੰਖੇਪ ਸਰਵੇਖਣ ਜ਼ਰੂਰੀ ਹੈ। ਉਪਰੰਤ ਉਨ੍ਹਾਂ ਅਮਲਾਂ ਦਾ ਜ਼ਿਕਰ ਵੀ ਜ਼ਰੂਰੀ ਹੈ ਜੋ ਮੂਲ-ਮੰਤਰ ਦੇ ਅਸਰ ਹੇਠ ਸਿਖ ਸਮਾਜ ਵਿਚ ਵਿਸ਼ੇਸ਼ ਕਰ ਕੇ ਵਿਕਸਤ ਹੋਏ।

2. ਭਾਰਤ ਦਾ ਮਧਕਾਲੀਨ ਸਭਿਆਚਾਰਕ ਇਤਿਹਾਸ ਸਿਧਾਂ, ਨਾਥਾਂ, ਸ਼ੈਵਾਂ, ਸ਼ਾਕਤਾਂ, ਵੈਸ਼ਨਵਾਂ, ਵੇਦਾਂਤੀ-ਗਿਆਨ-ਮਾਰਗੀਆਂ ਅਤੇ ਕਰਮ-ਕਾਂਡੀਆਂ ਆਦਿ ਦੇ ਰਗੜਿਆਂ ਝਗੜਿਆਂ ਦਾ ਇਤਿਹਾਸ ਹੈ। "ਅਨੇਕਾਂ ਮਤ-ਮਤਾਂਤਰਾਂ ਦੇ ਆਪਸੀ ਸੰਘਰਸ਼ ਕਾਰਣ ਹਿੰਦੂ ਧਰਮ ਬਿਲਕੁਲ ਸਾਹਸੱਤਹੀਣ ਹੋ ਚੁਕਾ ਸੀ। ਦੂਜੇ ਪਾਸੇ ਵਿਜਈ ਮੁਸਲਮਾਨ ਧਾਰਮਿਕ ਜੋਸ਼ ਵਿਚ ਅੰਨੇ ਹੋਏ ਹੋਏ ਹਿੰਦੂਆਂ ਦੇ ਧਰਮ-ਅਸਥਾਨਾਂ, ਮੰਦਰਾਂ, ਠਾਕਰਦੁਆਰਿਆਂ ਨੂੰ ਢਾਹ ਢੇਰੀ ਕਰ ਰਹੇ ਸਨ ਅਤੇ ਬੁੱਤਾਂ ਤੇ ਮੂਰਤੀਆਂ ਨੂੰ ਤਹਸ ਨਹਸ ਕਰੀ ਜਾ ਰਹੇ ਸਨ।"[1] ਉਸ ਸਮੇਂ ਦੀ ਰਾਜਸੀ, ਧਾਰਮਕ ਅਤੇ ਸਮਾਜਕ ਅਧੋਗਤੀ ਦੇ ਕਈ ਪ੍ਰਸੰਗ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪ੍ਰਾਪਤ ਹਨ। ਗੁਰੂ ਜੀ

---

1. ਡਾ. ਜੋਤਭਗਵਾਨ ਗੋਇਲ, ਭੂਮਿਕਾ, ਗੁਰੂ ਪ੍ਰਤਾਪ ਸੂਰਜ, ਪਟਿਆਲਾ, ਪੰਜਾਬੀ ਯੂ. 1972, ਪੰਨਾ 13.

ਅਨੁਸਾਰ ਉਸ ਸਮੇਂ ਸਮਾਜਕ ਚਲਣ ਵਿਚ ਲਾਲਚ, ਪਾਪ, ਕੂੜ, ਕਾਮ, ਅਤੇ ਅਗਿਆਨਤਾ ਪ੍ਰਧਾਨ ਸੀ ਅਤੇ ਆਮ ਲੋਕ 'ਮੁਰਦਾਰ' ਜੀਵਨ ਜੀਉ ਰਹੇ ਸੀ।[2] ਬਦੇਸੀ ਰਾਜੇ ਕਸਾਈ ਬਣ ਚੁੱਕੇ ਸੀ ਅਤੇ ਧਰਮ, ਸਚ, ਨਿਆਂ ਖੰਭ ਲਾ ਕੇ ਉਡੱ ਗਿਆ ਸੀ।[3] ਧਰਮ ਅਤੇ ਸਮਾਜ ਦੇ ਤਿੰਨ ਆਗੂ ਸਨ-ਕਾਜੀ, ਬ੍ਰਾਹਮਣ ਅਤੇ ਜੋਗੀ ਅਤੇ ਤਿੰਨੇ ਹੀ ਸਮਾਜ ਨੂੰ ਨਰੋਈਆਂ ਕੀਮਤਾਂ ਦੇਣ ਦੀ ਥਾਂ ਕੂੜ, ਕੁਸੱਤ ਅਤੇ ਕੁਕਰਮਾਂ ਰਾਹੀਂ ਇਸ ਦੀ ਬਰਬਾਦੀ ਉਤੇ ਤੁਲੇ ਹੋਏ ਸਨ।[4] ਆਰਥਕ ਤੋਰ ਤੇ ਵੀ ਰਾਜੇ ਅਤੇ ਅਹਿਲਕਾਰ ਸ਼ਿਕਾਰੀ ਕੁਤਿਆਂ ਦੀ ਤਰ੍ਹਾਂ ਗਰੀਬ ਜਨਤਾ ਦਾ ਸ਼ਿਕਾਰ ਕਰ ਰਹੇ ਸਨ।[5] ਹਿੰਦੂ ਸੈਂਕੜੇ ਸਾਲਾਂ ਦੀ ਗੁਲਾਮੀ ਕਾਰਨ ਅਸਤਿਤਵ-ਹੀਣ ਹੋ ਚੁੱਕੇ ਸਨ। ਭਾਰਤੀ ਦਰਸ਼ਨ ਨੇ ਪਰਲੋਕ ਅਤੇ ਸੁਰਗ ਦੀਆਂ ਵਿਅਰਥ ਕਲਪਨਾਵਾਂ ਉਤੇ ਵਧੇਰੇ ਬਲ ਦੇ ਕੇ ਲੌਕਿਕ ਜੀਵਨ ਵਿਚ ਵੈਸੇ ਹੀ ਨਿਰਾਸਤਾ ਲੈ ਆਂਦੀ ਸੀ। ਸ਼ੰਕਰ ਨੇ ਸੰਸਾਰ ਦੀ ਹੋਂਦ ਨੂੰ ਅਗਿਆਨਤਾ ਦੀ ਉਪੱਜ ਕਹਿਕੇ ਸਮਾਜਕ ਕਦਰਾਂ ਕੀਮਤਾਂ ਦੇ ਨਵ ਨਿਰਮਾਣ ਤੋਂ ਪਲਾ ਛੁੜਾ ਲਿਆ। ਰਾਮਾਨੁਜ ਆਚਾਰਯ ਨੇ ਵਿਸ਼ਿਸ਼ਟ-ਅਦਵੈਤ ਦੀ ਭਾਵਨਾ ਰਾਹੀਂ ਹਿੰਦੂ ਸਮਾਜ ਦੇ ਕਲਿਆਣ ਦਾ ਉਪਰਾਲਾ ਕੀਤਾ ਪਰ ਇਸਲਾਮ ਅਤੇ ਸਾਰੀ ਮਨੁੱਖਤਾ ਦੇ ਮਿਲਵਰਤਨ ਅਤੇ ਪਰਸਪਰ ਪਿਆਰ ਦੀ ਯੋਜਨਾ ਉਸਦੇ ਸੰਕਲਪ ਵਿਚ ਵੀ ਨਹੀਂ ਸੀ। ਰਾਮਾ ਨੰਦ ਦੀ ਉਦਾਰ ਭਗਤੀ ਦਾ ਪ੍ਰਚਾਰ ਕਬੀਰ ਨੇ ਵੀ ਕੀਤਾ ਪਰ ਉਹ ਸਮਾਜਿਕ ਅਤੇ ਅਧਿਆਤਮਿਕ ਜੀਵਨ ਦੀ ਨਵੀਂ ਨਰੋਈ ਨੁਹਾਰ ਨਹੀਂ ਥਾਪ ਸਕੇ।[6] ਭਗਤੀ ਮਾਰਗ ਦੇ ਸੰਤ ਆਪਣੇ ਵਿਚਾਰ, ਚਰਚਾ, ਵਿਵਾਦ ਕਥਾ ਕੀਰਤਨ ਤੋਂ ਅਗੇ ਸਮਾਜ ਜਾਂ ਰਾਸ਼ਟਰ ਦੇ ਜੀਵਨ ਵਿਚ ਨਹੀਂ ਸਨ ਉਤਾਰ ਸਕੇ। ਜੋਗੀਆਂ ਦੀ ਉਦੰਡਤਾ, ਕਬੀਰ ਪੰਥੀਆਂ ਦੀ ਖਿਝ ਅਤੇ ਇਸਲਾਮੀ ਕਟੜਤਾ ਤੇ ਕਠੋਰਤਾ ਵਿਚ ਸਮਾਜਕ ਜੀਵਨ ਵਿਚ ਅਕੇਵਾਂ ਅਤੇ ਥਕੇਵਾਂ ਅੰਕਿਤ ਦਿਸਦਾ ਸੀ।[7] ਬਹੁਤ ਸਾਰੇ ਵੈਸ਼ਨਵ ਭਗਤ ਇਕ ਪਰਮਾਤਮਾ ਦੀ ਭਗਤੀ ਨਾਲੋਂ ਰਾਮ ਜਾਂ ਕ੍ਰਿਸ਼ਨ ਦੀਆਂ ਮੂਰਤੀਆਂ ਦੀ ਭਗਤੀ ਨੂੰ ਚੰਗੇਰਾ ਸਮਝਦੇ ਸੀ ਜਿਸ ਕਾਰਨ ਉਹ ਮੁਸਲਮਾਨ ਜਨਤਾ ਨਾਲ ਧਾਰਮਿਕ ਭਾਵਾਂ ਦੀ ਸਾਂਝ ਨਾ

---

2. ਲਬ ਪਾਪ ਦੋਇ ਰਾਜਾ ਮਹਿਤਾ... ਆਸਾ ੧(468-69)

3. ਕਲਿ ਕਾਤੀ ਰਾਜੇ ਕਾਸਾਈ... ਮਾਝ ੧(145)

4. ਕਾਦੀ ਕੂੜੁ ਬੋਲਿ ਮਲੁ ਖਾਇ, ਬ੍ਰਾਹਮਣੁ ਨਾਵੈ ਜੀਆ ਘਾਇ।
ਜੋਗੀ ਜੁਗਤਿ ਨ ਜਾਣੈ ਅੰਧੁ, ਤੀਨੇ ਓਜਾੜੇ ਕਾ ਬੰਧੁ। ਧਨਾ ੧(662)

5. ਰਾਜੇ ਸੀਹ ਮੁਕਦਮ ਕੁਤੇ। ਮਲਾਰ ੧(1288)

6. Earnest Rhys, Foreword: The book of Ten Masters, Puran Singh, p. XIII.

7. ਡਾ. ਸੀਤਾ ਰਾਮ ਬਾਹਰੀ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਨਾ 141

ਪਾ ਸਕੇ। ਬ੍ਰਾਹਮਣਾ, ਸ਼ੂਦਰਾਂ, ਹਿੰਦੂਆਂ, ਮੁਸਲਮਾਨਾਂ ਦੇ ਆਪਸੀ ਵਿਤਕਰੇ ਅਤੇ ਵਾਦ-ਵਿਵਾਦ ਨੂੰ ਮੇਟ ਕੇ ਮਾਨਵ ਵਾਦੀ ਮਨੁੱਖ ਅਤੇ ਸਮਾਜ ਦੀ ਸਥਾਪਨਾ ਕੋਈ ਸਹਿਲਾ ਕੰਮ ਨਹੀਂ ਸੀ ਜਿਸ ਦਾ ਬੀੜਾ ਗੁਰੂ ਨਾਨਕ ਦੇਵ ਨੇ ਚੁਕਿਆ।

3. ਭਾਰਤੀ ਜੀਵਨ ਦੇ ਅਜੇਹੇ ਸੰਕਟ-ਕਾਲ ਵਿਚ ਗੁਰੂ ਨਾਨਕ ਦੇਵ ਨੇ 'ਇਕ ਪਰਮਾਤਮਾ' ਦਾ ਅਜੇਹਾ ਸੰਕਲਪ ਦਿਤਾ ਜੋ ਸਰਬ-ਮਨੁੱਖਤਾ ਦਾ ਸਾਂਝਾ, ਸਭ ਨੂੰ ਪਿਆਰ ਕਰਨ ਵਾਲਾ, ਨਿਰਭਉ ਨਿਰਵੈਰ ਰੱਬ ਸੀ। ਜਾਤਾਂ, ਵਰਣਾ, ਮਜ਼ਹਬੀ ਵਿਤਕਰਿਆਂ ਅਤੇ ਦੇਸ਼ਾਂ, ਭੇਸਾਂ ਦੇ ਵੈਰਾਂ ਵਿਚ ਵੰਡੀ ਮਨੁੱਖਤਾ ਨੂੰ ਪਿਆਰ-ਭਾਵਨਾ ਵਿਚ ਇਕ ਥਾਂ ਇਕਠਾ ਕਰਨ ਲਈ ਪਰਮਾਤਮਾ ਦੇ ਅਜੇਹੇ ਸੰਕਲਪ ਦੀ ਲੋੜ ਸੀ ਜੋ ਸਭ ਦਾ ਸਾਂਝਾ ਹੋਵੇ ਅਤੇ ਜਿਸ ਤੋਂ ਮਨੁੱਖ ਨੂੰ ਏਕਤਾ, ਸਮਾਨਤਾ, ਸ਼ਾਂਤੀ, ਪ੍ਰੇਮ ਅਤੇ ਢਾਰਸ ਮਿਲ ਸਕਦਾ ਹੋਵੇ। ਮੂਲ-ਮੰਤਰ ਦੀ ਵਿਚਾਰਧਾਰਾ ਨੇ ਇਸ ਮੂਲ-ਲੋੜ ਨੂੰ ਪੂਰਾ ਕੀਤਾ। ਮੂਲ-ਮੰਤਰ ਦੀ ਵਿਚਾਰਧਾਰਾ ਵਿਚ ਇਕ ਐਸੇ ਆਦਰਸ਼ਕ ਮਨੁੱਖ ਦਾ ਸੰਕਲਪ ਵਿਦਮਾਨ ਹੈ ਜੋ ਆਪਣੇ ਇਸ਼ਟ ਦੇ ਸਰੂਪ ਵਿਚ ਘੜਿਆ ਜਾਂਦਾ ਹੈ। ਉਸ ਦੀਆਂ ਸਰੀਰਕ, ਮਾਨਸਕ ਅਤੇ ਆਤਮਿਕ ਕਿਰਿਆਵਾਂ ਵਿਚ ਸੰਤੁਲਨ ਹੁੰਦਾ ਹੈ। ਇਕ ਪਾਸੇ ਅਜੇਹਾ ਮਨੁੱਖ ਉੱਤਮ ਭਾਈਚਾਰੇ ਦਾ ਨਰੋਆ ਅੰਗ ਹੁੰਦਾ ਹੈ, ਦੂਜੇ ਪਾਸੇ ਉਹ ਆਤਮਿਕ ਪਉੜੀਆਂ ਚੜ੍ਹਦਾ 'ਇਕੋਸ' ਹੋਣ ਲਈ ਕ੍ਰਿਆਸ਼ੀਲ ਰਹਿੰਦਾ ਹੈ।[8] ਆਦਿ ਗ੍ਰੰਥ ਵਿਚ ਅਜੇਹੇ ਆਦਰਸ਼ਕ ਮਨੁੱਖ ਨੂੰ ਸਚਿਆਰਾ, ਪੰਚ, ਭਗਤ, ਜਨ ਦਾਸ, ਗੁਰਮੁਖ, ਗਿਆਨੀ, ਬ੍ਰਹਮ-ਗਿਆਨੀ, ਨਰ, ਮੁਕਤ, ਜੀਵਨ-ਮੁਕਤ, ਸੱਚਾ ਸਾਧੂ, ਸੱਚਾਯੋਗੀ ਆਦਿ ਕਈ ਸੰਕੇਤਾਂ ਨਾਲ ਸੰਬੋਧਨ ਕੀਤਾ ਗਿਆ ਹੈ[9] ਅਤੇ ਹਰ ਸੰਕੇਤ ਵਿਚ ਵਿਅਕਤ ਸ਼ਖਸ਼ੀਅਤ ਦਾ ਆਧਾਰ ਮੂਲ-ਮੰਤਰ ਦੀ ਵਿਚਾਰਧਾਰਾ ਹੈ। ਅਧਿਆਤਮਕ-ਖੇਤਰ ਵਿਚ 'ੴ' ਦੀ ਪਰਾਪਤੀ ਦਾ ਸਫਰ 'ਸਤਿ' ਦੀ ਪਹਿਚਾਣ ਤੋਂ ਆਰੰਭ ਹੁੰਦਾ ਹੈ ਅਤੇ 'ਗੁਰਪ੍ਰਸਾਦਿ' ਉਸ ਦੀ ਮੰਜ਼ਲ ਹੈ। 'ਸਤਿ' ਦੀ ਪਹਿਚਾਣ ਅਤੇ ਪਰਾਪਤੀ ਰਾਹੀਂ 'ਸਚਿਆਰਾ' ਬਣਨ ਦਾ ਸੰਕਲਪ ਜਪੁਜੀ ਦਾ ਮੂਲ ਤੇ ਪਰਧਾਨ ਸੰਕਲਪ ਹੈ ਜਿਸ ਨੂੰ ਜਪੁਜੀ ਦੀ ਪਹਿਲੀ ਪਉੜੀ ਵਿਚ ਪੇਸ਼ ਕੀਤਾ ਗਿਆ ਹੈ ਪਰ ਮੰਜ਼ਲ ਦੀ ਪਰਾਪਤੀ ਏਥੇਵੀ 'ਗੁਰਪ੍ਰਸਾਦਿ' ਅਰਥਾਤ 'ਨਦਰੀ ਨਦਰ ਨਿਹਾਲ' ਰਾਹੀਂ ਦਸੀ ਹੈ। ਗੁਰੂ ਨਾਨਕ ਦੇਵ ਦਾ ਆਦਰਸ਼-ਮਨੁੱਖ 'ਸਚਿਆਰਾ' ਹੈ ਜੋ ਸੱਚੇ ਸੰਕਲਪਾਂ ਅਤੇ ਸੱਚੇ ਅਮਲਾਂ ਦਾ ਧਾਰਨੀ, ਧਰਮੀ, ਸੰਤੋਖੀ, ਸੰਜਮੀ, ਪਵਿਤਰ ਰਜ਼ਾ ਵਿਚ ਰਹਿਣ ਵਾਲਾ, ਹਉਮੈ-ਰਹਿਤ,

---

8. Dr. S.S.Kohli, Sikh Ethics, Op. Cit., preface.
9. Dr. Taran Singh, The Ideal Man of The Guru Granth, Patiala: P.U., 1966, p.2.

ਵਿਚਾਰਵਾਨ, ਹੁਕਮੀ ਬੰਦਾ ਹੈ ਜਿਸ ਦਾ ਕਿਰਦਾਰ ਸਚੀ-ਘਾੜਤ ਵਿਚ ਘੜਿਆ ਜਾਂਦਾ ਹੈ। ਜਪੁਜੀ ਦੀ ਅੰਤਲੀ ਪਉੜੀ ਅਨੁਸਾਰ ਜਤ, ਧੀਰਜ, ਸ੍ਰੇਸ਼ਟ-ਬੁਧੀ, ਗਿਆਨ, ਭਉ, ਭਾਉ ਅਤੇ ਨਾਮ-ਅੰਮ੍ਰਿਤ ਇਸ ਘਾੜਤ ਦੇ ਮੁੱਖ ਅੰਗ ਹਨ। ਗੁਰੂ ਨਾਨਕ ਦੇਵ ਦਾ 'ਸਚਿਆਰਾ' ਅਤੇ 'ਪੰਚ' ਗੁਰੂ ਅੰਗਦਦੇਵ ਦੀ ਬਾਣੀ ਵਿਚ ਸੱਚ-ਆਸ਼ਕ, ਗੁਰੂ ਅਰਜਨ ਦੇਵ ਦੀ ਸੁਖਮਨੀ ਵਿਚ ਬ੍ਰਹਮ-ਗਿਆਨੀ ਅਤੇ ਗੁਰੂ ਤੇਗ-ਬਹਾਦਰ ਦੀ ਬਾਣੀ ਵਿਚ ਅਜੇਹਾ 'ਨਰ' ਹੈ ਜੋ ਦੁਖ-ਸੁਖ, ਉਸਤੱਤ-ਨਿੰਦਾ, ਮਾਨ-ਅਪਮਾਨ ਹਰਖ-ਸੋਗ ਆਦਿ ਦਵੰਦਾ ਤੋਂ ਮੁਕਤ ਹੈ ਅਤੇ ਸਮਾਜ ਅਤੇ ਰਾਜ ਵਿਚ 'ਨਿਰਭਉ' ਅਤੇ 'ਨਿਰਵੈਰ' ਹੋ ਕੇ ਵਿਚਰਦਾ ਹੈ।[10] ਗੁਰੂ ਗੋਬਿੰਦ ਸਿੰਘ ਕਾਲ ਵਿਚ 'ਸਚਿਆਰਾ' ਖਾਲਸੇ ਦਾ ਰੂਪ ਧਾਰਨ ਕਰਦਾ ਹੈ ਜੋ 'ਜਾਗਤਿ-ਜੋਤਿ' ਦਾ ਉਪਾਸ਼ਕ ਹੈ ਅਤੇ ਜਤਿ,ਜੋਗ, ਨੇਮ,ਗਿਆਨ, ਸੀਲ ਸੰਤੋਖ ਦਾ ਧਾਰਨੀ ਹੈ।[11] ਖਾਲਸੇ ਦੀ ਸਿਰਜਨਾ ਦਾ ਅਰੰਭ ਗੁਰੂ ਨਾਨਕ ਦੇਵ ਦੇ ਮੂਲ-ਸਿਧਾਂਤ ਮੂਲ-ਮੰਤਰ ਤੋਂ ਹੋਇਆ ਜਿਸ ਵਿਚ ਇਸ਼ਟ ਦੇ ਸਰੂਪ ਵਿਚ ਇਕ ਆਦਰਸ਼ ਮਨੁੱਖ ਦੀ ਕਲਪਨਾ ਕੀਤੀ ਗਈ ਹੈ। ਇਸ ਆਸ਼ੇ ਤੋਂ ਗੋਕਲ ਚੰਦ ਨਾਰੰਗ ਦੇ ਇਸ ਵਿਚਾਰ ਵਿਚ ਸਾਰਥਕਤਾ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਕਿਰਪਾਨ ਲਈ ਫੌਲਾਦ ਗੁਰੂ ਨਾਨਕ ਦੇਵ ਨੇ ਤਿਆਰ ਕੀਤਾ ਸੀ।[12] ਸਿਖਾਂ ਲਈ ਰਾਜਸੀ ਜਾਗਰਤੀ ਦਾ ਆਧਾਰ ਮੂਲ-ਮੰਤਰ ਦਾ ਸੰਕਲਪ ਹੈ। ਸ.ਕਪੂਰ ਸਿੰਘ ਨੇ ਇਸ ਤੱਥ ਬਾਰੇ ਵਿਸ਼ੇਸ਼ ਚਰਚਾ ਕੀਤੀ ਹੈ ਕਿ ਗੁਰੂ ਨਾਨਕ ਦੇਵ ਦੇ ਸੰਦੇਸ਼ਾਂ ਤੋਂ ਪੈਦਾ ਹੋਏ ਮਨੁੱਖ ਦੀ ਪੂਰਨਤਾ ਖਾਲਸੇ ਦੀ ਸਥਾਪਨਾ ਵਿਚ ਹੋਈ।[14] ਇਸ ਵਿਚਾਰਧਾਰਾ ਦੇ ਕੁਝ ਅੰਗ ਵਿਚਾਰ ਲੈਣੇ ਜ਼ਰੂਰੀ ਹਨ ਤਾਂ ਕਿ ਮੂਲ-ਮੰਤਰ ਦਾ ਅਮਲੀ-ਪੱਖ ਸਪਸ਼ਟ ਹੋ ਜਾਵੇ।

4. 'ੴ' ਦੇ ਸੰਕਲਪ ਤੋਂ ਅਨੇਕ ਦੇਵੀ ਦੇਵਤਿਆਂ, ਦੀ ਥਾਂਵੇਂ 'ਇਕ ਪਰਮਾਤਮਾ' ਵਿਚ ਵਿਸ਼ਵਾਸ ਦੀ ਵਿਚਾਰਧਾਰਾ ਸਥਾਪਿਤ ਹੋਈ। ਆਦਰਸ਼ ਮਨੁੱਖ ਕੇਵਲ ਇਕ-ਪਰਮਾਤਮਾ ਨੂੰ ਮੰਨਦਾ ਹੈ, ਇਕ ਤੋਂ ਬਿਨਾਂ ਕਿਸੇ ਹੋਰ ਸ਼ਕਤੀ ਵਿਚ ਵਿਸ਼ਵਾਸ ਨਹੀਂ ਰਖਦਾ। ਇਕ ਪਰਮਾਤਮਾ ਦਾ ਭਾਵ ਬਹੁਤ ਸਾਰੀਆਂ ਸ਼ਕਤੀਆਂ ਦਾ ਕੁਲ ਜੋੜ ਨਹੀਂ, ਸਗੋਂ ਇਸ ਦਾ ਭਾਵ ਇਹ ਹੈ ਕਿ ਸਰਬ-ਸਮਰੱਥ ਪਾਰ-ਬ੍ਰਹਮ ਇਕ ਹੈ ਜਿਸ ਕਾਰਨ ਸਾਰੀਆਂ ਸ਼ਕਤੀਆਂ ਦੀ ਹੋਂਦ ਅਤੇ ਪ੍ਰਗੱਟਾਵਾ

---

10. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ। (1427)

11. ਜਾਗਤ ਜੋਤਿ ਜਪੈ ਨਿਸ ਬਾਸੁਰ। ਪਾ.10 ਸਵਯੇ 33.1.1.

12 Transformation of Sikhism, New Delhi 1960, p.17.

14. Parasharprasna, Op. Cit., p.12.

ਸੰਭਵ ਹੈ।[15] ਇਕ ਪਰਮਾਤਮਾ ਦਾ ਇਹ ਵੀ ਭਾਵ ਹੈ ਕਿ ਹਿੰਦੂਆਂ ਦਾ ਈਸ਼ਵਰ ਵਖਰਾ ਨਹੀਂ, ਨਾਂ ਹੀ ਮੁਸਲਮਾਨਾਂ ਦਾ ਖੁਦਾ ਹੋਰ ਹੈ, ਸਗੋਂ ਸਰਬ-ਰਚਨਾ, ਸਾਰੇ ਮਨੁੱਖਾਂ, ਸਰਬਤ-ਧਰਮਾਂ ਦਾ ਉਹ ਹੀ ਇਕੋ ਰੱਬ ਹੈ। ਉਹ ਇਕੋ ਹੀ ਸਭ ਦਾ ਕਰਤਾ ਹੋਣ ਕਾਰਨ ਸਰਬ-ਜੀਆਂ ਨੂੰ ਪਿਆਰ ਕਰਦਾ ਹੈ, ਅਤੇ ਕਿਸੇ ਨੂੰ ਨਫ਼ਰਤ ਜਾਂ ਵੈਰ ਨਹੀਂ ਕਰਦਾ। ਜ਼ਾਤ, ਜਨਮ, ਨਸਲ, ਦੇਸ਼, ਧਰਮ ਕੌਮ, ਰੰਗ ਅਤੇ ਧਨ ਦੇ ਆਧਾਰ ਤੇ ਪਾਈਆਂ ਵੰਡਾਂ ਇਕੋ ਸ਼ਵਰਵਾਦੀ-ਧਾਰਾ ਦੇ ਵਿਰੁਧ ਹਨ। ਸਾਰੇ ਮਨੁੱਖ ਇਕ ਪਰਮੇਸ਼ਵਰ ਪਿਤਾ ਦੀ ਸੰਤਾਨ ਹੋਣ ਨਾਤੇ ਭਰਾ ਭਰਾ ਹਨ। ਦੇਸ਼ ਕਾਲ ਦੀਆਂ ਪ੍ਰਸਥਿਤੀਆਂ ਕਾਰਨ ਕੋਈ ਉਦਾਸੀ, ਸੰਨਿਆਸੀ, ਯੋਗੀ, ਹਿੰਦੂ, ਤੁਰਕ, ਜਤੀ, ਰਾਫਜੀ, ਸੂਫੀ, ਸੰਨਿਆਸੀ ਹੋ ਸਕਦਾ ਹੈ ਪਰ ਮੂਲ-ਰੂਪ ਵਿਚ ਸੱਭ ਇਕ ਹਨ।[16] ਪਰਮਾਤਮਾ ਦੀ ਏਕਤਾ ਦੇ ਸੰਕਲਪ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਲੇ ਕਟੜ ਵਿਰੋਧ ਨੂੰ ਘਟ ਕੀਤਾ। ਉਨ੍ਹਾਂ ਦੇ ਵਿਪਰੀਤ ਧਾਰਮਿਕ ਅਕੀਦੀਆਂ ਦੀਆਂ ਡੂੰਘਾਈਆਂ ਵਿਚੋਂ ਇਕਸੁਰਤਾ ਅਤੇ ਇਕਸਾਰਤਾ ਦੀ ਭਾਲ ਇਕ ਸ੍ਰੇਸ਼ਠ ਆਤਮਿਕ ਜਿਤ ਸੀ ਜਿਸ ਦਾ ਮਾਣ ਸਿਖ ਧਰਮ ਦੇ ਮੁਢਲੇ ਸਿਧਾਂਤਾਂ ਨੂੰ ਪ੍ਰਾਪਤ ਹੈ।[17] ਗੁਰੂ ਨਾਨਕ ਦੇਵ ਨੇ 'ੴ' ਵਿਚ ਦਰਸਾਈ ਪਰਮਾਤਮਾ ਦੀ ਏਕਤਾ ਤੋਂ ਸਰਬ-ਮਨੁੱਖਤਾ ਦੀ ਏਕਤਾ ਅਤੇ ਬਰਾਬਰੀ ਦਾ ਸੰਦੇਸ਼ ਦਿਤਾ ਜਿਸ ਵਿਚ ਜ਼ਾਤ-ਪਾਤ, ਉਚ-ਨੀਚ, ਵਰਣਆਸ਼ਰਮ ਦੇ ਆਧਾਰ ਤੇ ਕੋਈ ਵੰਡਾ ਨਹੀਂ। ਨਾਂ ਹੀ ਇਸਤ੍ਰੀ ਜਾਤੀ ਗੁਲਾਮ ਤੇ ਨੀਵੀਂ ਕੁਲ ਦੀ ਹੈ, ਨਾਂ ਹੀ ਸੂਦਰ ਤ੍ਰਿਸਕਾਰ ਦਾ ਪਾਤਰ ਹੈ, ਸਗੋਂ ਸਾਰੀ ਮਨੁੱਖਤਾ ਪੂਰਨ ਸਵੈਮਾਨ ਅਤੇ ਸਤਿਕਾਰ ਦੀ ਹਕਦਾਰ ਹੈ ਕਿਉਂਕਿ ਸਭ ਦਾ ਕਰਤਾ ਇਕੋ ਪਰਮਾਤਮਾ ਹੈ:

> ਸਭਨਾ ਜੀਆ ਕਾ ਇਕੁ ਦਾਤਾ
> ਸੋ ਮੈ ਵਿਸਰਿ ਨ ਜਾਈ। ਜਪੁਜੀ.5.(2)

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਸੂਦਰ ਅਤੇ ਇਸੱਤ੍ਰੀ ਨੂੰ ਬਰਾਬਰੀ ਦਾ ਰੁਤੱਬਾ ਪ੍ਰਾਪਤ ਹੋਇਆ।[18] ਮਨੁੱਖਤਾ ਦੀਆਂ ਜਾਤਾਂ ਅਤੇ ਵਰਣਾਂ ਵਿਚ ਵੰਡ ਦਾ ਖੰਡਨ ਹੋਇਆ। ਸਾਰੇ ਮਨੁੱਖ ਜਨਮ ਤੋਂ ਬਰਾਬਰ ਹਨ। ਮਨੁੱਖ ਦੇ ਚੰਗੇ ਜਾਂ ਮਾੜੇ ਅਮਲ ਉਸ ਦੀ ਸਮਾਜਕ ਸਥਿਤੀ ਦਾ ਆਧਾਰ

---

15. Bhai Jodh Singh, Some Studies in Sikhism, Op.Cit.,p.10.

16. ਕੋਊ ਭਇਓ ਉਦਾਸੀ ਮੂੰਡੀਆ ਸੰਨਿਆਸੀ ਕੋਊ-
ਮਾਨਸ ਕੀ ਜਾਤ ਸਬੈ ਏਕ ਹੀ ਪਹਿਚਾਨਬੋ- ਅਕਾਲ ਉ. 85.1.

17. Arnold Toynbee, Foreword The Sacred Writings of the Sikhs, Op.Cit.,p.10.

18. Sewaram Singh, The Divinie Master, Lahore 1930, p.295.

ਹੋ ਸਕਦੇ ਹਨ। "ਚਾਰ ਜਾਤਾਂ ਰਿਗਵੈਦਿਕ ਪੁਰੁਸ਼ ਦੇ ਵੱਖ ਵੱਖ ਹਿਸਿਆਂ ਤੋਂ ਨਹੀਂ ਪੈਦਾ ਹੋਈਆਂ, ਸਗੋਂ ਇਕੋ ਪਰਮਾਤਮਾ ਦੀ ਕਿਰਤ ਹਨ, ਸਭ ਵਿਚ ਉਸਦੀ ਜੋਤਿ ਹੈ।"[19] ਗੁਰੂ ਨਾਨਕ ਦੇਵ ਨੇ ਆਪਣੀਆਂ ਉਦਾਸੀਆਂ ਵਿਚ ਸਰਬ ਮਨੁਖਤਾ ਨੂੰ ਇਹੋ ਸੰਦੇਸ਼ ਦਿਤਾ ਅਤੇ ਵਿਸ਼ੇਸ਼ ਤੌਰ ਤੇ ਕਰਤਾਰਪੁਰ ਦੀ ਧਰਤੀ ਤੇ ਇਸ ਸੰਕਲਪ ਨੂੰ ਅਮਲੀ ਰੂਪ ਵਿਚ ਢਾਲਿਆਂ ਜਿਥੇ ਨਾਮ , ਕੀਰਤਨ, ਕਿਰਤ, ਲੰਗਰ, ਸੰਗਤ, ਪੰਗਤ, ਸੇਵਾ ਸਾਰੇ ਕਰਮਾਂ ਵਿਚ ਸਭ ਦੀ ਸਾਂਝ ਸੀ। ਕਰਤਾਰਪੁਰ ਦੀ ਧਰਤੀ ਕਥਨੀ ਅਤੇ ਕਰਨੀ, ਸਿਧਾਂਤ ਅਤੇ ਕਰਮ, ਸਮਾਜਿਕਤਾ ਅਤੇ ਅਧਿਆਤਮਕਤਾ ਦੇ ਸੁੰਦਰ ਸੁਮੇਲ ਦੀ ਪ੍ਰਯੋਗ-ਸ਼ਾਲਾ ਸੀ। ਇਸ ਪ੍ਰਯੋਗਸ਼ਾਲਾ ਵਿਚ ਹਰ ਫਿਰਕੇ ਅਤੇ ਆਸ਼ਰਮ ਦੇ ਮਨੁੱਖਾਂ ਨੇ ਭਾਗ ਲਿਆ। ਹਿੰਦੂ ਧਰਮ ਮੂਲ-ਰੂਪ ਵਿਚ ਵਰਣਾਸ਼ਰਮ ਧਰਮ ਹੈ, ਜਿਸ ਦਾ 'ੴ' ਦੀ ਵਿਚਾਰਧਾਰਾ ਨੇ ਖੰਡਨ ਕੀਤਾ। ਵਰਣਾਸ਼ਰਮ ਧਰਮ ਅਨੁਸਾਰ ਖਤਰੀਆਂ, ਬ੍ਰਾਹਮਣਾ, ਵੈਸ਼ ਅਤੇ ਸ਼ੂਦਰਾਂ ਦਾ ਵੱਖ ਵੱਖ ਧੰਦਾ ਹੀ ਉਨ੍ਹਾਂ ਦਾ ਧਰਮ ਹੈ ਪਰ ਗੁਰਮਤਿ ਧਾਰਾ ਵਿਚ ਮਨੁੱਖ ਕਿਰਤ ਲਈ ਕੋਈ ਵੀ ਕੰਮ ਕਰ ਸਕਦਾ ਹੈ, ਹਰੇਕ ਮਨੁੱਖ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਸਭ ਕੁਝ ਹੈ, ਅਤੇ ਹਰੇਕ ਮਨੁੱਖ ਦਾ ਇਕ-ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੀ ਉਸ ਦਾ ਅਸਲੀ ਧਰਮ ਹੈ।[20] ਗੁਰੂ ਨਾਨਕ ਦੇਵ ਅਤੇ ਸਿਖ ਗੁਰੂ ਸਾਹਿਬਾਨ ਨੇ ਸਾਰੀਆਂ ਸਿਖ ਪਰੰਪਰਾਵਾਂ ਵਿਚ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਆਦਰਸ਼ ਸਾਹਮਣੇ ਰਖਿਆ। ਸੰਗਤ ਅਤੇ ਪੰਗਤ ਵਿਚ ਲੰਗਰ ਦੀ ਸੇਵਾ, ਜੋੜੇ ਝਾੜਨੇ, ਪੱਖਾ, ਪਾਣੀ, ਝਾੜੂ ਦੀ ਸੇਵਾ ਇਸਤ੍ਰੀਆਂ, ਮਰਦ, ਅਮੀਰ ਗਰੀਬ, ਰੰਕ, ਭਾਈ ਸਭ ਮਿਲਕੇ ਕਰਦੇ ਹਨ। ਪੂਜਾ, ਪਾਠ, ਕੀਰਤਨ, ਅਰਦਾਸ ਸਭ ਲਈ ਸਾਂਝੀ ਹੈ ਅਤੇ ਕੋਈ ਵੀ ਕਰ ਸਕਦਾ ਹੈ। ਜਾਤ,ਪਾਤ, ਵਰਣ, ਦੇ ਵਿਤਕਰੇ ਸਿਖ ਸਿਧਾਂਤ ਦੇ ਵਿਰੁੱਧ ਹਨ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਸਿਧਾਂਤਾਂ ਦੇ ਆਧਾਰ ਤੇ ਹੀ ਖਾਲਸਾ ਪੰਥ ਦੀ ਨੀਂਹ ਰਖੀ। ਖਾਲਸਾ ਇਕ ਅਕਾਲ ਪੁਰਖ ਦਾ ਉਪਾਸ਼ਕ ਹੈ। ਇਕ ਤੋਂ ਬਿਨਾਂ ਹੋਰ ਦੇਵੀ, ਦੇਵਤਿਆਂ, ਅਵਤਾਰਾਂ, ਮੜ੍ਹੀਆਂ,ਕਬਰਾਂ ਨੂੰ ਨਹੀਂ ਪੂਜਦਾ। ਮੂਲ-ਮੰਤਰ ਵਿਚਲੇ ਬਹੁਤ ਸਾਰੇ ਪਰਮਾਤਮ-ਗੁਣਾਂ ਦਾ ਸੰਚਾਰ ਖਾਲਸੇ ਵਿਚ ਕੀਤਾ ਗਿਆ। ਖਾਲਸਾ 'ਅਕਾਲ ਪੁਰਖ' ਕੀ ਫੌਜ ਹੈ। 'ਅਕਾਲ' ਅਤੇ 'ਪੁਰਖ' ਦੋਵੇਂ ਮੂਲ-ਮੰਤਰ ਦੇ ਸੰਕਲਪ ਹਨ। ਖਾਲਸੇ ਦੀ ਫਤਿਹ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ

---

19. Kapur Singh, Op. Cit., pp.427-28.

20. ਜੋਗ ਸਬਦੰ ਗਿਆਨ ਸਬਦੰ — ਮ.੧(1353)
ਏਕੋ ਧਰਮੁ ਦ੍ਰਿੜੈ ਸਚੁ ਕੋਈ ਬਸੰਤ ੧ (1188)

ਜੀ ਕੀ ਫਤਿਹ" ਵਿਚ ਖਾਲਸੇ ਨੂੰ ਇਕ ਵਾਹਿਗੁਰੂ ਨਾਲ ਸੰਬੰਧਿਤ ਕੀਤਾ ਗਿਆ ਹੈ। ਪਰਮਾਤਮਾ ਨੂੰ 'ਗੁਰੂ' (ਵਾਹਿਗੁਰੂ) ਰੂਪ ਵਿਚ ਸੰਬੋਧਨ ਮੂਲ-ਮੰਤਰ ਦੇ 'ਗੁਰਪ੍ਰਸਾਦਿ' ਤੋਂ ਵਿਕਸਤ ਹੋਇਆ। ਖਾਲਸੇ ਦੇ ਜੈਕਾਰੇ 'ਸਤਿ ਸ੍ਰੀ ਅਕਾਲ' ਵਿਚ 'ਸਤਿ' ਅਤੇ 'ਅਕਾਲ' ਦੋਵੇਂ ਸ਼ਬਦ ਮੂਲ-ਮੰਤਰ ਵਿਚੋਂ ਲਏ ਗਏ ਹਨ। ਖਾਲਸੇ ਦੇ ਸ਼ਸਤਰਾਂ ਉਤੇ ਮੂਲ-ਮੰਤਰ ਦੇ ਪਾਠ ਲਿਖੇ ਹੁੰਦੇ ਸੀ। ਅੰਮ੍ਰਿਤ ਪਾਨ ਸਮੇਂ ਲਗਾਤਾਰ ਮੂਲ-ਮੰਤਰ ਦੇ ਪਾਠ ਉਚਾਰੇ ਜਾਂਦੇ ਹਨ ਅਤੇ ਬਿਨਾਂ ਕਿਸੇ ਜਾਤ ਜਨਮ ਦੇ ਵਿਤਕਰੇ ਤੋਂ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਛੱਕ ਕੇ ਸਿਖ, ਨਿਰਭਉ, ਨਿਰਵੈਰ, ਸੰਤ-ਸਿਪਾਹੀ ਬਣ ਜਾਂਦਾ ਹੈ।

5.1. ਗੁਰੂ ਨਾਨਕ ਦੇਵ ਦਾ ਪਰਮਾਤਮਾ ਜੋਗੀਆਂ ਦਾ ਸ਼ੂਨਯ ਜਾਂ ਅਣਹੋਂਦ ਨਹੀਂ, ਸਗੋਂ ਗੁਣੀ-ਨਿਧਾਨ ਹੈ,[21] ਜੋ ਸਾਰੇ ਜੀਆਂ ਨੂੰ ਆਪਣੇ ਖਜ਼ਾਨੇ ਵਿਚੋਂ ਗੁਣਾਂ ਦੀ ਬਖਸ਼ਸ਼ ਕਰਦਾ ਹੈ।[22] ਉਸ ਦੇ ਗੁਣ ਅਮੁਲ, ਅਪਾਰ ਅਤੇ ਬੇਅੰਤ ਹਨ। ਜਿਵੇਂ ਜਿਵੇਂ ਮਨੁੱਖ ਰੱਬੀ ਗੁਣਾਂ ਨੂੰ ਧਾਰਨ ਕਰਦਾ ਹੈ, ਤਿਵੇਂ ਤਿਵੇਂ ਉਹ ਪਰਮਾਤਮਾ ਦੇ ਨੇੜੇ ਹੁੰਦਾ ਜਾਂਦਾ ਹੈ। ਗੁਰੂ ਇਨ੍ਹਾਂ ਗੁਣਾਂ ਦੀ ਸੋਝੀ ਬਖਸ਼ਦਾ ਹੈ।[23] ਇਨ੍ਹਾਂ ਗੁਣਾਂ ਬਿਨਾਂ ਭਗਤੀ ਹੋ ਨਹੀਂ ਸਕਦੀ।[24] ਸੱਚੀ ਭਗਤੀ ਪਰਮਾਤਮਾ ਗੁਣਾਂ ਦਾ ਗ੍ਰਹਿਣ ਕਰਨਾ ਹੈ। ਨਿਰਸੰਦੇਹ ਇਨ੍ਹਾਂ ਗੁਣਾਂ ਵਿਚੋਂ ਸਰਵੋਤਮ ਪਰਮਾਤਮ-ਗੁਣ 'ਸਤਿ' ਹੈ। ਸਤਿ ਸੱਚੀ ਹੋਂਦ ਹੈ। ਸੰਸਾਰ ਭਾਵੇਂ ਥਿਰ ਨਹੀਂ, ਪਰ ਉਸਦੀ ਹੋਂਦ ਕਾਰਨ ਸੱਤ ਹੈ। ਜੀਵ ਦਾ ਸਰੀਰ ਨਾਸ਼ਵਾਨ ਹੈ, ਪਰ ਉਸ ਵਿਚਲੀ ਆਤਮਾ 'ਸਤਿ' ਹੈ। ਇਸ ਸੱਚ ਦੀ ਪਹਿਚਾਣ ਹੀ ਮਨੁੱਖ ਦਾ ਲਕਸ਼ ਹੈ। ਜਪੁਜੀ ਦੀ ਮੂਲ ਸਮਸਿਆ ਵੀ ਇਹ ਹੈ ਕਿ ਮਨੁੱਖ ਨੇ ਸਚਿਆਰਾ ਕਿਵੇਂ ਬਣਨਾ ਹੈ? ਆਸਾ ਦੀ ਵਾਰ ਵਿਚ ਸੱਚ ਦੀ ਪ੍ਰਾਪਤੀ ਦਾ ਸਵਿਸਥਾਰ ਉਲੇਖ ਹੈ। ਗੁਰੂ ਨਾਨਕ ਵਿਧਾਨ ਵਿਚ ਸੱਚ ਦੇ ਸੰਕਲਪ ਨਾਲੋਂ ਵੀ ਸੱਚਾ ਅਮਲੀ ਜੀਵਨ ਆਚਾਰ ਉਚੇਰਾ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਧਾਰਮਿਕ ਵਾਦ-ਵਿਵਾਦਾਂ ਨਾਲ ਪਰਾਪਤੀ ਨਹੀਂ ਹੁੰਦੀ। ਪ੍ਰਾਪਤੀ ਸੱਚ ਦੀ ਕਮਾਈ ਰਾਹੀਂ ਸੰਭਵ ਹੈ।[25]

---

21. ਨਾਨਕ ਗਾਵੀਐ ਗੁਣੀ ਨਿਧਾਨੁ। ਜਪੁਜੀ.5(2)
22. ਨਾਨਕ ਨਿਰਗੁਣਿ ਗੁਣੁ ਕਰੇ। ਜਪੁਜੀ.6(2)
23. ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ। ਤਿ.4(725)
24. ਵਿਣੁ ਗੁਣ ਕੀਤੇ ਭਗਤਿ ਨਾ ਹੋਇ। ਜਪੁਜੀ.21(4)
25. ਗਲੀਂ ਭਿਸਤਿ ਨ ਜਾਈਐ, ਛੁਟੈ ਸਚੁ ਕਮਾਇ। ਮਾਝ ੧(141)

5.2. 'ਇਕ' ਅਤੇ 'ਸਤਿ' ਦੀ ਪ੍ਰਾਪਤੀ ਦਾ ਮਾਰਗ ਵੀ ਇਕੋ ਨਾਮ-ਮਾਰਗ ਹੈ। ਨਾਮ-ਮਾਰਗ ਹੀ ਸਰਬ-ਮਨੁੱਖਤਾ ਦਾ ਸ੍ਰੇਸ਼ਟ ਧਰਮ ਹੋ ਸਕਦਾ ਹੈ।[26] ਨਾਮ ਪਰਮਾਤਮਾ ਦੇ ਅਨੇਕ ਗੁਣਾ ਦਾ ਪ੍ਰਗਟਾਵਾ ਹੈ। ਆਦਰਸ਼ਕ ਮਨੁੱਖ ਪਰਮਾਤਮਾ ਦੇ ਸਰਬਤ ਨਾਵਾਂ ਤੋਂ ਬਲਿਹਾਰ ਜਾਂਦਾ ਹੈ। ਨਾਮ ਪਰਮਾਤਮਾ ਦੇ ਹੁਕਮ ਦੀ ਸੂਝ ਅਤੇ ਅਨੁਸਾਰਤਾ ਹੈ। ਆਦਰਸ਼ਕ ਮਨੁੱਖ 'ਹੁਕਮ' ਅਨੁਸਾਰ ਜੀਵਨ ਨੂੰ ਢਾਲਦਾ ਹੈ, ਆਪਣੀ 'ਹਉਮੈ' ਤੋਂ ਅਗੁਵਾਈ ਨਹੀਂ ਲੈਂਦਾ। ਨਾਮ ਅਤੇ ਹਉਮੈ ਵਿਪਰੀਤ ਸੰਕਲਪ ਹਨ। 'ਹਉਮੈ' ਤੋਂ ਹੀ ਸਾਰੀਆਂ ਵੰਡਾਂ, ਵਖੇਵੇਂ, ਵਿਤਕਰੇ ਪੈਦਾ ਹੁੰਦੇ ਹਨ। ਇਸੇ ਲਈ ਨਾਮ-ਮਾਰਗ ਸਾਰੇ ਬਾਹਰੀ ਰਸਮੀ ਕਰਮ-ਕਾਂਡ, ਭੇਖਾਂ, ਤੀਰਥ-ਇਸ਼ਨਾਨਾਂ ਇਤਿਆਦਿ ਦਾ ਖੰਡਨ ਕਰਦਾ ਹੈ। ਗੁਰੂ ਨਾਨਕ ਦੇਵ ਨੇ ਜੋ ਗੁਰਮਤਿ ਦਾ ਰਾਹ ਦਸਿਆ, ਮਨਮਤ ਅਤੇ ਮਾਇਆ ਦੇ ਅੰਧਕਾਰ ਵਿਚ ਜੋ ਜੋਤਿ-ਰੂਪੀ ਪ੍ਰਕਾਸ਼ ਕੀਤਾ, ਜੋ ਆਤਮਕ ਬਲ ਮੁਰਦਾ ਹੋ ਚੁਕੀਆਂ ਰੂਹਾਂ ਵਿਚ ਭਰਿਆ, ਉਹ ਨਾਮ ਦਾ ਸਦਕਾ ਸੀ।[27] ਗੁਰੂ ਨਾਨਕ ਦੇਵ ਅਨੁਸਾਰ ਉਹ ਗੁਰਮੁਖ ਹੀ ਸ੍ਰੇਸ਼ਟ ਅਤੇ ਪ੍ਰਧਾਨ ਪੁਰਖ ਹੈ ਜੋ ਸਚ ਦਾ ਵਰਤ ਰਖਦਾ ਹੈ, ਸੰਤੋਖ ਨੂੰ ਤੀਰਥ ਮੰਨਦਾ ਹੈ, ਗਿਆਨ ਦਾ ਇਸ਼ਨਾਨ ਕਰਦਾ ਹੈ, ਦਇਆ ਨੂੰ ਦੇਵਤਾ ਮੰਨਦਾ ਹੈ ਅਤੇ ਖਿਮਾ ਦੀ ਮਾਲਾ ਫੇਰਦਾ ਹੈ।[28] ਅਜੇਹਾ ਮਨੁੱਖ ਜਾਤ ਵਰਨ, ਮਾਇਆ ਦੇ ਲੋਭ ਅਤੇ ਹਉਮੈ ਦੀ ਮੈਲ ਤੋਂ ਰਹਿਤ ਹੁੰਦਾ ਹੈ[29] ਅਤੇ ਸਰ-ਅਪਸਰ ਅਤੇ ਪਰਵਿਰਤਿ-ਨਿਰਵਿਰਤਿ ਦੀ ਪਛਾਣ ਕਰ ਕੇ ਸਹਜ ਮਾਰਗ ਤੇ ਚਲਦਾ ਹੈ।[30] ਅਜੇਹਾ ਮਨੁੱਖ ਹੀ ਸਿਦਕੀ, ਪਰਧਾਨ ਅਤੇ ਸਚਿਆਰਾ ਆਦਰਸ਼ਕ ਮਨੁੱਖ ਹੈ।

5.3. 'ਸਤਿ' ਅਤੇ 'ਨਾਮ' ਦਾ ਅਮਲ ਕੇਵਲ ਪਰਾਲੌਕਿਕ ਕਲਿਆਣ ਅਤੇ ਸਦਾਚਾਰਕ ਕੀਮਤਾਂ ਤਕ ਹੀ ਸੀਮਤ ਨਹੀਂ, ਸਗੋਂ ਸਮੁੱਚੇ ਜੀਵਨ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸੱਚ ਦਾ ਧਾਰਨੀ ਸਚਿਆਰ ਜਾਂ ਗੁਰਮੁਖਿ ਸੱਚ ਦੀ ਕਸਵੱਟੀ ਨੂੰ ਜੀਵਨ ਦੇ ਹਰੇਕ ਖੇਤਰ ਵਿਚ ਵਰਤਦਾ

---

26. ਸਭ ਤੇ ਊਤਮ ਏਹੋ ਕਰਮ
ਸਗਲ ਧਰਮ ਮਹਿ ਸ੍ਰੇਸ਼ਟ ਧਰਮੁ, ਹਰਿ ਸਿਮਰਨ ਤੇਰਾ ਹੋਇ ਉਧਾਰ। ਰਾਮ (895)

27. ਡਾ. ਦੀਵਾਨ ਸਿੰਘ, ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਨਾ 73.

28. ਸਚੁ ਵਰਤੁ ਸੰਤੋਖੁ ਤੀਰਥੁ— ਸਾਰੰਗ.੧ (1245)

29. ਪ੍ਰਭਾਤੀ.੧ (1345)

30. ਰਾਮ. ੧ (941)

ਹੈ। ਲੋਕ-ਮਨਾਂ ਵਿਚੋਂ ਰਾਜਸੀ ਭੈ ਨੂੰ ਖਤਮ ਕਰਨ ਲਈ ਗੁਰੂ ਨਾਨਕ ਦੇਵ ਨੇ ਦੁਨਿਆਵੀ ਪਾਤਸ਼ਾਹਾਂ ਨੂੰ ਝੂਠੇ ਪਾਤਸ਼ਾਹ ਅਤੇ ਚਾਰ-ਦਿਨਾਂ ਦੇ ਪ੍ਰਾਹੁਣੇ ਦਸਿਆ। ਕੇਵਲ ਪਰਮਾਤਮਾ ਹੀ ਸੱਚਾ ਪਾਤਸ਼ਾਹ ਹੈ ਅਤੇ ਸੱਚੇ-ਨਾਮ ਦੀ ਸਿਫਤ-ਸਲਾਹ ਵਿਚ ਲਗਾ ਮਨੁੱਖ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ਸੱਚੀ ਪਾਤਸ਼ਾਹੀ, ਵੱਡਾ ਸਾਹਿਬ, ਉਚੱਾ ਥਾਉਂ, ਸਚੀ ਦਰਗਾਹ, ਸੱਚਾ ਤਖਤ, ਸੱਚਾ ਮਹਿਲ, ਉਚੱਾ ਦਰਬਾਰ, ਸੱਚਾ ਹੁਕਮ, ਅਮੁਲ ਫੁਰਮਾਣ, ਅਮੁਲ ਬਖਸ਼ੀਸ਼, ਸੱਚ ਖਜ਼ਾਨਾ, ਸੱਚੀ ਘਾੜਤ, ਅਤੇ ਸੱਚੀ ਟਕਸਾਲ ਆਦਿ ਸੰਕੇਤ ਸੱਚੀ-ਪਾਤਸ਼ਾਹੀ ਲਈ ਵਰਤੇ ਗਏ ਹਨ ਜਿਨ੍ਹਾਂ ਦੇ ਟਾਕਰੇ ਤੇ ਦੁਨਿਆਵੀ ਪਾਤਸ਼ਾਹਾ ਨੂੰ ਝੂਠਾ, ਅਭਿਮਾਨੀ ਅਤੇ ਤ੍ਰਿਸ਼ਨਾਵਸ ਦਸਿਆ ਗਿਆ ਤਾਂ ਕਿ ਲੋਕ-ਮਨਾ ਵਿਚੋਂ ਸਦੀਆਂ ਦੀ ਗੁਲਾਮੀ ਕਾਰਨ ਜੋ ਰਾਜ-ਦਰਬਾਰ ਦਾ ਦਬ-ਦਬਾ ਬੈਠਿਆ ਹੋਇਆ ਸੀ, ਉਸਨੂੰ ਘਟਾ ਕੇ ਸਵੈ-ਮਾਣ ਵਿਚ ਜੀਉਣ ਦੀ ਪਿਰਤ ਪਾਈ ਜਾਵੇ। ਗੁਰੂ ਜੀ ਨੇ ਦਸਿਆ ਕਿ ਕੇਵਲ ਪਾਰਬ੍ਰਹਮ ਹੀ ਸਰਬ-ਸਮਰਥ ਅਤੇ ਸਰਬ ਸ਼ਕਤੀਮਾਨ ਹੈ, ਬਾਕੀ ਸਾਰਾ ਸੰਸਾਰ, ਸ਼ਕਤਵਰ ਰਾਜੇ ਸਰਦਾਰ ਉਸ ਦੇ ਹੁਕਮ ਵਿਚ ਬਝੇ ਹੋਏ ਹਨ।[31] ਕੇਵਲ ਸੱਚੇ ਪਾਤਸ਼ਾਹ ਦੀ ਸਿਫਤ ਸਚੀ ਹੈ, ਦੁਨਿਆਵੀ ਹੁਕਮਰਾਨਾ ਦੀ ਸਿਫਤ ਦਾ ਆਧਾਰ ਲਾਲਚ, ਖੁਦਗਰਜ਼ੀ ਜਾਂ ਡਰ ਤੇ ਆਧਾਰਤ ਹੈ।[32] ਕੇਵਲ ਸਚੇ ਪਾਤਸ਼ਾਹ ਦੀ ਚਾਕਰੀ ਤੇ ਸੇਵਾ ਸੱਚੀ ਸੇਵਾ ਹੈ, ਕੇਵਲ ਉਹ ਹੀ ਸਾਡੀਆਂ ਅਰਦਾਸਾਂ ਸੁਣ ਕੇ ਸਚੀ ਬਖਸ਼ਸ਼ ਕਰਦਾ ਹੈ, ਦੁਨਿਆਵੀ ਝੂਠੇ ਹੁਕਮਰਾਨਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਇਨ੍ਹਾਂ ਦੀ ਗੁਲਾਮੀ 'ਅਬੀ ਤਬੀ ਕੀ ਚਾਕਰੀ' ਹੈ, ਜਿਹੜੀ ਸੱਚੀ ਦਰਗਾਹ ਵਿਚ ਪਰਵਾਣ ਨਹੀਂ ਚੜ੍ਹਦੀ।[33] "ਇਹ ਪ੍ਰਸੰਗ ਕੇਵਲ ਅਲੰਕਾਰਕ ਨਹੀਂ, ਆਦਰਸ਼ ਮਨੁੱਖ ਦੀ ਸਿਰਜਨਾ ਵਿਚ ਇਸ ਵਿਚਾਰਧਾਰਾ ਦੇ ਬਹੁਤ ਡੂੰਘੇ ਅਰੱਥ ਹਨ। ਜੇ ਗੁਰੂ ਨਾਨਕ ਦੇਵ ਨੂੰ 'ਸੱਚੇ ਪਾਤਸ਼ਾਹ ਦੀ ਸੇਵਾ' ਅਤੇ 'ਦੁਨਿਆਵੀ ਰਾਜ-ਭਾਗ' ਵਿਚੋਂ ਇਕ ਚੀਜ਼ ਚੁਣਨੀ ਹੋਵੇ, ਤਾਂ ਉਹ ਅਵਸ਼ ਹੀ ਸੱਚੇ ਪਾਤਸ਼ਾਹ ਦੀ ਸੇਵਾ ਚੁਣਦੇ।[34] ਇਹ ਭਾਵ ਉਨ੍ਹਾਂ ਦੀ ਬਾਣੀ ਵਿਚ ਪ੍ਰਗੱਟ ਹਨ।[35]ਇਸ ਲਈ ਆਦਰਸ਼ਕ ਮਨੁੱਖ ਕੇਵਲ ਪਰਮਾਤਮਾ ਅੱਗੇ ਝੁਕਦਾ ਹੈ, ਦੁਨਿਆਵੀ ਸ਼ਕਤੀਆਂ ਦਾ ਪਾਣੀ ਨਹੀਂ ਭਰਦਾ।[36]

---

31. ਬੰਧਨਿ ਜਾਕੈ ਸਭੁ ਜਗੁ ਬਾਂਧਿਆ.... ਆਸਾ.੧(432)
32. ਸੱਚੀ ਤੇਰੀ ਸਿਫਤਿ ਸੱਚੀ ਸਾਲਾਹ...ਆਸਾ.੧(463)
33. ਅਬੇ ਤਬੇ ਕੀ ਚਾਕਰੀ..... ਆਸਾ.੧(420)
34. J.S.Grewal, Guru Nanak in History, op.Cit., p.150
35. ਸੁਲਤਾਨੁ ਹੋਵਾਂ ਮੇਲਿ ਲਸਕਰ ..... ਸਿਰੀ.੧(14)
36. ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ। ਸੂਹੀ.੧ (729)

ਦੁਨਿਆਵੀ ਰਾਜੇ ਰਾਣੇ ਸਰਦਾਰ, ਖਾਨ ਚੌਧਰੀ ਸਭ ਆਮ ਦੁਨੀਆਂ ਵਾਂਗ ਪਰਮਾਤਮਾ ਦੀ ਰਈਅਤ ਹਨ ਅਤੇ ਸਭ ਨੇ ਮਰ ਜਾਣਾ ਹੈ,[37] ਇਨ੍ਹਾਂ ਦੀ ਜੀ-ਹਜ਼ੂਰੀ ਦਾ ਸੱਚੀ-ਦਰਗਾਹ ਵਿਚ ਕੋਈ ਮੁਲ ਨਹੀਂ। ਗੁਰੂ ਨਾਨਕ ਦੇਵ ਨੇ ਹਾਕਮਾਂ ਦੀ ਸ਼ਾਨ ਸ਼ੌਕਤ, ਹੈਵਰ(ਘੋੜੇ), ਗੈਵਰ(ਹਾਥੀ), ਨੇਜੇ, ਵਾਜੇ, ਲਸ਼ਕਰ, ਖਾਨ ਮਲੂਕ, ਤਖਤ, ਸਲਾਮ ਸਭ ਨੂੰ ਵਧੀ ਹੋਈ ਤ੍ਰਿਸ਼ਨਾ ਅਤੇ ਕੂੜਾ ਆਖਿਆ ਅਤੇ ਮਨੁੱਖ ਅੰਦਰ ਵਿਆਪਕ ਪਰਮਾਤਮ-ਸਤਾ ਨੂੰ ਜਾਗਰਤ ਕੀਤਾ।[38] ਅਜੇਹੇ ਦ੍ਰਿਸ਼ਟੀਕੋਣ ਵਾਲਾ ਮਨੁੱਖ ਹੀ ਉੱਤਮ ਸਮਾਜ ਦੀ ਸਿਰਜਨਾ ਕਰ ਸਕਦਾ ਹੈ। ਸੱਚ ਦਾ ਅਜੇਹਾ ਦ੍ਰਿਸ਼ਟੀਕੋਣ ਮੂਲ ਮੰਤਰ ਤੋਂ ਵਿਕਸਤ ਹੋਇਆ।

5.4. ਗੁਰੂ ਨਾਨਕ ਦੇਵ ਨੇ ਨਾਮ-ਵਿਧਾਨ ਨੂੰ 'ਕਿਰਤ' ਅਤੇ 'ਵੰਡ-ਛਕਣ' ਨਾਲ ਸੰਬੰਧਿਤ ਕੀਤਾ।(ਨਾਮ ਜਪੋ, ਕਿਰਤ ਕਰੋ, ਵੰਡ ਛਕੋ)। ਇਸੇ ਲਈ ਗੁਰੂ ਨਾਨਕ ਵਿਧਾਨ ਵਿਚ ਮੰਗਣਾ ਸਮਾਜਕ ਅਪਰਾਧ ਹੈ। ਉਨ੍ਹਾਂ ਨੇ ਸਰਬ-ਮਨੁੱਖਤਾ ਦੇ ਨਾਲ ਹੀ ਧਾਰਮਿਕ ਆਗੂਆਂ ਨੂੰ ਵੀ ਕਿਰਤ, ਕਰਨ ਦੀ ਪ੍ਰੇਰਨਾ ਦਿਤੀ ਅਤੇ ਭਿੱਖਿਆ ਮੰਗਣ ਦਾ ਭਰਵਾਂ ਖੰਡਨ ਕੀਤਾ।[39] ਗੁਰੂ ਜੀ ਅਨੁਸਾਰ ਸੰਪਤੀ ਇਕਠੀ ਕਰਨ ਵਾਲੇ ਸਰਮਾਇਦਾਰ 'ਵਿਕਾਰੀ' ਲੋਕ ਹਨ ਜੋ ਅਨੇਕ ਪਾਪਾਂ ਰਾਹੀਂ ਪੈਸਾ ਇਕਠਾ ਕਰਦੇ ਹਨ।[40] ਆਦਰਸ਼ਕ ਮਨੁੱਖ ਹਥੀਂ ਘਾਲ ਕਰਦਾ ਹੈ ਅਤੇ ਆਪਣੀ ਕਿਰਤ ਦੂਜਿਆਂ ਨਾਲ ਸਾਂਝੀ ਕਰਦਾ ਹੈ।[41] ਇਹ ਆਸਤਕਵਾਦੀ ਸਮਾਜਵਾਦ ਹੈ ਜੋ ਗੁਰੂ ਨਾਨਕ ਦੇਵ ਦੀ ਵਿਚਾਰ-ਧਾਰਾ ਦੀ ਦੇਣ ਹੈ।

---

37. ਸੁਲਤਾਨ ਖਾਨ ਬਾਦਿਸ਼ਾਹ ਨਹੀਂ ਰਹਿਣਾ— ਗਉੜੀ ੧(227)

38. ਹੈਵਰ ਗੈਵਰ ਨੇਜੇ ਵਾਜੇ, ਲਸਕਰ ਨੇਬ ਖਵਾਸੀ ਪਾਜੇ। ਬਿਨ ਜਗਦੀਸ਼ ਝੂਠੇ ਦਿਵਾਜੇ।
ਗਾਉੜੀ ੧(225)

39. ਗੁਰੂ ਪੀਰੁ ਸਦਾਏ ਮੰਗਣ ਜਾਇ
ਤਾਕੇ ਮੂਲਿ ਨ ਲਗੀਐ ਪਾਇ॥ ਸਾਰੰਗ ੧(1245) ਹੋਰ ਵੇਖੋ ਪੰਨਾ 903,953)

40. ਸੰਪਉ ਸੰਚੀ ਭਏ ਵਿਕਾਰ— ਗਉੜੀ .ਗੁ.੧(222)
ਪਾਪਾਂ ਬਾਝਹੁ ਹੋਵੈ ਨਾ ਹੀ— ਆਸਾ.੧(417)

41. ਘਾਲ ਖਾਇ ਕਿਛੁ ਹਥਹੁ ਦੇਹਿ
ਨਾਨਕ ਰਾਹੁ ਪਛਾਣਹਿ ਸੇਇ। — ਸਾਰੰਗ ੧(1245)

6. ਆਦਰਸ਼ਕ ਮਨੁੱਖ ਇਕ ਪਰਮਾਤਮਾ ਨੂੰ ਹੀ 'ਕਰਤਾਪੁਰਖ' ਮੰਨਦਾ ਹੈ। ਕਰਤਾ ਸ੍ਰਿਸ਼ਟੀ ਵਿਚ ਵਿਆਪਕ ਹੈ, ਉਸ ਵਿਚ ਹੀ ਸਾਡਾ ਜੀਵਨ, ਗਤੀ ਅਤੇ ਹੋਂਦ ਹੈ ਪਰ ਕਰਤਾ ਅਤੇ ਕਿਰਤ (ਰਚਨਾ) ਇਕ ਨਹੀਂ ਅਰਥਾਤ ਰਚਨਾ ਹੀ ਕਰਤਾ ਨਹੀਂ। "ਉਸ ਤੋਂ ਬਿਨਾਂ ਕਿਰਤ ਅਸੰਭਵ ਹੈ ਪਰ 'ਕਿਰਤ' ਤੋਂ ਬਿਨਾਂ ਵੀ ਉਸ ਦੀ ਹੋਂਦ ਹੈ।"[42] ਕਰਤਾ ਭਰਤਾ ਹਰਤਾ ਇਕੋ ਸ਼ਕਤੀ ਹੈ, ਤਿੰਨ ਨਹੀਂ ਅਤੇ "ਕੁਦਰਤਿ ਦਿਸੈ, ਕੁਦਰਤਿ ਸੁਣੀਐ" ਵਿਚ ਕਰਤਾ ਆਪਣੀ ਸ਼ਖਸੀਅਤ ਪ੍ਰਗਟ ਕਰ ਰਿਹਾ ਹੈ। ਕੁਦਰਤ ਦੇ ਪ੍ਰਗਟਾ ਵਿਚ ਦੈਵੀ-ਹੁਕਮ ਵਿਦਮਾਨ ਹੈ। ਉਹ ਆਪਣੀ ਨਦਰ, ਕਿਰਪਾ, ਮਿਹਰ ਰਾਹੀਂ ਮਨੁੱਖ ਨੂੰ ਹਮੇਸ਼ਾਂ ਰਸਤਾ ਦਸਦਾ ਰਹਿੰਦਾ ਹੈ। ਉਹ ਸਰਬ-ਜੀਆਂ ਦਾ ਦਾਤਾ, ਰਾਖਾ, ਪ੍ਰਤਿਪਾਲਕ, ਅਤੇ ਪਰਵਰਦਗਾਰ ਹੈ।[43] ਉਸ ਦਾ ਨਿਵਾਸ ਅਸਥਾਨ ਮਨੁੱਖੀ ਹਿਰਦਾ ਹੈ।[44] ਮਨੁੱਖੀ ਹਿਰਦੇ ਵਿਚੋਂ ਹੀ ਉਸਦੀ ਭਾਲ ਅਤੇ ਪਹਿਚਾਣ ਕਰਨੀ ਹੈ। ਇਸੇ ਲਈ ਸਾਰੀ ਰਚਨਾ ਵਿਚੋਂ ਮਨੁੱਖ ਨੂੰ ਸਰਦਾਰੀ ਪਰਾਪਤ ਹੈ, ਉਸ ਪਾਸ ਬੁੱਧੀ, ਵਿਚਾਰ-ਸ਼ਕਤੀ ਅਤੇ ਕੰਮ ਕਰਨ ਦਾ ਅਥਾਹ ਬਲ ਹੈ ਜਿਸ ਨਾਲ ਉਹ ਨਵਾਂ ਨਰੋਇਆ ਸਮਾਜ ਸਿਰਜ ਸਕਦਾ ਹੈ। ਕਰਤਾਪੁਰਖ ਦੀ ਰਚਨਾ ਅਨਿਯਮਤ ਅਤੇ ਮੰਤਵ-ਹੀਣ ਨਹੀਂ। ਧਰਤੀ ਧਰਮ ਕਮਾਉਣ ਦੀ ਧਰਮ-ਸ਼ਾਲ ਹੈ,[45] ਸੇਵਾ ਵਰਗੇ ਮਹਾਨ ਅਮਲ ਏਥੇ ਹੀ ਸੰਭਵ ਹਨ।[46] ਰਚਨਾ ਅਜਾਈਂ ਨਹੀਂ; ਇਹ ਕਰਤਾਪੁਰਖ ਦੀ ਵਡਿਆਈ ਦਾ ਅਮਲ ਹੈ।[47] ਇਹ ਰਚਨਾ ਵਿਸਮਾਦੀ ਹੈ, ਇਸ ਦੇ ਰੂਪ ਰੰਗ, ਛਬੀਆਂ, ਆਕਾਰ ਅਤੇ ਗਤੀਸ਼ੀਲਤਾ ਸਭ ਵਿਸਮਾਦੀ ਕਿਰਤਾਂ ਹਨ।[48] ਕਰਤਾਪੁਰਖ ਮਹਾਨ ਕਲਾਕਾਰ ਹੈ ਜਿਸ ਨੂੰ ਆਪਣੀ ਕਿਰਤ ਤੋਂ ਅਨੰਦ ਮਿਲਦਾ ਹੈ। ਜਦੋਂ ਅਸੀਂ ਆਲੇ ਦੁਆਲੇ ਦੇ ਸੰਸਾਰ ਨੂੰ ਨਾਦਾਂ ਰੰਗਾਂ ਰੂਪਾਂ ਵਿਚ ਸਜਿਆ ਵੇਖਦੇ ਹਾਂ ਤਾਂ ਅਸੀਂ ਮਹਿਸੂਸ ਕਰਦੇ ਹਾਂ ਕਿ

---

42. Bhai Jodh Singh, Op.Cit.,p.10.

43. ਜਪੁਜੀ, ਪਉੜੀ 5; ਸੂਹੀ ੧(765),ਵਡਹੰਸ ੧(580)

44. ਸੋ.੧(597-98)

45. ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ। ਜਪੁਜੀ.34.(7)

46. ਵਿਚਿ ਦੁਨੀਆ ਸੇਵ ਕਮਾਈਐ । ਸਿਰੀ੧(26)

47. ਸਭ ਖੇਲ ਤਮਾਸਾ, ਤੇਰੀ ਵਡਿਆਈ- ਮਾਰੂ 3(1061)

48. ਵੇਖਿ ਵਿਡਾਣੁ ਰਹਿਆ ਵਿਸਮਾਦੁ- ਆਸਾ ੧(464)

ਉਹ 'ਇਕ' ਇਨ੍ਹਾਂ ਸਾਰੀਆਂ ਵਸਤਾਂ ਰਾਹੀਂ ਕਹਿ ਰਿਹਾ ਹੈ, "ਮੈਨੂੰ ਮੇਰੀ ਰਚਨਾ ਤੋਂ ਅਨੰਦ ਮਿਲ ਰਿਹਾ ਹੈ।"[49] ਗੁਰੂ ਨਾਨਕ ਦੇਵ ਦਾ ਆਦਰਸ਼ ਮਨੁੱਖ ਕੁਦਰਤ ਤੋਂ ਮੂੰਹ ਨਹੀਂ ਮੋੜਦਾ, ਸਗੋਂ 'ਬਲਿਹਾਰੀ ਕੁਦਰਤਿ ਵਸਿਆ' ਦੀ ਭਾਵਨਾ ਅਧੀਨ ਕੁਦੱਰਤ ਦੇ ਵਿਸਮਾਦੀ ਰੰਗ ਰੂਪਾਂ ਤੋਂ ਵਜਦ ਵਿਚ ਆਕੇ 'ਵਾਹੁ,' 'ਵਾਹੁ', 'ਵਾਹੁਗੁਰੂ' ਦੇ ਭਾਵ ਪ੍ਰਗੱਟ ਕਰਦਾ ਹੈ। ਸੰਸਾਰ ਨੂੰ ਧੋਖਾ ਜਾਂ ਭਰਮ ਨਹੀਂ ਸਮਝਦਾ, ਸਗੋਂ ਸਚੇ ਦੀ ਕਿਰਤ ਸਮਝਕੇ ਮਨੁੱਖਤਾ ਦੀ ਸੇਵਾ ਕਰਨੀ ਆਪਣਾ ਕਰਤੱਵ ਸਮਝਦਾ ਹੈ।

7.1. ਸਿਖ ਕੌਮ ਵਿਸ਼ੇਸ਼ ਤੌਰ ਤੇ 'ਨਿਰਭਉ ਅਤੇ ਨਿਰਵੈਰ' ਪਰਮਾਤਮਾ ਦੀ ਉਪਾਸ਼ਕ ਹੋਣ ਕਾਰਨ ਇਨ੍ਹਾਂ ਗੁਣਾਂ ਦੀ ਧਾਰਨੀ ਹੈ। ਗੁਰੂ ਨਾਨਕ ਦੇਵ ਨੇ ਜਦੋਂ ਨਿਰਭਉ ਨਿਰਵੈਰ ਦਾ ਸੰਕਲਪ ਦਿਤਾ, ਉਦੋਂ ਆਮ ਮਨੁੱਖ ਦਾ ਜੀਵਨ ਬਲਵਾਨ ਸ਼ਕਤੀਆਂ ਦੇ ਡਰਾਂ ਨਾਲ ਭੈਭੀਤ ਸੀ। ਬ੍ਰਾਹਮਣਾਂ ਦਾ ਛੋਟੀਆਂ ਜਮਾਤਾਂ ਪ੍ਰਤੀ ਵੈਰ, ਘਿਰਣਾ, ਕਰੋਪੀ ਅਤੇ ਸਰਾਪਾਂ ਦਾ ਡਰ; ਦੇਵੀ ਦੇਵਤਿਆਂ ਅਤੇ ਨਰਕਾਂ ਦਾ ਡਰ; ਰਾਜਿਆਂ, ਰਾਣਿਆਂ, ਬਿਸਵੇਦਾਰਾਂ, ਸਰਦਾਰਾਂ ਅਤੇ ਅਹਿਲਕਾਰਾਂ ਦਾ ਡਰ ਆਮ ਜੀਵਨ ਦਾ ਅੰਗ ਬਣ ਚੁਕਿਆ ਸੀ। ਮੂਲ-ਮੰਤਰ ਮਨੁੱਖ ਨੂੰ ਅਜੇਹੇ ਸਰਬ-ਸਮਰਥ ਨਿਰਭਉ-ਨਿਰਵੈਰ ਬ੍ਰਹਮ ਨਾਲ ਜੋੜਦਾ ਹੈ ਜਿਸ ਦੇ ਗੁਣਾਂ ਦਾ ਸੰਚਾਰ ਉਪਾਸ਼ਕ ਵਿਚ ਸੁਤੇ-ਸਿਧ ਹੁੰਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਦਾ ਜੀਵਨ 'ਨਿਰਭਉ ਨਿਰਵੈਰ' ਜੀਵਨ ਦੀ ਉੱਤਮ ਉਦਾਹਰਣ ਹੈ। ਨਿਡੱਰ ਹੋ ਕੇ ਬਾਬਰ ਦਾ ਸਾਹਮਣਾ ਕਰਨਾ, ਹਾਕਮਾਂ ਨੂੰ ਸ਼ੀਂਹ, ਅਤੇ ਅਹਿਲਕਾਰਾਂ ਨੂੰ ਜ਼ਾਲਮ ਕੁੱਤੇ ਕਹਿਣਾ; ਪੰਡਤਾਂ, ਬ੍ਰਾਹਮਣਾਂ, ਮੁਲਾਂ, ਕਾਜ਼ੀਆਂ ਦੀਆਂ ਨਿਖੇਧਾਤਮਕ ਰੁੱਚੀਆਂ ਦੀ ਖੁਲੀ ਆਲੋਚਨਾ ਉਨ੍ਹਾਂ ਦੀ 'ਨਿਰਭੈਤਾ' ਦੇ ਸੰਕੇਤ ਹਨ ਜਿਸ ਦਾ ਅਸਰ ਉਨ੍ਹਾਂ ਦੇ ਪੈਰੋਕਾਰਾਂ ਉਤੇ ਹੋਣਾ ਕੁਦਰੱਤੀ ਸੀ। ਗੁਰੂ ਅਰਜਨ ਦੇਵ ਜਹਾਂਗੀਰ ਦੇ ਸਾਹਮਣੇ ਅਤੇ ਗੁਰੂ ਤੇਗ ਬਹਾਦਰ ਔਰੰਗਜ਼ੇਬ ਦੀ ਸਲਤਨਤ ਮੂਹਰੇ ਨਿਰਭਉ ਹੋਕੇ ਵਿਚਰੇ। ਨਾ ਡਰਨਾ, ਨਾ ਡਰਾਣਾ ਗੁਰੂ ਤੇਗ ਬਹਾਦਰ ਅਨੁਸਾਰ ਚੰਗੇ ਮਨੁੱਖ ਦਾ ਆਦਰਸ਼ ਹੈ। ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ 'ਨਿਰਭਉ' ਖਾਲਸੇ ਨੇ ਮੁਗਲਾਂ ਦੀ ਧੌਂਸ ਨਾ ਮੰਨਦਿਆਂ ਸ਼ਸਤਰ, ਘੋੜੇ, ਕਿਲ੍ਹੇ, ਕਲਗੀ, ਬਾਜ਼, ਦਰਬਾਰ, ਫੌਜ਼ਾਂ, ਨਿਸ਼ਾਨ ਨਿਗਾਰਿਆਂ ਦਾ

---

49. Tagore, Creative Unity, Op.Cit.,p.36.

ਪ੍ਰਯੋਗ ਕੀਤਾ। ਪਰ ਨਿਰਵੈਰ ਭਾਵਨਾ ਸਦਾ ਕਾਇਮ ਰਖੀ। ਕੇਵਲ ਸਵੈਮਾਨ ਅਤੇ ਸਵੈ-ਰਖਿਆ ਲਈ ਅਜੇਹਾ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਦੀ ਮੂਲ ਸਿਖਿਆ ਵਿਚ ਦੇਹੁਰਾ ਅਤੇ ਮਸੀਤ, ਪੂਜਾ ਅਤੇ ਨਿਮਾਜ਼, ਪੁਰਾਨ ਅਤੇ ਕੁਰਾਨ ਸਭ ਇਕੋ ਪਰਮਾਤਮਾ ਦੀ ਉਪਾਸ਼ਨਾ ਦੇ ਪ੍ਰਗਟਾਵੇ ਹੋਣ ਕਾਰਨ ਇਕੋ ਹਨ।[50] ਗੁਰੂ ਗੋਬਿੰਦ ਸਿੰਘ ਨੇ ਸਾਰੇ ਯੁਧਾਂ ਵਿਚ 'ਨਿਰਭਉ' 'ਨਿਰਵੈਰ' ਮੂਲ-ਸਿਧਾਂਤਾਂ ਨੂੰ ਸਾਹਮਣੇ ਰਖਿਆ। ਕੋਈ ਯੁੱਧ ਜ਼ਰ ਜੋਰੂ ਜਾਂ ਜ਼ਮੀਨ ਲਈ ਨਹੀਂ ਲੜਿਆ; ਕਦੀ ਕਿਸੇ ਨੂੰ ਪੱਕਾ ਵੈਰੀ ਨਹੀਂ ਸਮਝਿਆ, ਕਦੀ ਪਹਿਲਾਂ ਵਾਰ ਨਹੀਂ ਕੀਤਾ; ਵਿਰੋਧੀਆਂ ਦੀਆਂ ਧੀਆਂ ਭੈਣਾਂ ਦਾ ਪੂਰਾ ਸਨਮਾਨ ਕਰਨ ਦਾ ਹੁਕਮ ਕੀਤਾ, ਥੋੜੀ ਗਿਣਤੀ ਵਿਚ ਹੁੰਦਿਆਂ ਵੱਡੇ ਵੱਡੇ ਲਸ਼ਕਰਾਂ ਦਾ 'ਨਿਰਭੈ' ਹੋਕੇ ਟਾਕਰਾ ਕੀਤਾ। ਉਪਰੰਤ ਸਾਰਾ ਸਿਖ ਇਤਿਹਾਸ ਖਾਲਸੇ ਦੇ 'ਨਿਰਭੈ' ਹੋਕੇ ਜੂਝਣ ਦੀ ਕਹਾਣੀ ਹੈ। ਆਰੇ ਦੇ ਚੀਰ, ਚਰਖੜੀਆਂ, ਗੋਲੀਆਂ, ਫਾਂਸੀਆਂ, ਜੇਲਾਂ ਦੇ ਤਸੀਹੇ, ਇਨ੍ਹਾਂ ਨੂੰ ਡਰਾ ਨਾ ਸਕੇ। ਬੰਦ ਬੰਦ ਕੱਟੇ ਗਏ, ਪਹੀਆਂ ਹੇਠ ਮਿਧੇ ਗਏ ਪਰ ਉਨ੍ਹਾਂ ਨੂੰ ਕੋਈ ਧਮਕਾ ਨਾ ਸਕਿਆ। ਏਨੇ ਅਤਿਆਚਾਰਾਂ ਤੋਂ ਬਾਹਦ ਜਦ ਹੱਥ ਵਿਚ ਸ਼ਕਤੀ ਆਈ ਤਾਂ 'ਨਿਰਵੈਰ' ਖਾਲਸੇ ਨੇ ਪੰਜਾਬ ਵਿਚ ਸਾਂਝਾ 'ਕੌਮੀ ਰਾਜ ਕਾਇਮ ਕੀਤਾ।

7.2. ਸਿਖ ਧਰਮ ਦੀ ਨਿਤ-ਪ੍ਰਤਿ ਅਰਦਾਸ ਦੇ ਅੰਤਲੇ ਵਾਕ— 'ਨਾਨਕ ਨਾਮ ਚੜ੍ਹਦੀ ਕਲਾ(ਨਿਰਭਉ), ਤੇਰੇ ਭਾਣੇ(ਪ੍ਰਸਾਦ), ਸਰਬਤ ਕਾ ਭਲਾ(ਨਿਰਵੈਰ) ਵਿਚ ਮੂਲ ਮੰਤਰ ਦੇ ਚਾਰ ਸੰਕਲਪ ਵਿਦਮਾਨ ਹਨ। ਮਨੁੱਖੀ 'ਵੈਰ' ਭਾਵਨਾ ਧਰਮਾਂ ਦੇ ਗ੍ਰੰਥਾਂ ਨਾਲ ਵੀ ਜੋੜ ਦਿੱਤੀ ਜਾਂਦੀ ਹੈ। ਭਾਈ ਗੁਰਦਾਸ ਅਨੁਸਾਰ ਹਿੰਦੂਆਂ ਦੇ ਗ੍ਰੰਥ ਆਪਸ ਵਿਚ ਵੀ ਮੁਤਫਿਕ ਨਹੀਂ, ਅਤੇ ਵਿਪਰੀਤ ਬੋਲੀ ਬੋਲਦੇ ਹਨ। ਸ਼ਾਸ੍ਤਰਾਂ, ਵੇਦਾਂ, ਪੁਰਾਣਾ ਅਤੇ ਛੇ ਦਰਸ਼ਨਾਂ ਨੂੰ ਮੰਨਣ ਵਾਲੇ ਇਕ ਦੂਜੇ ਦੇ ਵੈਰੀ ਬਣ ਜਾਂਦੇ ਹਨ।[51] ਇਸ ਵੈਰ-ਭਾਵ ਤੋਂ ਮੁਕਤ ਹੋਕੇ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ ਗਈ ਜਿਸ ਵਿਚ ਸਿਖ ਗੁਰੂਆਂ ਦੇ ਨਾਲ ਨਾਲ, ਹਿੰਦੂ ਭਗਤਾਂ ਅਤੇ ਮੁਸਲਮਾਨਾਂ ਫਕੀਰਾਂ ਦੀ ਬਾਣੀ ਵੀ ਦਰਜ ਹੈ। ਸਿਖ ਗੁਰੂਆਂ ਦੇ ਨਾਲ ਹੀ ਵੈਸ਼ਯ ਤਰਲੋਚਨ, ਬ੍ਰਾਹਮਣ ਜੈਦੇਵ, ਸੂਫੀ ਭੀਖਣ, ਛੀਂਬਾ ਨਾਮਦੇਵ, ਚਮਾਰ ਰਵਿਦਾਸ, ਕਸਾਈ ਸਦਨਾ ਅਤੇ ਮੁਸਲਮਾਨ ਬਾਬਾ ਫਰੀਦ ਵੀ

---

50. ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ। ਅਕਾਲ ਉ. 86.1.

51. ਬ੍ਰਹਮਣ ਬਹੁ ਪਰਕਾਰ ਕਰ ਸ਼ਾਸਤ੍ਰ ਵੇਦ ਪੁਰਾਣ ਲੜਾਏ— 19.1.
ਗੁਰਦਾਸ

ਪੂਰਨ ਸਤਿਕਾਰ ਅਤੇ ਬਰਾਬਰੀ ਪਰਾਪਤ ਕਰ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚ 'ਨਿਰਵੈਰ' ਨੂੰ ਹੀ ਅਮਲੀ ਰੂਪ ਦਿਤਾ ਗਿਆ ਹੈ। ਆਦਿ ਗ੍ਰੰਥ ਦਾ ਪ੍ਰਮੁੱਖ ਸਿਧਾਂਤ ਇਹੋ ਹੈ:

ਨਿਰਭਉ ਨਿਰੰਕਾਰ ਨਿਰਵੈਰ
ਪੂਰਨ ਜੋਤਿ ਸਮਾਈ। ਸੋ.੧(596)

ਸਿਖ ਗੁਰਦਵਾਰੇ, ਬਉਲੀਆਂ, ਨਵੇਂ ਸਥਾਪਤ ਸ਼ਹਿਰ, ਕਸੱਬੇ, ਸਰੱਬ-ਮਨੁੱਖਤਾ ਦੀ ਭਲਾਈ ਲਈ ਸਨ। ਲੰਗਰ, ਸੰਗਤ, ਅਤੇ ਪੰਗਤ ਸਰਬ-ਏਕਤਾ, ਸਰਬ-ਸਮਾਨਤਾ ਅਤੇ ਸਰਬ-ਸਾਂਝੀਵਾਲਤਾ ਦੇ ਅਮਲੀ ਕ੍ਰਮ ਹਨ।

ਆਦਰਸ਼ਕ ਮਨੁੱਖ ਕੇਵਲ 'ਅਕਾਲ' ਦਾ ਉਪਾਸ਼ਕ ਹੈ। ਅਕਾਲ ਮੂਰਤਿ ਦਾ ਵਿਸ਼ਲੇਸ਼ਣ ਪਰਮਾਤਮਾ ਦੀ ਬੁੱਤਾਂ ਅਤੇ ਮੂਰਤਾਂ ਵਿਚ ਵਿਦਮਾਨਤਾ ਦਾ ਖੰਡਨ ਕਰਦਾ ਹੈ। ਕੇਵਲ ਨਿਰਗੁਣ ਪਰਮਾਤਮਾ ਦੀ ਭਗਤੀ ਹੀ ਸਰਬ-ਮਨੁੱਖਤਾ ਨੂੰ ਜੋੜ ਸਕਦੀ ਹੈ। ਉਸ ਦੀ ਬੁੱਤਾਂ ਵਿਚ ਸਥਾਪਨਾ, ਉਸ ਨੂੰ ਵਿਸ਼ੇਸ਼ ਸ਼ਕਲ, ਆਕਾਰ ਵਿਚ ਨਿਸਚਿਤ ਕਰ ਦੇਣਾ, ਉਸ ਦੀ ਸਰਬ-ਵਿਆਪਕਤਾ ਨੂੰ ਸੀਮਤ ਕਰਨਾ ਹੈ। ਮੁਹੰਮਦ ਸਾਹਿਬ ਦੀ ਸਾਰੀ ਲੜਾਈ ਅਰਬ ਦੇ ਬੁੱਤ-ਪੂਜਕਾਂ ਵਿਰੁੱਧ ਸੀ। ਉਪਰੰਤ ਮੁਸਲਮਾਨਾਂ ਦਾ ਹਿੰਦੂਆਂ ਵਿਰੁਧ ਸਾਰਾ ਜ਼ੁਲਮ ਇਸ ਆਧਾਰ ਤੇ ਸੀ ਕਿ ਹਿੰਦੂ ਬੁੱਤ-ਪੂਜ ਹੈ, ਰੱਬ ਪੂਜ ਨਹੀਂ, ਇਸ ਲਈ ਕਾਫਰ ਹੈ। ਸਹਿਨਸ਼ੀਲਤਾ ਦੀ ਭਾਵਨਾ ਅਤੇ ਉਦਾਰਤਾ ਚੰਗੇ ਗੁਣ ਹਨ ਪਰ ਜੇ ਰੱਬ ਨੂੰ ਬੁੱਤਾਂ ਵਿਚ ਵਿਦਮਾਨ ਨਾ ਕੀਤਾ ਜਾਵੇ ਅਤੇ ਉਸਦੀ ਰੱਬੀ-ਕਲਾਮ ਰਾਹੀਂ, ਬਾਣੀ ਰਾਹੀਂ, ਸ਼ਬਦ ਰਾਹੀਂ, ਨਾਮ ਰਾਹੀਂ, ਸਰਾਹਨਾ ਅਤੇ ਪੂਜਾ ਕੀਤੀ ਜਾਵੇ, ਤਾਂ ਸਰਬ ਮਨੁੱਖਤਾ ਨੂੰ ਇਕ ਰੱਬ ਦੇ ਉਪਾਸ਼ਕਾਂ ਦੇ ਰੂਪ ਵਿਚ ਇਕਠਾ ਕੀਤਾ ਜਾ ਸਕਦਾ ਹੈ। ਸਿਖ ਧਰਮ ਨੇ 'ਅਕਾਲ ਮੂਰਤਿ' ਸੰਕਲਪ ਅਧੀਨ ਬੁੱਤ-ਪੂਜਾ ਨੂੰ ਸਵੀਕਾਰ ਨਹੀਂ ਕੀਤਾ।

ਆਦਰਸ਼ਕ ਮਨੁੱਖ 'ਅਜੂਨੀ ਸੈਭੰ' ਦਾ ਉਪਾਸ਼ਕ ਹੈ। ਉਸ ਦਾ ਪਰਮਾਤਮਾ ਸਰਬ-ਸਮਰਥ ਹੈ, ਜੋ ਖਿਨ ਵਿਚ ਸ੍ਰਿਸ਼ਟੀ ਨੂੰ ਭੰਨਦਾ ਘੜਦਾ, ਉਸਾਰਦਾ, ਢਾਹੁੰਦਾ ਅਤੇ ਮੁੜ ਉਸਾਰ ਲੈਂਦਾ ਹੈ। ਉਸ ਦੀ ਦੁਨੀਆਂ ਅਤੀ ਵਿਸ਼ਾਲ, ਅਸੀਮ ਅਤੇ ਅਨੰਤ ਹੈ। ਇਸ ਧਰਤੀ ਦੇ ਕਿਸੇ ਇਕ ਭਾਗ ਵਿਚ ਕਿਸੇ ਵਿਸ਼ੇਸ਼ ਵਧੀਕੀ ਦੇ ਅਮਲ ਨੂੰ ਰੋਕਣ ਲਈ ਉਸ ਨੂੰ ਮਨੁੱਖੀ ਜੂਨ ਵਿਚ ਜਨਮ ਧਾਰਨ ਦੀ ਲੋੜ ਨਹੀਂ ਪੈਂਦੀ। ਆਦਰਸ਼ਕ ਮਨੁੱਖ ਅਵਤਾਰਾਂ ਵਿਚ ਨਹੀਂ, ਅਵਤਾਰਾਂ ਦੇ ਕਰਤੇ ਵਿਚ ਵਿਸ਼ਵਾਸ ਰਖਦਾ ਹੈ। ਅਵਤਾਰਵਾਦ ਕਾਰਨ ਮਨੁੱਖਤਾ ਵੰਡੀ ਜਾਂਦੀ ਹੈ ਕਿਉਂਕਿ ਇਕ ਅਵਤਾਰ ਨੂੰ

ਮੰਨਣ ਵਾਲਾ ਦੂਜੇ ਨੂੰ ਨਹੀਂ ਮੰਨਦਾ। ਇਹ ਵੰਡ ਵਿਤਕਰੇ ਕੇਵਲ ਅਵਤਾਰਾਂ ਤਕ ਹੀ ਸੀਮਤ ਨਹੀਂ ਰਹਿੰਦੇ। ਦੇਵੀਆਂ ਦੇਵਤੇ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਵੀ ਆਪਸੀ ਵੈਰ ਵਿਰੋਧ ਰਖਦੇ ਹਨ। ਇਨ੍ਹਾਂ ਦੇ ਉਪਾਸ਼ਕ ਗਿਰਹੀ, ਉਦਾਸੀ, ਸੰਨਿਆਸੀ, ਮੋਨੀ, ਬ੍ਰਹਮਚਾਰੀ, ਨਾਂਗੇ ਕਈ ਧਿਰਾਂ ਵਿਚ ਵੰਡੇ ਹੋਏ ਹਨ। ਮੁਸਲਮਾਨਾਂ ਵਿਚ ਸ਼ੀਆ, ਸੁਨੀ, ਅਹਿਮਦੀਏ ਇਨਾਂ ਕਾਰਨਾਂ ਕਰਕੇ ਹੀ ਆਪਸੀ ਵੈਰ ਵਿਰੋਧ ਰਖਦੇ ਹਨ। 'ਅਜੂਨੀ' ਦਾ ਸਿਧਾਂਤ ਇਨ੍ਹਾਂ ਵੰਡਾਂ ਨੂੰ ਖਤਮ ਕਰਦਾ ਹੈ ਅਤੇ ਪਰਮਾਤਮਾ ਨੂੰ ਮਨੁੱਖੀ ਜਨਮ-ਜੂਨ ਤੋਂ ਰਹਿਤ ਦਸਦਾ ਹੈ। ਸਿਖ ਧਰਮ ਵਿਚ ਰਬ ਅਤੇ ਇਨਸਾਨ ਵਿਚਕਾਰ ਕੋਈ ਅਜੇਹੀ ਹਸਤੀ ਨਹੀਂ ਮੰਨੀ ਗਈ, ਜਿਹੋ ਜਿਹੀ ਹੋਰ ਮਜ਼ਬਾਂ ਵਿਚ ਮੰਨੀ ਜਾਂਦੀ ਹੈ।[52] ਸਿੱਖ ਧਰਮ ਦਾ ਪਰਮਾਤਮਾ 'ਅਜੂਨੀ ਸੈਭੰ' ਹੈ।

10.1 'ਗੁਰਪ੍ਰਸਾਦਿ' ਵਿਚ ਵਿਅਕਤ 'ਗੁਰੂ' ਅਤੇ 'ਗੁਰੂ ਦੀ ਕਿਰਪਾ' ਦਾ ਸੰਕਲਪ ਸਿਖ ਪੰਥ ਵਿਚ ਵਿਸ਼ੇਸ਼ ਮਹਾਨਤਾ ਰਖਦਾ ਹੈ। ਸਿਖ ਧਰਮ ਦੀ ਗੁਰੂ ਪਰੰਪਰਾ ਨੂੰ ਬਾਕੀ ਧਰਮਾਂ ਦੇ ਰਸੂਲ, ਖਲੀਫਿਆਂ, ਰਖਿਆਕਾਂ, ਰਿਸ਼ੀਆਂ, ਅਵਤਾਰਾਂ ਜਾਂ ਸੰਤਾਂ, ਸਾਧੂਆਂ, ਮੁਕਤਾਂ, ਸੂਫੀਆਂ, ਬ੍ਰਹਮ-ਗਿਆਨੀਆਂ, ਦੇ ਤੁਲ ਨਹੀਂ ਕਿਹਾ ਜਾ ਸਕਦਾ। ਸਿਖ ਗੁਰੂ ਪਰੰਪਰਾ ਰੂਹਾਨੀ ਜੋਤਿ ਦੀ ਪਰੰਪਰਾ ਸੀ ਜਿਸਨੇ ਇਹ ਸਿਧ ਕੀਤਾ ਕਿ ਰੂਹਾਨੀ ਆਵਾਜ਼ ਅਤੇ ਹੁਕਮ ਅਨੁਸਾਰ ਆਦਰਸ਼ਕ ਜੀਵਨ ਜੀਵਿਆ ਜਾ ਸਕਦਾ ਹੈ। ਸਿਖ ਗੁਰੂ ਪਰੰਪਰਾ 200 ਸਾਲ ਜਾਰੀ ਰਹੀ ਪਰ 'ਜੋਤਿ' ਉਹੋ ਰਹੀ, ਕੇਵਲ ਸਰੀਰ ਦੀ ਤਬਦੀਲੀ ਹੁੰਦੀ ਰਹੀ ਅਤੇ ਅੰਤ ਵਿਚ ਇਹ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਵਿਚ ਵਿਦਮਾਨ ਹੋ ਗਈ। ਬਾਣੀ ਪਹਿਲਾਂ ਹੀ ਗੁਰੂ ਦਾ ਅਸੱਲ ਸਰੂਪ ਸੀ ਪਰ ਜਿਸ ਮਾਧਿਅਮ ਰਾਹੀਂ ਬਾਣੀ ਪ੍ਰਗੱਟ ਹੋਈ, ਉਹ ਮਾਧਿਅਮ ਸਰੀਰ ਰੂਪ ਵਿਚ ਜੀਵਤ ਹੋਣ ਕਾਰਨ ਪੂਰਨ ਸਤਿਕਾਰ ਦਾ ਪਾਤਰ ਸੀ। ਗੁਰੂ ਗੋਬਿੰਦ ਸਿੰਘ ਨੇ 1708 ਈ. ਵਿਚ ਗੁਰੂ ਪਰੰਪਰਾ ਗੁਰੂ ਗ੍ਰੰਥ (ਗੁਰੂਆਂ ਰਾਹੀਂ ਪ੍ਰਗੱਟ ਹੋਈ ਪਰਮਾਤਮ ਆਵਾਜ਼) ਅਤੇ ਗੁਰੂ ਪੰਥ(ਗਿਆਨ ਤੇ ਸੋਝੀ ਵਾਲੀ ਕੌਮ) ਨੂੰ ਦੇ ਦਿਤੀ। ਇਹ ਗੁਰੂ-ਪਰੰਪਰਾ ਅਨੰਤ ਕਾਲ ਲਈ ਹੈ।

---

52. ਸਿਖੀ ਸਿਖਿਆ, ਪੰਨਾ 33

10.2. ਸ਼ਬਦ-ਗੁਰੂ ਅਤੇ 'ਪ੍ਰਸਾਦ' ਸਿਧਾਂਤ ਨੇ ਸਿਖ ਜਗਤ ਨੂੰ ਬ੍ਰਾਹਮਣੀ ਤਾਬਿਆਦਾਰੀ ਅਤੇ ਕਰਮ-ਸਿਧਾਂਤ ਦੇ ਅਮਿਟ ਚਕਰ ਤੋਂ ਮੁਕਤ ਕਰ ਦਿਤਾ। ਪਰਮ-ਗਿਆਨ ਅਤੇ ਗ੍ਰੰਥਾਂ ਦਾ ਪਾਠ, ਪੂਜਾ ਕੇਵਲ ਬ੍ਰਾਹਮਣ ਜਾਤੀ ਦਾ ਅਧਿਕਾਰ ਸੀ ਜਿਸ ਨੇ ਬ੍ਰਾਹਮਣ-ਹਉਮੈਵਾਦ ਨੂੰ ਜਨਮ ਦਿਤਾ। ਗੁਰੂ ਨਾਨਕ ਦੇਵ ਅਨੁਸਾਰ ਰਸਮੀ ਵੇਦ-ਪਾਠ ਅਸ਼ਾਂਤੀ ਦਾ ਘਰ ਹੈ ਅਤੇ ਵਾਦ-ਵਿਵਾਦ ਦਾ ਸੋਮਾ ਹੈ ਜਿਸ ਨਾਲ "ਭੀਤਰ-ਵਸਦੀ-ਵਸਤ" ਦੀ ਪ੍ਰਾਪਤੀ ਨਹੀਂ ਹੁੰਦੀ।[53] ਪ੍ਰਭੂ-ਕਿਰਪਾ ਵੇਦ-ਪਾਠੀਆਂ ਅਤੇ ਬ੍ਰਾਹਮਣਾ ਦਾ ਵਿਰਸਾ ਨਹੀਂ, ਸਭ ਜੀਆਂ ਉੱਪਰ ਹਰ ਸਮੇਂ ਉਸ ਦੀ ਅਪਾਰ ਕਿਰਪਾ ਹੋ ਰਹੀ ਹੈ। ਸ਼ਬਦ ਅਤੇ ਨਾਮ ਸਾਰੇ ਵਰਣਾਂ, ਸਾਰੇ ਆਸ਼ਰਮਾਂ ਅਤੇ ਸਰਬ-ਮਨੁੱਖਤਾ ਲਈ ਹੈ। ਉਸ ਦਾ 'ਪ੍ਰਸਾਦਿ' ਜਾਂ ਕਿਰਪਾ ਸਭ ਉਪਰ ਹੈ। ਉਹ ਸਭ ਅੰਦਰ ਨਿਵਾਸ ਕਰਦਾ ਹੈ, ਸਭ ਨੂੰ ਚੰਗੇ ਮਾਰਗ ਦੀ ਸੋਧ ਬਖਸ਼ਦਾ ਹੈ ਅਤੇ ਗੁਰੂ ਰੂਪ ਹੋਕੇ ਸਭ ਦਾ ਪੱਥ-ਪਰਦਰਸ਼ਕ ਬਣਦਾ ਹੈ। ਸਾਰੀਆਂ ਨਿਆਮਤਾਂ, ਕੁਦੱਰਤ ਦੀ ਸਰਦਾਰੀ, ਮਤ ਬੁੱਧ, ਗਿਆਨ, ਵਿਗਿਆਨ ਸਭ ਉਸਦੀ ਬਖਸ਼ਸ਼ ਹੈ। ਕਿਰਪਾਲੂ ਪਰਮਾਤਮਾ ਦਾਤਾ ਹੈ, ਬੇਅੰਤ ਦਾਤਾ ਦਿੰਦਾ ਹੈ; ਲੈਣ ਵਾਲੇ ਥੱਕ ਜਾਂਦੇ ਹਨ, ਦੇਣ ਵਾਲਾ ਨਹੀਂ ਥਕਦਾ। ਦਾਤਾਰ ਨਾਲ ਸਾਂਝ ਪਾਉਣ ਵਾਲਾ ਮਨੁੱਖ ਵੀ ਦਾਤਾ ਹੁੰਦਾ ਹੈ, ਮੰਗਤਾ ਨਹੀਂ ਬਣਦਾ। ਹਥੀਂ ਕਿਰਤ ਕਰਕੇ ਵੰਡ ਕੇ ਛਕਦਾ ਹੈ ਅਤੇ ਸਾਰੀ ਪਰਾਪਤੀ ਨੂੰ ਗੁਰੂ ਦਾ 'ਪ੍ਰਸਾਦਿ' ਮੰਨਦਾ ਹੈ। ਇਸ ਤਰ੍ਹਾਂ ਗੁਰਪ੍ਰਸਾਦਿ 'ਜਨ ਪ੍ਰਸਾਦਿ' ਵਿਚ ਕਿਰਿਆਸ਼ੀਲ ਅਤੇ ਵਿਕਸਤ ਹੁੰਦਾ ਹੈ। ਮੂਲ-ਮੰਤਰ ਦੀ ਵਿਚਾਰਧਾਰਾ ਤੋਂ ਜਿਸ ਆਦਰਸ਼ਕ ਮਨੁੱਖ ਦਾ ਸੰਕਲਪ ਉਤਪੰਨ ਹੁੰਦਾ ਹੈ, ਉਸਨੂੰ ਗੁਰਬਾਣੀ ਵਿਚ ਵਧੇਰੇ ਕਰਕੇ 'ਗੁਰਮੁਖਿ' ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਅਨੁਸਾਰ ਇਸ ਧਰਤੀ ਦੀ ਸਾਜਨਾ ਹੀ ਗੁਰਮੁਖਾਂ ਲਈ ਕੀਤੀ ਗਈ ਹੈ:

ਗੁਰਮੁਖਿ ਧਰਤੀ ਸਾਚੈ ਸਾਜੀ — ਰਾਮਕਲੀ ੧ (941)

ਭਾਈ ਗੁਰਦਾਸ ਨੇ 'ਗੁਰਮੁਖ' ਦੀ ਨਿਮਨ ਸਿਫ਼ਤ ਦਸੀ ਹੈ:

ਗੁਰਮੁਖਿ ਪੰਡਿਤ ਹੋਇ ਜਗ ਪ੍ਰਬੋਧੀਐ।
ਗੁਰਮੁਖਿ ਆਪ ਗਵਾਇ ਅੰਦਰ ਸੋਧੀਐ।
ਗੁਰਮੁਖ ਸਤ ਸੰਤੋਖ ਨ ਕਾਮ ਕ੍ਰੋਧੀਐ।

---

53. ਪੜਿ ਪੜਿ ਪੰਡਿਤੁ ਬਾਦੁ ਵਖਾਣੈ .... ਗਉੜੀ ੧.( 152 )
ਪੜਿ ਪੜਿ ਦਝਹਿ ਸਾਂਤਿ ਨ ਆਈ— ਮਾਰੂ ੧ (1026)

ਗੁਰਮੁਖ ਹੈ ਨਿਰਵੈਰ ਨ ਵੈਰ ਵਿਰੋਧੀਐ।
ਚਹੁ ਵਰਨਾ ਉਪਦੇਸ ਸਹਿਜ ਸਮੋਧੀਐ।
ਧੰਨ ਜਣੇਦੀ ਮਾਉ ਜੋਧਾ ਜੋਧੀਐ। 18.19.

ਗੁਰਮੁਖਾਂ ਦੇ ਸਾਜੇ ਸਮਾਜ ਅਤੇ ਰਾਜਸੀ ਬਣਤਰ ਵਿਚ ਰਾਜੇ ਅਤੇ ਰਈਅਤ ਵਿਚਲੀ ਪਾੜ ਮਿਟ ਜਾਂਦੀ ਹੈ। ਇਹ 'ਹਲੇਮੀ' ਸਮਾਜ ਅਤੇ ਰਾਜ ਦੀ ਸਥਾਪਨਾ ਦਾ ਸੰਕਲਪ ਹੈ ਜਿਸ ਵਿਚ, ਗੁਰੂ ਅਰਜਨ ਦੇਵ ਅਨੁਸਾਰ, ਕੋਈ ਸ਼ਕਤੀਵਰ ਮਾੜੇ ਨੂੰ ਲੁਟਦਾ ਨਹੀਂ, ਸਗੋਂ ਸਾਰਾ ਭਾਈਚਾਰਾ ਸੁਖੀ ਵਸਦਾ ਹੈ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ
ਪੈ ਕੋਇ ਨ ਕਿਸੈ ਰਵਾਣ ਦਾ
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ। ਸਿਰੀ (74)

ਇਸ ਤਰ੍ਹਾਂ ਮੂਲ-ਮੰਤਰ ਦੇ ਆਧਾਰ ਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਨੇ ਇਕ ਨਵੇਂ ਆਦਰਸ਼ਕ ਮਨੁੱਖ, ਮਾਨਵਵਾਦੀ ਸਮਾਜ ਅਤੇ ਹਲੇਮੀ ਰਾਜ ਦਾ ਸੰਕਲਪ ਦਿੱਤਾ।

## ਸਾਰੰਸ਼

ਮੂਲ-ਮੰਤਰ ਸਮੁੱਚੀ ਗੁਰਬਾਣੀ ਅਤੇ ਸਿਖ-ਵਿਚਾਰਧਾਰਾ ਦਾ ਮੂਲ ਆਧਾਰ ਹੈ। ਗੁਰੂ ਨਾਨਕ ਦੇਵ ਦੀ ਇਸ ਸੰਖੇਪ ਰਚਨਾ ਵਿਚ ਸੰਕੁਚਿਤ ਰੂਪ ਵਿਚ ਪ੍ਰਗਟਾਏ ਬ੍ਰਹਮ,ਜੀਵ, ਜਗਤ ਦੇ ਸੰਕਲਪ ਅਤੇ ਆਪਸੀ ਸੰਬੰਧਾਂ ਨੂੰ ਹੀ ਆਦਿ ਗ੍ਰੰਥ ਦੀ ਬਾਣੀ ਵਿਚ ਅਨੇਕ ਪੱਖਾਂ ਤੋਂ ਵਿਚਾਰਿਆ ਗਿਆ ਹੈ। ਇਹ ਰਚਨਾ ਕਿਸੇ ਰਾਗ ਵਿਚ ਨਹੀਂ, ਨਾ ਹੀ ਕਿਸੇ ਬਾਣੀ ਦਾ ਅੰਗ ਹੈ, ਫਿਰ ਵੀ ਹਰੇਕ ਬਾਣੀ ਅਤੇ ਹਰੇਕ ਰਾਗ ਦਾ ਸਿਰਮੌਰ ਹੈ। ਮੂਲ-ਮੰਤਰ ਦੇ ਇਨ੍ਹਾਂ ਚੌਦਾਂ ਪਦਾਂ ਦਾ ਭਾਰਤੀ ਦਰਸ਼ਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਾਪਤ ਹੋ ਜਾਣਾ ਅਚੰਭੇ ਵਾਲੀ ਗਲ ਨਹੀਂ ਪਰ ਏਥੇ ਇਨ੍ਹਾਂ ਦਾ ਪ੍ਰਯੋਗ ਨਵੇਂ ਰੂਪਾਂ, ਨਰੋਏ ਅਰਥਾਂ ਅਤੇ ਮੌਲਿਕ ਤਰਤੀਬ ਵਿਚ ਹੋਇਆ ਹੈ। ਕਈ ਪੁਰਾਤਨ ਪਰਚਲਤ ਵਿਸ਼ਵਾਸਾਂ ਨੂੰ ਗੌਣ ਪਦਵੀ ਦੇ ਕੇ ਵਿਚਾਰਾਂ ਨੂੰ ਅਗੇ ਤੋਰਿਆ ਗਿਆ ਹੈ। ਇਸ ਰਚਨਾ ਨੂੰ 'ਮੂਲ-ਮੰਤਰ' ਦੀ ਇਨ੍ਹਾਂ ਨਵੇਂ ਅਰਥਾਂ ਵਿਚ ਹੀ ਕਿਹਾ ਗਿਆ ਹੈ ਜੋ ਹਿੰਦੂ-ਮੰਤਰ-ਵਿਧਾਨ ਨਾਲੋਂ ਬਿਲਕੁਲ ਵਖਰੀ ਭਾਂਤ ਦਾ ਸੰਕਲਪ ਹੈ। ਹਿੰਦੂ ਧਰਮ ਦੀਆਂ ਸਾਰੀਆਂ ਰਸਮਾਂ ਰੀਤਾਂ ਮੰਤਰਾਂ ਨਾਲ ਸੰਬੰਧਿਤ ਹਨ। ਮੰਤਰ ਸ਼ਕਤੀ ਨੂੰ ਜਾਦੂ,ਟੂਣਿਆਂ, ਜੰਤਰਾਂ, ਤਵੀਤਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਇਸ ਦਾ ਪ੍ਰਯੋਗ ਸਹਾਇਤਾ, ਸੁਰੱਖਿਆ, ਸੰਪਤੀ, ਸੰਤਾਨ,ਹਾਨੀ, ਲਾਭ, ਵੈਰ-ਵਿਰੋਧ, ਪਿਆਰ, ਨਫ਼ਰਤ, ਇਤਿ ਆਦਿ ਚੰਗੇ ਅਤੇ ਭੈੜੇ ਅਮਲਾਂ ਲਈ ਕੀਤਾ ਜਾਂਦਾ ਰਿਹਾ ਹੈ। ਮੰਤਰਾਂ ਦੀ ਵੰਡ, ਨਾਮਕਰਨ, ਇਸ਼ਟ, ਦੇਵਤੇ, ਦੀਖਿਆ, ਫਲ, ਉਚਾਰਣ-ਵਿਧੀ, ਆਸਣ ਅਤੇ ਉਚਾਰਣ-ਅਸਥਾਨਾਂ ਸੰਬੰਧੀ ਅਨੇਕਾਂ ਗ੍ਰੰਥ ਲਿਖੇ ਗਏ ਹਨ। ਪਰ ਗੁਰਮਤਿ ਵਿਚਾਰਧਾਰਾ ਇਸ ਤੋਂ ਵਿਲੱਖਣ ਵਸਤ ਹੈ। ਗੁਰਬਾਣੀ ਪੜ੍ਹਨ, ਸੁਣਨ ਅਤੇ ਵਿਚਾਰਨ ਦਾ ਵਿਸ਼ਾ ਹੈ। ਏਥੇ ਪ੍ਰਾਪਤੀ ਮੰਤਰ-ਪਾਠ ਨਾਲ ਨਹੀਂ, ਸਗੋਂ ਸੱਚੇ-ਆਚਾਰ, ਵਿਚਾਰ ਅਤੇ ਵਿਹਾਰ ਰਾਹੀਂ ਦਸੀ ਹੈ। ਸਮੁੱਚੀ ਗੁਰਬਾਣੀ ਅਤੇ ਗੁਰਮਤਿ ਵਿਚਾਰਧਾਰਾ ਦਾ ਮੂਲ ਹੋਣ ਕਾਰਨ ਇਹ ਰਚਨਾ ਸਿਖੀ ਦਾ ਮੂਲ-ਮੰਤਰ ਹੈ। ਗੁਰਮਤਿ ਵਿਚ ਗੁਰ ਉਪਦੇਸ਼ ਅਤੇ ਨਾਮ ਨੂੰ ਹੀ ਬੀਜ-ਮੰਤਰ, ਗੁਰ-ਮੰਤਰ, ਮਹਾਂ-ਮੰਤਰ, ਅਬਿਨਾਸੀ ਮੰਤਰ, ਪੂਰਨ ਮੰਤਰ, ਨਿਰਮਲ ਮੰਤਰ, ਹਰਿ ਮੰਤਰ ਅਤੇ ਮੂਲ-ਮੰਤਰ ਕਿਹਾ ਗਿਆ ਹੈ।

2. ਮੂਲ-ਮੰਤਰ ਦਾ ਪਹਿਲਾ ਸ਼ਬਦ ੧ੴ ਸਮੁੱਚੇ ਸਿਖ ਦਰਸ਼ਨ ਦਾ ਧੁਰਾ ਹੈ। ਏਕਾ ਧਰਮ ਦਰਸ਼ਨ ਦੇ ਅਨੇਕਾਂ ਵਾਦ-ਵਿਵਾਦਾਂ ਅਤੇ ਵੰਡਾਂ ਨੂੰ ਸਮੇਟ ਕੇ ਪਰਮ-ਸਤਾ ਦੀ ਏਕਤਾ, ਅਖੰਡਤਾ ਅਤੇ ਅਦਵੈਤਾ ਸਥਾਪਤ ਕਰਦਾ ਹੈ। ਓਅੰਕਾਰ ਨਾਲ ਇਕ ਦਾ ਪ੍ਰਯੋਗ ਭਾਰਤੀ ਵਿਚਾਰਧਾਰਾ ਵਿਚ ਵਿਸ਼ੇਸ਼ ਮਹੱਤਾ ਰਖਦਾ ਹੈ। ਰਹੱਸਵਾਦੀ ਸ਼ਬਦ ਓਮ ਅਖਰਾਂ ਅਤੇ ਸਵਰਾਂ ਵਿਚ ਵੰਡੀਜ ਕੇ

ਕਈ ਦੂਤਾਂ ਅਤੇ ਅਨੇਕ ਤਿਲੋਕਿਆਂ ਦਾ ਪ੍ਰਤੀਕ ਬਣ ਗਿਆ ਸੀ। '੧ੴ' ਦਾ ਸੰਕਲਪ ਬ੍ਰਹਮ ਨੂੰ ਵਿਭਾਜਤ ਕਰਨ ਦੀ ਬਿਰਤੀ ਨੂੰ ਖ਼ਤਮ ਕਰਕੇ ਬ੍ਰਹਮ ਦੀਆਂ ਸਾਰੀਆਂ ਸ਼ਕਤੀਆਂ — ਸਿਰਜਣਾਤਮਕਤਾ, ਅਨੰਤਤਾ, ਅਨੰਤਸ਼ੀਲਤਾ, ਅਦਵੈਤਾ, ਅੰਤਰਯਾਮਤਾ, ਨਿਤੱਤਾ, ਸਰਬ-ਵਿਆਪਕਤਾ ਅਤੇ ਨਿਰਲੇਪਤਾ ਨੂੰ ਬ੍ਰਹਮ ਦੀ ਏਕਤਾ ਵਿਚ ਵਿਦਮਾਨ ਕਰਦਾ ਹੈ। ਗੁਰਮਤਿ ਵਿਚ ਨਿਰਗੁਣ ਸਰਗੁਣ ਦੋ ਨਹੀਂ, ਇਕ ਸਰੂਪ ਹੈ। ਸਰਗੁਣਤਾ ਨਿਰਗੁਣਤਾ ਵਿਚ ਸਦਾ ਵਿਦਮਾਨ ਰਹਿੰਦੀ ਹੈ। ਰਚਨਾ ਦੀ ਸਾਰੀ ਸੰਭਾਵਨਾ ਕਰਤਾਰੀ-ਸ਼ਕਤੀ ਓਅੰਕਾਰ ਵਿਚ ਸਮਾਈ ਹੋਈ ਹੈ ਅਤੇ ਹੁਕਮ ਅਨੁਸਾਰ ਰਚਨਾ ਰੂਪ ਵਿਚ ਵਿਦਮਾਨ ਹੁੰਦੀ ਰਹਿੰਦੀ ਹੈ। ਗੁਰਬਾਣੀ ਦਾ ਓਅੰਕਾਰ ਰਚਨਹਾਰਾ ਅਤੇ ਗੁਣੀ-ਨਿਧਾਨ ਹੈ। 'ਸਤਿ' ਅਜੇਹੇ ਬ੍ਰਹਮ ਦੀ ਹੋਂਦ, ਹੋਤਾ, ਹਸਤੀ, ਮੌਜੂਦਗੀ, ਵਾਸਤਵਿਕਤਾ ਅਤੇ ਸਦੀਵਤਾ ਦਾ ਲਖਾਇਕ ਹੈ ਜੋ ਤ੍ਰੈ-ਕਾਲ ਸਤਿ ਹੈ ਅਤੇ ਤ੍ਰੈ-ਕਾਲ ਅਤੀਤ 'ਸਤਿ' ਹੈ। 'ਸਤਿ' ਦੀ ਸਤਾ 'ਨਾਮ' ਰੂਪ ਵਿਚ ਸਾਰੀ ਰਚਨਾ ਵਿਚ ਵਿਦਮਾਨ ਹੈ ਜਿਸ ਨੂੰ ਪ੍ਰਗੱਟ ਕੀਤਾ ਜਾ ਸਕਦਾ ਹੈ ਅਤੇ ਜੋ ਸਾਡੇ ਅਨੁਭਵ ਵਿਚ ਆ ਸਕਦਾ ਹੈ। ਸਮੁੱਚੀ ਗੁਰਬਾਣੀ ਨਾਮ ਦਾ ਅਭਿਆਸ ਹੈ। ਕਾਲ-ਪ੍ਰਭਾਵੀ ਮਰਣਸ਼ੀਲ ਅਤੇ ਹਰਪਲ ਬਦਲਣ ਵਾਲੀ ਭੌਤਿਕ ਰਚਨਾ ਨੂੰ 'ਸਤਿ' ਦੇ ਉਲਟ 'ਅਸਤਿ' ਜਾਂ ਭਰਮ ਕਿਹਾ ਜਾਂਦਾ ਹੈ ਪਰ ਇਹ ਵੇਦਾਂਤੀ ਭਾਸ਼ਾ ਵਾਲਾ ਛਲ, ਭਰਮ, ਜਾਂ ਅਣਹੋਂਦ ਨਹੀਂ, ਇਹ ਸਤਿ ਦੇ ਸਾਪੇਖ ਅਸਤਿ ਹੈ। ਕਾਲ-ਵਾਦੀ ਦ੍ਰਿਸ਼ਟੀ ਤੋਂ ਇਸ ਦੀ ਹੋਂਦ ਸੱਚੀ ਅਤੇ ਅਵੱਸ਼ ਹੈ। ਇਹ ਕਰਤਾ ਪੁਰਖ ਦੀ ਰਚਨਾ ਹੈ। ਕਰਤਾ ਖ਼ੁਦ ਰਚਨਾ ਵਿਚ ਵਿਦਮਾਨ ਹੈ ਅਤੇ ਆਪਣੀ ਰਚਨਾ ਨੂੰ ਵੇਖਕੇ ਪ੍ਰਸੰਨ ਹੁੰਦਾ ਹੈ। ਇਹ 'ਸੱਚੇ ਦੀ ਕੋਠੜੀ' ਹੈ ਜਿਸ ਵਿਚ ਸੱਚ ਦਾ ਨਿਵਾਸ ਹੈ। ਗੁਰਮਤਿ ਅਨੁਸਾਰ ਪ੍ਰਕ੍ਰਿਤੀ ਅਨਾਦੀ ਨਹੀਂ, ਨਾ ਹੀ ਕਾਲ ਅਨਾਦੀ ਹੈ। ਸਭ ਕਰਤੇ ਦੀਆਂ ਕਿਰਤਾਂ ਹਨ। ਗੁਰਮਤਿ ਦਾ ਪੁਰਖ ਸਰਬ-ਸਮਰੱਥ, ਸਰਬ-ਵਿਆਪਕ ਪਰਮ-ਆਤਮਾ ਹੈ। ਇਹ ਰਿਗਵੇਦਿਕ ਪੁਰਸ਼ ਨਹੀਂ ਜਿਸ ਨੂੰ ਦੇਵਤੇ ਵਿਭਾਜਤ ਕਰਕੇ ਚਾਰ ਜਾਤਾਂ ਦੀ ਸਿਰਜਣਾ ਕਰਦੇ ਹਨ। ਇਹ ਸਾਂਖ ਪੁਰਸ਼ ਵਾਂਗ ਅਕ੍ਰਿਆਸ਼ੀਲ ਦਰਸ਼ਕ ਵੀ ਨਹੀਂ, ਸਗੋਂ ਸਰਬ-ਵਿਆਪਕ ਹੋਕੇ ਸਭ ਦੀ ਸੰਭਾਲ ਅਤੇ ਪਾਲਣਾ ਕਰਦਾ ਹੈ। ਗੁਰਮਤਿ ਅਨੁਸਾਰ ਰਚਨਾ ਸੱਚੇ ਦੀ ਸੱਚੀ ਕਿਰਤ ਹੈ। ਇਸ ਵਿਚ ਸੱਚੇ ਦਾ ਨਿਵਾਸ ਹੈ ਅਤੇ ਇਹ ਧਰਮ ਕਮਾਉਣ ਦਾ ਅਸਥਾਨ ਹੈ। ਕਰਤਾ, ਜੀਵ ਅਤੇ ਜਗਤ ਨਿਕਟਵਰਤੀ ਸੰਬੰਧਾਂ ਵਿਚ ਬਝੇ ਸੰਸਾਰ ਦੀ ਖੇਡ ਚਲਾ ਰਹੇ ਹਨ। ਪਰ ਇਨ੍ਹਾਂ ਨਿਕਟਵਰਤੀ ਸੰਬੰਧਾਂ ਦੇ ਬਾਵਜੂਦ ਜੀਵ, ਜਗਤ ਵਿਚ 'ਡਰ' ਅਤੇ 'ਵੈਰ' ਦੀਆਂ ਭਾਵਨਾਵਾਂ ਸਰਬ-ਵਿਆਪਕ ਹਨ। ਇਨ੍ਹਾਂ ਦੇ ਮਾਰੂ ਪਰਵਿਰਤੀਆਂ

ਦੀ ਹੋਂਦ ਕਾਰਨ ਅਜ ਤਕ ਰਾਜ, ਸਮਾਜ ਅਤੇ ਧਰਮ ਆਪਣੇ ਸੰਬੰਧ ਅਤੇ ਰਿਸ਼ਤੇ 'ਡਰ' ਅਤੇ 'ਵੈਰ' ਭਾਵਾਂ ਤੋਂ ਮੁਕਤ ਹੋਕੇ ਸਥਾਪਤ ਨਹੀਂ ਕਰ ਸਕੇ। ਵਿਸ਼ੇਸ਼ ਤੌਰ ਤੇ ਭਾਰਤੀ ਧਰਮਾਂ ਅਤੇ ਸਮਾਜਾਂ ਵਿਚ ਅਣਗਿਣਤ ਦੇਵੀ ਦੇਵਤਿਆਂ ਦੇ ਆਪਸੀ ਵੈਰ, ਉਨ੍ਹਾਂ ਨੂੰ ਪੂਜਣ ਅਤੇ ਨਾ ਪੂਜਣ ਵਾਲਿਆਂ ਉੱਤੇ ਉਨ੍ਹਾਂ ਦੀਆਂ ਕ੍ਰੋਪੀਆਂ ਅਤੇ ਸਰਾਪਾਂ ਦਾ ਡਰ, ਜਾਤੀ ਵੰਡ, ਮਨੂ ਦੇ ਕਰੜੇ ਕਾਨੂੰਨ, ਬ੍ਰਾਹਮਣ ਹਉਮੈਵਾਦ, ਨੀਵੀਆਂ ਜਾਤੀਆਂ ਅਤੇ ਇਸਤ੍ਰੀਆਂ ਪ੍ਰਤੀ ਘ੍ਰਿਣਾ ਅਤੇ ਤ੍ਰਿਸਕਾਰ ਹਜ਼ਾਰਾਂ ਸਾਲਾਂ ਦੀ ਪਰੰਪਰਾ ਹੈ ਜਿਸ ਨੇ ਭਾਰਤੀ ਜੀਵਨ ਦਾ ਸਵੈਮਾਨ ਅਤੇ ਗੌਰਵ ਖ਼ਤਮ ਕਰ ਦਿਤਾ ਸੀ। ਗੁਰੂ ਨਾਨਕ ਦੇਵ ਦਾ 'ਕਰਤਾ' ਸਭ ਦਾ ਕਰਤਾ ਅਤੇ ਪਾਲਣਹਾਰ ਹੈ, ਅਤੇ ਹਰ ਤਰ੍ਹਾਂ ਦੇ ਡਰਾਂ, ਸਰਾਪਾਂ, ਕ੍ਰੋਧਾਂ, ਵੈਰਾਂ, ਵਿਰੋਧਾਂ, ਵਿਵਾਦਾਂ ਅਤੇ ਭਿੰਨ-ਭੇਦਾਂ ਤੋਂ ਮੁਕਤ ਹੈ ਅਤੇ ਪਿਆਰ ਦੀ ਭਾਸ਼ਾ ਬੋਲਦਾ ਹੈ। "ਜੇਹਾ ਸੇਵੈ, ਤੇਹੋ ਹੋਵੈ" ਮਨੋਵਿਗਿਆਨਕ ਸਚਾਈ ਹੈ। ਕੇਵਲ 'ਨਿਰਭਉ' ਅਤੇ 'ਨਿਰਵੈਰ' ਦਾ ਉਪਾਸ਼ਕ ਹੀ ਹਰ. ਤਰ੍ਹਾਂ ਦੇ ਡਰਾਂ ਅਤੇ ਵੈਰਾਂ ਤੋਂ ਮੁਕਤ ਹੋ ਸਕਦਾ ਹੈ। ਜਿਵੇਂ ਜਿਵੇਂ ਮਨੁੱਖ 'ਨਿਰਭਉ' 'ਨਿਰਵੈਰ' ਦੇ ਨਿਕਟ ਹੁੰਦਾ ਹੈ, ਤਿਵੇਂ ਤਿਵੇਂ ਉਹ 'ਡਰ' ਅਤੇ 'ਵੈਰ' ਭਾਵਾਂ ਤੋਂ ਮੁਕਤ ਹੋ ਜਾਂਦਾ ਹੈ। ਭਾਰਤ ਵਿਚ ਵਿਸ਼ੇਸ਼ ਕਰਕੇ 'ਇਕ' ਅਕਾਲ ਦੀ ਪੂਜਾ ਨਾਲੋਂ ਅਵਤਾਰਾਂ ਅਤੇ ਅਨੇਕ ਦੇਵੀ ਦੇਵਤਿਆਂ ਦੇ ਬੁੱਤਾਂ ਦੀ ਪੂਜਾ ਦਾ ਰਿਵਾਜ ਵਧੇਰੇ ਹੈ। ਅਵਤਾਰਵਾਦ ਅਤੇ ਮੂਰਤੀ ਪੂਜਾ ਅਨੰਤ ਅਸੀਮ ਅਤੇ ਅਕਾਲ ਨੂੰ ਦੇਸ਼-ਕਾਲ ਵਿਚ ਸੀਮਤ ਕਰਨਾ ਹੈ। ਗੁਰਮਤਿ ਨੇ ਇਸ ਦਾ ਖੰਡਨ ਕੀਤਾ ਹੈ। ਵੇਦਾਂ ਵਿਚ ਕਾਲ ਨੂੰ ਵੀ ਅਨੰਤ, ਅਨਾਦੀ ਅਤੇ ਸਦੈ ਹੋਂਦ ਵਾਲਾ ਮੰਨਿਆ ਗਿਆ ਹੈ। ਭਾਰਤੀ ਵਿਚਾਰ-ਧਾਰਾ ਵਿਚ ਕਾਲ ਦੀ ਯੁਗਾਂ ਵਿਚ ਵੰਡ ਕਰਕੇ ਇਸ ਦੇ ਚੰਗੇ ਮਾੜੇ ਪ੍ਰਭਾਵ ਦਸੇ ਗਏ ਹਨ। ਗੁਰਮਤਿ ਵਿਚ ਕਾਲ ਅਨਾਦੀ ਨਹੀਂ, ਕਰਤੇ ਦੀ ਕਿਰਤ ਹੈ। ਇਸ ਦੀ ਵੀ ਵਿਸ਼ੇਸ਼ ਅਵੱਧੀ ਹੈ। ਗੁਰਮਤਿ ਵਿਚ ਕਾਲ ਦੀ ਅਵੱਧੀ ਨਾਲੋਂ ਮਨੁੱਖ ਦੀ ਕਾਲ-ਮਈ ਅਵੱਧੀ ਨੂੰ ਵਧੇਰੇ ਮਹਾਨਤਾ ਦਿੱਤੀ ਗਈ ਹੈ। ਮਨੁੱਖੀ ਜੀਵਨ ਇਕ ਕਾਲ-ਮੁਨਿਆਦ ਵਿਚ ਪਰਾਪਤ ਹੋਇਆ 'ਅਉਸਰ' ਜਾਂ 'ਬਰੀਆ' ਹੈ ਜਦੋਂ ਮਨੁੱਖ ਆਪਣੇ ਮੂਲ ਦੀ ਪਹਿਚਾਣ ਕਰਕੇ ਕਾਲ-ਰਹਿਤ ਅਕਾਲ ਸਰੂਪ ਹੋ ਸਕਦਾ ਹੈ। ਕੇਵਲ ਬ੍ਰਹਮ-ਮੂਰਤਿ ਹੀ ਅਕਾਲ ਮੂਰਤਿ ਹੈ, ਜੋ ਕਾਲ, ਮੌਤ, ਪਰੀਵਰਤਨ ਸ਼ੀਲਤਾ ਤੋਂ ਮੁਕਤ ਹੈ। ਬਾਕੀ ਸਾਰੀਆਂ ਮੂਰਤਾਂ, ਸੂਰਤਾਂ, ਘਾੜਤਾਂ, ਦੇਵੀ ਦੇਵਤੇ, ਅਵਤਾਰ ਕਾਲ ਵਿਚ ਜਨਮਦੇ, ਕ੍ਰਿਆਸ਼ੀਲ ਹੁੰਦੇ ਅਤੇ ਖ਼ਤਮ ਹੋ ਜਾਂਦੇ ਹਨ।

ਸਾਰੀ ਰਚਨਾ- ਚੇਤ, ਅਚੇਤ, ਅਰਧ ਚੇਤ, ਮਨੁੱਖ, ਪਸ਼ੂ, ਪੰਛੀ, ਬਨਸਪਤੀ, ਦੇਵਤੇ, ਦੈਂਤ, ਰਾਕਸ਼, ਅਵਤਾਰ, ਰਾਜੇ ਫਕੀਰ ਸਭ ਦੀ ਹੋਂਦ ਕਿਸੇ ਨ ਕਿਸੇ 'ਖਾਣੀ' ਨਾਲ ਸੰਬੰਧਿਤ ਹੈ। ਸਭ ਕਿਸੇ ਕਾਰਨ ਦਾ ਕਾਰਜ ਹਨ, ਦੈਵੀ ਹੁਕਮ ਦੇ ਨਿਯੰਤਰਣ ਵਿਚ ਹਨ, ਨਿਰਭਰ ਅਤੇ ਆਧਾਰਤ ਹਨ। ਕੇਵਲ "ੴ - ਅਜੂਨੀ ਸੈਭੰ" ਸਵੈ-ਸਥਿਤ, ਸਵੈ-ਪ੍ਰਕਾਸ਼ਮਾਨ, ਸਵੈ-ਪ੍ਰਗੱਟ, ਸਰਬ-ਸਮਰੱਥ, ਸਵੈ-ਆਸਰਿਤ, ਸਵੈ-ਸੰਪੂਰਨ, ਸੁਤੰਤਰ ਅਤੇ ਚੇਤਨ ਜਾਗਦੀ ਜੋਤਿ ਹੈ ਜੋ ਸਾਰੀ ਰਚਨਾ ਦਾ ਪਰਮ ਆਦਿ ਕਾਰਨ ਹੈ ਅਤੇ ਆਪ ਕਾਰਨ-ਰਹਿਤ ਹੈ। ਸਰਬ-ਸਮਰੱਥ ਦਾ ਨਿਆਂ ਅਤੇ ਨਿਯੰਤਰਣ ਪੂਰਨ ਹੈ। ਉਸ ਦੀ ਸ੍ਰਿਸ਼ਟੀ ਵਿਚ ਕੋਈ ਉਲਾਰ ਪੈਦਾ ਨਹੀਂ ਹੁੰਦਾ ਇਸ ਲਈ ਉਸ ਨੂੰ ਵਿਸ਼ੇਸ਼ ਤੌਰ ਤੇ ਕਿਸੇ ਮਨੁੱਖ, ਪਸ਼ੂ ਜਾਂ ਮਿਸਰਤ ਰੂਪ ਵਿਚ ਅਵਤਾਰ ਧਾਰਨ ਦੀ ਲੋੜ ਨਹੀਂ ਪੈਂਦੀ। ਉਸ ਦਾ ਪ੍ਰਕਾਸ਼ ਸਾਰੇ ਹਿਰਦਿਆਂ ਵਿਚ ਹੈ। ਉਸ ਦੀ ਕਿਰਪਾ ਸਭ ਉਪਰ ਹੋ ਰਹੀ ਹੈ। ਉਹ ਗੁਰੂ ਰੂਪ ਹੋਕੇ ਸਭ ਦਾ ਪੰਥ ਪਰਦਰਸ਼ਕ ਬਣਦਾ ਹੈ। ਉਹ ਆਪ ਸਭ ਦਾ ਆਦਿ ਗੁਰੂ ਹੈ। ਉਸ ਦਾ ਸਾਰੇ ਹਿਰਦਿਆਂ ਵਿਚ ਨਿਵਾਸ ਉਸ ਦੇ 'ਪ੍ਰਸਾਦਿ' ਦਾ ਵੱਡਾ ਚਿੰਨ੍ਹ ਹੈ। ਜਿਸ ਦੇ ਹਿਰਦੇ ਵਿਚ ਉਸ ਦੀ ਪਰਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਹ ਆਦਿ-ਗੁਰੂ ਨਾਲ ਅਭੇਦ ਹੋਕੇ ਪਰਮਾਤਮਾ ਦਾ ਹੀ ਸੰਦੇਸ਼ ਵਿਦਮਾਨ ਕਰਦਾ ਹੈ ਅਤੇ ਗੁਰੂ ਰੂਪ ਵਿਚ ਜਾਣਿਆ ਜਾਂਦਾ ਹੈ। ਉਸ ਦੀ ਆਵਾਜ਼, ਸ਼ਬਦ, ਬਾਣੀ ਵੀ ਗੁਰੂ ਰੂਪ ਹੁੰਦੀ ਹੈ। ਗੁਰੂ ਅਤੇ ਬਾਣੀ ਸਰਬ-ਮਨੁੱਖਤਾ ਲਈ ਹੁੰਦੇ ਹਨ। ਉਸਦੀ ਕਿਰਪਾ ਦਾ ਪਾਤਰ ਬਣਕੇ ਕਰਮਾਂ ਦੇ ਚਕੱਰ ਨੂੰ ਸਮਾਪਤ ਕੀਤਾ ਜਾ ਸਕਦਾ ਹੈ। ਗੁਰਮਤਿ ਵਿਚ 'ਨਦਰ' ਨੂੰ ਕਰਮਾਂ ਉਤੇ ਹਾਵੀ ਦਸਿਆ ਹੈ। ਚੰਗੇ ਕਰਮਾਂ ਨਾਲ ਇਹ ਜੀਵਨ ਪ੍ਰਾਪਤ ਹੁੰਦਾ ਹੈ ਪਰ ਮੋਖ ਦੀ ਪ੍ਰਾਪਤੀ ਉਸ ਦੀ ਨਦਰ ਦਾ ਪਾਤਰ ਬਣ ਕੇ ਹੁੰਦੀ ਹੈ। ਪਰਮਾਤਮਾ ਦਾ ਵਾਸਾ ਸਭਨਾ ਹਿਰਦਿਆਂ ਵਿਚ ਹੈ ਪਰ "ਜਿਸਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ।" ਇਸ ਵਿਚਾਰਧਾਰਾ ਤੋਂ ਹੀ ਸਾਰਾ ਸਿਖ ਦਰਸ਼ਨ ਧਰਮ, ਜੀਵਨ, ਨੈਤਕਤਾ ਅਤੇ ਰਹਿਤ-ਮਰਿਆਦਾ ਪਰਭਾਵਤ ਅਤੇ ਵਿਕਾਸਸ਼ੀਲ ਹੋਈ।

## ਪੁਸਤਕ-ਸੂਚੀ


ਉਤਮ ਸਿੰਘ, ਗਿਆਨੀ, ਸੰਤ, ਗੁਰੂ ਚੰਡੇਰਾ ਜਪੁ ਬਾਲ ਬੋਧਨੀ ਸਟੀਕ; ਵਜ਼ੀਰਾਬਾਦ.

ਆਹਲੂਵਾਲੀਆ, ਜਸਬੀਰ ਸਿੰਘ, ਸਿੱਖ ਫਲਸਫੇ ਦੀ ਭੂਮਿਕਾ; ਅੰਮ੍ਰਿਤਸਰ: ਰਘਬੀਰ ਰਚਨਾ ਪ੍ਰਕਾਸ਼ਨ, 1976.

ਆਨੰਦਘਨ ਗੁਰਬਾਣੀ ਟੀਕੇ; ਰਤਨ ਸਿੰਘ ਜੱਗੀ, ਸੰ: ਪਟਿਆਲਾ: ਭਾਸ਼ਾ ਵਿਭਾਗ, 1970.

ਐਮ.ਐਲ. ਜੋਸ਼ੀ ਅਤੇ ਜੋਧ ਸਿੰਘ [illegible] ਧਰਮ ਸੰਗ੍ਰਹਿ; ਪਟਿਆਲਾ: ਪੰ: ਯੂ: 1971.

ਸੰਤੋਖ ਸਿੰਘ, ਭਾਈ. (1) ਗੁਰੂ ਨਾਨਕ ਪ੍ਰਕਾਸ਼ ਲਾਹੌਰ: ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼
(2) ਗਰਬ ਗੰਜਨੀ ਨਾਮੇ ਗ੍ਰੰਥ ਅਰਥਾਤ ਜਪੁ ਸਾਹਿਬ ਜੀ ਦਾ ਟੀਕਾ, ਲਾਹੌਰ, 1970 ਈ.

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ; ਲਾਹੌਰ: ਸ਼ਬਦਾਰਥ ਗੁਰਬਾਣੀ ਟ੍ਰਸਟ, 1945.

ਸ਼ਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ; ਪਟਿਆਲਾ: ਪੰ: ਯੂ: 1969.

ਸਾਹਿਬ ਸਿੰਘ, ਸਟੀਕ ਜਪੁਜੀ ਸਾਹਿਬ, ਲਾਹੌਰ: 1937 ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਜਲੰਧਰ
ਸ਼ਾਮ ਸਿੰਘ (ਭਾਈ)
ਪ੍ਰਿਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਜੀ ਦੇ, ਅੰਮ੍ਰਿਤਸਰ: ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, 1905ਬਿ.

ਸ਼ਾਨ, ਹਰਨਾਮ ਸਿੰਘ, ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ, ਚੰਡੀਗੜ੍ਹ, ਪੰ: ਯੂ: 1975.

ਸ਼ਿਵਦਿਆਲ ਸਿੰਘ ਉਰਫ਼ ਪੰਨਾ ਲਾਲ ਖੱਤਰੀ, ਜਪੁਜੀ ਸਾਹਿਬ ਸਟੀਕ; ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ।

ਸ਼ੇਰ ਸਿੰਘ, ਗੁਰਮਤਿ ਦਰਸ਼ਨ ਅੰਮ੍ਰਿਤਸਰ: ਸ਼੍ਰੋ: ਗੁ: ਪ੍ਰ: ਕ. 1951.
——— ਜਪੁਜੀ ਦਰਸ਼ਨ, ਲੁਧਿਆਣਾ: ਲਾਹੌਰ ਬੁਕ ਸ਼ਾਪ, 1969.

ਸ਼ੇਰ ਸਿੰਘ (ਗਿਆਨੀ) ਖਾਲਸਾ ਨਿਤਨੇਮ ਸਟੀਕ; ਅੰਮ੍ਰਿਤਸਰ, 1946.

ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ; ਚੰਡੀਗੜ੍ਹ: ਪੰ: ਸ. ਯੂ: ਟੈ. ਬੋਰਡ, 1974.

ਸਤਿਬੀਰ ਸਿੰਘ. ਜਪੁ ਤੇ ਉਹਦੇ ਪੱਖ; ਜਲੰਧਰ: ਨਿਊ ਬੁਕ ਕੰਪਨੀ.

ਸਾਧੂ ਸਿੰਘ (ਮਹੰਤ) ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ; ਲਾਹੌਰ: ਸ੍ਰੀ ਅਕਾਲ ਪ੍ਰੈਸ, 1898ਈ.

ਹਜ਼ਾਰਾ ਸਿੰਘ, ਸੋਢੀ. ਜਪੁ-ਬੀਚਾਰੁ; ਅੰਮ੍ਰਿਤਸਰ: ਗੁਰੂ ਕੇ ਮਹਿਲ, 1935.

ਹੀਰਾ, ਭਗਤ ਸਿੰਘ. ੴ ਦਰਸ਼ਨ; ਦਿਲੀ: ਨੈਸ਼ਨਲ ਪ੍ਰੈਸ ਆਫ਼ ਇੰਡੀਆ, 1977.

ਹਜ਼ਾਰਾ ਸਿੰਘ, ਗਿਆਨੀ. ਸ੍ਰੀ ਗੁਰੂ ਗ੍ਰੰਥ ਕੋਸ਼; ਅੰਮ੍ਰਿਤਸਰ: ਖਾ.ਬ੍ਰ.ਸੁ. 1927.

ਹਰਿਭਜਨ ਸਿੰਘ. ਵਿਸ਼ੇਸ਼ ਗੁਰਮਤਿ ਲੇਖ; ਅੰਮ੍ਰਿਤਸਰ: ਸਤਿਨਾਮ ਪ੍ਰਕਾਸ਼ਨ, 1977.

ਹਰਬੰਸ ਸਿੰਘ ਗਿਆਨੀ, ਜਪੁ-ਨਿਰਣਯ, ਚੰਡੀਗੜ੍ਹ: 1963.

ਕਰਤਾਰ ਸਿੰਘ. ਜਪੁਜੀ ਸਟੀਕ; ਲੁਧਿਆਣਾ: ਲਾਹੌਰ ਬੁਕ ਸ਼ਾਪ,

ਕਰਤਾਰ ਸਿੰਘ, ਪੰਡਿਤ(ਦਾਖਾ). ਸ੍ਰੀ ਜਪੁ-ਨਿਸਾਣ, ਲੁਧਿਆਣਾ: 1951.

ਕਾਨ੍ਹ ਸਿੰਘ, ਨਾਭਾ. 1. ਗੁਰਸ਼ਬਦ ਰਤਨਾਕਰ ਮਹਾਨ ਕੋਸ਼(1930) ਭਾਸ਼ਾ ਵਿਭਾਗ, ਪਟਿਆਲਾ,
2. ਗੁਰਮਤ ਪਰਭਾਕਰ(1922) ਗੁਰਮਤ ਸੁਧਾਕਰ(1922)

ਕਾਲਾ ਸਿੰਘ ਬੇਦੀ. ਗੁਰੂ ਨਾਨਕ ਸ਼ਬਦ ਰਤਨਾਕਰ, ਪਟਿਆਲਾ: ਭਾਸ਼ਾ ਵਿਭਾਗ, 1969.

ਕਿਰਪਾਲ ਸਿੰਘ. ਜਨਮ ਸਾਖੀ ਪਰੰਪਰਾ; ਪਟਿਆਲਾ: ਪੰ: ਯੂ: 1969.

ਕੋਹਲੀ, ਸੁਰਿੰਦਰ ਸਿੰਘ(ਸੰ:) ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਚੰਡੀਗੜ੍ਹ: ਪੰ: ਯ:, 1969.

ਕੌਰ ਸਿੰਘ, ਅਕਾਲੀ, ਗੁਰਸ਼ਬਦ ਰਤਨ ਪ੍ਰਕਾਸ਼; ਪਟਿਆਲਾ: ਭਾਸ਼ਾ ਵਿਭਾਗ, 1963.

ਗੰਗਾ ਸਿੰਘ, ਵਿਆਖਿਆ ਸ੍ਰੀ ਜਪੁਜੀ ਸਾਹਿਬ; ਤਰਨਤਾਰਨ : 1934.

ਗਿਲ, ਮਹਿੰਦਰ ਕੌਰ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ, ਦਿਲੀ: ਦੌਆ ਪ੍ਰਕਾਸ਼ਨ, 1974.

ਗੁਰਮੁਖ ਸਿੰਘ, ਪੰਡਿਤ, ਗਰੰਥ ਸ੍ਰੀ ਗੁਰੂ ਨਾਨਕ ਸਿਧਾਂਤ ਦੀਪਕਾ, ਮਿਲਸ਼ਖਾਂ ਜ਼ਿਲਾ ਮੁਲਤਾਨ, 1886.

ਗੁਰਚਰਨ ਸਿੰਘ(ਸੰ:) ਆਦਿ ਗ੍ਰੰਥ ਅਨੁਕ੍ਰਮਣਿਕਾ; ਪਟਿਆਲਾ: ਪੰ: ਯੂ:

ਗੁਰਦੇਵ ਸਿੰਘ (ਸੰ:) ਪੰਜਾਬੀ ਸਾਹਿਤ ਕੋਸ਼; ਪਟਿਆਲਾ: ਪੰ: ਯੂ:, 1971.

ਗੁਰੂ ਗ੍ਰੰਥ ਵਿਚਾਰ ਕੋਸ਼, ਸੰ: ਪਿਆਰਾ ਸਿੰਘ ਪਦਮ, ਪਟਿਆਲਾ: ਪੰ.ਯੂ. 1969.

ਗੁਰੂ ਨਾਨਕ, ਜੀਵਨ, ਯੁਗ ਅਤੇ ਉਪਦੇਸ਼ (ਸੰ:) ਗੁਰਮੁਖ ਨਿਹਾਲ ਸਿੰਘ, ਦਿਲੀ: 1969.

ਗੁਲਾਬ ਸਿੰਘ, ਸੰਤ, ਸ੍ਰੀ ਜਪੁ ਪ੍ਰਕਾਸ਼, ਅੰਮ੍ਰਿਤਸਰ: ਗੁਰਮਤ ਪ੍ਰੈਸ, 1916.

ਗੋਇਲ, ਜੈ ਭਗਵਾਨ, ਗੁਰੂ ਪ੍ਰਤਾਪ ਸੂਰਜ; ਪਟਿਆਲਾ ਪੰਜਾਬੀ ਯੂ. 1972.

ਜੌਨ ਡੈਸਨ. ਹਿੰਦੂ ਮਿਥਿਹਾਸ ਕੋਸ਼; ਪਟਿਆਲਾ: ਭਾਸ਼ਾ ਵਿਭਾਗ, 1973.

ਲੁਧਿਆਣਾ: ਲਾਹੌਰ ਬੁਕ ਸ਼ਾਪ, 1932.
ਜੋਧ ਸਿੰਘ(ਭਾਈ) 1. ਗੁਰਮਤਿ ਨਿਰਣਯ; 2. ਜਪੁਜੀ ਸਟੀਕ; ਨਵੀਂ ਦਿੱਲੀ: ਸਿੱਖ ਪਬ.
ਹਾਊਸ, 1950. 3. ਗੁਰੂ ਨਾਨਕ ਬਾਣੀ, ਨਵੀਂ ਦਿੱਲੀ: ਨੈਸ਼ਨਲ ਬੁੱਕ ਟ੍ਰਸੱਟ, 1971.

ਜੱਗੀ, ਰਤਨ ਸਿੰਘ, ਗੁਰੂ ਨਾਨਕ ਦੀ ਵਿਚਾਰਧਾਰਾ; ਦਿਲੀ: ਨਵਯੁਗ ਪਬਲਿਸ਼ਰਜ਼, 1969.

ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ; ਸ਼੍ਰੋ. ਗੁ. ਪ੍ਰ. ਕ. 1963.
2. ਗੁਰੂ ਨਾਨਕ ਚਿੰਤਨ ਤੇ ਕਲਾ; ਅੰਮ੍ਰਿਤਸਰ: ਕਸਤੂਰੀ ਲਾਲ ਐਂਡ ਸਨਜ਼, 1963.
3. ਨਾਨਕ: ਦਰ ਘਰ, ਅੰਮ੍ਰਿਤਸਰ: ਫਕੀਰ ਸਿੰਘ ਐਂਡ ਸਨਜ਼, 1969.
4. ਜਪੁ: ਦਰਸ਼ਨ ਦੀਦਾਰ ਅੰਮ੍ਰਿਤਸਰ, ਫਕੀਰ ਸਿੰਘ ਐਂਡ ਸੰਨਜ਼, 1969.

ਤੇਜਾ ਸਿੰਘ, ਜਪੁ-ਵਿਆਖਿਆ; ਨਵੀਂ ਦਿਲੀ: ਸੁਪਰ ਪ੍ਰੈਸ ਲਿ. 1955.

ਤੇਜਾ ਸਿੰਘ (ਸੋਢੀ) ਕੱਥਾ ਸਾਗਰ ਅਰਥਾਤ ਸ੍ਰੀ ਜਪੁਜੀ ਸਟੀਕ, 1952.

ਦਲੀਪ ਸਿੰਘ ਦੀਪ, ਜਪੁਜੀ, ਇਕ ਤੁਲਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, 1972.

ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ; ਪਟਿਆਲਾ, ਪੰ: ਯੂ: 1986.

ਦੇਵਾ ਸਿੰਘ (ਨਿਰਮਲ ਸੰਤ), ਸੁਗਮ ਜਪੁ ਪ੍ਰਬੋਧ, ਅੰਮ੍ਰਿਤਸਰ; ਵਜ਼ੀਰ ਹਿੰਦ ਪ੍ਰੈਸ, 1902.

ਧਰਮਾਨੰਤ ਸਿੰਘ, ਜਪੁ-ਪਰਮਾਰਥ, ਅੰਮ੍ਰਿਤਸਰ: ਪਲੈਟੋਨੀਅਮ, ਰਣਜੀਤ ਪੁਰਾ, 1974.

ਨਰੈਣ ਸਿੰਘ ਪੰਡਤ, ਜਪੁਜੀ ਸਾਹਿਬ ਸਟੀਕ, ਅੰਮ੍ਰਿਤਸਰ: 1955.

ਨਰੈਣ ਸਿੰਘ, ਗੁਰੂ ਨਾਨਕ ਮਾਰਗ, ਪਟਿਆਲਾ, ਭਾਸ਼ਾ ਵਿਭਾਗ, 1971.

ਨਰੋਤਮ ਤਾਰਾ ਸਿੰਘ(ਪੰਡਤ) ਗੁਭਾਵ ਦੀਪਕਾ ਜਪੁ ਟੀਕਾ; ਲਾਹੌਰ: 1881 ਬਿ.

ਪ੍ਰੀਤਮ ਸਿੰਘ (ਸੰ: ਸਿਖ ਫਲਸਫੇ ਦੀ ਰੂਪ ਰੇਖਾ; ਅੰਮ੍ਰਿਤਸਰ: ਗੁਰੂ ਨਾਨਕ ਯੂ. 1975.

ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣਧਾਰਾ; ਪਟਿਆਲਾ: ਭਾਸ਼ਾ ਵਿਭਾਗ, 1973.

ਬਦਨ ਸਿੰਘ ਸੇਖਵਾਂ(ਗਿਆਨੀ) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ; (ਫਰੀਦਕੋਟ ਵਾਲਾ ਟੀਕਾ), ਬਿ. 1940.

ਬਿਸ਼ਨ ਸਿੰਘ ਪੁਰੀ, ਪੰਜਾਬੀ ਸ਼ਬਦ ਭੰਡਾਰ; ਲਾਹੌਰ: 1922.

ਬਲਬੀਰ ਸਿੰਘ, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਪਟਿਆਲਾ: ਯੂ: 1975.

ਮੋਹਣ ਸਿੰਘ ਉਬਰਾ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸੰਨਜ਼, 1952.

ਮਹਿਤਾਬ ਸਿੰਘ, ਸੁਰਿੰਦਰ ਸਿੰਘ ਕੋਹਲੀ, ਸਿੱਖੀ ਸਿਖਿਆ; ਨਵੀਂ ਦਿੱਲੀ, ਸਿਖ ਪਬ. ਹਾਊਸ.

ਮੰਗਲ ਸਿੰਘ ਬਾਬਾ, ਜਪੁਜੀ ਸਾਹਿਬ ਇਕਾਖਰੀ; ਅੰਮ੍ਰਿਤਸਰ: ਲਾਭ ਸਿੰਘ ਐਂਡ ਸਨਜ਼, ਨਾਨਕਸ਼ਾਹੀ 437

ਲਾਲ ਸਿੰਘ ਗਿਆਨੀ, ਗੁਰਮਤਿ ਮਾਰਤੰਡ, ਸੰਗਰੂਰ: 1949.

ਵਿਨੋਬਾ ਭਾਵੇ, ਜਪੁਜੀ; ਪਟਿਆਲਾ, ਯੂ;

ਵਿਲਡੂਰੈਂਟ, ਫਿਲਾਸਫੀ ਦੀ ਕਹਾਣੀ, ਪਟਿਆਲਾ: ਯੂ. 1972.

ਵੀਰ ਸਿੰਘ ਭਾਈ, 1. ਮੂਲ ਮੰਤਰ ਅਤੇ ਪੰਜ ਪਉੜੀਆਂ ਸ੍ਰੀ ਜਪੁਜੀ ਸਾਹਿਬ ਦੀਆਂ, ਅੰਮ੍ਰਿਤਸਰ: ਖਾਲਸਾ ਟ੍ਰੈਕਟ ਸੁਸਾਇਟੀ, 1949.

———ਰਾਣਾ ਸੂਰਤ ਸਿੰਘ, ਅੰਮ੍ਰਿਤਸਰ.

——— ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ; ਅੰਮ੍ਰਿਤਸਰ ਖਾ. ਸਮਾਚਾਰ, 1963.

<u>ਪੱਤਰਕਾਵਾਂ</u>

ਆਲੋਚਨਾ, ਗੁਰੂ ਨਾਨਕ ਅੰਕ, ਲੁਧਿਆਣਾ: ਦਸੰਬਰ, 1970.

ਖੋਜ ਦਰਪਣ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, ਜੁਲਾਈ, 1976.

ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ: ਮਾਰਚ 1973.

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ; ਨਿਰਗੁਣ ਸਾਹਿਤ ਅੰਕ, (ਜੂਨ 1969) ਗੁਰੂ ਨਾਨਕ ਅੰਕ (ਨਵੰਬਰ ਦਸੰਬਰ 1969)

ਪਰਖ, ਚੰਡੀਗੜ੍ਹ, ਪੰਜਾਬੀ ਵਿਭਾਗ, ਪੰਜਾਬਯੂ: 1969, 1971.

ਨਾਨਕ ਪ੍ਰਕਾਸ਼ ਪਤ੍ਰਿਕਾ, ਪਟਿਆਲਾ: ਪੰਜਾਬੀ ਯੂ: ਦਸੰਬਰ 1976, ਜੂਨ 1977.

<u>ਹਿੰਦੀ ਪੁਸਤਕਾਂ</u>: ਸ਼ਰਮਾ, ਚਤੁਰਵੇਦੀ ਦਵਾਰਕਾ ਪ੍ਰਸ਼ਾਦ, ਸੰਸਕ੍ਰਿਤ ਸ਼ਬਦਾਰਥ ਕੌਸਤੁਭ, ਇਲਾਹਾਬਾਦ, 1967.

ਸ਼ਾਮ ਸੁੰਦਰ ਦਾਸ(ਸੰ:) ਹਿੰਦੀ ਸ਼ਬਦ ਸਾਗਰ, ਵਾਰਾਣਸੀ, 1970.

ਸੂਰਜ ਕਾਂਤ, ਸੰਸਕ੍ਰਿਤ-ਹਿੰਦੀ-ਅੰਗ੍ਰੇਜ਼ੀ ਕੋਸ਼, ਨਵੀਂ ਦਿੱਲੀ, 1975.

ਸਵਾਮੀ ਓਮਾਨੰਦ, ਪਾਤੰਜਲੀ ਯੋਗ ਪ੍ਰਦੀਪ, ਗੋਰਖਪੁਰ: ਗੀਤਾ ਪ੍ਰੈਸ ।

ਹਰੀ ਪ੍ਰਸਾਦ "ਵੈਦਿਕਮੁਨੀ", ਜਪੁ-ਸੰਹਿਤਾ, ਸਾਧੂ ਆਸ਼ਰਮ, ਹੋਸ਼ਿਆਰਪੁਰ: 1963.

ਹਰਬੰਸ ਲਾਲ ਸ਼ਰਮਾ ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ ਦਿਲੀ: ਨੈਸ਼ਨਲ ਪਬ. ਹਾਊਸ, 1972.

ਬਾਬੂ ਰਾਮ ਜੋਸ਼ੀ, ਸੰਤ ਕਾਵਯ ਮੇਂ ਪ੍ਰੋਕਸ਼ਨਾਂ ਕਾ ਸਵਰੂਪ, ਗਵਾਲੀਅਰ: 1968.

ਕ੍ਰਿਸ਼ਨ ਲਾਲ, ਡਾ: ਗ੍ਰਹਿ ਮੰਤ੍ਰ ਔਰ ਉਨ ਕਾ ਵਿਨਿਯੋਗ, ਦਿੱਲੀ: ਨੈਸ਼ਨ ਪਬ. ਹਾਊਸ, 1970.

ਕਲਿਆਣ ਕਲਪਤਰੁ, ਗੋਰਖਪੁਰ: ਗੀਤਾ ਪ੍ਰੈਸ, ਸ਼ਿਵ-ਅੰਕ, 1937, ਭਗਵਤ ਨਾਮ ਮਹਿਮਾ ਔਰ ਪ੍ਰਾਰਥਨਾ ਅੰਕ, 1968.

ਜੈ ਰਾਮ ਮਿਸ਼ਰ, ਨਾਨਕਬਾਣੀ, ਇਲਾਹਾਬਾਦ: ਮਿਤ੍ਰ ਪ੍ਰਕਾਸ਼ਨ, 1960.

ਦਵੇਦੀ, ਹਜ਼ਾਰੀ ਪ੍ਰਸਾਦ, ਅਸ਼ੋਕ ਕੇ ਫੂਲ, ਨਵੀਂ ਦਿੱਲੀ: ਸਤ ਸਾਹਿਤ ਪ੍ਰਕਾਸ਼ਨ, 1955.

ਮਾਨਕ ਹਿੰਦੀ ਕੋਸ਼, ਹਿੰਦੀ ਸਾਹਿਤ ਸਮੇਲਨ, ਪ੍ਰਯਾਗ: 1965.

ਰਾਮ ਚੰਦਰ ਵਰਮਾ, ਸੰਸਕ੍ਰਿਤ ਹਿੰਦੀ ਸ਼ਬਦ-ਸਾਗਰ, ਕਾਸ਼ੀ: 1971.

ਵਿਦਿਆਵਤੀ ਮਾਲਵਿਕਾ, ਹਿੰਦੀ ਸੰਤ ਸਾਹਿਤ ਪਰ ਬੋਧ ਧਰਮ ਕਾ ਪ੍ਰਭਾਵ, ਵਾਰਾਣਸੀ; ਹਿੰਦੀ ਪ੍ਰਚਾਰਕ ਪੁਸਤਕਾਲਯ, 1966.

## ENGLISH BOOKS

Aiyar,K.N. Swami, The Puranas,Madras:Theo.Society,1916.

Alain Danielou, Hindu Polytheism, London:RandKPaul ,1964.

Annie Besant,The Religious Problem in India, Delhi:Agam Prakashan,1976.

Apte, V.S., Sanskrit -English Dictionary, Poona:1959.

Arthur Avalon, Principles of Tantaras, Madras:Ganesh and Co.,1914

Ashfaque Hussain, The Spirit of Islam, New Delhi: Asia Pub. House,1958.

Avtar Singh, Ethics of the Sikhs, Patiala:1970.

Balfour, Edward(ed.) & Cyclopedia of India,Madras:Scotish and Foster,1871-1973.

Balwant Singh Anand, Guru Nanak,Religiom and Ethics, Patiala,P.U. 1968.

Banerjee, Anil Chander,Guru Nanak and His Times, Patiala:P.U., 1971.

Banerjee, I.B. Evolution of the Khalsa, Vol.I, Calcutta:1963.

Banerjee, I.N. Development of Hindu Iconography, Delhi:Munshiram Manohar Lal,1974.

Benjamin Walker, Hindu World,London:1968,Vol.I and II.

Bergson,Introduction to Metaphysics, London:Mac &Co.,Ltd.,1913.

Bhaguvan Das, Essential Unity of All Religions, Adyar Madras:The Theo.Pub. House,1955.

Brandon,S.G.F., A dictionary of Comparative Religioms, London: Weidenfeld and Nicolson,1970.

Braod, C.D.,Scientific Thought, London:1923.

Brown, W. Norman, Man in the Universe, London:University of California Press, 1970.

Chagla, M.C. Science and World Peace, New Delhi:I.C.C.R. 1967.

Cleugh, M.F. Time and Its Importance in Modern Thought, London: Mathueu and Co., 1937.

The Cultural Heritage of India, Calcutta:RamaKrishana Mission, 1956.

Cunningham, I.D., History of the Sikhs, London,1849.

Darshan Singh, The Bhakti Tradition in India and the Sikh Gurus, Chandigarh,1968.

Das Gurpta, S.N., A History of Indian Philosophy, Cambridge:1972, Vol. I.

David Baily Harned, Grace and Common Life, Patiala: 1970.

De Geoje, C.H., What is Time? London: E.J. Brill, 1949.

Deussen,Paul. The Philosophy of Upanashads Edinburgh: T&.T. Clark 1906.

Dewan Singh, Mysticism of Guru Nanak(Unpublished Ph.D. Thesis) Chandigarh:P.U.Library.

Dewan,P.C. Critical Word Index to Bhagwad Gita, Bombay:New Book Co.,

Dictionary of the History of Ideas,(Vol.I) New York:1968.

Duncan Green Lees 1. Gospel of Guru Granth Sahib.
2. Gospel of Zarathustra. 3. Gospel of Israel Madras:Theosophical Pub.House.

Dunne,An experiment with Time, London:Faber and Faber,Ltd.,1934.

Dora Marsden, The Philosophy of Time, Oxford,1955.

Double Day, Pictorial Library of Growth of Ideas,Knowledge , Thought, Imagination, New York: 1966.

Dowson, A critical Dictionary of Hindu Mythology, London:1957.

Eddington, A.S. (ed.) The Nature of Physical World, Cambridge: 1929.

Encyclopedia of Psychology(ed.) W. Germany:1975.

Encyclopedia Americanna, New York:1829.

The Enclopedia of Islam, (ed.) M. Th Houstsma and others, London, LUZAC and Co.,1934.

Enclopedia of Religion and Ethics, James Hastings,New York:1971.

The Concise Encyclopedia of Living Faiths(ed). R.C. Zaehner Londo 1959.

Ernest Wood, Yoga Dictionary, New York:Philosophical Library,1956

Frazer, J.G. Golden Bough, London: Macmillan,1957.

Garrett,John , A Classical dictionary of India, Delhi:Orient Pub. 1871.

Gill, Pritam Singh, Trinity of Sikhism, Jullundur:New Academic Pub.Co.,1973.

Gopal Singh, The Religion of the Sikhs,Bombay:Asia Pub.House,1971

____________ Sri Guru Granth Sahib,(Eng. Version) Jullundur:1960.

Gopinath Rao, Elements of Hindu Ocinography, Delhi: Metiram Banarsidas,1968.

Govinda ,Lama Anagarika, Foundations of Tibetan Mysticism,London: Rider,1959.

Grewal,J.S. Guru Nanak in History, Chandigarh,P.U.,1969.

Gun, J.A. The Problem of Time, London:George Allen and Unwin Ltd. 1929.

Gurdip Singh, A Critical Study of the Concept of Creation in the poetry of Guru Nanak Dev, Chandigarh:P.U.Library.

Gursaran Singh, Guru Nanak's Japji, Delhi:Atma Ram and Sons,1972.

Harbans Singh(ed.) Guru Nanak and Origins of the Sikh Faith, Bombay, Asia Pub.House,1969.

________ Perspectives on Guru Nanak Patiala, P.U., 1975.

________ An Introduction to Indian Religions (Ed. )Patiala,P.U., 1973.

Harnam Singh, The Japji, New Delhi:1957.

Hindu Polity:The Ordinanaes of Manu, Ludhiana:Kalyani,Pub.,1972.

Hiring, J.L., The American Peoples Ency., New York, 1964.

Hoyle,The Nature of the Universe, London: Basil Blackwell, 1952.

Huc and others,Travels in Tartary, Thibet and China, London:, Routledge, 1928.

Hughes,Thomas Patrick Dictionaru of Islam, New Delhi: 1976.

Hume, R.E. Thirteen Principal Upnashads, Oxford University Press, 1949.

Huxley, A.Perennial Philosophy, London:Chatto and Windus,1957.

International Ency of the Social Sciences(ed.) Mac.,1968,Vol. 2.

Irwing Louis Horowitz,War and Peace in Contemporary Social and Philosophical Theory, London:Sovenir Press,1973.

Jaiswal, S. The Origin and Development of Vaisnavism,Delhi:1967.

Jamal Khwaja, Quest for Islam, Bombay:Allied Pub.,1977.

James Jeans, Universe Around Us, Cambridge:1960.

Jodh Singh ,Bhai,Japji:1914.

__________, Some Studies in Sikhism, Ludhiana Lahore Book Shop, 1953.

John Garrett , A Classical Dictionary of India, Delhi:Orient and Pub.,1871.

Kapur Singh, Parashar Prasna, Jullundur,Hind Pub.,1959.

Khushwant Singh, Hymns of Guru Nanak, Bombay;New Book Co., 1946.

Kingsway Martin, War History and Human Nature, London:1959.

Kohli,S.S., A Critical Study of Adi Granth, New Delhi:The Panjabi Writers Co-op. Society,1961.

__________, Outlines of Sikh Thought, New Delhi:Panjabi Parkashak, 1966.

__________, Philosophy of Guru Nanak, Chandigarh:P.U. 1969.

__________, Sikh Ethics, New Delhi:Munshi Ram Manhar Lal, 1975.

Lewis Browne, The World's Great Scriptures, New York:The Mac Co.,1956.

Linus Pauling,Science and World Peace, New Delhi:Indian Council for Cultural Relations,1967.

Macauliffe,M.A. ,The Sikh Religion, Delhi:S. Chand & Co.,

Macdonell, A.A. Vedic Mythology, Varanasi, Indological Book House,1963.

Mahadevan , T.M.P., Time and Timeless, Madras, Upnaishad Vihar, 1953.

Manjit Singh ,Gurbani and Science, Delhi: Gurdas Kapoor and Sons, 1973.

Max Muller,F.(ed.) The Sacred books of the East, Vol.42, Hymns of Atharva Veda, Delhi:Motilal Banarsidas,1964.

Macleod W.H. Guru Nanak and the Sikh Religion, Oxford:Clarendon, Press,1968.

Monier William, Sanskrit English Dictionary Oxford;1956.

_______________, Religious Thought and Life in India, New Delhi: Orient Book Reprint Corporation,1974.

_______________, Shakata and Shakti ,Madras : Ganesh and Co.,1951.

Mohammad Ali. The Holy Quran, New Delhi:S. Chand and Co.

Narang,Gokal Chand, Transformation of Sikhism,New Delhi:New Book Society of India, 1956.

The Nature of Guruship(ed.) Clearence O., MC Mullen, ISPCK,Delhi, 1976.

Nathan Fasten,Origin Through Evolution, New York:1930.

Norris Mewhirter,Guiness Book of Records, London:1977.

Pandit ,M.P. Mystic Approch to the Veda and Upnishads,Madras, Aurobinda Library,1952.

_______________, Studies in Tantra and the Veda, Madras:Ganesh and Co., 1964.

Parrinder, Geoffery, A Dictionary of Non-Christian Religions, London Cox and Wayman Ltd.,1971.

Patterson,Robert Leet, An Introduction to Philosophy of Religion, New York; Henry Holt and Co., 1957.

Priestly,J.B. Time and Conways, London:William Heinemann Ltd., 1948.

Puran Singh, The Book of Ten Masters-- The Spirit Born People Patiala, Languages Deptt., 1970.

Pusalkar, A.D. Studies in Epics and Puranas, Bombay:Bhartiya Vidya Bhawan,1955.

Radhakrishnan, S.(ed.) History of Philosophy,Eastern and Western, London,1967.

_______________, Indian Philosophy, New York:Mac and Co., 1958.

_______________, Brahma Sutra (Ed.) LondonL George Allen and Unwin, 1960.

_______________, Isthis Peace? Bombay,1950.

The Glimpses of the Divine Masters, New Delhi:1965.

The Sacred Writings of the Sikhs, London:George Allen & Unwin Ltd., 1960.

Sawaram Singh, The Divine Master, Lahore;1930.

Shanta Sarbjit Singh, Nanak The Guru, Orient Longman,1970.

Sharad Chandra Varma,Guru Nanak and The Logos of Divine Manifestation, Delhi:G.P.C. 1969.

Sharma,Chandradhar, A Critical Survey of Indian Philosophy, London:1960.

Sidhant Shastri, Saivism Through Ages, New Delhi:Munshi Ram Manoharlal,1975.

The Sikh Religion, Calcutta:Susil Gupta (India)Pvt. Ltd.,1958.

Sinha, Jadunath, History of Indian Philosophy, Calcutta,Sinha Pub. House,1956.

Sikhism(Ed.) Patiala:Panjabi University,1969.

Sohan Singh, Seeker's Path,New Delhi,Orient Longmans,1959.

Soothill,The Three Religions of China,London:Oxford,University Press, 1929.

Stace,W.T. Time and Eternity, Princeton New Jersy: 1952.

Stevenson,S. The Heart of Jainism, London:Oxford University Press, 1915.

Steingass,F. A Comprehensive Persian-English Dictionary , New Delhi:Cosmo Pub.,1977.

Tagore,Rabindranath, Personality ,London:Mac & Co.Ltd.,1959.

__________, Creative Unity, London, Mac, & Co., Ltd.1962.

Talib, G.S., Guru Nanak, His Personality and Vision, Delhi:Gur Das Kapur and Sons(P) ltd.,1969.

__________, Japujy, New Delhi:Munshi Ram Manohar Lal Pvt.Ltd., 1977.

Taran Singh, Guru Nanak and Indian Religious Thought,PatialaU. 1970.

__________, Ideal man of the Guru Granth, Patiala : U. 1966.

Teja Singh (Principal)Sikhism,Its Ideals and Institutions,Lahore: Lahore Book shop,1938.

_________ The Japji, Forward Printers, 1948.

Trump, Ernest,The Adi Granth, New Delhi: Munshi Ram Manohar Lal, 1970.

Vishal Mangalwadi,The World of Gurus, New Delhi:Vikas Pub .1977.

Yarnold,G.D.,The Moving Image, London:George Allen and Unwin Ltd., 1966.

W. Norman Brown, Man in the Universe,London:University of California Press, 1970.

William James, The Varieties of Religious Experience, New York: Collier Books,1961.

Waddell,L.A. Budhism of Tibet, Cambridge:Heffer,1959.

Wilkins, W.J.,Hindu Mythology:Vedic and Puranic Delhi Rupa and Co., 1973.

Winternitz,M. History of Indian Literature, Delhi: Motilal Banarsi Das .

Zalhner,R.C.,The Dawn and Twilight of Zoroastrianism.London: Weidenfield and Nicolson,1961.

Zimmer,C.F. Heinrish, Philosophies of India, London:R&K. Paul,Ltd. 1953.

Zvi Cahn, The Philosophy of Judaism, New York:Mac & Co.,1962.

Journals: The Journal of Religius Studies, Patiala:P.U. June,1969.

Jorunal of Sikh Studies, Amritsar, GND University. February,1974, Feb.,1975, Aug.,1975, Feb.1976,Feb.77.

Seminar Papers on Mulmantra,GND University,March,1973.

.-.-.-.-.-.

News Papers and Periodicals - The New Age
- The People's Democracy.
- The Soviet Literature.
- The Mainstream (Weekly)
- The Tribune
- The Indian Express

Overstreet and Windmiller - Communism in India

Priestley, J.B. - The Art of Dramatist.

Radha Krishnan (Dr.) - An Idealist View of Life.

Ralph Fox - The Novel and the People

Raymond Williams - Drama From Ibsen to Eliot.

Read, Herbert - Collected Essays.

Richard Crossman - The God that Failed

Russell, Bertrand - The Practice and Theory of Bolshevism.

Sartre, Jean Paul - What is Literature?

Stalin, J. - The Foundations of Leninism
- Anarchism or Socialism?
- Dialectical and Historical Materialism.

Uppal, S.S. (Dr.) - Origin and Development of Panjabi Short Story

Yermilov, V. - Dostoyevsky.


************
********
*****
***
*

PANJAB UNIVERSITY
251485